# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

7

ਵਣਜਾਰਾ ਬੇਦੀ

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

## ਇਸੇ ਕਲਮ ਤੋਂ :

### ਲੋਕਧਾਰਾ ਅਧਿਅਨ :

ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ
ਲੋਕਧਾਰਾ ਅਤੇ ਸਾਹਿੱਤ
ਪੰਜਾਬ ਦੀ ਲੋਕਧਾਰਾ
ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ
ਗੁਰੂ ਨਾਨਕ ਤੇ ਲੋਕ-ਪ੍ਰਵਾਹ

### ਲੋਕ ਸਾਹਿੱਤ :

ਬਾਤਾਂ ਲੋਕ-ਪੰਜਾਬ ਦੀਆਂ
ਪੰਜਾਬ ਦਾ ਲੋਕ-ਸਾਹਿੱਤ
ਲੋਕ ਆਖਦੇ ਹਨ (ਅਖਾਣ ਅਧਿਅਨ)
ਸੂਹਜ ਪ੍ਰਬੋਧ (ਮੁਹਾਵਰਾ ਅਧਿਅਨ)
ਇਕ ਘੁਟ ਰਸ ਦਾ (ਲੋਕ-ਕਹਾਣੀਆਂ)
ਪੰਜਾਬ ਦੀਆਂ ਜਨੌਰ ਕਹਾਣੀਆਂ
ਪੰਜਾਬ ਦੀਆਂ ਲੋਕ-ਕਹਾਣੀਆਂ
ਬਾਤਾਂ ਮੁੱਢ ਕਦੀਮ ਦੀਆਂ (ਦੋ ਜਿਲਦਾਂ)
ਪੰਜਾਬੀ ਸਾਹਿੱਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ
ਵਿਰਸੇ ਦੀ ਫੁਲਕਾਰੀ

### ਸ੍ਵੈ-ਜੀਵਨੀ :

ਅੱਧੀ ਮਿੱਟੀ ਅੱਧਾ ਸੋਨਾ
ਮੇਰੇ ਰਾਹਾਂ ਦੇ ਰੰਗ
ਗਲੀਏ ਚਿੱਕੜ ਦੂਰਿ ਘਰੁ
ਮੇਰਾ ਨਾਨਕਾ ਪਿੰਡ
ਮੇਰਾ ਦਾਦਕਾ ਪਿੰਡ

ਪੰਜਾਬ : ਲੋਕ-ਸੰਸਕ੍ਰਿਤੀ ਔਰ ਸਾਹਿੱਤਯ (ਹਿੰਦੀ)

Floklore of Punjab
Flok Tales of India
A Criticial Study of Punjabi Proverbs (Thesis)

### ਕਵਿਤਾ :

ਧੂਸਰੂਆਂ
ਬੇਦਲ ਪਤੀਆਂ
ਪਾਣੀ ਅੰਦਰ ਲੀਕ

# ਪੰਜਾਬੀ ਲੋਕਧਾਰਾ ਵਿਸ਼ਵਕੋਸ਼

ਜਿਲਦ ਸਤਵੀਂ
(ਪੰਉੜੀ ਤੋਂ ਮੌਲੀ ਤਕ)

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਐਮ.ਏ., ਪੀਐਚ.ਡੀ.

ਨੈਸ਼ਨਲ ਬੁਕ ਸ਼ਾਪ
ਪਲੱਟੀਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

ISBN. 81-7116-114-4 (Set)
81-7116-164-2

© ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
ਜੇ-11/80, ਰਾਜੌਰੀ ਗਾਰਡਨ, ਨਵੀਂ ਦਿੱਲੀ-110027

ਪ੍ਰਕਾਸ਼ਕ :
ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

**PUNJABI LOKDHARA VISHV KOSH, Vol. 7**
By Dr. Sohinder Singh Wanjara Bedi
(Punjabi Folklore Encyclopedia. Vol. 7)

**2010, 2016**

**MRP: 400/-**

Published by:
**NATIONAL BOOK SHOP**
32-B, Pleasure Garden Market, Near Gauri Shankar Mandir,
Chandni Chowk, Delhi-110006
Ph: 23264342 / 9891996919 / 9212055321

Email: nbs.bookstore@gmail.com

Printed by: B. K. Offset, Delhi

# ਪੰਜਾਬੀ ਲੋਕਧਾਰਾ ਵਿਸ਼ਵ ਕੋਸ਼

## ਜਿਲਦ 7

## ਪ

(ਪ-1) **ਪਉੜੀ** :

ਇਕ ਕਾਵਿ ਰੂਪ; 'ਜਪੁ ਜੀ' ਸਾਹਿਬ ਪਉੜੀਆਂ ਵਿਚ ਹੀ ਰਚੀ ਗਈ ਹੈ ਤੇ ਇਸ ਪ੍ਰਬੰਧ ਕਾਵਿ ਵਿਚ ਵਿਚਾਰ ਪਉੜੀ ਦੇ ਡੰਡੇ ਵਾਂਗ ਉਪਰ ਚੜ੍ਹਦੇ ਤੇ ਸਾਰੀ ਰਚਨਾ ਨੂੰ ਇਕ ਭਰਪੂਰ ਚੜ੍ਹਤ ਦਾ ਰੂਪ ਦੇਂਦਾ ਹੈ।

(ਪ-2) **ਪਊਆ** :

ਲੱਕੜੀ ਦੀਆਂ ਅੰਗੂਠੇ ਵਾਲੀਆਂ ਖੜਾਵਾਂ, ਜੋ ਪਵਿਤ੍ਰ ਸਮਝ ਕੇ ਸਾਧੂ-ਸੰਤ-ਫ਼ਕੀਰ ਪਹਿਨਦੇ ਹਨ। ਸੁੱਕੇ ਕਾਠ ਵਿਚ ਅਗਨੀ ਦਾ ਨਿਵਾਸ ਮੰਨਿਆ ਗਿਆ ਹੈ। ਕਾਠ ਦੇ ਪਊਏ ਪਹਿਨਣ ਨਾਲ ਲੋਕ-ਵਿਸ਼ਵਾਸ ਹੈ ਕਿ ਅਗਨੀ ਸਦਕਾ ਮਨ ਵਿਚ ਵਿਕਾਰ ਨਹੀਂ ਪੈਦਾ ਹੁੰਦੇ।

ਕਈ ਲੋਕ-ਕਹਾਣੀਆਂ ਵਿਚ ਤਲਿਸਮੀ ਪਊਏ ਦਾ ਜ਼ਿਕਰ ਆਉਂਦਾ ਹੈ, ਜਿਸ ਨੂੰ ਪਹਿਨ ਕੇ, ਨਾਇਕ ਅਥਵਾ ਕਿਸੇ ਹੋਰ ਪਾਤਰ ਦਾ ਦੇਸ਼ ਤੇ ਕਾਲ ਉਤੇ, ਪੂਰਾ ਅਧਿਕਾਰ ਹੋ ਜਾਂਦਾ ਹੈ। ਉਹ ਇੱਛਾ ਅਨੁਸਾਰ ਜਿਥੇ ਚਾਹੇ, ਪਲਾਂ ਛਿਣਾਂ ਵਿਚ ਹੀ ਪਹੁੰਚ ਜਾਂਦਾ ਹੈ। ਇਸ ਵਿਸ਼ਵਾਸ ਦੀ ਮੂਲ ਧਾਰਨਾ ਸ਼ਾਇਦ ਇਹੋ ਹੈ ਕਿ ਪਊਏ ਅਥਵਾ ਕਾਠ ਵਿਚ ਅਗਨੀ ਦੇਵਤੇ ਦਾ ਨਿਵਾਸ ਹੈ।

(ਪ-3) **ਪਇਆਣ** :

ਕਿਸੇ ਕੰਮ ਦੇ ਆਰੰਭ ਕਰਨ ਸਮੇਂ ਅਥਵਾ ਕੋਈ ਸਫ਼ਰ ਸ਼ੁਰੂ ਕਰਨ ਵੇਲੇ ਘਰ ਦੇ ਕਿਸੇ ਅੰਗ-ਸਾਕ ਵਲੋਂ ਕੀਤੇ ਉਚੇਚੇ ਸ਼ਗਨ; ਪਹਿਲਿਆਂ ਵਿਚ ਰਵਾਜ ਸੀ ਕਿ ਜਦੋਂ ਕੋਈ ਸਫ਼ਰ ਲਈ ਘਰੋਂ ਨਿਕਲਦਾ ਤਾਂ ਘਰ ਦੀ ਕੋਈ ਤੀਵੀਂ, ਪਾਣੀ ਦਾ ਭਰਿਆ ਘੜਾ ਲੈ ਕੇ, ਰਾਹ ਵਿਚ ਖੜੀ ਹੋ ਜਾਂਦੀ ਤੇ ਉਸ ਦੇ ਅਗੋਂ ਦੀ ਮੁਸਕਰਾਂਦੀ ਹੋਈ ਲੰਘ ਜਾਂਦੀ। ਧਾਰਨਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਰਾਹ ਵਿਚ ਕੋਈ ਸੰਕਟ ਨਹੀਂ ਆਉਂਦਾ। ਇਹ ਵਿਚਾਰ ਸਹਿਰਦ ਟੂਣੇ ਉਤੇ ਆਧਾਰਤ ਹੈ। ਵਿਆਹ ਨਾਲ ਸੰਬੰਧਿਤ ਕਈ ਗੀਤਾਂ ਇਸੇ ਭਾਵ ਨਾਲ ਕੀਤੇ ਸ਼ਗਨ ਹਨ।

(ਪ-4) **ਪਸ਼ਕੋਰਾ (ਪੇਸ਼ਕਾਰਾ)** :

ਵਿਆਹ ਸਮੇਂ ਦੀ ਇਕ ਰੀਤ, ਜੋ ਲਹਿੰਦੇ ਦੇ ਇਲਾਕੇ ਵਿਚ ਪ੍ਰਚਲਤ ਹੈ। ਖੜਕਣੇ (ਵੇਖੋ : ਖੜਕਣੇ) ਖੇਡਣ ਪਿਛੋਂ, ਪਾਂਧਾ ਲਾੜ੍ਹੇ ਨੂੰ, ਮੌਲੀ ਦੇ ਧਾਗੇ ਨਾਲ ਪੈਰਾਂ ਤੋਂ ਮੁਕਟ ਤਕ ਨਾਪਦਾ ਹੈ ਤੇ ਉਹ ਧਾਗਾ ਖੜਕਣੇ ਖੇਡਣ ਵਾਲੀ ਥਾਲੀ ਵਿਚ ਰੱਖ ਦੇਂਦਾ ਹੈ। ਗੰਟ (ਲਾੜ੍ਹੇ) ਨੂੰ ਧਾਗੇ ਨਾਲ ਮਿਣ ਕੇ, ਧਾਗੇ ਨੂੰ ਥਾਲ ਵਿਚ ਰੱਖਣ ਦੀ ਰਸਮ ਨੂੰ ਪਸ਼ਕੋਰਾ ਕਹਿੰਦੇ ਹਨ ਅਤੇ ਇਸ ਧਾਗੇ ਨੂੰ 'ਰੱਖ' ਜਾਂ ਗੰਟ ਦੀ ਰਖਿਆ ਵਜੋਂ ਸੰਭਾਲਿਆ ਜਾਂਦਾ ਹੈ।

(ਪ-5) **ਪਸਤਾਨਾ (ਪੈਂਤਰਾ)** :

ਪਹਿਲਿਆਂ ਵਿਚ ਸਫ਼ਰ ਕਿਸੇ ਸ਼ੁਭ ਤਿੱਥ ਨੂੰ ਮਹੂਰਤ ਕਢਾ ਕੇ ਕੀਤੇ ਜਾਂਦੇ ਸਨ। ਜੇ ਮਹੂਰਤ ਦੇ ਸਮੇਂ, ਸਫ਼ਰ ਕਰਨ ਵਾਲੇ ਵਿਅਕਤੀ ਦੀ ਪੂਰੀ ਤਿਆਰੀ ਨਾ ਹੋ ਸਕੇ, ਅਥਵਾ ਰੁਝੇਵਿਆਂ ਕਾਰਨ ਸਫ਼ਰ ਲਈ ਰਵਾਨਾ ਨਾ ਹੋ ਸਕੇ ਤੇ ਅਗੋਂ ਮਹੂਰਤ ਅੱਛਾ ਨਾ ਹੋਵੇ ਤਾਂ ਉਹ ਮਹੂਰਤ ਦੀ ਸ਼ੁਭ ਘੜੀ, ਸਫ਼ਰ ਛੂਹ ਦੇਂਦਾ ਅਥਵਾ ਚਾਲੇ ਪੈ ਜਾਂਦਾ ਅਤੇ ਕੁਝ ਸਮਾਨ ਲੈ ਕੇ, ਉਹ ਸ਼ਗਨਾਂ ਨਾਲ ਘਰੋਂ ਨਿਕਲ ਪੈਂਦਾ ਅਤੇ ਗਲੀ ਗੁਆਂਢ ਜਾਂ ਪਿੰਡ ਦੇ ਦੂਜੇ ਸਿਰੇ ਕਿਸੇ ਮਿਤ੍ਰ ਦੇ ਘਰ ਆਪਣਾ ਸਮਾਨ ਰਖ ਕੇ ਵਾਪਿਸ ਆ ਜਾਂਦਾ ਹੈ। ਫਿਰ ਜਦੋਂ ਉਸ ਨੇ ਸਫ਼ਰ ਤੇ ਜਾਣਾ ਹੁੰਦਾ, ਉਹ ਦੁਬਾਰਾ ਜਾ ਸਕਦਾ। ਧਾਰਨਾ ਹੈ ਕਿ ਇਸ ਤਰ੍ਹਾਂ ਉਸ ਮਹੂਰਤ ਦਾ ਸ਼ੁਭ ਫਲ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਪਿਛੋਂ ਉਹ ਸ਼ਖ਼ਸ ਜਿਤਨੇ ਦਿਨ ਪਿੰਡ ਜਾਂ ਘਰ ਵਿਚ ਰਹਿੰਦਾ, ਉਹ ਯਾਤ੍ਰਾ ਵਿਚ ਸਮਝਿਆ ਜਾਂਦਾ ਤੇ ਉਸ ਨਾਲ ਯਾਤਰੂਆਂ ਵਾਲਾ ਹੀ ਵਿਵਹਾਰ ਕੀਤਾ ਜਾਂਦਾ। ਇਸ ਸ਼ਗਨ ਨੂੰ 'ਪਸਤਾਨਾ' ਕਿਹਾ ਜਾਂਦਾ। ਦੂਜੇ ਦੇ ਘਰ ਜੋ ਵਸਤੂਆਂ ਉਹ ਰਖ ਕੇ ਆਉਂਦਾ, ਉਸ ਨੂੰ ਪੈਂਤਰਾ ਕਿਹਾ ਜਾਂਦਾ।

(ਪ-6) **ਪਸਰੂਰ** :

ਜ਼ਿਲਾ ਸਿਆਲਕੋਟ ਦਾ ਇਕ ਨਗਰ, ਜੋ ਸਿਆਲਕੋਟ ਤੋਂ 16 ਕੁ ਮੀਲ ਦੱਖਣ ਵਲ ਸਥਿਤ ਹੈ। ਇਸ ਨਗਰ ਨੂੰ ਬਾਬਰ ਦੇ ਰਾਜ ਵੇਲੇ, ਇਕ ਬਾਜਵਾ ਜੱਟ, ਮਟਿਕਾ ਨੇ, ਜੋ ਬੰਦੂ ਦਾ ਪੁੱਤਰ ਸੀ, ਵਸਾਇਆ। ਮਟਿਕਾ ਦਾ ਇਕ ਬ੍ਰਾਹਮਣ ਪ੍ਰੋਹਿਤ ਪਰਸਰਾਮ ਸੀ, ਜਿਸ ਤੇ ਉਹ ਬਹੁਤ ਪ੍ਰਸੰਨ ਸੀ। ਮਰਨ ਸਮੇਂ ਮਟਿਕੇ ਨੇ ਇਹ ਪਿੰਡ ਆਪਣੇ ਪ੍ਰੋਹਿਤ ਪਰਸਰਾਮ ਨੂੰ ਦਾਨ ਕਰ ਦਿਤਾ। ਪਰਸਰਾਮ ਦੇ ਨਾਉਂ ਉਤੇ ਹੀ ਇਸ ਪਿੰਡ ਦਾ ਨਾਉਂ 'ਪਰਸਰੂਰ' ਪੈ ਗਿਆ, ਜੋ ਪਿਛੋਂ ਪਸਰੂਰ ਪ੍ਰਸਿਧ ਹੋ ਗਿਆ।

ਪਸਰੂਰ ਭਾਵੇਂ ਬਹੁਤਾ ਪੁਰਾਣਾ ਨਗਰ ਨਹੀਂ, ਪਰ ਇਥੇ ਕਈ ਪੁਰਾਣੀਆਂ ਇਤਿਹਾਸਕ ਥਾਂਵਾਂ ਮਿਲਦੀਆਂ ਹਨ। ਜਹਾਂਗੀਰ ਦੇ ਸਮੇਂ ਇਕ ਵੱਡਾ ਸਰੋਵਰ ਇਥੇ ਬਣਾਇਆ ਗਿਆ। ਆਲਮਗੀਰ ਦੇ ਭਰਾ ਦਾਰਾ ਸ਼ਿਕੋਹ ਨੇ ਇਥੇ ਇਕ ਨਹਿਰ ਖੁਦਵਾਈ, ਜਿਸ ਦੇ ਨਿਸ਼ਾਨ ਹੁਣ ਤਕ ਮਿਲਦੇ ਹਨ।

ਇਥੇ ਇਕ ਪ੍ਰਸਿਧ ਮੁਸਲਮਾਨ ਪੀਰ ਮੀਆਂ ਬਰਖ਼ੁਰਦਾਰ ਦੀ ਮਜ਼ਾਰ ਹੈ, ਜਿਥੇ ਮੁਹੱਰਮ ਦੇ ਦਿਨੀਂ ਭਾਰੀ ਮੇਲਾ ਜੁੜਦਾ ਹੈ ਤੇ ਆਸ ਪਾਸ ਦੇ ਇਲਾਕੇ ਦੇ ਮੁਸਲਮਾਨ ਵੀ ਆਉਂਦੇ ਹਨ। ਸ਼ਹਿਰ ਦੇ ਉੱਤਰ ਵਲ ਬਾਜਵਾ ਜੱਟ ਦੇ, ਕਿਸੇ ਵਡਿਕੇ ਦੀ ਮਾੜੀ ਹੈ, ਜਿਸ ਨੂੰ 'ਮੋਹਰ ਮੰਗਾ ਕੀ ਮਾੜੀ' ਕਹਿੰਦੇ ਹਨ। ਇਥੇ ਦੇਸ਼ ਵੰਡ ਤੋਂ ਪਹਿਲਾਂ ਬਾਜਵੇ ਗੋਤ ਦਾ ਮੇਲਾ ਲਗਿਆ ਕਰਦਾ ਸੀ ਅਤੇ ਦੂਰੋਂ ਦੂਰੋਂ ਬਾਜਵਾ ਜੱਟ ਆਉਂਦੇ ਤੇ ਮਾੜੀ ਪੂਜਦੇ ਸਨ।

ਗੁਰੂ ਨਾਨਕ ਦੇਵ ਜੀ ਸਿਆਲਕੋਟ ਤੋਂ ਪਸਰੂਰ ਆ ਕੇ ਜਿਸ ਥਾਂ ਠਹਿਰੇ ਸਨ, ਉਥੇ 'ਦਿਉਕਾ' ਨਾਂ ਦਾ ਅਸਥਾਨ ਬਣਿਆ ਹੋਇਆ ਹੈ। ਇਹ ਸਥਾਨ ਕਦੇ ਡੇਕ ਨਦੀ ਦੇ ਕੰਢੇ ਸੀ, ਜੋ ਹੁਣ ਰਤਾ ਪਰੇਡੇ ਹੋ ਕੇ ਵਗਦੀ ਹੈ।

(ਪ-7) **ਪਸਲੀ** :

ਕੁਝ ਚੂਹੜਿਆਂ ਦੀ ਮਨੌਤ ਹੈ ਕਿ ਪਰਮਾਤਮਾ ਨੇ ਪਹਿਲਾਂ ਮਰਦ ਨੂੰ ਘੜਿਆ। ਫਿਰ ਉਸ ਦੀ ਪਸਲੀ ਤੋਂ ਔਰਤ ਨੂੰ ਸਿਰਜਿਆ। ਇਹ ਮਿਥਕ ਕਥਾ ਮੂਲ ਰੂਪ ਵਿਚ ਈਸਾਈ ਮਤ ਦੀ ਹੈ। ਈਸਾਈ ਮਿਸ਼ਨ ਨੇ ਪੰਜਾਬ ਵਿਚ, ਖ਼ਾਸ ਤੌਰ ਤੇ ਇਥੋਂ ਦੀਆਂ ਪਛੜੀਆਂ ਸ਼੍ਰੇਣੀਆਂ ਵਿਚ ਈਸਾਈ ਮਤ ਦਾ ਕਾਫ਼ੀ ਪ੍ਰਚਾਰ ਕੀਤਾ, ਜਿਸ ਦੇ ਫਲਸਰੂਪ ਇਥੋਂ ਦੀ ਲੋਕਧਾਰਾ ਵਿਚ ਕੁਝ ਈਸਾਈ ਤੱਤ ਵੀ ਰਚ ਗਏ।

(ਪ-8) **ਪਸਾਉਕੀ (ਪਰੋਸਾ)** :

ਲਹਿੰਦੇ ਵਿਚ ਪ੍ਰਚਲਤ ਵਿਆਹ ਦੀ ਇਕ ਰੀਤ। ਕੰਨਿਆਂ ਵਾਲੇ ਜੰਞ ਨਾਲ ਆਏ ਕੁਲ ਪ੍ਰੋਹਿਤ ਨੂੰ, ਇਕ ਥਾਲ ਵਿਚ ਖੰਡ ਘਿਉ ਚਾਵਲ ਤੇ ਕੁਝ ਮੰਡੇ ਪਰੋਸ ਕੇ ਦੇਂਦੇ ਹਨ, ਨਾਲ ਹੀ ਲਾਗ ਵਜੋਂ ਕੁਝ ਨਕਦ ਰੁਪਏ ਵੀ ਦਿਤੇ ਜਾਂਦੇ ਹਨ। ਇਸ ਰੀਤ ਨੂੰ 'ਪਰੋਸਾ' ਵੀ ਕਿਹਾ ਜਾਂਦਾ ਹੈ।

(ਪ-9) **ਪਸਾਹੁਣਾ** :

ਸੁੱਚੇ ਜਲ ਦਾ ਤਰੌਂਕਾ ਦੇਣ ਦੀ ਰੀਤ; ਹਿੰਦੂ ਧਾਰਨਾ ਅਨੁਸਾਰ ਜਲ ਨਿਰਮਲ ਤੇ ਪਵਿਤ੍ਰ ਵਸਤੂ ਹੈ। ਜਲ ਦਾ ਛੱਟਾ ਜਿਸ ਪ੍ਰਾਣੀ, ਵਸਤੂ ਜਾਂ ਸਥਾਨ 'ਤੇ ਤਰੌਂਕਿਆ ਜਾਵੇ, ਉਹ ਵਸਤੂ ਵੀ ਪਵਿਤ੍ਰ ਹੋ ਜਾਂਦੀ ਹੈ। ਹਿੰਦੂ ਰੀਤਾਂ ਰਸਮਾਂ ਕਰਨ ਲਗਿਆਂ, ਰੀਤ ਵਾਲੀ ਥਾਂ, ਪਾਣੀ ਦਾ ਤਰੌਂਕਾ ਦੇਂਦੇ ਹਨ ਅਤੇ ਰੀਤ ਵਿਚ ਸ਼ਾਮਿਲ ਹੋਣ ਵਾਲਿਆਂ ਉਤੇ ਵੀ ਜਲ ਦਾ ਤਰੌਂਕਾ ਦੇ ਲਿਆ ਜਾਂਦਾ ਹੈ।

(ਪ-10) **ਪਸੀਨਾ** :

ਪਹਿਲਾਂ ਮਨੁੱਖ ਨੂੰ ਪਸੀਨਾ ਨਹੀਂ ਸੀ ਆਇਆ ਕਰਦਾ। ਸ੍ਰਿਸ਼ਟੀ ਦੇ ਮੁੱਢ ਵਿਚ ਇਕ ਵਾਰ ਇਕ ਪਿਤਾ ਨੇ ਆਪਣੇ ਦੋਹਾਂ ਬੱਚਿਆਂ ਨੂੰ ਭੋਇੰ ਵਿਚ ਹੱਲ ਫੇਰਨ ਲਈ ਭੇਜਿਆ। ਵੱਡਾ ਭਰਾ ਤਾਂ ਦਰਖ਼ਤ ਹੇਠ ਬੈਠ ਕੇ ਬੰਸਰੀ ਵਜਾਉਂਦਾ ਰਿਹਾ ਤੇ ਨਿੱਕਾ ਭਰਾ ਦੁਪਹਿਰਾਂ ਤਕ ਹੱਲ ਨਾਲ ਜੁਗੜਿਆ ਰਿਹਾ। ਜਦੋਂ ਭੱਤਾ ਆਉਣ ਦਾ ਵੇਲਾ ਹੋਇਆ ਤਾਂ ਵੱਡੇ ਭਰਾ ਨੇ ਨਿੱਕੇ ਭਰਾ ਤੋਂ ਹੱਲ ਖੋਹ ਕੇ ਆਪ ਵਾਹੁਣਾ ਸ਼ੁਰੂ ਕਰ ਦਿਤਾ, ਪਿਉ ਨੇ ਵੱਡੇ ਪੁੱਤਰ ਨੂੰ ਸ਼ਾਬਾਸ਼ੀ ਦਿਤੀ ਤੇ ਛੋਟੇ ਪੁੱਤਰ ਨੂੰ ਫਿਟਕਾਰਿਆ ਕਿ ਉਹ ਹੱਡ-ਰਖ ਹੈ। ਇਸ ਤਰ੍ਹਾਂ ਕਈ ਦਿਨ ਹੁੰਦਾ ਰਿਹਾ। ਨਿੱਕਾ ਪੁੱਤਰ ਵਿਸ਼ਵਕਰਮਾ ਦਾ ਭਗਤ ਸੀ, ਉਸ ਨੇ ਵਿਸ਼ਵਕਰਮਾ ਦੀ ਪੂਜਾ ਅਰਚਾ ਕੀਤੀ ਅਤੇ ਕਠਨ ਤੱਪ ਸਾਧੇ। ਜਦੋਂ ਵਿਸ਼ਵਕਰਮਾ ਪ੍ਰਗਟ ਹੋਇਆ ਤਾਂ ਉਸ ਨੇ ਆਪਣੀ ਵਿਥਿਆ ਸੁਣਾਈ। ਵਿਸ਼ਵਕਰਮਾ ਨੇ ਵਰ ਦਿਤਾ ਕਿ ਅਗੇ ਤੋਂ ਮਿਹਨਤਕਸ਼ਾਂ ਦੇ ਪਿੰਡੇ ਤੋਂ ਪਸੀਨਾ ਚੋਏਗਾ। ਤੇ ਵਿਹਲੜਾਂ ਤੋਂ ਮਿਹਨਤਕਸ਼ ਝਟ ਨਿਖੇੜੇ ਜਾ ਸਕਣਗੇ। ਲਹੂ ਪਸੀਨੇ ਦੀ ਕਮਾਈ ਹੀ ਹਲਾਲ ਦੀ ਕਮਾਈ ਗਿਣੀ ਜਾਵੇਗੀ।

ਅਗਲੇ ਦਿਨ ਛੋਟਾ ਭਰਾ ਜਦੋਂ ਖੇਤ ਵਿਚ ਗਿਆ ਤਾਂ ਵੱਡਾ ਭਰਾ ਨਿਤ ਵਾਂਗ ਉਸ ਨੂੰ ਹੱਲ ਵਾਹੁਣ ਲਈ ਦੇ ਕੇ, ਆਪ ਦਰਖ਼ਤ ਹੇਠਾਂ ਲੇਟ ਰਿਹਾ। ਜਦੋਂ ਪਿਉ ਦੇ ਆਉਣ ਦਾ ਵੇਲਾ ਹੋਇਆ ਤਾਂ ਵਡੇ ਭਰਾ ਨੇ ਛੋਟੇ ਤੋਂ ਹੱਲ ਖੋਹ ਲਿਆ। ਪਰ ਛੋਟੇ ਭਰਾ ਦਾ ਸਰੀਰ ਕੰਮ ਦੀ

ਸਾਧਨਾ ਕਾਰਨ ਪਸੀਨੇ ਨਾਲ ਗੱਚ ਹੋਇਆ ਪਿਆ ਸੀ। ਪਿਉ ਨੇ ਛੋਟੇ ਪੁੱਤਰ ਨੂੰ ਪਸੀਨੇ ਨਾਲ ਗੱਚ ਵੇਖ ਕੇ ਪੁਛਿਆ, "ਇਹ ਕੀ ਹੋਇਐ ?"

"ਇਹ ਮਿਹਨਤ ਦੀ ਬਾਰਸ਼ ਹੈ ਜੋ ਵਿਸ਼ਵਕਰਮਾ ਮਿਹਨਤੀ ਲੋਕਾਂ ਤੇ ਵਰ੍ਹਾਂਦਾ ਹੈ।" ਤੇ ਫਿਰ ਉਸ ਨੇ ਪਿਉ ਨੂੰ ਸਾਰੀ ਗੱਲ ਦੱਸੀ।

ਉਦੋਂ ਤੋਂ ਮਿਹਨਤਕਸ਼ਾਂ ਨੂੰ ਪਸੀਨਾ ਆਉਣ ਲੱਗਾ।

### (ਪ-11) **ਪਸ਼ੂ ਕਹਾਣੀਆਂ (ਜਨੌਰ ਕਥਾਵਾਂ)** :

ਜਨੌਰ ਕਥਾ ਵਿਚ ਪ੍ਰਮੁਖ ਪਾਤਰ ਕੋਈ ਪਸ਼ੂ ਪੰਛੀ ਹੁੰਦਾ ਜਿਸ ਦਾ ਭੌਤਿਕ ਤੇ ਮਾਨਸਿਕ ਵਿਵਹਾਰ ਮਨੁਖਾਂ ਵਰਗਾ ਹੋਣ ਕਰਕੇ ਸਭ ਕੁਝ ਭਾਵੇਂ ਵਸਤੂ ਜਗਤ ਤੋਂ ਨਿਰਾਲਾ ਅਤੇ ਅਦਭੁਤ ਲਗਦਾ ਹੈ, ਪਰ ਮਾਨਵ ਜਗਤ ਦੇ ਪ੍ਰਤਿਰੂਪ ਵਿਚ ਢਾਲਿਆ ਹੋਣ ਕਰਕੇ ਵਾਸਤਵਿਕਤਾ ਦਾ ਭਰਮ ਬਣਿਆ ਰਹਿੰਦਾ ਹੈ। ਜਨੌਰ ਕਥਾ ਦੀ ਭਾਵੇਂ ਆਪਣੀ ਇਕ ਵਖਰੀ ਰੂਪ-ਰਚਨਾ ਹੈ ਜਿਸ ਦੇ ਕੁਝ ਨਿਖੜਵੇਂ ਵਿਸ਼ੇਸ਼ ਲੱਛਣ ਹਨ ਜਿਵੇਂ ਪਸ਼ੂਆਂ ਪੰਛੀਆਂ ਦਾ ਮਨੁਖਾਂ ਵਾਂਗ ਸੰਵਾਦ ਕਰਨ, ਸੋਚਣ ਤੇ ਵਿਵਹਾਰ ਕਰਨ ਦੀ ਸਮਰਥਾ; ਪਰ ਇਹ ਲੱਛਣ ਕੁਝ ਦੂਜੀਆਂ ਕਥਾਵਾਂ ਵਿਚ ਵੀ ਮਿਲਦੇ ਹਨ, ਜਿਸ ਕਰਕੇ ਕਈ ਵਾਰ ਸ਼ੁਧ ਜਨੌਰ ਕਥਾ ਦਾ ਬਾਕੀ ਕਥਾਵਾਂ ਨਾਲੋਂ ਨਿਖੇੜਾ ਕਰਨਾ ਕੁਝ ਕਠਨ ਹੋ ਜਾਂਦਾ ਹੈ। ਲੋਕ-ਕਹਾਣੀਆਂ ਦੀ ਇਕ ਰੂਪ-ਰਚਨਾ ਵਿਚ ਦੂਜੀ ਰੂਪ-ਰਚਨਾ ਦਾ ਸਮਿਲਤ ਹੋਣਾ ਸਹਿਜ ਹੈ ਕਿਉਂ ਜੋ ਲੋਕ-ਕਹਾਣੀ ਦੀ ਰਚਨਾ ਦਾ ਮੰਤਵ ਮਨੋਰੰਜਨ ਜਾਂ ਨੈਤਿਕ ਉਪਦੇਸ਼ ਦੇਣਾ ਹੈ ਨਾ ਕਿ ਕਿਸੇ ਰੂਪ-ਰਚਨਾ ਦਾ ਵਿਕਾਸ ਕਰਨਾ। ਲੋਕ-ਦ੍ਰਿਸ਼ਟੀ ਵਿਚ ਕਲਾ ਨਾਲੋਂ ਵਸਤੂ ਦਾ ਮੁੱਲ ਵਧੇਰੇ ਰਿਹਾ ਹੈ।

ਜਨੌਰ ਕਥਾ ਲੋਕ-ਕਹਾਣੀਆਂ ਦੀ ਬੜੀ ਪ੍ਰਾਚੀਨ ਰੂਪ-ਰਚਨਾ ਹੈ। ਫੋਕਲੋਰ ਡਿਕਸ਼ਨਰੀ ਅਨੁਸਾਰ ਤਾਂ ਇਹ ਲੋਕ-ਕਹਾਣੀਆਂ ਦਾ ਪ੍ਰਾਚੀਨਤਮ ਰੂਪ ਹੈ। ਮੁਢ ਕਦੀਮ ਤੋਂ ਹੀ ਜਨੌਰ ਮਾਨਵ ਭਾਵਨਾ ਨੂੰ ਉਤੇਜਿਤ ਕਰਦੇ ਰਹੇ ਹਨ ਅਤੇ ਮਨੁਖ ਦੇ ਕੁਝ ਪ੍ਰਾਚੀਨ ਦੇਵਤੇ ਮਾਨਵ ਅਤੇ ਪਸ਼ੂ ਦੇ ਸਮਿਲਤ ਰੂਪ ਵਿਚ ਮਿਲਦੇ ਹਨ। ਗਣੇਸ਼ ਦੀ ਕਾਇਆ ਤਾਂ ਮਨੁਖ ਮਾਤਰ ਦੀ ਹੈ, ਪਰ ਸਿਰ ਹਾਥੀ ਦਾ ਹੈ। ਇਸੇ ਤਰ੍ਹਾਂ ਨਰਸਿੰਘ ਅਵਤਾਰ ਸ਼ੇਰ ਅਤੇ ਮਨੁਖ ਦਾ ਸੰਜੋਗ ਹੈ। ਵਿਸ਼ਨੂੰ ਦੇ ਮੁਢਲੇ ਅਵਤਾਰ ਮੱਛ, ਮਤਸਯ, ਕੂਰਮ, ਵਰਾਹ ਨਿਰੋਲ ਪਸ਼ੂ ਰੂਪਾਂ ਵਿਚ ਹੋਏ ਅਤੇ ਨਰਸਿੰਹ ਅੱਧੇ ਮਨੁਖ ਅਤੇ ਅੱਧੇ ਸ਼ੇਰ ਦੇ ਰੂਪ ਵਿਚ ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਮੁਢ ਕਦੀਮ ਵਿਚ ਆਦਿਮ ਮਨ ਉਤੇ ਪਸ਼ੂਆਂ ਦਾ ਪ੍ਰਭਾਵ ਕਾਫ਼ੀ ਬਲਵਾਨ ਰੂਪ ਵਿਚ ਸੀ। ਆਦਿਮ ਅਵਸਥਾ ਵਿਚ ਕੁਝ ਕਬੀਲਿਆਂ ਦੇ ਕੁਲ-ਚਿੰਨ੍ਹ (Totem) ਪਸ਼ੂ ਪੰਛੀ ਹੀ ਸਨ, ਜਿਨ੍ਹਾਂ ਨੂੰ ਉਹ ਕੁਲ ਦੇਵਤਿਆਂ ਵਾਂਗ ਪੂਜਦੇ ਸਨ। ਇਸ ਸਾਰੀ ਚਰਚਾ ਦਾ ਭਾਵ ਇਹ ਹੈ ਕਿ ਲੋਕ-ਮਨ ਪਸ਼ੂ-ਜਗਤ ਨੂੰ ਆਪਣੇ ਭਾਈਚਾਰੇ ਦਾ ਹੀ ਇਕ ਗੌਰਵਮਈ ਭਾਗ ਸਮਝਦਾ ਸੀ। ਅਜਿਹੀ ਅਵਸਥਾ ਵਿਚ ਕਥਾਵਾਂ ਵਿਚ ਪਸ਼ੂਆਂ ਪੰਛੀਆਂ ਦਾ ਮਨੁਖ ਵਾਂਗ ਵਿਚਰਨਾ ਤੇ ਵਿਵਹਾਰ ਕਰਨਾ ਇਕ ਸੁਭਾਵਿਕ ਕਰਮ ਹੀ ਸੀ।

ਜਨੌਰ ਕਹਾਣੀਆਂ ਕਈ ਵੰਨਗੀਆਂ ਦੀਆਂ ਹਨ—ਪ੍ਰਧਾਨ ਵੰਨਗੀ ਨੀਤੀ ਕਥਾਵਾਂ ਦੀ ਹੈ ਜੋ ਆਪਣੇ ਆਪ ਵਿਚ ਇਕ ਵਖਰੀ ਰੂਪ-ਰਚਨਾ ਹੈ, ਜਿਸ ਬਾਰੇ ਅਸੀਂ ਕਿਸੇ ਹੋਰ ਥਾਂ ਨਵੇਕਲੀ ਚਰਚਾ ਕਰਾਂਗੇ। ਦੂਜੀ ਵੰਨਗੀ ਮੁਢੀਆਂ ਦੀ ਹੈ—ਮੋਰ ਪੈਰ ਵੇਖ ਕੇ ਕਿਉਂ ਝੂਰਦਾ ਹੈ; ਮੋਰ ਦੇ ਪੰਖ ਉਤੇ ਸੂਰਜ ਬਿੰਬ ਕਿਉਂ ਹਨ; ਕੋਇਲ ਕਿਉਂ ਕਾਲੀ ਹੈ; ਤੋਤੇ ਕਿਉਂ ਲਾਲ ਅਤੇ ਹਰੇ ਰੰਗ ਦੇ ਹਨ; ਚਿੜੇ ਦੀਆਂ ਅਖਾਂ ਸੁਰਮੇ-ਰੰਗੀਆਂ ਕਿਉਂ ਹਨ; ਗਲਹਿਰੀ ਦੀ ਪਿੱਠ ਉਪਰ ਪੰਜੇ ਦੇ ਨਿਸ਼ਾਨ ਕਿਸ ਕਾਰਨ ਪਏ; ਊਠ ਦੀ ਇੰਦਰੀ ਪਿਛੇ ਵਲ ਕਿਉਂ ਹੈ, ਆਦਿ, ਆਦਿ ਇਹ ਸਾਰੀਆਂ ਕਥਾਵਾਂ ਕਿਸੇ ਜਨੌਰ ਦੇ ਰੰਗ ਰੂਪ, ਸੁਭਾਵ ਅਤੇ ਕਰਮ ਕਰਦਾਰ ਦਾ ਕਾਰਨ ਕਿਸੇ ਬ੍ਰਿਤਾਂਤਕ ਘਟਨਾ ਦੁਆਰਾ ਮਿਥਦੀਆਂ ਹਨ। ਇਨ੍ਹਾਂ ਕਥਾਵਾਂ ਦੀ ਰੂਪ-ਰਚਨਾ ਵਖਰੀ ਹੈ, ਜਿਨਾਂ ਦੀ ਚਰਚਾ ਅਸਾਂ ਮੁਢੀ ਦੇ ਸਿਰਲੇਖ ਹੇਠ ਕੀਤੀ ਹੈ।

ਤੀਜਾ ਵਰਗ ਉਨ੍ਹਾਂ ਕਥਾਵਾਂ ਦਾ ਹੈ ਜਿਨ੍ਹਾਂ ਵਿਚ ਕੋਈ ਪਸ਼ੂ-ਪਾਤਰ ਨਾਇਕ ਜਾਂ ਨਾਇਕਾ ਦੇ ਰੂਪ ਵਿਚ ਵਿਚਰਦਾ ਹੈ ਅਤੇ ਸਾਰੀ ਕਥਾ ਉਸੇ ਦੇ ਹੀ ਜੀਵਨ ਦੇ ਕਾਰਨਾਮਿਆਂ ਦਾ ਕਰਮਵਾਰ ਬ੍ਰਿਤਾਂਤ ਹੁੰਦੀ ਹੈ। ਅੰਗਰੇਜ਼ੀ ਵਿਚ ਇਸ ਕਥਾ ਨੂੰ 'ਬੀਸਟ ਐਪਕ' ਅਥਵਾ 'ਪਸ਼ੂ-ਗਾਥਾ' ਕਹਿੰਦੇ ਹਨ। ਇਸ ਕਥਾ ਦਾ ਐਪਕ ਵਾਂਗ ਹੀ ਇਕ ਆਪਣਾ ਗੌਰਵ ਹੈ। ਨਾਇਕ ਜਾਂ ਨਾਇਕਾ ਦਾ ਕਰਦਾਰ ਐਪਕ-ਨਾਇਕ ਦੇ ਕਰਦਾਰ ਵਾਂਗ ਹੀ ਬੜਾ ਗੌਰਵਮਈ, ਉਤੇਜਨਾ ਭਰਪੂਰ ਤੇ ਰੋਚਕ ਹੁੰਦਾ ਹੈ। 'ਕੁੱਤਾ ਰਾਜਾ', 'ਮਗਰਮਛ ਰਾਜਾ', 'ਬਾਂਦਰੀ ਪਰੀ', 'ਬਿੱਲੀ ਚੌਂਕਾ ਪਈ ਦੇਵੇ' ਇਸੇ ਭਾਂਤ ਦੀਆਂ ਕਥਾਵਾਂ ਹਨ। 'ਕੁੱਤਾ ਰਾਜਾ' ਵਿਚ ਕੁੱਤਾ ਇਕ ਬ੍ਰਾਹਮਣ ਦੀ ਕੰਨਿਆਂ ਨਾਲ ਪ੍ਰੇਮ ਕਰਦਾ ਹੈ ਅਤੇ ਬ੍ਰਾਹਮਣ ਦੀ ਕੰਨਿਆਂ ਨੂੰ ਵਿਆਹ ਕੇ ਉਸ ਨੂੰ ਪਤਾਲ ਲੋਕ ਵਿਚ ਲੈ ਜਾਂਦਾ ਹੈ ਜਿਥੇ ਕੁੱਤੇ ਦਾ ਆਪਣਾ ਰਾਜ ਕਾਇਮ ਹੈ ਅਤੇ ਉਹ ਸ਼ਾਹੀ ਠਾਠ ਬਾਠ ਨਾਲ ਮਹਿਲਾਂ ਵਿਚ ਰਹਿੰਦਾ ਹੈ। ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਵਿਚ ਕਿਸੇ ਨਿਸ਼ੇਧ ਦੀ ਉਲੰਘਣਾ ਜਾਂ ਜਾਦੂ

ਟੁੱਟਣ ਕਰਕੇ ਕੋਈ ਮਨੁੱਖ ਪਸ਼ੂ ਰੂਪ ਵਿਚ ਵਿਚਰ ਰਿਹਾ ਹੁੰਦਾ ਹੈ ਅਤੇ ਉਸ ਰੂਪ ਵਿਚ ਉਦੋਂ ਤਕ ਰਹਿੰਦਾ ਹੈ, ਜਦੋਂ ਤਕ ਨਿਸ਼ੇਧ ਦੀ ਮਿਆਦ ਨਹੀਂ ਪੁਗਦੀ ਜਾਂ ਜਾਦੂ ਦਾ ਤਲਿਸਮ ਨਹੀਂ ਟੁੱਟਦਾ। ਇਨ੍ਹਾਂ ਕਹਾਣੀਆਂ ਦਾ ਸੰਸਾਰ ਵੀ ਪਰੀ ਕਥਾਵਾਂ ਦੇ ਸੰਸਾਰ ਵਾਂਗ ਬੜਾ ਅਦਭੁਤ ਅਤੇ ਵਿਲੱਖਣ ਹੈ।

ਚੌਥੀ ਵੰਨਗੀ ਦੀ ਕਥਾ ਵਿਚ ਪਸ਼ੂ ਗੌਣ ਪਾਤਰ ਦੇ ਰੂਪ ਵਿਚ ਵਿਚਰਦਾ ਹੈ ਅਤੇ ਨਾਇਕ ਦੇ ਉਦੇਸ਼ ਤੇ ਕਾਰਜਾਂ ਵਿਚ ਸਹਾਇਕ ਬਣਦਾ ਹੈ। ਜਦੋਂ ਨਾਇਕ ਕਿਧਰੇ ਬਿਪਤਾ ਜਾਂ ਸੰਕਟ ਵਿਚ ਫਸਦਾ ਹੈ ਤਾਂ ਉਹ ਪਸ਼ੂਆਂ ਦੀ ਮਦਦ ਨਾਲ ਹੀ ਨਿਕਲਦਾ ਹੈ ਜਿਵੇਂ 'ਸੋਨੇ ਦੇ ਵਾਲਾਂ ਵਾਲੀ ਸੁੰਦਰੀ' ਦੀ ਕਥਾ ਵਿਚ ਨਾਇਕ ਜਦੋਂ ਆਪਣੀ ਰਹੱਸਮਈ ਮੁੰਦਰੀ ਅਤੇ ਸੁੰਦਰ ਪਤਨੀ ਤੋਂ ਹੱਥ ਧੋ ਬੈਠਦਾ ਹੈ ਤਾਂ ਚੂਹਾ, ਬਿੱਲੀ ਅਤੇ ਕੁੱਤਾ ਸੁੰਦਰੀ ਦੀ ਖੋਜ ਵਿਚ ਨਿਕਲਦੇ ਹਨ ਅਤੇ ਲੰਮੀ ਸਾਧਨਾ, ਘਾਲਣਾ ਤੇ ਕੁਰਬਾਨੀਆਂ ਨਾਲ ਰਹੱਸਮਈ ਮੁੰਦਰੀ ਨੂੰ ਪ੍ਰਾਪਤ ਕਰਦੇ ਹਨ। ਨਾਇਕ ਉਸ ਮੁੰਦਰੀ ਦੀ ਮਦਦ ਨਾਲ ਮੁੜ ਆਪਣੀ ਸੋਨ-ਸੁੰਦਰੀ ਨੂੰ ਹਾਸਲ ਕਰ ਲੈਂਦਾ ਹੈ। ਇਸੇ ਤਰ੍ਹਾਂ ਇਕ ਹੋਰ ਕਥਾ ਵਿਚ ਰਸਾਲੂ ਨੂੰ ਰੇਤ ਅਤੇ ਖੰਡ ਦੇ ਕਿਣਕੇ ਨਿਖੇੜਨ ਦਾ ਬਿਖਮ ਕਾਰਜ ਸੌਂਪਿਆ ਗਿਆ ਜੋ ਉਸ ਕੀੜੀਆਂ ਦੀ ਮਦਦ ਨਾਲ ਕੀਤਾ। ਪਰ ਅਜਿਹੀਆਂ ਕਥਾਵਾਂ ਸ਼ੁਧ ਰੂਪ ਵਿਚ ਜਨੌਰ ਕਥਾਵਾਂ ਨਹੀਂ ਅਖਵਾ ਸਕਦੀਆਂ।

ਪੰਜਵੀਂ ਵੰਨਗੀ ਫੁਟਕਲ ਜਨੌਰ ਕਥਾਵਾਂ ਦੀ ਹੈ ਜਿਨ੍ਹਾਂ ਦਾ ਮਨੋਰਥ ਮਨੋਰੰਜਨ ਹੈ। ਇਨ੍ਹਾਂ ਕਥਾਵਾਂ ਵਿਚ ਪਸ਼ੂ ਪਾਤਰ ਪ੍ਰਧਾਨ ਹੁੰਦੇ ਹਨ ਅਤੇ ਘਟਨਾ ਸਾਰੀ ਪਰਪੰਚ ਰੂਪ ਵਿਚ ਸਿਰਜੀ ਹੁੰਦੀ ਹੈ। 'ਚਿੜੀ ਵਿਚਾਰੀ ਕੀ ਕਰੇ' ਇਸੇ ਤਰ੍ਹਾਂ ਦੀ ਜਨੌਰ ਕਥਾ ਹੈ।

(ਪ-12) **ਪਸ਼ੂ ਧਨ** :

ਪਸ਼ੂਆਂ ਦਾ ਵਾਹੀ ਖੇਤੀ ਵਿਚ ਖ਼ਾਸ ਮਹੱਤਵ ਹੋਣ ਕਰਕੇ, ਇਨ੍ਹਾਂ ਨੂੰ ਧਨ ਤੋਂ ਵਧ ਸਮਝਿਆ ਜਾਂਦਾ ਹੈ। ਪਹਿਲਿਆਂ ਵਿਚ ਪਸ਼ੂਆਂ ਦੇ ਵੱਗ ਅਮੀਰੀ ਦਾ ਚਿੰਨ੍ਹ ਸਨ। ਪਿੰਡ ਵਿਚ ਜਿਸ ਸ਼ਖ਼ਸ ਕੋਲ ਸਭ ਤੋਂ ਵਧ ਲਵੇਰੇ ਤੇ ਪਸ਼ੂ ਹੁੰਦੇ ਉਹ ਧਨਾਢ ਗਿਣਿਆ ਜਾਂਦਾ। ਜਿਸ ਦੇ ਬੂਹੇ ਲਵੇਰਾ ਬੱਝਾ ਹੁੰਦਾ, ਉਹ ਸਰਦਾ ਪੁਜਦਾ ਘਰ ਸਮਝਿਆ ਜਾਂਦਾ। ਪਿੰਡ ਦੇ ਚੌਧਰੀਆਂ ਦੇ ਬਕਾਇਦਾ ਵਾੜੇ ਹੁੰਦੇ, ਜਿਨ੍ਹਾਂ ਨੂੰ ਆਜੜੀ ਅਥਵਾ ਗਵਾਲੇ ਚਿਰਾਂਦਾਂ ਵਿਚ ਜਾ ਕੇ ਚਿਰਾਇਆ ਕਰਦੇ। ਸਿਵਾਏ ਢਾਂਡਾ ਤੇ ਝੋਟਿਆਂ ਦੇ, ਜੋ ਖੇਤਾਂ ਵਿਚ ਕੰਮ ਕਰਦੇ, ਬਾਕੀ ਸਾਰੇ ਪਸ਼ੂ ਚਿਰਾਂਦਾਂ ਵਿਚ ਸਾਰਾ ਦਿਨ ਚਰਦੇ ਤੇ ਪਿੰਡ ਦੀਆਂ ਚਿਰਾਂਦਾਂ ਵਿਚ ਪਸ਼ੂ ਧਨ ਸਹਿਜ ਰੂਪ ਵਿਚ ਪਲਦਾ ਰਹਿੰਦਾ।

(ਪ-13) **ਪਸ਼ੂਪਤੀ** :

ਪਸ਼ੂਆਂ ਦਾ ਸਵਾਮੀ, ਸ਼ਿਵ। ਪੁਰਾਣਿਕ ਕਥਾਵਾਂ ਅਨੁਸਾਰ ਸ਼ਿਵ ਜੰਮਿਆ ਤਾਂ ਇਸ ਨੇ ਲਗਾਤਾਰ ਅੱਠ ਵਾਰ ਆਪਣੇ ਪਿਤਾ ਕੋਲੋਂ ਆਪਣਾ ਨਾਉਂ ਪੁਛਿਆ। ਇਸ ਦੇ ਪਿਤਾ ਨੇ ਅੱਠੇ ਵਾਰ ਵੱਖੋ ਵੱਖਰੇ ਨਾਉਂ ਦਸੇ, ਜਿਨ੍ਹਾਂ ਵਿਚੋਂ ਇਕ ਪਸ਼ੂਪਤੀ ਸੀ, ਬਾਕੀ ਸਤ ਨਾਂ ਸਨ ? ਭਵ, ਸਰਵ, ਉਗ੍ਰਦੇਵ, ਮਹਾਦੇਵ, ਰੁਦ੍ਰ, ਈਸ਼ਾਨ ਅਤੇ ਅਸ਼ਨੀ।

ਸ਼ਿਵ ਦਾ ਵਾਹਣ ਨੰਦੀ ਬੈਲ ਹੈ, ਨੰਦੀ ਦਾ ਸਵਾਮੀ ਹੋਣ ਕਰ ਕੇ ਵੀ ਸ਼ਿਵ ਨੂੰ ਪਸ਼ੂਪਤੀ ਕਿਹਾ ਜਾਂਦਾ ਹੈ।

ਪੁਰਾਣਾਂ ਅਨੁਸਾਰ ਸ਼ਿਵ ਦਾ ਸੰਸਾਰ ਦੇ ਸਭ ਕਿਰਮਾਂ ਉੱਤੇ ਵੀ ਅਧਿਕਾਰ ਹੈ। ਸ਼ਿਵਰਾਤ੍ਰੀ ਨੂੰ ਸ਼ਿਵ ਕੀੜਿਆਂ ਲਈ ਆਪਣੇ ਨੀਲ ਕੰਠ ਵਿਚੋਂ ਵਿਹੁ ਛੱਡਦਾ ਹੈ ਤੇ ਉਸ ਦਾ ਕੁਝ ਅੰਸ਼ ਮਾਤ੍ਰ ਸਭ ਕਿਰਮਾਂ ਵਿਚ ਸਹਿਜ ਭਾਵ ਵਿਚ ਜਾ ਸਮਾਂਦਾ ਹੈ ਤੇ ਉਸ ਦਿਨ ਤੋਂ ਮਗਰੋਂ ਕੀੜੇ, ਸੱਪ ਤੇ ਅਠੂਏਂ ਲੋਕਾਂ ਨੂੰ ਡੰਗ ਮਾਰਨ ਲਗਦੇ ਹਨ।

(ਪ-14) **ਪਸ਼ੂ ਭਾਖਾ** :

ਲੋਕ-ਧਾਰਨਾ ਅਨੁਸਾਰ ਮਨੁੱਖਾਂ ਵਾਂਙ ਪਸ਼ੂ ਪੰਛੀ ਵੀ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ, ਭਾਸ਼ਾ ਦੀ ਵਰਤੋਂ ਕਰਦੇ ਹਨ। ਜਿਵੇਂ ਮਨੁੱਖ ਨੂੰ ਬ੍ਰਹਮਾ ਨੇ ਭਾਸ਼ਾ ਦਿੱਤੀ, ਇਵੇਂ ਸ਼ਿਵ ਨੇ ਪਸ਼ੂਆਂ ਪੰਛੀਆਂ ਨੂੰ ਬੋਲੀ ਸਿਖਾਈ। ਇਹ ਵੀ ਧਾਰਨਾ ਹੈ ਕਿ ਪੁਰਾਣੇ ਵਕਤਾਂ ਵਿਚ ਕਈ ਸਿਆਣੇ ਪਸ਼ੂਆਂ ਦੀ ਭਾਸ਼ਾ ਜਾਣਦੇ ਸਨ। ਹਜ਼ਰਤ ਸੁਲੇਮਾਨ ਬਾਰੇ ਪ੍ਰਸਿਧ ਹੈ ਕਿ ਉਹ ਸੰਸਾਰ ਦੇ ਸਭ ਪਸ਼ੂਆਂ ਤੇ ਪੰਛੀਆਂ ਦੀ ਭਾਸ਼ਾ ਨੂੰ ਚੰਗੀ ਤਰ੍ਹਾਂ ਸਮਝਦੇ ਸਨ।

ਪੰਜਾਬ ਵਿਚ ਵੀ ਕੁਝ ਕਥਾਵਾਂ ਐਸੀਆਂ ਮਿਲਦੀਆਂ ਹਨ, ਜਿਨ੍ਹਾਂ ਦੇ ਪਾਤਰ ਪਸ਼ੂਆਂ ਦੀ ਭਾਖਾ ਸਮਝਦੇ ਹਨ। ਇਕ ਕਥਾ ਇਸ ਪ੍ਰਕਾਰ ਹੈ :

ਇਕ ਧੋਬੀ ਹਜ਼ਰਤ ਸੁਲੇਮਾਨ ਕੋਲ ਪਸ਼ੂਆਂ ਦੀ ਬੋਲੀ ਸਿਖਣ ਲਈ ਗਿਆ। ਹਜ਼ਰਤ ਸੁਲੇਮਾਨ ਨੇ ਕਿਹਾ ਕਿ ਪਸ਼ੂ ਭਾਖਾ ਤਾਂ ਮੈਂ ਤੈਨੂੰ ਸਿਖਾ ਦੇਵਾਂਗਾ ਪਰ ਇਹ ਗੱਲ ਜੇ ਤੂੰ ਕਿਸੇ ਨੂੰ ਪ੍ਰਗਟ ਕੀਤੀ ਤਾਂ ਥਾਂ ਤੇ ਹੀ ਤੇਰੀ ਮ੍ਰਿਤੂ ਹੋ ਜਾਵੇਗੀ, ਪਰ ਧੋਬੀ ਨੇ ਫਿਰ ਵੀ ਬੋਲੀ ਸਿਖਣੀ ਪ੍ਰਵਾਨ ਕਰ ਲਈ।

ਇਸ ਧੋਬੀ ਕੋਲ ਇਕ ਬਲਦ ਤੇ ਖੋਤਾ ਸੀ। ਖੋਤੇ ਉੱਤੇ ਉਹ ਹਰ ਰੋਜ਼ ਕਪੜੇ ਲਦ ਕੇ ਘਾਟ ਤੇ ਜਾਂਦਾ ਪਰ ਬਲਦ ਤੋਂ ਕੋਈ ਕੰਮ ਨਾ ਲੈਂਦਾ। ਖੋਤੇ ਨੇ ਇਕ ਦਿਨ ਕਰੜੀ ਮੁਸ਼ਕਤ ਤੋਂ ਬਚਣ ਲਈ ਬਲਦ ਤੋਂ ਕੋਈ ਉਪਾਅ

ਪੁਛਿਆ। ਬਲਦ ਨੇ ਸਮਝਾਇਆ ਕਿ ਖੋਤਾ ਇਕ ਦੋ ਦਿਨ ਕੁਝ ਨਾ ਖਾਏ ਤੇ ਬੀਮਾਰ ਬਣ ਜਾਏ। ਖੋਤੇ ਨੇ ਇਸੇ ਤਰ੍ਹਾਂ ਕੀਤਾ। ਧੋਬੀ ਪਸ਼ੂਆਂ ਦੀਆਂ ਸਭ ਗੱਲਾਂ ਸੁਣ ਤੇ ਸਮਝ ਰਿਹਾ ਸੀ। ਅਗਲੇ ਦਿਨ ਧੋਬੀ ਬਲਦ ਨੂੰ ਕਪੜੇ ਲਦ ਕੇ ਉਸ ਨੂੰ ਘਾਟ ਤੇ ਲੈ ਗਿਆ। ਉਸ ਨੇ ਘਰ ਆ ਕੇ ਖੋਤੇ ਨੂੰ ਕਿਹਾ ਕਿ ਧੋਬੀ ਨੇ ਉਸ ਨੂੰ ਘੁਮਿਆਰ ਪਾਸ ਵੇਚਣ ਦਾ ਫ਼ੈਸਲਾ ਕਰ ਲਿਆ ਹੈ। ਖੋਤਾ ਘਬਰਾ ਗਿਆ। ਘੁਮਿਆਰਾਂ ਕੋਲ ਤਾਂ ਉਸ ਨੂੰ ਸਾਰਾ ਦਿਨ ਮਿੱਟੀ ਢੋਣੀ ਪਵੇਗੀ। ਸੋ ਉਹ ਉਸੇ ਵੇਲੇ ਅਰੋਗ ਹੋਣ ਦਾ ਨਾਟਕ ਖੇਡਣ ਲੱਗਾ। ਇਨ੍ਹਾਂ ਦੀਆਂ ਗੱਲਾਂ ਸੁਣ ਕੇ ਧੋਬੀ ਦਾ ਹਾਸਾ ਨਿਕਲ ਗਿਆ। ਧੋਬਣ ਨੇ ਧੋਬੀ ਤੋਂ ਪੁਛਿਆ ਕਿ ਉਹ ਹਸਿਆ ਕਿਉਂ ਹੈ? ਜੇ ਧੋਬੀ ਭੇਤ ਖੋਲ੍ਹੇ ਤਾਂ ਉਹ ਮਰਦਾ ਸੀ ਜੇ ਨਾ ਦਸੇ ਤਾਂ ਧੋਬਣ ਕਹਿੰਦੀ ਸੀ ਕਿ ਉਹ ਸੜ ਮਰੇਗੀ। ਧੋਬੀ ਉਦਾਸ ਸੀ। ਘਰ ਵਿਚ ਉਦਾਸੀ ਸੀ। ਕੁਕੜ ਵਿਹੜੇ ਵਿਚ ਨੱਚਦਾ ਪਿਆ ਸੀ। ਬਲਦ ਨੇ ਉਸ ਨੂੰ ਫਿਟਕਾਰਿਆ ਕਿ ਮਾਲਕ ਉਤੇ ਮੁਸੀਬਤ ਪਈ ਹੈ ਤੇ ਉਹ ਹੱਸ ਖੇਡ ਰਿਹਾ ਹੈ। ਕੁਕੜ ਨੇ ਕਿਹਾ, "ਮੈਂ ਤੀਹ ਕੁਕੜੀਆਂ ਨੂੰ ਸੰਭਾਲਿਆ ਹੋਇਆ ਹੈ। ਤੇ ਧੋਬੀ ਇਕ ਤੀਵੀਂ ਨੂੰ ਨਹੀਂ ਸੰਭਾਲ ਸਕਦਾ, ਕਿਉਂ ਨਹੀਂ ਡੰਡੇ ਤੋਂ ਕੰਮ ਲੈਂਦਾ। ਧੋਬੀ ਨੇ ਵੀ ਇਹ ਗੱਲ ਸੁਣੀ ਤੇ ਉਸ ਨੇ ਡੰਡੇ ਨਾਲ ਤੀਵੀਂ ਨੂੰ ਮਾਰਨਾ ਸ਼ੁਰੂ ਕੀਤਾ ਤੇ ਉਦੋਂ ਤਕ ਮਾਰਦਾ ਰਿਹਾ ਜਦੋਂ ਤਕ ਤੀਵੀਂ ਨੇ ਤੌਬਾ ਨਾ ਕੀਤੀ।

### (ਪ-15) ਪਸ਼ੂ ਲੋਕਧਾਰਾ :

ਪਸ਼ੂ ਪੂਜਾ ਦਾ ਰਵਾਜ ਭਾਰਤ ਵਿਚ ਬੜੇ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਹੈ। ਆਦਿਮ ਜਾਤੀਆਂ ਵਿਚ ਪਸ਼ੂਆਂ ਦੀ ਪੂਜਾ ਆਮ ਪ੍ਰਚਲਤ ਹੈ। ਕਿਉਂ ਜੋ ਆਦਿਮ ਜਾਤੀਆਂ ਮਨੁੱਖਾਂ ਤੇ ਪਸ਼ੂਆਂ ਵਿਚ ਬਹੁਤਾ ਫ਼ਰਕ ਨਹੀਂ ਰਖਦੀਆਂ। ਕਈਆਂ ਦੀ ਤਾਂ ਇਹੋ ਧਾਰਨਾ ਹੈ ਕਿ ਘਰ ਵਿਚ ਜੋ ਕੁੱਤੇ ਬਿੱਲੀਆਂ ਤੇ ਹੋਰ ਪਸ਼ੂ-ਪੰਛੀ ਰਹਿੰਦੇ ਹਨ, ਇਹ ਉਨ੍ਹਾਂ ਦੇ ਬਜ਼ੁਰਗਾਂ ਦੀਆਂ ਹੀ ਰੂਹਾਂ ਹਨ। ਲੋਕ ਕਹਾਣੀਆਂ ਵਿਚ ਮਨੁੱਖ ਤੇ ਪਸ਼ੂ ਵਿਚ ਕੋਈ ਹਦਬੰਦੀ ਵੇਖਣ ਵਿਚ ਨਹੀਂ ਆਉਂਦੀ। ਪਰੀਆਂ ਆਪਣੇ ਪ੍ਰੇਮੀ ਨੂੰ ਜਿੰਨ/ਦੇਵ ਤੋਂ ਛੁਪਾਣ ਲਈ, ਮੱਖੀ ਬਣਾ ਕੇ, ਕੰਧ ਨਾਲ ਚਮੇੜ ਦੇਂਦੀਆਂ ਹਨ। ਕਈ ਪੰਛੀ ਤਾਂ ਮੂਲ ਵਿਚ ਸ਼ਹਿਜ਼ਾਦੇ ਹੁੰਦੇ ਹਨ, ਜੋ ਕਿਸੇ ਫੱਫਾ ਕੁਟਣੀ ਜਾਂ ਡੈਣ ਦੇ ਜਾਦੂ ਟੂਣੇ ਦੇ ਅਸਰ ਹੇਠ ਇਸ ਰੂਪ ਵਿਚ ਵਿਚਰ ਰਹੇ ਹੁੰਦੇ ਹਨ। ਕਈ ਸ਼ਹਿਜ਼ਾਦੀਆਂ ਬੰਦਰ ਜਾਂ ਬਿੱਲੀ ਦੇ ਰੂਪ ਵਿਚ ਭਟਕਦੀਆਂ ਫਿਰਦੀਆਂ ਹਨ। ਇਥੋਂ ਤਕ ਕਿ ਬਨਸਪਤੀ ਤੇ ਮਨੁੱਖ ਵਿਚ ਵੀ ਕੋਈ ਅੰਤਰ ਨਹੀਂ ਸਮਝਿਆ ਜਾਂਦਾ। ਵੇਂਗਣਾਂ ਜਾਂ ਅਨਾਰ ਦੇ ਫੁੱਲਾਂ ਜਾਂ ਮਿਰਚਾਂ ਦੇ ਬੂਟੇ ਵਿਚੋਂ ਝਮ ਝਮ ਕਰਦੀਆਂ ਸ਼ਹਿਜ਼ਾਦੀਆਂ ਨਿਕਲਦੀਆਂ ਹਨ। ਇਹ ਪ੍ਰਕਿਰਤੀ ਦੇ ਮਨੁੱਖ ਦਾ ਸਰੀਰਕ, ਆਤਮਿਕ ਤੌਰ ਪ੍ਰਵਿਰਤਕ ਦਾ ਰੌਚਕ ਸੁਮੇਲ ਹੈ।

'ਕਥਾ ਸਰਿਤ ਸਾਗਰ' ਵਿਚ ਅਨੇਕਾਂ ਕਥਾਵਾਂ ਅਜਿਹੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਇਕ ਤੀਵੀਂ ਇਕ ਆਦਮੀ ਨੂੰ ਬੱਦਲ ਵਿਚ ਤਬਦੀਲ ਕਰ ਦੇਂਦੀ ਹੈ, ਤੇ ਇਕ ਹੋਰ ਕਹਾਣੀ ਵਿਚ ਇਕ ਤੀਵੀਂ ਆਪਣੇ ਮਰਦ ਨੂੰ ਮੱਝ ਵਿਚ ਬਦਲ ਦੇਂਦੀ ਹੈ ਤੇ ਇਕ ਹੋਰ ਕਹਾਣੀ ਵਿਚ, ਕਰੋਧ ਵਿਚ ਭੜਕਿਆ ਸਾਧੂ ਬਾਦਸ਼ਾਹ ਨੂੰ ਹਾਥੀ ਬਣਾ ਦੇਂਦਾ ਹੈ।

ਲੋਕ-ਕਹਾਣੀਆਂ ਵਿਚ ਕਈ ਅਜਿਹੇ ਗੁਣਵਾਨ ਮਨੁੱਖਾਂ ਦਾ ਵਰਨਣ ਹੁੰਦਾ ਹੈ, ਜੋ ਪਸ਼ੂਆਂ ਦੀ ਬੋਲੀ ਸਮਝਦੇ ਹਨ। ਪਸ਼ੂ ਪੰਛੀ ਮਨੁੱਖਾਂ ਵਾਂਙ ਹੀ ਗੱਲਾਂ ਬਾਤਾਂ ਕਰਦੇ, ਮਨੁੱਖਾਂ ਦੀ ਔਕੜਾਂ ਵਿਚ ਅਗਵਾਈ ਕਰਦੇ, ਮਨੁੱਖ ਦੀ ਕਿਸੇ ਕੀਤੀ ਨੂੰ ਲਾਹੁਣ ਲਈ ਮੁਸੀਬਤਾਂ ਵਿਚ, ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਤੋਤਾ ਮੈਨਾ ਦੀਆਂ ਕਹਾਣੀਆਂ ਵਿਚ ਤੋਤਾ ਮੈਨਾ ਮਨੁੱਖਾਂ ਵਾਂਙ ਹੀ ਸਭ ਕੁਝ ਸੋਚਣ ਜਾਣਨ ਬੁਝਣ ਵਾਲੇ ਪ੍ਰਾਣੀ ਹਨ।

ਕੁਝ ਜਾਨਵਰਾਂ ਵਿਚ ਖ਼ਾਸ ਤਰ੍ਹਾਂ ਦੇ ਵਸਫ਼ ਹਨ, ਉਨ੍ਹਾਂ ਦਾ ਮਾਸ ਖਾਣ ਜਾਂ ਸਰੀਰ ਦੇ ਕਿਸੇ ਅੰਗ ਨੂੰ ਕੋਲ ਰਖਣ ਨਾਲ ਨਜ਼ਰ ਨਹੀਂ ਲਗਦੀ ਮੰਨੀ ਜਾਂਦੀ। ਕਈ ਘਰਾਂ ਵਿਚ ਬੱਚੇ ਨੂੰ ਜੰਮਣ ਪਿਛੋਂ, ਛੇਤੀ ਹੀ, ਸੂਰ ਦਾ ਮਾਸ ਮੂੰਹ ਲਗਾ ਦਿਤਾ ਜਾਂਦਾ ਹੈ। ਸੂਰ ਦੇ ਦੰਦਾਂ ਦੀਆਂ ਰੱਖਾਂ ਗਲ ਵਿਚ ਪਾਉਣ ਦਾ ਆਮ ਰਵਾਜ ਹੈ। ਇਸੇ ਤਰ੍ਹਾਂ ਸ਼ੇਰ ਦਾ ਵਾਲ ਬੜਾ ਗੁਣਕਾਰੀ ਸਮਝਿਆ ਜਾਂਦਾ ਹੈ ਤੇ ਇਸ ਨੂੰ ਆਪਣੇ ਕੋਲ ਰਖਣ ਨਾਲ ਬਹਾਦਰੀ, ਦਲੇਰੀ ਤੇ ਸਾਹਸ ਦੇ ਗੁਣ ਆ ਜਾਂਦੇ ਹਨ। ਜੇ ਉੱਲੂ ਦਾ ਕਲੇਜਾ ਭੁੰਨ ਕੇ ਤੇ ਸਵਾਹ ਬਣਾ ਕੇ ਪ੍ਰੇਮਕਾ ਨੂੰ ਖਵਾ ਦਿਤਾ ਜਾਵੇ ਤਾਂ ਉਹ ਉੱਲੂ ਹੀ ਬਣ ਜਾਂਦੀ ਹੈ ਤੇ ਖਵਾਣ ਵਾਲੇ ਦੇ ਹੱਥਾਂ ਵਿਚ ਕੱਠਪੁਤਲੀ ਬਣ ਕੇ ਖੇਡਦੀ ਹੈ।

ਘੋੜੇ ਦੀ ਪੂਜਾ ਕਈ ਰੂਪਾਂ ਵਿਚ ਮਿਲਦੀ ਹੈ। ਪੰਜਾਬ ਵਿਚ ਅੱਜ ਵੀ ਕਈ ਘਰਾਂ ਵਿਚੋਂ ਸਵਾਣੀਆਂ ਜਦੋਂ ਕੋਈ ਨਵਾਂ ਭਾਂਡਾ ਖ਼ਰੀਦਦੀਆਂ ਹਨ ਤਾਂ ਉਹ ਵਰਤਣ ਤੋਂ ਪਹਿਲਾਂ ਘੋੜੇ ਦੇ ਮੂੰਹ ਲਵਾਂਦੀਆਂ ਹਨ। ਇਸ ਵਿਚ ਬਰਕਤ ਸਮਝੀ ਜਾਂਦੀ ਹੈ। ਪ੍ਰਿੰਸੀਪਲ ਤੇਜਾ ਸਿੰਘ ਦਾ ਵਿਚਾਰ ਹੈ ਕਿ ਸ਼ਾਇਦ ਘੋੜਾ ਸਭ ਜਾਨਵਰਾਂ ਤੋਂ ਖਾਣ ਪੀਣ ਵਿਚ ਸੁਥਰਾ ਹੈ, ਇਸ ਲਈ ਬਰਤਨ ਇਸ ਨੂੰ ਛੁਹਾ ਲਏ ਜਾਂਦੇ ਹਨ। ਪਰ ਇਹ ਗੱਲ ਨਹੀਂ। ਇਹ ਰੀਤ ਘੋੜੇ ਦੀ ਪੂਜਾ ਨਾਲ ਸੰਬੰਧਿਤ ਕਿਸੇ ਪੁਰਾਣੀ ਰੀਤ ਦਾ

ਰਹਿੰਦ ਜਾਪਦੀ ਹੈ। ਵੇਦਾਂ ਵਿਚ ਕਈ ਰਿਚਾਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਘੋੜੇ ਦੀ ਬੜੀ ਪ੍ਰਸੰਸਾ ਕੀਤੀ ਗਈ ਹੈ। ਆਰੀਆ ਜਾਤੀ ਦੇ ਲੋਕਾਂ ਨੂੰ ਦਾਸੂਆਂ ਨਾਲ ਲੜਨ ਲਗਿਆਂ ਘੋੜਿਆਂ ਦੀ ਬੜੀ ਲੋੜ ਪੈਂਦੀ ਸੀ ਤੇ ਉਹ ਘੋੜਿਆਂ ਦੀ ਪੂਜਾ ਕਰਦੇ ਸਨ। ਹਿੰਦੂ ਕਥਾਵਾਂ ਵਿਚ ਅਨੇਕਾਂ ਘੋੜਿਆਂ ਦਾ ਵਰਨਣ ਮਿਲਦਾ ਹੈ, ਜਿਨ੍ਹਾਂ ਵਿਚ ਅਨੋਖੇ ਵਸਫ਼ ਤੇ ਗੁਣ ਸਨ। ਪੰਜਾਬ ਵਿਚ ਗੁਗੇ ਪੀਰ ਦੀਆਂ ਦੰਦ ਕਥਾਵਾਂ ਵਿਚ ਉਸ ਦੀ ਘੋੜੀ 'ਜਵਾਦਿਆ' ਦਾ ਜ਼ਿਕਰ ਆਮ ਹੈ। ਰਾਜਾ ਰਸਾਲੂ ਦੀ ਘੋੜੀ 'ਫੋਲਾਦੀ' ਔਕੜਾਂ ਸਮੇਂ ਵੀ, ਉਸ ਦੀ ਸਹਾਇਤਾ ਕਰਦੀ ਸੀ ਤੇ ਉਸ ਦੇ ਸੁੰਮਾਂ ਦੇ ਨਿਸ਼ਾਨ ਪੋਠੋਹਾਰ ਦੀ ਧਰਤੀ ਚੋੜਪੜ ਉਤੇ ਹੁਣ ਤਕ ਪਏ ਮੰਨੇ ਜਾਂਦੇ ਹਨ। ਮਿਰਜ਼ੇ ਨੂੰ ਆਪਣੀ 'ਬਕੀ' ਉਤੇ ਬੜਾ ਮਾਣ ਸੀ :

ਬਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ।

ਚੂਹੜਿਆਂ ਦੇ ਗੁਰੂ ਲਾਲ ਬੇਗ ਸਬੰਧੀ ਪ੍ਰਚਲਤ ਦੰਦ-ਕਥਾਵਾਂ ਵਿਚੋਂ ਇਕ ਕਥਾ ਘੋੜੇ ਨੂੰ ਮੁੜ ਸੁਰਜੀਤ ਕਰਨ ਦੀ ਵੀ ਹੈ। ਕਿਹਾ ਜਾਂਦਾ ਹੈ ਕਿ ਦਿੱਲੀ ਦੇ ਬਾਦਸ਼ਾਹ ਦਾ ਇਕ ਕੀਮਤੀ ਘੋੜਾ ਮਰ ਗਿਆ। ਉਸ ਨੇ ਭੰਗੀਆਂ ਨੂੰ ਬੁਲਾ ਕੇ ਹੁਕਮ ਦਿਤਾ ਕਿ ਇਸ ਨੂੰ ਜ਼ਿਮੀਂ ਵਿਚ ਦੱਬ ਦਿਤਾ ਜਾਵੇ। ਪਰ ਘੋੜਾ ਚੰਗਾ ਮੋਟਾ ਤਾਜ਼ਾ ਵੇਖ ਕੇ ਭੰਗੀਆਂ ਨੇ ਖ਼ੁਦ ਖਾਣ ਦੀ ਸੋਚੀ। ਘੋੜੇ ਦੀ ਇਕ ਟੰਗ ਉਸ ਬਾਦਸ਼ਾਹ ਦੇ ਪੂਰਹ ਨੂੰ ਖਾਣ ਨੂੰ ਦੇ ਦਿਤੀ। ਚੂਹੜੇ ਘੋੜੇ ਨੂੰ ਘਰ ਲੈ ਗਏ ਤੇ ਉਸ ਨੂੰ ਕਟ ਕੇ ਰਿੰਨ੍ਹਣ ਲਗੇ। ਪਰ ਲੂਣ ਘਟ ਹੋਣ ਕਰਕੇ ਉਨ੍ਹਾਂ ਇਕ ਬੁਢੀ ਨੂੰ, ਬਜ਼ਾਰੋਂ ਲੂਣ ਲੈਣ ਲਈ ਭੇਜਿਆ। ਉਹ ਬਾਣੀਏ ਦੀ ਦੁਕਾਨ ਤੋਂ ਲੂਣ ਲਈ ਗਈ ਤੇ ਕਹਿਣ ਲਗੀ, "ਛੇਤੀ ਕਰ ਭਾਈ ਨਹੀਂ ਤਾਂ ਹਜ਼ਾਰਾਂ ਰੁਪਏ ਦਾ ਮਾਸ ਬਰਬਾਦ ਹੋ ਜਾਵੇਗਾ।" ਬਾਣੀਏ ਨੂੰ ਸ਼ੱਕ ਪੈ ਗਿਆ ਤੇ ਉਸ ਨੇ ਉਸੇ ਪਲ ਰਾਜੇ ਦੇ ਦਰਬਾਰ ਗੱਲ ਪਹੁੰਚਾ ਦਿਤੀ। ਰਾਜੇ ਨੂੰ ਸ਼ੱਕ ਪੈ ਗਿਆ ਕਿ ਚੂਹੜਿਆਂ ਘੋੜੇ ਨੂੰ ਜ਼ਰੂਰ ਮਾਰ ਕੇ ਰਿੰਨ੍ਹਿਆ ਹੋਣਾ ਹੈ, ਸੋ ਉਸ ਚੂਹੜਿਆਂ ਨੂੰ ਬੁਲਾ ਕੇ ਹੁਕਮ ਦਿਤਾ ਕਿ ਘੋੜੇ ਦੀ ਲਾਸ਼ ਕਢ ਕੇ ਵਿਖਾਈ ਜਾਵੇ। ਚੂਹੜੇ ਬੜੇ ਘਬਰਾਏ ਪਰ ਉਨ੍ਹਾਂ ਘੋੜੇ ਦੀਆਂ ਹੱਡੀਆਂ ਨੂੰ ਲਾਲ ਬੇਗ ਦੇ ਇਕ ਅਸਥਾਨ ਉਤੇ ਇਕੱਠਾ ਕੀਤਾ ਤੇ ਮੰਨਤਾਂ ਮੰਗੀਆਂ। ਘੋੜਾ ਜੀਉਂਦਾ ਜਾਗਦਾ ਖੜਾ ਹੋ ਗਿਆ, ਪਰ ਉਸ ਦੀਆਂ ਤਿੰਨ ਟੰਗਾਂ ਸਨ। ਉਹ ਬਾਦਸ਼ਾਹ ਕੋਲ ਗਏ ਤੇ ਉਨ੍ਹਾਂ ਦਸਿਆ ਕਿ ਚੌਥੀ ਟੰਗ ਉਨ੍ਹਾਂ ਪੁਜਾਰੀ ਨੂੰ ਦਿਤੀ ਸੀ। ਬਾਦਸ਼ਾਹ ਨੇ ਉਸ ਪੁਜਾਰੀ ਨੂੰ ਫਾਂਸੀ ਚੜ੍ਹਾ ਦਿਤਾ। ਕੁਝ ਚਿਰ ਪਿਛੋਂ ਘੋੜਾ ਵੀ ਮਰ ਗਿਆ।

ਜੇ ਕੋਈ ਸਫ਼ਰ ਉਤੇ ਜਾ ਰਿਹਾ ਹੋਵੇ ਤੇ ਅਗੇ ਘੋੜਾ ਹਿਣਕਦਾ ਮਿਲੇ ਤਾਂ ਚੰਗਾ ਸ਼ਗਨ ਗਿਣਿਆ ਜਾਂਦਾ ਹੈ। ਘੋੜੇ ਦਾ ਮਾਸ ਖਾਣਾ ਚੰਗਾ ਨਹੀਂ ਸਮਝਿਆ ਜਾਂਦਾ। ਜਿਸ ਨੇ ਘੋੜੇ ਦਾ ਮਾਸ ਖਾਧਾ ਹੋਵੇ, ਉਸ ਤੋਂ ਫਿਰ ਨਿਸ਼ਾਨਾ ਠੀਕ ਨਹੀਂ ਫੁੰਡਿਆ ਜਾਂਦਾ। ਘੋੜੇ ਦੀ ਬਲੀ ਦਾ ਅਸ਼ਵਮੇਧ ਦਾ ਬੜਾ ਮਹਾਤਮ ਦਸਿਆ ਗਿਆ ਹੈ। ਵੇਦਾਂ ਅਨੁਸਾਰ ਜੇ ਕੋਈ ਪ੍ਰਾਣੀ ਇਕ ਸੌ ਅਸ਼ਵਮੇਧ ਯੱਗ ਕਰ ਲਏ ਤਾਂ ਉਹ ਇੰਦਰ ਦੀ ਗੱਦੀ ਉਤੇ ਕਬਜ਼ਾ ਕਰ ਸਕਦਾ ਹੈ।

ਖੋਤੇ ਦਾ ਸਬੰਧ ਸੀਤਲਾ ਮਾਈ ਨਾਲ ਦਸਿਆ ਜਾਂਦਾ ਹੈ; ਇਹ ਸੀਤਲਾ ਮਾਈ ਦਾ ਵਾਹਣ ਹੈ। ਇਸ ਲਈ ਜਦੋਂ ਕਿਸੇ ਦੇ ਘਰ ਬੱਚੇ ਨੂੰ ਸੀਤਲਾ ਨਿਕਲੀ ਹੁੰਦੀ ਹੈ ਤਾਂ ਉਹ ਖੋਤੇ ਦਾ ਆਦਰ ਕਰਦੇ ਤੇ ਇਸ ਤਰ੍ਹਾਂ ਸੀਤਲਾ ਮਾਈ ਨੂੰ ਰੀਝਾਣ ਦੇ ਯਤਨ ਕਰਦੇ ਹਨ। ਖੋਤੇ ਦੇ ਸ਼ੇਰ ਦੀ ਖਲੜੀ ਪਾ ਕੇ ਖੇਤ ਵਿਚ ਘੁੰਮਣ ਤੇ ਲੋਕਾਂ ਨੂੰ ਡਰਾਉਣ ਦੀ ਨੀਤੀ-ਕਥਾ ਸੰਸਾਰ ਵਿਚ ਬੜੀ ਪ੍ਰਸਿਧ ਹੈ। ਇਹ ਕਥਾ ਭਾਰਤ ਵਿਚੋਂ ਹੀ ਖਿੰਡੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇਹ ਸਿਖਸ਼ਾ ਦੇਣ ਲਈ ਕਿ ਬਹਾਦਰਾਂ ਵਾਲਾ ਬਾਣਾ ਪਾ ਲੈਣ ਜਾਂ ਸਿੰਘ ਨਾਂ ਧਰ ਲੈਣ ਨਾਲ ਕੋਈ ਦਲੇਰ ਨਹੀਂ ਹੋ ਜਾਂਦਾ। ਉਨ੍ਹਾਂ ਨੇ ਇਕ ਖੋਤੇ ਨੂੰ ਸ਼ੇਰ ਦਾ ਬਾਣਾ ਪਹਿਨਾ ਕੇ ਖੇਤਾਂ ਵਿਚ ਛੱਡ ਦਿਤਾ ਸੀ, ਪਹਿਲਾਂ ਤਾਂ ਲੋਕੀਂ ਉਸ ਤੋਂ ਬੜੇ ਡਰੇ ਪਰ ਜਦੋਂ ਖੋਤਾ ਹੀਂਗਿਆ ਤਾਂ ਪਾਜ ਉਘੜ ਗਿਆ ਤੇ ਲੋਕਾਂ ਉਸਨੂੰ ਡੰਡੇ ਮਾਰ ਕੇ ਨਠਾ ਦਿਤਾ।

ਸ਼ੇਰ ਦੁਰਗਾ ਦੇਵੀ ਦਾ ਵਾਹਣ ਮੰਨਿਆ ਜਾਂਦਾ ਹੈ। ਸ਼ਿਵ ਜੀ ਸ਼ੇਰ ਦੀ ਖਲ ਉਤੇ ਤਪਸਿਆ ਕਰਦਾ ਵਿਖਾਇਆ ਜਾਂਦਾ ਹੈ। ਪੰਜਾਬ ਵਿਚ ਸ਼ੇਰ ਦੀ ਪੂਜਾ ਕਿਧਰੇ ਵੀ ਨਹੀਂ ਕੀਤੀ ਜਾਂਦੀ। ਦੇਵੀ ਮਾਤਾ ਦਾ ਵਾਹਣ ਹੋਣ ਕਰ ਕੇ ਭਾਵੇਂ ਉਸ ਦਾ ਉੱਚਾ ਮੁਰਾਤਬਾ ਹੈ। ਲੋਕ-ਕਹਾਣੀਆਂ ਵਿਚ ਸ਼ੇਰ ਦਾ ਜ਼ਿਕਰ ਆਮ ਹੈ। ਸ਼ੇਰ ਦੇ ਪੈਰਾਂ ਵਿਚੋਂ ਕੰਡਾ ਕਢਣ ਵਾਲਾ ਪਾਂਧੀ, ਜਦ ਔਕੜਾਂ ਵਿਚ ਫਸਦਾ ਹੈ ਤਾਂ ਸ਼ੇਰ ਦਾ ਬੱਚਾ ਉਸ ਦੀ ਸਹਾਇਤਾ ਕਰਦਾ ਹੈ। ਸ਼ੇਰਨੀ ਦਾ ਦੁੱਧ ਬੜਾ ਕੀਮਤੀ ਤੇ ਦੁਰਲਭ ਮੰਨਿਆ ਜਾਂਦਾ ਹੈ। ਕਈ ਲੋਕ-ਕਹਾਣੀਆਂ ਵਿਚ ਨਾਇਕ ਨੂੰ ਸ਼ੇਰਨੀ ਦਾ ਦੁੱਧ ਲਿਆਉਣ ਲਈ ਕਿਹਾ ਜਾਂਦਾ ਹੈ, ਕਿਉਂ ਜੋ ਸ਼ੇਰਨੀ ਦਾ ਦੁੱਧ ਪ੍ਰਾਪਤ ਕਰਨਾ ਅਸੰਭਵ ਜਿਹਾ ਕੰਮ ਹੈ। ਸ਼ੇਰ ਦੇ ਦੰਦ ਤੇ ਨਹੁੰ ਰੱਖ ਦੇ ਤੌਰ ਉਤੇ ਵਰਤੇ ਜਾਂਦੇ ਹਨ।

ਪੰਜ-ਤੰਤਰ ਤੇ ਸੋਮਦੇਵ ਦੀ 'ਕਥਾ ਸਰਿਤ ਸਾਗਰ' ਵਿਚ ਇਕ ਕਹਾਣੀ ਹੈ : ਚਾਰ ਬ੍ਰਾਹਮਣ ਇਕ ਮੁਰਦਾ ਸ਼ੇਰ ਨੂੰ ਸੁਰਜੀਤ ਕਰਦੇ ਹਨ ਤੇ ਸ਼ੇਰ ਸੁਰਜੀਤ ਹੋ ਕੇ ਉਨ੍ਹਾਂ

ਬ੍ਰਾਹਮਣਾਂ ਨੂੰ ਹੀ ਖਾ ਜਾਂਦਾ ਹੈ।

ਕੁੱਤੇ ਦੀ ਪੂਜਾ ਦਾ ਰਵਾਜ ਚੂਹੜਿਆਂ ਵਿਚ ਹੈ। ਕੁੱਤਾ ਭੈਰੋਂ ਦਾ ਵਾਹਣ ਮੰਨਿਆ ਜਾਂਦਾ ਹੈ। ਤੇ ਭੈਰੋਂ ਦੀ ਪੂਜਾ ਕਰਨ ਵਾਲੇ ਕੁੱਤੇ ਨੂੰ ਵੀ ਮਾਣ ਦੇਂਦੇ ਹਨ। ਭੈਰੋਂ ਦੇ ਮੰਦਰਾਂ ਵਿਚ ਕੁੱਤੇ ਨੂੰ ਜਾਣੋਂ ਨਹੀਂ ਵਰਜਿਆ ਜਾਂਦਾ। ਕੁੱਤੇ ਦਾ ਸਬੰਧ ਮੌਤ ਦੇ ਦੇਵਤੇ ਯਮ ਨਾਲ ਵੀ ਮੰਨਿਆ ਜਾਂਦਾ ਹੈ। ਮਹਾਂਭਾਰਤ ਵਿਚ ਕੁੱਤੇ ਬਾਰੇ ਇਕ ਦਿਲਚਸਪ ਕਥਾ ਹੈ। ਯੁਧਿਸ਼ਠਰ ਨੇ ਇੰਦਰ ਦੇ ਸਵਰਗ ਵਿਚ ਜਾਣ ਤੋਂ ਇਸ ਲਈ ਇਨਕਾਰ ਕਰ ਦਿਤਾ ਕਿਉਂ ਜੋ ਸਵਰਗ ਵਿਚ ਕੁੱਤੇ ਨੂੰ ਜਾਣ ਦੀ ਆਗਿਆ ਨਹੀਂ ਸੀ।

ਕੁੱਤੇ ਬਾਰੇ ਇਹ ਵਿਚਾਰ ਆਮ ਪ੍ਰਚਲਤ ਹਨ ਕਿ ਉਸ ਨੂੰ ਭੂਤ-ਪ੍ਰੇਤ ਤੇ ਜਮ ਆਦਿ ਗੈਬੀ ਸ਼ਕਤੀਆਂ ਵਿਖਾਈ ਦੇਂਦੀਆਂ ਹਨ। ਕੁੱਤੇ ਦਾ ਹਵਾਂਕਣਾ ਤੇ ਰੋਣਾ ਚੰਗਾ ਨਹੀਂ ਸਮਝਿਆ ਜਾਂਦਾ। ਜਿਸ ਬੂਹੇ ਅੱਗੇ ਕੁੱਤਾ ਰੋਵੇ, ਉਸ ਘਰ ਕਿਸੇ ਦੀ ਮੌਤ ਹੋਣ ਦੀ ਸੰਭਾਵਨਾ ਹੈ, ਕਿਉਂ ਜੋ ਕੁੱਤੇ ਨੂੰ ਜਮ ਨਜ਼ਰ ਆਉਂਦੇ ਹਨ।

ਕੁੱਤੇ ਨਾਲ ਕਈ ਸ਼ਗਨ-ਅਪਸ਼ਗਨ ਜੁੜੇ ਹੋਏ ਮਿਲਦੇ ਹਨ। ਜੇ ਸ਼ਿਕਾਰ ਖੇਡਦਿਆਂ ਕੁੱਤਾ ਪਿੱਠ ਦੇ ਭਾਰ ਲੇਟ ਜਾਵੇ ਜਿਵੇਂ ਕਿ ਨਰਮ ਜ਼ਮੀਨ ਜਾਂ ਕੂਲਾ ਘਾਹ ਵੇਖ ਕੇ ਕੁੱਤਾ ਲੇਟ ਜਾਂਦਾ ਹੈ, ਤਾਂ ਇਸ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਕਾਫ਼ੀ ਸ਼ਿਕਾਰ ਉਪਲਬਧ ਹੋਵੇਗਾ। ਜੇ ਕੁੱਤਾ ਚੁਪਚਾਪ ਘਰ ਵਿਚ ਪਿੱਠ ਦੇ ਭਾਰ ਲੇਟ ਜਾਵੇ ਤਾਂ ਇਹ ਬਦਸ਼ਗਨੀ ਗਿਣੀ ਜਾਂਦੀ ਹੈ। ਤੇ ਸਮਝਿਆ ਜਾਂਦਾ ਹੈ ਕਿ ਕੁੱਤਾ ਮਦਦ ਲਈ ਪ੍ਰਮਾਤਮਾ ਅਗੇ ਬੇਨਤੀ ਕਰ ਰਿਹਾ ਹੈ ਤੇ ਕੁਝ ਘਟਨਾ ਵਾਪਰਨ ਵਾਲੀ ਹੈ।

ਜਦੋਂ ਪਿੰਡ ਵਿਚ ਮਾਤਾ ਨਿਕਲੀ ਹੋਵੇ ਤਾਂ ਕਾਲੇ ਕੁੱਤੇ ਨੂੰ ਬੜਾ ਮਾਣ ਦਿਤਾ ਜਾਂਦਾ ਹੈ ਤੇ ਉਸ ਨੂੰ ਚੰਗਾ ਚੋਖਾ ਖਵਾਇਆ ਵੀ ਜਾਂਦਾ ਹੈ।

ਮੁਸਲਮਾਨ ਕੁੱਤੇ ਨੂੰ ਪਲੀਤ ਸਮਝਦੇ ਹਨ। ਜੇ ਉਹ ਕਿਸੇ ਭਾਂਡੇ ਨੂੰ ਜੂਠਾ ਕਰੇ ਤਾਂ ਉਸ ਨੂੰ ਸਤ ਵਾਰ ਧੋਣਾ ਚਾਹੀਦਾ ਹੈ। ਕੁਰਆਨ ਅਨੁਸਾਰ ਜਦੋਂ ਕੁੱਤਾ ਸ਼ਿਕਾਰ ਦੇ ਪਿਛੇ ਨੱਸੇ ਤਾਂ ਅੱਲ੍ਹਾ ਦਾ ਨਾਂ ਲੈ ਲੇਣਾ ਚਾਹੀਦਾ ਹੈ, ਇਸ ਤਰ੍ਹਾਂ ਕੁੱਤੇ ਦਾ ਪਕੜਿਆ ਸ਼ਿਕਾਰ ਪਲੀਤ ਨਹੀਂ ਰਹਿੰਦਾ।

ਬਕਰੀਆਂ ਵਿਚ ਗੈਬੀ ਸ਼ਕਤੀ ਮੰਨੀ ਜਾਂਦੀ ਹੈ। ਪੰਜਾਬੀਆਂ ਦਾ ਵਿਸ਼ਵਾਸ਼ ਹੈ ਕਿ ਉਜਾੜਾਂ ਵਿਚ ਛੁਪੇ ਹੋਏ ਪੁਰਾਣੇ ਖੂਹਾਂ ਨੂੰ ਲੱਭਣ ਦੀ ਵਿਸ਼ੇਸ਼ ਸ਼ਕਤੀ ਬਕਰੀਆਂ ਵਿਚ ਹੈ। ਉਜਾੜ ਵਿਚ ਇਜੜ ਨੂੰ ਛੱਡ ਦਿਉ। ਇਜੜ ਇਕ ਅਜਿਹੀ ਜਗ੍ਹਾ ਜਾ ਬੈਠੇਗਾ ਜਿਥੇ ਕਦੇ ਪੁਰਾਣੇ ਸਮੇਂ ਵਿਚ ਖੂਹ ਹੋਵੇਗਾ, ਇਸ ਤਰ੍ਹਾਂ ਕਈ ਪੁਰਾਣੇ ਖੂਹ ਲੱਭੇ ਗਏ ਹਨ।

ਪੰਜਾਬ ਵਿਚ ਬਕਰੀਆਂ ਬਾਰੇ ਇਕ ਹੋਰ ਵਿਸ਼ਵਾਸ਼ ਵੀ ਪ੍ਰਚਲਤ ਹੈ—ਜਦੋਂ ਕੋਈ ਬਕਰੀ ਕਿਸੇ ਸੱਪ ਨੂੰ ਮਾਰ ਕੇ ਖਾ ਜਾਂਦੀ ਹੈ ਤੇ ਫਿਰ ਉਗਾਲੀ ਕਰਦੇ ਹੋਏ ਉਹ ਇਕ ਮਣਕਾ ਉਗਲਦੀ ਹੈ। ਇਹ ਮਣਕਾ ਸੱਪ ਦੇ ਕੱਟੇ ਉਤੇ ਲਗਾਣ ਨਾਲ ਜ਼ਹਿਰ ਖਿਚ ਲੈਂਦਾ ਹੈ ਤੇ ਫੂਲ ਜਾਂਦਾ ਹੈ। ਜੇ ਜ਼ਹਿਰ ਖਿਚਣ ਪਿਛੋਂ ਇਸ ਨੂੰ ਦੁਧ ਵਿਚ ਪਾ ਕੇ ਨਚੋੜਿਆ ਜਾਵੇ ਤਾਂ ਇਸ ਵਿਚ ਲਹੂ ਦੇ ਤੁਪਕਿਆਂ ਵਾਂਙ ਜ਼ਹਿਰ ਨਿਕਲਦਾ ਹੈ ਤੇ ਰੋਗੀ ਨਵਾਂ ਨਰੋਆ ਹੋ ਜਾਂਦਾ ਹੈ, ਜੇ ਇਸ ਨੂੰ ਜ਼ਹਿਰ ਵਿਚ ਨਾ ਰਖਿਆ ਜਾਵੇ ਤਾਂ ਇਹ ਫਟ ਕੇ ਟੁਕੜੇ ਟੁਕੜੇ ਹੋ ਜਾਂਦਾ ਹੈ।

ਬਕਰੀ ਜਾਂ ਬਕਰੇ ਦੀ ਤਿੱਲੀ ਨਾਲ ਇਕ ਟੂਣਾ ਵੀ ਕੀਤਾ ਜਾਂਦਾ ਹੈ। ਜੇ ਮਰਦ ਤਿੱਲੀ ਦਾ ਰੋਗੀ ਹੋਵੇ ਤਾਂ ਬਕਰੀ ਦੀ ਤਿੱਲੀ, ਜੇ ਤੀਵੀਂ ਰੋਗਣ ਹੋਵੇ ਤਾਂ ਬਕਰੇ ਦੀ ਤਿੱਲੀ ਲੈ ਕੇ ਰੋਗੀ ਦੇ ਤਿੱਲੀ ਵਾਲੇ ਹਿੱਸੇ ਉਤੇ ਸਤ ਵਾਰ ਐਤਵਾਰ ਜਾਂ ਮੰਗਲਵਾਰ ਮਲੀ ਜਾਂਦੀ ਹੈ ਤੇ ਫਿਰ ਕਿੱਕਰ ਦੇ ਕੰਡਿਆਂ ਨਾਲ ਇਸ ਵਿਚ ਸੁਰਾਖ਼ ਕਰ ਕੇ ਇਸ ਨੂੰ ਬ੍ਰਿਛ ਉਤੇ ਲਟਕਾ ਦਿਤੀ ਜਾਂਦੀ ਹੈ। ਜਿਵੇਂ ਜਿਵੇਂ ਬਕਰੇ ਜਾਂ ਬਕਰੀ ਦੀ ਤਿੱਲੀ ਸੁਕਦੀ ਹੈ, ਰੋਗੀ ਦੀ ਵਧੀ ਤਿੱਲੀ ਘਟਦੀ ਹੈ।

ਹਿਮਾਚਲ ਪ੍ਰਦੇਸ਼ ਦੇ ਕਈ ਸਥਾਨਕ ਮੰਦਰਾਂ ਉਤੇ ਜੰਗਲੀ ਭੇਡ ਤੇ ਬਕਰੀ ਦੇ ਸਿੰਙ ਘਰਾਂ ਵਿਚ ਸਜਾਏ ਜਾਂਦੇ ਹਨ।

ਬਕਰੇ ਦੀ ਬਲੀ ਦੇਣ ਦਾ ਰਵਾਜ ਵੀ ਆਮ ਹੈ। ਮੁਸਲਮਾਨ ਬਕਰੀਦ ਵਾਲੇ ਦਿਨ ਬਕਰੇ ਦੀ ਕੁਰਬਾਨੀ ਦੇਂਦੇ ਹਨ। ਠੱਗਾਂ ਵਿਚ ਬਕਰੇ ਦੀ ਕੁਰਬਾਨੀ ਦੇਣ ਦਾ ਰਿਵਾਜ ਆਮ ਹੈ। ਠੱਗ ਕਾਲੇ ਰੰਗ ਦਾ ਅਜਿਹਾ ਬਕਰਾ ਚੁਣਦੇ ਹਨ ਜੋ ਨਰੋਆ ਹੋਵੇ ਤੇ ਜਿਸ ਦੇ ਸਾਰੇ ਅੰਗ ਸਾਬਿਤ ਹੋਣ। ਉਸ ਨੂੰ ਪਾਣੀ ਨਾਲ ਨਵ੍ਹਾ ਕੇ ਉਸ ਦਾ ਮੂੰਹ ਪਛਮ ਵਲ ਕੀਤਾ ਜਾਂਦਾ ਹੈ। ਜੇ ਉਹ ਕੰਬੇ ਤੇ ਵਾਲਾਂ ਤੋਂ ਪਾਣੀ ਛੰਡੇ ਤਾਂ ਇਹ ਸਮਝਿਆ ਜਾਂਦਾ ਹੈ ਕਿ ਦੇਵੀ ਨੇ ਇਹ ਕੁਰਬਾਨੀ ਪਰਵਾਨ ਕਰ ਲਈ।

ਕਈ ਹਿੰਦੂ ਮਿਥਕ ਕਥਾਵਾਂ ਵਿਚ ਬਕਰੇ ਦਾ ਜ਼ਿਕਰ ਹੈ। ਜਦੋਂ ਸਿਰਜਨਹਾਰ ਪੁਰਸ਼ ਮੁਢਲੇ ਮਨੁਖ ਨੇ ਸਾਰੇ ਪਸ਼ੂਆਂ ਦੀ ਉਤਪੱਤੀ ਆਪਣੇ ਅੰਗਾਂ ਵਿਚੋਂ ਕੀਤੀ ਤਾਂ ਬਕਰੀ ਉਸ ਦੇ ਮੂੰਹ ਵਿਚੋਂ ਨਿਕਲੀ ਦਸੀ ਜਾਂਦੀ ਹੈ।

ਪਰ ਸਭ ਤੋਂ ਜ਼ਿਆਦਾ ਜਿਸ ਪਸ਼ੂ ਦੀ ਪੂਜਾ ਕੀਤੀ ਜਾਂਦੀ ਹੈ, ਉਹ ਹੈ ਗਊ ਤੇ ਸੱਪ। ਹਿੰਦੂ ਗਊ ਦੀ ਪੂਜਾ ਕਰਦੇ, ਇਸ ਦੇ ਗੋਬਰ ਨਾਲ ਰਸੋਈ ਦੇ ਚੌਂਕੇ ਨੂੰ ਲੇਪਣ ਦੇਂਦੇ ਹਨ। ਗਊ ਦੇ ਪਿਸ਼ਾਬ ਨੂੰ ਗਊਤਰ ਸਮਝ ਕੇ ਕਈ ਹਿੰਦੂ ਪੀਂਦੇ ਵੀ ਹਨ।

ਗਊ ਦੀ ਪੂਜਾ ਪ੍ਰਾਚੀਨ ਕਾਲ ਵਿਚ ਉਸ ਭਾਂਤ ਨਹੀਂ ਹੁੰਦੀ ਸੀ, ਜਿਸ ਭਾਂਤ ਪਿਛਲੇਰੇ ਸਮਿਆਂ ਵਿਚ ਹੋਈ।

ਮਹਾਂਭਾਰਤ ਦੇ ਸਮੇਂ ਗਊ ਮਾਸ ਖਾਣ ਦਾ ਰਵਾਜ ਵੀ ਸੀ। ਐਤਰਿਆ ਬ੍ਰਾਹਮਣ ਵਿਚ ਲਿਖਿਆ ਹੈ ਗਊ ਦਾ ਮਾਸ ਰਾਜਿਆਂ ਜਾਂ ਸਤਿਕਾਰਯੋਗ ਮਹਿਮਾਨਾਂ ਨੂੰ ਖਵਾਇਆ ਜਾਂਦਾ ਸੀ, ਖ਼ਾਸ ਤੌਰ ਉਤੇ ਉਸ ਗਊ ਦਾ ਜਿਸ ਦਾ ਗਰਭ ਡਿਗ ਗਿਆ ਹੋਵੇ। ਯੁਜਰਵੇਦ ਵਿਚ ਗਊ ਦੀ ਕੁਰਬਾਨੀ ਬਾਰੇ ਵਿਸਥਾਰ ਨਾਲ ਲਿਖਿਆ ਮਿਲਦਾ ਹੈ ਕਿ ਕਿਸ ਭਾਂਤ ਦੀ ਗਊ, ਕਿਸ ਕਿਸ ਦੇਵਤੇ ਨੂੰ ਖ਼ੁਸ਼ ਕਰਨ ਲਈ ਕੁਰਬਾਨ ਕੀਤੀ ਜਾਵੇ। ਅਸ਼ਵਮੇਧ ਸਮੇਂ ਜਿਨ੍ਹਾਂ 180 ਪਾਲਤੂ ਪਸ਼ੂਆਂ ਦੀ ਕੁਰਬਾਨੀ ਦਿਤੀ ਜਾਂਦੀ ਸੀ, ਉਨ੍ਹਾਂ ਵਿਚ ਘੋੜਿਆਂ, ਬਕਰੀਆਂ, ਹਿਰਨਾਂ ਤੋਂ ਬਿਨਾਂ ਗਊਆਂ ਵੀ ਸ਼ਾਮਲ ਹੁੰਦੀਆਂ ਸਨ। ਸ਼ਤਪਥ ਬ੍ਰਾਹਮਣ ਵਿਚ ਬਾਝ ਗਊ ਨੂੰ ਮਾਰਨ ਤੇ ਉਸ ਦੇ ਮਾਸ ਨੂੰ ਰਿੰਨ੍ਹਣ ਬਾਰੇ ਕਾਫ਼ੀ ਵਿਸਥਾਰ ਨਾਲ ਲਿਖਿਆ ਮਿਲਦਾ ਹੈ।

ਭਾਵੇਂ ਗਊ ਦੀ ਪੂਜਾ ਦਾ ਵੈਦਿਕ ਕਾਲ ਵਿਚ ਕੋਈ ਜ਼ਿਕਰ ਨਹੀਂ ਮਿਲਦਾ। ਮਨੂੰ ਦੇ ਸਮੇਂ ਗਊ ਜਾਂ ਬਲਦ ਦੀ ਹਤਿਆ ਭਿਆਨਕ ਪਾਪ ਗਿਣਿਆ ਜਾਣ ਲੱਗਾ।

ਪੁਰਾਣੇ ਸਮਿਆਂ ਵਿਚ ਜਦੋਂ ਕਿਸੇ ਬੱਚੇ ਦੀ ਜਨਮ-ਪਤਰੀ ਚੰਗਾ ਭਵਿਖਤ ਨਾ ਦਰਸਾਦੀ ਤਾਂ ਉਸ ਬੱਚੇ ਨੂੰ ਨਵਾਂ ਜਨਮ ਦੇਣ ਲਈ ਗੇਰੂਏ ਕਪੜੇ ਪਹਿਨਾਏ ਜਾਂਦੇ ਤੇ ਨਵੀਂ ਛਾਣਨੀ ਨਾਲ ਬੰਨ੍ਹ ਕੇ ਗਊ ਦੀਆਂ ਪਿਛਲੀਆਂ ਦੋਹਾਂ ਲੱਤਾਂ ਵਿਚੋਂ ਲੰਘਾ ਕੇ ਫਿਰ ਅਗਲੀਆਂ ਦੋਹਾਂ ਲੱਤਾਂ ਵਿਚੋਂ ਲੰਘਾਇਆ ਜਾਂਦਾ। ਇਸ ਤਰ੍ਹਾਂ ਗਊ ਰਾਹੀਂ ਬੱਚੇ ਦਾ ਨਵਾਂ ਜਨਮ ਹੋਇਆ ਮੰਨਿਆ ਜਾਂਦਾ ਤੇ ਫਿਰ ਮਾਂ ਪਿਉ ਬੱਚੇ ਨੂੰ ਉਸੇ ਤਰ੍ਹਾਂ ਹੀ ਸੁੰਘਦੇ ਜਿਵੇਂ ਗਊ ਵੱਛੇ ਨੂੰ ਸੁੰਘਦੀ ਹੈ। ਇਸ ਤਰ੍ਹਾਂ ਗਊ ਦੇ ਹੇਠੋਂ ਲੰਘਾਣ ਨਾਲ ਖ਼ਿਆਲ ਕੀਤਾ ਜਾਂਦਾ ਹੈ ਕਿ ਬੱਚਾ ਗਊ ਦੀ ਕੁਖੋਂ ਜੰਮਿਆ ਹੈ ਤੇ ਇਹ ਨਵਾਂ ਜਨਮ ਗਿਣਿਆ ਜਾਂਦਾ ਹੈ।

ਜਦੋਂ ਕੋਈ ਹਿੰਦੂ ਅਖ਼ੀਰਲੇ ਸਵਾਸਾਂ ਤੇ ਹੁੰਦਾ ਹੈ ਤਾਂ ਗਊ ਮਣਸਾਈ ਜਾਂਦੀ ਹੈ। ਉਹ ਗਊ ਦੀ ਪੂਛਲ ਛੂੰਹਦਾ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਮਰਨ ਪਿਛੋਂ ਨਰਕ ਦੇ ਦਰਿਆ ਵਿਚ ਗਊ ਦੀ ਪੂਛ ਪਕੜ ਕੇ, ਉਹ ਤਰਦਾ ਹੋਇਆ ਪਾਰ ਲੰਘ ਜਾਵੇਗਾ। ਹਿੰਦੂ ਮਿਥਿਹਾਸ ਵਿਚ ਕਈ ਅਜਿਹੀਆਂ ਕਥਾਵਾਂ ਮਿਲਦੀਆਂ ਹਨ। ਹਿਮਾਚਲ ਪ੍ਰਦੇਸ਼ ਵਿਚ ਗਊ ਦੀ ਪੂਛਲ ਦੀ ਪਵਿਤਰਤਾ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ: ਸ਼ਿਵ ਜੀ ਨੇ ਇਕ ਵਾਰ ਕਰੋੜਵਾਨ ਰੂਪ ਧਾਰਨ ਕੀਤਾ। ਵਿਸ਼ਨੂੰ ਤੇ ਬ੍ਰਹਮਾ ਸਭ ਦਿਸ਼ਾਵਾਂ ਵਲ ਇਹ ਵੇਖਣ ਲਈ ਗਏ ਕਿ ਉਸ ਦਾ ਨੂਰ ਕਿਥੋਂ ਤਕ ਪਸਰਿਆ ਹੋਇਆ ਹੈ। ਵਾਪਸ ਆ ਕੇ ਵਿਸ਼ਨੂੰ ਨੇ ਦਸਿਆ ਕਿ ਉਹ ਇਹ ਜਾਣਨ ਤੋਂ ਅਸਮਰਥ ਰਿਹਾ ਹੈ ਕਿ ਸ਼ਿਵ ਦਾ ਨੂਰ ਕਿਥੋਂ ਤਕ ਫੈਲਿਆ ਹੋਇਆ ਹੈ। ਪਰ ਬ੍ਰਹਮਾ ਨੇ ਕਿਹਾ ਕਿ ਉਹ ਨੂਰ ਦੀ ਸੀਮਾ ਉਲੰਘ ਕੇ ਪਾਰ ਵੀ ਗਿਆ ਹੈ। ਵਿਸ਼ਨੂੰ ਨੇ ਗਵਾਹੀ ਵਜੋਂ ਕਾਮਧੇਨ ਨੂੰ ਬੁਲਾਇਆ। ਉਸ ਜ਼ਬਾਨ ਨਾਲ ਬ੍ਰਹਮਾ ਦੀ ਪੁਸ਼ਟੀ ਕੀਤੀ ਪਰ ਪੂਛ ਹਿਲਾ ਕਿ ਇਹ ਪ੍ਰਗਟ ਕੀਤਾ ਕਿ ਬ੍ਰਹਮਾ ਝੂਠ ਬੋਲਦਾ ਹੈ, ਸੋ ਵਿਸ਼ਨੂੰ ਨੇ ਗਊ ਨੂੰ ਸਰਾਪ ਦਿਤਾ ਕਿ ਉਸ ਦਾ ਮੂੰਹ ਅਪਵਿਤਰ ਹੋਵੇ, ਪਰ ਉਸ ਦੀ ਪੂਛਲ ਸਦਾ ਪਵਿਤਰ ਮੰਨੀ ਜਾਵੇਗੀ।

ਗ੍ਰਹਿਣ ਸਮੇਂ ਗਊ ਨੂੰ ਪੇੜਾ ਦੇਣ ਦਾ ਰਵਾਜ ਆਮ ਹੈ। ਗਰਭਵਤੀ ਹਿੰਦੂ ਤੀਵੀਆਂ ਅਮਾਵਸ ਵਾਲੇ ਦਿਨ ਗਊ ਨੂੰ ਪੇੜੇ ਖਵਾਂਦੀਆਂ ਹਨ।

ਉਹ ਬਲਦ ਜਿਸ ਦੀਆਂ ਅੱਖਾਂ ਨਾਲ ਮਾਸ ਲਟਕਿਆ ਹੋਵੇ, ਪਵਿਤ੍ਰ ਗਿਣਿਆ ਜਾਂਦਾ ਹੈ। ਉਸ ਨੂੰ 'ਨੰਦੀ' ਜਾਂ 'ਨਾਦੀਆ' ਕਿਹਾ ਜਾਂਦਾ ਹੈ। ਸ਼ਿਵ ਜੀ ਦਾ ਬਲਦ ਵੀ ਨੰਦੀ ਅਖਵਾਉਂਦਾ ਹੈ। ਅਜਿਹਾ ਬਲਦ ਵਾਹੀ ਖੇਤੀ ਜਾਂ ਕਿਸੇ ਹੋਰ ਕੰਮ ਲਈ ਨਹੀਂ ਵਰਤਿਆ ਜਾਂਦਾ, ਸਗੋਂ ਜੋਗੀਆਂ ਨੂੰ ਦੇ ਦਿਤਾ ਜਾਂਦਾ ਹੈ, ਜੋ ਉਸ ਨੂੰ ਕੌਡੀਆਂ ਤੇ ਘੁੰਗਰੂਆਂ ਨਾਲ ਸਜਾ ਕੇ, ਖ਼ੈਰ ਮੰਗਦੇ ਫਿਰਦੇ ਹਨ।

ਪੁਰਾਤਨ ਵਿਚਾਰਾਂ ਦੇ ਹਿੰਦੂ ਗਊ ਦੀ ਹਤਿਆ ਨੂੰ ਪਾਪ ਸਮਝਦੇ ਹਨ। ਗਊ ਦੀ ਹਤਿਆ ਭਾਵੇਂ ਅਣਜਾਣੇ ਤੇ ਕਿਸੇ ਦੁਰਘਟਨਾ ਵਿਚ ਹੀ ਹੋ ਜਾਵੇ, ਇਹ ਘੋਰ ਪਾਪ ਹੈ। ਅਜਿਹੇ ਪ੍ਰਾਣੀ ਲਈ ਬ੍ਰਾਹਮਣਾਂ ਨੂੰ ਭੋਜਨ ਖਵਾਣਾ ਤੇ ਤੀਰਥਾਂ ਦੀ ਯਾਤਰਾ ਕਰਨੀ ਜ਼ਰੂਰੀ ਸਮਝਿਆ ਜਾਂਦਾ ਹੈ। ਕਈ ਪੁਰਾਣੇ ਖ਼ਿਆਲਾਂ ਦੇ ਹਿੰਦੂ ਬਾਝ ਗਊ ਨੂੰ ਕਸਾਈਆਂ ਅਗੇ ਵੇਚਣਾ ਪਾਪ ਸਮਝਦੇ ਹਨ।

ਝੋਟੇ ਨੂੰ ਮੌਤ ਦੇ ਦੇਵਤੇ ਯਮ ਦਾ ਵਾਹਣ ਮੰਨਿਆ ਜਾਂਦਾ ਹੈ, ਪਰ ਝੋਟੇ ਦੀ ਪੂਜਾ ਪੰਜਾਬ ਵਿਚ ਕਿਧਰੇ ਵੀ ਨਹੀਂ ਕੀਤੀ ਜਾਂਦੀ।

ਹਿਰਨ ਦੀ ਮ੍ਰਿਗਛਾਲਾ ਸਾਧੂ ਤਪਸਿਆ ਲਈ ਵਰਤਦੇ ਹਨ।

ਹਾਥੀ ਨੂੰ ਗਣੇਸ਼ ਦਾ ਪ੍ਰਤੀਨਿਧ ਸਮਝ ਕੇ ਪੂਜਿਆ ਜਾਂਦਾ ਹੈ।

ਪੁਰਾਣਿਕ ਮਿਥਿਕ ਕਥਾਵਾਂ ਅਨੁਸਾਰ ਸੰਸਾਰ ਦੀ ਰਖਿਆ ਅੱਠ ਹਾਥੀ ਭਿੰਨ-ਭਿੰਨ ਦਿਸ਼ਾਵਾਂ ਵਿਚ ਕਰ ਰਹੇ ਹਨ। ਪੂਰਬ ਵਲ ਐਰਾਵਤੀ, ਦੱਖਣ ਪੂਰਬ ਵਲ ਪੁੰਡਰੀਕਾ, ਦੱਖਣ ਵਲ ਵਾਮਨ, ਦੱਖਣ ਪੱਛਮ ਵਲ ਕੁਮਾਦਾ, ਪੱਛਮ ਵਲ ਅਨਜਨਾ, ਉੱਤਰ ਪੱਛਮ ਵਲ ਪੁਸ਼ਪਦੰਤ, ਉੱਤਰ ਵਲ ਸਰਵਭੂਮਾ, ਉਤਰ ਪੂਰਬ ਵਲ ਸਪਤਹਿਕਾ।

ਪੰਛੀਆਂ ਵਿਚ ਕਾਂ ਦਾ ਜ਼ਿਕਰ ਲੋਕਧਾਰਾ ਵਿਚ ਸਭ ਤੋਂ ਵਧ ਮਿਲਦਾ ਹੈ। ਹਿੰਦੂ ਪਰੰਪਰਾ ਅਨੁਸਾਰ ਕਾਂ ਵਿਚ

ਮੋਏ ਪ੍ਰਾਣੀਆਂ ਦੀ ਆਤਮਾ ਪ੍ਰਵੇਸ਼ ਹੁੰਦੀ ਹੈ ਤੇ ਇਸ ਨੂੰ ਖਵਾਇਆ ਗਿਆ ਭੋਜਨ ਪਿੱਤਰਾਂ ਨੂੰ ਪਹੁੰਚਦਾ ਹੈ। ਭਸੁੰਡੀ ਕਾਗ ਜਿਸ ਬਾਰੇ ਕਈ ਕਥਾਵਾਂ ਪ੍ਰਸਿੱਧ ਹਨ, ਲੜਾਈ ਵਿਚ ਮੁਰਦਿਆਂ ਦੇ ਲਹੂ ਪੀਂਦਾ ਹੈ। ਇਹੋ ਪਰੰਪਰਾ ਮੱਧ ਯੁਗ ਵਿਚ 'ਕਲੂ ਕਲੰਜਰਾਣ' ਨਾਲ ਜੋੜ ਦਿਤੀ ਗਈ। ਜਦੋਂ ਸੁੰਭ ਤੇ ਨਿਸੁੰਭ ਰਾਖਸ਼ ਨੂੰ ਚੰਡੀ ਨੇ ਮਾਰਿਆ ਤਾਂ ਭਸੁੰਡੀ ਨੇ ਰਜ ਕੇ ਲਹੂ ਪੀਤਾ। ਪਰ ਲਹੂ ਫਿਰ ਵੀ ਨਾ ਮੁਕਿਆ।

ਕਾਂ ਨਾਲ ਕਈ ਤਰ੍ਹਾਂ ਦੇ ਸ਼ਗਨ ਸਬੰਧਿਤ ਹਨ। ਜੇ ਸਫ਼ਰ ਉਤੇ ਜਾਣ ਲਗਿਆਂ ਕਾਂ ਬੋਲੇ ਤਾਂ ਇਹ ਚੰਗਾ ਸ਼ਗਨ ਗਿਣਿਆ ਜਾਂਦਾ ਹੈ। ਜੇ ਕਿਸੇ ਦੇ ਬਨੇਰੇ ਉਤੇ ਕਾਂ ਬੋਲੇ ਤਾਂ ਮਹਿਮਾਨ ਦੀ ਆਮਦ ਸਮਝੀ ਜਾਂਦੀ ਹੈ। ਪਹਿਲਿਆਂ ਵਿਚ ਜਦੋਂ ਚਿੱਠੀ ਚਪੱਠੀ ਦਾ ਰਵਾਜ ਨਹੀਂ ਸੀ ਪਿੰਡਾਂ ਵਿਚ ਜੇ ਕਿਸੇ ਦੇ ਬਨੇਰੇ ਉਤੇ ਕਾਂ ਬੋਲਦਾ ਅਤੇ ਜੇ ਕਿਸੇ ਦਾ ਪਤੀ ਬਾਹਰ ਦੂਰ ਦੁਰਾਡੇ ਗਿਆ ਹੁੰਦਾ ਜਾਂ ਕਿਸੇ ਪ੍ਰਾਹੁਣੇ ਦੇ ਆਉਣ ਦੀ ਉਮੀਦ ਹੁੰਦੀ ਤਾਂ ਕਾਂ ਨੂੰ ਸੰਬੋਧਨ ਕਰ ਕੇ ਕਿਹਾ ਜਾਂਦਾ :

ਉੱਡ ਕਾਵਾਂ, ਚੂਰੀ ਕੁਟ ਪਾਵਾਂ।
ਮੇਰਾ ਮਾਹੀ (ਜਾਂ ਵੀਰ) ਕਦੋਂ ਆਵਸੀ।

ਜੇ ਇਹ ਤੁਕਾਂ ਸੁਣ ਕੇ ਕਾਂ ਉਡ ਜਾਵੇ ਤਾਂ ਉਸ ਦੀ ਆਮਦ ਅਵੱਸ਼ ਮੰਨੀ ਜਾਂਦੀ ਹੈ।

ਘੁੱਗੀ ਤੇ ਕਬੂਤਰ ਦਾ ਵੀ ਕਈ ਲੋਕ ਸਤਿਕਾਰ ਕਰਦੇ ਹਨ। ਮੁਸਲਮਾਨ ਕਬੂਤਰ ਨੂੰ ਪੰਛੀਆਂ ਵਿਚੋਂ ਉਹੋ ਹੀ ਸਤਿਕਾਰ ਦੇਂਦੇ ਹਨ ਜੋ ਮਨੁੱਖਾਂ ਵਿਚੋਂ ਸੱਯਦਾਂ ਨੂੰ।

ਹੰਸ ਦਾ ਸਤਿਕਾਰ ਪੰਛੀਆਂ ਵਿਚ ਸਭ ਤੋਂ ਵਧ ਕੀਤਾ ਜਾਂਦਾ ਹੈ। ਹੰਸ ਬੜਾ ਪਵਿਤਰ ਪੰਛੀ ਸਮਝਿਆ ਜਾਂਦਾ ਹੈ, ਜੋ ਮਾਨਸਰੋਵਰ ਵਰਗੀ ਸਵੱਛ ਝੀਲ ਵਿਚ ਰਹਿੰਦਾ ਹੈ। ਹੰਸ ਬਾਰੇ ਪ੍ਰਚਲਤ ਹੈ ਕਿ ਇਹ ਸੁੱਚੇ ਮੋਤੀ ਖਾਂਦਾ ਹੈ ਤੇ ਇਹ ਆਪਣੀ ਚੁੰਝ ਨਾਲ ਦੁੱਧ ਤੇ ਪਾਣੀ ਨਿਖੇੜ ਸਕਦਾ ਹੈ। ਹੰਸ ਅਧਿਆਤਮਕ ਖੇਤਰ ਵਿਚ ਪਵਿਤਰ ਆਤਮਾ ਦਾ ਪ੍ਰਤੀਕ ਬਣ ਗਿਆ ਹੈ ਤੇ ਇਹ ਪ੍ਰਤੀਕ ਪੰਜਾਬ ਵਿਚ ਬੜਾ ਪੁਰਾਣਾ ਚਲਿਆ ਆ ਰਿਹਾ ਹੈ। ਜਿਵੇਂ ਫ਼ਰੀਦ ਜੀ ਦੇ ਸਲੋਕ ਵਿਚ :

ਹੰਸ ਉਡਰ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ।
ਗਹਿਲਾ ਲੋਕੁ ਨ ਜਾਣਈ ਹੰਸੁ ਨ ਕੋਧ੍ਰਾ ਖਾਇ।

ਆਦਿ ਗ੍ਰੰਥ ਵਿਚ ਅਨੇਕ ਥਾਈਂ, ਹੰਸ ਆਤਮਾ ਦੇ ਚਿੰਨ੍ਹ ਤੇ ਅਲੰਕਾਰ ਦੇ ਰੂਪ ਵਿਚ ਵਰਤਿਆ ਗਿਆ ਹੈ।

ਭਗਵਤ ਪੁਰਾਣ ਵਿਚ ਲਿਖਿਆ ਹੈ ਕਿ ਕਿਸੇ ਸਮੇਂ ਦੁਨੀਆਂ ਵਿਚ ਇਕੋ ਵੇਦ, ਇਕੋ ਦੇਵਤਾ, ਅਗਨੀ ਤੇ ਇਕੋ ਜਾਤੀ ਵਸਦੀ ਸੀ। ਇਹ ਕਰਿਤਾ ਯੁਗ ਵਿਚ ਤੇ ਇਕ ਜਾਤੀ ਜੋ ਹੋਂਦ ਵਿਚ ਸੀ ਉਹ 'ਹੰਸਾ' ਜਾਤੀ ਸੀ। ਵਿਸ਼ਨੂੰ ਪੁਰਾਣ ਵਿਚ ਵੀ ਹੰਸਾ ਜਾਤੀ ਦਾ ਜ਼ਿਕਰ ਮਿਲਦਾ ਹੈ। ਲਿੰਗ ਪੁਰਾਣ ਵਿਚ ਤਾਂ ਇਥੋਂ ਤਕ ਲਿਖਿਆ ਮਿਲਦਾ ਹੈ ਕਿ ਹੰਸ ਬ੍ਰਹਮ ਦਾ ਆਪਣਾ ਨਾਂ ਹੀ ਸੀ। ਜਾਪਦਾ ਹੈ ਕਿ ਹੰਸ ਕਿਸੇ ਸਮੇਂ ਕਬੀਲੇ ਦਾ ਟੋਟਮ ਹੁੰਦਾ ਹੋਣੈ।

ਕਥੀਆਂ ਵਿਚ ਹੰਸ ਬੜਾ ਪ੍ਰਚਲਤ ਪ੍ਰਤੀਕ ਰਿਹਾ ਹੈ। ਨਲ ਤੇ ਦਮਯੰਤੀ ਦੀ ਕਥਾ ਵਿਚ ਹੰਸਾਂ ਦੀ ਡਾਰ ਹੀ ਦੋਹਾਂ ਪ੍ਰੇਮੀਆਂ ਨੂੰ ਮਿਲਾਣ ਦਾ ਯਤਨ ਕਰਦੀ ਹੈ।

ਚਕਵੀ ਚਕਵਾ ਦੋ ਹੋਰ ਪ੍ਰਸਿੱਧ ਪੰਛੀ ਹਨ, ਜਿਨ੍ਹਾਂ ਦਾ ਜ਼ਿਕਰ ਕਵਿਤਾ ਤੇ ਆਦਿ-ਗ੍ਰੰਥ ਦੀ ਬਾਣੀ ਵਿਚ ਆਮ ਮਿਲਦਾ ਹੈ। ਇਨ੍ਹਾਂ ਦੋਹਾਂ ਦਾ ਆਪੋ ਵਿਚ ਅਥਾਹ ਪਿਆਰ ਹੈ। ਕਿਹਾ ਜਾਂਦਾ ਹੈ ਕਿ ਇਹ ਪੁਰਾਣੇ ਸਮੇਂ ਵਿਚ ਹੋਏ ਕੋਈ ਪ੍ਰੇਮੀ ਆਸ਼ਕ ਤੇ ਮਾਸ਼ੂਕ ਸਨ ਜੋ ਇਕ ਦੂਜੇ ਨੂੰ ਪ੍ਰਾਪਤ ਨਾ ਕਰ ਸਕੇ ਤੇ ਇਕ ਦੂਜੇ ਨੂੰ ਮਿਲਣ ਲਈ ਵਿਲ੍ਹਕਦੇ ਰਹੇ। ਪਿਛੋਂ ਇਨ੍ਹਾਂ ਚਕਵੀ ਚਕਵੇ ਦਾ ਰੂਪ ਧਾਰਨ ਕਰ ਲਿਆ। ਇਨ੍ਹਾਂ ਪੰਛੀਆਂ ਬਾਰੇ ਪ੍ਰਚਲਤ ਹੈ ਕਿ ਇਹ ਰਾਤ ਨੂੰ ਵਿਛੜ ਜਾਂਦੇ ਹਨ ਤੇ ਦਰਿਆ ਦੇ ਇਕ ਕੰਢੇ ਚਕਵੀ ਵਿਲ੍ਹਕਦੀ ਰਹਿੰਦੀ ਹੈ ਤੇ ਦੂਜੇ ਕੰਢੇ ਚਕਵਾ। ਸਾਰੀ ਰਾਤ ਇਹ ਇਕ ਦੂਜੇ ਨੂੰ ਲੱਭਣ ਦਾ ਯਤਨ ਕਰਦੇ ਹਨ, ਥਕ ਕੇ ਹਫ਼ ਜਾਂਦੇ ਹਨ। ਪਰ ਸੂਰਜ ਚੜ੍ਹਨ ਵੇਲੇ ਇਨ੍ਹਾਂ ਦਾ ਮੇਲ ਹੋ ਜਾਂਦਾ ਹੈ।

ਤੋਤੇ ਦੀ ਭਾਵੇਂ ਪੂਜਾ ਨਹੀਂ ਕੀਤੀ ਜਾਂਦੀ ਪਰ ਇਸ ਦਾ ਲੋਕ-ਕਹਾਣੀਆਂ ਵਿਚ ਆਮ ਜ਼ਿਕਰ ਮਿਲਦਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਰਿਸ਼ੀ ਕਸ਼ਪ ਦੀ ਪਤਨੀ ਤੋਤੇ ਦੀ ਮਾਂ ਸੀ। ਕਥਾ ਸਰਿਤ ਸਾਗਰ ਵਿਚ ਇਕ ਤੋਤੇ ਦਾ ਜ਼ਿਕਰ ਆਉਂਦਾ ਹੈ ਜੋ ਚਾਰੇ ਵੇਦਾਂ ਨੂੰ ਜਾਣਦਾ ਸੀ। ਰਾਜਾ ਰਸਾਲੂ ਦੀਆਂ ਦੰਦ-ਕਥਾਵਾਂ ਵਿਚ ਅਨੇਕ ਥਾਈਂ ਰਾਜਾ ਰਸਾਲੂ ਦਾ ਪ੍ਰਸਿੱਧ ਤੋਤਾ ਜ਼ਾਹਰੀ, ਜੋ ਉਸ ਦੇ ਜਨਮ ਨਾਲ ਹੀ ਜੰਮਿਆ ਸੀ ਤੇ ਉਸ ਨਾਲ ਹੀ 12 ਵਰ੍ਹੇ ਭੋਰੇ ਵਿਚ ਰਖਿਆ ਗਿਆ ਤੇ ਪਿਛੋਂ ਸਾਰੀ ਉਮਰ ਰਸਾਲੂ ਦੇ ਨਾਲ ਰਿਹਾ, ਕਈ ਔਕੜਾਂ ਵੇਲੇ ਮਦਦ ਕਰਦਾ ਹੈ। ਜਦੋਂ ਕੋਕਲਾਂ ਨੂੰ ਹੋਡੀ ਭਰਮਾ ਕੇ ਉਸ ਦਾ ਸਤਿ ਲੁਟ ਲੈਂਦਾ ਹੈ ਤਾਂ ਰਾਜਾ ਰਸਾਲੂ ਨੂੰ ਤੋਤਾ ਹੀ ਇਹ ਭੇਦ ਦਸਦਾ ਹੈ।

ਮੱਛੀ ਨੂੰ ਖ਼ਵਾਜਾ ਖ਼ਿਜ਼ਰ ਦਾ ਵਾਹਣ ਸਮਝ ਕੇ, ਕਈ ਮੁਸਲਮਾਨ, ਖ਼ਾਸ ਤੌਰ ਉਤੇ ਸ਼ੀਆ ਸਤਿਕਾਰਦੇ ਹਨ। ਕਵਿਤਾ ਵਿਚ ਮੱਛੀ ਪ੍ਰੇਮ ਦੀ ਤੜਪਣੀ ਤੇ ਵਿਲ੍ਹਕਣੀ ਦਾ ਪ੍ਰਤੀਕ ਹੈ। 'ਜਿਉਂ ਮਛਲੀ ਬਿਨ ਪਾਣੀਆਂ' ਭਾਵ ਦੀਆਂ ਸਤਰਾਂ ਆਦਿ-ਗ੍ਰੰਥ ਵਿਚ ਅਨੇਕ ਥਾਈਂ ਮਿਲਦੀਆਂ ਹਨ।

ਕੀੜਿਆਂ ਵਿਚ ਕੀੜੀਆਂ ਦੇ ਭੌਣਾਂ ਉਤੇ ਖੰਡ ਗੁੜ ਆਦਿ ਸੁਟਣੇ ਚੰਗੇ ਸਮਝੇ ਜਾਂਦੇ ਹਨ। ਕਈ ਲੋਕ ਸਵੇਰੇ ਕੀੜਿਆਂ ਦੇ ਭੌਣਾਂ ਉਤੇ ਅਨਾਜ ਸੁਟਦੇ ਵੇਖੇ ਜਾਂਦੇ ਹਨ।

ਲੋਕ-ਕਹਾਣੀਆਂ ਵਿਚ ਮੱਖੀ ਦਾ ਜ਼ਿਕਰ ਆਮ ਮਿਲਦਾ ਹੈ। ਪਰੀਆਂ ਜਿੰਨ ਤੋਂ ਡਰਦੀਆਂ ਆਪਣੇ ਪ੍ਰੇਮੀਆਂ ਨੂੰ ਮੱਖੀ ਬਣਾ ਕੇ ਕੰਧ ਉਤੇ ਟਿਕਾ ਦੇਂਦੀਆਂ ਹਨ।

**(ਪ-16) ਪਹਾੜ :**

ਪਹਾੜ ਸਬੰਧੀ ਇਕ ਉਤਪਤੀ ਕਥਾ ਪ੍ਰਚਲਤ ਹੈ, ਜਿਸ ਵਲ ਰਿਗ ਵੇਦ ਵਿਚ ਸੰਕੇਤ ਮਿਲਦਾ ਹੈ। ਮੈਤਰਯਾਣੀ ਸੰਹਿਤਾ ਵਿਚ ਵੀ ਇਸ ਕਥਾ ਦਾ ਜ਼ਿਕਰ ਆਉਂਦਾ ਹੈ। ਕਾਲੀ ਦਾਸ ਨੇ ਵੀ 'ਰਘੂ ਵੰਸ਼' ਤੇ 'ਕੁਮਾਰ ਸੰਭਵ' ਵਿਚ ਇਸ ਕਥਾ ਵਲ ਸੰਕੇਤ ਕੀਤਾ ਹੈ।

ਪਹਿਲਾਂ ਪਹਾੜ ਪੰਛੀਆਂ ਵਾਂਗ ਹੀ ਹਵਾ ਵਿਚ ਉਡਿਆ ਕਰਦੇ ਸਨ ਤੇ ਉਹ ਕਦੇ ਇਕ ਥਾਂ ਨਹੀਂ ਸਨ ਟਿਕਦੇ, ਜਿਥੇ ਦਿਲ ਕੀਤਾ ਉਡ ਕੇ ਜਾ ਪਹੁੰਚਦੇ। ਜਦੋਂ ਬਹੁਤ ਸਾਰੇ ਪਹਾੜ ਇਕੋ ਥਾਂ ਇਕੱਠੇ ਹੁੰਦੇ ਤਾਂ ਧਰਤੀ ਡੋਲਣ ਲਗਦੀ ਸੋ ਇੰਦਰ ਨੇ ਆਪਣੇ ਵਜਰ ਨਾਲ ਉਨ੍ਹਾਂ ਦੇ ਖੰਭ ਕਟ ਦਿਤੇ, ਫਲਸਰੂਪ ਪਹਾੜ ਜਿਥੇ ਵੀ ਸਨ ਉਥੇ ਹੀ ਟਿਕ ਗਏ। ਸਿਰਫ਼ ਮੈਨਕਾ ਜੋ ਹਿਮਾਲੀਆ ਤੇ ਮੇਨਾ ਦਾ ਪੁਤਰ ਸੀ, ਬਚ ਨਿਕਲਿਆ ਤੇ ਸਮੁੰਦਰ ਵਿਚ ਜਾ ਛੁਪਿਆ ਜਿਥੇ ਸਾਗਰ ਨੇ ਉਸ ਦੀ ਰਖਿਆ ਕੀਤੀ।

ਸਟੇਨਨੋਂ ਦਾ ਵਿਚਾਰ ਹੈ ਕਿ ਇਹ ਕਥਾ ਮੂਲ ਵਿਚ ਆਰਿਆਈ ਨਹੀਂ ਜਾਪਦੀ। ਇਹ ਕਥਾ ਆਰੀਆ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਪ੍ਰਚਲਤ ਸੀ ਤੇ ਇਸ ਦਾ ਸਬੰਧ ਪਰਾਕ-ਆਰੀਅਨ ਦੇਵਮਾਲਾ ਨਾਲ ਸੀ, ਪਰ ਮਗਰੋਂ ਜਦੋਂ ਇਹ ਕਥਾ ਆਰੀਆ ਲੋਕਾਂ ਵਿਚ ਪ੍ਰਚਲਤ ਹੋ ਗਈ ਤਾਂ ਉਨ੍ਹਾਂ ਇਹ ਕਥਾ ਇੰਦਰ ਦੇਵਤੇ ਨਾਲ ਸਬੰਧਿਤ ਕਰ ਲਈ।

ਪਹਾੜ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਵੀ ਜੁੜੇ ਹੋਏ ਹਨ। ਮੰਗਲਵਾਰ ਤੇ ਬੁਧਵਾਰ ਪਹਾੜ ਵਲ ਸਫ਼ਰ ਕਰਨਾ ਸ਼ੁਭ ਨਹੀਂ ਹੁੰਦਾ। ਕੰਮ ਵਿਚ ਸਫਲਤਾ ਨਹੀਂ ਮਿਲਦੀ, ਅਖਾਣ ਵੀ ਹੈ :

ਮੰਗਲ ਬੁੱਧ ਨਾ ਜਾਈਂ ਪਹਾੜ
ਮਤਾਂ ਜਿੱਤੀ ਬਾਜ਼ੀ ਆਵੇਂ ਹਾਰ।

ਸੁਪਨੇ ਵਿਚ ਪਹਾੜ ਵੇਖਣੇ ਚੰਗੇ ਨਹੀਂ, ਜੀਵਨ ਵਿਚ ਵੱਡਾ ਸੰਕਟ ਆਉਂਦਾ ਹੈ। ਜੇ ਸੁਪਨੇ ਵਿਚ ਪਹਾੜ ਚੜ੍ਹ ਜਾਈਏ ਤਾਂ ਸ਼ੁਭ ਸਗਨ ਹੈ। ਆਏ ਕਸ਼ਟ ਤੇ ਸੰਕਟ ਦੂਰ ਹੋ ਜਾਂਦੇ ਹਨ।

ਮੈਦਾਨੀ ਇਲਾਕੇ ਦੇ ਲੋਕ, ਪਹਾੜੀਆਂ ਨੂੰ, ਖ਼ੁਦਗਰਜ਼ ਮੰਨਦੇ ਹਨ :

ਪਹਾੜੀਏ ਮਿਤ ਕਿਸ ਕੇ
ਭੱਤ ਖਾਧਾ ਤੇ ਖਿਸਕੇ।

**(ਪ-17) ਪਹਿਲੀ ਗਰਾਹੀ :**

ਝੰਗ ਦੇ ਇਲਾਕੇ ਵਿਚ ਮੰਗਣੀ ਸਮੇਂ ਦੀ ਇਕ ਰੀਤ; ਮੰਗਣੀ ਸਮੇਂ ਘਰ ਵਿਚ ਖੀਰ ਜਾਂ ਮਿੱਠੇ ਚਾਵਲ ਪਕਾਏ ਜਾਂਦੇ ਹਨ ਅਤੇ ਕੰਨਿਆਂ ਨੂੰ ਸਹੇਲੀਆਂ ਵਿਚ ਬਿਠਾ ਕੇ ਸ਼ਗਨਾਂ ਨਾਲ ਉਸ ਦੇ ਮੂੰਹ ਵਿਚ ਪਹਿਲੀ ਗਰਾਹੀ ਪਾਈ ਜਾਂਦੀ ਹੈ। ਦਮੋਦਰ ਨੇ ਹੀਰ ਵਿਚ ਇਸ ਰਸਮ ਵਲ ਸੰਕੇਤ ਕੀਤਾ ਹੈ :

ਚਾਵਲ ਤੇ ਦੁੱਧ ਮਾਝਾ ਕੁੜੀਆਂ,
ਵਿਚ ਪਤਾਸੇ ਪਾਏ
ਸਭ ਕੁੜੀਆਂ ਨੂੰ ਕੂੰਦੀ ਆਖੇ
ਪਹਿਲੋਂ ਹੀਰੇ ਦੇ ਮੂੰਹ ਪਾਏ।

ਇਸੇ ਤਰ੍ਹਾਂ ਪਹਿਲੀ ਗਰਾਹੀ ਨੀਂਗਰ ਨੂੰ ਵੀ ਸ਼ਗਨਾਂ ਨਾਲ ਦਿਤੀ ਜਾਂਦੀ :

ਦੇਣ ਗਰਾਹੀ ਨੀਂਗਰ ਨੂੰ
ਪਹਿਲੇ ਆਪਣੀ ਇਛਾ ਪੁਜੇਦੀ।

**(ਪ-18) ਪਹਿਲੀ ਰੋਟੀ :**

ਤਵੇ ਤੋਂ ਲੱਥੀ ਪਹਿਲੀ ਰੋਟੀ ਰੱਬ ਦੇ ਨਾਂ ਉਤੇ ਦਾਨ ਕਰਨ ਦੀ ਪ੍ਰਥਾ ਹੈ। ਇਹ ਰੋਟੀ ਸਿੱਖ ਘਰਾਂ ਵਿਚ ਭਾਈ ਨੂੰ ਪ੍ਰਸ਼ਾਦੀ ਦੇਣ ਤੇ ਹਿੰਦੂ ਘਰਾਂ ਵਿਚ ਪ੍ਰੋਹਿਤ ਨੂੰ ਹੰਦਾ ਦੇਣ ਲਈ ਰਾਖਵੀਂ ਕਰ ਦਿਤੀ ਜਾਂਦੀ ਹੈ। ਜੇ ਇਹ ਰੋਟੀ ਘਰ ਵਿਚ ਹੀ ਖਾਣੀ ਹੋਵੇ ਤਾਂ ਕਿਸੇ ਮਰਦ ਨੂੰ ਨਹੀਂ ਖਵਾਈ ਜਾਂਦੀ। ਧਾਰਨਾ ਹੈ ਕਿ ਇਸ ਦੇ ਖਾਣ ਵਾਲੇ ਨੂੰ ਸਰਕਾਰੇ ਦਰਬਾਰੇ ਇਜ਼ਤ ਨਹੀਂ ਮਿਲਦੀ ਤੇ ਕਚਹਿਰੀ ਵਿਚ ਜਿੱਤ ਹਾਸਿਲ ਨਹੀਂ ਹੁੰਦੀ।

**(ਪ-19) ਪਹੁੰਚੀ :**

ਇਸਤਰੀਆਂ ਦਾ ਵੀਣੀ ਜਾਂ ਪੈਰਾਂ ਉਤੇ ਪਹਿਨਣ ਵਾਲਾ ਇਕ ਗਹਿਣਾ : "ਘੜਾ ਦੇ ਪਹੁੰਚੀ ਮਾਹੀਆ ਵੇ, ਸਾਰੀ ਉਮਰ ਗੁਲਾਮੀ ਕਰਸਾਂ" (ਲ.ਗ)

ਪਹੁੰਚੀ ਕਰੇਲਾ : ਇਕ ਗਹਿਣਾ ਜੋ ਕਰੇਲੇ ਦੀ ਸ਼ਕਲ ਦਾ ਹੁੰਦਾ ਹੈ ਤੇ ਵੀਣੀ ਤੇ ਬੰਨ੍ਹਿਆ ਜਾਂਦਾ ਹੈ।

ਪਹੁੰਚੀ ਮਸੀਤੀ : ਇਕ ਗਹਿਣਾ ਜੋ ਮਸੀਤ ਦੀ ਸ਼ਕਲ ਦਾ ਹੁੰਦਾ ਹੈ ਤੇ ਗੁੱਟ ਤੇ ਬੰਨ੍ਹਿਆ ਜਾਂਦਾ ਹੈ।

**(ਪ-20) ਪਹੋਆ :**

ਹਿੰਦੂਆਂ ਦਾ ਇਕ ਪ੍ਰਸਿਧ ਤੀਰਥ, ਜੋ ਜ਼ਿਲਾ ਕਰਨਾਲ ਵਿਚ ਥਾਨੇਸਰ ਤੋਂ 16 ਮੀਲ ਪਛਮ ਵਲ ਸਥਿਤ ਹੈ। ਇਸ ਤੀਰਥ ਦਾ ਪੁਰਾਣਿਕ ਨਾਉਂ ਪ੍ਰਿਥੂਦਕ ਹੈ। ਇਥੇ ਸੂਰਜ ਵੰਸ਼ੀ ਰਾਜੇ ਪ੍ਰਿਥੂ ਨੇ, ਜੋ ਇਕਸ਼ਵਾਕੂ ਦੀ ਵੰਸ਼

ਵਿਚੋਂ ਸੀ, ਇਕ ਤਾਲ ਬਣਵਾਇਆ ਸੀ ।

ਇਥੇ ਅਸੂ ਦੇ ਮਹੀਨੇ, ਸਰਾਧਾਂ ਦੇ ਅੰਤਲੇ ਦਿਨ, ਮੱਸਿਆ ਨੂੰ ਇਕ ਭਾਰੀ ਮੇਲਾ ਲਗਦਾ ਹੈ ਅਤੇ ਪੰਜਾਬ ਦੇ ਅਨੇਕਾਂ ਹਿੰਦੂ ਮੋਇਆਂ ਦੀ ਗਤੀ ਕਰਵਾਣ ਲਈ ਆਉਂਦੇ ਹਨ । ਪਿਤਰਾਂ ਦੇ ਸਰਾਧ ਕੀਤੇ ਜਾਂਦੇ ਹਨ ਜਿਸ ਪਿਤਰ ਦਾ ਸਰਾਧ ਕਰਨਾ ਹੋਵੇ, ਉਸ ਦੇ ਪ੍ਰੇਤ ਨੂੰ ਨਾਲ ਹੀ ਲਿਆਉਣ ਲਈ ਇਕ ਟੂਣਾ ਪ੍ਰਚਲਤ ਹੈ । ਗੱਡੀ ਜਾਂ ਬਸ ਵਿਚ ਚੜ੍ਹਨ ਲਗਿਆਂ ਤਾਂਬੇ ਦੇ ਪੰਜ ਪੈਸੇ ਹੇਠਾਂ ਸੁਟ ਕੇ ਪ੍ਰੇਤ ਵਲ ਧਿਆਨ ਕੀਤਾ ਜਾਵੇ ਅਤੇ ਉਸ ਦੀ ਗਤੀ ਲਈ ਨਾਲ, ਆਉਣ ਦੀ ਪ੍ਰਾਰਥਨਾ ਕੀਤੀ ਜਾਵੇ ਤਾਂ ਵਿਚਾਰ ਹੈ ਕਿ ਪ੍ਰੇਤ ਵੀ ਨਾਲ ਹੀ ਤੁਰ ਪੈਂਦਾ ਹੈ । ਧਾਰਨਾ ਹੈ ਕਿ ਪਹੋਏ ਵਿਚ ਸਰਾਧ ਕਰਨ ਨਾਲ ਪਿਤਰਾਂ ਦੀ ਗਤੀ ਹੋ ਜਾਂਦੀ ਹੈ ।

### (ਪ-21) ਪਹੋਚਾ :

ਵਿਆਹ ਨਾਲ ਸਬੰਧਿਤ ਇਕ ਰਸਮ; ਸਿਆਲਕੋਟ ਦੇ ਹਿੰਦੂਆਂ ਵਿਚ ਕੇਸ਼ ਵੰਡ ਤੋਂ ਪਹਿਲਾਂ ਇਹ ਰਸਮ ਪ੍ਰਚਲਤ ਸੀ । ਵਿਆਹ ਦਾ ਮਹੂਰਤ ਨਿਕਲਣ ਮਗਰੋਂ, ਕੰਨਿਆਂ ਪੱਖ ਵਲੋਂ ਕੁਝ ਲੋਕ ਮਠਿਆਈ, ਫਲ, ਲੜਕੇ ਦੀ ਮਾਂ ਲਈ ਤ੍ਰੇਵਰ, ਨਕਦ ਰੁਪਏ ਤੇ ਕੁਝ ਹੋਰ ਸੁਗਾਤਾਂ ਲੈ ਕੇ ਵਰ ਪੱਖ ਵਾਲਿਆਂ ਦੇ ਘਰ ਜਾਂਦੇ ਹਨ । ਜਦੋਂ ਕੰਨਿਆਂ ਪੱਖ ਵਾਲੇ ਵਾਪਸ ਪਰਤਦੇ ਹਨ ਤਾਂ ਵਰ ਪੱਖ ਵਿਚ ਕੰਨਿਆਂ ਲਈ ਕੁਝ ਮਠਿਆਈ, ਫਲ ਤੇ ਪੱਲੂ ਦੇਂਦੇ ਹਨ । ਘਰ ਪਹੁੰਚ ਕੇ ਮਠਿਆਈ ਤੇ ਫਲ ਕੰਨਿਆਂ ਦੀਆਂ ਸਹੇਲੀਆਂ ਵਿਚ ਵੰਡ ਦਿਤਾ ਜਾਂਦਾ ਹੈ । ਕੰਨਿਆਂ ਨੂੰ ਚੌਂਕੀ ਉਤੇ ਬਿਠਾ ਕੇ ਪੱਲੂ ਉਸ ਦੇ ਸਿਰ ਉਤੇ ਕਰਵਾ ਦਿਤਾ ਜਾਂਦਾ ਹੈ । ਇਸ ਰੀਤ ਨੂੰ 'ਪਹੋਚਾ' ਕਹਿੰਦੇ ਹਨ ।

### (ਪ-22) ਪਕੜ :

ਭੂਤ ਪ੍ਰੇਤ, ਜਿੰਨ ਅਥਵਾ ਚੁੜੇਲ ਆਦਿ ਦੇ ਕਿਸੇ ਸ਼ਖਸ ਦੇ ਸਰੀਰ ਵਿਚ ਪ੍ਰਵੇਸ਼ ਕਰਨਾ; ਧਾਰਨਾ ਹੈ ਕਿ ਕਿਸੇ ਪੱਕੀ ਜਾਂ ਕਰੜੀ ਥਾਂ ਤੋਂ ਲੰਘਣ ਜਾਂ ਪੇਸ਼ਾਬ ਕਰਨ ਨਾਲ, ਉਥੇ ਵਸਦੀ ਚੰਦਰੀ ਰੂਹ ਉਸ ਸ਼ਖਸ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਂਦੀ ਹੈ । ਦਰਿਆਵਾਂ, ਜੰਗਲਾਂ, ਉਜਾੜਾਂ ਜਾਂ ਮਰਘਟ ਦੇ ਨੇੜਿਉਂ ਲੰਘਦਿਆਂ ਵੀ ਕੋਈ ਚੰਦਰੀ ਰੂਹ, ਸਰੀਰ ਵਿਚ ਦਾਖ਼ਲ ਹੋ ਕੇ ਕਬਜ਼ਾ ਕਰ ਲੈਂਦੀ ਹੈ । ਕਈ ਵਾਰ ਕਿਸੇ ਮਰੇ ਹੋਏ ਬੰਦੇ ਦਾ ਪ੍ਰੇਤ, ਜਿਸ ਪ੍ਰਾਣੀ ਨਾਲ ਬਹੁਤ ਪ੍ਰੇਮ ਕਰਦਾ ਹੋਵੇ, ਉਸ ਦੇ ਸਰੀਰ ਅੰਦਰ ਜਾ ਟਿਕਦਾ ਹੈ । ਇਸੇ ਨੂੰ ਪਕੜ ਕਿਹਾ ਜਾਂਦਾ ਹੈ । ਪਕੜ ਵਾਲੇ ਰੋਗੀ ਨੂੰ ਜਦੋਂ ਦੌਰਾ ਪੈਂਦਾ ਹੈ, ਤਾਂ ਉਹ ਕਈ ਤਰ੍ਹਾਂ ਦੀਆਂ ਊਲ-ਜਲੂਲ ਤੇ ਬੇ-ਸਿਰ ਪੈਰ ਦੀਆਂ ਗੱਲਾਂ ਕਰਦਾ ਜਾਂ ਵਾਵੇਲੀਆਂ ਪਾਂਦਾ ਹੈ । ਲੋਕਾਂ ਦਾ ਵਿਸ਼ਵਾਸ਼ ਹੈ ਕਿ ਦੌਰਾ ਪੈਣ ਵੇਲੇ ਉਸ ਦਾ ਸਰੀਰ ਤੇ ਜ਼ਬਾਨ ਪ੍ਰੇਤ ਦੇ ਕਬਜ਼ੇ ਵਿਚ ਹੁੰਦੀ ਹੈ ਅਤੇ ਰੋਗੀ ਜੋ ਕੁਝ ਬੋਲ ਰਿਹਾ ਹੁੰਦੇ, ਉਹ ਖੁਦ ਨਹੀਂ ਬੋਲਦਾ, ਸਗੋਂ ਉਸ ਦੇ ਅੰਦਰ ਬੈਠਾ ਪ੍ਰੇਤ ਬੋਲਦਾ ਹੈ ।

ਸਿਆਣੇ ਪਕੜ ਦਾ ਇਲਾਜ ਝਾੜੇ ਜਾਂ ਮੰਤ੍ਰਾਂ ਦੁਆਰਾ ਕਰਦੇ ਹਨ । ਪ੍ਰੇਤ ਨੂੰ, ਪਿਆਰ ਨਾਲ ਭਰਮਾ ਕੇ, ਰੋਗੀ ਦਾ ਸਰੀਰ ਛੱਡਣ ਲਈ ਕਹਿੰਦੇ ਹਨ । ਜੇ ਪ੍ਰੇਤ ਸਰੀਰ ਨਾ ਛਡੇ ਤਾਂ ਰੋਗੀ ਨੂੰ ਜੁਤੀਆਂ ਮਾਰੀਆਂ ਜਾਂਦੀਆਂ ਹਨ । ਧਾਰਨਾ ਹੈ ਕਿ ਭੂਤ ਪ੍ਰੇਤ ਮਾਰ ਤੋਂ ਬਹੁਤ ਡਰਦੇ ਹਨ । ਜਦੋਂ ਰੋਗੀ ਨੂੰ ਮਾਰ ਪੈਂਦੀ ਹੈ ਤਾਂ ਉਸ ਦਾ ਕਸ਼ਟ ਰੋਗੀ ਦੀ ਥਾਂ ਪ੍ਰੇਤ ਨੂੰ ਹੁੰਦਾ ਹੈ । ਕਈ ਵਾਰ ਪ੍ਰੇਤ ਨੂੰ ਕਢਣ ਲਈ ਰੋਗੀ ਦੇ ਸਰੀਰ ਨੂੰ, ਲੋਹਾ ਗਰਮ ਕਰ ਕੇ ਲਗਾਇਆ ਜਾਂਦਾ ਹੈ । ਅੱਗ ਦਾ ਸੇਕ ਵੀ ਪ੍ਰੇਤ ਨੂੰ ਪਹੁੰਚਦਾ ਹੈ । ਕਈ ਵਾਰ ਅਜਿਹੇ ਕਸ਼ਟਾਂ ਦੁਆਰਾ ਰੋਗੀ ਦੀ ਮੌਤ ਵੀ ਹੋ ਜਾਂਦੀ ਹੈ ।

ਜਦੋਂ ਪਕੜ ਵਾਲੇ ਰੋਗੀ ਦੇ ਸਰੀਰ ਵਿਚੋਂ ਪ੍ਰੇਤ ਨਿਕਲ ਜਾਂਦਾ ਹੈ ਤਾਂ ਉਹ ਕੋਈ ਚੀਜ਼ ਭੰਨ ਕੇ ਜਾਂ ਦਰਵਾਜ਼ਾ ਖੜਕਾ ਕੇ, ਆਪਣੀ ਵਿਦਾਇਗੀ ਦਾ ਪਤਾ ਦੇ ਜਾਂਦਾ ਹੈ ।

ਪਕੜ ਵਾਲੇ ਰੋਗੀਆਂ ਨੂੰ, ਕਈ ਪੀਰਾਂ ਦੀਆਂ ਖ਼ਾਨਗਾਹਾਂ ਤੇ ਕਬਰਾਂ ਉਤੇ ਵੀ ਲਿਜਾਇਆ ਜਾਂਦਾ ਹੈ । ਜਿਥੇ ਜਾਣ ਨਾਲ, ਨਿਸਚਾ ਹੈ ਕਿ ਰੋਗੀ ਠੀਕ ਹੋ ਜਾਂਦਾ ਹੈ ।

ਪੰਜਾਬ ਵਿਚ ਪਕੜ ਵਾਲੇ ਰੋਗੀਆਂ ਦਾ ਇਲਾਜ 'ਡੇਰਾ ਵਡਭਾਗ ਸਿੰਘ' ਵਿਚ ਕੀਤਾ ਜਾਂਦਾ ਹੈ ।

### (ਪ-23) ਪੱਕੀ ਥਾਂ :

ਉਹ ਥਾਂ ਜਿਥੇ ਕਿਸੇ ਭੂਤ ਪ੍ਰੇਤ ਅਥਵਾ ਬਦਰੂਹ ਦਾ ਵਾਸਾ ਮੰਨਿਆ ਜਾਵੇ । ਭੂਤ-ਪ੍ਰੇਤ ਪੁਰਾਣੇ ਥੇਹਿਆਂ ਤੇ ਉਜੜੀਆਂ ਥੇਹਾਂ ਵਿਚ ਰਹਿੰਦੇ ਮੰਨੇ ਗਏ ਹਨ । ਪੱਕੀ ਥਾਂ ਤੋਂ ਲੋਕੀਂ ਹਨੇਰੇ ਸਵੇਰੇ, ਇਕੱਲੇ-ਦੁਕੱਲੇ ਨਹੀਂ ਲੰਘਦੇ । ਕੱਚੇ ਕੰਵਾਰ ਮੁੰਡੇ ਤੇ ਕੁੜੀ ਲਈ ਪੱਕੀ ਥਾਂ ਤੋਂ ਲੰਘਣਾ ਵਧੇਰੇ ਖ਼ਤਰਨਾਕ ਸਮਝਿਆ ਜਾਂਦਾ ਹੈ । ਧਾਰਨਾ ਹੈ ਕਿ ਜਿਨ੍ਹਾਂ ਜੀਵਾਂ ਦੀ ਮਰਨ ਵੇਲੇ ਕੋਈ ਭੁੱਖ-ਤ੍ਰਿਸ਼ਨਾ ਹੁੰਦੀ ਹੈ, ਉਹ ਹੀ ਭੂਤ-ਪ੍ਰੇਤ ਅਥਵਾ ਚੁੜੇਲ ਬਣਦੇ ਹਨ । ਜੇ ਇਹ ਪ੍ਰੇਤ ਕਿਸੇ ਕਚੇ ਕੰਵਾਰੇ ਸ਼ਖਸ ਵਿਚ ਵਾਸਾ ਕਰ ਲਏ ਤਾਂ ਉਸ ਦੇ ਸਰੀਰ ਦੁਆਰਾ ਅਨੰਦ ਭੋਗਣ ਦੀ ਲਾਲਸਾ ਵਧ ਜਾਣ ਕਰ ਕੇ ਸੌਖੇ ਬਾਹਰ ਨਿਕਲਦੇ ਨਹੀਂ ।

ਪੱਕੀ ਥਾਂ ਉਤੇ ਲੋਕ ਦੀਵੇ ਬਾਲਦੇ ਤੇ ਭੇਟਾ ਚਾੜ੍ਹਦੇ

ਹਨ ਤਾਂ ਜੋ ਉਥੇ ਵਸਦਾ ਪ੍ਰੇਤ ਤੰਗ ਨਾ ਕਰੇ। ਜੇ ਘਰ ਵਿਚ ਕੋਈ ਪੱਕੀ ਥਾਂ ਹੋਵੇ ਤਾਂ ਰਾਤ ਵੇਲੇ ਉਸ ਦੇ ਨੇੜੇ ਕੋਈ ਨਹੀਂ ਜਾਂਦਾ। ਧਾਰਨਾ ਹੈ ਕਿ ਭੂਤ ਪ੍ਰੇਤ ਦਿਨ ਦੇ ਚਿੱਟੇ ਚਾਨਣ ਵਿਚ ਬੇਅਸਰ ਹੋ ਜਾਂਦੇ ਹਨ।

(ਪ-24) **ਪੱਕੀ ਰਸੋਈ** :

ਰਸੋਈ ਦੋ ਤਰ੍ਹਾਂ ਦੀ ਮੰਨੀ ਗਈ ਹੈ—ਕੱਚੀ ਤੇ ਪੱਕੀ ਰਸੋਈ। ਕੱਚੀ ਰਸੋਈ ਵਿਚ ਫਲ, ਕੱਚੀ ਤਰਕਾਰੀ, ਆਟਾ ਦਾਲ ਤੇ ਘਿਉ ਦੁੱਧ ਆਦਿ ਵਸਤਾਂ ਸ਼ਾਮਿਲ ਹਨ, ਜੋ ਅੱਗ ਉੱਤੇ ਧਰ ਕੇ ਪਕਾਈਆਂ ਜਾਣ। ਹਿੰਦੂ ਧਾਰਨਾ ਅਨੁਸਾਰ ਕੱਚੀ ਰਸੋਈ ਭਿੱਟਦੀ ਨਹੀਂ। ਭਾਵੇਂ ਇਨ੍ਹਾਂ ਚੀਜ਼ਾਂ ਨੂੰ ਕੋਈ ਮਲੇਛ, ਅਛੂਤ ਜਾਂ ਮੁਸਲਮਾਨ ਵੀ ਛੂਹ ਜਾਵੇ ਤਾਂ ਵੀ ਨਹੀਂ ਭਿੱਟਦੀਆਂ। ਕਿਉਂ ਜੋ ਖੇਤਾਂ ਵਿਚ ਫ਼ਸਲਾਂ ਦੀ ਬੀਜਾਈ/ਕਟਾਈ, ਗਹਾਈ ਆਦਿ ਦਾ ਕੰਮ ਪਛੜੀਆਂ ਜਾਤਾਂ ਦੇ ਲੋਕ ਹੀ ਕਰਦੇ ਹਨ ਅਤੇ ਜੇ ਕੱਚੀ ਰਸੋਈ ਭਿੱਟਦੀ ਮੰਨ ਲਈ ਜਾਵੇ ਤਾਂ ਸਵਰਨ ਜਾਤੀਆਂ ਦੇ ਖਾਣ ਪੀਣ ਲਈ ਕੁਝ ਨਹੀਂ ਰਹਿੰਦਾ।

ਜਦੋਂ ਕਿਸੇ ਸਾਮਗਰੀ ਨੂੰ ਅੱਗ ਉੱਤੇ ਧਰ ਕੇ ਪਕਾਇਆ ਜਾਵੇ ਅਥਵਾ ਉਸ ਵਿਚ ਪਾਣੀ ਤੇ ਘਿਉ ਆਦਿ ਦੀ ਵਰਤੋਂ ਕੀਤੀ ਜਾਵੇ ਤਾਂ ਵਸਤਾਂ ਪੱਕੀ ਰਸੋਈ ਬਣ ਜਾਂਦੀ ਹੈ। ਧਾਰਨਾ ਹੈ ਕਿ ਪੱਕੀ ਰਸੋਈ ਛੇਤੀ ਭਿੱਟ ਜਾਂਦੀ ਹੈ। ਜੇ ਪੱਕੀ ਰਸੋਈ ਨੂੰ ਕੋਈ ਪਛੜੀ ਜਾਤੀ ਦੀ ਛੂਹ ਲਗ ਜਾਵੇ ਤਾਂ ਉਹ ਸਵਰਨ ਜਾਤੀ ਦੇ ਖਾਣੇ ਦੇ ਯੋਗ ਨਹੀਂ ਸੀ ਸਮਝੀ ਜਾਂਦੀ। ਸੂਤਕ/ਪਾਤਕ ਵਾਲੇ ਘਰ ਦੀ ਪੱਕੀ ਰਸੋਈ ਵੀ ਭਿੱਟੀ ਹੁੰਦੀ ਹੈ। ਗ੍ਰਹਿਣ ਲਗਣ ਸਮੇਂ ਵੀ ਪੱਕੀ ਰਸੋਈ ਭਿੱਟੀ ਮੰਨੀ ਜਾਂਦੀ ਹੈ। ਇਹ ਸਭ ਚੀਜ਼ਾਂ ਦਾਨ ਕਰ ਦਿੱਤੀਆਂ ਜਾਂਦੀਆਂ ਹਨ।

ਪਹਿਲਿਆਂ ਵਿਚ ਸਵਰਨ ਜਾਤੀਆਂ ਦੇ ਲੋਕ, ਮਲੇਛਾਂ ਤੇ ਅਛੂਤਾਂ ਦੀ ਪੱਕੀ ਰਸੋਈ ਨੂੰ ਛੂੰਹਦੇ ਨਹੀਂ ਸਨ। ਜੇ ਸੰਕਟ ਦੇ ਸਮੇਂ ਕਿਸੇ ਮਲੇਛ ਦੇ ਘਰ ਦਾ ਖਾਣਾ ਪੈ ਜਾਵੇ ਤਾਂ ਉਸ ਤੋਂ ਰਸਦ ਦੀ ਸ਼ਕਲ ਵਿਚ ਕੱਚੀ ਰਸੋਈ ਲੈ ਲੈਂਦੇ ਤੇ ਉਸ ਨੂੰ ਆਪ ਪਕਾਂਦੇ।

(ਪ-25) **ਪੱਖ** :

ਚੰਦਰਮਾਸ ਦੀਆਂ ਪੰਦਰਾਂ ਪੰਦਰਾਂ ਤਿਥਾਂ ਦੇ ਦੋ ਪੱਖ : ਇਨ੍ਹਾਂ ਨੂੰ ਪੱਖਵਾੜਾ ਵੀ ਕਿਹਾ ਜਾਂਦਾ ਹੈ। ਨਵੇਂ ਚੰਦਰਮਾ ਦੀ ਏਕਮ ਤੋਂ ਲੈ ਕੇ ਪੂਰਨਮਾਸ਼ੀ ਤਕ ਚੰਨ ਵਧਦਾ ਹੈ ਤੇ ਇਸ ਨੂੰ ਚਾਨਣ ਪੱਖ ਅਥਵਾ ਸ਼ੁਕਲ ਪੱਖ ਵੀ ਕਿਹਾ ਜਾਂਦਾ ਹੈ। ਪੂਰਨਮਾਸ਼ੀ ਤੋਂ ਮਗਰੋਂ ਚੰਦਰਮਾ ਘਟਦਾ ਹੈ ਤੇ ਮੱਸਿਆ ਤਕ ਘਟਦਾ ਜਾਂਦਾ ਹੈ, ਪੂਰਨਮਾਸ਼ੀ ਮਗਰੋਂ ਏਕਮ ਤੋਂ ਲੈ ਕੇ ਮੱਸਿਆ ਤਕ ਦੀਆਂ ਤਿਥਾਂ ਨੂੰ ਅਨ੍ਹੇਰਾ ਜਾਂ ਕ੍ਰਿਸ਼ਨ ਪੱਖ ਕਿਹਾ ਜਾਂਦਾ ਹੈ। ਹਿੰਦੂਆਂ ਸਿੱਖਾਂ ਵਿਚ ਧਾਰਮਿਕ ਪੁਰਬ ਤੇ ਉਤਸਵ ਤਿੱਥਾਂ ਅਨੁਸਾਰ ਚਲਦੇ ਹਨ ਅਤੇ ਸਮਾਜਿਕ ਸੰਸਕਾਰਾਂ ਵੇਲੇ ਤਿੱਥਾਂ ਨੂੰ ਮੁੱਖ ਰਖ ਕੇ ਹੀ ਮਹੂਰਤ ਕਢੇ ਜਾਂਦੇ ਹਨ। ਚਾਨਣ ਪੱਖ ਦੀਆਂ ਤਿੱਥਾਂ ਵਿਚ ਮੰਗਲ ਕਾਰਜ ਵਧੇਰੇ ਸ਼ੁਭ ਮੰਨੇ ਜਾਂਦੇ ਹਨ ਅਤੇ ਅਨ੍ਹੇਰੇ ਪੱਖ ਦੀਆਂ ਤਿੱਥਾਂ ਵਿਚ ਪਿਤਰਾਂ ਨਾਲ ਸਬੰਧਿਤ ਕਰਮ ਕਾਂਡਾਂ ਦਾ ਵਧੇਰੇ ਫਲ ਮੰਨਿਆ ਗਿਆ ਹੈ।

(ਪ-26) **ਪਖਾਵਜ** :

ਇਕ ਸਾਜ਼, ਜਿਸ ਨੂੰ ਜੋੜੀ ਵੀ ਕਿਹਾ ਜਾਂਦਾ ਹੈ। ਇਸ ਨਾਲ ਤਾਲ ਦਿੱਤਾ ਜਾਂਦਾ ਹੈ। ਇਸ ਦੇ ਦੋ ਤਬਲੇ ਹੁੰਦੇ ਹਨ। ਇਕ ਦੇ ਉੱਤੇ ਕਾਲਾ ਚੱਕਰ ਹੁੰਦਾ ਹੈ ਜੋ ਸੱਜੇ ਪਾਸੇ ਧਰਿਆ ਹੁੰਦਾ ਹੈ ਅਤੇ ਦੂਜਾ ਸਾਦਾ। ਜੋ ਖੱਬੇ ਪਾਸੇ ਰਖਿਆ ਜਾਂਦਾ ਹੈ। ਸਾਦੇ ਉੱਤੇ ਆਟਾ ਲਗਾ ਕੇ ਤਾਲ ਕਢਿਆ ਜਾਂਦਾ ਹੈ। ਕੀਰਤਨ ਤੇ ਨਿਰਤ ਵੇਲੇ ਪਖਾਵਜ ਦੀ ਵਰਤੋਂ ਕੀਤੀ ਜਾਂਦੀ ਹੈ। ਦੋਵੇਂ ਤਬਲੇ ਚੰਦਰਮਾ ਦੀਆਂ ਦੋਹਾਂ ਪੱਖਾਂ ਦੇ ਵਾਚਕ ਹੁੰਦੇ ਹਨ : ਕਾਲੇ ਚੱਕਰ ਵਾਲੇ ਚੰਨ ਦੇ ਕ੍ਰਿਸ਼ਨ ਪੱਖ ਦਾ ਤੇ ਚਿੱਟਾ ਚਾਨਣ ਪੱਖ ਦਾ। ਇਸ ਸਾਜ਼ ਦਾ ਸਬੰਧ ਕਿਸੇ ਸਮੇਂ ਚੰਨ ਦੀ ਪੂਜਾ ਸਮੇਂ ਕੀਤੇ ਜਾਂਦੇ ਨਿਰਤ ਨਾਲ ਰਿਹਾ ਹੈ।

ਇਸ ਸਾਜ਼ ਨੂੰ ਵਜਾਉਣ ਵਾਲੇ ਨੂੰ ਪਖਾਵਜੀ ਕਿਹਾ ਜਾਂਦਾ ਹੈ।

(ਪ-27) **ਪੱਖੀਵਾਲ** :

ਇਕ ਪਛੜਿਆ ਕਬੀਲਾ; ਪੱਖੀਵਾਲ ਕਿਸੇ ਇਕ ਥਾਂ ਟਿਕ ਕੇ ਲੰਮੇ ਅਰਸੇ ਲਈ ਵਾਸ ਨਹੀਂ ਕਰਦੇ। ਇਸ ਕਬੀਲੇ ਦੇ ਲੋਕ ਵਧੇਰੇ ਕਰ ਕੇ ਫ਼ਿਰੋਜ਼ਪੁਰ ਤੇ ਗੁਰਦਾਸਪੁਰ ਦੇ ਜ਼ਿਲਿਆਂ ਵਿਚ ਮਿਲਦੇ ਹਨ। ਕੁਝ ਮੁਸਲਮਾਨ ਪੱਖੀਵਾਲ ਦੇਸ਼ ਵੰਡ ਤੋਂ ਮਗਰੋਂ ਪਾਕਿਸਤਾਨ ਵਿਚ ਜਾ ਵਸੇ ਹਨ।

ਪੱਖੀਵਾਲ ਟੱਪਰੀਆਂ ਵਿਚ ਰਹਿੰਦੇ ਹਨ ਅਤੇ ਸਬਜ਼ੀਆਂ ਵੇਚ ਕੇ ਜਾਂ ਪੰਛੀਆਂ ਦਾ ਸ਼ਿਕਾਰ ਕਰ ਕੇ ਗੁਜ਼ਾਰਾ ਕਰਦੇ ਹਨ। ਸਬਜ਼ੀਆਂ ਵੇਚਣ ਵਾਲੇ ਪੱਖੀਵਾਲਾਂ ਨੂੰ 'ਕੁੰਜੜੇ' ਵੀ ਕਿਹਾ ਜਾਂਦਾ ਹੈ ਅਤੇ ਪੰਛੀਆਂ ਨੂੰ ਫੜਣ ਵਾਲਿਆਂ ਨੂੰ 'ਚਿੜੀਮਾਰ'। ਕੁਝ ਪੱਖੀਵਾਲ ਕੁੰਡੀ ਲਗਾ ਕੇ ਮੱਛੀਆਂ ਵੀ ਫੜਦੇ ਹਨ, ਇਨ੍ਹਾਂ ਨੂੰ 'ਮੱਛੀਮਾਰ' ਕਿਹਾ ਜਾਂਦਾ ਹੈ। ਇਹ ਲੋਕ ਸਤਲੁਜ ਦੇ ਨੇੜੇ ਮਿਲਦੇ ਹਨ। ਇਨ੍ਹਾਂ ਦੀਆਂ ਤੀਵੀਆਂ ਕੁੜਤਾ ਤੇ ਘੱਘਰਾ ਪਹਿਨਦੀਆਂ, ਗਲ ਵਿਚ ਗਾਨੀ ਲਟਕਾਂਦੀਆਂ ਤੇ ਅੱਖਾਂ ਵਿਚ ਮੋਟੀ ਧਾਰ ਦਾ ਸੁਰਮਾ ਪਾਉਂਦੀਆਂ ਹਨ। ਕਈ ਪੱਖੀਵਾਲਣਾਂ ਪੇਸ਼ਾ

ਵੀ ਕਰਦੀਆਂ ਹਨ ।

ਗਲਾਸਰੀ (ਜਿਲਦ ਦੂਜੀ, ਪੰਨਾ 193) ਅਨੁਸਾਰ ਪੱਖੀਵਾਲਾਂ ਦਾ ਗੰਦਮੀ ਰੰਗ ਹੁੰਦਾ ਹੈ ਅਤੇ ਕਾਇਆ ਬੜੀ ਮਜ਼ਬੂਤ । ਇਨ੍ਹਾਂ ਦੀਆਂ ਅੱਖਾਂ ਵੱਡੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਉਹ ਅਕਸਰ ਸੁਰਮਾ ਪਾਉਂਦੇ ਹਨ । ਉਨ੍ਹਾਂ ਦੇ ਗਲ ਵਿਚ ਗਾਨੀ ਹੁੰਦੀ ਹੈ ਤੇ ਨੁਹਾਰ ਕਿਸਾਨ ਦੀ ਲਗਦੀ ਹੈ । ਉਹ ਪੱਗੜੀ ਨੂੰ ਵੱਟ ਦੇ ਕੇ ਬੰਨ੍ਹਦੇ ਹਨ ।

ਪੱਖੀਵਾਲਾਂ ਵਿਚ ਵੀ ਆਪਣੇ ਆਪ ਨੂੰ ਉੱਚੀਆਂ ਜਾਤੀਆਂ ਨਾਲ ਜੋੜਨ ਦੀ ਰੁਚੀ ਹੈ । ਇਕ ਰਵਾਇਤ ਅਨੁਸਾਰ ਇਨ੍ਹਾਂ ਦੇ ਵਡਿਕੇ ਮੁਗ਼ਲ ਬਾਦਸ਼ਾਹ ਦੇ ਸਿਪਾਹੀ ਸਨ, ਪਰ ਇਕ ਮੁਹਿੰਮ ਵਿਚ ਭਗੌੜੇ ਹੋ ਜਾਣ ਕਾਰਨ ਇਨ੍ਹਾਂ ਕਿਸੇ ਨੂੰ ਮੂੰਹ ਨਾ ਵਿਖਾਇਆ ਤੇ ਟੱਪਰੀਆਂ ਪਾ ਕੇ ਜਿਥੇ ਥਾਂ ਮਿਲੀ ਰਹਿਣ ਲਗ ਪਏ ਤੇ ਉਥੇ ਹੀ ਪਛੜੀਆਂ ਜਾਤੀਆਂ ਦੀਆਂ ਤੀਵੀਆਂ ਨਾਲ ਵਿਆਹ ਕਰ ਕੇ ਘਰ ਵਸਾ ਲਿਆ । ਟੱਪਰੀਆਂ ਵਿਚ ਰਹਿਣ ਕਰ ਕੇ ਇਹ ਪੱਖੀਵਾਲ ਅਖਵਾਏ ।

ਜਾਪਦਾ ਹੈ ਕਿ ਪੰਛੀਆਂ ਨੂੰ ਮਾਰ ਕੇ ਪੇਟ ਭਰਨ ਕਰ ਕੇ ਇਨ੍ਹਾਂ ਦੀ ਅਲ ਪੱਖਸ਼ੀ ਮਾਰ ਪੈ ਗਈ ਤੇ ਹੌਲੇ ਹੌਲੇ ਇਹ ਪੱਖੀਵਾਲ ਅਖਵਾਉਣ ਲਗੇ ।

(ਪ-28) **ਪੱਗ-ਚਿੰਨ੍ਹ** :

**ਪੈਰਾਂ ਤੇ ਨਿਸ਼ਾਨ**; ਧਾਰਨਾ ਹੈ ਕਿ ਮਹਾਂਪੁਰਖਾਂ ਦੇ ਪੈਰਾਂ ਹੇਠ ਕੁਝ ਰਹੱਸਮਈ ਚਿਹਨ ਹੁੰਦੇ ਹਨ, ਜਿਥੇ ਉਹ ਪੈਰ ਧਰਦੇ ਹਨ, ਉਹ ਥਾਂ ਪਵਿੱਤ੍ਰ ਹੋ ਜਾਂਦੀ ਹੈ ਤੇ ਉਥੇ ਪੂਜਾ ਪਾਠ ਕਰਨ ਨਾਲ ਮਹਾਂਪੁਰਖਾਂ ਦੀ ਦੈਵੀ ਸ਼ਕਤੀ ਅੰਸ਼ ਹੁੰਦਾ ਹੈ । ਇਸੇ ਲਈ ਜਿਥੇ ਕਿਧਰੇ ਵੀ ਕਿਸੇ ਮਹਾਨ ਪੁਰਸ਼ ਨੇ ਚਰਨ ਪਾਏ, ਉਥੇ ਉਸ ਦੀ ਯਾਦ ਵਿਚ ਸਮਾਰਕ ਬਣ ਗਏ । ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ ਜਿਨ੍ਹਾਂ ਥਾਵਾਂ ਉਤੇ ਬਿਰਾਜੇ ਅਥਵਾ ਕੁਝ ਅਰਸੇ ਲਈ ਠਹਿਰੇ, ਉਥੇ ਉਥੇ ਉਨ੍ਹਾਂ ਦੀ ਸਿਮਰਤੀ ਵਿਚ ਗੁਰਦੁਆਰੇ ਬਣੇ ਹੋਏ ਹਨ ।

ਵੈਸ਼ਨੂੰ ਮਤ ਦੀ ਧਾਰਨਾ ਹੈ ਕਿ ਵਿਸ਼ਨੂੰ ਦੇ ਅਵਤਾਰਾਂ ਦੇ ਪੈਰਾਂ ਵਿਚ ਖ਼ਾਸ ਤਰ੍ਹਾਂ ਦੇ ਰਹੱਸਮਈ ਚਿੰਨ੍ਹ ਬਣੇ ਹੋਏ ਸਨ । ਕ੍ਰਿਸ਼ਨ ਦੇ ਪੈਰਾਂ ਵਿਚ ਪਦਮ ਦਾ ਚਿੰਨ੍ਹ ਸੀ । ਧਾਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਪਦਮ ਦਾ ਚਿੰਨ੍ਹ ਸੀ ਜੋ ਰਾਤ ਵੇਲੇ ਜੋਤ ਵਾਂਗ ਚਮਕਦਾ ਸੀ ।

ਲੰਕਾ ਵਿਚ ਇਕ ਪਹਾੜੀ, ਜਿਸ ਨੂੰ 'ਆਦਮ ਦੀ ਚੋਟੀ' ਕਹਿੰਦੇ ਹਨ, ਪੰਜ ਫੁਟ ਲੰਮਾ ਤੇ ਢਾਈ ਫੁਟ ਚੌੜਾ ਪੈਰਾਂ ਦਾ ਨਿਸ਼ਾਨ ਮਿਲਦਾ ਹੈ, ਜਿਸ ਨੂੰ ਮੁਸਲਮਾਨ ਤੇ ਈਸਾਈ ਬਾਬੇ ਆਦਮ ਦੇ ਪੈਰਾਂ ਦਾ ਨਿਸ਼ਾਨ ਮੰਨਦੇ ਹਨ । ਬੋਧੀ ਇਸ ਚਿੰਨ੍ਹ ਨੂੰ ਮਹਾਤਮਾ ਬੁੱਧ ਦੇ ਚਰਨਾਂ ਦਾ ਨਿਸ਼ਾਨ ਮੰਨ ਕੇ, ਇਸ ਪ੍ਰਤੀ ਆਦਰ ਭਾਵ ਰਖਦੇ ਹਨ । ਸ਼ਿਵ ਦੇ ਪੁਜਾਰੀ ਇਸ ਪੱਗ-ਚਿੰਨ੍ਹ ਨੂੰ ਸ਼ਿਵ ਦੇ ਪੈਰਾਂ ਦਾ ਨਿਸ਼ਾਨ ਦਸਦੇ ਹਨ ।

'ਗਇਆ' ਵਿਚ ਇਕ ਪੱਥਰ ਉਤੇ ਪੈਰਾਂ ਦੇ ਨਿਸ਼ਾਨ ਹਨ, ਜਿਸ ਨੂੰ ਹਿੰਦੂ ਵਿਸ਼ਨੂੰ ਦੇ ਪੱਗ-ਚਿੰਨ੍ਹ ਮੰਨਦੇ ਹੋਏ ਆਦਰ ਨਾਲ 'ਵਿਸ਼ਨੂੰ ਪਦ' ਕਹਿੰਦੇ ਹਨ ਅਤੇ ਪਾਵਨ ਮੰਨ ਕੇ ਪੂਜਦੇ ਹਨ । ਇਸ ਪੱਗ ਚਿੰਨ੍ਹ ਨੂੰ ਇਕ ਮੰਦਰ ਵਿਚ ਚਾਂਦੀ ਦੇ ਕਲਸ ਵਿਚ ਸੰਭਾਲ ਕੇ ਰਖਿਆ ਹੋਇਆ ਹੈ । ਉਪਰ ਚਾਂਦਨੀ ਤਾਣੀ ਹੋਈ ਹੈ ।

ਮੁਸਲਮਾਨਾਂ ਵਿਚ ਹਜ਼ਰਤ ਮੁਹੰਮਦ ਸਾਹਿਬ ਦੇ ਚਰਨਾਂ ਦੇ ਨਿਸ਼ਾਨਾਂ ਨੂੰ 'ਕਦਮੇ ਰਸੂਲ' ਕਹਿਆ ਜਾਂਦਾ ਹੈ ਤੇ ਬੜੇ ਆਦਰ ਭਾਵ ਨਾਲ ਵੇਖਿਆ ਜਾਂਦਾ ਹੈ । ਅਕਬਰ ਦੇ ਰਾਜ ਸਮੇਂ ਇਕ ਹਾਜੀ, ਜੋ ਮੱਕੇ ਦੀ ਯਾਤ੍ਰਾ ਕਰ ਕੇ ਮੁੜਿਆ ਸੀ, ਆਪਣੇ ਨਾਲ 'ਕਦਮੇ ਰਸੂਲ' ਲੈ ਕੇ ਆਇਆ ਸੀ, ਪਰ ਅਕਬਰ ਨੇ ਇਸ ਨੂੰ ਨਕਲੀ ਸਮਝ ਕੇ ਇਸ ਦੀ ਕੋਈ ਪਰਵਾਹ ਨਾ ਕੀਤੀ ।

(ਪ-29) **ਪੱਗ ਪਾਹੁਲ** :

ਚਰਣਾਮ੍ਰਿਤ; ਪੈਰਾਂ ਨੂੰ ਭਾਰਤੀ ਅਧਿਆਤਮਕ ਜੀਵਨ ਵਿਚ ਬੜਾ ਵਿਸ਼ੇਸ਼ ਸਥਾਨ ਪ੍ਰਾਪਤ ਹੈ । ਸਾਧਾਂ ਸੰਤਾਂ ਤੇ ਮਹਾਂਪੁਰਖਾਂ ਦੇ ਚਰਨਾਂ ਨੂੰ ਸ਼ਰਧਾ ਤੇ ਨਿਮ੍ਰਤਾ ਨਾਲ ਛੂਹਣ, ਚੁੰਮਣ ਤੇ ਧੋਣ ਦੀ ਵੀ ਪ੍ਰਥਾ ਹੈ । ਵਿਚਾਰ ਹੈ ਕਿ ਮਹਾਂਪੁਰਖਾਂ ਦੇ ਅੰਦਰ ਜੋ ਦੈਵੀ ਕਣੀ ਹੁੰਦੀ ਹੈ, ਉਸ ਦੀਆਂ ਲਹਿਰੀਆਂ ਚਰਨਾਂ ਦੁਆਰਾ ਬਾਹਰ ਨਿਕਲਦੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦਾ ਦੈਵੀ ਅੰਸ਼ ਦਾਨ ਕੇਵਲ ਚਰਨਾਂ ਨੂੰ ਛੂਹ ਕੇ, ਅਥਵਾ ਚਰਨ ਧੂੜ ਨੂੰ ਮੱਥੇ ਉਤੇ ਲਗਾ ਕੇ ਤੇ ਚਰਨ ਨਾਲ ਛੂਹੇ ਜਲ ਨੂੰ ਪੀ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ ।

ਮਹਾਂਪੁਰਖਾਂ ਦੇ ਚਰਨ ਨਾਲ ਛੂਹੇ ਜਲ ਨੂੰ ਆਦਰ ਨਾਲ ਪੱਗ-ਪਾਹੁਲ ਜਾਂ ਚਰਨਾਮ੍ਰਿਤ ਕਿਹਾ ਜਾਂਦਾ ਹੈ । ਗੁਰਦੁਆਰਿਆਂ ਦੇ ਮੁਖ ਦਵਾਰ ਕੋਲ, ਪੈਰ ਧੋਣ ਦੇ ਚੁਬੱਚੇ ਬਣੇ ਹੁੰਦੇ ਹਨ, ਜਿਥੋਂ ਸਾਧ ਸੰਗਤ ਚਰਨ ਧੋ ਕੇ ਗੁਰਦੁਆਰੇ ਅੰਦਰ ਪ੍ਰਵੇਸ਼ ਕਰਦੀ ਹੈ । ਇਸ ਜਲ ਨੂੰ ਵੀ 'ਪੱਗ-ਪਾਹੁਲ' ਕਿਹਾ ਜਾਂਦਾ ਹੈ ਅਤੇ ਸ਼ਰਧਾਲੂ ਦੇਹ ਅਰੋਗਤਾ ਲਈ ਇਸ ਜਲ ਦੇ ਛੱਟੇ ਸਰੀਰ ਉਤੇ ਮਾਰਦੇ ਹਨ । ਕਈ ਰੋਗੀ ਰੋਗ ਵਾਲੀ ਥਾਂ ਉਤੇ ਜਲ ਤਰੌਂਕਦੇ ਹਨ । ਧਾਰਨਾ ਹੈ ਕਿ ਸਾਧ ਸੰਗਤ ਦਾ ਇਹ ਚਰਨ ਪਾਹੁਲ ਸਭ ਦੁਖਾਂ ਦਾ ਦਾਰੂ ਹੈ ।

ਕਈ ਸੰਤ ਮਹਾਤਮਾ ਅਥਵਾ ਗੁਰੂ, ਪੀਰ ਕਿਸੇ ਸ਼ਖ਼ਸ ਨੂੰ

ਆਪਣਾ ਮੁਰੀਦ ਅਥਵਾ ਚੇਲਾ ਬਣਾਉਣ ਲਗਿਆਂ, ਉਸ ਨੂੰ 'ਪੱਗ-ਪਾਹੁਲ' ਛਕਾਂਦੇ ਹਨ, ਅਥਵਾ ਆਪਣੇ ਚਰਨ ਨੂੰ ਕਿਸੇ ਭਾਂਡੇ ਵਿਚ ਧੋ ਕੇ ਪੀਣ ਲਈ ਦੇਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰੰਪਰਾ ਨੂੰ ਬਦਲ ਕੇ 'ਖੰਡੇ ਦੀ ਪਾਹੁਲ' ਦੀ ਪ੍ਰਥਾ ਤੋਰੀ, ਪਰ ਹਿੰਦੂ ਸਾਧਾਂ ਸੰਤਾਂ ਵਿਚ ਅਜੇ ਵੀ 'ਪੱਗ-ਪਾਹੁਲ' ਦੀ ਪ੍ਰਥਾ ਪ੍ਰਚਲਤ ਹੈ।

ਇਸ ਪ੍ਰਥਾ ਦਾ ਆਧਾਰ ਸਹਾਨੁਭੂਤੀ ਟੂਣਾ ਹੈ। ਇਸ ਤਰ੍ਹਾਂ ਮਹਾਂਪੁਰਖਾਂ ਦੇ ਅੰਦਰ ਦੀ ਕਣੀ ਦਾ ਅੰਸ਼ ਪੀਣ ਵਾਲੇ ਦੇ ਅੰਦਰ ਪ੍ਰਵੇਸ਼ ਕਰ ਜਾਂਦਾ ਤੇ ਅਧਿਆਤਮਕ ਗੁਣਾਂ ਨੂੰ ਪ੍ਰਜਵਲਤ ਕਰਦਾ ਹੈ।

(ਪ-30) **ਪੱਗ ਬੰਨ੍ਹਣੀ** :

(ੳ) ਮੌਤ ਨਾਲ ਸੰਬੰਧਿਤ ਇਕ ਰਸਮ; ਜਦੋਂ ਕਿਸੇ ਸ਼ਖ਼ਸ ਦੀ ਮਾਂ/ਪਿਉ ਮਰ ਜਾਵੇ ਤਾਂ ਕਿਰਿਆ ਕਰਮ ਵਾਲੇ ਦਿਨ, ਹੋਰ ਰਸਮਾਂ ਨਾਲ 'ਪੱਗ ਬੰਨ੍ਹਣ' ਦੀ ਰੀਤ ਵੀ ਕੀਤੀ ਜਾਂਦੀ ਹੈ। ਪਰ ਆਮ ਤੌਰ ਤੇ ਵੱਡੇ ਲੜਕੇ ਨੂੰ ਹੀ ਬੰਨ੍ਹੀ ਜਾਂਦੀ ਹੈ, ਜੋ ਪਿਉ ਦੇ ਮਰਨ ਮਗਰੋਂ ਬਰਾਦਰੀ ਵਿਚ ਪਿਉ ਦੀ ਥਾਂ ਲੈਂਦਾ ਹੈ, ਪਰ ਕਈ ਭਾਈਚਾਰਿਆਂ ਵਿਚ ਸਾਰੇ ਪੁੱਤਰ ਹੀ ਪੱਗ ਬੰਨ੍ਹਦੇ ਹਨ। ਵਿਆਹੇ ਹੋਏ ਪੁੱਤਰ ਲਈ ਸਹੁਰੇ ਪੱਗ ਲਿਆਂਦੇ ਹਨ। ਰਜੇ ਪੁਜੇ ਘਰ ਪੱਗ ਨਾਲ ਕਪੜਿਆਂ ਦਾ ਜੋੜਾ ਵੀ ਦੇਂਦੇ ਹਨ ਤੇ ਨਕਦ ਰੁਪਏ ਵੀ। ਕੰਵਾਰੇ ਲੜਕੇ ਲਈ ਮਾਮੇ ਪੱਗ ਲਿਆਂਦੇ ਹਨ। ਜਦੋਂ ਮ੍ਰਿਤਕ ਦਾ ਕਿਰਿਆ ਕਰਮ ਹੋ ਚੁਕਾ ਹੁੰਦਾ ਹੈ ਤਾਂ ਸਾਰੇ ਪੁੱਤਰ ਆਪਣੀ ਪਹਿਲੀ ਪੱਗ ਉਤਾਰ ਕੇ ਨਵੀਂ ਪੱਗ ਬੰਨ੍ਹਦੇ ਹਨ। ਹਿੰਦੂਆਂ ਸਿੱਖਾਂ ਦੋਹਾਂ ਵਿਚ 'ਪੱਗ ਬੰਨ੍ਹਣ' ਦੀ ਰਸਮ ਦਾ ਰਵਾਜ ਹੈ।

(ਅ) ਸਾਂਦਲ ਬਾਰ ਦੇ ਜਾਂਗਲੀਆਂ ਵਿਚ ਰਵਾਜ ਹੈ ਕਿ ਉਹ ਲੜਕੇ ਨੂੰ ਉਦੋਂ ਤਕ ਪੱਗ ਨਹੀਂ ਬੰਨ੍ਹਦੇ ਜਦੋਂ ਤਕ ਉਹ ਕਿਸੇ ਦੇ ਪਸ਼ੂ ਜਾਂ ਕੋਈ ਹੋਰ ਚੀਜ਼ ਵਸਤ ਚੁਰਾ ਕੇ ਆਪਣੇ ਜਵਾਨ ਹੋਣ ਦਾ ਸਬੂਤ ਨਾ ਦੇ ਦੇਵੇ। ਜੇ ਜਾਂਗਲੀ ਯੁਵਕ ਚੋਰੀ ਕਰਨ ਤੋਂ ਅਸਮਰਥ ਹੋਣ ਉਹ ਪੱਗ ਬੰਨ੍ਹਣ ਦਾ ਆਦਰ ਨਹੀਂ ਪ੍ਰਾਪਤ ਕਰ ਸਕਦੇ। ਕਈ ਵਾਰ ਪੱਗ ਬੰਨ੍ਹਣ ਦੀ ਰਸਮ ਪੂਰੀ ਕਰਨ ਲਈ ਉਹ ਕਿਸੇ ਸਾਕ ਸਬੰਧੀ ਦੇ ਪਸ਼ੂ ਚੁਰਾ ਲਿਆਂਦੇ ਹਨ ਜੋ ਪੱਗ ਬੰਨ੍ਹਣ ਮਗਰੋਂ ਉਸ ਸਬੰਧੀ ਨੂੰ ਵਾਪਸ ਕਰ ਦਿਤੇ ਜਾਂਦੇ ਹਨ।

ਜਿਹੜੇ ਯੁਵਕ ਚੋਰੀ ਨਾ ਕਰ ਸਕਣ ਕਾਰਨ, ਪੱਗ ਬੰਨ੍ਹਣ ਤੋਂ ਅਸਮਰਥ ਰਹਿਣ, ਉਨ੍ਹਾਂ ਨੂੰ 'ਮਸੀਤੜੇ' ਕਿਹਾ ਜਾਂਦਾ ਹੈ ਜਿਸ ਦੇ ਅਰਥ ਹਨ, ਮਸੀਤ ਵਿਚ ਬੈਠਣ ਦੇ ਯੋਗ।

(ੲ) ਸਿੱਖਾਂ ਵਿਚ ਜਦੋਂ ਬੱਚਾ ਪੰਜਾਂ ਕੁ ਸਾਲਾਂ ਦਾ ਹੋ ਜਾਂਦਾ ਹੈ ਤਾਂ ਪੱਗ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਉਸ ਨੂੰ ਪਹਿਲੀ ਵਾਰ ਪੱਗ ਬੰਨ੍ਹਾਈ ਜਾਂਦੀ ਹੈ। ਉਸ ਦਿਨ ਸਵੇਰੇ ਬੱਚੇ ਨੂੰ ਕੇਸੀ ਇਸ਼ਨਾਨ ਕਰਾਉਂਦੇ ਹਨ। ਪੱਗ ਬੰਨ੍ਹਣ ਮਗਰੋਂ ਬਰਾਦਰੀ ਦੇ ਲੋਕ ਸ਼ਗਨ ਵਜੋਂ ਬੱਚੇ ਨੂੰ ਕੁਝ ਰੁਪਏ ਭੇਟ ਕਰਦੇ ਹਨ।

(ਪ-31) **ਪੱਗ ਵਟਾਉਣੀ** :

ਜਦੋਂ ਦੋ ਮਿੱਤ੍ਰਾਂ ਦਾ ਆਪੋ ਵਿਚ ਬਹੁਤ ਪਿਆਰ ਤੇ ਭਰਾਤਰੀ ਭਾਵਨਾ ਪੈਦਾ ਹੋ ਜਾਵੇ ਤਾਂ ਉਹ ਰਸਮੀ ਢੰਗ ਨਾਲ; ਆਪੋ ਵਿਚ ਪੱਗਾਂ ਵਟਾ ਕੇ ਭਰਾ ਦਾ ਰਿਸ਼ਤਾ ਕਾਇਮ ਕਰ ਲੈਂਦੇ ਹਨ। ਪੱਗ ਵਟਾਉਣਾ ਇਕ ਦੂਜੇ ਦਾ ਵਿਸ਼ਵਾਸਪਾਤ੍ਰ ਬਣਨਾ ਹੈ। ਪੱਗ ਜਾਂ ਸਿਰ ਦਾ ਕਪੜਾ ਕਿਸੇ ਸ਼ਖ਼ਸ ਦੀ ਪ੍ਰਤਿਸ਼ਟਾ ਤੇ ਇਜ਼ਤ-ਆਬਰੋ ਦਾ ਪ੍ਰਤੀਕ ਸਮਝਿਆ ਗਿਆ ਹੈ। ਪੁਰਾਣੇ ਸਮਿਆਂ ਵਿਚ ਟੂਣੇ-ਟਪੇ ਦਾ ਆਮ ਰਿਵਾਜ ਸੀ, ਸਿਰ ਦਾ ਕਪੜਾ ਜਾਂ ਪੱਗ, ਕਿਸੇ ਉਤੇ ਜਾਦੂ ਟੂਣਾ ਕਰਨ ਲਈ ਬੜੀ ਅਨੁਕੂਲ ਸਮਝੀ ਜਾਂਦੀ ਸੀ। ਇਸ ਲਈ ਪੱਗ ਜਾਂ ਲੀੜੇ ਨੂੰ ਦੂਜੇ ਦੇ ਹਵਾਲੇ ਕਰ ਦੇਣ ਦਾ ਮਤਲਬ ਉਸ ਤੋਂ ਸਭ ਕੁਝ ਕੁਰਬਾਨ ਕਰ ਦੇਣਾ ਸੀ।

ਪੱਗ ਵਟਾਉਣ ਦੀ ਰਸਮ ਵੇਲੇ ਦੋਵੇਂ ਸ਼ਖ਼ਸ ਬਰਾਦਰੀ ਸਾਹਮਣੇ ਆਪਣੀਆਂ ਪੱਗਾਂ ਵਟਾਂਦੇ ਤੇ ਫਿਰ ਇਕ ਦੂਜੇ ਦਾ ਜੂਠਾ ਦੁੱਧ ਪੀਂਦੇ ਅਤੇ ਇਕੋ ਥਾਲੀ ਵਿਚ ਰੋਟੀ ਖਾਂਦੇ ਹਨ।

ਪੂਰਬੀ ਅਫ਼ਰੀਕਾ ਦੇ ਇਕ ਕਬੀਲੇ ਦੇ ਲੋਕ ਅਜਿਹਾ ਸਬੰਧ ਕਾਇਮ ਕਰਨ ਲਗਿਆਂ, ਇਕ ਦੂਜੇ ਦੇ ਮੂੰਹ ਵਿਚ ਥੁਕਦੇ ਹਨ। ਕਈ ਵਾਰ ਉਹ ਦੁੱਧ ਜਾਂ ਕਿਸੇ ਹੋਰ ਪੀਣ ਵਾਲੀ ਚੀਜ਼ ਦੀ ਚੂਲ੍ਹੀ ਭਰ ਕੇ ਇਕ ਦੂਜੇ ਦੇ ਮੂੰਹ ਵਿਚ ਮਾਰਦੇ ਹਨ।

ਪੱਗ ਵਟਾਉਣਾ ਮੁਹਾਵਰੇ ਦੇ ਤੌਰ ਉਤੇ ਵੀ ਵਰਤਿਆ ਜਾਂਦਾ ਹੈ ਜਿਸ ਦਾ ਭਾਵ ਆਪੋ ਵਿਚ ਇਜ਼ਤ ਸਾਂਝੀ ਕਰਨ ਦਾ ਹੈ।

(ਪ-32) **ਪੱਗ ਵੰਡ** :

ਵਿਰਾਸਤ ਨੂੰ ਵੰਡਣ ਦੀ ਇਕ ਵਿਧੀ; ਜਿਸ ਵਿਚ ਸਭ ਪੁੱਤਰਾਂ ਨੂੰ ਬਰਾਬਰ ਦਾ ਹਿੱਸਾ ਮਿਲਦਾ ਹੈ, ਜਿਨ੍ਹਾਂ ਘਰਾਂ ਵਿਚ ਪਤੀ ਨੇ ਇਕ ਤੋਂ ਵਧੀਕ ਵਿਆਹ ਕੀਤੇ ਹੋਣ, ਉਥੇ ਜਾਇਦਾਦ ਦੀ ਵੰਡ ਦੋ ਢੰਗਾਂ ਨਾਲ ਕੀਤੀ ਜਾਂਦੀ ਹੈ : ਪੱਗ-ਵੰਡ ਤੇ ਚੂੰਡ-ਵੰਡ। ਪੱਗ ਵੰਡ ਅਨੁਸਾਰ ਕਿਸੇ ਸ਼ਖ਼ਸ ਨੇ ਭਾਵੇਂ ਕਿਤਨੇ ਵਿਆਹ ਕੀਤੇ ਹੋਣ ਉਸ ਦੇ ਮਰਨ ਮਗਰੋਂ ਉਹਦੀ ਕੁਲ ਜਾਇਦਾਦ, ਉਸ ਦੇ ਸਭ ਛੋਟੇ ਵਡੇ ਪੁਤਰਾਂ ਵਿਚ ਬਰਾਬਰ ਵੰਡ ਦਿਤੀ ਜਾਂਦੀ ਹੈ। ਕਿਸੇ ਨੂੰ

ਵੱਧ ਘੱਟ ਹਿੱਸਾ ਨਹੀਂ ਮਿਲਦਾ।

ਚੂਣੇ ਵੰਡ ਅਨੁਸਾਰ ਜਾਇਦਾਦ ਦੀ ਵੰਡ ਉਤਨੇ ਹਿਸਿਆਂ ਵਿਚ ਕਰ ਦਿਤੀ ਜਾਂਦੀ ਹੈ ਜਿਤਨੀਆਂ ਉਸ ਦੀਆਂ ਪਤਨੀਆਂ (ਚੂਣੇ—ਸਿਰ ਦੇ ਵਾਲ) ਹੋਣ। ਅਗੋਂ ਉਸ ਦੀਆਂ ਪਤਨੀਆਂ ਆਪੋ ਆਪਣੇ ਹਿੱਸੇ ਨੂੰ ਆਪਣੇ ਪੁਤਰਾਂ ਵਿਚ ਵੰਡ ਦੇਂਦੀਆਂ ਹਨ। ਇਸ ਵੰਡ ਅਨੁਸਾਰ ਜੇ ਇਕ ਸ਼ਖ਼ਸ ਦੀਆਂ ਦੋ ਪਤਨੀਆਂ ਹੋਣ ਤਾਂ ਅਗੋਂ ਇਕ ਤੋਂ ਪੰਜ ਲੜਕੇ ਤੇ ਦੂਜੇ ਤੋਂ ਇਕੋ ਲੜਕਾ ਹੋਇਆ ਹੋਵੇ ਤਾਂ ਮਰਨ ਮਗਰੋਂ ਉਸ ਸ਼ਖ਼ਸ ਦੀ ਅੱਧੀ ਜਾਇਦਾਦ ਤਾਂ ਪੰਜ ਲੜਕਿਆਂ ਵਿਚ ਵੰਡੀ ਜਾਵੇਗੀ ਤੇ ਬਾਕੀ ਅੱਧੀ ਦਾ ਇਕੋ ਵਾਰਸ ਹੋਵੇਗਾ। ਇਸ ਵੰਡ ਵਿਚ ਮਤ੍ਰੇਏ ਭਰਾਵਾਂ ਨੂੰ ਬਰਾਬਰ ਦਾ ਹਿੱਸਾ ਨਹੀਂ ਮਿਲਦਾ। ਚੂਣੇ ਵੰਡ ਦੀ ਪ੍ਰਥਾ ਲਹਿੰਦੇ ਦੇ ਕਈ ਮੁਸਲਮਾਨ ਕਬੀਲਿਆਂ ਵਿਚ ਪ੍ਰਚਲਤ ਹੈ।

(ਪ-33) **ਪੱਗ ਵਲ :**

ਜੇ ਕਿਸੇ ਬੱਚੇ ਦੇ ਸਿਰ ਦੇ ਵਿਚਕਾਰ ਵਾਲਾਂ ਦੀ ਭੌਰੀ ਬਣੀ ਹੋਵੇ ਅਥਵਾ ਵਾਲ ਇਸ ਤਰ੍ਹਾਂ ਵਲ ਖਾ ਰਹੇ ਹੋਣ ਜਿਵੇਂ ਪਗੜੀ ਦੇ ਵਲ ਤਾਂ ਇਸ ਨੂੰ 'ਪੱਗ ਵਲ' ਕਹਿੰਦੇ ਹਨ। ਇਹ ਨਿਸ਼ਾਨ ਸ਼ੁਭ ਮੰਨਿਆ ਜਾਂਦਾ ਹੈ ਅਤੇ ਇਸ ਗੱਲ ਦਾ ਸੂਚਕ ਹੈ ਕਿ ਇਸ ਬੱਚੇ ਦੇ ਮਗਰੋਂ ਜੋ ਬੱਚਾ ਜੰਮੇਗਾ ਉਹ ਲੜਕਾ ਹੀ ਹੋਵੇਗਾ।

ਜੇ ਬੱਚੇ ਦੇ ਵਾਲ ਭੌਰੀ ਵਾਂਗ ਕੋਈ ਨਿਖਰਵਾਂ ਚੱਕਰ ਨਾ ਬਣਾਉਣ ਤੇ ਖਿੰਡੇ ਹੋਏ ਹੋਣ ਤਾਂ ਜੂੜਾ ਅਖਵਾਉਂਦੇ ਹਨ। ਧਾਰਨਾ ਹੈ ਕਿ ਜਿਸ ਬੱਚੇ ਦਾ ਜੂੜਾ ਹੋਵੇ, ਉਸ ਤੋਂ ਮਗਰੋਂ ਜੋ ਬੱਚਾ ਜੰਮਦਾ ਹੈ, ਉਹ ਕੁੜੀ ਹੁੰਦੀ ਹੈ।

(ਪ-34) **ਪੰਘੂਰ :**

ਭਿੱਜੇ ਹੋਏ ਮੋਠ ਜਦੋਂ ਪੁੰਘਰ ਪੈਣ ਤਾਂ ਉਨ੍ਹਾਂ ਵਿਚ ਲੂਣ ਮਿਰਚ ਤੇ ਮਸਾਲਾ ਰਲਾ ਕੇ ਪੰਘੂਰ ਬਣਾ ਲਿਆ ਜਾਂਦਾ ਹੈ। ਧਨ ਪੋਠੋਹਾਰ ਵਿਚ ਕਈ ਮੰਗਲ ਕਾਰਜਾਂ ਸਮੇਂ ਪੰਘੂਰ ਵੰਡਣ ਦੀ ਪ੍ਰਥਾ ਹੈ। ਖ਼ਾਸ ਤੌਰ ਤੇ ਵਿਸਾਖੀ ਵਾਲੇ ਦਿਨ ਜਦੋਂ ਨਵੇਂ ਜੰਮੇ ਬੱਚੇ ਨੂੰ ਪਹਿਲੀ ਵਾਰ ਪਾਣੀ ਚਖਾਇਆ ਜਾਂਦਾ ਹੈ ਤਾਂ ਗਲੀ ਮਹੱਲੇ ਤੇ ਬਰਾਦਰੀ ਵਿਚ ਪੰਘੂਰ ਵੰਡੇ ਜਾਂਦੇ ਹਨ। ਧਾਰਨਾ ਹੈ ਕਿ ਪੰਘੂਰ ਵੰਡਣ ਨਾਲ ਬੱਚਾ ਪੁੰਘਰਾਂ ਵਾਂਗ ਹੀ ਪੰਘਰਦਾ ਤੇ ਵਧਦਾ ਫੁਲਦਾ ਹੈ।

(ਪ-35) **ਪੰਜ ਅੰਨ :**

ਪੰਜ ਅੰਨ ਜੋ ਅੰਨਾਂ ਵਿਚੋਂ ਸਭ ਤੋਂ ਵਧ ਪਵਿਤ੍ਰ ਤੇ ਉੱਤਮ ਮੰਨੇ ਗਏ ਹਨ—ਕਣਕ, ਚਾਵਲ, ਤਿਲ, ਜੌਂ, ਮਾਹੇ। ਬਹੁਤ ਸਾਰੀਆਂ ਧਾਰਮਿਕ ਤੇ ਸਮਾਜਿਕ ਰੀਤਾਂ ਵੇਲੇ ਇਨ੍ਹਾਂ ਪੰਜਾਂ ਅੰਨਾਂ ਨੂੰ ਪਵਿਤਰ ਮੰਨ ਕੇ, ਸਾਮਗਰੀ ਵਜੋਂ ਵਰਤਿਆ ਜਾਂਦਾ ਹੈ ਅਤੇ ਦੇਵਤਿਆਂ ਨੂੰ ਚੜ੍ਹਾਵਾ ਚਾੜ੍ਹਿਆ ਜਾਂਦਾ ਹੈ। ਇਨ੍ਹਾਂ ਪੰਜ ਅੰਨਾਂ ਵਿਚੋਂ ਦੋ ਹੋਰ ਅੰਨ, ਮੂੰਗੀ ਤੇ ਮੋਠ ਰਲਾ ਦਿਤੇ ਜਾਣ ਤਾਂ ਇਹ ਸਤਨਾਜਾ ਅਖਵਾਉਂਦਾ ਹੈ। (ਵੇਖੋ : ਸਤਨਾਜਾ)

(ਪ-36) **ਪੰਚ ਆਹੁਤ :**

ਅਗਨੀ ਪੂਜਕਾਂ ਦੀ ਇਕ ਧਾਰਮਿਕ ਰੀਤ; ਭੋਜਨ ਛੱਕਣ ਤੋਂ ਪਹਿਲਾਂ ਪੰਜ ਸੁੱਚੀਆਂ ਗਰਾਹੀਆਂ, ਅਗਨੀ ਦੇਵਤੇ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ, ਮੰਤ੍ਰ ਪੜ੍ਹਦੇ ਹੋਏ, ਅੱਗ ਵਿਚ ਸੁਟੀਆਂ ਜਾਂਦੀਆਂ ਹਨ। ਇਨ੍ਹਾਂ ਗਰਾਹੀਆਂ ਨੂੰ ਪੰਚ ਆਹੁਤ ਕਿਹਾ ਜਾਂਦਾ ਹੈ। ਧਾਰਨਾ ਹੈ ਕਿ ਇਹ ਗਰਾਹੀਆਂ ਅਗਲੇ ਲੋਕ ਵਿਚ ਉਨ੍ਹਾਂ ਨੂੰ ਇਸੇ ਸ਼ਕਲ ਵਿਚ ਖਾਣ ਲਈ ਮਿਲ ਜਾਣਗੀਆਂ।

(ਪ-37) **ਪੰਚ ਇਸ਼ਨਾਨਾ :**

ਸਰੀਰ ਦੇ ਪੰਜ ਅੰਗਾਂ ਮੂੰਹ, ਦੋ ਹੱਥਾਂ ਤੇ ਦੋ ਪੈਰਾਂ ਦਾ ਪਾਣੀ ਨਾਲ ਧੋਣਾ। ਜੇ ਸਰੀਰ ਢਿਲਾ ਹੋਵੇ ਜਾਂ ਕਿਸੇ ਹੋਰ ਕਾਰਨ ਇਸ਼ਨਾਨ ਨਾ ਕੀਤਾ ਜਾ ਸਕੇ ਤਾਂ ਪੂਜਾ ਪਾਠ ਤੋਂ ਪਹਿਲਾਂ ਪੰਚ ਇਸ਼ਨਾਨਾ ਕਰਨਾ ਜ਼ਰੂਰੀ ਹੈ। 'ਪੰਚ-ਸਨਾਨੇ' ਦਾ, ਪੂਰੇ ਇਸ਼ਨਾਨ ਜਿਤਨਾ ਹੀ ਮਹਾਤਮ ਮੰਨਿਆ ਜਾਂਦਾ ਹੈ।

'ਪੰਚ-ਸਨਾਨਾ' ਬਾਰੇ ਇਕ ਵਿਅੰਗਾਤਮਕ ਅਖੌਤ ਹੈ :

ਪੰਚ ਇਸ਼ਨਾਨੀ, ਮਹਾ ਗਿਆਨੀ,
ਨਿਤ ਨਾਵਣ ਦਲਿਦਰੀ।

ਹਿੰਦੂ ਗ੍ਰੰਥਾਂ ਵਿਚ ਪੰਜ ਇਸ਼ਨਾਨ ਵਿਸ਼ੇਸ਼ ਮੰਨੇ ਗਏ ਹਨ ਤੇ ਇਨ੍ਹਾਂ ਦਾ ਬੜਾ ਮਹੱਤਵ ਹੈ। ਪਾਰਾਸ਼ਰ ਸਿਮ੍ਰਿਤੀ (ਅ: 12 ਸ: 9-10) ਅਨੁਸਾਰ ਇਹ ਪੰਜ ਇਸ਼ਨਾਨ ਹਨ :

(ੳ) ਆਗਨੇਯ ਭਾਵ ਭਸਮ ਨਾਲ ਸਰੀਰ ਨੂੰ ਸ਼ੁਧ ਕਰਨਾ।

(ਅ) ਵਾਰੁਣ ਭਾਵ ਪਾਣੀ ਨਾਲ ਸਰੀਰ ਨੂੰ ਸਾਫ਼ ਕਰਨਾ।

(ੲ) ਬ੍ਰਹਮ ਭਾਵ ਵੇਦ ਮੰਤ੍ਰਾਂ ਨਾਲ ਅੰਤਹਕਰਣ ਨੂੰ ਪਵਿਤਰ ਕਰਨਾ।

(ਸ) ਵਾਯਵਯ ਭਾਵ ਹਵਾ ਨਾਲ ਸਰੀਰ ਨੂੰ ਸ਼ੁਧ ਕਰਨਾ।

(ਹ) ਦਿਵਯ ਭਾਵ ਮੀਂਹ ਜਾਂ ਧੁਪ ਨਾਲ ਸਰੀਰ ਨੂੰ ਸ਼ੁਧ ਕਰਨਾ।

ਜਿਨਾਂ ਦਿਨਾਂ ਵਿਚ, ਮੁਗ਼ਲ ਹਾਕਮਾਂ ਦੇ ਅਤਿਆਚਾਰ

ਕਾਰਨ ਸਿੱਖ ਜੰਗਲਾਂ ਵਿਚ ਛੁਪ ਕੇ ਰਹਿੰਦੇ ਸਨ, ਉਨ੍ਹਾਂ ਦਿਨਾਂ ਤੋਂ ਪੰਚ ਇਸ਼ਨਾਨ ਪੂਰਨ ਇਸ਼ਨਾਨ ਹੀ ਮੰਨਿਆ ਜਾਣ ਲਗਾ।

(ਪ-38) **ਪੰਚਜਨ** :

ਇਕ ਦੈਂਤ, ਜੋ ਸੰਖ ਦੀ ਸ਼ਕਲ ਵਿਚ, ਸਮੁੰਦਰ ਵਿਚ ਰਹਿੰਦਾ ਸੀ। ਭਾਗਵਤ ਅਨੁਸਾਰ ਪੰਚਜਨ ਸੰਦੀਪਨ, ਜਿਸ ਤੋਂ ਕ੍ਰਿਸ਼ਨ ਨੇ ਸ਼ਸਤ੍ਰ-ਵਿਦਿਆ ਸਿਖੀ ਸੀ, ਦੇ ਪੁੱਤਰ ਨੂੰ ਫੜ ਕੇ ਸਮੁੰਦਰ ਵਿਚ ਲੈ ਗਿਆ। ਸੰਦੀਪਨ ਨੇ ਕ੍ਰਿਸ਼ਨ ਨੂੰ ਕਿਹਾ ਕਿ ਉਹ ਉਸ ਦੇ ਪੁੱਤਰ ਨੂੰ ਸਮੁੰਦਰ ਵਿਚੋਂ, ਕਿਸੇ ਤਰ੍ਹਾਂ ਵਾਪਿਸ ਮੰਗਵਾ ਦੇਣ। ਇਹੋ ਕਾਰਜ ਉਨ੍ਹਾਂ ਦੀ ਗੁਰੂ-ਦੀਖਿਆ ਸਮਝੀ ਜਾਵੇਗੀ'। ਕ੍ਰਿਸ਼ਨ ਨੇ ਸਮੁੰਦਰ ਵਿਚ ਜਾ ਕੇ, ਪੰਚਜਨ ਨੂੰ ਮਾਰ ਦਿਤਾ। ਸੰਦੀਪਨ ਦੇ ਲੜਕੇ ਨੂੰ ਕਢ ਲਿਆਂਦਾ। ਇਸ ਪਿਛੋਂ ਕ੍ਰਿਸ਼ਨ ਪੰਚਜਨ ਦੇ ਸਰੀਰ ਤੋਂ ਬਣੇ ਸੰਖ ਨੂੰ ਨਰਸਿੰਘ ਦੇ ਤੌਰ 'ਤੇ ਵਰਤਣ ਲਗ ਪਏ।

ਪੰਚਜਨ ਦੈਂਤ ਦੇ ਸਰੀਰ ਤੋਂ ਬਣੇ ਸੰਖ ਨੂੰ ਵੀ 'ਪੰਚਜਨ' ਕਿਹਾ ਜਾਂਦਾ ਹੈ। ਕ੍ਰਿਸ਼ਨ ਇਸ ਸੰਖ ਨੂੰ ਯੁੱਧ ਦੇ ਦਿਨੀਂ ਨਰਸਿੰਘੇ ਦੇ ਤੌਰ ਤੇ ਵਜਾਇਆ ਕਰਦੇ ਸਨ।

(ਪ-39) **ਪੰਚਾਮ੍ਰਿਤ** :

ਸਿਮ੍ਰਿਤੀਆਂ ਅਨੁਸਾਰ ਦੁੱਧ, ਦਹੀ, ਘਿਉ, ਖੰਡ ਅਤੇ ਸ਼ਹਿਦ ਮਿਲ ਕੇ ਬਣਾਇਆ ਪਦਾਰਥ ਜੋ ਬਹੁਤ ਪਵਿਤ੍ਰ ਤੇ ਪੌਸ਼ਟਿਕ ਮੰਨਿਆ ਗਿਆ ਹੈ। ਹਿੰਦੂ ਪੰਚਾਮ੍ਰਿਤ ਨਾਲ ਦੇਵ ਮੂਰਤੀ ਨੂੰ ਇਸ਼ਨਾਨ ਕਰਵਾਂਦੇ ਹਨ।

ਹਿੰਦੂਆਂ ਵਿਚ, ਨਵੇਂ ਜੰਮੇ ਬੱਚੇ ਨੂੰ ਪੰਚਾਮ੍ਰਿਤ ਦੀ ਗੜ੍ਹਤੀ ਦੇਣ ਦੀ ਪ੍ਰਥਾ ਹੈ। ਜਿਸ ਨਾਲ ਬਾਲ ਦੀਰਘ ਆਯੂ ਭੋਗਦਾ ਹੈ ਤੇ ਤੇਜ ਪ੍ਰਤਾਪ ਵਾਲਾ ਹੁੰਦਾ ਹੈ।

(ਪ-40) **ਪੰਚਾਰਕੀ** :

(ੳ) ਚਾਦਰ ਨੂੰ ਸਰੀਰ ਤੇ ਓੜ੍ਹਣ ਦੀ ਇਕ ਖ਼ਾਸ ਵਿਧੀ, ਜਿਸ ਵਿਚ ਚਾਦਰ ਨੂੰ ਸੱਜੀ ਬਾਂਹ ਦੇ ਹੇਠੋਂ ਅਤੇ ਮੋਢੇ ਦੇ ਉਪਰੋਂ ਲਿਆ ਕੇ ਬੰਨ੍ਹਿਆ ਜਾਂਦਾ ਹੈ।

(ਅ) ਇਕ ਚਾਂਦੀ ਦਾ ਗਹਿਣਾ ਜਿਸ ਦਾ ਮੁਲਤਾਨ ਵਿਚ ਬੜਾ ਰਿਵਾਜ ਰਿਹਾ ਹੈ। ਇਸ ਵਿਚ ਦੋ ਜ਼ੰਜੀਰੀਆਂ ਹੁੰਦੀਆਂ ਹਨ ਤੇ ਇਸ ਦੀਆਂ ਦੋਵੇਂ ਜ਼ੰਜੀਰੀਆਂ ਛਾਤੀ ਅਤੇ ਪਿੱਠ ਉਤੇ, ਜਿਥੇ ਇਕ ਦੂਜੀ ਨੂੰ ਛੂਹੰਦੀਆਂ ਹਨ, ਉਥੇ ਉਭਰਵੀਂ ਉਕਰਾਈ ਵਾਲਾ ਗੋਲ ਟਿੱਕਾ ਸਜਿਆ ਹੁੰਦਾ ਹੈ।

(ਪ-41) **ਪੰਜ ਹਜ਼ਾਰੀ** :

ਅੰਗਰੇਜ਼ੀ ਰਾਜ ਤੋਂ ਪਹਿਲਾਂ ਉਚ-ਅਧਿਕਾਰੀਆਂ, ਜਾਗੀਰਦਾਰਾਂ ਤੇ ਦਰਬਾਰੀਆਂ ਨੂੰ ਰਾਜ ਦਰਬਾਰ ਵਲੋਂ ਕੁਝ ਫ਼ੌਜੀ ਸਿਪਾਹੀ ਅਥਵਾ ਘੋੜ-ਸਵਾਰ ਰਖਣ ਦੀ ਆਗਿਆ ਹੁੰਦੀ ਸੀ ਅਤੇ ਦਰਬਾਰ ਵਿਚ ਸਨਮਾਨ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੇ ਵਡਿੱਤਣ ਜਾਂ ਮਹਾਨਤਾ ਦਾ ਅਨੁਮਾਨ ਉਨ੍ਹਾਂ ਦੀ ਫ਼ੌਜੀ ਸ਼ਕਤੀ ਤੋਂ ਲਗਾਇਆ ਜਾਂਦਾ ਸੀ। ਜਿਸ ਨੂੰ ਪੰਜ ਹਜ਼ਾਰ ਘੋੜ ਸਵਾਰ ਅਥਵਾ ਸਿਪਾਹੀ ਰਖਣ ਦੀ ਆਗਿਆ ਹੁੰਦੀ ਸੀ, ਉਹ ਪੰਜ ਹਜ਼ਾਰੀ ਅਖਵਾਉਂਦਾ ਸੀ। ਜਿਸ ਨੂੰ ਇਕ ਹਜ਼ਾਰ ਦੀ ਆਗਿਆ ਹੁੰਦੀ, ਉਸ ਨੂੰ ਇਕ ਹਜ਼ਾਰੀ ਦੀ ਉਪਾਧੀ ਦਿਤੀ ਜਾਂਦੀ। ਇਸ ਫ਼ੌਜ ਦਾ ਖ਼ਰਚ ਉਸ ਵਿਅਕਤੀ ਨੂੰ ਆਪਣੀ ਆਮਦਨੀ ਵਿਚੋਂ ਹੀ ਕਰਨਾ ਪੈਂਦਾ ਸੀ। ਇਹ ਆਮਦਨੀ ਉਸ ਨੂੰ ਜਗੀਰਾਂ ਵਿਚੋਂ ਅਥਵਾ ਹੋਰ ਨਿਜੀ ਵਸੀਲਿਆਂ ਤੋਂ ਪ੍ਰਾਪਤ ਹੁੰਦੀ ਸੀ। ਲੋੜ ਪੈਣ ਤੇ ਦੇਸ਼ ਦਾ ਰਾਜਾ ਇਸ ਵਿਅਕਤੀਗਤ ਸੈਨਾ ਨੂੰ, ਜਿਥੇ ਤੇ ਜਿਵੇਂ ਚਾਹੁੰਦਾ ਵਰਤ ਲੈਂਦਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ, ਪੰਜਾਬ ਵਿਚ ਇਹ ਰਿਵਾਜ ਪ੍ਰਚਲਤ ਰਿਹਾ। ਜਿਨ੍ਹਾਂ ਵਿਅਕਤੀਆਂ ਨੂੰ ਇਕ ਹਜ਼ਾਰੀ, ਦੋ ਹਜ਼ਾਰੀ, ਪੰਜ ਹਜ਼ਾਰੀ ਤੇ ਦਸ ਹਜ਼ਾਰੀ ਆਦਿ ਉਪਾਧੀਆਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਮਿਲਦੀਆਂ ਸਨ, ਉਨ੍ਹਾਂ ਦੀ ਔਲਾਦ ਹੁਣ ਵੀ ਇਕ ਹਜ਼ਾਰੀ, ਦੋ ਹਜ਼ਾਰੀ, ਪੰਜ ਹਜ਼ਾਰੀ ਤੇ ਦਸ ਹਜ਼ਾਰੀ ਅਖਵਾਉਂਦੀ ਹੈ।

(ਪ-42) **ਪੰਜ ਕਲਿਆਨ** :

ਪੰਜਾਬ ਦਾ ਇਕ ਪਿੰਡ ਜਿਸ ਬਾਰੇ ਅਖਾਣ ਪ੍ਰਚਲਤ ਹੈ—'ਨ੍ਹੇਰੀ ਕਿਥੋਂ ਉਠੀ? ਕਲਿਆਨਾਂ ਦੇ ਟਿੱਬਿਆਂ ਤੋਂ'। ਪੰਜ ਕਲਿਆਨ ਵਿਚ ਰੇਤਲੇ ਟਿੱਬੇ ਹਨ ਤੇ ਜਦੋਂ ਪਛਮ ਦੀ ਹਵਾ ਘੁਲਦੀ ਹੈ ਤਾਂ ਹਨੇਰੀ ਝੁਲ ਪੈਂਦੀ ਹੈ। ਇਹ ਅਖਾਣ ਸ਼ਰਾਰਤੀ ਲੋਕਾਂ ਉਤੇ ਵਿਅੰਗ ਵਜੋਂ ਵਰਤਿਆ ਜਾਂਦਾ ਹੈ।

(ਪ-43) **ਪੰਜ ਕਲਿਆਨੀ** :

ਉਹ ਘੋੜਾ ਜਿਸ ਦੇ ਮੱਥੇ ਅਤੇ ਚੋਹਾਂ ਲੱਤਾਂ ਉਤੇ ਚਿੱਟੇ ਫੁੱਲ ਹੋਣ ਜਾਂ ਉਹ ਮਹਿੰ ਜਿਸ ਦੇ ਚਾਰੇ ਖੁਰ ਚਿੱਟੇ ਤੇ ਮੱਥੇ ਵਿਚ ਫੁੱਲ ਹੋਵੇ। ਪੰਜ ਕਲਿਆਨੀ ਘੋੜਾ ਮਹਿੰ ਬੜੀ ਸੁਭ ਤੇ ਫਲਦਾਇਕ ਮੰਨੀ ਜਾਂਦੀ ਹੈ। ਇਹ ਪਸ਼ੂ ਆਪਣੇ ਮਾਲਕ ਦਾ ਸਦਾ ਸੁਖ ਮੰਗਦੀ ਹੈ ਤੇ ਜਿਸ ਘਰ ਵਿਚ ਹੋਵੇ ਵੱਲਾਂ-ਛੱਲਾਂ ਹੋ ਜਾਂਦੀਆਂ ਹਨ।

ਵਿਚ ਚਾਰ ਰਾਕੇ, ਸੂਰਜ ਡੁਬਣ ਤੋਂ ਮਗਰੋਂ, ਜੋ ਨਮਾਜ਼ ਪੜ੍ਹੀ ਜਾਂਦੀ ਹੈ, ਉਸ ਵਿਚ ਤਿੰਨ ਰਾਕੇ ਅਤੇ ਰਾਤ ਦੇ ਪਹਿਲੇ ਪਹਿਰ ਵਿਚ ਜੋ ਨਮਾਜ਼ ਪੜ੍ਹੀ ਜਾਂਦੀ ਹੈ ਉਸ ਦੇ ਚਾਰ ਰਾਕੇ ਹੁੰਦੇ ਹਨ ।

ਹਰ ਰਾਕੇ ਵਿਚ ਸਤ ਅੰਗਾਂ ਦੀ ਹਰਕਤ ਹੁੰਦੀਆਂ ਹਨ (ੳ) ਪਹਿਲਾਂ 'ਅਲਾਹ ਹੂ ਅਕਬਰ' ਕਿਹਾ ਜਾਂਦਾ ਹੈ ਅਤੇ ਦੋਵੇਂ ਹੱਥ, ਮੂੰਹ ਦੇ ਦੋਹਾਂ ਪਾਸਿਆਂ ਵਲ ਖੁਲ੍ਹੇ ਰਖੇ ਜਾਂਦੇ ਹਨ । (ਅ) ਫਿਰ ਸਿਧਾ ਖਲੋ ਕੇ ਫ਼ਾਤਹਾ ਪੜ੍ਹਿਆ ਜਾਂਦਾ ਹੈ ਜਿਸ ਦੇ ਮਗਰੋਂ ਕੁਰਾਨ ਦੀ ਕੋਈ ਇਕ ਆਇਤ ਜਾਂ ਆਇਤਾਂ ਦੁਹਰਾਈਆਂ ਜਾਂਦੀਆਂ ਹਨ । (ੲ) ਫਿਰ ਪਿਠ ਅਗੇ ਵਲ ਝੁਕਾਈ ਜਾਂਦੀ ਹੈ । (ਸ) ਫਿਰ ਸਿਧਾ ਖੜਾ ਹੋਇਆ ਜਾਂਦਾ ਹੈ । (ਹ) ਫਿਰ ਗੋਡਿਆਂ ਦੇ ਭਾਰ ਝੁਕ ਕੇ ਜ਼ਿਮੀਂ ਉਤੇ ਸਿਰ ਝੁਕਾ ਕੇ ਸਿਜਦਾ ਕੀਤਾ ਜਾਂਦਾ ਹੈ । (ਕ) ਫਿਰ ਮੌਰਾਂ ਭਾਰ ਬੈਠਿਆ ਜਾਂਦਾ ਹੈ ਤੇ (ਖ) ਫਿਰ ਦੂਜਾ ਸਿਜਦਾ ਕੀਤਾ ਜਾਂਦਾ ਹੈ । ਨਮਾਜ਼ ਦੇ ਅਖ਼ੀਰ ਵਿਚ ਨਮਾਜ਼ੀ 'ਸ਼ਹਾਦ' ਪੜ੍ਹਦਾ ਹੈ, ਜਿਸ ਦਾ ਭਾਵ ਸ਼ਾਹਦੀ ਜਾਂ ਗਵਾਹੀ ਭਰਨੀ ਹੈ । ਇਹ ਕਲਮਾ ਹੈ—ਲਾ ਇਲਾਹ ਇਲ ਲਾਹ ਤੇ ਇਸ ਪਿਛੋਂ ਦੁਆ ।

ਨਮਾਜ਼ ਪੜ੍ਹਨ ਤੋਂ ਪਹਿਲਾਂ ਵਜ਼ੂ ਕਰਨਾ ਜ਼ਰੂਰੀ ਹੈ । ਵਜ਼ੂ ਬਗੈਰ ਮੁਸਲਮਾਨ ਪਵਿਤ੍ਰ ਨਹੀਂ ਮੰਨਿਆ ਜਾਂਦਾ ਤੇ ਪਵਿਤ੍ਰ ਹੋਏ ਬਗੈਰ ਨਮਾਜ਼ ਕਜ਼ਾ ਹੋ ਜਾਂਦੀ ਹੈ ਅਥਵਾ ਲੇਖੇ ਨਹੀਂ ਲਗਦੀ ।

(2) ਇਸਲਾਮ ਵਿਚ ਹਰ ਮੋਮਨ ਲਈ ਹਰ ਰੋਜ਼ ਪੰਜ ਨਮਾਜ਼ਾਂ ਪੜ੍ਹਨੀਆਂ ਤੇ ਸਾਲ ਵਿਚ 30 ਰੋਜ਼ੇ ਰਖਣੇ ਜ਼ਰੂਰੀ ਹਨ । 'ਮਿਹਰਾਜਨਾਮੇ' ਅਨੁਸਾਰ ਜਦੋਂ ਹਜ਼ਰਤ ਮੁਹੰਮਦ ਅੱਲ੍ਹਾ ਦੀ ਦਰਗਾਹ ਵਿਚ ਗਏ ਤੇ ਉਨ੍ਹਾਂ ਨੇ ਅੱਲ੍ਹਾ ਅਗੇ ਉਮੱਤ ਬਖ਼ਸ਼ਣ ਲਈ ਬੇਨਤੀ ਕੀਤੀ ਤਾਂ ਅੱਲ੍ਹਾ ਨੇ ਕਿਹਾ ਕਿ ਜੇ ਮੁਸਲਮਾਨ ਪੰਜਾਹ ਨਮਾਜ਼ਾਂ ਪੜ੍ਹਨਗੇ ਤੇ ਛੇ ਮਹੀਨੇ ਰੋਜ਼ੇ ਰਖਣਗੇ ਤਾਂ ਉਹ ਬਖ਼ਸ਼ੇ ਜਾਣਗੇ । ਤਾਂ ਹਜ਼ਰਤ ਮੁਹੰਮਦ ਨੇ ਕੁਝ ਨਮਾਜ਼ਾਂ ਤੇ ਰੋਜ਼ੇ ਘਟਾਣ ਲਈ ਕਿਹਾ । ਇਸ ਉਤੇ ਅੱਲ੍ਹਾ ਨੇ ਪੰਜੀ ਵਕਤ ਨਮਾਜ਼ ਤੇ ਤਿੰਨ ਮਹੀਨੇ ਰੋਜ਼ੇ ਮੰਨੇ । ਮੁਹੰਮਦ ਸਾਹਿਬ ਨੇ ਫਿਰ ਅਰਜ਼ ਕੀਤੀ ਕਿ ਕੁਝ ਹੋਰ ਬਖ਼ਸ਼ਿਸ਼ ਕਰੋ ਤਾਂ ਅੱਲ੍ਹਾ ਨੇ 12 ਵਕਤ ਨਮਾਜ਼ ਤੇ ਚਾਲੀ ਰੋਜ਼ੇ ਰਖਣ ਲਈ ਕਿਹਾ । ਤੀਜੀ ਵਾਰ ਫਿਰ ਮੁਹੰਮਦ ਸਾਹਿਬ ਨੇ ਅਰਜ਼ ਕੀਤੀ ਕਿ ਕੁਝ ਹੋਰ ਮੇਹਰ ਕਰੋ । ਅੱਲ੍ਹਾ ਨੇ ਪੰਜ ਨਮਾਜ਼ਾਂ ਤੇ ਤੀਹ ਰੋਜ਼ੇ ਰਖਣ ਲਈ ਕਿਹਾ । ਸੋ ਮੁਸਲਮਾਨੀ ਅਕੀਦੇ ਅਨੁਸਾਰ ਪੰਜ ਨਮਾਜ਼ਾਂ ਤੇ ਤੀਹ ਰੋਜ਼ੇ ਲਾਜ਼ਮੀ ਹਨ । ਕਾਦਰਯਾਰ ਨੇ ਇਸ ਸਾਖੀ ਨੂੰ 'ਮਿਹਰਾਜਨਾਮੇ' ਵਿਚ ਇਉਂ ਅੰਕਿਤ ਕੀਤਾ ਹੈ—

ਕੁਦਰਤ ਨਾਲ ਅੱਲ੍ਹਾ ਫ਼ਰਮਾਇਆ,
ਉਮਤ ਬਖ਼ਸ਼ੀ ਤੇਰੀ ।
ਪੰਜਾਹ ਨਮਾਜ਼ਾਂ ਛੇ ਮਾਹ ਰੋਜ਼ੇ,
ਇਹ ਫ਼ਰਮਾਇਸ਼ ਮੇਰੀ ।
ਫੇਰ ਮੁਹੰਮਦ ਅਰਜ਼ੀ ਹੋਏ
ਤੈਂ ਪਰਵਾਹ ਨਾ ਕਾਈ ।
ਫ਼ਜ਼ਲ ਕਰੀਂ ਸਭ ਖ਼ਲਕਾਂ ਤਾਈਂ
ਤੂੰ ਰਹਿਮਾਨ ਅਲਾਹੀ ।...
ਪੰਜ ਨਮਾਜ਼ਾਂ ਤੇ ਤ੍ਰੀਹ ਰੋਜ਼ੇ,
ਹਜ਼ਰਤ ਨੂੰ ਫ਼ਰਮਾਂਦਾ ।
ਇਹਨਾਂ ਵਿਚ ਕਸੂਰ ਨਬੀਆ,
ਜ਼ਰਾ ਨਾ ਕੋ ਕਰਸੀ ।
ਦਰਜਾ ਫ਼ਜ਼ਲ ਪੰਜਾਹ ਵਾਲਾ,
ਬਖ਼ਸ਼ਾਂ ਜੋ ਕੋ ਪੜ੍ਹਸੀ ।
ਜੋ ਕੋਈ ਕਰੇ ਕਸੂਰ ਇਹਨਾਂ ਵਿਚ,
ਕੌਲ ਇਹ ਨਬੀਅ ਮੇਰਾ ।
ਰੋਜ਼ ਕਿਆਮਤ ਦੇਸਾਂ ਉਸ ਨੂੰ,
ਦੋਜ਼ਕ ਵਿਚ ਬਸੇਰਾ ।

## (ਪ-48) **ਪੰਜ ਪੜੌਪੀ** :

ਲੁਬਾਣਿਆਂ ਵਿਚ ਪ੍ਰਚਲਤ ਵਿਆਹ ਦੀ ਇਕ ਰੀਤ, ਜਦੋਂ ਜੰਞ ਖਾਣੇ ਉਤੇ ਬੈਠਦੀ ਹੈ ਤਾਂ ਕੰਨਿਆਂ ਵਾਲੇ ਕੁਝ ਥਾਲਾਂ ਵਿਚ ਘਿਉ ਸ਼ਕਰ ਰਲਾ ਕੇ ਜਾਂਞੀਆਂ ਵਿਚੋਂ ਕੁਝ ਪੇਟੂਆਂ ਅਗੇ ਰਖਦੇ ਹਨ । ਪਹਿਲਿਆਂ ਵਿਚ ਥਾਲ ਵਿਚ ਘਿਉ ਸ਼ਕਰ ਤੇ ਚਾਵਲ ਆਦਿ, ਮਿਕਦਾਰ ਵਿਚ ਪੰਜ ਪੜੌਪੀਆਂ ਅਥਵਾ ਪੰਜ ਛੇ ਸੇਰ ਰਖਦੇ ਸਨ, ਜਿਸ ਤੋਂ ਇਸ ਰੀਤ ਦਾ ਨਾਉਂ 'ਪੰਜ ਪੜੌਪੀ' ਪੈ ਗਿਆ । ਇਨ੍ਹਾਂ ਪੇਟੂਆਂ ਨੂੰ ਬਾਕੀ ਜੰਞ ਨਾਲੋਂ ਵਖਰਾ ਬਿਠਾਇਆ ਜਾਂਦਾ ਸੀ । ਕੰਨਿਆਂ ਦੇ ਧਿਰ ਦੀਆਂ ਕੁਝ ਤੀਵੀਆਂ ਘਰ ਦੀਆਂ ਛੱਤਾਂ, ਬਨੇਰਿਆਂ ਜਾਂ ਕਿਸੇ ਉਚੀ ਥਾਂ ਬੈਠ ਕੇ, ਇਨ੍ਹਾਂ ਪੇਟੂਆਂ ਨੂੰ ਰੁਤ ਅਨੁਸਾਰ ਮਕੱਈ, ਛੱਲੀਆਂ ਜਾਂ ਕਣਕਾਂ ਦੇ ਦਾਣੇ ਮਾਰਦੀਆਂ । ਵਿਚ ਵਿਚ ਕਈ ਸ਼ਰਾਰਤਣ ਤੀਵੀਆਂ ਮਿੱਟੀ ਦੀ ਰੋੜੀਆਂ ਵੀ ਸੁਟਦੀਆਂ ਤੇ ਸਿੱਠਣੀਆਂ ਵੀ ਦੇਂਦੀਆਂ ਸਨ । ਜਾਂਞੀ ਘਿਉ ਸ਼ਕਰ ਖਾਂਦੇ ਜਾਂਦੇ ਹਨ ਤੇ ਉਦੋਂ ਤਕ ਨਹੀਂ ਉਠਦੇ ਜਦੋਂ ਤਕ ਸਾਰਾ ਥਾਲ ਬਿਲਕੁਲ ਸਫ਼ਾਚੱਟ ਨਹੀਂ ਹੋ ਜਾਂਦਾ । ਜਿਹੜਾ ਸ਼ਖ਼ਸ ਆਪਣਾ ਥਾਲ ਮੁਕਾ ਲੈਂਦਾ ਉਸ ਦਾ ਬੜਾ ਜਸ ਹੁੰਦਾ ।

## (ਪ-49) **ਪੰਜ ਪੀਰ** :

ਮੁਸਲਮਾਨਾਂ ਵਿਚ ਪੰਜ ਪੀਰਾਂ ਦੀ ਬੜੀ ਮਾਨਤਾ ਹੈ

ਜਿਨ੍ਹਾਂ ਦੇ ਨਾਂ ਹਨ : ਖ਼ਵਾਜਾ ਖ਼ਿਜ਼ਰ, ਜ਼ਕਰੀਆ ਨੂਰ ਗੰਗਰੀ, ਮੁਲਤਾਨ ਦੇ ਬਹਾ-ਉਦ-ਦੀਨ ਜ਼ਕਰੀਆ, ਜਿਸ ਨੂੰ 'ਬਹਾਵਲ ਹੱਕ' ਵੀ ਕਹਿੰਦੇ ਹਨ, ਸੱਯਦ ਜਲਾਲ ਬੁਖ਼ਾਰੀਆ ਅਤੇ ਲਾਲ ਸ਼ਹਿਬਾਜ਼ ਬਹਿਸ਼ਤ ਹੂਰੀ। ਇਨ੍ਹਾਂ ਪੀਰਾਂ ਨੂੰ ਮੁਸਲਮਾਨ ਸਮੇਂ ਸਮੇਂ ਦੁੱਖ ਸੰਕਟ ਤੇ ਭੀੜਾ ਵੇਲੇ ਪੂਜਦੇ ਹਨ। ਪੰਜ ਪੀਰ ਹਿੰਦੂਆਂ ਦੇ ਪੰਜਾਂ ਪਾਂਡਵਾਂ ਦੇ ਮੁਕਾਬਲੇ 'ਤੇ ਹਨ।

ਯੂਸਫ਼ਜ਼ਈ ਮੈਦਾਨ ਵਿਚ ਇਕ ਉਚੀ ਪਹਾੜੀ 'ਪੰਜ ਪੀਰ ਟਿੱਬਾ' ਨਾਲ ਪ੍ਰਸਿਧ ਹੈ। ਇਹ ਸਤਹ ਸਮੁੰਦਰ ਤੋਂ 940 ਫੁਟ ਉੱਚੀ ਹੈ। ਇਹ ਟਿੱਬਾ ਨਿਰੀ ਢਲਵਾਨ ਹੈ ਤੇ ਇਸ ਉਪਰ ਕੇਵਲ ਇਕੋ ਉਸਾਰੀ ਹੈ ਜੋ ਪੰਜਾਂ ਪੀਰਾਂ ਨਾਲ ਸਬੰਧਿਤ ਦਸੀ ਜਾਂਦੀ ਹੈ। ਜਿਸ ਤੋਂ ਟਿੱਬੇ ਦਾ ਨਾਂ 'ਪੰਜ ਪੀਰ ਟਿੱਬਾ' ਪੈ ਗਿਆ।

ਪਰ ਹਿੰਦੂਆਂ ਦੀ ਧਾਰਨਾ ਹੈ ਕਿ ਇਹ ਟਿੱਬਾ ਪੰਜਾਂ ਪਾਂਡਵਾਂ ਨਾਲ ਸਬੰਧ ਰਖਦਾ ਹੈ, ਮੁਸਲਮਾਨਾਂ ਨੇ ਇਸ ਨੂੰ ਪੰਜਾਂ ਪੀਰਾਂ ਨਾਲ ਜੋੜ ਲਿਆ।

ਪੰਜਾਂ ਪੀਰਾਂ ਨਾਲ ਅਨੇਕਾਂ ਸਥਾਨ ਸਬੰਧਿਤ ਹਨ। ਬਹਾਵਲਪੁਰ ਰਿਆਸਤ ਵਿਚ ਖ਼ਵਾਜਾ ਨੂਰ ਮੁਹੰਮਦ ਸਾਹਿਬ ਮਹਾਰਵੀ ਦੀ ਮਜ਼ਾਰ ਦੇ ਨੇੜੇ ਪੰਜਾਂ ਪੀਰਾਂ ਦੀਆਂ ਪੰਜ ਜੰਡਾਂ ਸਨ, ਜਿਨ੍ਹਾਂ ਵਿਚੋਂ ਇਕ ਹੁਣ ਤਕ ਮੌਜੂਦ ਹੈ। ਬਹਾਵਲਪੁਰ ਗਜ਼ਟੀਅਰ (ਪੰਨਾ 174) ਅਨੁਸਾਰ ਜਦੋਂ ਬਾਬਾ ਨਾਨਕ ਬਹਾਵਲਪੁਰ ਆਏ ਤਾਂ ਇਨ੍ਹਾਂ ਜੰਡਾਂ ਹੇਠ ਇਕਾਂਤ ਵਿਚ ਬੈਠੇ ਸਨ। ਜਾਣ ਲਗਿਆਂ ਉਨ੍ਹਾਂ ਨੇ ਗੁਆਂਢ ਵਿਚ ਰਹਿੰਦੇ ਇਕ ਹਿੰਦੂ ਮਾਨਕ ਰਾਏ ਨੂੰ ਕਿਹਾ ਸੀ ਕਿ ਇਹ ਥਾਂ ਜੰਨਤ ਦਾ ਹਿੱਸਾ ਹੈ, ਅਤੇ ਜਿਹੜਾ ਇਥੇ ਦਬਿਆ ਜਾਵੇਗਾ ਉਹ ਸਖ਼ਸ਼ ਬੜਾ ਭਾਗਸ਼ਾਲੀ ਹੋਵੇਗਾ। ਖ਼ਵਾਜਾ ਨੂਰ ਮੁਹੰਮਦ ਸਾਹਿਬ ਮਹਾਰਵੀ ਮਰਨ ਤੋਂ ਪਹਿਲਾਂ ਵਸੀਅਤ ਕਰ ਗਏ ਸਨ ਕਿ ਉਨ੍ਹਾਂ ਨੂੰ ਇਥੇ ਦਬਿਆ ਜਾਏ।

(ਪ-50) **ਪੰਜ ਭੀਖਮਾ** :

ਕੱਤਕ ਦੇ ਚਾਨਣ ਪੱਖ ਦੀ ਇਕਾਦਸ਼ੀ ਤੋਂ ਪੂਰਨਮਾਸ਼ੀ ਤਕ ਦੀਆਂ ਪੰਜ ਤਿੱਥਾਂ ਨੂੰ, ਪੰਜ ਭੀਖਮਾ ਕਿਹਾ ਜਾਂਦਾ ਹੈ। ਪੁਰਾਣਿਕ ਕਥਾ ਅਨੁਸਾਰ ਇਨ੍ਹਾਂ ਪੰਜ ਤਿਥਾਂ ਨੂੰ, ਭੀਸ਼ਮ ਪਿਤਾਮਾ ਨੇ, ਪੰਜਾਂ ਪਾਂਡਵਾਂ ਨੂੰ ਰਾਜਨੀਤੀ ਤੇ ਧਰਮ ਬਾਰੇ ਸਿਖਸ਼ਾ ਤੇ ਗਿਆਨ ਦਿਤਾ ਸੀ। ਇਨ੍ਹੀਂ ਦਿਨੀਂ ਕ੍ਰਿਸ਼ਨ ਜੀ ਵੀ ਉਨ੍ਹਾਂ ਕੋਲ ਹੀ ਬੈਠੇ ਸਨ। ਉਨ੍ਹਾਂ ਨੇ ਭੀਸ਼ਮ ਦੀਆਂ ਗਿਆਨ ਦੀਆਂ ਗੱਲਾਂ ਸੁਣ ਕੇ ਵਰ ਦਿਤਾ ਕਿ ਜਿਹੜਾ ਪ੍ਰਾਣੀ ਇਨ੍ਹਾਂ ਪੰਜ ਦਿਨਾਂ ਵਿਚ ਵਰਤ ਰਖੇਗਾ ਤੇ ਦੀਵੇ ਬਾਲੇਗਾ ਉਸ ਨੂੰ ਸੰਸਾਰਕ ਸੁਖ ਦੀ ਪ੍ਰਾਪਤੀ ਹੋਵੇਗੀ ਅਤੇ ਮਰਨ ਮਗਰੋਂ ਮੁਕਤੀ ਮਿਲੇਗੀ।

ਇਨ੍ਹਾਂ ਪੰਜ ਤਿਥਾਂ ਵਿਚ ਹਿੰਦੂ ਵਰਤ ਰਖ ਕੇ ਅਤੇ ਰਾਤ ਨੂੰ ਪੰਜ ਦੀਵੇ ਬਾਲ ਕੇ ਤੁਲਸੀ ਦੀ ਆਰਤੀ ਉਤਾਰਦੇ ਹਨ। ਉਂਜ ਤਾਂ ਕੱਤਕ ਦਾ ਸਾਰਾ ਮਹੀਨਾ ਹੀ ਇਸ਼ਨਾਨ, ਪੂਜਾ ਅਰਚਾ, ਵਰਤ ਤੇ ਦਾਨ ਲਈ ਖ਼ਾਸ ਮਹੱਤਾ ਰਖਦਾ ਹੈ, ਪਰ ਜਿਹੜੇ ਸ਼ਰਧਾਵਾਨ ਸਾਰਾ ਮਹੀਨਾ ਅਜਿਹਾ ਨਹੀਂ ਕਰ ਸਕਦੇ, ਉਹ ਇਨ੍ਹਾਂ ਪੰਜ ਤਿਥਾਂ ਵਿਚ ਵਰਤ ਰਖ ਕੇ ਤੇ ਦੀਵੇ ਬਾਲ ਕੇ ਸਾਰੇ ਮਹੀਨੇ ਦਾ ਪੁੰਨ ਫਲ ਪ੍ਰਾਪਤ ਕਰ ਲੈਂਦੇ ਹਨ।

ਕਈ ਸਨਾਤਨੀ ਹਿੰਦੂ, ਇਨ੍ਹੀਂ ਦਿਨੀਂ ਘਰ ਦੀ ਕਿਸੇ ਗੁੱਠੇ ਜਾਂ ਵਿਹੜੇ ਵਿਚ ਚਾਰ ਦਰਾਂ ਵਾਲਾ ਮੰਡਪ ਬਣਾਉਂਦੇ ਹਨ। ਉਸ ਵਿਚ ਗੋਹੇ ਦਾ ਲੇਪ ਦੇ ਕੇ ਵਿਸ਼ਨੂੰ ਭਗਵਾਨ ਦੀ ਮੂਰਤੀ ਸਥਾਪਿਤ ਕਰਦੇ ਹਨ। ਮੂਰਤੀ ਦੇ ਕੋਲ ਹੀ ਤੁਲਸੀ ਦਾ ਬੂਟਾ ਤੇ ਇਕ ਕੁੰਭ ਰਖਦੇ ਹਨ, ਕੋਲ ਹੀ ਇਕ ਭਾਂਡੇ ਵਿਚ ਤਿਲ ਭਰ ਕੇ ਰਖੇ ਜਾਂਦੇ ਹਨ। ਫਿਰ ਦਵਾਦਸ਼ ਅੱਖਰ ਮੰਤ੍ਰ 'ਓ ਨਮੋ ਭਗਵਤੇ ਵਾਸੁਦੇਵਾਯ' ਦਾ 108 ਵਾਰ ਜਾਪ ਕਰ ਕੇ ਪੂਜਾ ਕਰਦੇ ਹਨ। ਕੁੰਭ ਦੇ ਦੁਆਲੇ ਪੰਜ ਦਿਨ ਲਗਾਤਾਰ ਦਿਨ ਰਾਤ ਘਿਉ ਦੇ ਪੰਜ ਦੀਵੇ ਬਾਲੇ ਜਾਂਦੇ ਹਨ। ਦੀਵਿਆਂ ਨਾਲ ਮੂਰਤੀ ਦੀ ਆਰਤੀ ਉਤਾਰਨ ਲਗਿਆਂ 108 ਵਾਰ 'ਓਮ ਵਿਸ਼ਣਵੇ ਨਮੋ' ਦੇ ਮੰਤ੍ਰ ਦਾ ਜਾਪ ਕੀਤਾ ਜਾਂਦਾ ਹੈ। ਇਨ੍ਹਾਂ ਪੰਜ ਤਿਥਾਂ ਵਿਚ ਭੀਸ਼ਮ ਦਾ ਤਰਪੱਣ ਵੀ ਕੀਤਾ ਜਾਂਦਾ ਹੈ।

(ਪ-51) **ਪੰਜਕ (ਪੰਚਕ)** :

ਇਕ ਵਿਸ਼ੇਸ਼ ਯੋਗ, ਜਦੋਂ ਚੰਦਰਮਾ ਕੁੰਭ ਤੇ ਮੀਨ ਰਾਸ਼ੀ ਵਿਚ ਹੁੰਦਾ ਹੈ। ਪੰਜ ਦਿਨ ਰਹਿਣ ਕਰ ਕੇ ਇਹ ਯੋਗ ਪੰਚਕ ਅਖਵਾਉਂਦਾ ਹੈ। ਜੋਤਿਸ਼ ਅਨੁਸਾਰ ਇਹ ਯੋਗ ਬਹੁਤ ਅਸ਼ੁਭ ਹੈ। ਧਾਰਨਾ ਹੈ ਕਿ ਜੇ ਕੋਈ ਸ਼ਖ਼ਸ ਪੰਚਕ ਦੇ ਯੋਗ ਵਿਚ ਮਰ ਜਾਵੇ ਤਾਂ ਉਸ ਘਰ ਵਿਚ ਮਗਰੋਂ ਉਪਰਥਲੀ ਹੋਰ ਮੌਤਾਂ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਸ ਸੰਕਟ ਤੋਂ ਬਚਾਉ ਲਈ ਕੁਝ ਉਪਾ ਕੀਤੇ ਜਾਂਦੇ ਹਨ ਜੋ ਇਸ ਪ੍ਰਕਾਰ ਹਨ।

ਜੇ ਪੰਚਕ ਦੇ ਯੋਗ ਵਿਚ ਕੋਈ ਪ੍ਰਾਣੀ ਮਰ ਜਾਵੇ ਤਾਂ ਮ੍ਰਿਤਕ ਦੇ ਪਰਵਾਰ ਵਾਲੇ ਪੰਚਕ ਦੇ ਮੁਕਣ ਵਿਚ ਜਿਤਨੇ ਦਿਨ ਬਾਕੀ ਰਹਿੰਦੇ ਹੋਣ, ਉਤਨੇ ਹੀ ਕਪੜੇ ਅਥਵਾ ਦੱਭ ਘਾਹ ਦੇ ਪੁਤਲੇ ਬਣਾ ਕੇ ਮ੍ਰਿਤਕ ਪ੍ਰਾਣੀ ਦੀ ਦੇਹ ਨਾਲ ਹੀ ਦਾਹ ਦੇਂਦੇ ਹਨ। ਜਿਵੇਂ ਜੇ ਕੋਈ ਸ਼ਖ਼ਸ ਪੰਚਕ ਦੇ ਦੂਜੇ ਦਿਨ ਮਰੇ ਤਾਂ ਤਿੰਨ, ਤੀਜੇ ਦਿਨ ਮਰੇ ਤਾਂ ਦੋ ਪੁਤਲੇ ਬਣਾ ਕੇ ਸਾੜੇ ਜਾਂਦੇ ਹਨ। ਧਾਰਨਾ ਹੈ ਕਿ ਜਿਤਨੇ ਦਿਨ ਪੰਚਕ ਦੇ ਮੁਕਣ ਵਿਚ ਰਹਿੰਦੇ ਹੋਣ, ਉਤਨੇ ਹੀ ਹੋਰ ਬੰਦੇ ਉਸ ਪਰਵਾਰ ਦੇ ਉਪਰਥਲੀ ਮਰਦੇ ਹਨ।

ਪੰਚਕ ਵਿਚ ਮਰੇ ਸ਼ਖ਼ਸ ਦੀ ਅਰਥੀ ਵੀ ਘਰ ਦੇ

ਮੁਖੀ ਦਰਵਾਜ਼ੇ ਵਿਚੋਂ ਨਹੀਂ ਕਢਦੇ। ਸਗੋਂ ਕੰਧ ਵਿਚੋਂ ਪਾੜ ਬਣਾ ਕੇ ਜਾਂ ਦਰਵਾਜ਼ੇ ਦੇ ਨਾਲ ਲਗਦੀ ਕੰਧ ਤੋੜ ਕੇ ਮ੍ਰਿਤਕ ਦੀ ਦੇਹ ਸਸਕਾਰ ਲਈ ਬਾਹਰ ਕੱਢੀ ਜਾਂਦੀ ਹੈ।

ਹਿੰਦੂਆਂ ਦੇ ਪ੍ਰਭਾਵ ਹੇਠਾਂ ਲਹਿੰਦੇ ਦੇ ਕੁਝ ਮੁਸਲਮਾਨ ਵੀ ਪੰਚਕ ਨੂੰ ਮਨਹੂਸ ਮੰਨਦੇ ਹਨ, ਪਰ ਉਨ੍ਹਾਂ ਦੇ ਵਿਸ਼ਵਾਸ ਹਿੰਦੂਆਂ ਨਾਲੋਂ ਵਖਰੇ ਹਨ। ਉਨ੍ਹਾਂ ਦੇ ਨਿਸਚੇ ਅਨੁਸਾਰ ਚੰਦਰ ਮਾਸ ਦੇ ਪਹਿਲਿਆਂ ਪੰਜ ਤਿਥਾਂ ਅਥਵਾ ਅੰਤਲੀਆਂ ਪੰਜ ਤਿਥਾਂ ਵਿਚ ਮਰਿਆ ਸ਼ਖ਼ਸ 'ਪੰਚਕਾਂ' ਵਿਚ ਮਰਿਆ ਮੰਨਿਆ ਜਾਂਦਾ ਹੈ ਅਤੇ ਜੇ ਯੋਗ ਉਪਾ ਨਾ ਕੀਤਾ ਜਾਵੇ ਤਾਂ ਪ੍ਰਵਾਰ ਦੇ ਪੰਜ ਸਤ ਹੋਰ ਬੰਦੇ ਮਗਰੋਂ ਉਪਰਥਲੀ ਮਰਦੇ ਹਨ। ਇਸ ਕਸ਼ਟ ਤੋਂ ਬਚਣ ਲਈ ਮੁਸਲਮਾਨਾਂ ਵਿਚ ਇਹ ਉਪਾ ਪ੍ਰਚਲਤ ਹਨ :

(ੳ) ਪੰਜਕਾਂ ਵਿਚ ਮੋਏ ਪ੍ਰਾਣੀ ਦੀ ਅਰਥੀ ਕਬਰਸਤਾਨ ਵਲ ਲਿਜਾਂਦਿਆਂ ਉਹ ਰਾਹ 'ਚ ਤਿਲ ਬਿਖੇਰਦੇ ਜਾਂਦੇ ਹਨ।

(ਅ) ਮ੍ਰਿਤਕ ਦੇ ਮੂੰਹ ਵਿਚ ਨੀਲੇ ਰੋਠੇ ਪਾ ਦਿਤੇ ਜਾਂਦੇ ਹਨ।

(ੲ) ਮ੍ਰਿਤਕ ਨੂੰ ਦੱਬਣ ਲੱਗਿਆਂ, ਉਸ ਦੇ ਨਾਲ ਅੱਕ ਦੱਬਿਆ ਜਾਂਦਾ ਹੈ।

(ਸ) ਮ੍ਰਿਤਕ ਨੂੰ ਦੱਬਣ ਮਗਰੋਂ ਕਬਰ ਤੋਂ ਬਾਹਰ ਸਿਰ ਵਲ ਲੋਹੇ ਦੀ ਮੇਖ ਗੱਡ ਦਿਤੀ ਜਾਂਦੀ ਹੈ।

ਜੇ ਕੋਈ ਸ਼ਖ਼ਸ ਪੰਚਕਾਂ ਵਿਚ ਮਰ ਜਾਵੇ ਅਤੇ ਉਸ ਦੇ ਅੰਗ-ਸਾਕ ਉਸ ਨੂੰ ਉਪ੍ਰੋਕਤ ਰੀਤਾਂ ਅਨੁਸਾਰ ਦਫ਼ਨਾਉਣ ਵਿਚ ਲਾਪਰਵਾਹੀ ਕਰਨ ਅਤੇ ਉਸ ਪਰਵਾਰ ਵਿਚ ਕੋਈ ਹੋਰ ਬੰਦਾ ਸਖ਼ਤ ਬੀਮਾਰ ਪੈ ਜਾਵੇ ਤਾਂ ਅੰਗ-ਸਾਕ ਮ੍ਰਿਤਕ ਦੀ ਕਬਰ ਪੁਟ ਕੇ ਲਾਸ਼ ਬਾਹਰ ਕਢ ਲੈਂਦੇ ਹਨ ਤੇ ਦੁਬਾਰਾ ਸਾਰੇ ਉਪਾ ਕਰ ਕੇ ਕਬਰ ਵਿਚ ਦਬਦੇ ਹਨ। ਕਈ ਮੁਸਲਮਾਨ ਤਾਂ ਮੋਏ ਪ੍ਰਾਣੀ ਦੀ ਖੋਪਰੀ ਵਿਚ ਕਿਲ ਠੋਕ ਦੇਂਦੇ ਹਨ, ਪਰ ਕਈ ਸਿਰ ਧੜ ਨਾਲੋਂ ਵਖ ਕਰ ਦੇਂਦੇ ਹਨ। ਇਹ ਵੀ ਧਾਰਨਾ ਹੈ ਕਿ ਪੰਚਕ ਵਿਚ ਮਰਿਆ ਸ਼ਖ਼ਸ ਕਬਰ ਵਿਚ ਪਹਿਲਾਂ ਅਪਣਾ ਕਫ਼ਨ ਖਾਂਦਾ ਹੈ ਤੇ, ਫਿਰ ਆਪਣੇ ਘਰ ਦੇ ਬੰਦਿਆਂ ਨੂੰ, ਇਸੇ ਲਈ ਲੋਕੀ ਕਹਿੰਦੇ ਹਨ ਕਿ ਜੇ ਪੰਜਕ ਵਿਚ ਮਰੇ ਬੰਦੇ ਦੀ ਕਬਰ ਪੁਟੀ ਜਾਵੇ ਤਾਂ ਉਸ ਦੇ ਲੰਮੇ ਦੰਦ ਉਗੇ ਹੋਏ ਦਿਸਦੇ ਹਨ ਤੇ ਜੇ ਇਤਹਾਤ ਕੀਤੀ ਜਾਵੇ ਤਾਂ ਖਫ਼ਣ ਖਾਂਦਿਆਂ ਵੀ ਵੇਖਿਆ ਜਾ ਸਕਦਾ ਹੈ। ਇਹ ਵਿਚਾਰ ਬਹਾਵਲਪੁਰ ਦੇ ਪੇਂਡੂ ਮੁਸਲਮਾਨਾਂ ਵਿਚ ਕਾਫ਼ੀ ਪ੍ਰਚਲਤ ਰਿਹਾ ਹੈ।

ਹਿੰਦੂ ਤੀਵੀਆਂ ਪੰਜਕ ਵਿਚ ਗਹਿਣੇ ਪਹਿਨਣਾ ਸ਼ੁਭ ਮੰਨਦੀਆਂ ਹਨ। ਧਾਰਨਾ ਹੈ ਕਿ ਪੰਜਕ ਦੇ ਮੁਕਣ ਵਿਚ ਜਿਤਨੇ ਦਿਨ ਬਾਕੀ ਰਹਿੰਦੇ ਹੋਣ, ਉਤਨੇ ਗੁਣਾ ਗਹਿਣੇ ਉਨ੍ਹਾਂ ਨੂੰ ਉਸੇ ਸਾਲ ਪਤੀ ਬਣਵਾ ਕੇ ਦੇਵੇਗਾ।

(ਪ-52) **ਪੰਜਵਾਂ ਨਹਾਉਣਾ** :

ਜਣੇਪੇ ਨਾਲ ਸੰਬੰਧਿਤ ਇਕ ਰੀਤ; ਪੂਰਬੀ ਪੰਜਾਬ ਵਿਚ ਜਣੇਪੇ ਤੋਂ ਪੰਜ ਦਿਨ ਮਗਰੋਂ ਇਸ਼ਨਾਨ ਕਰਨ ਦੀ ਰੀਤ ਹੈ। ਇਸ ਦਿਨ ਬੱਚੇ ਦੀ ਮਾਂ ਨੂੰ ਕੇਸੀ ਇਸ਼ਨਾਨ ਕਰਵਾਇਆ ਜਾਂਦਾ ਹੈ। ਨਹਾਉਣ ਵਾਲੇ ਪਾਣੀ ਵਿਚ ਮੇਥੀ ਜਾਂ ਕੋਈ ਹਰੇ ਪੱਤੇ ਉਬਾਲ ਕੇ, ਰਲਾ ਦਿਤੇ ਜਾਂਦੇ ਹਨ। ਜਿਸ ਚੌਕੀ ਉਤੇ ਇਸ਼ਨਾਨ ਕਰਵਾਇਆ ਜਾਂਦਾ ਹੈ ਉਸ ਦੇ ਦੋਹਾਂ ਪੈਰਾਂ ਹੇਠ ਤਾਂਬੇ ਜਾਂ ਚਾਂਦੀ ਦੇ ਸਿਕੇ ਰਖੇ ਜਾਂਦੇ ਹਨ, ਜੋ ਬਾਅਦ ਵਿਚ ਦਾਈ ਨੂੰ ਦੇ ਦਿਤੇ ਜਾਂਦੇ ਹਨ। ਕਈ ਥਾਈਂ ਸਤਵੇਂ ਦਿਨ ਰਸਮੀ ਢੰਗ ਨਾਲ ਨੁਹਾਇਆ ਜਾਂਦਾ ਹੈ ਜਿਸ ਨੂੰ ਸਤਵਾਂ ਨਹਾਉਣਾ ਕਹਿੰਦੇ ਹਨ।

(ਪ-53) **ਪੰਜਾ** :

ਹੱਥ ਦੀਆਂ ਉਂਗਲੀਆਂ ਸਮੇਤ ਨਿਸ਼ਾਨ; ਪੰਜੇ ਬਾਰੇ ਕਈ ਤਰ੍ਹਾਂ ਦੇ ਵਿਚਾਰ ਤੇ ਮਨੌਤਾਂ ਪ੍ਰਚਲਤ ਹਨ। ਪੰਜਾ ਮਨੁੱਖ ਦੀ ਆਤਮਿਕ ਤੇ ਸਰੀਰਕ ਸ਼ਕਤੀ ਦਾ ਪ੍ਰਤੀਕ ਹੈ। ਜਿਥੇ ਪੰਜੇ ਦਾ ਨਿਸ਼ਾਨ ਹੋਵੇ ਉਥੇ ਲੋਕ ਧਾਰਨਾ ਅਨੁਸਾਰ ਚੰਦਰੀਆਂ ਰੂਹਾਂ ਨਹੀਂ ਠਹਿਰ ਸਕਦੀਆਂ। ਪੰਜਾਬ ਵਿਚ ਕਈ ਲੋਕ ਆਪਣੇ ਘਰ ਦੇ ਵਡੇ ਬੂਹੇ ਦੀ ਕੰਧ ਉਤੇ ਇਸ ਵਿਚਾਰ ਨਾਲ ਪੰਜੇ ਦੇ ਨਿਸ਼ਾਨ ਲਗਾ ਦੇਂਦੇ ਹਨ ਕਿ ਪ੍ਰੇਤ ਤੇ ਚੰਦਰੀਆਂ ਰੂਹਾਂ ਘਰ ਵਿਚ ਪ੍ਰਵੇਸ਼ ਨਾ ਕਰ ਸਕਣ। ਕਈ ਲੋਕ ਘਰ ਵਿਚ ਬੱਚੇ ਦੇ ਜੰਮਣ ਜਾਂ ਵਿਆਹ ਵੇਲੇ ਬੂਹੇ ਉਤੇ ਪੰਜਾ ਲਗਾ ਦੇਂਦੇ ਹਨ, ਇਸ ਨਾਲ ਬੱਚੇ/ਵਰ/ ਕੰਨਿਆਂ ਦੀ ਰੱਖਿਆ ਹੁੰਦੀ ਹੈ।

ਵਿਆਹ ਤੋਂ ਪਹਿਲੀ ਰਾਤ ਵਰ ਤੇ ਕੰਨਿਆਂ ਦੇ ਹੱਥਾਂ ਨੂੰ ਮਹਿੰਦੀ ਲਗਾਈ ਜਾਂਦੀ ਹੈ। ਦੋਵੇਂ ਆਪੋ ਆਪਣੇ ਘਰ, ਮਹਿੰਦੀ ਲਗਾਣ ਮਗਰੋਂ ਪੂਰਬ ਦਿਸ਼ਾ ਵਲ ਮੂੰਹ ਕਰ ਕੇ, ਹੱਥਾਂ ਦੇ ਥਾਪੇ ਲਗਾਂਦੇ ਹਨ। ਇਹ ਥਾਪੇ ਵਰ/ਕੰਨਿਆਂ ਦੇ ਵਿਆਹ ਦੇ ਦਿਨੀਂ ਨਜ਼ਰ ਤੋਂ ਰਖਿਆ ਕਰਦੇ ਹਨ। ਕਈ ਲੋਕ ਤਾਂ ਇਹ ਥਾਪੇ ਮਗਰੋਂ ਵੀ ਨਹੀਂ ਮਿਟਾਂਦੇ ਅਤੇ ਅਗਲੇ ਬੱਚੇ ਦੇ ਵਿਆਹ ਤਕ ਲੱਗੇ ਰਹਿਣ ਦੇਂਦੇ ਹਨ।

ਪੰਜਾ ਵੈਦਿਕ ਕਾਲ ਤੋਂ ਹੀ ਮੁਤਬਰਕ ਤੇ ਰਖਿਅਕ ਮੰਨਿਆ ਜਾਂਦਾ ਹੈ। ਮੱਧ-ਕਾਲ ਵਿਚ ਲੋਕੀ ਰੋਗੀ ਬੱਚਿਆਂ ਨੂੰ ਸਾਧਾਂ ਸੰਤਾਂ ਕੋਲ ਲੈ ਜਾਂਦੇ ਸਨ ਤੇ ਸਾਧ ਕੇਵਲ ਸੱਜੇ ਹਥ ਦਾ ਪੰਜਾ, ਬੱਚੇ ਨੂੰ ਵਿਖਾ ਕੇ ਮਗਰੋਂ ਥਾਪੜਾ ਦੇਂਦੇ, ਜਿਸ ਨਾਲ ਬੀਮਾਰ ਰੋਗ-ਮੁਕਤ ਹੋ ਜਾਂਦੇ ਮੰਨੇ ਜਾਂਦੇ। ਗੁਰੂ ਨਾਨਕ ਦੇਵ ਜੀ ਦੀਆਂ ਕੁਝ ਤਸਵੀਰਾਂ ਵਿਚ ਸੱਜੇ ਹੱਥ ਦਾ ਪੰਜਾ ਬੜਾ ਉਭਰਵਾਂ ਵਿਖਾਇਆ ਗਿਆ ਮਿਲਦਾ

ਹੈ। ਇਹ ਪੰਜਾ ਸਭ ਰੋਗਾਂ ਮਾਨਸਿਕ, ਆਤਮਿਕ ਤੇ ਸਰੀਰਕ ਲਈ ਔਸ਼ਧੀ ਹੈ।

ਕਈ ਖ਼ਾਨਗਾਹਾਂ ਦੇ ਮਜੌਰ, ਕਿਸੇ ਪੱਤਰੇ ਦਾ ਪੰਜਾ ਕਟ ਕੇ ਝੰਡੇ ਵਾਂਗ ਸੋਟੀ ਤੇ ਟੰਗ ਦੇਂਦੇ ਹਨ। ਪੰਜੇ ਹੇਠਾਂ ਲੀਰਾਂ ਲਮਕ ਰਹੀਆਂ ਹੁੰਦੀਆਂ ਹਨ। ਇਹ ਪੰਜਾ ਪੀਰ ਦੀ ਬਖਸ਼ਸ਼ ਤੇ ਚੰਦਰੀਆਂ ਰੂਹਾਂ ਤੋਂ ਰਖਿਅਕ ਦੀਆਂ ਬੋਧਿਕ ਹਨ।

(ਪ-54) **ਪੰਜਾ ਸਾਹਿਬ** :

ਰਾਵਲਪਿੰਡੀ ਤੋਂ 29 ਮੀਲ ਦੂਰ, ਹਸਨ ਅਬਦਾਲ ਵਿਚ, ਸਿੱਖਾਂ ਦਾ ਇਕ ਪ੍ਰਸਿਧ ਤੀਰਥ; ਇਥੇ ਇਕ ਪੱਥਰ ਉਤੇ ਗੁਰੂ ਨਾਨਕ ਦੇਵ ਜੀ ਦਾ ਪੰਜਾ ਲੱਗਾ ਹੋਇਆ ਹੈ। 'ਬਾਬੇ ਪੰਜਾ ਲਾਇਆ ਵਿਚ ਪਹਾੜੀ ਦੇ।' ਪੰਜੇ ਵਾਲੀ ਸਿਲ ਦੇ ਹੇਠਾਂ ਇਕ ਚਸ਼ਮਾ ਹੈ, ਜਿਸ ਦਾ ਪਾਣੀ ਤਾਲ ਵਿਚ ਇਕੱਠਾ ਹੋ ਕੇ ਵਗਦਾ ਰਹਿੰਦਾ ਹੈ। ਸ਼ਰਧਾਲੂ ਸਿਲ ਉਤੇ ਲਗੇ ਪੰਜੇ ਦੇ ਨਿਸ਼ਾਨ ਵਿਚ ਅਪਣਾ ਸੱਜਾ ਪੰਜਾ ਟਿਕਾ ਕੇ ਸੁਖਣਾ ਸੁਖਦੇ ਤੇ ਸਰੋਵਰ ਤੇ ਇਸ਼ਨਾਨ ਕਰਦੇ ਹਨ। ਦੇਸ਼ ਵੰਡ ਤੋਂ ਪਹਿਲਾਂ ਪੰਜਾ ਸਾਹਿਬ ਉਤੇ ਹਰ ਪੂਰਨਮਾਸ਼ੀ ਤੇ ਵਿਸਾਖੀ ਨੂੰ ਭਾਰੀ ਮੇਲਾ ਲਗਿਆ ਕਰਦਾ ਸੀ।

ਪੰਜਾ ਸਾਹਿਬ ਬਾਰੇ ਇਕ ਸਾਖੀ ਇਉਂ ਪ੍ਰਚਲਤ ਹੈ: ਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ ਜਦੋਂ ਇਥੇ ਪਹੁੰਚੇ ਤਾਂ ਮਰਦਾਨੇ ਨੂੰ ਬੜੀ ਪਿਆਸ ਲੱਗੀ। ਬਾਬਾ ਜੀ ਨੇ ਮਰਦਾਨੇ ਨੂੰ ਵਲੀ ਕੰਧਾਰੀ ਪਾਸ ਭੇਜਿਆ, ਜੋ ਪਹਾੜੀ ਦੇ ਉਪਰ ਇਕ ਤਾਲ ਦੇ ਕੰਢੇ ਰਹਿੰਦਾ ਸੀ। ਵਲੀ ਕੰਧਾਰੀ ਨੇ ਪਾਣੀ ਦੇਣ ਤੋਂ ਇਨਕਾਰ ਕਰ ਦਿਤਾ ਤੇ ਗੁਰੂ ਨਾਨਕ ਦੇਵ ਜੀ ਦੇ ਸਬੰਧ ਵਿਚ ਦੁਰਬਚਨ ਬੋਲੇ। ਮਰਦਾਨੇ ਨੇ ਜਦੋਂ ਸਾਰੀ ਗੱਲ ਆ ਦੱਸੀ ਤਾਂ ਗੁਰੂ ਨਾਨਕ ਦੇਵ ਜੀ ਨੇ ਪਹਾੜ ਦੇ ਪੈਰਾਂ ਵਿਚੋਂ ਆਪਣੀ ਕਰਾਮਾਤ ਦੁਆਰਾ ਇਕ ਚਸ਼ਮਾ ਕੱਢ ਲਿਆ, ਜਿਸ ਨਾਲ ਵਲੀ ਕੰਧਾਰੀ ਦੇ ਤਾਲ ਦਾ ਸਾਰਾ ਪਾਣੀ ਗੁਪਤ ਲਹਿਰਾਂ ਦੁਆਰਾ ਇਸ ਚਸ਼ਮੇ ਵਿਚ ਆ ਗਿਆ। ਵਲੀ ਕੰਧਾਰੀ ਨੇ ਕਰੋਧ ਵਿਚ ਆ ਕੇ ਉਪਰੋਂ ਬਾਬਾ ਜੀ ਤੇ ਪਹਾੜ ਡੇਗ ਦਿਤਾ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪੰਜੇ ਉਤੇ ਰੋਕ ਲਿਆ। ਫਲਸਰੂਪ ਪੱਥਰ ਉਤੇ ਪੰਜੇ ਦਾ ਨਿਸ਼ਾਨ ਲਗ ਗਿਆ। ਮਗਰੋਂ ਇਥੇ ਗੁਰਦੁਆਰਾ ਬਣਾ ਦਿਤਾ ਗਿਆ।

ਇਕ ਹੋਰ ਦੰਦ-ਕਥਾ ਅਨੁਸਾਰ, ਜੋ ਜਨਰਲ ਕਨਿੰਘਮ ਨੇ ਦਿਤੀ। ਗੁਰੂ ਨਾਨਕ ਤੇ ਵਲੀ ਕੰਧਾਰੀ ਕਿਸੇ ਪਿਛਲੇ ਜਨਮ ਵਿਚ ਮਿਲੇ ਸਨ। ਜਦੋਂ ਵਲੀ ਕੰਧਾਰੀ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਤਾਂ ਗੁਰੂ ਜੀ ਨੇ ਉਸ ਦੇ ਸਿਰ ਤੇ ਹੱਥ ਰਖ ਕੇ ਉਸ ਨੂੰ ਪਿਛਲੇ ਜਨਮ ਦਾ ਗਿਆਨ ਕਰਵਾ ਦਿਤਾ। ਗੁਰੂ ਨਾਨਕ ਦੇਵ ਜੀ ਨੇ ਫਿਰ ਆਪਣੇ ਆਪ ਨੂੰ ਪਾਣੀ ਵਿਚ ਤੇ ਵਲੀ ਨੂੰ ਹਵਾ ਵਿਚ ਤਬਦੀਲ ਕਰ ਦਿਤਾ ਤੇ ਉਹ ਦੋਵੇਂ ਇਸੇ ਰੂਪ ਵਿਚ ਹਰੋ ਨਗਰ ਪਹੁੰਚੇ ਜੋ ਹੁਣ ਹਸਨ ਅਬਦਾਲ ਅਖਵਾਉਂਦਾ ਹੈ। ਇਥੇ ਆ ਕੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਹੱਥ ਇਕ ਪਹਾੜੀ ਉਤੇ ਟਿਕਾਇਆ ਤੇ ਦੋਵੇਂ ਮੁੜ ਮਨੁੱਖੀ ਰੂਪ ਵਿਚ ਆ ਗਏ। ਉਦੋਂ ਹੀ ਬਾਬੇ ਦਾ ਪੰਜਾ ਪਹਾੜੀ ਵਿਚ ਲਗ ਗਿਆ ਅਤੇ ਉਦੋਂ ਤੋਂ ਹੀ ਇਥੇ ਪਾਣੀ ਫੁਟ ਰਿਹਾ ਹੈ ਤੇ ਠੰਡੀ ਠੰਡੀ ਹਵਾ ਚਲਦੀ ਰਹਿੰਦੀ ਹੈ।

ਇਹੋ ਅਸਥਾਨ ਨਾਗ-ਰਾਜਾ ਅਲਪਤਰਾ ਨਾਲ ਵੀ ਸੰਬੰਧਤ ਦਸਿਆ ਜਾਂਦਾ ਹੈ। ਜਨਰਲ ਕਨਿੰਘਮ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਵਲੀ ਕੰਧਾਰੀ ਦੀ ਕਥਾ ਮਹਾਤਮਾ ਬੁਧ ਤੇ ਨਾਗਰਾਜਾ ਅਲਪਤਰਾ ਦੀ ਦੰਦ-ਕਥਾ ਦਾ ਹੀ ਬਦਲਿਆ ਰੂਪ ਹੈ।

(ਪ-55) **ਪੰਜਾਬ** :

(1) ਦੇਸ਼; ਪੰਜਾਬ ਭਾਰਤ ਦੇ ਉੱਤਰ ਪਛਮ ਵਲ ਇਕ ਬੜਾ ਖ਼ੂਬਸੂਰਤ ਟੁਕੜਾ ਹੈ, ਜਿਸ ਦੀ ਸੁਹਾਵਣੀ ਗੋਦ ਵਿਚ, ਮੁੱਢ ਕਦੀਮ ਤੋਂ ਪੰਜ ਦਰਿਆ ਅਠਖੇਲੀਆਂ ਕਰ ਰਹੇ ਹਨ। ਇਥੋਂ ਦੀ ਭੋਇੰ ਬੜੀ ਜ਼ਰਖ਼ੇਜ਼, ਰੁੱਤਾਂ ਬੜੀਆਂ ਮਿੱਠੀਆਂ ਤੇ ਕੁਦਰਤੀ ਦ੍ਰਿਸ਼ ਬੜੇ ਮਨਮੋਹਣੇ ਹਨ। ਇਹੋ ਉਹ ਧਰਤੀ ਹੈ, ਜਿਥੇ ਵੈਦਿਕ ਸੰਸਕ੍ਰਿਤੀ ਜੰਮੀ ਪਲੀ ਤੇ ਜਵਾਨ ਹੋਈ। ਇਥੇ ਹੀ, ਸੰਸਾਰ ਦਾ ਸਭ ਤੋਂ ਪ੍ਰਾਚੀਨ ਗ੍ਰੰਥ ਰਿਗ ਵੇਦ ਰਚਿਆ ਗਿਆ। ਮੂਰਤੀ ਕਲਾ ਦੀ ਗੰਧਾਰ ਸ਼ੈਲੀ ਏਥੇ ਹੀ ਵਧੀ ਫੂਲੀ ਤੇ ਨਿਖਰੀ। ਹੜੱਪਾ ਤੇ ਰੋਪੜ ਦੀਆਂ ਖੁਦਾਈਆਂ ਤੋਂ ਪਤਾ ਚਲਦਾ ਹੈ ਕਿ ਹਜ਼ਰਤ ਈਸਾ ਤੋਂ ਛੇ ਸਤ ਹਜ਼ਾਰ ਸਾਲ ਪਹਿਲਾਂ, ਜਦੋਂ ਸੰਸਾਰ ਦੇ ਬਹੁਤੇ ਲੋਕ ਅੰਧਕਾਰ-ਯੁਗ ਵਿਚ ਸਨ, ਇਥੇ ਸਭਿਅਤਾ ਪੂਰੇ ਜੋਬਨ ਉਤੇ ਸੀ। ਲੋਕੀਂ ਪੱਕੇ ਮਕਾਨਾਂ ਤੇ ਜੁਗਤ ਨਾਲ ਬਣਾਏ ਨਗਰਾਂ ਵਿਚ ਵਸਦੇ ਤੇ ਵਾਹੀ ਖੇਤੀ ਕਰਕੇ ਪੇਟ ਪਾਲਦੇ ਸਨ। ਕਈ ਮਾਨਵ-ਸ਼ਾਸਤ੍ਰੀ ਤਾਂ ਪੰਜਾਬ ਨੂੰ ਹੀ ਹਿੰਦੀ-ਆਰਿਆਈ ਕਬੀਲਿਆਂ ਦਾ ਮੂਲ ਨਿਵਾਸ ਅਸਥਾਨ ਮੰਨਦੇ ਹਨ ਤੇ ਉਨ੍ਹਾਂ ਦਾ ਮਤ ਹੈ ਕਿ ਇਥੋਂ ਹੀ ਆਰੀਆ ਜਾਤੀ ਦੇ ਲੋਕ, ਕਈ ਸ਼ਾਖਾਂ ਵਿਚ ਸਮੇਂ ਸਮੇਂ ਸੰਸਾਰ ਵਿਚ ਖਿੰਡੇ। ਪੰਜਾਬ ਸੰਸਾਰ ਦੀ ਸਭ ਤੋਂ ਪ੍ਰਾਚੀਨ ਧਰਤੀ ਵੀ ਮੰਨੀ ਜਾਂਦੀ ਹੈ। ਸ਼ਤਪਥ ਬ੍ਰਾਹਮਣ ਅਨੁਸਾਰ ਜਲ-ਪਰਲੋ ਪਿਛੋਂ ਸ੍ਰਿਸ਼ਟੀ ਦੀ ਪੁਨਰ ਰਚਨਾ ਇਥੋਂ ਹੀ ਆਰੰਭ ਹੋਈ। ਇਸ ਟੁਕੜੇ ਨੂੰ ਦੇਵਤਿਆਂ ਨੇ ਆਪਣੇ ਹੱਥਾਂ ਨਾਲ ਘੜਿਆ।

ਭੂਗੋਲਿਕ ਸਥਿਤੀ ਸਦਕਾ ਪੰਜਾਬ ਕਈ ਸਦੀਆਂ ਤਕ,

ਭਾਰਤ ਦਾ ਮੁੱਖ-ਦਵਾਰ ਬਣਿਆ ਰਿਹਾ। ਪੁਰਾਣੇ ਜ਼ਮਾਨੇ ਵਿਚ ਸਭ ਪ੍ਰਦੇਸੀ ਹਮਲਾਵਰ—ਈਰਾਨੀ, ਯੂਨਾਨੀ, ਸਿਥੀਅਨ, ਪਾਰਥੀਅਨ, ਹੂਣ, ਤੁਰਕ ਤੇ ਮੰਗੋਲ ਆਦਿ, ਪੰਜਾਬ ਵਲੋਂ ਹੀ ਭਾਰਤ ਵਿਚ ਆਏ ਅਤੇ ਇਥੋਂ ਦੇ ਨਰੋਏ ਸਰੀਰ ਤੇ ਤਕੜੇ ਦਿਲ-ਜਿਗਰੇ ਵਾਲੇ ਪੰਜਾਬੀਆਂ ਨੂੰ, ਹਮੇਸ਼ਾਂ ਹੀ ਉਨ੍ਹਾਂ ਦੇ ਹੱਲਿਆਂ ਦੀ ਪਹਿਲੀ ਜ਼ੋਰਦਾਰ ਝਾਲ ਝਲਣੀ ਪਈ। ਇਸੇ ਲਈ ਪੰਜਾਬੀਆਂ ਦੇ ਖ਼ੂਨ ਵਿਚ ਬਲ, ਸਾਹਸ ਤੇ ਸਵੈ-ਮਾਨ ਬਾਕੀ ਪ੍ਰਾਂਤਾਂ ਦੇ ਲੋਕਾਂ ਨਾਲੋਂ ਵਧੇਰੇ ਮਾਤਰਾ ਵਿਚ ਹੈ। ਅਤੇ ਇਹ ਰਣ-ਤੱਤੇ ਵਿਚ ਜੂਝਣ ਲਈ ਅਠਖੇਲੀਆਂ ਲੈਂਦੇ ਨਿੱਤਰਦੇ ਹਨ। ਭਾਰਤ ਦੀ ਇੱਜ਼ਤ ਤੇ ਸ਼ਾਨ ਦਾ ਰਾਖਾ ਹੋਣ ਕਰ ਕੇ, ਪੰਜਾਬ ਨੂੰ 'ਭਾਰਤ ਦੀ ਖੜੱਗ ਭੁਜਾ' ਅਖਵਾਣ ਦਾ ਮਾਣ ਪ੍ਰਾਪਤ ਹੈ।

ਪੰਜਾਬ ਦੀਆਂ ਭੂਗੋਲਿਕ ਹੱਦਾਂ ਸਦਾ ਇਕਸਾਰ ਨਹੀਂ ਰਹੀਆਂ ਅਤੇ ਰਾਜਸੀ ਉਥਲ-ਪੁਥਲਾਂ ਨਾਲ ਹਮੇਸ਼ਾ ਸੁੰਗੜਦੀਆਂ ਤੇ ਫੈਲਦੀਆਂ ਰਹੀਆਂ ਹਨ ਤੇ ਉਸੇ ਅਨੁਸਾਰ ਇਸ ਦੇਸ਼ ਦਾ ਨਾਂ ਵੀ ਬਦਲਦਾ ਰਿਹਾ। ਵੈਦਿਕ ਕਾਲ ਸਮੇਂ ਇਸ ਧਰਤੀ ਨੂੰ ਸਪਤ-ਸਿੰਧੂ ਕਹਿੰਦੇ ਸਨ, ਉਦੋਂ ਚੜ੍ਹਦੇ ਵਲ ਸਰਸਵਤੀ ਤੇ ਲਹਿੰਦੇ ਵਲ ਅਟਕ (ਸਿੰਧ) ਦਰਿਆ ਇਸ ਦੀਆਂ ਹੱਦਾਂ ਸਨ। ਵਿਚਕਾਰ ਪੰਜ ਹੋਰ ਦਰਿਆ, ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ ਵਗਣ ਕਰਕੇ ਸੱਤਾਂ ਦਰਿਆਵਾਂ ਵਾਲੀ ਇਹ ਸੁੰਦਰ ਧਰਤੀ ਸਪਤ-ਸਿੰਧੂ ਅਖਵਾਉਂਦੀ ਸੀ। ਪਾਰਸੀਆਂ ਦੇ ਧਰਮ ਗ੍ਰੰਥ ਜ਼ਿੰਦ-ਅਵੇਸਤਾ ਵਿਚ ਪੰਜਾਬ ਲਈ, 'ਹਫ਼ਤ ਹਿੰਦੂ' ਨਾਮ ਵਰਤਿਆ ਮਿਲਦਾ ਹੈ, ਜੋ ਸਪਤ ਸਿੰਧੂ ਦਾ ਹੀ ਈਰਾਨੀ ਰੂਪ ਹੈ। ਪਿਛੋਂ ਮੁਸਲਮਾਨਾਂ ਦੇ ਰਾਜ ਸਮੇਂ ਇਸੇ ਭੂਮੀ ਦਾ ਨਾਂ 'ਪੰਜਾਬ' ਪੈ ਗਿਆ ਭਾਵ ਪੰਜਾਂ ਦਰਿਆਵਾਂ ਦੀ ਧਰਤੀ। ਉਦੋਂ ਤਕ, ਚੜ੍ਹਦੇ ਵਲ ਦੀ ਸਰਸਵਤੀ ਸੁਕ ਕੇ ਇਕ ਕਸੀ ਦੀ ਸ਼ਕਲ ਵਿਚ ਵਗਣ ਲਗ ਪਈ ਸੀ ਅਤੇ ਲਹਿੰਦੇ ਵਲ ਸਿੰਧ ਦਰਿਆ ਦਾ ਇਲਾਕਾ ਪੰਜਾਬ ਨਾਲੋਂ ਅੱਡ ਹੋ ਚੁਕਾ ਸੀ।

ਪੰਜਾਬ ਸ਼ਬਦ ਫ਼ਾਰਸੀ ਦੇ ਦੋ ਸ਼ਬਦਾਂ 'ਪੰਜ' ਤੇ 'ਆਬ' ਦਾ ਸਮਾਸ ਹੈ। ਜਿਸ ਦੇ ਅਰਥ ਹਨ—ਪੰਜ ਪਾਣੀ। ਪੰਜਾਬ ਦੇ ਪੰਜੇ ਦਰਿਆ ਭਾਰਤ ਦੇ ਉੱਤਰੀ ਪਹਾੜਾਂ ਵਿਚੋਂ ਨਿਕਲਦੇ ਹਨ ਤੇ ਸਾਰੇ ਪੰਜਾਬ ਉਤੇ ਖੁਲ੍ਹੇ ਹੱਥ ਦੀਆਂ ਉਂਗਲਾਂ ਵਾਂਗ ਪਸਰੇ ਹੋਏ ਹਨ। ਪੂਰਬ ਵਲ ਸਤਲੁਜ ਤੇ ਬਿਆਸ ਅਤੇ ਪੱਛਮ ਵਲ ਰਾਵੀ, ਝਨਾਂ ਤੇ ਜਿਹਲਮ ਇਕੱਠੇ ਹੋ ਕੇ ਵਗਦੇ ਹਨ ਤੇ ਇਨ੍ਹਾਂ ਦਾ ਸੰਗਮ ਮੁਲਤਾਨ ਤੋਂ 90 ਮੀਲ ਦੂਰ, ਮਿਠਨਕੋਟ ਦੇ ਨੇੜੇ 'ਪੰਜ ਨਦ' ਉਤੇ ਹੁੰਦਾ ਹੈ ਜਿਥੋਂ ਇਹ ਸਿੰਧ ਵਿਚ ਜਾ ਸਮਾਂਦੇ ਹਨ। ਸਥਾਨਿਕ ਨਾਂ 'ਪੰਜ ਨਦ' ਤੋਂ ਹੀ ਇਸ ਭੂ-ਖੰਡ ਨੂੰ 'ਪੰਜ-ਨਦ' ਕਿਹਾ ਜਾਣ ਲੱਗਾ। ਰਮਾਇਣ ਤੇ ਮਹਾਂਭਾਰਤ ਵਿਚ ਇਸ ਖੰਡ ਦਾ ਇਹੋ ਨਾਂ ਮਿਲਦਾ ਹੈ। ਪੰਜਾਬ ਇਸੇ ਪੰਜ-ਨਦ ਦਾ ਫ਼ਾਰਸੀ ਰੂਪ ਹੈ, ਜੋ ਮੁਸਲਮਾਨਾਂ ਦੇ ਰਾਜ ਵੇਲੇ ਪ੍ਰਚਲਤ ਹੋ ਗਿਆ। ਪੰਜਾਬ (ਪੰਜ-ਆਬ) ਸ਼ਬਦ ਸਭ ਤੋਂ ਪਹਿਲਾਂ ਅਮੀਰ ਖ਼ੁਸਰੋ ਦੀ ਰਚਨਾਵਾਂ ਵਿਚ ਵਰਤਿਆ ਮਿਲਦਾ ਹੈ।

ਭਾਰਤ ਦੇ ਸੁਤੰਤਰ ਹੋਣ ਤੋਂ ਪਹਿਲਾਂ ਦਾ ਪੰਜਾਬ ਇਕ ਬੜਾ ਵਿਸ਼ਾਲ ਖੰਡ ਸੀ। ਉੱਤਰ ਵਲ ਇਹ ਹਿਮਾਲਾ ਤੇ ਸ਼ਿਵਾਲਕ ਦੀਆਂ ਪਹਾੜੀਆਂ ਤਕ ਫੈਲਿਆ ਹੋਇਆ ਸੀ। ਪੱਛਮ ਵਲ, ਸਿੰਧ ਦਰਿਆ, ਇਸ ਨੂੰ ਉਤਰ-ਦੱਖਣੀ ਸਰਹੱਦੀ ਸੂਬੇ ਦੇ ਪਠਾਨੀ ਇਲਾਕੇ ਤੋਂ ਨਿਖੇੜਦਾ ਸੀ। ਦੱਖਣ ਵਲ, ਇਕ ਪਾਸੇ ਇਹ ਸਿੰਧ ਦੇ ਸੂਬੇ ਤੇ ਦੂਜੇ ਪਾਸੇ ਰਾਜਪੂਤਾਨੇ ਨੂੰ ਜਾ ਛੂੰਹਦਾ ਸੀ। ਜਮਨਾ ਇਸ ਦੀ ਪੂਰਬੀ ਹੱਦ ਸੀ। ਦੇਸ਼ ਦੀ ਅਜ਼ਾਦੀ ਸਮੇਂ, ਰਾਜਸੀ ਕਾਰਨਾਂ ਕਰਕੇ, ਪੰਜਾਬ ਨੂੰ ਦੋ ਟੁਕੜਿਆਂ ਵਿਚ ਵੰਡਿਆ ਗਿਆ। ਚੜ੍ਹਦਾ ਟੁਕੜਾ ਭਾਰਤ ਦਾ ਹੀ ਅੰਗ ਰਿਹਾ, ਪਰ ਲਹਿੰਦੇ ਦਾ ਖੇਤਰ ਨਵੇਂ ਬਣੇ ਮੁਲਕ ਪਾਕਿਸਤਾਨ ਦਾ ਹਿੱਸਾ ਬਣ ਗਿਆ। ਰਾਵੀ ਦਰਿਆ ਦਾ ਪੂਰਬੀ ਕੰਢਾ ਹੀ ਬਹੁਤ ਥਾਈਂ ਦੋਹਾਂ ਪੰਜਾਬਾਂ ਦੀ ਹੱਦ ਬਣਿਆ।

ਭਾਰਤੀ ਪੰਜਾਬ ਦਾ ਪੁਨਰ-ਗਠਨ ਇਕ ਵਾਰ ਫਿਰ 1965 ਈ. ਵਿਚ, ਭਾਸ਼ਾ ਦੇ ਆਧਾਰ ਉਤੇ ਹੋਇਆ ਅਤੇ ਪੰਜਾਬ ਦੇ ਚੜ੍ਹਦੇ ਪਾਸਿਉਂ ਅੰਬਾਲੇ ਤਕ ਦਾ ਸਾਰਾ ਇਲਾਕਾ ਕਟ ਕੇ ਹਰਿਆਣਾ ਪ੍ਰਾਂਤ ਬਣਾਇਆ ਗਿਆ ਅਤੇ ਪੰਜਾਬ ਦੇ ਪਹਾੜੀ ਖੇਤਰ ਸ਼ਿਮਲਾ ਤੇ ਕਾਂਗੜਾ ਆਦਿ ਨੂੰ ਹਿਮਾਚਲ ਪ੍ਰਦੇਸ਼ ਵਿਚ ਮਿਲਾ ਦਿਤਾ ਗਿਆ। ਅਜੋਕਾ ਭਾਰਤੀ ਪੰਜਾਬ ਮੁਕਾਬਲਤਨ ਇਕ ਛੋਟੀ ਜਿਹੀ ਟੁਕੜੀ ਹੈ, ਜਿਸ ਵਿਚ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਫ਼ਿਰੋਜ਼ਪੁਰ, ਫ਼ਰੀਦਕੋਟ, ਅੰਮ੍ਰਿਤਸਰ, ਗੁਰਦਾਸਪੁਰ, ਬਠਿੰਡਾ, ਕਪੂਰਥਲਾ, ਪਟਿਆਲਾ, ਸੰਗਰੂਰ ਤੇ ਰੋਪੜ ਦੇ ਜ਼ਿਲੇ ਸ਼ਾਮਿਲ ਹਨ।

ਸਮੁੱਚਾ ਪੰਜਾਬ, ਪੰਜ ਕੁਦਰਤੀ ਦੁਆਬਿਆਂ ਵਿਚ ਵੰਡਿਆ ਹੋਇਆ ਹੈ। ਦੁਆਬਾ ਦੋ ਦਰਿਆਵਾਂ ਦੇ ਵਿਚਕਾਰ ਦੀ ਭੂਮੀ ਨੂੰ ਕਹਿੰਦੇ ਹਨ, ਜੋ ਭੂਗੋਲਿਕ ਤੌਰ ਤੇ ਪੂਰੀ ਇਕਾਈ ਹੁੰਦੀ ਹੈ। ਇਨ੍ਹਾਂ ਦੇ ਨਾਂ ਵੀ ਸੰਬੰਧਿਤ ਦਰਿਆਵਾਂ ਦੇ ਨਾਂਵਾਂ ਦੇ ਪਹਿਲੇ ਅੱਖਰਾਂ ਦੇ ਸੁਮੇਲ ਤੋਂ ਰਖੇ ਗਏ— ਬਿਸਤ, ਬਾਰੀ, ਰਚਨਾ, ਚਜ ਤੇ ਸਿੰਧ-ਸਾਗਰ ਦੁਆਬ ਦੁਆਬਿਆਂ ਦੇ ਇਹ ਨਾਂ ਵੀ ਮੁਸਲਮਾਨੀ ਰਾਜ ਸਮੇਂ ਪ੍ਰਚਲਤ ਹੋਏ। ਪ੍ਰਾਚੀਨ ਤੇ ਮਧ-ਕਾਲੀਨ ਸਮਿਆਂ ਵਿਚ ਭਿੰਨ ਭਿੰਨ ਖੇਤਰ ਵਿਚ ਵਖੋ ਵਖ ਜਾਤੀਆਂ ਤੇ ਕਬੀਲਿਆਂ ਦਾ ਸਮੇਂ ਸਮੇਂ ਜ਼ੋਰ ਰਿਹਾ ਅਤੇ ਜਿਸ ਖੇਤਰ ਵਿਚ ਕਿਸੇ ਜਾਤੀ ਦੀ ਰਾਜ-ਸੱਤਾ ਦੀਰਘ ਕਾਲ ਤਕ ਰਹੀ, ਉਸ ਟੁਕੜੇ ਦਾ ਨਾਂ

ਉਸੇ ਜਾਤੀ ਦੇ ਨਾਂ ਉਤੇ ਪ੍ਰਸਿਧ ਹੋ ਗਿਆ। ਕਿਸੇ ਸਮੇਂ ਰਾਵੀ ਤੋਂ ਲੈ ਕੇ ਝਨਾਂ ਤਕ ਦਾ ਭੂ-ਖੰਡ 'ਮਦਰ ਦੇਸ' ਅਖਵਾਉਂਦਾ ਸੀ। ਇਸ ਦੀ ਰਾਜਧਾਨੀ ਸ਼ਾਕਲ (ਸਿਆਲਕੋਟ) ਸੀ। 'ਮਦਰ' ਆਰੀਆ ਜਾਤੀ ਦਾ ਹੀ ਇਕ ਵੱਡਾ ਕਬੀਲਾ ਸੀ, ਜਿਸ ਦਾ ਰਾਜ-ਪ੍ਰਤਾਪ ਇਸ ਭੂ-ਖੰਡ ਉਤੇ ਲੰਮੇ ਸਮੇਂ ਤਕ ਰਿਹਾ। ਪੁਰਾਣਾਂ ਤੇ ਮਹਾਂਭਾਰਤ ਵਿਚ 'ਮਦਰ ਦੇਸ' ਦਾ ਜ਼ਿਕਰ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ, ਬਚਿਤ੍ਰ ਨਾਟਕ ਵਿਚ ਵੀ ਪੰਜਾਬ ਦੇ ਇਕ ਭਾਗ ਲਈ ਇਹੋ ਨਾਂ ਵਰਤਿਆ ਹੈ ਜੋ ਇਸ ਗੱਲ ਦਾ ਸੂਚਕ ਹੈ ਕਿ ਇਹ ਨਾਂ ਉਦੋਂ ਵੀ ਬੜਾ ਬਹੁਤ ਪ੍ਰਚਲਤ ਸੀ।

ਹਜ਼ਰਤ ਈਸਾ ਤੋਂ ਕੁਝ ਸਦੀਆਂ ਪਹਿਲਾਂ ਸਿਥੀਅਨ ਕਬੀਲਿਆਂ ਨੇ ਪੰਜਾਬ ਉਤੇ ਧਾਵੇ ਬੋਲੇ। ਇਸ ਵਿਚੋਂ ਹੀ ਇਕ ਜਾਤੀ 'ਟੱਕਾ' ਸੀ ਜਿਸ ਦਾ ਬਿਆਸ ਤੇ ਝਨਾਂ ਦੇ ਵਿਚਕਾਰਲੇ ਇਲਾਕੇ ਵਿਚ ਲੰਮੇ ਸਮੇਂ ਤਕ ਰਾਜ-ਸੱਤਾ ਕਾਇਮ ਰਹੀ, ਜਿਸ ਕਰਕੇ ਇਹ ਖੇਤਰ ਕਾਫ਼ੀ ਸਮੇਂ ਤਕ, ਟੱਕ ਦੇਸ ਅਖਵਾਉਂਦਾ ਰਿਹਾ। ਪੱਛਮੀ ਪੰਜਾਬ ਦਾ ਇਕ ਭਾਗ 'ਕੇਕਯ' ਦੇਸ਼ ਨਾਲ ਪ੍ਰਸਿਧ ਰਿਹਾ। ਇਹ ਨਾਉਂ ਆਰੀਆ ਜਾਤੀ ਦੇ ਇਕ ਕਬੀਲੇ ਦੀ ਚੜ੍ਹਤ ਸਮੇਂ ਪਿਆ। ਰਾਜੇ ਦਸਰਥ ਦੀ ਛੋਟੀ ਰਾਣੀ ਇਸੇ ਕਬੀਲੇ ਦੇ ਰਾਜੇ ਦੀ ਧੀ ਹੋਣ ਕਰਕੇ ਕਕਈ ਅਖਵਾਉਂਦੀ ਸੀ।

ਅਜੋਕੇ ਮਾਲਵੇ ਦਾ ਨਾਉਂ ਇਥੇ ਵਸਦੀ ਮਾਲਵ ਜਾਂ ਮਲਈ ਜਾਤੀ ਦੇ ਚੜ੍ਹਤ ਸਮੇਂ ਤੋਂ ਚਲਿਆ ਆ ਰਿਹਾ ਹੈ। ਦੂਜੀ ਸਦੀ ਈਸਵੀ ਦੇ ਮੱਧ ਵਿਚ ਇਸ ਜਾਤੀ ਦੇ ਲੋਕ ਪੰਜਾਬ ਛੱਡ ਕੇ ਰਾਜਪੂਤਾਨੇ ਜਾ ਵਸੇ ਤੇ ਉਥੋਂ ਅਗੇ ਮੱਧ-ਭਾਰਤ ਵਿਚ ਫੈਲ ਗਏ। ਕੁਝ ਹੋਰ ਖੇਤਰਾਂ ਦੇ ਨਾਉਂ ਪੋਠੋਹਾਰ, ਅਵਾਣਕਾਰੀ ਆਦਿ ਵੀ ਪੋਠ ਤੇ ਅਵਾਣ ਜਾਤੀਆਂ ਦੇ ਨਾਉਂ ਉਤੇ ਹੀ ਪ੍ਰਚਲਤ ਹੋਏ।

ਪੰਜਾਬ ਦੇ ਵਖ ਵਖ ਖੇਤਰਾਂ ਦੇ ਇਲਾਕਾਈ ਨਾਂ ਜੋ ਅੱਜ ਕਲ੍ਹ ਪ੍ਰਚਲਤ ਹਨ, ਇਸ ਪ੍ਰਕਾਰ ਹਨ—ਲਹਿੰਦਾ, ਧਨੀ, ਪੋਠੋਹਾਰ, ਬਾਰ (ਸਾਂਦਲ, ਗੰਜੀ ਤੇ ਨੀਲੀ) ਮਾਝਾ, ਦੁਆਬਾ, ਮਾਲਵਾ, ਤੇ ਪੁਆਧ। ਧਨੀ-ਪੋਠੋਹਾਰ ਤੇ ਬਾਰਾਂ ਦਾ ਭੂ-ਖੰਡ ਪਾਕਿਸਤਾਨ ਦਾ ਅੰਗ ਬਣ ਗਿਆ ਹੈ ਅਤੇ ਪੁਆਧ ਦਾ ਇਲਾਕਾ ਹਰਿਆਣੇ ਦਾ। ਬਾਕੀ ਦੇ ਭਾਗ ਮਾਝਾ, ਦੁਆਬਾ ਤੇ ਮਾਲਵਾ ਹੀ ਭਾਰਤੀ ਪੰਜਾਬ ਵਿਚ ਰਹਿ ਗਏ ਹਨ। ਮਾਲਵਾ ਸਤਲੁਜ ਦੇ ਪੂਰਬ ਵਲ ਹੈ ਅਤੇ ਇਸ ਵਿਚ ਫ਼ਿਰੋਜ਼ਪੁਰ ਤੇ ਲੁਧਿਆਣੇ ਦੇ ਜ਼ਿਲੇ ਅਤੇ ਪੁਰਾਣੀਆਂ ਦੇਸੀ ਰਿਆਸਤਾਂ ਪਟਿਆਲਾ, ਨਾਭਾ, ਫ਼ਰੀਦਕੋਟ ਤੇ ਮਲੇਰਕੋਟਲਾ ਸ਼ਾਮਲ ਹਨ। ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲੇ ਮਾਝੇ ਵਿਚ ਆਉਂਦੇ ਹਨ ਅਤੇ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਦੇ ਜ਼ਿਲੇ ਦੁਆਬੇ ਵਿਚ। ਇਨ੍ਹਾਂ ਤਿੰਨਾਂ ਇਲਾਕਿਆਂ ਵਿਚ ਵੱਖੋ ਵੱਖਰੀਆਂ ਉਪ-ਭਾਖਾਵਾਂ ਤਰਤੀਬਵਾਰ ਮਲਵਈ, ਮਾਝੀ ਤੇ ਦੁਆਬੀ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਤਿੰਨ ਖੇਤਰਾਂ ਦੀ ਰਹਿਣੀ ਬਹਿਣੀ ਚੱਜ-ਆਚਾਰ ਤੇ ਰਹੁ-ਰੀਤੀਆਂ ਵਿਚ ਵੀ ਕੁਝ ਭਿੰਨਤਾ-ਸੁਭਿੰਨਤਾ ਪ੍ਰਤੱਖ ਵਿਖਾਈ ਦੇਂਦੀ ਹੈ।

(2) ਇਤਿਹਾਸ : ਪੰਜਾਬ ਨੇ ਭਾਰਤ ਦੇ ਇਤਿਹਾਸ ਦੀ ਰੂਪ-ਰੇਖਾ ਘੜਨ ਵਿਚ ਬੜਾ ਬਲਵਾਨ ਹਿੱਸਾ ਪਾਇਆ ਹੈ। ਇਥੋਂ ਦੇ ਵਾਸੀ ਮੁੱਢ ਕਦੀਮ ਤੋਂ ਹੀ ਬੜੇ ਉਦਮੀ, ਸਾਹਸੀ ਤੇ ਪ੍ਰਾਕ੍ਰਮੀ ਰਹੇ ਹਨ। ਇਸ ਧਰਤੀ ਦਾ ਇਤਿਹਾਸ ਬੜਾ ਪੁਰਾਣਾ ਹੈ। ਹੜੱਪਾ ਤੇ ਰੋਪੜ ਦੀਆਂ ਖੁਦਾਈਆਂ ਨੇ ਸਿਧ ਕਰ ਦਿਤਾ ਹੈ ਕਿ ਇਥੇ ਆਰੀਆ ਜਾਤੀ ਤੋਂ ਪਹਿਲਾਂ ਵੀ ਕੋਈ ਪ੍ਰਾਚੀਨ ਸਭਿਅਤਾ ਉਨਤੀ ਦੇ ਸਿਖਰ ਉਤੇ ਪੁਜੀ ਹੋਈ ਸੀ। ਜੋ ਪਿਛੋਂ ਕਈ ਤਰ੍ਹਾਂ ਦੀਆਂ ਰਾਜਸੀ ਉਪਰਥਲੀਆਂ ਕਾਰਨ ਤਬਾਹ ਹੋ ਗਈ। ਇਸ ਸਭਿਅਤਾ ਨੂੰ ਇਤਿਹਾਸਕਾਰ ਸਿੰਧੂ ਸਭਿਅਤਾ ਦੇ ਨਾਂ ਨਾਲ ਯਾਦ ਕਰਦੇ ਹਨ, ਜਿਸ ਦਾ ਇਤਿਹਾਸ ਅਤੀਤ ਵਿਚ ਗੁੰਮ ਹੈ।

ਪੰਜਾਬ ਦਾ ਵਰਤਮਾਨ ਇਤਿਹਾਸ ਆਰੀਆ ਜਾਤੀ ਤੋਂ ਆਰੰਭ ਹੁੰਦਾ ਹੈ। ਇਨ੍ਹਾਂ ਤੋਂ ਪਹਿਲਾਂ ਜਿਹੜੇ ਲੋਕ ਇਥੇ ਵਸਦੇ ਸਨ, ਉਨ੍ਹਾਂ ਦਾ ਆਰੀਆ ਜਾਤੀ ਦੇ ਗ੍ਰੰਥਾਂ ਵਿਚ 'ਦਸਿਯੂ' ਜਾਂ ਦਾਸ ਨਾਉਂ ਨਾਲ ਜ਼ਿਕਰ ਆਉਂਦਾ ਹੈ। ਆਰੀਆ ਨੇ ਇਨ੍ਹਾਂ ਦੀ ਸਭਿਅਤਾ ਨੂੰ ਮੂਲੋਂ ਹੀ ਨਸ਼ਟ ਕਰ ਦਿਤਾ। ਕੁਝ 'ਦਸਿਯੂ' ਤਾਂ ਦੱਖਣ ਵਲ ਧੱਕ ਦਿਤੇ ਤੇ ਬਾਕੀ ਰਹਿੰਦੇ ਗ਼ੁਲਾਮ ਬਣਾ ਲਏ। ਪੰਜਾਬ ਦੇ ਦਰਿਆਵਾਂ ਦੇ ਸੁਹਾਵਣੇ ਕੰਢਿਆਂ ਉਤੇ ਹੀ ਆਰੀਆਂ ਨੇ ਆਪਣਾ ਮੁਢਲਾ ਗ੍ਰੰਥ 'ਰਿਗ ਵੇਦ' ਰਚਿਆ। ਪੰਜਾਬ ਦਾ ਮੁਢਲਾ ਇਤਿਹਾਸ ਸੰਕੇਤ ਮਾਤਰ ਇਸੇ ਵਿਚ ਅੰਕਿਤ ਹੈ। ਇਸੇ ਵੀਰ ਭੂਮੀ ਉਤੇ, ਈਸਾ ਤੋਂ ਚੋਦਾਂ ਕੁ ਸਦੀਆਂ ਪਹਿਲਾਂ ਕੁਰਖੇਤਰ ਦੇ ਮੈਦਾਨ ਵਿਚ, ਕੈਰੋਂ ਤੇ ਪਾਂਡਵਾਂ ਵਿਚ ਮਹਾਂਭਾਰਤ ਦਾ ਯੁਧ ਹੋਇਆ, ਜਿਸ ਵਿਚ ਹਿੰਦੁਸਤਾਨ ਦੇ ਕਈ ਵਡੇ ਵਡੇ ਰਾਜੇ ਸ਼ਾਮਲ ਹੋਏ।

ਪੰਜਾਬ 'ਤੇ ਹਜ਼ਰਤ ਈਸਾ ਤੋਂ ਪੰਜ ਸਦੀਆਂ ਪਹਿਲਾਂ ਹੀ ਵਿਦੇਸ਼ੀ ਹੱਲੇ ਸ਼ੁਰੂ ਹੋ ਗਏ ਸਨ। ਇਸ ਦੇ ਇਕ ਭਾਗ ਸਿੰਧ-ਸਾਗਰ ਦੁਆਬ ਨੂੰ, ਈਰਾਨ ਦੇ ਬਾਦਸ਼ਾਹ ਦਾਰਾ ਨੇ ਜਿੱਤ ਕੇ ਆਪਣੇ ਅਧਿਕਾਰ ਹੇਠ ਕਰ ਲਿਆ ਸੀ। 326 ਬੀ.ਸੀ. ਵਿਚ ਯੂਨਾਨ ਦੇ ਬਾਦਸ਼ਾਹ ਸਿਕੰਦਰ ਨੇ ਈਰਾਨ ਨੂੰ ਫ਼ਤਹ ਕਰ ਕੇ ਪੰਜਾਬ 'ਤੇ ਹੱਲਾ ਬੋਲਿਆ। ਉਦੋਂ ਪੰਜਾਬ ਨਿੱਕੇ-ਨਿੱਕੇ ਜਨ-ਪਦਾਂ ਵਿਚ ਵੰਡਿਆ ਹੋਇਆ ਸੀ। ਤਖ਼ਸ਼ਿਲਾ ਦੇ ਰਾਜੇ ਅੰਭੀ ਨੇ ਤਾਂ ਸਿਕੰਦਰ ਅਗੇ ਘੁਟਨੇ ਟੇਕ ਦਿਤੇ, ਪਰ ਕੇਕੇਈ ਦੇਸ ਦੇ ਰਾਜੇ ਪੋਰਸ ਨੇ ਸਿਕੰਦਰ ਨਾਲ ਜ਼ਬਰਦਸਤ ਲੋਹਾ ਲੈ ਕੇ ਪੰਜਾਬੀਆਂ ਦਾ ਸਿਰ ਉੱਚਾ

ਕਰ ਦਿਤਾ। ਇਥੋਂ ਸਿਕੰਦਰ ਜਦੋਂ ਚੜ੍ਹਦੇ ਵਲ ਅਗੇ ਵਧਿਆ ਤਾਂ ਅਣਖੀਲੇ ਪੰਜਾਬੀਆਂ ਨੇ ਕਦਮ ਕਦਮ ਤੇ ਯੂਨਾਨੀ ਸਿਪਾਹੀਆਂ ਦੇ ਅਜਿਹੇ ਦੰਦ-ਖੱਟੇ ਕੀਤੇ ਕਿ ਉਹ ਬਿਆਸ ਤੋਂ ਅਗੇ ਪੈਰ ਪੁਟਣ ਦਾ ਸਾਹਸ ਹੀ ਨਾ ਕਰ ਸਕੇ। ਸਿਕੰਦਰ ਦਾ ਭਾਰਤ ਨੂੰ ਫ਼ਤਹਿ ਕਰਨ ਦਾ ਸੁਪਨਾ ਚੂਰ ਚੂਰ ਹੋ ਗਿਆ।

ਮਹਾਂ-ਸਿਕੰਦਰ ਪਿਛਾਂਹ ਮੁੜਦੇ ਸਮੇਂ ਕੁਝ ਯੂਨਾਨੀ ਸਿਪਾਹੀ ਪੰਜਾਬ ਵਿਚ ਛੱਡ ਗਿਆ। ਚੰਦਰ ਗੁਪਤ ਮੌਰੀਆ ਨੇ ਲੋਕਾਂ ਦੇ ਕੌਮੀ ਜਜ਼ਬੇ ਨੂੰ ਉਭਾਰਿਆ ਤੇ ਯੂਨਾਨੀਆਂ ਦੀ ਸੈਨਿਕ ਸ਼ਕਤੀ ਖੇਰੂੰ ਖੇਰੂੰ ਕਰ ਕੇ ਆਪਣਾ ਰਾਜ ਸਥਾਪਿਤ ਕਰ ਲਿਆ। ਮੌਰੀਆ ਘਰਾਣੇ ਦਾ ਰਾਜ ਡੇਢ ਕੁ ਸਾਲ ਰਿਹਾ। ਇਸ ਘਰਾਣੇ ਦੇ ਪਾਤਸ਼ਾਹਾਂ ਵਿਚੋਂ ਅਸ਼ੋਕ (273-232 ਬੀ.ਸੀ.) ਇਕ ਅਜਿਹਾ ਪਰਤਾਪੀ ਰਾਜਾ ਸੀ, ਜਿਸ ਦਾ ਵਿਸ਼ਵ ਦੇ ਇਤਿਹਾਸ ਵਿਚ ਆਪਣਾ ਨਵੇਕਲਾ ਸਥਾਨ ਹੈ। ਇਸ ਨੇ ਪਹਿਲੀ ਵਾਰ ਸਾਰੇ ਭਾਰਤ ਨੂੰ ਇਕ ਰਾਜਸੀ ਸੰਗਠਨ ਹੇਠ ਲਿਆ ਕੇ ਅਜਿਹੀਆਂ ਰਵਾਇਤਾਂ ਨੂੰ ਜਨਮ ਦਿਤਾ ਕਿ ਉਸ ਪਿਛੋਂ ਹਰ ਵਡੇ ਪਾਤਸ਼ਾਹ ਨੇ ਸਾਰੇ ਭਾਰਤ ਨੂੰ ਰਾਜਸੀ ਤੌਰ 'ਤੇ ਇਕ ਸੰਗਠਤ ਇਕਾਈ ਵਿਚ ਬੀੜਨ ਦਾ ਸੁਪਨਾ ਲਿਆ। ਅਸ਼ੋਕ ਦੇ ਸਮੇਂ ਰਾਜ-ਧਰਮ ਬੁੱਧ ਸੀ ਅਤੇ ਰਾਜਧਾਨੀ ਤਖਸ਼ਿਲਾ। ਇਸ ਲਈ ਪੰਜਾਬੀਆਂ ਦੇ ਜੀਵਨ, ਵਿਚਾਰਧਾਰਾ, ਤੇ ਚੱਜ ਅਚਾਰ ਉਤੇ ਬੋਧੀ ਦਰਸ਼ਨ ਤੇ ਰਹੁ-ਰੀਤੀਆਂ ਦਾ ਡੂੰਘਾ ਅਸਰ ਪਿਆ। ਪੰਜਾਬ ਵਿਚ ਅਨੇਕਾਂ ਬੋਧੀ ਸਤੂਪ, ਵਿਹਾਰ ਤੇ ਮੱਠ ਕਾਇਮ ਹੋਏ, ਜਿਨ੍ਹਾਂ ਨੂੰ ਪਿਛੋਂ ਬਦੇਸ਼ੀਆਂ ਧਾਵੜੀਆਂ ਨੇ ਨਸ਼ਟ ਕਰ ਦਿਤਾ। ਬੋਧੀਆਂ ਦਾ ਸਭ ਤੋਂ ਵੱਡਾ ਵਿਸ਼ਵ-ਵਿਦਿਆਲਾ ਤਖਸ਼ਿਲਾ ਵਿਚ ਸਥਿਤ ਸੀ, ਜਿਥੇ ਦੂਰੋਂ ਦੂਰੋਂ ਵਿਦਵਾਨ ਲੋਕ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਆਉਂਦੇ ਸਨ। ਪ੍ਰਸਿਧ ਵਿਆਕਰਣੀ ਪਾਣਨੀ ਤੇ ਅਰਥ-ਸ਼ਾਸਤਰੀ ਚਾਣਕਯ ਇਸੇ ਵਿਸ਼ਵ ਵਿਦਿਆਲੇ ਦੇ ਵਿਦਿਆਰਥੀ ਸਨ।

ਅਗਲੀਆਂ ਕੁਝ ਸਦੀਆਂ ਧਾੜਵੀਆਂ ਨੇ ਪੰਜਾਬੀਆਂ ਨੂੰ ਸੁੱਖ ਦਾ ਸਾਹ ਨਾ ਲੈਣ ਦਿਤਾ। ਦੂਜੀ ਸਦੀ ਪੂਰਬੀ ਤੋਂ ਸਤਵੀਂ ਸਦੀ ਈਸਵੀ ਤਕ, ਨੌਂ ਸੌ ਸਾਲ, ਪੰਜਾਬ 'ਤੇ ਉਪਰਥਲੀ ਸ਼ਕ, ਪਾਰਥੀਅਨ, ਕੁਸ਼ਾਨ ਜਾਂ ਯੂਇ-ਚੀ, ਹੂਣ ਤੇ ਕੁਝ ਹੋਰ ਏਸ਼ਿਆਈ ਕਬੀਲੇ ਧਾਵੇ ਬੋਲਦੇ ਰਹੇ। ਸ਼ਕ ਭਾਵੇਂ ਪੰਜਾਬ ਵਿਚ ਕੋਈ ਮਜ਼ਬੂਤ ਰਾਜ ਕਾਇਮ ਨਾ ਕਰ ਸਕੇ, ਪਰ ਉਨ੍ਹਾਂ ਨੇ ਬਾਖਤਰੀ ਯੂਨਾਨੀਆਂ ਦੀਆਂ ਸਫ਼ਾਂ ਵਲ੍ਹੇਟ ਦਿਤੀਆਂ। ਸ਼ਕ ਭਾਰਤ ਉਤੇ ਰਾਜ ਕਰਨ ਦੇ ਸੁਪਨੇ ਹੀ ਲੈ ਰਹੇ ਸਨ ਕਿ ਮਾਲਵੇ ਦੇ ਰਾਜੇ ਗੌਤਮੀ ਪੁਤਰ ਸ਼ਾਤਕਰਣਿ (ਸਾਤਵਾਹਨ) ਨੇ, ਉਜੈਨ ਵਿਚ ਸ਼ਕਾਂ ਉਤੇ ਵਿਜੈ ਪਾ ਕੇ ਉਨ੍ਹਾਂ ਦੇ ਵਧਦੇ ਹੜ੍ਹ ਨੂੰ ਠਲ੍ਹ ਪਾ ਦਿਤੀ। ਇਸ ਇਤਿਹਾਸਕ ਜਿੱਤ ਦੀ ਖ਼ੁਸ਼ੀ ਵਿਚ ਉਸ ਨੇ ਇਕ ਨਵਾਂ ਸੰਮਤ ਚਲਾਇਆ ਜੋ ਬਿਕਰਮੀ ਸੰਮਤ ਨਾਲ ਪ੍ਰਸਿਧ ਹੋਇਆ। ਇਹੋ ਸਾਤਵਾਹਨ ਪੰਜਾਬ ਵਿਚ ਰਾਜਾ ਸਾਲਵਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿਸ ਨਾਲ ਪੰਜਾਬ ਦੀਆਂ ਦੰਦ-ਕਥਾਵਾਂ ਦਾ ਸਭ ਤੋਂ ਵੱਡਾ ਕਥਾ-ਚੱਕਰ ਸਬੰਧਿਤ ਹੈ। ਲੂਣਾਂ ਤੇ ਇੱਛਰਾਂ ਇਸ ਦੀਆਂ ਪਤਨੀਆਂ ਸਨ ਅਤੇ ਪੂਰਨ ਭਗਤ ਤੇ ਰਸਾਲੂ ਦੋ ਪੁੱਤਰ ਸਨ। ਇਸ ਦੰਦ-ਕਥਾਵੀ ਪਰੰਪਰਾ ਨਾਲ ਪੰਜਾਬੀਆਂ ਦੀਆਂ ਭਾਵਨਾਵਾਂ ਸਭ ਤੋਂ ਵਧ ਜੁੜੀਆਂ ਹੋਈਆਂ ਹਨ।

ਪਾਰਥੀਅਨ ਕਬੀਲਿਆਂ ਨੇ ਪੰਜਾਬ ਦੇ ਇਤਿਹਾਸ ਵਿਚ ਕੋਈ ਖ਼ਾਸ ਹਿੱਸਾ ਨਹੀਂ ਪਾਇਆ। ਇਨ੍ਹਾਂ ਦਾ ਪ੍ਰਭਾਵ ਗੰਧਾਰ ਤੇ ਸਿੰਧ ਦੇ ਇਲਾਕੇ ਤਕ ਹੀ ਸੀਮਿਤ ਰਿਹਾ।

ਪਾਰਥੀਅਨ ਦੀ ਰਾਜਸੀ ਸ਼ਕਤੀ ਕਮਜ਼ੋਰ ਹੁੰਦਿਆਂ ਹੀ ਕੁਸ਼ਾਨ ਜਾਂ ਯੂਇ-ਚੀ ਕਬੀਲਿਆਂ ਨੇ ਕਬਜ਼ਾ ਜਮਾ ਲਿਆ। ਇਸ ਘਰਾਣੇ ਦਾ ਇਕ ਰਾਜਾ ਵਿਮਾਕਪਸ ਸੀ, ਜੋ ਪੰਜਾਬ ਦੀ ਲੋਕਧਾਰਾ ਵਿਚ ਰਾਜਾ ਸਿਰਕਪ ਦੇ ਨਾਉਂ ਨਾਲ ਪ੍ਰਸਿਧ ਹੈ। ਦੰਦ-ਕਥਾਵਾਂ ਅਨੁਸਾਰ ਇਹ ਸਿਰਾਂ ਦੀ ਬਾਜ਼ੀ ਲਗਾ ਕੇ ਦੂਜੇ ਰਾਜਿਆਂ ਨਾਲ ਜੂਆ ਵੀ ਖੇਡਦਾ ਸੀ ਤੇ ਚਲਾਕੀ ਨਾਲ ਬਾਜ਼ੀ ਜਿਤ ਕੇ, ਉਨ੍ਹਾਂ ਦੇ ਸਿਰ ਵੱਢ ਲਿਆ ਕਰਦਾ ਸੀ। ਪਰ ਰਾਜਾ ਰਸਾਲੂ ਅਗੇ ਇਸ ਦੀ ਚਾਲ ਸਫਲ ਨਾ ਹੋਈ ਤੇ ਹਾਰ ਗਿਆ। ਰਾਜਾ ਸਿਰਕਪ ਨੇ ਆਪਣੀ ਧੀ ਦਾ ਡੋਲਾ ਦੇ ਕੇ ਜਾਨ ਬਖ਼ਸ਼ਵਾਈ। ਕਨਿਸ਼ਕ ਵੀ ਇਸੇ ਘਰਾਣੇ ਵਿਚੋਂ ਸੀ, ਜੋ ਹਿੰਦੁਸਤਾਨ ਦੇ ਵਡੇ ਤੇ ਗੌਰਵ ਵਾਲੇ ਪਾਤਸ਼ਾਹਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਸ ਦੀ ਰਾਜਧਾਨੀ ਪਿਸ਼ਾਵਰ ਸੀ। ਕੁਸ਼ਾਨਾਂ ਪਿਛੋਂ ਕੁਝ ਚਿਰ ਗੁਪਤ ਘਰਾਣੇ ਦਾ ਰਾਜ ਰਿਹਾ।

ਪੰਜਵੀਂ ਸਦੀ ਈਸਵੀ ਦੇ ਅੰਤਲੇ ਦਹਾਕਿਆਂ ਵਿਚ ਹੂਣਾਂ ਦੀਆਂ ਵਹੀਰਾਂ ਪੰਜਾਬ ਵਲ ਵਧਣੀਆਂ ਸ਼ੁਰੂ ਹੋ ਗਈਆਂ ਸਨ। ਹੂਣਾਂ ਨੇ ਕਮਜ਼ੋਰ ਹੋ ਚੁਕੇ, ਗੁਪਤ ਘਰਾਣੇ ਤੋਂ ਰਾਜ ਖੋਹ ਲਿਆ। ਹੂਣਾਂ ਦੇ ਦੋ ਵੱਡੇ ਰਾਜੇ ਤੋਰਮਾਨ ਤੇ ਮਿਹਰਕੁਲ ਹੋਏ ਹਨ। ਜੈਨੀ ਰਵਾਇਤਾਂ ਅਨੁਸਾਰ ਤੋਰਮਾਨ ਨੇ ਜੈਨਮਤ ਧਾਰਨ ਕਰ ਲਿਆ ਸੀ। ਇਸ ਦੇ ਪੁੱਤਰ ਮਿਹਰਕੁਲ ਦੀ ਰਾਜਧਾਨੀ ਸ਼ਾਕਲ (ਸਿਆਲਕੋਟ) ਸੀ। ਮਿਹਰਕੁਲ ਸ਼ਿਵ ਭਗਤ ਸੀ ਤੇ ਇਸ ਨੇ ਬੋਧੀਆਂ ਤੇ ਬੜੇ ਅਤਿਆਚਾਰ ਢਾਹੇ। ਪਿਛੋਂ ਪ੍ਰਭਾਕਰ ਵਰਧਨ, ਜਿਸ ਨੇ ਥਾਨੇਸਰ ਵਿਚ ਰਾਜ ਸਥਾਪਿਤ ਕਰ ਲਿਆ ਸੀ, ਹੂਣਾਂ ਨੂੰ ਨਸ਼ਟ ਕਰ ਕੇ ਪੰਜਾਬੀਆਂ ਦਾ ਸਿਰ ਉੱਚਾ ਕਰ ਦਿੱਤਾ। ਇਸੇ ਦਾ ਪੁੱਤਰ ਹਰਸ਼ ਵਰਧਨ (606-647 ਈ.) ਬੜਾ ਪਰਤਾਪੀ ਰਾਜਾ ਹੋਇਆ। ਇਹ ਅਖ਼ੀਰਲਾ ਹਿੰਦੂ ਰਾਜਾ ਸੀ,

ਜਿਸ ਨੇ ਕਸ਼ਮੀਰ ਤੋਂ ਅਸਾਮ ਤਕ ਤੇ ਹਿਮਾਲਿਆ ਤੋਂ ਵਿੰਧਿਆਚਲ ਤਕ ਸਾਰੇ ਦੇਸ਼ ਨੂੰ ਇਕ ਰਾਜ-ਸੱਤਾ ਹੇਠ ਮੁੜ ਲੈ ਆਂਦਾ ।

ਹਰਸ਼ ਤੋਂ ਪਿਛੋਂ ਗਿਆਰਵੀਂ ਸਦੀ ਈਸਵੀ ਤਕ, ਪੰਜਾਬ ਤੇ ਹੋਰ ਉੱਤਰ ਭਾਰਤੀ ਰਾਜਪੂਤ ਰਾਜਿਆਂ ਦੀਆਂ ਨਿੱਕੀਆਂ ਨਿੱਕੀਆਂ ਖ਼ੁਦਮੁਖ਼ਤਾਰ ਰਿਆਸਤਾਂ ਵਿਚ ਵੰਡਿਆ ਗਿਆ । ਰਾਜਪੂਤਾਂ ਵਿਚੋਂ ਇਕੋ ਨਾਂ ਗੁੱਗੇ ਚੂਹਾਨ ਦਾ ਹੈ, ਜੋ ਪੰਜਾਬ ਦੀ ਲੋਕਧਾਰਾ ਵਿਚ ਉਭਰ ਕੇ ਆਇਆ । ਗੁੱਗੇ ਦੀਆਂ ਵਾਰਾਂ ਪੰਜਾਬ, ਹਰਿਆਣੇ ਤੇ ਰਾਜਸਥਾਨ ਵਿਚ ਗਾਈਆਂ ਜਾਂਦੀਆਂ ਹਨ । ਗੁੱਗਾ ਨੌਮੀ ਨੂੰ ਗੁੱਗੇ ਦੀ ਪੂਜਾ ਉੱਤਰੀ ਭਾਰਤ ਵਿਚ ਅਨੇਕ ਥਾਈਂ ਕੀਤੀ ਜਾਂਦੀ ਹੈ ।

ਅਗਲੀਆਂ ਸਤ ਕੁ ਸਦੀਆਂ ਪੰਜਾਬ ਉਤੇ ਮੁਸਲਮਾਨਾਂ ਦੀ ਹਕੂਮਤ ਰਹੀ । ਉਂਜ ਤਾਂ ਅਰਬੀ ਮੁਸਲਮਾਨ ਅਠਵੀਂ ਸਦੀ ਦੇ ਮੁੱਢ ਵਿਚ ਹੀ ਸਿੰਧ ਦੇ ਰਾਹ ਮੁਲਤਾਨ ਪੁਜ ਗਏ ਸਨ ਅਤੇ ਮੁਹੰਮਦ-ਬਿਨ-ਕਾਸਿਮ ਨੇ ਰਾਜਾ ਦਾਹਰ ਨੂੰ ਹਾਰ ਦੇ ਕੇ ਮੁਲਤਾਨ ਉਤੇ ਕਬਜ਼ਾ ਕਰ ਲਿਆ ਸੀ । ਹੌਲੀ ਹੌਲੀ ਮੁਲਤਾਨ ਮੁਸਲਮਾਨੀ ਅਦਬ ਤੇ ਸਭਿਅਤਾ ਦਾ ਗੜ੍ਹ ਬਣਨਾ ਸ਼ੁਰੂ ਹੋ ਗਿਆ ਸੀ । ਪਰ ਬਾਕੀ ਪੰਜਾਬ ਉਤੇ ਹਿੰਦੂਆਂ ਦਾ ਹੀ ਰਾਜ ਹੋਣ ਕਰਕੇ ਬਾਕੀ ਪੰਜਾਬ ਉਤੇ ਇਸ ਦਾ ਖ਼ਾਸ ਪ੍ਰਭਾਵ ਨਾ ਪਿਆ । ਗਿਆਰਵੀਂ ਸਦੀ ਦੇ ਮੁਢ ਵਿਚ ਗਜ਼ਨੀ ਦੇ ਸੁਲਤਾਨ ਮਹਿਮੂਦ ਨੇ ਭਾਰਤ ਉਤੇ 17 ਧਾਵੇ ਹਿੰਦੂ ਮੰਦਰਾਂ ਤੇ ਵਿਦਿਅਕ ਸੰਸਥਾਵਾਂ ਨੂੰ ਤਬਾਹ ਕਰਨ ਅਤੇ ਧਨ ਦੌਲਤ ਨੂੰ ਲੁਟਣ ਦੇ ਮਨੋਰਥ ਨਾਲ ਕੀਤੇ । ਉਸ ਦੇ ਹਰ ਹੱਲੇ ਦੀ ਪਹਿਲੀ ਝਾਲ ਪੰਜਾਬੀਆਂ ਨੇ ਹੀ ਝੱਲੀ । ਮਹਿਮੂਦ ਗਜ਼ਨਵੀ ਦਾ ਜੈਪਾਲ ਤੇ ਅਨੰਦ ਪਾਲ ਨੇ ਡੇਰਾ ਵਾਂਗ ਡਟ ਕੇ ਮੁਕਾਬਲਾ ਕੀਤਾ ਤੇ ਉਸਦੇ ਪੈਰ ਜੰਮਣ ਨਾ ਦਿਤੇ, ਪਿਛੋਂ ਮੁਹੰਮਦ ਗੌਰੀ ਨੇ ਭਾਰਤ ਉਤੇ ਹੱਲੇ ਬੋਲੇ ਤੇ ਤਰ ਤਰਾਵੜੀ ਦੀ ਲੜਾਈ ਵਿਚ ਇਕ ਪੰਜਾਬੀ ਰਾਜੇ ਗੋਵਿੰਦ ਰਾਏ ਨੇ ਮੁਹੰਮਦ ਗੌਰੀ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰ ਦਿਤਾ । ਪਰ ਅਗਲੇ ਸਾਲ ਉਸ ਨੇ ਫਿਰ ਹੱਲਾ ਬੋਲ ਕੇ ਜਿਤ ਪ੍ਰਾਪਤ ਕਰ ਲਈ । ਤੇ ਉੱਤਰੀ ਭਾਰਤ ਉਤੇ 1192 ਈ: ਵਿਚ ਇਥੇ ਮੁਸਲਮ ਰਾਜ ਸਥਾਪਤ ਕਰ ਦਿਤਾ । ਗੌਰੀ ਘਰਾਣੇ ਪਿਛੋਂ ਪੰਜਾਬ ਉਤੇ ਬਾਕੀ ਭਾਰਤ ਦੇ ਨਾਲ, ਉਪਰਥਲੀ ਕਈ ਮੁਸਲਮਾਨ ਰਾਜ ਘਰਾਣਿਆਂ ਜਿਵਾਂ ਕਿ ਗ਼ੁਲਾਮਾਂ (1206-1288) ਖ਼ਿਲਜੀ, (1288-1321) ਤੁਗ਼ਲਕ (1321-1413), ਸੱਯਦ (1414-1450) ਤੇ ਲੋਧੀ ਘਰਾਣੇ (1450-1526) ਨੇ ਹਕੂਮਤ ਕੀਤੀ । ਗ਼ੁਲਾਮ ਘਰਾਣੇ ਸਮੇਂ ਹੀ ਪੰਜਾਬ ਉੱਤੇ ਮੰਗੋਲਾਂ ਦੇ ਹੱਲੇ ਸ਼ੁਰੂ ਹੋਏ । ਚੰਗੇਜ਼ ਖ਼ਾਂ ਨੇ ਪੰਜਾਬ ਉਤੇ ਜੋ ਅਤਿਆਚਾਰ ਢਾਹੇ ਉਸ ਦੀ ਦੂਜੀ ਮਿਸਾਲ ਨਹੀਂ ਮਿਲਦੀ । ਚੰਗੇਜ਼ ਪਿਛੋਂ ਦੂਜਾ ਵੱਡਾ ਬਦੇਸ਼ੀ ਹੱਲਾ 1398 ਈ: ਵਿਚ ਤੈਮੂਰ ਦਾ ਹੋਇਆ, ਜਿਸਨੇ ਹਿੰਦੁਸਤਾਨ ਨੂੰ ਰਜ ਕੇ ਲੁਟਿਆ ਤੇ ਵਾਪਸ ਜਾਂਦਿਆਂ ਲੱਖਾਂ ਮਰਦ ਤੀਵੀਆਂ ਤੇ ਬੱਚੇ ਕੈਦੀ ਬਣਾ ਕੇ ਨਾਲ ਲੈ ਗਿਆ ।

ਲੋਧੀ ਘਰਾਣੇ ਦੇ ਮਗਰੋਂ ਬਾਬਰ ਨੇ ਮੁਗ਼ਲ ਘਰਾਣੇ ਦੀ ਸਥਾਪਨਾ ਕੀਤੀ । ਮੁਗ਼ਲ ਬਾਦਸ਼ਾਹ ਪੰਜਾਬ ਵਿਚ ਉਚੇਚੀ ਦਿਲਚਸਪੀ ਲੈਂਦੇ ਰਹੇ ਅਤੇ ਕਾਫ਼ੀ ਲੰਮੇ ਸਮੇਂ ਤਕ ਲਾਹੌਰ ਇਨ੍ਹਾਂ ਦਾ ਸਦਰ ਮੁਕਾਮ ਵੀ ਰਿਹਾ । ਅਕਬਰ ਦੀ ਤਾਜਪੋਸ਼ੀ, ਪੰਜਾਬ ਦੇ ਇਕ ਨਗਰ ਕਲਾਨੌਰ ਵਿਚ ਹੋਈ । ਮੁਗ਼ਲ ਘਰਾਣੇ ਵਿਚ ਅਕਬਰ ਵਰਗੇ ਉਦਾਰਚਿਤ ਤੇ ਰਵਾਦਾਰੀ ਪਸੰਦ ਬਾਦਸ਼ਾਹ ਵੀ ਹੋਏ, ਜਿਨ੍ਹਾਂ ਦੀ ਹਕੂਮਤ ਸਮੇਂ ਇਸਲਾਮੀ ਸਭਿਆਚਾਰ ਦੇ ਨਾਲੋ ਨਾਲ ਹਿੰਦੂ ਸੰਸਕ੍ਰਿਤੀ ਵੀ ਖੁਲ੍ਹੀ ਤਰ੍ਹਾਂ ਵਧੀ-ਫੁੱਲੀ ਤੇ ਦੋਹਾਂ ਸੰਸਕ੍ਰਿਤੀਆਂ ਦਾ ਆਪੋ ਵਿਚ ਚੋਖਾ ਲੈਣ ਦੇਣ ਵੀ ਹੋਇਆ, ਉਥੇ ਔਰੰਗਜ਼ੇਬ ਵਰਗੇ ਕੱਟੜ, ਤੁਅੱਸਬੀ ਤੇ ਹੱਠ-ਧਰਮੀ ਬਾਦਸ਼ਾਹ ਵੀ ਹੋਏ, ਜਿਨ੍ਹਾਂ ਲਈ ਮੁਸਲਮਾਨਾਂ ਤੋਂ ਬਿਨਾਂ ਬਾਕੀ ਸਭ ਧਰਮਾਂ ਦੇ ਲੋਕ ਕਾਫ਼ਰ ਤੇ ਸਭ ਸੰਸਕ੍ਰਿਤੀਆਂ ਅਸਹਿ ਸਨ । ਔਰੰਗਜ਼ੇਬ ਨੇ ਸਿੱਖਾਂ ਦੇ ਰੂਪ ਵਿਚ ਉਠੀ ਲੋਕ-ਲਹਿਰ ਨੂੰ ਨਸ਼ਟ ਕਰਨ ਲਈ ਪੂਰਾ ਤਾਣ ਲਾਇਆ, ਪਰ ਸਫਲ ਨਾ ਹੋ ਸਕਿਆ । ਔਰੰਗਜ਼ੇਬ ਤੋਂ ਪਿਛੋਂ ਮੁਗ਼ਲ ਘਰਾਣਾ ਢਹਿੰਦੀਆਂ ਕਲਾਂ ਵਿਚ ਹੀ ਨਿਘਰਦਾ ਗਿਆ ਅਤੇ ਪੰਜਾਬ ਉਤੇ ਇਕ ਵਾਰ ਫਿਰ ਉਤਰ ਪੱਛਮ ਵਲੋਂ ਹੱਲੇ ਹੋਣ ਲਗੇ । ਪਹਿਲਾ ਨਾਦਰ ਸ਼ਾਹ ਤੋਂ ਪਿਛੋਂ ਅਹਿਮਦਸ਼ਾਹ ਅਬਦਾਲੀ ਨੇ ਉਪਰਥਲੀ ਕਈ ਹੱਲੇ ਕੀਤੇ ਤੇ ਪੰਜਾਬ ਦੇ ਲੋਕਾਂ ਨੂੰ ਖ਼ੂਬ ਲੁਟਿਆ । ਇਸੇ ਲਈ ਉਦੋਂ ਪੰਜਾਬੀ ਵਿਚ ਇਹ ਟੱਪਾ ਪ੍ਰਚਲਤ ਹੋ ਗਿਆ :

ਖਾਧਾ ਪੀਤਾ ਲਾਹੇ ਦਾ,
ਰਹਿੰਦਾ ਅਹਿਮਦਸ਼ਾਹੇ ਦਾ ।

ਪੰਜਾਬ ਦੇ ਸੂਰਬੀਰ ਸਿੱਖਾਂ ਨੇ ਅਬਦਾਲੀ ਨਾਲ ਲੋਹਾ ਲਿਆ ਤੇ ਉਸ ਨੂੰ ਦੰਦ ਤੋੜਵੀਂ ਹਾਰ ਦੇ ਕੇ ਭਾਰਤ ਦਾ ਇਤਿਹਾਸ ਹੀ ਬਦਲ ਦਿਤਾ ।

ਮੁਗ਼ਲਾਂ ਦੇ ਰਾਜ ਦੀ ਸਥਾਪਨਾ ਨਾਲ ਹੀ ਪੰਜਾਬ ਵਿਚ ਇਕ ਨਵੀਂ ਕੌਮੀ ਲਹਿਰ ਉਭਰੀ, ਜਿਸ ਨੇ ਇਥੋਂ ਦੇ ਅਧਿਆਤਮਕ ਤੇ ਸਮਾਜਕ ਜੀਵਨ ਵਿਚ ਨਵੀਂ ਰੂਹ ਫੂਕ ਦਿਤੀ । ਇਸ ਲਹਿਰ ਦੇ ਮੋਢੀ ਗੁਰੂ ਨਾਨਕ ਦੇਵ ਜੀ ਸਨ, ਜਿਨ੍ਹਾਂ ਨੇ ਲੋਕਾਂ ਨੂੰ ਭਰਮਾਂ ਵਹਿਮਾਂ ਦੇ ਅੰਧ-ਵਿਸ਼ਵਾਸਾਂ ਦੇ ਜਿੱਲਣ ਵਿਚੋਂ ਕੱਢ ਕੇ ਮਾਨਸਿਕ ਤੇ ਬੌਧਿਕ ਤੌਰ ਤੇ ਜਾਗਰੂਪ ਕੀਤਾ । ਇਹ ਲਹਿਰ ਲੋਕ-ਲਹਿਰ ਦਾ ਰੂਪ ਧਾਰ ਕੇ ਸਮੇਂ ਨਾਲ ਬਲਵਾਨ ਹੁੰਦੀ ਗਈ । ਮਨੁੱਖ ਦੀ ਸਮਾਨਤਾ ਤੇ ਰਵਾਦਾਰੀ ਉਤੇ ਬਲ ਦੇਣ ਅਤੇ ਜ਼ਾਤ ਪਾਤ

ਤੇ ਧਾਰਮਿਕ ਵਿਖੇਵਿਆਂ ਦੀ ਨਿਖੇਧੀ ਕਰਨ ਕਰਕੇ, ਇਹ ਲਹਿਰ ਲੋਕਾਂ ਵਿਚ ਬੜੀ ਮਕਬੂਲ ਹੁੰਦੀ ਗਈ । ਤੇ ਮੁਗ਼ਲ ਸਮਰਾਟ ਇਸ ਨੂੰ ਸੰਦੇਹ ਦੀ ਨਜ਼ਰ ਨਾਲ ਵੇਖਣ ਲਗੇ । ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿਛੋਂ ਇਹ ਲਹਿਰ ਇਨਕਲਾਬੀ ਰੂਪ ਧਾਰਨ ਕਰ ਗਈ । ਗੁਰੂ ਗੋਬਿੰਦ ਸਿੰਘ ਜੀ ਦੇ ਰਖੇ ਖੰਡੇ ਦੀ ਪਾਹੁਲ ਛੱਕ ਕੇ ਸਿੱਖਾਂ ਅੰਦਰੋਂ ਬੀਰ ਭਾਵਨਾ ਜਾਗ ਉਠੀ ਅਤੇ ਉਨ੍ਹਾਂ ਜੱਥੇਬੰਦ ਹੋ ਕੇ ਮੁਗ਼ਲ ਘਰਾਣੇ ਨਾਲ ਹਥਿਆਰਬੰਦ ਟੱਕਰ ਲਈ । ਫਰਖ਼ਸੀਅਰ ਨੇ ਇਸ ਉਭਰਦੀ ਲੋਕ-ਲਹਿਰ ਨੂੰ ਨਸ਼ਟ ਕਰਨ ਲਈ ਸਿੱਖਾਂ ਉਤੇ ਬੜੇ ਅਤਿਆਚਾਰ ਢਾਹੇ ਤੇ ਤਸੀਹੇ ਦਿਤੇ । ਇਥੋਂ ਤਕ ਕਿ ਉਨ੍ਹਾਂ ਦੇ ਸਿਰਾਂ ਦੇ ਮੁੱਲ ਰਖੇ ਗਏ । ਇਨ੍ਹੀਂ ਦਿਨੀਂ ਹੀ ''ਅਨੇਕਾਂ ਸਿੱਖ ਚਰਖੜੀਆਂ 'ਤੇ ਚੜ੍ਹੇ, ਪੁੱਠੀਆਂ ਖੱਲਾਂ ਲਵ੍ਹਾਈਆਂ, ਬੰਦ ਬੰਦ ਕਟਾਏ, ਆਰਿਆਂ ਨਾਲ ਚੀਰੇ ਗਏ ਪਰ ਮੁਖੋਂ ਸੀ ਤਕ ਨਾ ਕੀਤੀ ।'' ਸਿੱਖ ਚੜ੍ਹਦੀਆਂ ਕਲਾਂ ਵਿਚ ਰਹੇ ਤੇ ਬੜੇ ਹੌਸਲੇ ਨਾਲ ਅਤਿਆਚਾਰੀ ਹਾਕਮਾਂ ਨਾਲ ਲੋਹਾ ਲੈਂਦੇ ਰਹੇ ।

ਪੰਜਾਬ ਦੇ ਸੂਬੇ ਮੰਨੂੰ ਨੇ ਵੀ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਪਰ ਸਿੱਖ ਨੂੰ ਉਹ ਮੁਕਾ ਨਾ ਸਕਿਆ । ਉਦੋਂ ਸਿੱਖਾਂ ਵਿਚ ਇਹ ਟੱਪਾ ਬੜਾ ਪ੍ਰਚਲਤ ਸੀ, ਜੋ ਉਨ੍ਹਾਂ ਦੀ ਚੜ੍ਹਦੀ ਕਲਾ ਦਾ ਬੋਧਿਕ ਹੈ :

ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ,
ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ ।

ਇਹ ਉਹ ਸਮਾਂ ਸੀ ਜਦੋਂ ਸ਼ਸਤ੍ਰਧਾਰੀ ਨਿਹੰਗ ਘੋੜਿਆਂ ਉਤੇ ਸਵਾਰ ਹੋ ਕੇ ਪਿੰਡਾਂ ਵਿਚ ਦਗੜ ਦਗੜ ਕਰਦੇ ਫਿਰਦੇ ਅਤੇ ਦੁਖੀ ਤੇ ਪੀੜਿਤ ਲੋਕਾਂ ਦੇ ਦੁਖ ਵੰਡਾਂਦੇ ਸਨ । ਨਿਹੰਗ ਭਾਵੇਂ ਸਰਕਾਰ ਦੀਆਂ ਨਜ਼ਰਾਂ ਵਿਚ ਅਪਰਾਧੀ ਸਨ ਪਰ ਲੋਕ ਉਨ੍ਹਾਂ ਨੂੰ ਆਪਣੇ ਸੱਚੇ ਹਿਤੈਸ਼ੀ ਸਮਝਦੇ ਤੇ ਉਨ੍ਹਾਂ ਦੇ ਖਾਣ ਪੀਣ ਲਈ ਘਰ ਦੇ ਬੂਹੇ ਖੋਲ੍ਹ ਦਿੰਦੇ

ਆਏ ਨੀ ਨਿਹੰਗ ਬੂਹਾ ਖੋਲ੍ਹ ਦੇ ਨਿਸੰਗ ।

ਇਨ੍ਹੀਂ ਦਿਨੀਂ ਸਿੱਖਾਂ ਨੇ ਆਪਣੇ ਆਪ ਨੂੰ ਮਿਸਲਾਂ ਵਿਚ ਜੱਥੇਬੰਦ ਕਰ ਕੇ, ਮੁਗ਼ਲ ਰਾਜ ਨੂੰ ਜੜ੍ਹੋਂ ਪੁਟ ਦਿਤਾ ਤੇ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ । ਮਿਸਲਾਂ ਮੂਲ ਵਿਚ ਪੰਜਾਬ ਦੀ ਕਿਰਤੀ ਤੇ ਕਿਰਸਾਨੀ ਸ਼੍ਰੇਣੀਆਂ ਦੀ ਜਾਗਰੂਪ ਹੋਈ ਜੱਥੇਬੰਦ ਸ਼ਕਤੀ ਹੀ ਸੀ । ਜਿਨ੍ਹਾਂ ਦੀ ਬੀਰਤਾ ਨੇ ਉਤਰੀ ਭਾਰਤ ਦੇ ਇਤਿਹਾਸ ਦੀ ਨੁਹਾਰ ਬਦਲ ਦਿਤੀ । ਇਨ੍ਹਾਂ ਮਿਸਲਾਂ ਵਿਚੋਂ ਹੀ ਇਕ ਮਿਸਲ ਸ਼ੁਕਰਚਕੀਆ ਸੀ, ਜਿਸ ਦੇ ਮੁਖੀਏ ਰਣਜੀਤ ਸਿੰਘ, ਨੇ ਸਿੱਖਾਂ ਦੀ ਬਿਖਰੀ ਤੇ ਵੰਡ ਹੋਈ ਸ਼ਕਤੀ ਨੂੰ ਸਮੇਟ ਕੇ ਸਤਲੁਜ ਤੋਂ ਅਟਕ ਤਕ ਸਾਰੇ ਪੰਜਾਬ ਉਤੇ ਰਾਜ ਸਥਾਪਿਤ ਕੀਤਾ । ਪੰਜਾਂ ਦਰਿਆਵਾਂ ਦੀ ਧਰਤੀ ਨੂੰ ਕਈ ਸਦੀਆਂ ਪਿਛੋਂ ਸੁਖ ਦਾ ਸਾਹ ਲੈਣਾ ਮਿਲਿਆ । ਇਹ ਪੰਜਾਬੀਆਂ ਦਾ ਆਪਣਾ ਰਾਜ ਸੀ ਜੋ ਸਦੀਆਂ ਮਗਰੋਂ ਉਨ੍ਹਾਂ ਨੂੰ ਮੁੜ ਨਸੀਬ ਹੋਇਆ । ਲੋਕਾਂ ਵਿਚ ਨਵੀਂ ਚੇਤਨਾ ਜਾਗੀ । ਕੌਮੀ ਏਕਤਾ ਦੀ ਭਾਵਨਾ ਮੱਚ ਉਠੀ । ਪਰ ਇਹ ਰਾਜ ਬਹੁਤੀ ਦੇਰ ਨਾ ਰਹਿ ਸਕਿਆ । ਮਹਾਰਾਜਾ ਰਣਜੀਤ ਸਿੰਘ ਦੀ ਵੰਸ਼ ਘਰੇਲੂ ਫੁਟ ਤੇ ਡੋਗਰਾ-ਗਰਦੀ ਦਾ ਸ਼ਿਕਾਰ ਹੋ ਗਈ ਤੇ ਸਿੱਖ ਰਾਜ ਕੁਝ ਵਰ੍ਹਿਆਂ ਵਿਚ ਹੀ ਇਤਨਾ ਕਮਜ਼ੋਰ ਹੋ ਗਿਆ ਕਿ ਅੰਗਰੇਜ਼ੀ ਸਾਮਰਾਜ ਦੇ ਚੜ੍ਹਦੇ ਵਲੋਂ, ਉਭਰਦੇ ਆ ਰਹੇ ਹੜ੍ਹ ਸਾਹਮਣੇ ਨਾ ਟਿਕ ਸਕਿਆ । 1849 ਈ: ਵਿਚ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਦਿਤਾ । 1947 ਈ: ਤਕ ਪੰਜਾਬ ਹੋਰ ਭਾਰਤ ਵਾਂਗ ਅੰਗਰੇਜ਼ੀ ਸਰਕਾਰ ਦੇ ਅਧੀਨ ਰਿਹਾ । ਇਸ ਸਮੇਂ ਅੰਗਰੇਜ਼ੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਹੇਠ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਢਾਹ ਲਗੀ, ਨਵੇਂ ਵਿਚਾਰ ਤੇ ਨਵੀਆਂ ਰੁਚੀਆਂ ਉਭਰੀਆਂ ਅਤੇ ਨਵੀਂ ਚੇਤੰਨਤਾ ਨੇ ਧਾਰਮਿਕ ਸਮਾਜਿਕ ਤੇ ਆਰਥਿਕ ਖੇਤਰ ਵਿਚ ਭਾਰੀ ਪਰੀਵਰਤਨ ਲੈ ਆਉਂਦਾ । ਪੰਜਾਬ ਨੇ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰਖਦਿਆਂ, ਅਜ਼ਾਦੀ ਦੇ ਸੰਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲਿਆ । ਦੇਸ਼ ਦੀ ਵੰਡ ਸਮੇਂ ਪੰਜਾਬ ਨੂੰ ਲੀਰ ਵਾਂਗ ਦੋ ਭਾਗਾਂ ਵਿਚ ਵੰਡ ਦਿਤਾ ਗਿਆ ।

ਪੰਜਾਬ ਦੀਆਂ ਹੱਦਾਂ ਭਾਵੇਂ ਰਾਜਸੀ ਕਾਰਨ ਕਰਕੇ, ਪਹਿਲਾਂ ਵੀ ਤਬਦੀਲ ਹੁੰਦੀਆਂ ਰਹੀਆਂ, ਪਰ ਇਸ ਦੀ ਸਭਿਆਚਾਰਕ ਇਕਾਈ ਕਾਇਮ ਰਹਿੰਦੀ ਰਹੀ । ਦੇਸ਼ ਵੰਡ ਸਮੇਂ ਪਹਿਲੀ ਵਾਰ ਇਸ ਇਕਾਈ ਵਿਚ ਭਰਵੀਂ ਤਰੇੜ ਪਈ ਤੇ ਸਾਂਝੇ ਸਾਹਿਤ, ਕਲਾ ਤੇ ਵਿਰਸੇ ਦੀ ਮਾਲਕ ਇਕ ਕੌਮ ਦੋ ਭਿੰਨ ਸਭਿਆਚਾਰਾਂ ਵਿਚ ਪਾਟ ਗਈ ।

ਲੋਕ : ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਰਹੀ ਹੈ ਕਿ ਪਿਛਲੇ ਦੋ ਢਾਈ ਹਜ਼ਾਰ ਸਾਲ ਤੋਂ ਭਾਰਤ ਉਤੇ ਵਿਦੇਸ਼ੀ ਕਬੀਲਿਆਂ ਦੀਆਂ ਜੋ ਵਹੀਰਾਂ ਧਾਵੇ ਬੋਲਦੀਆਂ ਰਹੀਆਂ, ਉਨ੍ਹਾਂ ਦਾ ਵਾਸਤਾ ਸਭ ਤੋਂ ਪਹਿਲਾਂ ਪੰਜਾਬ ਨਾਲ ਹੀ ਪੈਂਦਾ ਰਿਹਾ । ਇਥੋਂ ਦੀ ਪ੍ਰਾਕ੍ਰਿਤਕ ਸਾਧਨਾ ਨਾਲ ਭਰਪੂਰ ਤੇ ਜ਼ਰਖੇਜ਼ ਭੋਇੰ ਉਨ੍ਹਾਂ ਸਭਨਾਂ ਦਾ ਮਨ ਮੋਹ ਲੈਂਦੀ ਰਹੀ ਤੇ ਉਨ੍ਹਾਂ ਵਹੀਰਾਂ ਦਾ ਇਕ ਤਕੜਾ ਭਾਗ ਹਮੇਸ਼ਾਂ ਲਈ ਹੀ ਪੰਜਾਬ ਵਿਚ ਵਸ ਜਾਂਦਾ ਰਿਹਾ । ਇਸ ਤਰ੍ਹਾਂ ਪੰਜਾਬ ਦੀ ਵਸੋਂ ਹਰ ਧਾਵੇ ਨਾਲ ਮਿੱਸੀ ਹੁੰਦੀ ਗਈ । ਪਰ ਪੰਜਾਬ ਦੇ ਪੌਣ, ਪਾਣੀ, ਮਿੱਟੀ ਵਿਚ ਕੁਝ ਅਜਿਹੇ ਵਸਫ਼ ਹਨ ਕਿ ਇਸ ਵਿਚ ਵੱਖੋ ਵੱਖਰੇ ਅੰਸ਼ ਰਲ-ਢਲ ਕੇ, ਇਕ ਰੂਪ ਹੋ ਗਏ ਹਨ । ਅੱਜ ਇਹ ਅਨੁਮਾਨ ਲਗਾਣਾ ਕਠਿਨ ਹੈ ਕਿ ਇਥੋਂ ਦੀ ਮਿੱਸੀ ਵਸੋਂ ਵਿਚ ਕਿਤਨਾ ਕੁ ਅੰਸ਼

ਆਰੀਆ ਜਾਤੀ ਦਾ ਹੈ ਤੇ ਕਿਤਨਾ ਕੁ ਅਨਾਰੀਆ ਦਾ।

ਪੰਜਾਬ ਦੇ ਇਤਿਹਾਸ ਦਾ ਮੁੱਢ ਆਰੀਆ ਜਾਤੀ ਦੇ ਲੋਕਾਂ ਤੋਂ ਬੱਝਦਾ ਹੈ। ਇਹ ਜਾਤੀ ਮਧ-ਏਸ਼ੀਆ ਤੋਂ ਕਈ ਟੋਲੀਆਂ ਵਿਚ ਪੰਜਾਬ ਦੇ ਹਰੇ-ਭਰੇ ਮੈਦਾਨਾਂ ਵਿਚ ਆ ਕੇ ਵਸੀ ਮੰਨੀ ਜਾਂਦੀ ਹੈ। ਕੁਝ ਮਾਨਵ-ਸ਼ਾਸਤ੍ਰੀਆਂ ਦਾ ਅਨੁਮਾਨ ਹੈ ਕਿ ਆਰੀਆ ਪੰਜਾਬ ਦੇ ਹੀ ਆਦਿ-ਵਸਨੀਕ ਹਨ ਤੇ ਇਹ ਕਿਧਰੋਂ ਬਾਹਰੋਂ ਨਹੀਂ ਆਏ। ਪਰ ਹੜੱਪਾ, ਰੋਪੜ ਤੇ ਮੋਹਨਜੋਦੜੋ ਦੇ ਖੰਡਰਾਂ ਦੀ ਖੁਦਾਈ ਸਮੇਂ ਪ੍ਰਾਪਤ ਹੋਈ ਸਾਮਿਗਰੀ ਤੋਂ ਇਹ ਸਿਧ ਹੋ ਗਿਆ ਹੈ ਕਿ ਆਰੀਆ ਸਭਿਅਤਾ ਤੋਂ ਵੀ ਪਹਿਲਾਂ ਇਥੇ ਇਕ ਉੱਨਤ ਸਭਿਅਤਾ ਪੂਰੀ ਤਰ੍ਹਾਂ ਪ੍ਰਫੁਲਤ ਸੀ। ਇਥੋਂ ਦੇ ਲੋਕ ਸ਼ਹਿਰਾਂ ਵਿਚ ਪੱਕੇ ਮਕਾਨ ਬਣਾ ਕੇ ਰਹਿੰਦੇ ਤੇ ਵਾਹੀ ਖੇਤੀ ਕਰਦੇ ਸਨ। ਇਨ੍ਹਾਂ ਪਹਿਲਾਂ ਵਸਦੇ ਲੋਕਾਂ ਦੀ ਜਾਤ-ਨਸਲ ਬਾਰੇ ਉਦੋਂ ਤਕ ਨਿਰਨੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਜਦੋਂ ਤਕ ਖੁਦਾਈ ਵਿਚੋਂ ਲੱਭੀਆਂ ਠੀਕਰ-ਮੋਹਰਾਂ ਉਤੇ ਉਕਰੀ ਲਿੱਪੀ ਪੜ੍ਹੀ ਨਹੀਂ ਜਾਂਦੀ। ਅਨੁਮਾਨ ਹੈ ਕਿ ਇਹ ਲੋਕ ਦਰਾਵੜ ਤੇ ਕੋਲ ਜਾਤੀਆਂ ਦੇ ਸਨ। ਜਿਨ੍ਹਾਂ ਨੂੰ ਆਰੀਆ ਜਾਤੀ ਨੇ ਲੰਮੇ ਸੰਘਰਸ਼ ਪਿਛੋਂ ਜਾਂ ਤਾਂ ਦੱਖਣ ਵਲ ਧੱਕ ਦਿਤਾ ਜਾਂ ਫਿਰ ਗ਼ੁਲਾਮ ਬਣਾ ਲਿਆ। ਆਰੀਆ ਜਾਤੀ ਦੇ ਧਰਮ ਗ੍ਰੰਥਾਂ ਵਿਚ ਇਨ੍ਹਾਂ ਨੂੰ ਦਸਿਊ (ਦਾਸ) ਕਿਹਾ ਗਿਆ ਹੈ। ਇਹੋ ਸਭ ਤੋਂ ਪੁਰਾਣੀ ਪੰਜਾਬੀ ਨਸਲ ਹੈ। ਆਰੀਆ ਜਾਤੀ ਨੇ ਭਾਵੇਂ ਇਸ ਪ੍ਰਾਚੀਨ ਸਭਿਅਤਾ ਨੂੰ ਨਸ਼ਟ ਕਰ ਦਿਤਾ, ਪਰ ਉਹ ਇਸਦੇ ਪ੍ਰਭਾਵ ਤੋਂ ਆਪਣੀ ਸੰਸਕ੍ਰਿਤੀ ਨੂੰ ਬਚਾ ਨਾ ਸਕੀ ਤੇ ਇਸ ਅਨਾਰੀਆ ਸਭਿਅਤਾ ਦੀਆਂ ਅਨੇਕਾਂ ਰੂੜ੍ਹੀਆਂ ਆਰੀਆਈ ਧਰਮ, ਸਭਿਆਚਾਰ ਤੇ ਕਲਾ ਵਿਚ ਲਹੂ-ਮਾਸ ਵਾਂਗ ਰਚ ਗਈਆਂ। ਆਰੀਆ ਜਾਤੀ ਦੇ ਲੋਕ ਕੱਦ-ਕਾਠ ਦੇ ਉਚੇ ਲੰਮੇ, ਰੰਗ ਦੇ ਸਾਫ਼ ਤੇ ਤਿੱਖੇ ਨੈਣ ਨਕਸ਼ੇ ਵਾਲੇ ਸਨ ਪਰ 'ਦਸਯੂ' ਕੱਦ ਦੇ ਮੱਧਰੇ। ਇਨ੍ਹਾਂ ਦੇ ਨੱਕ ਚੌੜੇ ਸਿਰ ਲੰਮੇ ਤੇ ਰੰਗ ਕਾਲਾ ਸੀ। ਡਾਕਟਰ ਲਤੀਫ਼ ਇਨ੍ਹਾਂ 'ਦਸਿਯੂ' ਨੂੰ ਮਧ-ਏਸ਼ੀਆ ਦੀਆਂ ਸਿਥੀਅਨ ਜਾਤੀਆਂ ਨਾਲ ਜੋੜਦਾ ਹੈ। ਉਸ ਦੇ ਕਥਨ ਅਨੁਸਾਰ ਪੰਜਾਬ ਦੀਆਂ ਅਖੌਤੀ ਨੀਵੀਆਂ ਜਾਤੀਆਂ ਸਾਂਹਸੀ ਸਿਕਲੀਗਰ, ਚੂਹੜੇ ਤੇ ਮਹਿਤਮ ਆਦਿ 'ਦਸੂ' ਦੀ ਹੀ ਬਚੀ ਖੁਚੀ ਵੰਸ਼ ਹਨ।

ਆਰੀਆ ਜਾਤੀ ਦੇ, ਪੰਜਾਬ ਵਿਚ ਵਸ ਜਾਣ ਮਗਰੋਂ ਸਭ ਤੋਂ ਪਹਿਲਾਂ ਈਰਾਨੀਆਂ ਨੇ ਇਥੇ ਹੱਲੇ ਬੋਲੇ ਅਤੇ ਹਜ਼ਰਤ ਈਸਾ ਤੋਂ ਪੰਜ ਕੁ ਸਦੀਆਂ ਪਹਿਲਾਂ, ਉਨ੍ਹਾਂ ਨੇ ਪੰਜਾਬ ਵਿਚ ਇਕ ਬਲਵਾਨ ਈਰਾਨੀ ਸਾਮਰਾਜ ਸਥਾਪਿਤ ਕਰ ਲਿਆ। ਇਹੋ ਉਹ ਸਮਾਂ ਸੀ ਜਦੋਂ ਪੰਜਾਬੀ ਸੰਸਕ੍ਰਿਤੀ ਤੇ ਲੋਕਧਾਰਾ ਵਿਚ ਈਰਾਨੀ ਲੋਕ-ਰੂੜ੍ਹੀਆਂ ਰਚੀਆਂ। ਅਨੇਕਾਂ ਈਰਾਨੀ ਇਥੋਂ ਦੀ ਭੋਂਇੰ ਉਤੇ ਹਮੇਸ਼ਾ ਲਈ ਵਸ ਗਏ, ਪਰ ਉਨ੍ਹਾਂ ਨੇ ਇਥੋਂ ਦੀ ਨਸਲੀ ਮਿਸ਼ਰਣ ਵਿਚ ਕੋਈ ਉਭਰਵਾਂ ਤੇ ਸਥਾਈ ਪ੍ਰਭਾਵ ਨਹੀਂ ਪਾਇਆ।

ਸਿਕੰਦਰ ਦੇ ਹੱਲੇ ਤੋਂ ਲੈ ਕੇ ਅਹਿਮਦ ਸ਼ਾਹ ਅਬਦਾਲੀ ਤਕ, ਦੋ ਹਜ਼ਾਰ ਸਾਲ ਪੰਜਾਬ ਵਿਚ ਨਸਲੀ ਪੱਖ ਤੋਂ ਇਕ ਖਿਚੜੀ ਜਿਹੀ ਰਿਝਦੀ ਰਹੀ। ਪੰਜਾਬ ਉਤੇ ਅਨੇਕਾਂ ਵਿਦੇਸ਼ੀ ਕਬੀਲਿਆਂ ਪਾਰਥੀਅਨ, ਸਿਥੀਅਨ, ਕੁਸ਼ਾਨ, ਹੂਣ, ਤੁਰਕ, ਮੰਗੋਲ ਤੇ ਅਫ਼ਗਾਨ ਆਦਿ ਨੇ ਉਪਰਥਲੀ ਹੱਲੇ ਕੀਤੇ ਅਤੇ ਇਨ੍ਹਾਂ ਸਭਨਾਂ ਕਬੀਲਿਆਂ ਦਾ ਚੋਖਾ ਭਾਗ ਹਮੇਸ਼ਾ ਲਈ ਇਥੇ ਹੀ ਵਸ ਜਾਂਦਾ ਰਿਹਾ। ਪੰਜਾਬ ਵਿਚ ਅਵਾਸ ਕਰਨ ਵਾਲੇ ਵਿਦੇਸ਼ੀ, ਇਥੋਂ ਦੀਆਂ ਤੀਵੀਆਂ ਨਾਲ, ਵਿਆਹ ਕਰਕੇ ਘਰ ਵਸਾਂਦੇ ਰਹੇ। ਇਨ੍ਹਾਂ ਲੋਕਾਂ ਦੇ ਰੀਤ-ਰਵਾਜ, ਵਿਸ਼ਵਾਸ, ਰਸਮਾਂ ਤੇ ਰਵਾਇਤਾਂ ਮਿੱਸੀਆਂ ਹੁੰਦੀਆਂ ਗਈਆਂ। ਤੇ ਹੌਲੇ ਹੌਲੇ ਇਹ ਲੋਕ ਇਥੋਂ ਦੇ ਸਮਾਜਿਕ ਤੇ ਸਭਿਆਚਾਰਕ ਕੁਠਾਲੀ ਵਿਚ ਢਲ ਕੇ ਦੇਸੀ ਵਸੋਂ ਵਿਚ ਹੀ ਰਚ-ਮਿਚ ਗਏ। ਇਸ ਪ੍ਰਕਿਆ ਵਿਚ ਉਨ੍ਹਾਂ ਦੀਆਂ ਆਪਣੀਆਂ ਸੰਸਕ੍ਰਿਤਕ ਰੂੜ੍ਹੀਆਂ ਪੰਜਾਬੀ ਸਭਿਆਚਾਰ ਵਿਚ ਗੁੰਧੀਆਂ ਗਈਆਂ।

ਪੰਜਾਬ ਵਿਚ ਪਹਿਲੀ ਦੂਜੀ ਸਦੀ ਈਸਵੀ ਵਿਚ ਟੱਕਾ, ਅਭੀਰ ਤੇ ਗੁੱਜਰ ਜਾਤੀਆਂ ਦਾ ਬੜਾ ਜ਼ੋਰ ਸੀ। ਪੰਜਾਬ ਦੇ ਸੰਸਕ੍ਰਿਤਕ ਜੀਵਨ ਕਲਾ ਤੇ ਭਾਸ਼ਾ ਉਤੇ ਇਨ੍ਹਾਂ ਦੀ ਡੂੰਘੀ ਛਾਪ ਤੇ ਵਿਆਪਕ ਪ੍ਰਭਾਵ ਦਾ ਅਨੁਮਾਨ ਇਸ ਗੱਲ ਤੋਂ ਸਹਿਜੇ ਹੀ ਲਗ ਜਾਂਦਾ ਹੈ ਕਿ 'ਟੱਕੀ', 'ਅਹੀਰੀ' ਤੇ 'ਗੁਜਰੀ' ਆਦਿ ਪੰਜਾਬ ਦੇ ਕੁਝ ਇਲਾਕਿਆਂ ਦੀਆਂ ਸਥਾਨਿਕ ਉਪ-ਭਾਖਾਵਾਂ ਰਹੀਆਂ ਹਨ। ਟੱਕੀ ਪੰਜਾਬ ਦੀ ਪ੍ਰਾਚੀਨ ਜਾਤੀ ਹੈ ਅਤੇ ਇਨ੍ਹਾਂ ਦਾ ਮੁੱਢ ਸਿਥੀਅਨ ਦਸਿਆ ਜਾਂਦਾ ਹੈ। ਬਿਆਸ ਤੋਂ ਲੈ ਕੇ ਅਟੱਕ ਤਕ ਇਨ੍ਹਾਂ ਦਾ ਕਦੇ ਇਤਨਾ ਜ਼ੋਰ ਰਿਹਾ ਹੈ ਕਿ ਇਸ ਭੂਖੰਡ ਦਾ ਨਾਂ 'ਟੱਕਾ ਦੇਸ' ਪੈ ਗਿਆ। ਇਸ ਜਾਤੀ ਦਾ ਗੋਤ-ਚਿੰਨ੍ਹ ਸਰਪ ਹੋਣ ਕਰਕੇ ਇਸ ਨੂੰ ਸਰਪ ਜਾਤੀ ਵੀ ਕਿਹਾ ਜਾਂਦਾ ਹੈ। ਤਖ਼ਸ਼ਿਲਾ ਇਨ੍ਹਾਂ ਲੋਕਾਂ ਦਾ ਹੀ ਵਸਾਇਆ ਹੋਇਆ ਇਕ ਪ੍ਰਾਚੀਨ ਨਗਰ ਹੈ। ਟੱਕ, ਤਖਸ਼ਿਕ ਜਾਂ ਸਰਪ ਜਾਤੀ ਦਾ ਨਾਸ਼ ਕਰਨ ਲਈ ਰਾਜਾ ਜਨਮੇਜਯ ਨੇ ਇਕ ਭਾਰੀ ਯੱਗ ਕੀਤਾ। ਮਹਾਂਭਾਰਤ ਦੇ 'ਆਦਿ ਪੁਰਾਣ' ਵਿਚ ਇਸ ਘਟਨਾ ਬਾਰੇ, ਸੰਕੇਤ ਰੂਪ ਵਿਚ, ਇਕ ਕਥਾ ਮਿਲਦੀ ਹੈ। ਰਾਜਾ ਪਰੀਖਸ਼ਤ ਨੇ ਸਰਪ ਤੋਂ ਬਚਣ ਲਈ ਸਭ ਤਰ੍ਹਾਂ ਦੇ ਉਪਾ ਕੀਤੇ ਅਤੇ ਆਪਣਾ ਦੌਲਰ ਗੰਗਾ ਦਰਿਆ ਵਿਚ ਇਕ ਚੱਟਾਨ ਉਤੇ ਬਣਾਇਆ, ਪਰ ਤਖਸ਼ਿਕ ਫੁੱਲਾਂ ਦੇ ਗੁਲਦਸਤੇ ਵਿਚ ਛੁਪ ਕੇ ਉਸ ਨੂੰ ਡੱਸਣ ਵਿਚ ਸਫ਼ਲ ਹੋ ਗਿਆ। ਪਰੀਖਸ਼ਤ ਦੇ ਲੜਕੇ ਅਤੰਗ ਨੇ ਸਰਪਾਂ ਨਾਲ ਘੋਰ ਯੁਧ ਕੀਤੇ ਤੇ

ਤਖਸ਼ਿਲਾ ਵਿਖੇ ਉਨ੍ਹਾਂ ਉਤੇ ਵਿਜੈ ਪ੍ਰਾਪਤ ਕੀਤੀ। ਪਰ ਉਸ ਦੇ ਮਨ ਨੂੰ ਤਸੱਲੀ ਨਾ ਹੋਈ ਤੇ ਉਸਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਜਨਮੇਜਯ ਤੋਂ ਮਦਦ ਮੰਗੀ ਅਤੇ ਜਨਮੇਜਯ ਨੇ ਸਾਰੀ ਸਰਪ ਕੁੱਲ ਨੂੰ ਸੂਰਜ ਗ੍ਰਹਿਣ ਵਾਲੇ ਦਿਨ, ਨਸ਼ਟ ਕਰਨ ਦਾ ਪ੍ਰਣ ਲਿਆ। ਇਕ ਵੱਡਾ ਯੱਗ ਜੀਂਦ ਦੇ ਲਾਗੇ ਸਪੇਦੋਂ ਵਿਚ ਹੋਇਆ ਅਤੇ ਸਭ ਸਰਪਾਂ ਨੂੰ ਨਸ਼ਟ ਕਰ ਦਿਤਾ ਗਿਆ। ਤਖਸ਼ਿਲਾ ਸ਼ਹਿਰ ਇਨ੍ਹਾਂ ਟੱਕਿਆਂ ਦਾ ਹੀ ਵਸਾਇਆ ਹੋਇਆ ਸੀ। ਕੁਝ ਟੱਕੇ (ਜਾਂ ਟੱਗੇ) ਕਰਨਾਲ ਤੇ ਉਸਦੇ ਨੇੜੇ ਅੱਜ ਵੀ ਮਿਲਦੇ ਹਨ।

ਅਹੀਰ ਜਾਂ ਆਭੀਰ ਜਾਤੀ ਦਾ ਵਰਨਣ ਮਹਾਂਭਾਰਤ ਤੇ ਵਿਸ਼ਨੂੰ ਪੁਰਾਣ ਵਿਚ ਕਈ ਥਾਈਂ ਮਿਲਦਾ ਹੈ। ਅਹੀਰ ਤੇ ਗੁੱਜਰ ਪਸ਼ੂ-ਪਾਲ ਜਾਤੀਆਂ ਸਨ, ਜੋ ਹੌਲੇ ਹੌਲੇ ਪੰਜਾਬ ਵਿਚੋਂ ਅਗੇ ਵਧਦੀਆਂ ਸਾਰੇ ਉਤਰੀ ਭਾਰਤ ਵਿਚ ਫੈਲ ਗਈਆਂ। ਗੁਜਰਾਂ ਦਾ ਪ੍ਰਭਾਵ ਪੰਜਾਬ ਉਤੇ ਇਤਨੇ ਬਲਵਾਨ ਰੂਪ ਵਿਚ ਪਿਆ ਕਿ ਪੱਛਮੀ ਪੰਜਾਬ ਦੇ ਕਈ ਵੱਡੇ ਨਗਰਾਂ—ਗੁਜਰਖਾਨ, ਗੁਜਰਾਤ, ਗੁਜਰਾਂਵਾਲਾ, ਗੁਜਰਾਂ ਆਦਿ ਦੇ ਨਾਂਵਾਂ ਉਤੇ ਇਨ੍ਹਾਂ ਦੀ ਮੋਹਰ ਛਾਪ ਹੈ।

ਪੰਜਾਬ ਦੀ ਕਿਰਸਾਨੀ ਵਸੋਂ ਦਾ ਇਕ ਵਡੇਰਾ ਭਾਗ ਜੱਟ ਹਨ। ਜੋ ਜੁੱਸੇ ਦੇ ਕਰੜੇ, ਮਿਹਨਤੀ, ਸਾਹਸੀ ਤੇ ਸੁਭਾਵ ਦੇ ਖੁਲ੍ਹੇ ਡੁਲ੍ਹੇ ਹਨ। ਪੰਜ ਦਰਿਆਵਾਂ ਦੀ ਮਿੱਟੀ ਨੇ ਪੰਜਾਬੀ ਸੁਭਾਵ ਦੇ ਸਾਰੇ ਗੁਣ, ਇਨ੍ਹਾਂ ਦੇ ਖਮੀਰ ਵਿਚ ਘੋਲ ਧਰੇ ਹਨ। ਕਈ ਮਾਨਵ-ਸ਼ਾਸਤ੍ਰੀ ਜੱਟਾਂ ਨੂੰ ਅਨਾਰੀਆ ਮੰਨਦੇ ਹਨ। ਉਨ੍ਹਾਂ ਅਨੁਸਾਰ ਇਨ੍ਹਾਂ ਲੋਕਾਂ ਉਤੇ ਬ੍ਰਹਮਣਵਾਦ ਨੇ ਆਪਣੇ ਵਿਚਾਰਾਂ ਤੇ ਸੰਸਕਾਰਾਂ ਦੀ ਅਜਿਹੀ ਪਾਣ ਚਾੜ੍ਹੀ ਕਿ ਜੱਟ ਇਸੇ ਸੰਸਕ੍ਰਿਤੀ ਦਾ ਭਾਗ ਜਾਪਣ ਲਗੇ। ਜਨਰਲ ਕਨਿੰਘਮ ਅਨੁਸਾਰ ਜੱਟ ਇੰਡੋ-ਸਿਥੀਅਨ ਨਸਲ ਦੇ ਹਨ ਅਤੇ ਉਹ ਇਨ੍ਹਾਂ ਨੂੰ ਸਟਰਾਬੋ ਦੇ ਜੰਥੋ ਤੇ ਪਟਾਲਮੀ ਦੇ 'ਜੋਟਸ' ਹੀ ਮੰਨਦਾ ਹੈ ਉਸ ਦਾ ਮਤ ਹੈ ਕਿ ਦੂਜੀ ਸਦੀ ਪੂਰਬੀ ਦੇ ਅੰਤਲੇ ਦਹਾਕੇ ਵਿਚ, ਇਹ ਲੋਕ ਆਪਣੇ ਮੂਲ ਸਥਾਨ ਔਕਸਸ ਤੋਂ ਇਥੇ ਆ ਕੇ ਵਸੇ। ਪਰ ਕਰਨਲ ਟਾਡ ਜੱਟਾਂ ਨੂੰ ਰਾਜਪੂਤੀ ਨਸਲ ਦਾ ਮੰਨਦਾ ਹੈ। ਪੰਜਾਬ ਵਿਚ ਵਸਦੇ ਸਿੱਖ ਜੱਟਾਂ ਦੀਆਂ ਕਈ ਗੋਤਾਂ 'ਸਿੱਧੂ, ਬਰਾੜ, ਤੇ ਸੇਖੋਂ'' ਆਦਿ ਦੇ ਕਥਨ ਅਨੁਸਾਰ ਉਨ੍ਹਾਂ ਦੇ ਵਡਿਕੇ ਜੈਸਲਮੇਰ ਤੋਂ ਪੰਜਾਬ ਵਿਚ ਆ ਕੇ ਵਸੇ। ਜੱਟਾਂ ਤੇ ਰਾਜਪੂਤਾਂ ਦੇ ਕੱਦ ਕਾਠ, ਚਿਹਰੇ-ਮੋਹਰੇ ਤੇ ਸੁਭਾਵ ਇਤਨੇ ਮਿਲਦੇ ਜੁਲਦੇ ਹਨ ਕਿ ਇਨ੍ਹਾਂ ਵਿਚ ਕੋਈ ਨਸਲੀ ਸਾਂਝ ਜ਼ਰੂਰੀ ਜਾਪਦੀ ਹੈ। ਕਈ ਖੋਜੀਆਂ ਦਾ ਵਿਚਾਰ ਹੈ ਕਿ ਜਿਹੜੀ ਰਾਜਪੂਤ ਜਾਤੀ ਸ਼ੁਧਤਾ ਦੀ ਪ੍ਰਵਾਹ ਨਾ ਕਰਦਿਆਂ ਹੇਠਲੇ ਵਰਗ ਦੀਆਂ ਜਾਤੀਆਂ ਵਿਚ ਰਿਸ਼ਤੇ ਨਾਤੇ ਕਰਦੇ ਰਹੇ ਜੋ ਰਾਜਪੂਤੀ ਸਭਿਆਚਾਰ ਦੀਆਂ ਕਰੜੀਆਂ ਬੰਧਨਾਂ ਵਿਚ ਜਕੜੇ ਨਾ ਰਹਿ ਸਕੇ, ਜਿਨ੍ਹਾਂ ਵਿਚ ਕਰੇਵੇ ਦੀ ਪ੍ਰਥਾ ਪ੍ਰਚਲਤ ਹੋ ਗਈ, ਉਹ ਉਚੇਰੀ ਸਮਾਜਿਕ ਸਥਿਤੀ ਤੋਂ ਡਿੱਗਣ ਕਰ ਕੇ ਰਾਜਪੂਤਾਂ ਦੀ ਪਦਵੀ ਗੰਵਾ ਜੱਟ ਅਖਵਾਏ। ਪਰ ਨਿਰੀ ਇਹ ਗੱਲ ਜੱਚਦੀ ਨਹੀਂ।

ਕੁਝ ਹੋਰ ਗੋਤਾਂ ਜਿਹਾ ਕਿ ਮਾਨ, ਹੇੜ, ਤੇ ਭੁੱਲਰ, ਆਪਣੇ ਆਪ ਨੂੰ ਅਸਲੀ ਜੱਟ ਮੰਨਦੀਆਂ ਹਨ। ਉਨ੍ਹਾਂ ਦੀਆਂ ਰਵਾਇਤਾਂ ਅਨੁਸਾਰ ਜੱਟ ਸ਼ਿਵ ਦੀਆਂ ਲਿਟਾਂ ਵਿਚੋਂ ਉਪਜੇ ਹਨ।

ਜੱਟਾਂ ਦੇ ਅਸਲੇ ਬਾਰੇ ਜਿਹੋ ਜਿਹੇ ਭੁਲੇਖੇ ਪਏ ਹੋਏ ਹਨ ਉਹੋ ਜਿਹੇ ਰਾਜਪੂਤਾਂ ਬਾਰੇ ਵੀ ਹਨ। ਰਾਜਪੂਤਾਂ ਬਾਰੇ ਇਕ ਮੱਤ ਤਾਂ ਇਹ ਹੈ ਕਿ ਰਾਜਪੂਤ ਬੀਰ-ਕਾਲ ਦੇ ਕਸ਼ਤਰੀਆਂ ਦੀ ਹੀ ਵੰਸ਼ ਹਨ। ਪਰ ਕਈ ਮਾਨਵ-ਸ਼ਾਸਤ੍ਰੀ ਰਾਜਪੂਤਾਂ ਨੂੰ ਬਾਹਰੋਂ ਆਏ ਕਬੀਲਿਆਂ ਨਾਲ ਜੋੜਦੇ ਹਨ, ਖਾਸ ਤੌਰ ਤੇ ਗੁੱਜਰਾਂ ਨਾਲ। ਡੇਂਜਲ ਇਬਟਸਨ ਦਾ ਵਿਚਾਰ ਬਾਕੀਆਂ ਨਾਲੋਂ ਵੱਖਰਾ ਹੈ। ਉਨ੍ਹਾਂ ਦੇ ਅਨੁਸਾਰ ਪੰਜਾਬ ਤੇ ਰਾਜਪੂਤਾਨੇ ਵਿਚ ਜਿਨ੍ਹਾਂ ਵੀ ਕਬੀਲਿਆਂ ਨੇ, ਭਾਵੇਂ ਉਹ ਬਾਹਰੋਂ ਆਏ ਜਾਂ ਇਥੋਂ ਦੇ ਹੀ ਵਸਨੀਕ ਸਨ, ਕਿਸੇ ਸਮੇਂ ਵੀ, ਦੇਸ਼ ਦੇ ਕਿਸੇ ਭਾਗ ਵਿਚ, ਆਪਣਾ ਰਾਜ ਸਥਾਪਿਤ ਕੀਤਾ, ਉਨ੍ਹਾਂ ਦੀ ਵੰਸ਼ ਰਾਜ-ਪੁਤਰ ਅਥਵਾ ਰਾਜਪੂਤ ਅਖਵਾਈ। ਉਨ੍ਹਾਂ ਦੇ ਮੱਤ ਅਨੁਸਾਰ ਰਾਜਪੂਤ ਕੋਈ ਵੱਖਰਾ ਕਬੀਲਾ ਨਹੀਂ, ਇਸ ਵਿਚ ਕਈ ਕਬੀਲੇ ਰਚੇ ਮਿਚੇ ਹੋਏ ਹਨ। ਪਰ ਰਾਜਪੂਤਾਂ ਦੀਆਂ ਆਪਣੀਆਂ ਬੰਸਾਵਲੀਆਂ ਉਨ੍ਹਾਂ ਦਾ ਪਿੱਛਾ ਦੇਵਤਿਆਂ/ਬੀਰ ਕਾਲ ਦੇ ਸੂਰਬੀਰਾਂ ਨਾਲ ਜੋੜਦੀਆਂ ਹਨ।

ਪੰਜਾਬ ਵਿਚ ਭੱਟੀ ਰਾਜਪੂਤਾਂ ਦਾ ਚੋਖਾ ਚਿਰ ਰਾਜ ਰਿਹਾ। ਕਪੂਰਥਲਾ ਕਿਸੇ ਸਮੇਂ ਇਨ੍ਹਾਂ ਦੀ ਰਾਜਧਾਨੀ ਸੀ। ਮੰਜ ਰਾਜਪੂਤ ਹਲੂਰ (ਲੁਧਿਆਣੇ) ਨੂੰ ਹੀ ਆਪਣੀ ਗੋਤ ਦਾ ਮੂਲ-ਅਸਥਾਨ ਮੰਨਦੇ ਹਨ। ਜਾਲੰਧਰ, ਹੁਸ਼ਿਆਰਪੁਰ ਤੇ ਫੂਲਕੀਆਂ ਰਿਆਸਤਾਂ ਵਿਚ ਵੀ ਰਾਜਪੂਤਾਂ ਦੀਆਂ ਕਈ ਕੁਲਾਂ ਦੇਰ ਸਮੇਂ ਤੋਂ ਵਸਦੀਆਂ ਆ ਰਹੀਆਂ ਹਨ, ਪੰਜਾਬ ਦੇ ਨਾਲ ਲਗਦੇ ਪਹਾੜੀ ਇਲਾਕਿਆਂ ਵਿਚ, ਰਾਜਪੂਤਾਂ ਦੀ ਰਾਜ-ਸੱਤਾ ਵੀ ਸਥਾਪਿਤ ਰਹੀ।

ਪੰਜਾਬ ਦਾ ਪ੍ਰਸਿਧ ਲੋਕ-ਨਾਇਕ ਪੂਰਨ ਭਗਤ, ਕਾਦਰਯਾਰ ਅਨੁਸਾਰ, ਜਾਤ ਦਾ ਪਰਮਾਰ ਰਾਜਪੂਤ ਸੀ ਅਤੇ ਬੀਰ ਨਾਇਕ ਦੂਲਾ ਜਾਤ ਦਾ ਭੱਟੀ ਸੀ। ਜੱਟਾਂ ਦੇ ਜ਼ੋਰ ਫੜਨ ਤੋਂ ਪਹਿਲਾਂ, ਪੰਜਾਬ ਦੀ ਬੀਰ-ਪਰੰਪਰਾ ਰਾਜਪੂਤਾਂ ਨਾਲ ਜੁੜੀ ਹੋਈ ਹੈ। ਪਛਮੀ ਪੰਜਾਬ ਵਿਚ, ਜਿਹਲਮ ਤੇ ਝਨਾਂ ਦੇ ਵਿਚਕਾਰਲੇ ਇਲਾਕੇ ਵਿਚ, ਸਿਆਲ, ਰਾਂਝੇ, ਖਰਲ, ਧੀਵਾ ਤੇ ਭੱਟੀ ਆਦਿ ਚੋਣਵੀਆਂ ਜਾਤੀਆਂ

ਦਾ ਮੁੱਢ ਵੀ ਰਾਜਪੂਤੀ ਮੰਨਿਆ ਜਾਂਦਾ ਹੈ। ਇਹ ਸਭ ਲੋਕ ਬਾਬਾ ਫਰੀਦ ਦੇ ਵੇਲੇ ਮੁਸਲਮਾਨ ਹੋਏ ਦਸੇ ਜਾਂਦੇ ਹਨ। ਹੀਰ ਰਾਂਝਾ, ਤੇ ਮਿਰਜ਼ਾ ਸਾਹਿਬਾਂ ਇਨ੍ਹਾਂ ਕਬੀਲਿਆਂ ਦੀ ਹੀ ਵੰਸ਼ ਸਨ। ਹੀਰ ਜਾਤ ਦੀ ਸਿਆਲ ਸੀ, ਧੀਦੋ ਰਾਂਝਾ ਸੀ, ਸਾਹਿਬਾਂ ਜਾਤ ਦੀ ਖੀਵਾ ਸੀ ਤੇ ਮਿਰਜ਼ਾ ਖਰਲ।

ਪੰਜਾਬ ਦੀ ਵਸੋਂ ਦਾ ਇਕ ਵਡੇਰਾ ਭਾਗ ਖੱਤ੍ਰੀ, ਅਰੋੜੇ, ਵੈਸ਼ ਤੇ ਬ੍ਰਾਹਮਣ ਹਨ, ਜੋ ਆਪਣੇ ਆਪ ਨੂੰ ਆਰੀਆ ਦੀ ਵੰਸ਼ ਮੰਨਦੇ ਹਨ। ਖਤ੍ਰੀ ਪੜ੍ਹੇ ਲਿਖੇ ਪ੍ਰਾਣੀ ਹਨ ਤੇ ਇਨ੍ਹਾਂ ਦਾ ਮੁਖ ਕਿੱਤਾ ਵਣਜ-ਵਪਾਰ ਜਾਂ ਦੁਕਾਨਦਾਰੀ ਰਿਹਾ ਹੈ। ਇਹ ਰੰਗ ਦੇ ਸਾਫ਼, ਸੋਹਣੀ ਡੀਲ ਡੌਲ ਤੇ ਤਿੱਖੇ ਨੈਣ ਨਕਸ਼ਾਂ ਵਾਲੇ ਹਨ। ਜੱਟਾਂ ਵਾਂਗ ਇਹ ਵੀ ਬੜੇ ਉਦਮੀ, ਉਤਸਾਹੀ ਤੇ ਦਲੇਰ ਹਨ। ਬੀਰ-ਭਾਵਨਾ ਇਨ੍ਹਾਂ ਵਿਚ ਵੇਖੀ ਹੈ। ਅਰੋੜੇ ਖੱਤ੍ਰੀਆਂ ਦੀ ਹੀ ਇਕ ਸਾਖ ਮੰਨੇ ਜਾਂਦੇ ਹਨ। ਸਰ ਜਾਰਜ ਕੈਂਪਬਲ ਦਾ ਮਤ ਹੈ ਕਿ ਇਹ ਦੋਵੇਂ ਜਾਤਾਂ ਇਕੋ ਨਸਲ ਵਿਚੋਂ ਹਨ। ਅਰੋੜਿਆਂ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ ਜਦੋਂ ਪਰਸਰਾਮ ਕਸ਼ਤਰੀਆਂ ਦਾ ਸਰਬ-ਨਾਸ਼ ਕਰ ਰਿਹਾ ਸੀ ਤਾਂ ਕੁਝ ਕਸ਼ਤਰੀਆਂ ਨੇ ਮੌਤ ਤੋਂ ਬਚਣ ਲਈ, ਆਪਣੇ ਆਪ ਨੂੰ ਕਸ਼ਤਰੀ ਦੀ ਥਾਂ 'ਔਰ' ਭਾਵ ਹੋਰ ਜਾਤੀ ਦਾ ਦਸਿਆ ਤੇ ਉਦੋਂ ਤੋਂ ਹੀ ਇਹ 'ਔਰ' ਤੇ ਅਰੋੜੇ ਪ੍ਰਸਿਧ ਹੋਏ ਤੇ ਖੱਤ੍ਰੀਆਂ ਨੇ ਇਨ੍ਹਾਂ ਨੂੰ ਬੁਜ਼ਦਿਲ ਹੋਣ ਕਰਕੇ ਆਪਣੀ ਬਰਾਦਰੀ ਤੋਂ ਛੇਕ ਦਿਤਾ। ਦੇਸ਼ ਵੰਡ ਤੋਂ ਪਹਿਲਾਂ ਖੱਤ੍ਰੀ ਧਨੀ ਪੋਠੋਹਾਰ ਵਿਚ ਕਾਫ਼ੀ ਗਿਣਤੀ ਵਿਚ ਵਸਦੇ ਸਨ ਅਤੇ ਅਰੋੜੇ ਮੁਲਤਾਨ ਵਿਚ। ਦੇਸ਼ ਵੰਡ ਸਮੇਂ ਇਹ ਪੂਰਬੀ ਪੰਜਾਬ ਦੇ ਭਿੰਨ ਭਿੰਨ ਨਗਰਾਂ, ਕਸਬਿਆਂ ਤੇ ਪਿੰਡਾਂ ਵਿਚ ਖਿੰਡ ਗਏ।

ਬਾਣੀਏ ਵਪਾਰ ਕਰ ਕੇ ਹੱਟੀ ਜਾਂ ਛੋਟਾ ਵਣਜ ਕਰਦੇ ਰਹੇ ਹਨ। ਉਹ ਆਰੀਆ ਦੀ ਵੈਸ਼ ਜਾਤੀ ਵਿਚੋਂ ਮੰਨੇ ਜਾਂਦੇ ਹਨ। ਵੰਡ ਤੋਂ ਪਹਿਲਾਂ ਇਨ੍ਹਾਂ ਦੀ ਬਹੁਤੀ ਸੰਖਿਆ ਪੂਰਬੀ ਪੰਜਾਬ ਵਿਚ ਹੀ ਸੀ। ਸਾਰੀ ਉਮਰ ਦੁਕਾਨ ਅੰਦਰ ਦੱਬ ਘੁਟ ਰਹਿਣ ਕਰਕੇ, ਇਹ ਸਰੀਰ ਦੇ ਦੁਬਲੇ ਤੇ ਮਨ ਦੇ ਕਮਜ਼ੋਰ ਹਨ। ਇਹ ਸੂਦਖੋਰ ਵੀ ਰਹੇ ਹਨ ਤੇ ਕਿਸਾਨ ਦੇ ਲਹੂ ਨੂੰ ਚਿੱਚੜ ਬਣ ਕੇ ਚੂਸਦੇ ਰਹੇ ਹਨ। ਇਨ੍ਹਾਂ ਬਾਰੇ ਇਹ ਬੋਲੀ ਇਉਂ ਪ੍ਰਚਲਤ ਹੈ:

"ਬਾਣੀਆਂ ਨੇ, ਅਤਿ ਚੁਕ ਲਈ
ਸਾਰੇ ਪਿੰਡ ਨੂੰ ਕਰਜ਼ਾਈ ਕੀਤਾ।"

ਲਏ ਹਨ।

ਛੋਟੇ ਕਿਰਸਾਨੀ ਕਬੀਲਿਆਂ ਵਿਚੋਂ ਸੈਣੀ
ਖਾਸ ਮਹਾਨਤਾ ਰਖਦੇ ਹਨ। ਇਹਨਾਂ ਦੋਹਾਂ
ਲੋਕ ਬੜੇ ਚੰਗੇ ਰਾਹਕ ਤੇ ਸਿਆਣੇ ਕਾਸ਼ਤਕਾਰ
ਦੇ ਸੁਚੱਜੇ ਤੇ ਮਿਹਨਤੀ। ਸੈਣੀ ਆਪਣਾ ਪਿੱਛਾ
ਨਾਲ ਜੋੜਦੇ ਹਨ, ਪਰ ਕੰਬੋ ਆਪਣਾ ਮੂਲ ਸਥਾ
ਦੇਸ਼ ਦਸਦੇ ਹਨ, ਜੋ ਅਫ਼ਗਾਨਿਸਤਾਨ ਵਿਚ
ਪ੍ਰਚਲਤ ਰਵਾਇਤਾਂ ਅਨੁਸਾਰ ਕੰਬੋਆਂ ਦੇ ਵਡਿਕੇ
ਕਾਲ ਵਿਚ; ਕੁਰਖਸ਼ੇਤਰ ਦੀ ਯੁਧ ਸਮੇਂ,
ਸਹਾਇਤਾ ਲਈ ਅਫ਼ਗਾਨਿਸਤਾਨ ਵਿਚੋਂ ਆ
ਹਮੇਸ਼ਾਂ ਲਈ ਇਥੇ ਹੀ ਵਸ ਗਏ।

ਪੰਜਾਬ ਵਿਚ ਅਨੇਕਾਂ ਟੱਪਰੀਵਾਸੀ ਕਬੀਲੇ
ਹਨ, ਜਿਨ੍ਹਾਂ ਵਿਚ ਸਾਂਹਸੀ, ਪੱਖੀਵਾਲ, ਬਾਵਰ
ਬਾਜ਼ੀਗਰ, ਚੰਗੜ, ਆਦਿ ਖਾਸ ਧਿਆਨ ਯੋਗ ਹ
ਲੋਕ ਪਿੰਡਾਂ ਜਾਂ ਕਸਬਿਆਂ ਦੀਆਂ ਬਾਹਰਲੀਆਂ
ਘਾਹ ਫੂਸ ਦੀਆਂ ਆਰਜ਼ੀ ਝੁਗੀਆਂ ਬਣਾ ਕੇ ਰਹਿ
ਕੁਝ ਕਬੀਲੇ ਨੱਟ ਤੇ ਬਾਜ਼ੀਗਰ ਆਦਿ ਤਾਂ
ਥਾਂ ਟਿਕ ਕੇ ਨਹੀਂ ਬੈਠਦੇ ਤੇ ਪਿੰਡੋ ਪਿੰਡ ਘੁ
ਹਨ। ਇਨ੍ਹਾਂ ਦੇ ਰੀਤ-ਰਵਾਜ ਤੇ ਵਿਸ਼ਵਾਸ਼ ਆ
ਵਾਲੇ ਹਨ ਤੇ ਇਨ੍ਹਾਂ ਦਾ ਧਰਮ ਜਾਦੂ-ਟੂਣੇ
ਡੰਡੇ ਤੋਂ ਉਪਰ ਨਹੀਂ ਉਠਿਆ। ਇਹ ਜੜ੍ਹ
ਤੇ ਜੜ੍ਹ ਵਸਤੂਆਂ ਵਿਚ ਵੀ ਆਤਮਾ ਦੀ
ਹਨ। ਭੂਤ ਪ੍ਰੇਤਾਂ ਵਿਚ ਪੂਰਾ ਵਿਸ਼ਵਾਸ਼ ਰਖ
ਮੁਹੰਮਦ ਲਤੀਫ ਅਨੁਸਾਰ ਇਹ ਕਬੀਲੇ ਪੰਜਾਬ
ਵਾਸੀਆਂ 'ਦਾਸਯੂ' ਦੀ ਬਚੀ ਖੁਚੀ ਵੰਸ਼ ਹਨ
ਜਿਨ੍ਹਾਂ ਨੂੰ 'ਭੇਡ ਕਟ' ਵੀ ਕਿਹਾ ਜਾਂਦਾ ਹੈ, ਲੁ
ਅੰਮ੍ਰਿਤਸਰ ਦੇ ਜ਼ਿਲਿਆਂ ਵਿਚ ਕਾਫੀ ਗਿਣ
ਮਿਲਦੇ ਹਨ। ਇਹ ਸ਼ਿਕਾਰ ਮਾਰ ਕੇ ਪੇਟ ਪ
ਭੇਡਾਂ ਬਕਰੀਆਂ ਤੇ ਖੋਤੇ ਆਦਿ ਪਾਲ ਕੇ ਨਿ
ਹਨ। ਇਨ੍ਹਾਂ ਦੀਆਂ ਤੀਵੀਆਂ ਘਾਹ ਤੇ
ਛੱਜ ਛਾਨਣੀਆਂ ਬਣਾ ਕੇ ਵੇਚਦੀਆਂ ਹਨ।
ਫਿਰੋਜ਼ਪੁਰ, ਗੁਰਦਾਸਪੁਰ, ਤੇ ਲੁਧਿਆਣੇ ਦੇ
ਵਿਚ ਮਿਲਦੇ ਹਨ। ਇਹ ਚਿੜੀਮਾਰ ਤੇ
ਹਨ। ਕਈ ਪੱਖੀਵਾਲ ਸਰਕੀਆਂ ਵੇਚ ਕੇ ਗੁ
ਹਨ ਤੇ ਕੁਝ ਕ [illegible] ਭਿੱਖ ਆਦਿ

ਪਛੜੀਆਂ ਜਾਤੀਆਂ ਵਿਚ, ਉੱਚੀਆਂ ਜਾਤੀਆਂ ਨਾਲ ਆਪਣਾ ਅਸਲਾ ਜੋੜਨ ਦੀ ਭਾਵਨਾ ਬੜੀ ਪ੍ਰਬਲ ਰਹੀ ਹੈ। ਇਹੋ ਕਾਰਨ ਹੈ ਕਿ ਕੁਝ ਸਾਂਹਸੀ ਆਪਣਾ ਪਿੱਛਾ ਸਿਆਲਕੋਟ ਦੇ ਇਕ ਰਾਜੇ ਨਾਲ ਜੋੜਦੇ ਹਨ, ਕੁਝ 'ਪੰਵਾਰ' ਰਾਜਪੂਤਾਂ ਨਾਲ। ਗੁਜਰਾਤ ਦੇ ਸਾਂਹਸੀ ਆਪਣੇ ਆਪ ਨੂੰ ਰਾਜਾ ਸਾਂਹਸ ਮਲ ਦੀ ਔਲਾਦ ਦਸਦੇ ਹਨ। ਇਹੋ ਗੱਲ ਪੱਖੀਵਾਲਾਂ ਉੱਤੇ ਵੀ ਢੁੱਕਦੀ ਹੈ। ਉਨ੍ਹਾਂ ਦੀਆਂ ਆਪਣੀਆਂ ਰਵਾਇਤਾਂ ਅਨੁਸਾਰ ਉਹ ਕਦੇ ਮੁਗ਼ਲਾਂ ਦੇ ਸਿਪਾਹੀ ਸਨ। ਮੁਗ਼ਲ ਪਾਤਸ਼ਾਹ ਨੇ ਸਾਂਹਸੀਆਂ ਨੂੰ ਇਕ ਮੁਹਿੰਮ ਉੱਤੇ ਭੇਜਿਆ, ਜਿਸ ਵਿਚ ਉਨ੍ਹਾਂ ਨੇ ਬੁਰੀ ਤਰ੍ਹਾਂ ਹਾਰ ਖਾਧੀ ਤੇ ਮੁੜ ਸ਼ਰਮ ਦੇ ਮਾਰੇ, ਉਨ੍ਹਾਂ ਨੇ ਕਿਸੇ ਨੂੰ ਮੂੰਹ ਨਾ ਵਿਖਾਇਆ ਤੇ ਟੱਪਰੀਆਂ ਵਿਚ ਰਹਿਣ ਕਰ ਕੇ ਪੱਖੀਵਾਲ ਅਖਵਾਏ। ਇਸੇ ਤਰ੍ਹਾਂ ਕੁਝ ਨੱਟ ਆਪਣਾ ਅਸਲਾ ਮਾਰਵਾੜ ਦੇ ਬ੍ਰਾਹਮਣਾਂ ਨਾਲ ਜੋੜਦੇ ਹਨ। ਉਨ੍ਹਾਂ ਵਿਚ ਪ੍ਰਚਲਤ ਰਵਾਇਤਾਂ ਅਨੁਸਾਰ, ਪਹਿਲਾਂ ਉਹ ਬ੍ਰਾਹਮਣ ਸਨ ਅਤੇ ਉਨ੍ਹਾਂ ਦਾ ਕਰਤੱਵ ਆਪਣੇ ਕਿਸੇ ਜਜਮਾਨ ਦੀ ਮੌਤ ਉੱਤੇ, ਉਸ ਦੀ ਚਿਖਾ ਲਈ ਜੰਗਲ ਵਿਚੋਂ ਲਕੜੀਆਂ ਲਿਆ ਕੇ ਦੇਣਾ ਸੀ। ਇਕ ਵਾਰ ਉਨ੍ਹਾਂ ਦੇ ਭਾਈਚਾਰੇ ਵਿਚ ਕਿਸੇ ਦੁਰਾਡੇ ਪਿੰਡ ਕੋਈ ਵਿਆਹ ਸੀ। ਉਨ੍ਹਾਂ ਨੇ ਜਜਮਾਨਾਂ ਦੇ ਘਰ ਸਾਵਧਾਨੀ ਲਈ, ਅਗਾਊਂ ਹੀ ਚਿਖਾ ਲਈ ਲਕੜੀਆਂ ਭੇਜ ਦਿਤੀਆਂ ਤਾਂ ਜੋ ਪਿਛੋਂ ਅਚਾਨਕ ਕੋਈ ਮ੍ਰਿਤੂ ਹੋ ਜਾਵੇ ਤਾਂ ਜਜਮਾਨਾਂ ਨੂੰ ਕੋਈ ਕਸ਼ਟ ਨਾ ਉਠਾਉਣਾ ਪਏ। ਜਜਮਾਨਾਂ ਨੇ ਇਸ ਗੱਲ ਨੂੰ ਬਦਸ਼ਗਨੀ ਸਮਝਿਆ ਤੇ ਉਨ੍ਹਾਂ ਨੂੰ ਪਿੰਡੋਂ ਬਾਹਰ ਕਢ ਦਿਤਾ। ਜਦੋਂ ਉਹ ਭੁੱਖੇ ਮਰਨ ਲੱਗੇ ਤਾਂ ਉਨ੍ਹਾਂ ਇਕ ਫ਼ਕੀਰ ਦੀ ਸ਼ਰਨ ਲਈ, ਜਿਸ ਕੋਲ ਇਕ ਬੰਦਰ ਸੀ ਜੋ ਹਨੂੰਮਾਨ ਦੀ ਕੁਲ ਦਾ ਸੀ। ਇਸ ਬੰਦਰ ਤੋਂ ਉਨ੍ਹਾਂ ਨੇ ਕਲਾਬਾਜ਼ੀਆਂ ਸਿਖੀਆਂ ਤੇ ਨੱਟਾਂ ਦਾ ਧੰਦਾ ਅਪਣਾ ਲਿਆ।

ਉਪਰੋਕਤ ਸਾਰੀ ਚਰਚਾ ਇਹ ਸਿਧ ਕਰਦੀ ਹੈ ਕਿ ਪੰਜਾਬ ਦੀ ਵਸੋਂ ਰੰਗ-ਮੁਰੰਗੀ, ਮਿੱਸੀ ਤੇ ਵਿਜਾਤੀ ਹੈ। ਭਾਵੇਂ ਪੰਜਾਬੀ ਨਸਲੀ ਤੌਰ 'ਤੇ ਇਕ ਸੱਚੀ ਇਕਾਈ ਨਹੀਂ, ਪਰ ਬਾਹਰੋਂ ਆ ਕੇ ਵਸੀਆਂ ਜਾਤਾਂ ਤੇ ਨਸਲਾਂ ਦੇ ਲੋਕ ਇਥੋਂ ਦੀ ਵਸੋਂ ਵਿਚ ਰਚ ਮਿਚ ਗਏ। ਅਜ ਸਭ ਪੰਜਾਬੀ ਹੋਣ ਦਾ ਇਕੋ ਜਿਹਾ ਮਾਣ ਕਰਦੇ ਹਨ। ਇਹ ਨਸਲੀ

ਸਭਿਆਚਾਰਕ ਤੌਰ ਉਤੇ ਪੰਜਾਬ ਇਕ ਅਜਿਹੀ
ਹੈ ਜਿਸ ਵਿਚ ਰੰਗ-ਮੁਰੰਗੇ ਪੱਤੇ ਤੇ ਫੁੱਲ ਆਪਣ
ਹੋਂਦ ਤੇ ਵਿਲੱਖਣਤਾ ਦੇ ਬਾਵਜੂਦ ਵੀ ਸਮੁੱਚੀ
ਦਾ ਪ੍ਰਭਾਵ ਪਾਉਂਦੇ ਹਨ। ਪੰਜਾਬ ਦੇ ਕਿਸੇ
ਦੀ ਵਸੋਂ ਵੀ ਸੁਜਾਤੀ ਨਹੀਂ। ਭਾਵੇਂ ਅਨੇਕਾਂ ਪਿ
ਮਿਲਦੇ ਹਨ, ਜਿਨ੍ਹਾਂ ਵਿਚ ਬਹੁਤੀ ਵਸੋਂ ਕਿ
ਜਾਤ-ਕਬੀਲੇ ਦੀ ਹੀ ਹੈ। ਹਰੇਕ ਜਾਤੀ ਦੀਆਂ
ਰਸਮਾਂ ਰੀਤਾਂ ਹਨ, ਜੋ ਕੁਝ ਹੱਦ ਤਕ ਦੂਜਿਆਂ
ਵੱਖਰੀਆਂ ਵੀ ਹਨ। ਜੱਟ, ਰਾਜਪੂਤ, ਖੱਤਰੀ ਤੇ
ਭਾਵੇਂ ਇਕੋ ਪਿੰਡ ਵਿਚ ਹੀ ਵਸਦੇ ਹੋਣ, ਉ
ਸਭਿਆਚਾਰਕ ਰੂੜ੍ਹੀਆਂ ਵਿਚ ਕੁਝ ਵਿਲੱਖਣਤ
ਵੇਖਣ ਵਿਚ ਆਉਂਦੀ ਹੈ। ਜੱਟ ਤੇ ਰਾਜਪੂ
ਜਠੇਰਿਆਂ ਦੀ ਪੂਜਾ ਪ੍ਰਚਲਤ ਹੈ, ਖੱਤਰੀਆਂ ਵਿ
ਜੱਟਾਂ ਵਿਚ ਕਰੇਵੇ ਦਾ ਰਵਾਜ ਹੈ, ਰਾਜਪੂ
ਪੁਨਰ-ਵਿਵਾਹ ਵਿਵਰਜਤ ਹੈ। ਇਕੋ ਜਾਤੀ
ਭਿੰਨ ਭਿੰਨ ਗੋਤਾਂ ਵਿਚ ਵੀ ਕੁਝ ਅੰਸ਼-ਮਾਤ੍ਰ ਅੰਤਰ
ਜਾਂਦਾ ਹੈ। ਜਿਵੇਂ ਹੱਢੇ ਖੱਤਰੀ ਅੱਕ ਨੂੰ ਪਵਿ
ਪੂਜਦੇ ਹਨ। ਸਹਿਗਲਾਂ ਵਿਚ ਵੈਂਗਣ ਦਾ ਭੜ
ਨਿਸ਼ੇਧ ਹੈ। ਕੋੜੇ ਗੋਤ ਦੇ ਖੱਤਰੀ ਵਿਆਹ,
ਹੋਰ ਸਮਾਜਿਕ ਰੀਤਾਂ ਸਮੇਂ ਇਲ ਦੀ ਪੂ
ਹਨ।

ਇਥੇ ਹੀ ਬਸ ਨਹੀਂ, ਜੱਟਾਂ, ਰਾਜਪੂਤਾਂ, ਖੱ
ਸਾਂਹਸੀਆਂ ਦੀ ਪੁਸ਼ਾਕ ਤੇ ਰਹਿਤਲ ਵਿਚ ਵ
ਅੰਤਰ ਹੈ। ਲੋਕਾਂ ਦੀ ਰਹਿਣੀ ਬਹਿਣੀ, ਜੀਵਨ
ਚਜ-ਅਚਾਰ ਵਿਚ ਕੁਝ ਅੰਤਰ ਧਰਮ ਸਦਕਾ
ਜਿਵੇਂ ਹਿੰਦੂ ਪੂਰਬ ਵਲ ਸਿਰ ਝੁਕਾਂਦਾ ਹੈ ਤੇ
ਪੱਛਮ ਵਲ। ਹਿੰਦੂ ਪੂਜਾ ਪਾਠ ਸਮੇਂ ਮੂੰਹ ਹੱਥ ਧੋਣ
ਪਹਿਲਾਂ ਖੱਬੀ ਲੱਤ ਧੋਂਦਾ ਹੈ, ਪਰ ਮੁਸਲਮਾਨ ਸੱ
ਬਾਹਵਾਂ ਧੋਣ ਲਗਿਆਂ ਹਿੰਦੂ ਕੋਹਣੀ ਤੋਂ ਹੱਥਾਂ ਵ
ਪਾਉਂਦਾ ਹੈ, ਪਰ ਮੁਸਲਮਾਨ ਬਾਹਵਾਂ ਉਚੀਆਂ
ਹੱਥਾਂ ਵਲੋਂ ਕੋਹਣੀ ਵਲ। ਇਤਨੀ ਬਹੁ-ਰੰਗੀ ਦੇ
ਹੀ ਸਾਰੇ ਪੰਜਾਬੀ, ਭਾਵੇਂ ਉਹ ਕਿਸੇ ਜਾਤ ਨਸ
ਹਨ, ਇਕ ਸਭਿਆਚਾਰਕ ਧੁਰੇ ਵਿਚ ਬਝੇ
ਅਤੇ ਸਭ ਪੰਜਾਬੀ ਹੋਣ ਦਾ ਗੌਰਵ ਕਰਦੇ ਹਨ।

ਦਾਦਕੇ ਪੰਜੀਰੀ ਤਿਆਰ ਕਰ ਕੇ ਨਾਈ ਦੇ ਹੱਥ ਭੇਜਦੇ ਹਨ। ਜੱਚਾ ਨੂੰ ਪੰਜੀਰੀ ਖਵਾਣ ਤੋਂ ਪਹਿਲਾਂ ਕੁਝ ਪੰਜੀਰੀ ਜਠੇਰਿਆਂ ਦੇ ਨਾਂ ਉਤੇ ਬੱਚਿਆਂ ਵਿਚ ਵੰਡੀ ਜਾਂਦੀ ਹੈ ਅਤੇ ਕੁਝ ਦਾਈ ਨੂੰ ਦਿਤੀ ਜਾਂਦੀ ਹੈ। ਕੁਝ ਪੰਜੀਰੀ ਗਲੀ-ਗੁਆਂਢ ਵਿਚ ਵੀ ਵੰਡੀ ਜਾਂਦੀ ਹੈ।

(ਪ-57) **ਪੰਜੇਬ** :

ਚਾਂਦੀ ਦਾ ਇਕ ਗਹਿਣਾ, ਜਿਸ ਨਾਲ ਛੋਟੇ ਛੋਟੇ ਘੁੰਘਰੂ ਲਗੇ ਹੁੰਦੇ ਹਨ ਤੇ ਜਿਸ ਨੂੰ ਤੀਵੀਆਂ ਪੈਰਾਂ ਵਿਚ ਪਹਿਨਦੀਆਂ ਹਨ। ਇਸ ਦੀ ਛਣ ਛਣ ਵਿਚ ਮਟਕ ਨਾਲ ਤੁਰਨ ਦਾ ਬੜਾ ਆਨੰਦ ਹੈ।

(ਪ-58) **ਪਟਕਾ** :

(ੳ) ਸਿਰ ਉਤੇ ਵਲ੍ਹੇਟਿਆ ਜਾਣ ਵਾਲਾ ਵਸਤ੍ਰ; ਪਟਕਾ ਬੰਨ੍ਹਣ ਦਾ ਰਵਾਜ ਪੰਜਾਬ ਵਿਚ ਸ਼ਕ ਜਾਤੀ ਦੇ ਅਸਰ ਹੇਠ ਪਿਆ। ਸ਼ਕਾਂ ਵਿਚ ਪਟਕਾ ਬੰਨ੍ਹਣ ਦੀ ਪ੍ਰਥਾ ਸੀ। ਗੁਪਤ ਕਾਲ ਵਿਚ ਪਟਕੇ ਦਾ ਬੜਾ ਰਵਾਜ ਸੀ।

(ਅ) (ਪੋਠੋਹਾਰੀ) ਉਹ ਕਪੜਾ ਜੋ ਕਮੀ ਕਮੀਣ ਸਿਰ ਤੇ ਬੰਨ੍ਹਦੇ ਹਨ। ਛੋਟਾ ਸਾਫ਼ਾ। ਪਟਕਾ ਲੰਬਾਈ ਵਿਚ, ਪੱਗ ਨਾਲੋਂ ਬਹੁਤ ਛੋਟਾ ਹੁੰਦਾ ਹੈ। ਅਖਾਣ ਹੈ :

ਕਦੇ ਪੱਗ ਬੰਨ੍ਹਾਂ ਕਦੇ ਪਟਕਾ
ਦੁਨੀਆਂ ਚਾਰ ਦਿਨਾਂ ਦਾ ਲਟਕਾ।

(ੲ) ਮਹਾਨਕੋਸ਼ ਅਨੁਸਾਰ ਖ਼ਾਲਸਾਈ ਬੋਲੇ ਵਿਚ ਉਹ ਜੀਵ, ਜੋ ਤਲਵਾਰ ਦੇ ਇਕੋ ਝਟਕੇ ਨਾਲ ਨਾ ਵਢਿਆ ਗਿਆ ਹੋਵੇ, ਕਿੰਤੂ ਅਧਕੱਟਿਆ ਜ਼ਮੀਨ ਪੁਰ ਪਟਕਿਆ ਜਾਵੇ। ਸਿੱਖਾਂ ਵਿਚ ਪਟਕੇ ਦਾ ਮਾਸ ਨਿਸ਼ੇਧ ਹੈ।

(ਪ-59) **ਪਟਰਾਨੀ** :

ਪਹਿਲਿਆਂ ਵਿਚ ਰਾਜੇ ਮਹਾਰਾਜੇ ਤੇ ਪਾਤਸ਼ਾਹ ਕਈ ਵਿਆਹ ਕੀਤਾ ਕਰਦੇ ਸਨ, ਪਹਿਲੀ ਰਾਣੀ ਨੂੰ ਪਟਰਾਨੀ ਦੀ ਪਦਵੀ ਦਿਤੀ ਜਾਂਦੀ ਸੀ ਤੇ ਇਸ ਨੂੰ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਜਿਵੇਂ ਪਟਰਾਨੀ ਦਾ ਲੜਕਾ ਹੀ ਰਾਜ ਦਾ ਵਾਰਸ ਬਣਦਾ ਸੀ। ਰਾਜ ਦਰਬਾਰ ਵਿਚ ਰਾਜੇ ਦੇ ਨਾਲ ਉਸ ਦੀ ਪਟਰਾਨੀ ਹੀ ਸਿੰਘਾਸਨ ਉਤੇ ਬੈਠਦੀ। ਹਿੰਦੂਆਂ ਵਿਚ ਯੱਗ ਦੇ ਸਮੇਂ ਪਟਰਾਨੀ ਹੀ ਯੱਗ ਕਿਹਿਆ

(ਪ-60) **ਪਟੜੀ** :

ਚਾਂਦੀ ਦਾ ਇਕ ਗਹਿਣਾ, ਜੋ ਤੀਵੀਆਂ ਪੈਰ
ਪਾਉਂਦੀਆਂ ਹਨ।

(ਪ-61) **ਪਟੜੀ ਪੂਜਣਾ** :

'ਪੁਰੀ' ਜਾਤੀ ਦੇ ਹਿੰਦੂ ਖੱਤਰੀਆਂ ਵਿਚ,
ਬੱਚੇ ਦੇ ਜਨਮ ਸਮੇਂ, ਪੱਥਰ ਦੀ ਸਿਲ ਜਿਸ ਨੂੰ '
ਕਹਿੰਦੇ ਹਨ, ਪੂਜਣ ਦੀ ਪ੍ਰਥਾ ਹੈ। ਪਟੜੀ ਅੱਗੇ
ਦੀ ਜੋਤ ਜਗਾਈ ਜਾਂਦੀ ਹੈ। ਇਸ ਮੌਕੇ ਤੇ ਛੋਹਿ
ਆਟੇ ਦੀ ਢਾਈ ਮਣ ਕੜਾਹੀ ਬਣਾਈ ਜਾਂਦੀ ਹੈ,
ਭਾਈਚਾਰੇ ਵਿਚ ਵੰਡੀ ਜਾਂਦੀ ਹੈ।

(ਪ-62) **ਪਟੀ** :

ਇਕ ਲੋਕ-ਕਾਵਿ, ਜਿਸ ਵਿਚ ਵਰਣਮਾਲਾ ਦੇ
ਨੂੰ ਆਧਾਰ ਬਣਾ ਕੇ ਕੋਈ ਉਪਦੇਸ਼ ਜਾਂ ਧਰਮ ਕ
ਗੱਲ ਸਮਝਾਈ ਗਈ ਹੁੰਦੀ ਹੈ। ਜਿਵੇਂ :

ਊੜਾ, ਉਠ ਸਵੇਰੇ ਜਾਗ।

(ਪ-63) **ਪਟੋਲਾ** :

ਪਹਿਲਿਆਂ ਵਿਚ ਕ੍ਰਿਸ਼ਨ ਤੇ ਰਾਧਾ ਦੀਆਂ ਮੂ
ਨੂੰ ਪਟ ਅਥਵਾ ਰੇਸ਼ਮ ਦੇ ਬਸਤ੍ਰ ਅਥਵਾ ਪੋਤੀ ਪ
ਜਾਂਦੀ ਸੀ ਅਤੇ ਇਨ੍ਹਾਂ ਨੂੰ ਪਟੋਲੇ ਕਿਹਾ ਜਾਂਦਾ ਸੀ।

ਪਟ ਦੇ ਪੁਰਾਣੇ ਕਪੜੇ ਤੋਂ ਬਣਾਏ ਗਏ ਗੁੱ
ਨੂੰ ਵੀ ਪਟੋਲਾ ਹੀ ਕਿਹਾ ਜਾਣ ਲੱਗਾ ਜਿਸ ਤੋਂ ਗੁੱ
ਪਟੋਲੇ ਸਮਾਸ ਪ੍ਰਚਲਤ ਹੋ ਗਿਆ।

(ਪ-64) **ਪਠੜੀ** :

ਇਕ ਖ਼ਾਸ ਤਰ੍ਹਾਂ ਦੀ ਮੁੰਦਰੀ ਜੋ ਸਗਾਈ ਵੇਲੇ
ਦਿਤੀ ਜਾਂਦੀ ਹੈ।

(ਪ-65) **ਪਠਾਨ** :

ਅਫ਼ਗ਼ਾਨਿਸਤਾਨ ਦੇ ਵਸਨੀਕ; ਕੁਝ ਅਜਿਹੇ
ਵੀ ਮਿਲਦੇ ਹਨ ਜੋ ਮੁਸਲਮਾਨੀ ਹੱਲਿਆਂ ਸਮੇਂ
ਵਿਚ ਆਏ ਅਫ਼ਗਾਨਾਂ ਦੀ ਵੰਸ਼ ਵਿਚੋਂ ਹਨ।
ਪਰਿਕ ਬਾਰੇ ਇਕ ਅਧੋਕ ਕਿਉਂ

ਰਵਾਇਤ ਅਨੁਸਾਰ ਇਹ ਨਗਰ ਰਾਜਪੂਤਾਂ ਦੀ ਇਕ ਗੋਤ ਪਥਾਨੀਆਂ ਨੇ ਵਸਾਇਆ। ਇਸ ਦਾ ਪੁਰਾਣਾ ਨਾਂ ਪਥਾਨ ਕੋਟ ਸੀ ਅਤੇ ਇਹ ਪਥਾਵਰ ਦੇ ਇਲਾਕੇ ਦੀ ਰਾਜਧਾਨੀ ਸੀ। ਕਨਿੰਘਮ ਦਾ ਵਿਚਾਰ ਹੈ ਕਿ ਪਠਾਨਕੋਟ ਦਾ ਨਾਂ ਹਿੰਦੂਆਂ ਦੀ ਰਾਜਪੂਤ ਗੋਤ ਪਥਾਨੀਆਂ ਦੇ ਨਾਂ ਉੱਤੇ ਰਖਿਆ ਗਿਆ ਨਾ ਕਿ ਮੁਸਲਮਾਨਾਂ ਦੇ ਕਬੀਲੇ ਪਠਾਨਾਂ ਦੇ ਨਾਂ 'ਤੇ।

ਇਕ ਹੋਰ ਰਵਾਇਤ ਅਨੁਸਾਰ ਇਹ ਸਥਾਨ ਇਕ ਪਠਾਨ 'ਬਾਰੇ ਖ਼ਾਨ' ਨੇ ਬਾਬਾ ਸ੍ਰੀ ਚੰਦ ਦੇ ਆਦੇਸ਼ ਤੇ ਵਸਾਇਆ ਸੀ। ਰਵਾਇਤ ਹੈ ਕਿ ਬਾਹਠ ਪਿੰਡ ਵਿਚ ਜਿਥੇ ਬਾਬਾ ਸ੍ਰੀ ਚੰਦ ਰਹਿੰਦੇ ਸਨ, ਇਕ ਪਠਾਨ ਬਾਰੇ ਖ਼ਾਨ ਰਿਹਾ ਕਰਦਾ ਸੀ ਜੋ ਬਾਹਠ ਨਾਲ ਲਗਦੇ ਵੱਡੇ ਸਾਰੇ ਤੁਅਲਕੇ ਦਾ ਮਾਲਕ ਸੀ। ਇਸ ਦੇ ਇਕਲੌਤੇ ਪੁੱਤਰ ਨੇ ਇਕ ਵਾਰ ਬਾਬਾ ਸ੍ਰੀ ਚੰਦ ਦੇ ਸਾਹਮਣੇ ਬੰਦੂਕ ਨਾਲ ਦੋ ਪੰਖੇਰੂ ਫੁੰਡ ਦਿਤੇ। ਬਾਬਾ ਜੀ ਵੈਸ਼ਨੋ ਹੋਣ ਕਰ ਕੇ ਸੁਭਾਵ ਦੇ ਕੋਮਲ ਸਨ। ਉਨ੍ਹਾਂ ਦੇ ਮੂੰਹੋਂ ਸਹਿਜੇ ਹੀ ਨਿਕਲ ਗਿਆ; 'ਜੇ ਤੂੰ ਵੀ ਤੜਪ ਕੇ ਮਰੇਂ ਤਾਂ ਤੈਨੂੰ ਇਨ੍ਹਾਂ ਦੇ ਦਰਦ ਦਾ ਪਤਾ ਚਲੇ।' ਪਲ ਕੁ ਮਗਰੋਂ ਲੜਕੇ ਦੇ ਪੇਟ ਵਿਚ ਸੂਲ ਉਠਿਆ ਤੇ ਉਹ ਤੜਪ ਤੜਪ ਕੇ ਮਰ ਗਿਆ।

ਬਾਰੇ ਖ਼ਾਨ ਬਾਬਾ ਸ੍ਰੀ ਚੰਦ ਦਾ ਸ਼ਰਧਾਲੂ ਸੀ। ਉਹ ਪੁੱਤਰ ਦੀ ਲਾਸ਼ ਚੁਕ ਕੇ ਰੋਂਦਾ ਕੁਰਲਾਂਦਾ ਹੋਇਆ ਬਾਬਾ ਜੀ ਕੋਲ ਆਇਆ ਤੇ ਮਿੰਨਤਾਂ ਤਰਲੇ ਕਰਨ ਲੱਗਾ। ਬਾਬਾ ਜੀ ਨੇ ਤਰਸ ਖਾ ਕੇ ਆਖਿਆ, "ਜੇ ਤੂੰ ਇਹ ਥਾਂ ਛੱਡ ਕੇ ਕਿਧਰੇ ਹੋਰ ਜਾ ਵਸੇਂ ਤਾਂ ਇਹ ਲੜਕਾ ਮੁੜ ਸੁਰਜੀਤ ਹੋ ਜਾਵੇਗਾ।"

ਬਾਰੇ ਖ਼ਾਨ ਬਾਹਠ ਪਿੰਡ ਨੂੰ ਛੱਡ ਕੇ ਨਾਲ ਦੇ ਤੁਅਲਕੇ ਵਿਚ ਤੰਬੂ ਲਗਾ ਕੇ ਰਹਿਣ ਲੱਗਾ। ਉਸ ਦਾ ਲੜਕਾ ਸੁਰਜੀਤ ਹੋ ਗਿਆ। ਪਿਛੋਂ ਬਾਰੇ ਖ਼ਾਨ ਨੇ ਉਥੇ ਇਕ ਨਿੱਕਾ ਜਿਹਾ ਕਿਲਾ ਬਣਵਾਇਆ ਤੇ ਇਸ ਸਥਾਨ ਦਾ ਨਾਂ ਬਾਬਾ ਸ੍ਰੀ ਚੰਦ ਦੇ ਕਹਿਣ ਉੱਤੇ ਪਠਾਨਕੋਟ ਰਖਿਆ।

## (ਪ-67) ਪਠਾਨੀਆਂ :

ਰਾਜਪੂਤਾਂ ਦੀ ਇਕ ਜਾਤ, ਇਸੇ ਕਬੀਲੇ ਦੇ ਲੋਕਾਂ ਨੇ

ਕੋਈ ਬਾਵਰੀਆ ਬੀਮਾਰ ਪੈਂਦਾ ਹੈ ਤਾਂ
ਜੀਅ ਪਿੱਤਰਾਂ ਨੂੰ ਪ੍ਰਸੰਨ ਕਰਨ ਲਈ 'ਪੱ
ਹਨ। ਤੇਲ ਦੀ ਕੜਾਹੀ ਵਿਚ ਰੋਟੀ ਦੇ
ਜਾਂਦੇ ਹਨ ਤੇ ਇਕ ਕਸੋਰੇ ਵਿਚ ਰਖ ਕੇ
ਅੱਗੇ ਮੱਥੇ ਰਗੜਦੇ ਤੇ ਜੋਦੜੀਆਂ ਕਰਦੇ

## (ਪ-69) ਪੱਤਰੀ :

ਧਾਤ ਦਾ ਇਕ ਗਹਿਣਾ, ਜੋ ਜੁਗਨੀ
ਹੁੰਦਾ ਹੈ। ਇਹ ਚੌੜੀ ਪਰ ਪਤਲੀ ਪੱ
ਹੁੰਦਾ ਹੈ ਜਿਸ ਤੋਂ ਇਸ ਦਾ ਨਾਉਂ ਪੱ
ਬਾਵਰੀ ਜਾਤੀ ਦੇ ਲੋਕ ਪੱਤਰੀ ਨੂੰ ਸ਼ਰ
ਪਹਿਨਦੇ ਹਨ ਅਤੇ ਬੀਮਾਰੀ ਦੇ ਦਿਨਾਂ
ਦੁਆਰਾ ਪਿੱਤਰਾਂ ਨਾਲ ਸੰਪਰਕ ਜੋੜਦੇ
ਕਸ਼ਟ ਨਿਵਾਰਨ ਲਈ ਪ੍ਰਾਰਥਨਾ ਕਰਦੇ
ਰਾਜ਼ੀ ਹੋ ਜਾਵੇ ਤਾਂ ਨਰੋਆ ਹੁੰਦਿਆਂ ਹੀ
ਬਣਵਾ ਕੇ ਗਲੇ ਵਿਚ ਪਹਿਨਦਾ ਹੈ। ਭੋਜਨ
ਬਾਵਰੀ ਪਹਿਲ ਇਸ ਪੱਤਰੀ ਨੂੰ ਰੋਟੀ ਦਾ
ਅਥਵਾ ਰੋਟੀ ਨੂੰ ਛੁਹਾਂਦੇ ਹਨ ਅਤੇ ਫਿਰ
ਉਤੇ ਰੋਟੀ ਦਾ ਇਕ ਟੁਕੜਾ ਦਾਨ ਕਰਦੇ
ਨਾਲ ਸਬੰਧਿਤ ਹੋਣ ਕਰ ਕੇ ਇਸ ਗਹਿ
ਵੀ ਕਿਹਾ ਜਾਂਦਾ ਹੈ।

## (ਪ-70) ਪੱਤਲ :

ਪੱਤਲਾਂ ਦੀ ਥਾਲੀ ਬਣਾ ਕੇ ਉਸ
ਦੀ ਰਸਮ, ਜੋ ਕਿਸੇ ਪ੍ਰਾਣੀ ਦੀ ਮੌਤ
ਜਾਂਦੀ ਹੈ।

'ਪਿੰਡੁ ਪਤਲਿ ਮੇਰੀ ਕੇਸਉ ਕਿਰਿਆ।'

## (ਪ-71) ਪੱਤਲ ਕਾਵਿ :

ਪੰਜਾਬੀ ਦਾ ਇਕ ਪ੍ਰਸਿਧ ਲੋਕ-ਕਾਵਿ
ਵੇਲੇ ਜਦੋਂ ਜੰਞ ਰੋਟੀ ਖਾਣ ਲਗਦੀ ਹੈ ਤਾਂ
ਜਾਂਦਾ ਹੈ। ਇਸ ਕਾਵਿ ਦਾ ਸਬੰਧ ਪੱਤਰਾਂ
ਥਾਲੀ ਵਿਚ ਪਰੋਸੇ ਗਏ ਭੋਜਨ ਨਾਲ ਹੋ
ਪੈ ਗਿਆ। ਪਹਿਲਿਆਂ ਵਿਚ ਜੰਞ ਨੂੰ

ਜਵਾਬੀ ਗੀਤ ਗਾਉਂਦਾ ਹੈ। ਜਿਸ ਵਿਚ ਵਰ ਧਿਰ ਵਾਲਿਆਂ ਵਲੋਂ ਗਾਈ ਪੱਤਲ ਵਿਚ ਉਠਾਏ ਪ੍ਰਸ਼ਨਾਂ ਤੇ ਸ਼ੰਕਿਆਂ ਦਾ ਉੱਤਰ ਦਿਤਾ ਜਾਂਦਾ ਹੈ ਤੇ ਉਹ ਭੁਲਾਵਾ ਪਾਉਂਦਾ ਹੈ ਕਿ ਉਸ ਨੇ ਬੰਨ੍ਹੇ ਭੋਜਨ ਨੂੰ ਖੋਲ੍ਹ ਦਿਤਾ ਹੈ ਤੇ ਬਰਾਤ ਰੋਟੀ ਖਾ ਸਕਦੀ ਹੈ। ਇਸ ਰਸਮ ਨੂੰ ਤਰਤੀਬਵਾਰ 'ਜੰਞ ਬੰਨ੍ਹਣਾ' ਤੇ 'ਜੰਞ ਖੋਲ੍ਹਣਾ' ਵੀ ਕਹਿੰਦੇ ਹਨ।

ਇਹ ਰਸਮ ਭਾਰਤੀ ਪੰਜਾਬ ਵਿਚ ਅਜੇ ਵੀ ਪ੍ਰਚਲਤ ਹੈ, ਧਨੀ-ਪੋਠੋਹਾਰ ਵਿਚ ਇਸ ਰਸਮ ਨੂੰ 'ਮੁੰਦਾਵਣੀ' ਕਹਿੰਦੇ ਹਨ। ਇਹ ਰਸਮ ਪ੍ਰਾਚੀਨ ਕਾਲ ਦੇ ਕਿਸੇ ਜਾਦੂ ਟੂਣੇ ਨਾਲ ਸੰਬੰਧਿਤ ਕਰਮ-ਕਾਂਡ ਦੀ ਰਹਿੰਦ ਹੈ। ਪਹਿਲਿਆਂ ਵਿਚ ਜਦੋਂ ਕਿਸੇ ਕਬੀਲੇ ਵਿਚ ਵਿਆਹ ਸ਼ਾਦੀ ਦੀ ਰਸਮ ਹੋਇਆ ਕਰਦੀ ਸੀ ਤਾਂ ਉਸ ਦੇ ਦੁਸ਼ਮਨ ਕਬੀਲੇ ਭੋਜਨ ਨੂੰ ਵਿਕਾਰੀ ਬਣਾਉਣ ਲਈ ਜਾਦੂ ਟੂਣੇ ਕਰਦੇ ਤੇ ਮੰਤ੍ਰ ਪੜ੍ਹਦੇ ਸਨ। ਸੋ ਜੰਞ ਭੋਜਨ ਖਾਣ ਤੋਂ ਪਹਿਲਾਂ ਕੁਝ ਕਰਮ ਕਾਂਡ ਕਰਦੀ ਅਥਵਾ ਮੰਤ੍ਰ ਪੜ੍ਹ ਕੇ ਭੋਜਨ ਵਿਚਲੇ ਵਿਕਾਰ ਨੂੰ ਦੂਰ ਕਰ ਕੇ ਫਿਰ ਰੋਟੀ ਖਾਂਦੀ ਸੀ।

ਇਨ੍ਹਾਂ ਗੀਤਾਂ ਵਿਚ ਕੁਝ ਬੰਦਸ਼ਾਂ, ਵਰਜਨਾਂ ਤੇ ਰੋਕਾਂ ਦਾ ਵਰਨਣ ਹੁੰਦਾ ਹੈ, ਜਵਾਬੀ ਪੱਤਲਾਂ ਵਿਚ ਉਨ੍ਹਾਂ ਬੰਦਸ਼ਾਂ ਤੇ ਰੋਕਾਂ ਕੱਟਣ ਦਾ।

(ਪ-72) **ਪੱਤਲ ਛੁਡਾਉਣਾ** :

ਵਿਆਹ ਨਾਲ ਸੰਬੰਧਿਤ **ਇਕ ਰੀਤ; ਜਦੋਂ** ਬਰਾਤ ਖਾਣਾ ਖਾਣ ਬੈਠਦੀ ਹੈ ਤਾਂ ਕੰਨਿਆਂ ਧਿਰ ਵਾਲੇ, ਗੀਤਾਂ ਦੁਆਰਾ ਬਰਾਤ ਦਾ ਭੋਜਨ ਦੇਣ ਦਾ ਭੁਲਾਵਾ ਪਾਉਂਦੇ ਹਨ। ਬਰਾਤ ਵਿਚੋਂ ਕੁਝ ਗਭਰੂ ਉਠ ਕੇ ਜਵਾਬੀ ਗੀਤਾਂ ਦੁਆਰਾ ਬੱਝੇ ਭੋਜਨ ਨੂੰ ਖੁਲ੍ਹਣ ਦਾ ਭੁਲਾਵਾ ਪਾਉਂਦੇ ਹਨ। ਇਸ ਨੂੰ 'ਜੰਞ ਛੁਡਾਉਣਾ' ਵੀ ਕਿਹਾ ਜਾਂਦਾ ਹੈ (ਵੇਖੋ : ਪੱਤਲ)।

(ਪ-73) **ਪੱਤਲ ਬੰਨ੍ਹਣਾ** :

ਵਿਆਹ ਨਾਲ ਸੰਬੰਧਿਤ ਇਕ ਰੀਤ ਜੋ ਕੰਨਿਆਂ ਦੀ ਧਿਰ ਵਲੋਂ ਕੀਤੀ ਜਾਂਦੀ ਹੈ। ਕੰਨਿਆਂ ਦੀਆਂ ਸਹੇਲੀਆਂ ਗੀਤ ਗਾ ਕੇ ਬਰਾਤ ਦੀ ਰੋਟੀ ਬੰਨ੍ਹ ਦੇਣ ਦਾ ਭੁਲਾਵਾ

(ਪ-74) **ਪੱਤਲ ਭੇਜਣਾ** :

ਵਿਆਹ ਨਾਲ ਸੰਬੰਧਿਤ ਇਕ ਰਸਮ ਜੋ ਲਾਵ

ਤੋਂ ਬਾਅਦ ਕੀਤੀ ਜਾਂਦੀ ਹੈ। ਦੂਲ੍ਹੇ ਦਾ ਪਿਤ

ਵਿਚ ਭੋਜਨ ਪਰੋਸ ਕੇ ਤੇ ਉਸ ਉਪਰ ਇਕ ਰੁਪਿਆ

ਦੁਲ੍ਹਨ ਨੂੰ ਖਾਣ ਲਈ ਭੇਜਦਾ ਹੈ। ਇਸ ਰਸਮ

ਹੈ ਕਿ ਦੁਲ੍ਹਨ ਹੁਣ ਸਾਡੇ ਘਰ ਦੀ ਹੋ ਗਈ ਹੈ ਤੇ

ਖਾਣ ਪੀਣ ਦੀ ਫ਼ਿਕਰ ਸਾਨੂੰ ਹੀ ਹੈ। ਇਸ ਅ

ਹਲਵਾਈ ਜਲੇਬੀ ਜਾਂ ਕੋਈ ਮਠਿਆਈ ਭੇਜਦਾ ਹੈ,

ਲਾਗ ਵੀ ਵਰ ਦਾ ਪਿਤਾ ਹਲਵਾਈ ਨੂੰ ਦੇ

ਖਤਰੀਆਂ ਵਿਚ ਇਸ ਰਸਮ ਨੂੰ 'ਪਰੋਸਾ ਭੇਜਣਾ'

ਹਨ ਅਤੇ ਉਨ੍ਹਾਂ ਵਿਚ ਥਾਲ ਵਿਚ ਭੋਜਨ ਪਰੋਸ

ਇਕ ਸੌ ਇਕ ਰੁਪਿਆ ਭੇਜਿਆ ਜਾਂਦਾ ਹੈ। ਦੁਲ੍

ਅਨੁਸਾਰ ਇਹ ਰੁਪਏ ਮੋੜ ਦੇਂਦੀ ਹੈ ਤੇ ਭੋਜਨ

ਹੈ, ਜਿਸ ਦਾ ਭਾਵ ਹੈ ਕਿ ਦੁਲ੍ਹਨ ਨੂੰ ਸਹੁਰੇ ਘ

ਚਾਹੀਦੀ, ਰੁਪਏ ਨਹੀਂ।

(ਪ-75) **ਪੱਤਾ (ਪੱਤਰ)** :

ਦਰਖ਼ਤ ਦਾ ਹਰਾ ਪੱਤਾ ਖ਼ੁਸ਼ਹਾਲੀ ਦਾ ਬੋਧਿ

ਇਸ ਨੂੰ ਕਈ ਰਸਮਾਂ ਰੀਤਾਂ ਸਮੇਂ ਵਰਤਿਆ

ਜਦੋਂ ਕਿਸੇ ਦੇ ਘਰ ਲੜਕਾ ਜੰਮਦਾ ਹੈ ਤਾਂ

ਆਪਣੇ ਮੁਖੀ ਦਵਾਰ ਦੀ ਉਪਰਲੀ ਬਾਹੀ 'ਤੇ

ਪੱਤੇ, ਮੌਲੀ ਦੇ ਧਾਗੇ ਵਿਚ ਪਰੋ ਕੇ ਬੰਨ੍ਹ ਦੇਂਦੇ

ਸ਼ੁਭ ਰੀਤ ਹੈ ਤੇ ਪ੍ਰੇਤ ਰੂਹਾਂ ਤੇ ਬਦ-ਨਜ਼ਰ ਨੂੰ ਦੂ

ਹੈ। ਵਿਆਹ ਦੀ ਰਸਮ ਸਮੇਂ ਬਰਾਤ ਦੇ ਸਵਾ

ਕੇਲੇ ਦੇ ਪੱਤਿਆਂ ਦਾ ਦਰਵਾਜ਼ਾ ਬਣਾਇਆ

ਧਾਰਨਾ ਹੈ ਕਿ ਕੇਲਿਆਂ ਦੇ ਪੱਤਿਆਂ ਦੇ ਦਰਵ

ਲੰਘ ਕੇ ਆਏ ਸਖ਼ਸ਼ ਦੇ ਮਨ ਵਿਚ, ਉਨ੍ਹਾਂ

ਵੈਰ ਭਾਵਨਾ ਉਤਪੰਨ ਨਹੀਂ ਹੋ ਸਕਦੀ। ਕੇਲੇ

ਮਲੂਕ ਤੇ ਸੂਖਮ ਭਾਵਾਂ ਦੇ ਸੰਚਾਰਕ ਮੰਨੇ ਜਾਂਦੇ

ਜਾਦੂ, ਟੂਣੇ-ਟੱਪੇ ਤੇ ਤੰਤਰ-ਮੰਤਰ ਵਾਲੇ ਵੀ

ਨੂੰ ਗੁਣਕਾਰੀ ਮੰਨਦੇ ਹਨ, ਇਨ੍ਹਾਂ ਦੁਆਰਾ

ਅਸਰ ਵਧੇਰੇ ਕਰਕੇ ਕਾਰਗਰ ਹੁੰਦਾ ਮੰਨਿਆ

ਕਈ ਪੀਰ ਅਥਵਾ ਚੇਲੇ ਪੱਤਰ ਉੱਤੇ ਕੁਝ ਚਿੰ

ਉਕਰ ਕੇ ਜਾਂ ਮੰਤ੍ਰਿਆ ਹੋਇਆ ਪੱਤਾ ਖਾਣ ਨੂੰ

ਮੰਨਿਆ ਜਾਂਦਾ ਹੈ ਤੇ ਜਿਸ ਫਲ ਦੀ ਆਸ ਉਮੀਦ ਕੀਤੀ ਜਾ ਸਕਦੀ ਹੈ।

ਹੁਲੇ ਨੀ ਮਾਏ ਹੁਲੇ, ਦੋ ਬੇਰੀ ਪੱਤਰ ਝੁਲੇ
ਦੋ ਝੂਲ ਪਈਆਂ ਖਜੂਰਾਂ, ਖਜੂਰਾਂ ਸੁਟਿਆ ਮੇਵਾ,
ਇਸ ਨੰਦੇ ਦਾ ਕਰੋ ਮੰਗੇਵਾ,
ਇਸ ਨੰਦੇ ਦੀ ਵਹੁਟੀ ਨਿਕਲੀ,
ਘਿਉ ਖਾਂਦੀ ਚੂਰੀ ਕੁਟਦੀ।
ਵਹੁਟੀ ਕੁੱਟ ਕੁੱਟ ਭਰਿਆ ਥਾਲ,
ਵਹੁਟੀ ਬਹੇ ਨਨਾਣਾਂ ਨਾਲ
ਕੁੜੀਏ ਥਾਲ ਈ।

ਇਨ੍ਹਾਂ ਤੁੱਕਾਂ ਵਿਚ ਇਸੇ ਸੁਭ ਮਹੂਰਤ ਵਲ ਸੰਕੇਤ ਹੈ।

### (ਪ-76) ਪੱਤਾ ਕੱਟਣਾ :

(ੳ) ਪ੍ਰੇਤ ਵਿਦਿਆ ਦਾ ਇਕ ਕਰਮ ਕਾਂਡ। ਰੁੱਖ ਹਮੇਸ਼ਾ ਵਧਦੇ ਫੁਲਦੇ ਜੀਵਨ ਦੇ ਪ੍ਰਤੀਕ ਰਹੇ ਹਨ। ਪਹਿਲਿਆਂ ਵਿਚ ਜਦੋਂ ਕਿਸੇ ਦੁਸ਼ਮਣ ਨੂੰ ਕਸ਼ਟ ਦੇਣਾ, ਸਰੀਰਕ ਅਥਵਾ ਮਾਨਸਿਕ ਦੁੱਖ ਪਹੁੰਚਾਣਾ ਹੋਵੇ ਤਾਂ ਉਸ ਦੇ ਨਾਉਂ ਦਾ ਕੋਈ ਪੌਦਾ ਮਿਥ ਲਿਆ ਜਾਂਦਾ ਸੀ ਤੇ ਫਿਰ ਮੰਤਰਾਂ ਨੂੰ ਉਚਾਰਦਿਆਂ ਹੋਇਆਂ, ਉਸ ਪੌਦੇ ਦੇ ਪੱਤੇ, ਟਹਿਣਾਂ ਤੇ ਮੁੱਢ ਆਦਿ ਨੂੰ ਪਹਿਲਾਂ ਛਾਂਗਿਆ ਤੇ ਫਿਰ ਕਟਿਆ ਜਾਂਦਾ। ਸਾਰੇ ਦੁੱਖ ਜੋ ਪੌਦੇ ਨੂੰ ਦਿਤੇ ਜਾਂਦੇ, ਉਹ ਉਸ ਪ੍ਰਾਣੀ ਨੂੰ ਪਹੁੰਚਦੇ ਮੰਨੇ ਜਾਂਦੇ ਜਿਸ ਦੇ ਨਾਉਂ ਦਾ ਉਹ ਪੌਦਾ ਹੁੰਦਾ। ਇਸ ਜਾਦੂ-ਰੀਤ ਨੂੰ ਪੱਤਾ ਕੱਟਣਾ ਕਿਹਾ ਜਾਂਦਾ ਸੀ। ਇਸੇ ਤੋਂ ਪੱਤਾ ਕੱਟਣ ਦਾ ਮੁਹਾਵਰਾ ਹੁਣ ਤਕ ਪ੍ਰਚਲਤ ਹੈ।

(ਅ) ਇਸਲਾਮੀ ਮਿਥਕ-ਕਥਾਵਾਂ ਅਨੁਸਾਰ ਬਹਿਸ਼ਤ ਵਿਚ ਇਕ ਦੈਵੀ ਬੇਰੀ ਹੈ। ਸੰਸਾਰ ਵਿਚ ਜਦੋਂ ਕੋਈ ਮਨੁੱਖ ਪੈਦਾ ਹੁੰਦਾ ਹੈ ਤਾਂ ਉਸ ਦਾ ਪੱਤਾ ਉਸ ਬੇਰੀ ਉਤੇ ਉਗ ਪੈਂਦਾ ਹੈ। ਉਸ ਦੀ ਸਾਰੀ ਤਕਦੀਰ ਉਸ ਪੱਤੇ ਉਤੇ ਲਿਖੀ ਹੁੰਦੀ ਹੈ। ਜਦੋਂ ਉਸ ਪ੍ਰਾਣੀ ਦੀ ਮੌਤ ਦਾ ਸਮਾਂ ਆਉਂਦਾ ਹੈ ਤਾਂ ਬਹਿਸ਼ਤ ਦੀ ਉਸ ਬੇਰੀ ਨਾਲੋਂ ਉਹ ਪੱਤਾ ਕੱਟ ਦਿਤਾ ਜਾਂਦਾ ਹੈ।

### (ਪ-77) ਪਤਾਸਾ :

ਪਿਛੋਂ ਕੜਾਹ ਪ੍ਰਸਾਦਿ ਜਾਂ ਪਤਾਸੇ ਵਰਤਾ... ਹੈ, ਪਹਿਲ ਹਮੇਸ਼ਾ ਕੜਾਹ ਪ੍ਰਸਾਦਿ ਨੂੰ ਦਿਤੀ... ਪਤਾਸਿਆਂ ਨੂੰ ਮਿਠਾ ਜਾਂ 'ਸੁੱਕਾ ਪ੍ਰਸਾਦਿ' ਵੀ... ਹੈ। ਅੰਮ੍ਰਿਤ ਛਕਾਣ ਵੇਲੇ ਜਲ ਵਿਚ ਪਤਾ... ਘੋਲ ਤਿਆਰ ਕੀਤਾ ਜਾਂਦਾ ਹੈ, ਉਸੇ ਦੀ... ਚੁਲੀਆਂ ਭਰੀਆਂ ਜਾਂਦੀਆਂ ਹਨ।

### (ਪ-78) ਪੱਤੀ :

ਪਿੰਡ ਦੀ ਪੱਤੀ; ਕੇਂਦਰੀ ਪੰਜਾਬ ਦੇ... ਕਈ ਪੱਤੀਆਂ ਵਿਚ ਵੰਡੇ ਹੁੰਦੇ ਹਨ। ਇਹ ਵੰ... ਹੁੰਦੀ ਹੈ। ਭਾਵੇਂ ਇਸ ਦੀਆਂ ਕੋਈ ਵਖ... ਹੱਦਾਂ ਨਹੀਂ ਹੁੰਦੀਆਂ, ਪਰ ਪਿੰਡ ਦੇ ਲੋਕ... ਕਿ ਪਿੰਡ ਦਾ ਕਿਹੜਾ ਹਿੱਸਾ ਕਿਹੜੀ ਪੱਤੀ... ਹੈ। ਆਮ ਤੌਰ 'ਤੇ ਇਕ ਪੱਤੀ ਵਿਚ ਵਸਣ... ਕਿਸੇ ਇਕ ਸਾਂਝੇ ਵਡਿਕੇ ਦੀ ਹੀ ਔਲਾਦ... ਹਰ ਪੱਤੀ ਦੀ ਵਖਰੀ ਪੰਚਾਇਤ ਹੁੰਦੀ ਹੈ,... ਅੰਦਰਲੇ ਮਾਮਲੇ ਸੁਲਝਾਂਦੀ ਹੈ। ਉਪਰ ਸ... ਇਕ ਸਾਂਝੀ ਪੰਚਾਇਤ ਹੁੰਦੀ ਹੈ ਜੋ ਪੱਤੀਆ... ਝਗੜਿਆਂ ਨੂੰ ਨਿਪਟਾਂਦੀ ਹੈ।

'ਪੱਤੀ' ਨੂੰ ਪਛਮੀ ਪੰਜਾਬ ਦੇ ਕੁਝ ਇ... ਵੰਡ ਵੀ ਕਹਿੰਦੇ ਹਨ।

### (ਪ-79) ਪਤੀ ਦਾ ਨਾਉਂ :

ਹਿੰਦੂਆਂ ਵਿਚ ਪਤਨੀ ਲਈ ਆਪਣੇ ਪ... ਲੈਣਾ ਨਿਸ਼ੇਧ ਹੈ। ਪਤੀ ਦਾ ਨਾਉਂ ਲੈਣ ਨ... ਬਲ, ਪ੍ਰਾਕ੍ਰਮ ਤੇ ਸੋਝੀ ਘਟਦੀ ਹੈ। ਲੋਕ-ਧਾਰ... ਜਿਸ ਪਤੀ ਦਾ ਨਾਉਂ ਪਤਨੀ ਨੇ ਕਦੇ ਨਾ... ਉਸ ਸ਼ਖਸ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਕ... ਅਨੁਸਾਰ ਹਰ ਮਰਦ ਵਿਚ ਬੀਜ ਰੂਪ ਵਿਚ... ਹੁੰਦੀਆਂ ਹਨ ਅਤੇ ਜੀਵਨ ਵਿਚ ਇਨ੍ਹਾਂ ਦੇ... ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰ ਜਦੋਂ ਤ... ਮਰਦ ਦਾ ਨਾਉਂ ਉਚਾਰਦੀ ਹੈ ਤਾਂ ਮਰਦ ਦ... ਖੀਣ ਹੋ ਜਾਂਦੀ ਹੈ। ਸਰਕਾਰੇ ਦਰਬਾਰੇ ਪਤੀ... ਘਟਦਾ ਹੈ।

ਮੁੰਨੀ ਦੇ ਲਾਲਾ ।

ਪਤੀ ਦੇ ਨਾਉਂ ਲੈਣ ਬਾਰੇ ਕਈ ਟੋਟਕੇ ਪ੍ਰਚਲਤ ਹਨ ਜਿਵੇਂ ਇਕ ਤੀਵੀਂ ਦੇ ਘਰ ਵਾਲੇ ਦਾ ਨਾਉਂ ਪਕੌੜੀ ਮਲ ਸੀ । ਇਕ ਦਿਨ ਉਸ ਨੇ ਦਹੀਂ ਵਿਚ ਪਕੌੜੀਆਂ ਪਾ ਕੇ ਮੱਠਾ ਬਣਾਇਆ । ਕਿਸੇ ਗੁਆਂਢਣ ਦੇ ਪੁੱਛਣ ਉਤੇ ਕਿ ਅੱਜ ਉਸ ਨੇ ਕੀ ਪਕਾਇਆ ਹੈ, ਉਹ ਤੀਵੀਂ ਕਹਿਣ ਲੱਗੀ : "ਅੱਜ ਮੁੰਨੀ ਦਾ ਬਾਪਾ, ਦਹੀਂ ਵਿਚ ਪਾਇਆ ਹੈ ।"

(ਪ-80) **ਪੱਥਰ ਚੌਥ** :

ਭਾਦਰੋਂ ਦੇ ਚਾਨਣ ਪੱਖ ਦੀ ਚੌਥੀ ਤਿੱਥੀ ਨੂੰ, ਪੱਥਰ ਚੌਥ ਆਖਦੇ ਹਨ । ਇਸ ਦਿਨ ਨਵਾਂ ਚੰਨ ਵੇਖਣਾ ਬਦਸ਼ਗਨੀ ਸਮਝੀ ਜਾਂਦੀ ਹੈ । ਤੇ ਵੇਖਣ ਵਾਲੇ ਉਤੇ ਕੋਈ ਝੂਠੀ ਤੁਹਮਤ ਲਗਦੀ ਜਾਂ ਕੋਈ ਸੰਕਟ ਪੈਂਦਾ ਹੈ । ਜੇ ਨਵੇਂ ਚੰਨ ਨੂੰ ਵੇਖਦਿਆਂ ਸਾਰ ਹੇਠਲਾ ਟੱਪਾ ਤਿੰਨ ਵਾਰ ਪੜ੍ਹਿਆ ਜਾਵੇ ਤਾਂ ਤੁਹਮਤ ਨਹੀਂ ਲਗਦੀ ।

ਚੌਥ ਦਾ ਚੰਨ
ਰਾਜੇ ਦੀ ਭੈਣ
ਰਾਣੀ ਦਾ ਚੂੜਾ
ਕਦੇ ਨਾ ਲੱਗੇ ਤੁਹਮਤ ਕੂੜਾ ।

ਜੇ ਨਵਾਂ ਚੰਨ ਪਹਿਲਾਂ, ਦੂਜੀ ਤੀਜੀ ਤਿੱਥ ਨੂੰ ਵੇਖ ਲਿਆ ਹੋਵੇ ਤਾਂ ਚੌਥ ਨੂੰ ਚੰਨ ਵੇਖਣਾ ਅਸ਼ੁਭ ਨਹੀਂ ਹੁੰਦਾ ।

ਇਸ ਬਦਸ਼ਗਨੀ ਨੂੰ ਦੂਰ ਕਰਨ ਲਈ ਇਕ ਹੋਰ ਉਪਾ ਵੀ ਹੈ । ਚੌਥ ਨੂੰ ਚੰਨ ਵੇਖਣ ਵਾਲਾ ਸ਼ਖ਼ਸ, ਆਪਣੇ ਗੁਆਂਢੀਆਂ ਦੇ ਘਰ ਰਾਤ ਨੂੰ ਪੱਥਰ ਸੁੱਟੇ । ਜੇ ਅਗੋਂ ਗੁਆਂਢੀ ਲੜਨ ਨੂੰ ਪੈਣ ਅਤੇ ਗਾਲੀਆਂ ਕੱਢਣ ਤਾਂ ਉਹ ਬੁਰੇ ਅਸਰ ਤੋਂ ਮੁਕਤ ਹੋ ਜਾਂਦਾ ਹੈ ਤੇ ਗਾਲੀਆਂ ਕੱਢਣ ਵਾਲੇ ਦੇ ਸਿਰ ਮੰਦਾ ਪ੍ਰਭਾਵ ਥਪਿਆ ਜਾਂਦਾ ਹੈ ।

ਪੱਥਰ ਸੁਟਣ ਕਰਕੇ ਇਸ ਤਿੱਥ ਦਾ ਨਾਂ 'ਪੱਥਰ ਚੌਥ' ਪੈ ਗਿਆ ।

ਇਸ ਮਨੌਤ ਪਿਛੇ ਇਕ ਪੁਰਾਣਿਕ ਕਥਾ ਹੈ । ਪੁਰਾਣਾਂ ਅਨੁਸਾਰ ਇਸ ਤਿੱਥ ਨੂੰ ਗਣੇਸ਼, ਅਕਾਸ਼ ਮੰਡਲ ਦੀ ਯਾਤ੍ਰਾ ਕਰ ਰਿਹਾ ਸੀ ਕਿ ਚੰਦਰਮੇ ਦਾ ਉਸ ਦੀ ਬੇਡੌਲ ਸ਼ਕਲ ਵੇਖ ਕੇ, ਹਾਸਾ ਨਿਕਲ ਗਿਆ, ਜਿਸ ਤੇ ਗਣੇਸ਼ ਨੇ ਕਰੋਧ ਵਿਚ ਆ ਕੇ ਚੰਦਰਮੇ ਨੂੰ ਸਰਾਪ ਦੇ ਦਿਤਾ ਕਿ ਜਿਹੜਾ

(ਪ-81) **ਪੱਥਰ ਪੂਜਾ** :

ਪੰਜਾਬ ਵਿਚ ਹਿੰਦੂ ਕਈ ਤਰ੍ਹਾਂ ਦੇ ਪੱਥ
ਹਨ । ਅਨੇਕਾਂ ਪੱਥਰਾਂ ਨਾਲ ਅਲੌਕਿਕ ਦੰ
ਸਾਖੀਆਂ ਜੁੜੀਆਂ ਮਿਲਦੀਆਂ ਹਨ । ਫੇਰ ਹ
ਕੁਝ ਅਜਿਹੇ ਪੱਥਰ ਵੀ ਮਿਲਦੇ ਹਨ, ਜਿਨ੍ਹਾਂ
ਮੁੱਢਲੇ ਅਬਾਦਕਾਰਾਂ ਨਾਲ ਸਬੰਧ ਮੰਨਿਆ
ਉਨ੍ਹਾਂ ਨੂੰ ਪੂਜਿਆ ਜਾਂਦਾ ਹੈ । ਜਿਥੇ ਕਿਧਰੇ
ਦਾ ਆਦਮੀ ਮਾਰਿਆ ਗਿਆ ਹੋਵੇ, ਉਥੇ
ਦਿਤਾ ਜਾਂਦਾ ਹੈ । ਕਈ ਹਾਲਤਾਂ ਵਿਚ ਇ
ਪੂਜੀ ਜਾਣ ਲਗ ਪੈਂਦੀ ਹੈ । ਇਸ ਨੂੰ 'ਸਿਲ
ਕਹਿੰਦੇ ਹਨ ।

ਪੱਥਰਾਂ ਨਾਲ ਕਈ ਤਰ੍ਹਾਂ ਦੀਆਂ ਰੀਤੀਆਂ
ਪਈਆਂ ਹਨ । ਇਹ ਵਿਸ਼ਵਾਸ ਆਮ ਪ੍ਰਚ
ਪੱਥਰ ਉਤੇ ਬੈਠਣ ਜਾਂ ਇਸ ਨੂੰ ਛੂਹਣ ਨਾਲ
ਸਥਿਰਤਾ ਜਾਂ ਟਿਕਾਉ ਬੈਠਣ ਜਾਂ ਛੂਹਣ ਵਾਲੇ
ਪ੍ਰਵੇਸ਼ ਕਰ ਜਾਂਦਾ ਹੈ । ਵੈਦਿਕ ਕਾਲ ਵਿਚ
ਲਾੜ੍ਹਾ ਵਹੁਟੀ ਨੂੰ ਇਕ ਪੱਥਰ ਉਤੇ ਬੈਠਣ ਵਿ
ਕਰਦਾ ਅਤੇ ਉਸ ਦਾ ਹੱਥ ਮਜ਼ਬੂਤੀ ਨਾਲ
ਪੰਜਾਬ ਵਿਚ ਵਿਆਹ ਸਮੇਂ ਚੌਕੀ ਚੜ੍ਹਨ
ਇਸੇ ਪੁਰਾਣੇ ਰਿਵਾਜ ਦਾ ਬਦਲਿਆ ਰੂਪ ਹੈ ।

ਵਿਸ਼ਨੂੰ ਦੇ ਭਗਤ ਇਕ ਪੱਥਰ 'ਸਾਲਗਰਾ
ਕਰਦੇ ਹਨ (ਵੇਖੋ : ਸਾਲਗਰਾਮ) ।

ਕਈ ਪੱਥਰਾਂ ਉਤੇ ਕਿਸੇ ਮਹਾਂਪੁਰਖ
ਚਰਨਾਂ ਦੇ ਨਿਸ਼ਾਨ ਮਿਲਦੇ ਹਨ ਜਿਵੇਂ ਹ
(ਪੰਜਾ ਸਾਹਿਬ ਪਾਕਿਸਤਾਨ) ਵਿਚ ਹੈ, ਗੁਰੂ ਨ
ਦੇ ਪੰਜੇ ਦਾ ਨਿਸ਼ਾਨ ਇਕ ਪੱਥਰ ਉਤੇ ਅੰਕਿ
ਹੈ । ਇਸ ਪੱਥਰ ਦਾ ਸਿੱਖਾਂ ਵਿਚ ਬੜਾ
ਚੰਬਾ ਵਿਚ ਪੱਥਰਾਂ ਦੇ ਇਕ ਢੇਰ ਵਿਚ, ਇਕ
ਹੈ, ਜਿਸ ਉਤੇ ਇਕ ਤ੍ਰਿਸੂਲ ਜਿਸ ਦੇ ਹੇਠਾਂ
ਨਿਸ਼ਾਨ ਹਨ, ਮਿਲਦਾ ਹੈ । ਇਸ ਨੂੰ 'ਪਾਦੁਕੇ'

ਇਸ ਤੋਂ ਅਲਾਵਾ ਅਨੇਕਾਂ ਹੋਰ ਸਥਾਨ ਤੇ
ਹਨ ਜਿਨ੍ਹਾਂ ਦੀ ਪੂਜਾ ਅਰਚਾ ਕੀਤੀ ਜਾਂਦੀ ਹੈ

(ਪ-82) **ਪਦਮਨੀ ਇਕਾਦਸ਼ੀ** ।

ਪੈਦਾ ਹੁੰਦੀ ਹੈ। ਇਸ ਇਕਾਦਸ਼ੀ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ :

ਰਾਵਣ ਜਦੋਂ ਦਿਗਵਿਜੈ ਲਈ ਲੰਕਾ ਤੋਂ ਨਿਕਲਿਆ ਤਾਂ ਸਭ ਰਾਜੇ ਉਸ ਅਗੇ ਹਥਿਆਰ ਸੁਟਦੇ ਗਏ। ਹੈਹਯਾ ਦੇ ਰਾਜੇ ਅਰਜਨ ਨੇ, ਰਾਵਣ ਨੂੰ ਵੰਗਾਰਿਆ ਤੇ ਦੋਹਾਂ ਵਿਚਕਾਰ ਘੋਰ ਯੁੱਧ ਹੋਇਆ ਜਿਸ ਵਿਚ ਅਰਜਨ ਦੀ ਫ਼ਤਹ ਹੋਈ। ਅਰਜਨ ਨੇ ਰਾਵਣ ਨੂੰ ਬੰਦੀ ਬਣਾ ਲਿਆ। ਬਾਅਦ ਵਿਚ ਅਗੱਸਤਯ ਮੁਨੀ ਦੀ ਸਿਫ਼ਾਰਸ਼ 'ਤੇ, ਉਸ ਨੂੰ ਮੁਕਤ ਕਰ ਦਿਤਾ ਗਿਆ। ਰਾਵਣ ਦੇ ਪੁੱਛਣ ਉਤੇ ਕਿ ਅਰਜਨ ਉਤੇ ਕਿਵੇਂ ਵਿਜੈ ਪ੍ਰਾਪਤ ਕੀਤੀ ਜਾ ਸਕਦੀ ਹੈ, ਅਗੱਸਤਯ ਮੁਨੀ ਨੇ ਦਸਿਆ ਕਿ ਅਰਜਨ ਅਜਿੱਤ ਹੈ ਤੇ ਵਿਸ਼ਨੂੰ ਤੋਂ ਬਿਨਾਂ ਕੋਈ ਉਸ ਉਤੇ ਵਿਜੈ ਨਹੀਂ ਪਾ ਸਕਦਾ, ਕਿਉਂ ਜੋ ਇਸ ਦੀ ਮਾਂ ਪਦਮਨੀ ਅਤੇ ਪਿਤਾ ਕਾਰਤਵੀਰਯ ਨੇ, ਪੁੱਤਰ ਦੀ ਪ੍ਰਾਪਤੀ ਦੀ ਖ਼ਾਤਰ ਕਈ ਸਾਲ ਘੋਰ ਤਪਸਿਆ ਕੀਤੀ ਅਤੇ ਪਦਮਨੀ ਇਕਾਦਸ਼ੀ ਦੇ ਵਰਤ ਪੂਰਨ ਮਰਯਾਦਾ ਅਨੁਸਾਰ ਰਖੇ। ਇਸ ਤੇ ਪ੍ਰਸੰਨ ਹੋ ਕੇ ਵਿਸ਼ਨੂੰ ਪ੍ਰਗਟ ਹੋਏ ਤੇ ਉਨ੍ਹਾਂ ਨੇ ਅਰਜਨ ਵਰਗਾ ਬਲਵਾਨ ਤੇ ਸੂਰਬੀਰ ਪੁੱਤਰ ਬਖ਼ਸ਼ਿਆ ਅਤੇ ਉਸ ਨੂੰ ਅਜਿੱਤ ਹੋਣ ਦਾ ਵਰ ਵੀ ਦਿਤਾ।

(ਪ-83) **ਪਦਮਾ ਇਕਾਦਸ਼ੀ** :

ਭਾਦਰੋਂ ਦੀ ਚਾਨਣ ਪੱਖ ਦੀ ਇਕਾਦਸ਼ੀ; ਇਸ ਤਿੱਥ ਨੂੰ ਨਿਜ ਤੇ ਲੋਕ-ਕਲਿਆਨ ਲਈ ਵਰਤ ਰਖਿਆ ਜਾਂਦਾ ਹੈ ਅਤੇ ਮਰਯਾਦਾ ਪੂਰਵਕ ਵਰਤ ਰਖਣ ਨਾਲ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ। ਇਸ ਤਿੱਥ ਨੂੰ ਅੱਠ-ਪਹਿਰਾ ਜਗਰਾਤਾ ਕਰਨ ਤੇ ਕਥਾ ਕੀਰਤਨ ਸੁਣਨ ਦਾ ਬੜਾ ਫਲ ਹੈ ਅਤੇ ਭਾਗਵਤ ਕਥਾ ਸੁਣਨ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਹੈ।

ਇਸ ਇਕਾਦਸ਼ੀ ਦੇ ਮਹਾਤਮ ਬਾਰੇ ਇਕ ਵਰਤ-ਕਥਾ ਇਉਂ ਪ੍ਰਚਲਤ ਹੈ—ਪੁਰਾਣਿਕ ਕਾਲ ਵਿਚ ਰਾਜਾ ਮਾਨਧਾਤਾ ਦੇ ਰਾਜ ਅਧਿਕਾਰ ਸਮੇਂ ਭਾਰੀ ਕਾਲ ਪਿਆ। ਫ਼ਸਲਾਂ ਸੁੱਕ ਸੜ ਗਈਆਂ ਤੇ ਸਭ ਜੀਵ ਜੰਤੂ ਅੰਨ ਤੇ ਜਲ ਦੀ ਅਣਹੋਂਦ ਕਾਰਨ ਬੜੇ ਦੁਖੀ ਹੋਏ। ਰਾਜਾ ਮਾਨਧਾਤਾ ਬੜੇ ਦਿਆਲੂ

ਗਿਆ ਤੇ ਹਰੀਆਂ ਭਰੀਆਂ ਫ਼ਸਲਾਂ ਮੁੜ ਝੂੰਮਣ

(ਪ-84) **ਪਪੀਹਾ** :

ਪਪੀਹਾ ਵਿਜੋਗ ਦੀ ਪੀੜਾ ਦਾ ਪ੍ਰਤੀਕ
ਗਲੇ ਵਿਚੋਂ ਜੋ ਮਧੁਰ ਧੁਨੀ ਨਿਕਲਦੀ ਹੈ
'ਪੀ ਆ' ਦੀ ਧੁਨੀ ਨਾਲ ਮੇਲ ਖਾਂਦੀ ਹੈ
ਭਾਵ ਲਿਆ ਜਾਂਦਾ ਹੈ ਕਿ ਪਪੀਹਾ ਆਪਣੇ
ਮਿਲਣ ਲਈ ਬਿਹਬਲ ਰਹਿੰਦਾ ਹੈ।

ਪਪੀਹਾ ਛੋਟੇ ਜਿਹੇ ਕੱਦ ਦੀ ਚਿੜੀ ਹੁੰਦੀ
ਰੰਗ ਹਲਕਾ ਕਾਲਾ ਜਾਂ ਭੂਰਾ ਹੁੰਦਾ ਹੈ। ਕਈ
ਪਪੀਹੇ ਨੂੰ ਇਕੋ ਪੰਛੀ ਦੇ ਭਿੰਨ ਭਿੰਨ ਨਾਉਂ
ਪਰ ਕਈਆਂ ਅਨੁਸਾਰ ਕਾਲੇ ਰੰਗ ਦਾ ਪ
ਹੁੰਦਾ ਹੈ। ਚਾਤ੍ਰਿਕ ਨੂੰ ਭਾਵੇਂ ਕਿਤਨੀ ਵੀ
ਹੋਵੇ, ਉਹ ਕੇਵਲ ਸਵਾਂਤੀ ਨਛੱਤਰ ਦੀ
ਬੂੰਦਾਂ ਹੀ ਪੀਂਦਾ ਹੈ, ਦੂਜੇ ਜਲ ਨੂੰ ਉ
ਲਗਾਂਦਾ।

(ਪ-85) **ਪ੍ਰਸੰਗ** :

ਪ੍ਰਸੰਗ ਜਾਂ ਲਘੂ ਲੋਕ-ਕਥਾਵਾਂ ਪੰਜਾਬੀ
ਦਾ ਇਕ ਬੜਾ ਪ੍ਰਸਿਧ ਤੇ ਲੋਕ-ਪ੍ਰਿਯ ਰੂ
ਇਕ ਨਿੱਕੀ ਲੋਕ-ਕਥਾ ਹੈ, ਜੋ ਸੰਖੇਪ ਭਾਵ
ਹੁੰਦੀ ਹੈ। ਜਾਂ ਇਸ ਦੇ ਵਿਚ ਕੋਈ ਚੋਭਵਾਂ
ਜਾਂ ਹਾਸਾ ਟਿਚਕਰ ਜਾਂ ਕੋਈ ਸਿਖਸ਼ਾ।
ਸੰਜਮ। ਸਿਧੀ ਆਪਣੇ ਨਿਸ਼ਾਨੇ ਵਲ ਵ
ਕਥਾ ਨਿਰੋਲ ਮਨੋਰੰਜਨ ਲਈ ਨਹੀਂ ਰਚੀ
ਇਹ ਇਤਨੀ ਸੰਖੇਪ ਹੁੰਦੀ ਹੈ ਕਿ ਇਕ
ਨਾਲ ਯਾਦ ਹੋ ਜਾਂਦੀ ਹੈ। ਤੇ ਗੱਲਾਂ
ਸੁਣਾਈ ਜਾ ਸਕਦੀ ਹੈ। ਕਈ ਪ੍ਰਸੰਗ ਤਾਂ
ਦਾ ਹੀ ਚਮਤਕਾਰ ਹਨ।

ਇਸ ਲਘੂ ਕਥਾ ਨੂੰ ਆਮ ਤੌਰ ਉਤੇ
ਵਿਚ ਵਰਤਿਆ ਜਾਂਦਾ ਹੈ ਤੇ ਅਖਾਣਾਂ ਵਾਂ
ਵੀ ਸਾਡੇ ਬੋਲਚਾਲ ਦਾ ਅੰਗ ਬਣੀਆਂ
ਅਸਲ ਵਿਚ ਸਾਡੇ ਬਹੁਤੇ ਅਖਾਣਾਂ ਪਿਛੇ

ਵੀ ਨਹੀਂ ਵਰਤੇ ਜਾਂਦੇ, ਪਰ 'ਪ੍ਰਸੰਗ' ਕਈ ਵਾਰ ਗੱਪਾਂ ਮਾਰਦਿਆਂ, ਮਨੋਰੰਜਨ/ਹਾਸੇ/ਸੁਆਦ ਲਈ ਵੀ ਵਰਤ ਲਏ ਜਾਂਦੇ ਹਨ।

ਪ੍ਰਸੰਗ ਨੂੰ ਬਿਰਤਾਂਤਕ ਸਾਹਿਤ ਦਾ ਮੁੱਢਲਾ ਰੂਪ ਕਿਹਾ ਜਾ ਸਕਦਾ ਹੈ। ਕਹਾਣੀ ਦਾ ਮੁੱਢ ਪ੍ਰਸੰਗ ਤੋਂ ਹੀ ਬੱਝਿਆ। ਪਹਿਲਾਂ ਪਹਿਲ ਪ੍ਰਸੰਗ ਜੀਵਨ ਵਿਚ ਵਾਪਰੀ, ਕਿਸੇ ਨਿੱਕੀ ਜਿਹੀ ਘਟਨਾ ਨੂੰ ਹੀ ਰੂਪਮਾਨ ਕਰਦੇ ਹੋਣਗੇ। ਜਿਸ ਵਿਚ ਹੌਲੀ ਹੌਲੀ ਮਨੁੱਖ ਕਲਪਨਾ ਨੇ ਕੋਈ ਗੋਲਾਈ ਤੇ ਸੋਧ ਲੈ ਆਉਂਦੀ ਹੋਣੀ ਹੈ। ਹੌਲੇ ਹੌਲੇ ਕਈ ਪ੍ਰਸੰਗਾਂ ਨੂੰ ਜੋੜ ਕੇ ਕਲਪਨਾ ਤੇ ਭਾਵਨਾ ਦੇ ਆਸਰੇ ਮਿਥਿਹਾਸ ਤੇ ਦੰਦ-ਕਥਾਵਾਂ ਦੀ ਉਤਪਤੀ ਹੋਈ। ਅਨੇਕਾਂ ਮਿਥਿਕ ਤੇ ਹੋਰ ਲੰਮੀਆਂ ਲੋਕ ਕਥਾਵਾਂ ਵਿਚ ਨਿੱਕੇ ਨਿੱਕੇ ਪ੍ਰਸੰਗ ਮਿਲਦੇ ਹਨ ਜੋ ਸੁਤੰਤਰ ਰੂਪ ਵਿਚ ਵੀ ਪ੍ਰਚਲਤ ਹੁੰਦੇ ਹਨ। ਕਈ ਵਾਰ ਤਾਂ ਕਿਸੇ ਲੰਮੇਰੀ-ਕਥਾ ਵਿਚਲਾ ਕੋਈ ਚਟਪਟੀ ਤੇ ਰੋਚਕ ਘਟਨਾ ਸੁਤੰਤਰ ਤੌਰ ਤੇ ਪ੍ਰਸੰਗ ਦੇ ਰੂਪ ਵਿਚ ਪ੍ਰਚਲਤ ਹੋ ਜਾਂਦੀ ਹੈ ਤੇ ਕਈ ਵਾਰ ਕੋਈ ਪ੍ਰਸੰਗ ਕਥਾ ਰੂਪ ਆਪਣੇ ਵਸਤੂ ਦੇ ਅਨੁਕੂਲ ਸਮਝ ਕੇ ਸਮੇਟ ਲੈਂਦੀ ਹੈ। ਇਹ ਲੈਣ ਦੇਣ ਦੀ ਬਾਜ਼ੀ ਦੁਵੱਲੀਂ ਚਲਦੀ ਰਹਿੰਦੀ ਹੈ।

ਪ੍ਰਸੰਗ ਇਕ ਕਹਾਣੀ ਦਾ ਮੁੱਢਲਾ ਰੂਪ ਹੈ: ਕੁਝ ਪ੍ਰਸੰਗ ਵਾਸਤਵਿਕ ਜੀਵਨ ਦੀਆਂ ਘਟਨਾਵਾਂ ਉੱਤੇ ਅਧਾਰਤ ਹੁੰਦੇ ਹਨ ਤੇ ਕੁਝ ਕੁ ਨੂੰ ਕਲਪਨਾ ਜਨਮ ਦੇਂਦੀ ਹੈ। ਜੀਵਨ ਵਿਚ ਵਾਪਰੀ ਕੋਈ ਨਿੱਕੀ ਜਿਹੀ ਘਟਨਾ ਜਦੋਂ ਕਿਸੇ ਸੁਹਜ ਰਸੀਏ ਦੇ ਮਨ ਨੂੰ ਟੁੰਬਦੀ ਹੈ, ਤਾਂ ਉਹ ਇਸ ਨੂੰ ਇਕ ਕਲਾਤਮਕ ਗੁਲਾਈ ਦੇ ਕੇ ਲੋੜ ਪੈਣ ਉੱਤੇ, ਇਸ ਦਾ ਪ੍ਰਯੋਗ ਕਰਦਾ ਹੈ। ਜਿਹੜੇ ਪ੍ਰਸੰਗ ਕਲਪਨਾ ਉੱਤੇ ਆਧਾਰਤ ਹਨ, ਉਨ੍ਹਾਂ ਦਾ ਬਹੁਤਾ ਮਸਾਲਾ ਜੀਵਨ ਵਿਚੋਂ ਲਿਆ ਹੁੰਦਾ ਹੈ। ਅਸਲ ਵਿਚ ਜੀਵਨ ਦਾ ਯਥਾਰਥ ਤੇ ਕਲਪਨਾ ਇਸ ਵਿਚ ਇੰਜ ਘੁਲੀਆਂ ਮਿਲੀਆਂ ਹੁੰਦੀਆਂ ਹਨ ਕਿ ਇਹ ਨਿਰਨਾ ਕਰਨਾ ਕਠਨ ਹੈ ਕਿ ਪ੍ਰਸੰਗ ਦਾ ਕਿਹੜਾ ਅੰਗ ਵਾਸਤਵਿਕ ਹੈ ਤੇ ਕਿਹੜਾ ਕਲਪਨਾ ਤੇ ਆਧਾਰਤ। ਕਿਸ ਪ੍ਰਸੰਗ ਬਾਰੇ, ਇਹ ਵੀ ਨਿਰਨਾ ਕਰਨਾ ਕਠਨ ਹੈ ਕਿ ਇਸ ਵਿਚਲੀ ਘਟਨਾ ਵਾਸਤਵਿਕ ਜੀਵਨ ਵਿਚੋਂ ਲਈ ਹੈ ਜਾਂ ਨਿਰੋਲ ਕਲਪਿਤ ਹੈ।

ਪ੍ਰਸੰਗ ਜੀਵਨ ...

ਕਹਿ ਲਉ ਕਿ ਮਨੁੱਖ ਦੇ ਮੂਲ ਭਾਵਾਂ ਨੂੰ ਸਫ਼ਲ ... ਨਾਲ ਪ੍ਰਕਾਸ਼ਮਾਨ ਕਰਦੀਆਂ ਹਨ। ਇਨ੍ਹਾਂ ਕਥਾਵ... ਮਨੁੱਖੀ ਮਨ ਦਾ ਸੁੰਦਰ ਵਿਸ਼ਲੇਸ਼ਣ ਮਿਲਦਾ ਹੈ।

ਇਨ੍ਹਾਂ ਕਹਾਣੀਆਂ ਦਾ ਕੋਈ ਸਮਾਜਕ ਉਦੇਸ਼ ... ਅਤੇ ਇਹ ਕਹਾਣੀਆਂ ਸ੍ਰੇਣੀ ਘੋਲ, ਧਰਮ ਦੇ ਦੁ... ਅਸਰ, ਸਮਾਜ ਵਿਚ ਹੋ ਰਹੀ ਬੇ-ਇਨਸਾਫ਼ੀ ਤੇ ਨਾ-ਬ... ਦਾ ਵਰਣਨ, ਟੋਕ ਤੇ ਵਿਅੰਗ ਦੇ ਹਥਿਆਰ ਨਾਲ ਕ... ਹਨ। ਇਨ੍ਹਾਂ ਕਹਾਣੀਆਂ ਵਿਚ ਵਾਸਤਵਿਕ ਜੀਵ... ਰੰਗ ਖ਼ੂਬ ਉਘੜਿਆ ਹੈ।

ਅਨੇਕਾਂ 'ਲੋਕ-ਪ੍ਰਸੰਗ' ਕਿਸੇ ਇਤਿਹਾਸਕ ਵਿ... ਜਾਂ ਲੋਕ-ਪ੍ਰਿਯ ਨਾਇਕ ਨਾਲ ਜੋੜ ਦਿਤੇ ਜਾਂਦੇ... ਬਿਕਰਮਾਜੀਤ, ਰਾਜਾ ਰਸਾਲੂ, ਭਰਥਰੀ ਹਰੀ ਅ... ਜੀਵਨ ਨਾਲ ਕਈ ਪ੍ਰਸੰਗ ਅਜਿਹੇ ਜੋੜ ਦਿਤੇ ਗ... ਜਿਨ੍ਹਾਂ ਦਾ ਉਨ੍ਹਾਂ ਦੇ ਜੀਵਨ ਦੇ ਦੌਰਾਨ ਦੂਰ ... ਵਾਸਤਾ ਵੀ ਨਹੀਂ ਤੇ ਜਿਹੜੇ ਪ੍ਰਸੰਗ ਕਦੇ ਸੁਤੰਤ... ਵਿਚ ਪ੍ਰਚਲਤ ਸਨ।

ਇਸੇ ਤਰ੍ਹਾਂ ਗੁਰੂ ਪੀਰਾਂ ਤੇ ਫ਼ਕੀਰਾਂ ਨਾਲ ਵੀ... ਜੁੜੇ ਮਿਲਦੇ ਹਨ। ਬਾਬਾ ਫ਼ਰੀਦ, ਗੁੱਗਾ ਪੀਰ, ਗੁਰੂ... ਦੇਵ ਜੀ ਤੇ ਹੋਰ ਗੁਰੂਆਂ ਦੇ ਜੀਵਨ ਨਾਲ ਵ... ਢੁਕਵੇਂ ਪ੍ਰਸੰਗ ਉਨ੍ਹਾਂ ਦੇ ਜੀਵਨ ਦਾ ਅੰਗ ਬਣਾ ਕੇ ... ਦੇ ਰੂਪ ਵਿਚ, ਪੇਸ਼ ਕੀਤੇ ਗਏ ਹਨ। ਇਸ ਤਰ੍ਹ... ਕਹਿ ਸਕਦੇ ਹਾਂ ਕਿ ਪ੍ਰਸੰਗ ਕਈ ਵਾਰ ਦੰਦ-ਕਥ... ਰੂਪ ਵੀ ਧਾਰਨ ਕਰ ਜਾਂਦੇ ਹਨ।

ਪ੍ਰਸੰਗ ਬੜੇ ਸੰਖੇਪ ਹੋਣ ਕਰ ਕੇ ਝਟ ਯਾਦ ... ਹਨ। ਇਸ ਲਈ ਇਹ ਇਕ ਇਲਾਕੇ ਵਿਚੋਂ ਦੂ... ਤੇ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਛੇਤੀ ਪਸਰ ਜਾਂ... ਇਨ੍ਹਾਂ ਵਿਚ ਇਕ ਵੱਡੀ ਸਿਫ਼ਤ ਇਹ ਹੈ ਕਿ ... ਦੇਸ਼ ਵਿਚ ਪ੍ਰਚਲਤ ਹੁੰਦੇ ਹਨ ਉਸੇ ਦੇਸ਼ ਦੇ ਹੋ... ਹਨ। ਅਸਲ ਵਿਚ ਪ੍ਰਸੰਗ ਵਿਚ ਮਨੁੱਖੀ ਸੁਭਾ ਦੀ... ਕਮਜ਼ੋਰੀਆਂ ਤੇ ਪਰਵਿਰਤੀਆਂ ਦਾ ਵਰਨਣ ਹੁੰਦ... ਸਾਰੇ ਸੰਸਾਰ ਦੇ ਮਨੁੱਖਾਂ ਵਿਚ ਅਕਸਰ ਵੇਖੀਆਂ ਜਾ ... ਹਨ। ਪੁਰਾਣੇ ਜ਼ਮਾਨੇ ਵਿਚ ਜਦੋਂ ਸੌਦਾਗਰ ... ਯਾਤ੍ਰੀ ਦੂਜੇ ਦੇਸ਼ਾਂ ਵਿਚ ਜਾਂਦੇ ਸਨ ਤਾਂ ਉਹ ਲੋ... ਵੀ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਪਹੁੰਚਾਂਦੇ ਰਹੇ।

ਦੀ ਵਿਆਖਿਆ ਕਰਨ ਲਈ ਵਰਤਿਆ । ਜਿਨ੍ਹਾਂ ਵਿਚੋਂ 'ਗੰਗੇ ਤੇਲੀਏ', 'ਪੰਡਤ ਨਾਲ ਗੋਸ਼ਟ', 'ਭਲੇ ਬੁਰੇ ਦਾ ਪ੍ਰਸੰਗ', 'ਖੂਹ ਤੋਂ ਸਿਰ ਨੰਗਾ ਨਹਾ ਕੇ ਨਿਕਲਿਆ ਮੂਰਖ', ਆਦਿ ਬਹੁਤ ਪ੍ਰਸਿਧ ਪ੍ਰਸੰਗ ਹਨ । ਪ੍ਰਸੰਗਾਂ ਨੂੰ ਕਾਵਿ-ਰੂਪ ਦੇਣ ਦੀ ਪ੍ਰਣਾਲੀ ਨੂੰ ਚਰਨ ਸਿੰਘ ਸ਼ਹੀਦ ਨੇ 'ਬਾਦਸ਼ਾਹੀਆਂ' ਵਿਚ ਅਤੇ ਈਸ਼ਰ ਸਿੰਘ 'ਈਸ਼ਰ' ਨੇ 'ਭਾਈਆ' ਵਿਚ ਅਗੇ ਤੋਰਿਆ । ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਅਤੇ ਮੋਹਨ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਕਈ ਪ੍ਰਸੰਗਾਂ ਦੀ ਵਰਤੋਂ ਕੀਤੀ ।

ਪੰਜਾਬੀ ਲੋਕ-ਪ੍ਰਸੰਗ ਪੰਜਾਬੀ ਜੀਵਨ ਵਿਚ ਇੰਜ ਬਿਖਰੇ ਪਏ ਹਨ ਜਿਵੇਂ ਬੋਹਲ ਵਿਚ ਕਣਕ ਦੇ ਦਾਣੇ । ਅਜ ਤਕ ਇਨ੍ਹਾਂ ਸੁੱਚੇ ਮੋਤੀਆਂ ਨੂੰ ਇਕਤ੍ਰ ਕਰਨ ਦਾ ਉਪਰਾਲਾ ਨਹੀਂ ਕੀਤਾ ਗਿਆ । ਵਣਜਾਰਾ ਬੇਦੀ ਦੀ ਪੁਸਤਕ 'ਇਕ ਘੁਟ ਰਸ ਦਾ' ਵਿਚ ਦੋ ਢਾਈ ਕੁ ਸੌ ਦੇ ਲਗਪਗ ਲਘੂ ਕਹਾਣੀਆਂ ਤੇ ਪ੍ਰਸੰਗ ਹਨ ਜੋ ਜੀਵਨ ਦੇ ਸਾਰੇ ਪੱਖਾਂ ਨੂੰ ਦਰਸਾਂਦੇ ਹਨ । ਕੁਝ ਪ੍ਰਸੰਗ ਗ੍ਰੀਰਸਨ 'ਦੀ ਲਿੰਗਵਸਟਿਕ ਸਰਵੇ' ਤੇ ਕੁਝ ਹੋਰ ਪੁਸਤਕਾਂ ਵਿਚ ਵੀ ਬਿਖਰੇ ਮਿਲਦੇ ਹਨ ।

ਪੰਜਾਬੀ ਵਿਚ ਅਨੇਕਾਂ ਪ੍ਰਸੰਗ ਜਾਤੀਆਂ ਦੀ ਪਛਾਣ ਬਾਰੇ ਪ੍ਰਚਲਤ ਹਨ । ਸ਼ਾਇਦ ਹੀ ਪੰਜਾਬ ਦੀ ਕੋਈ ਅਜਿਹੀ ਜਾਤੀ ਹੋਵੇ ਜਿਸ ਸਬੰਧੀ ਕੋਈ ਲੋਕ-ਪ੍ਰਸੰਗ ਪ੍ਰਚਲਤ ਨਾ ਹੋਵੇ । ਜੱਟ, ਬਾਣੀਆ, ਜੁਲਾਹਾ, ਸ਼ਾਹ ਬਾਣੀਏ, ਹਰੇਕ ਜਾਤੀ ਉਤੇ ਅਨੇਕ ਵਿਅੰਗ ਭਰੇ ਤਿੱਖੇ ਪ੍ਰਸੰਗ ਮਿਲਦੇ ਹਨ ਜੋ ਉਸ ਜਾਤੀ ਦੇ ਸਮੁੱਚੇ ਸੁਭਾਵ ਦੀ ਕਿਸੇ ਆਮ ਪ੍ਰਚਲਤ ਰੁਚੀ ਜਾਂ ਪਰਵਿਰਤੀ ਨੂੰ ਪ੍ਰਗਟਾਂਦੇ ਹਨ ।

ਲੋਕ ਪ੍ਰਸੰਗਾਂ ਵਿਚ ਸਮੇਂ ਅਨੁਸਾਰ ਪਰੀਵਰਤਨ ਵੀ ਹੁੰਦਾ ਰਹਿੰਦਾ ਹੈ । ਕਈ ਪ੍ਰਸੰਗ ਜੋ ਕਿਸੇ ਸਮੇਂ, ਲੋਭੀ ਪੰਡਤਾਂ ਜਾਂ ਕਾਜ਼ੀਆਂ ਦੀਆਂ ਸ਼ਰਧਾਲੂਆਂ ਨਾਲ ਕੀਤੀਆਂ ਧਰੋਹੀਆਂ ਬਾਰੇ ਪ੍ਰਚਲਤ ਸਨ, ਹੁਣ ਉਨ੍ਹਾਂ ਪ੍ਰਸੰਗਾਂ ਵਿਚ ਥੋੜੇ ਬਹੁਤ ਪਰੀਵਰਤਨ ਨਾਲ, ਪੂੰਜੀਪਤੀਆਂ ਦੀ ਕਿਰਤੀਆਂ ਪ੍ਰਤੀ ਕੀਤੇ, ਜ਼ੁਲਮਾਂ ਨੂੰ ਪ੍ਰਗਟ ਕਰਨ ਲਈ ਅਜੇਹੀ ਭਾਵਨਾ ਨੂੰ ਪ੍ਰਗਟਾਂਦੇ ਹਨ । ਜਿਉਂ ਜੋ ਪ੍ਰਸੰਗ ਦਾ ਮੰਤਵ ਤਾਂ ਕੋਈ ਸਿਖਿਆ ਦੇਣੀ, ਕੋਈ ਜੀਵਨ ਜਾਚ ਸਿਖਾਣੀ ਹੈ ਤੇ ਇਸ

ਹਨ । ਜਨੌਰ ਪਾਤਰ ਕੇਵਲ ਗੌਣ ਪਾਤਰਾਂ ਦੇ ਮਿਲਦੇ ਹਨ ।

ਕੁਝ ਪ੍ਰਸੰਗ ਪੰਜਾਬੀ ਲੋਕਾਂ ਦੇ ਵਿਸ਼ਵਾਸਾਂ ਦੀ ਵਿਆਖਿਆ ਕਰਦੇ ਹਨ ।

(ਪ-86) **ਪ੍ਰਸਤਲਾ** :

ਪੰਜਾਬ ਵਿਚ ਪ੍ਰਾਚੀਨ ਕਾਲ ਵਿਚ ਵਸਦੀ ਜਿਸ ਦਾ ਵਰਨਣ ਰਾਮਾਇਣ ਵਿਚ ਆਉਂਦਾ ਹੈ ਅਨੁਸਾਰ ਇਹ ਜਾਤੀ ਮਦਰ ਦੇਸ਼ ਵਿਚ ਵ ਮਾਰਕੰਡੇ ਪੁਰਾਣ ਅਨੁਸਾਰ ਇਹ ਜਾਤੀ ਤ੍ਰਿਗ ਰਹਿੰਦੀ ਸੀ । ਕੁਝ ਲੇਖਕਾਂ ਦਾ ਵਿਚਾਰ ਹੈ ਦਾ ਇਲਾਕਾ ਜਿਥੇ ਪ੍ਰਸਤਲਾ ਜਾਤੀ ਦੇ ਸਨ, ਉਹ ਕੁਰਕਸ਼ੇਤਰ ਵਿਚ ਹੋਏ ਮਹਾਂਭਾਰ ਸਮੇਂ, ਤ੍ਰਿਗਰਤਾ ਦੇ ਅਧੀਨ ਰਾਜ ਸੀ । ਵਿਦਵ ਪ੍ਰਸਥਲ ਦੇ ਇਲਾਕੇ ਫ਼ਿਰੋਜ਼ਪੁਰ, ਪਟਿਆਲਾ ਤੇ ਵਿਚਕਾਰ ਦਾ ਇਲਾਕਾ ਅਤੇ ਪਟਿਆਲਾ ਅਥਵ ਪ੍ਰਸਥਾਲਾ ਸ਼ਬਦ ਦਾ ਹੀ ਬਦਲਿਆ ਰੂਪ ਹੈ ।

(ਪ-87) **ਪਰਸ਼ੁਰਾਮ** :

ਉਹ ਰਾਮ ਜਿਸ ਨੇ ਕੁਹਾੜਾ ਧਾਰਨ ਕੀ ਹੈ । ਵਿਸ਼ਨੂੰ ਦਾ ਛੇਵਾਂ ਅਵਤਾਰ, ਜੋ ਤ੍ਰੇਤਾ ਪੈਦਾ ਹੋਇਆ । ਇਸ ਅਵਤਾਰ ਦਾ ਮਨੋਰਥ ਅਭਿਮਾਨੀ ਕਸ਼ਤਰੀਆਂ ਦੀ ਅਧੀਨਤਾ ਤੋਂ ਮੁਕ ਸੀ । ਪਰਸ਼ੁਰਾਮ ਜ਼ਾਤ ਦਾ ਬ੍ਰਾਹਮਣ ਸੀ ਅਤੇ ਦੇ ਘਰ ਰੇਣੁਕਾ ਦੇ ਉਦਰ ਤੋਂ ਜੰਮਿਆ । ਇਸ ਦੇ ਨਾਲ ਸਖ਼ਤ ਵੈਰ ਸੀ, ਜਿਸ ਦਾ ਕਾਰਨ ਹੈਹਯਵੰਸ ਦੇ ਰਾਜਾ ਕਾਰਤਵੀਰਯ, ਜਿਸ ਦ ਬਾਹਵਾਂ ਸਨ, ਜਮਦਗਨੀ ਰਿਸ਼ੀ ਦੀ ਗੈਰ- ਉਸ ਦੇ ਆਸ਼ਰਮ ਵਿਚ ਗਿਆ ਤੇ ਵਾਪਸੀ ਨਾਲ ਜ਼ਬਰਦਸਤੀ ਗਊ ਖੋਲ੍ਹ ਲਿਆਇਆ ਨੇ ਕਰੋਧ ਵਿਚ ਆ ਕੇ ਕਾਰਤਵੀਰਯ ਨੂੰ ਮ ਬਦਲੇ ਵਿਚ ਕਾਰਤਵੀਰਯ ਦੇ ਪੁੱਤਰਾਂ ਨੇ ਜਮ ਨੂੰ ਵੱਢ ਦਿਤਾ । ਇਸ ਗੱਲ ਤੋਂ ਗੁੱਸੇ ਵਿਚ ਆ

ਨੇ ਹੀ ਵਸਾਇਆ ਸੀ। ਇਕ ਮਿਥਕ ਕਥਾ ਅਨੁਸਾਰ ਇਹ ਦੇਸ ਪਰਸੂਰਾਮ ਨੇ ਵਰੁਣ ਦੇਵਤੇ ਕੋਲੋਂ, ਭੇਟਾ ਵਿਚ ਲਿਆ। ਦੂਜੀ ਕਥਾ ਅਨੁਸਾਰ ਪਰਸੂਰਾਮ ਨੇ ਸਮੁੰਦਰ ਨੂੰ ਪਿਛੇ ਧਕ ਕੇ ਆਪਣੇ ਕੁਹਾੜੇ ਨਾਲ ਪਹਾੜਾਂ ਦੀਆਂ ਦਰਾੜਾਂ ਨੂੰ ਘਾਟਾਂ ਵਿਚ ਬਦਲ ਕੇ ਇਥੇ ਨਗਰ ਵਸਾਇਆ ਅਤੇ ਬ੍ਰਾਹਮਣਾਂ ਨੂੰ ਉਤਰ ਵਿਚੋਂ ਇਥੇ ਲਿਆ ਕੇ ਵਸਾਇਆ।

ਪਰਸੂਰਾਮ ਦੀ ਕਥਾ ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਵਿਚ ਮਿਲਦੀ ਹੈ। ਰਾਮਾਇਣ ਅਨੁਸਾਰ ਰਾਮ ਤੇ ਪਰਸੂਰਾਮ ਇਕ ਦੂਜੇ ਦੇ ਸਮਕਾਲੀ ਸਨ ਜਦੋਂ ਰਾਮ ਨੇ ਸਵੰਬਰ ਸਮੇਂ ਮਿਥਲਾ ਵਿਚ ਸ਼ਿਵ ਜੀ ਦਾ ਧਨੁੱਖ ਤੋੜਿਆ ਤਾਂ ਪਰਸੂਰਾਮ ਜੋ ਸ਼ਿਵ ਜੀ ਦਾ ਅਨਿਨ ਭਗਤ ਸੀ, ਕਰੋਧ ਵਿਚ ਆ ਗਿਆ ਤੇ ਉਸ ਨੇ ਰਾਮ ਨੂੰ ਵੰਗਾਰਿਆ, ਪਰ ਅਖ਼ੀਰ ਪਰਸੂਰਾਮ ਨੂੰ ਹਾਰ ਮੰਨਣੀ ਪਈ।

ਮਹਾਂਭਾਰਤ ਅਨੁਸਾਰ, ਪਰਸੂਰਾਮ ਨੇ, ਆਪਣੇ ਪਿਤਾ ਦੀ ਆਗਿਆ ਦਾ ਪਾਲਨ ਕਰਦਿਆਂ ਆਪਣੀ ਮਾਂ ਦਾ ਸਿਰ, ਕੁਲਹਾੜੇ ਨਾਲ ਵੱਢ ਦਿਤਾ ਸੀ, ਕਿਉਂ ਜੋ ਜਮਦਾਗਨੀ ਆਪਣੀ ਪਤਨੀ ਰੇਣੁਕਾ ਦੇ ਚਰਿਤਰ ਤੇ ਸੰਦੇਹ ਕਰਦਾ ਸੀ। ਜਮਦਾਗਨੀ ਨੇ ਪਰਸੂਰਾਮ 'ਤੇ ਖ਼ੁਸ਼ ਹੋ ਕੇ, ਉਸ ਨੂੰ ਵਰ ਮੰਗਣ ਲਈ ਕਿਹਾ। ਪਰਸੂਰਾਮ ਨੇ ਵਰ ਮੰਗਿਆ ਕਿ ਇਕ ਤਾਂ ਉਸ ਦੀ ਮਾਂ ਮੁੜ ਸੁਰਜੀਤ ਹੋ ਜਾਵੇ ਦੂਜਾ ਯੁੱਧ ਸਮੇਂ ਪਰਸੂਰਾਮ ਕਿਸੇ ਨੂੰ ਵਿਖਾਈ ਨਾ ਦੇਵੇ।

ਪਰਸੂਰਾਮ ਨੇ ਸ਼ਸਤ੍ਰ ਵਿਦਿਆ ਸ਼ਿਵ ਤੋਂ ਸਿੱਖੀ, ਜਿਸ ਨੇ ਇਸਨੂੰ ਇਕ ਕੁਲਹਾੜੀ ਪਰਸੂ ਦਿਤੀ, ਜਿਸ ਕਰ ਕੇ ਇਸ ਦਾ ਨਾਂ ਜੋ ਮੂਲ ਵਿਚ ਰਾਮ ਸੀ, ਪਰਸੂਰਾਮ ਪੈ ਗਿਆ। ਮਹਾਂਭਾਰਤ ਅਨੁਸਾਰ ਪਰਸੂਰਾਮ ਨੇ ਅਰਜਨ ਨੂੰ ਸ਼ਸਤ੍ਰ ਵਿਦਿਆ ਸਿਖਾਈ, ਪਰ ਇਹ ਦੁਆਪਰ ਦਾ ਸਮਾਂ ਸੀ।

ਪਰਸੂਰਾਮ ਦਾ ਵਿਸ਼ਨੂੰ ਨਾਲ ਕੋਈ ਸਬੰਧ ਨਹੀਂ ਸੀ। ਇਸ ਕੋਲ ਵਿਸ਼ਨੂੰ ਦੀ ਧਨੁਸ਼ ਹੋਣ ਕਰਕੇ ਇਸਨੂੰ ਵਿਸ਼ਨੂੰ ਨਾਲ ਸਬੰਧਿਤ ਕਰ ਦਿਤਾ ਗਿਆ ਤੇ ਮਗਰੋਂ ਅਵਤਾਰਾਂ ਦੀ ਮਾਲਾ ਵਿਚ ਇਸਨੂੰ ਪਰੋ ਦਿਤਾ ਗਿਆ।

## (ਪ-88) ਪਰਸ਼ੂਰਾਮ ਜੈਯੰਤੀ :

ਵਿਸ਼ਨੂੰ ਦੇ ਛੇਵੇਂ ਅਵਤਾਰ ਪਰਸੂਰਾਮ ਦੀ ਜਨਮ ਤਿਥੀ,

ਨੂੰ ਮਨਾਂਦੇ ਤੇ ਇਸ ਤਿੱਥ ਨੂੰ ਪਰਸੂਰਾ
ਪੂਜਾ ਕਰਦੇ ਤੇ ਵਰਤ ਰਖਦੇ ਸਨ। ਪਰ
ਜੈਯੰਤੀ ਘੱਟ ਹੀ ਮਨਾਈ ਜਾਂਦੀ ਹੈ।

## (ਪ-89) ਪ੍ਰਸੂਤ ਗੀਤ :

ਉਹ ਗੀਤ, ਜੋ ਬੱਚੇ ਦੇ ਜੰਮਣ
ਗਰਭਵਤੀ ਦਾ ਧਿਆਨ ਜਣੇਪੇ ਦੀ ਪ
ਕਿਸੇ ਹੋਰ ਪਾਸੇ ਲਗਾਣ ਲਈ ਗਾਏ
ਗੀਤਾਂ ਵਿਚ ਦਾਈ ਦਾ ਜ਼ਿਕਰ ਹੁੰਦਾ
ਉਦੋਂ ਗਰਭਵਤੀ ਦੇ ਕੋਲ ਬੈਠੀ ਹੁੰਦੀ ਹੈ

ਦਾਈ ਨੂੰ ਸਦ ਲਿਆਵੋ,
ਨਾਚੋ ਤੇਰਾ ਕੀ ਨੀ ਦੁਖੇ
ਦਾਈ ਨੂੰ ਸਦ ਲਿਆਵੋ
ਕਲੇਜੇ ਦਰਦ ਉਠੇ।

ਜਾਂ

ਅੰਞਾਣਾ ਚੰਬੇ ਦਾ ਬੂਟ ਖੇਲੰਦੜਾ ਪ
ਦਾਈ ਮਾਈ ਰਹੋ ਘਰੇ
ਜੇ ਘਰ ਜੰਮੇਗਾ ਪੂਤ,
ਦਾਈ ਮਾਈ ਕੀ ਜੋ ਮਿਲੇ
ਪੰਜ ਰੁਪਏ ਰੋਕ, ਸਿਰੋ ਨੂੰ ਚੋਪ,
ਦਾਈ ਮਾਈ ਇਹੋ ਮਿਲੇ
ਆਪ ਘੋੜੇ ਅਸਵਾਰ ਭਲਾ ਜੀ,
ਦਾਈ ਭਾਈ ਪਾਲੀਆਂ।

ਅਜਿਹੇ ਗੀਤ ਗਿਣਤੀ ਵਿਚ ਬਹੁ
ਇਹ ਗੀਤ ਬੜੀ ਧੀਮੀ ਸੁਰ ਵਿਚ ਗਾਏ

ਇਕ ਹੋਰ ਗੀਤ ਵਿਚ ਦਾਈ ਗਰ
ਉਤੇ ਲਿਟਾ ਕੇ ਪੇਟ ਮਲਣ ਦਾ ਸੰਕੇਤ ਕ

ਦਾਈ, ਮਾਈ ਖੜੀ ਦਰਵਾਜ਼ੇ
ਭਲਾ ਜੀ ਵਡੇ ਸ਼ੁਭ ਸ਼ਗਨ ਹੋਏ।
ਜੱਚਾ ਰਾਣੀ ਆ ਨੀ, ਪਲੰਘ ਤੇ ਲੇ
ਮਲਾਂ ਤੇਰਾ ਪੇਟ
ਹੌਲਾ ਤੇਰਾ ਪੇਟ ਹੋਏ।

ਇਸ ਤਰ੍ਹਾਂ ਧਿਆਨ ਸੁਰ-ਸੰਗੀਤ ਵ
ਤੇ ਪੀੜ ਘਟਦੀ ਹੈ। ਇਹ ਇ

ਦਾ ਰਾਜ ਖੋਹ ਲਿਆ। ਨਰਸਿੰਘ ਪੁਰਾਣ ਅਨੁਸਾਰ ਹਰਨਾਕਸ਼ ਇਤਨਾ ਅਭਿਮਾਨੀ ਹੋ ਗਿਆ ਕਿ ਉਹ ਲੋਕਾਂ ਤੋਂ ਆਪਣੇ ਨਾਂ ਦੀ ਪੂਜਾ ਕਰਵਾਣ ਲੱਗਾ। ਵਿਸ਼ਨੂੰ ਭਗਤਾਂ ਨੂੰ ਹਰਨਾਕਸ਼ ਨੇ ਬੜੇ ਦੁਖ ਤੇ ਕਸ਼ਟ ਦਿਤੇ। ਹਰਨਾਕਸ਼ ਦਾ ਆਪਣਾ ਪੁੱਤਰ ਪ੍ਰਹਿਲਾਦ ਬਾਲ ਅਵਸਥਾ ਵਿਚ ਹੀ, ਵਿਸ਼ਨੂੰ ਦਾ ਉਪਾਸ਼ਕ ਬਣ ਗਿਆ। ਹਰਨਾਕਸ਼ ਨੇ ਪ੍ਰਹਿਲਾਦ ਨੂੰ ਵਿਸ਼ਨੂੰ ਭਗਤੀ ਤੋਂ ਵਰਜਿਆ ਪਰ ਜਦੋਂ ਉਹ ਵਰਜਿਆ ਨਾ ਗਿਆ ਤਾਂ ਉਸ ਨੂੰ ਮਾਰਨ ਦਾ ਹੁਕਮ ਦਿਤਾ। ਪਰ ਪ੍ਰਹਿਲਾਦ ਉਤੇ ਦੈਂਤਾਂ ਦੇ ਸ਼ਸਤ੍ਰਾਂ ਅਸਤ੍ਰਾਂ, ਸੱਪਾਂ ਦੇ ਡੰਗਾਂ ਤੇ ਅੱਗ ਦੀਆਂ ਲਾਟਾਂ ਦਾ ਰੱਤੀ ਅਸਰ ਨਾ ਹੋਇਆ। ਅਖੀਰ ਪ੍ਰਹਿਲਾਦ ਦੀ ਭੂਆ ਹੋਲਿਕਾ ਪ੍ਰਹਿਲਾਦ ਨੂੰ ਆਪਣੀ ਗੋਦ 'ਚ ਲੈ ਕੇ ਤੇ ਆਪਣੇ ਉਪਰ ਅਗਨੀ ਤੋਂ ਰਖਿਆ ਕਰਨ ਵਾਲਾ ਅਸਤ੍ਰ ਲੈ ਕੇ ਅਗਨੀ ਵਿਚ ਜਾ ਬੈਠੀ, ਅਸਤ੍ਰ ਨੇ ਪ੍ਰਹਿਲਾਦ ਨੂੰ ਅੱਗ ਤੋਂ ਬਚਾ ਲਿਆ ਪਰ ਹੋਲਿਕਾ ਖ਼ੁਦ ਅੱਗ ਵਿਚ ਭੁਜ ਗਈ। ਅਖ਼ੀਰ ਹਰਨਾਕਸ਼ ਨੇ ਪ੍ਰਹਿਲਾਦ ਨੂੰ ਅੱਗ ਵਾਂਗ ਤਪਦੇ ਥੰਮ ਨਾਲ ਬੰਨ੍ਹਣ ਦਾ ਹੁਕਮ ਦਿਤਾ। ਇਸ ਮੌਕੇ ਤੇ ਵਿਸ਼ਨੂੰ ਨੇ ਨਰਸਿੰਘ ਦੇ ਰੂਪ ਵਿਚ ਅਵਤਾਰ ਧਾਰਿਆ ਤੇ ਸੰਝ ਦੇ ਵੇਲੇ ਮੁਹਾਠ ਉਤੇ ਹਰਨਾਕਸ਼ ਨੂੰ ਖੜਾ ਕਰ ਕੇ ਆਪਣੇ ਨਹੁੰਆਂ ਨਾਲ ਮਾਰ ਦਿਤਾ। ਹਰਨਾਕਸ਼ ਨੂੰ ਵਰ ਪ੍ਰਾਪਤ ਸੀ ਕਿ ਨਾ ਉਹ ਕਿਸ ਮਨੁੱਖ ਹੱਥੋਂ ਮਰੇਗਾ ਨਾ ਕਿਸੇ ਪਸ਼ੂ ਕੋਲੋਂ, ਨਾ ਦਿਨ ਵੇਲੇ ਨਾ ਰਾਤ ਵੇਲੇ। ਨਾ ਅੰਦਰ ਨਾ ਬਾਹਰ। ਨਾ ਕਿਸੇ ਅਸਤ੍ਰ ਨਾਲ ਨਾ ਕਿਸੇ ਸ਼ਸਤ੍ਰ ਨਾਲ। ਸੋ ਵਿਸ਼ਨੂੰ ਨੇ ਜੋ ਅਵਤਾਰ ਧਾਰਿਆ ਉਹ ਨਰਸਿੰਘ ਦਾ ਸੀ, ਜਿਸ ਦਾ ਅੱਧਾ ਧੜ ਸ਼ੇਰ ਦਾ ਸੀ ਤੇ ਅੱਧਾ ਆਦਮੀ ਦਾ। ਹਰਨਾਕਸ਼ ਨੂੰ ਨਾ ਅੰਦਰ ਨਾ ਬਾਹਰ ਮੁਹਾਠ ਉਤੇ ਰਖ ਕੇ ਅਸਤ੍ਰ ਸ਼ਸਤ੍ਰ ਤੋਂ ਬਿਨਾ ਨਹੁੰਆਂ ਨਾਲ ਉਦੋਂ ਮਾਰਿਆ ਗਿਆ ਜਦ ਦਿਨ ਅੰਦਰ ਬਾਹਰ ਸੀ। ਹਰਨਾਕਸ਼ ਦੀ ਮੌਤ ਮਗਰੋਂ ਪ੍ਰਹਿਲਾਦ ਦੈਂਤਾਂ ਦਾ ਰਾਜਾ ਬਣਿਆ ਤੇ ਪਤਾਲ ਵਿਚ ਰਾਜ ਕਰਨ ਲੱਗਾ।

ਪਦਮ ਪੁਰਾਣ ਅਨੁਸਾਰ ਪ੍ਰਹਿਲਾਦ ਪਿਛਲੇ ਜਨਮ ਵਿਚ ਬ੍ਰਾਹਮਣ ਸੀ, ਜਿਸ ਦਾ ਨਾਂ ਸੋਮਸ਼ਰਮਨ ਸੀ ਤੇ ਜੋ ਸ਼ਿਵ ਸ਼ਰਮਨ ਦਾ ਪੰਜਵਾਂ ਪੁਤਰ ਸੀ। ਇਸ ਦੇ ਚਾਰ ਵਡੇ ਭਰਾ ਵਿਸ਼ਨੂੰ ਦੇ ਭਗਤ ਸਨ ਤੇ ਘੋਰ ਤਪਸਿਆ ਮਗਰੋਂ ਵਿਸ਼ਨੂੰ ਵਿਚ ਲੀਨ ਹੋ ਗਏ ਸਨ। ਇਸਨੇ ਵੀ ਵਿਸ਼ਨੂੰ

## (ਪ-91) ਪ੍ਰਹਿਲਾਦਪੁਰੀ ਮੰਦਰ :

ਮੁਲਤਾਨ ਵਿਚ ਭਗਤ ਪ੍ਰਹਿਲਾਦ ਦਾ ਇਕ
ਜਿਸ ਨੂੰ ਨਰਸਿੰਘ ਮੰਦਰ ਵੀ ਕਹਿੰਦੇ ਹਨ। ਇਹ
ਦੇ ਕਿਲੇ ਦੀ ਉਤਰੀ ਬਾਹੀ ਵਲ ਹੈ। ਪੁਰਾਣਿਕ
ਅਨੁਸਾਰ ਪੂਰਬ ਇਤਿਹਾਸਕ ਕਾਲ ਵਿਚ ਮੁਲਤ
ਹਰਨਾਕਸ਼ (ਹਿਰਣਯਕਸ਼ਪੁ) ਦਾ ਰਾਜ ਸੀ।
ਨਾਸਤਕ ਸੀ ਅਤੇ ਲੋਕਾਂ ਤੋਂ ਆਪਣੇ ਨਾਂ
ਕਰਾਉਂਦਾ ਸੀ। ਇਸ ਦਾ ਪੁੱਤਰ ਪ੍ਰਹਿਲਾਦ ਵਿ
ਭਗਤ ਸੀ। ਹਰਨਾਕਸ਼ ਨੇ ਪ੍ਰਹਿਲਾਦ ਨੂੰ ਕਈ
ਦਿਤੇ। ਅਖੀਰ ਲੋਹੇ ਦੇ ਤੱਤੇ ਥੰਮ ਨਾਲ ਬੰਨ੍ਹਣ
ਦਿਤਾ। ਜਦੋਂ ਪ੍ਰਹਿਲਾਦ ਨੂੰ ਥੰਮ ਨਾਲ ਬੰਨ੍ਹਣ
ਥੰਮ ਵਿਚੋਂ ਪ੍ਰਕਾਸ਼ ਹੋਇਆ ਤੇ ਵਿਸ਼ਨੂੰ ਨਰਸਿੰਘ
ਵਿਚ ਪ੍ਰਗਟ ਹੋਏ ਤੇ ਉਨ੍ਹਾਂ ਨੇ ਆਪਣੇ ਨਹੁੰ
ਹਰਨਾਕਸ਼ ਦਾ ਅੰਤ ਕਰ ਦਿਤਾ। ਨਰਸਿੰਘ ਦੇ
ਇਸ ਨੂੰ ਨਰਸਿੰਘ ਮੰਦਰ ਕਿਹਾ ਜਾਂਦਾ ਹੈ।

1853 ਈ: ਵਿਚ ਜਦੋਂ ਕਨਿੰਘਮ ਮੁਲਤਾਨ
ਤਾਂ ਇਸ ਮੰਦਰ ਦੀ ਹਾਲਤ ਬੜੀ ਖਸਤਾ ਸੀ।
ਮੁਰੰਮਤ ਉਨ੍ਹੀਂ ਦਿਨੀਂ ਲੋਕਾਂ ਦੇ ਦਾਨ ਨਾਲ ਕੀਤ
ਉਦੋਂ ਹੀ ਨਰਸਿੰਘ ਅਵਤਾਰ ਦੀ ਨਵੀਂ ਮੂਰਤੀ
ਕੀਤੀ ਗਈ।

ਦੇਸ਼ ਵੰਡ ਤੋਂ ਪਹਿਲਾਂ ਜੇਠ ਵਿਚ ਨਰਸਿੰਘ
ਇਥੇ ਭਾਰੀ ਮੇਲਾ ਲਗਦਾ ਸੀ ਜੋ ਸਵੇਰੇ ਤਿੰਨ
ਸ਼ੁਰੂ ਹੋ ਕੇ ਸ਼ਾਮੀਂ ਛੇ ਵਜੇ ਤਕ ਰਹਿੰਦਾ ਸੀ। ਜਦ
ਵਿਛੜਦਾ ਤਾਂ ਲੋਕੀਂ ਇਕ ਦੂਜੇ ਤੇ ਖੱਖੜੀਆਂ ਸੁਟ

## (ਪ-92) ਪਰਕਰਮਾ :

(1) ਕਿਸੇ ਪੂਜਯ ਅਸਥਾਨ, ਮੂਰਤੀ ਅਥਵ
ਪੀਰ ਦੇ ਚੁਫੇਰੇ ਸ਼ਰਧਾ ਅਤੇ ਭਗਤੀ ਭਾਵਨਾ ਨ
ਮਾਰਨੇ। ਪਰਕਰਮਾ ਵੇਲੇ ਪੂਜ ਵਿਅਕਤੀ ਅਥਵਾ
ਨੂੰ ਸੱਜੇ ਪਾਸੇ ਵਲ ਰਖਿਆ ਜਾਂਦਾ ਹੈ ਜਿਸ ਦੀ ਪ
ਕੀਤੀ ਜਾ ਰਹੀ ਹੁੰਦੀ ਹੈ। ਪਰਕਰਮਾ ਸੂਰਜ
ਅਨੁਸਾਰ ਪੂਰਬ ਤੋਂ ਪੱਛਮ ਵਲ ਕੀਤੀ ਜਾਂਦੀ ਹੈ
ਜਦੋਂ ਮਰੇ ਹੋਏ ਪੂਜ ਵਿਅਕਤੀ ਦੀ ਪਰਕਰਮਾ ਕੀਤ
ਹੈ ਤਾਂ ਦਿਸ਼ਾ ਉਲਟ ਹੋ ਜਾਂਦੀ ਹੈ।

ਹਨ । ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬਾਨ ਨੇ ਗੁਰਤਾ ਅਰਪਣ ਵੇਲੇ ਨਵੇਂ ਥਾਪੇ ਗੁਰੂ ਦੁਆਲੇ ਤਿੰਨ ਪਰਕਰਮਾ ਕੀਤੀਆਂ ਸਨ ।

'ਤੀਨ ਪ੍ਰਦੱਛਨ ਕੋ ਤਬ ਦੀਨ ।'

(ਗੁਰਪ੍ਰਤਾਪ ਸੂਰਜ ਰਸਿ 2 ਅ: 22)

ਕੁਝ ਪਰਕਰਮਾ ਸੰਸਕਾਰਾਂ ਨਾਲ ਸੰਬੰਧਤ ਹਨ ਜਿਵੇਂ ਹਿੰਦੂ ਵਿਆਹ ਦੀ ਰੀਤ ਸਮੇਂ ਅਗਨੀ ਦੁਆਲੇ ਸੱਤ ਫੇਰੇ ਲੈਂਦੇ ਹਨ । ਸਿੱਖ ਵਿਆਹ ਸਮੇਂ ਆਦਿ-ਗ੍ਰੰਥ ਦੇ ਦੁਆਲੇ ਚਾਰ ਫੇਰੇ ਲੈਂਦੇ ਹਨ । ਦਾਹ ਸੰਸਕਾਰ ਸਮੇਂ ਮ੍ਰਿਤਕ ਦਾ ਪੁੱਤਰ ਜਾਂ ਵੱਡਾ ਭਰਾ ਅੱਗ ਦਾਗਣ ਤੋਂ ਪਹਿਲਾਂ ਚਿੱਖਾ ਦੀ ਪੁੱਠੀ ਪਰਕਰਮਾਂ ਕਰਦਾ ਹੈ । ਇਸ ਤਰ੍ਹਾਂ ਮ੍ਰਿਤਕ ਦੀਆਂ ਨੂੰਹਾਂ ਮ੍ਰਿਤਕ ਦੇਹ ਦੀ ਪਰਕਰਮਾ ਚਾਰ ਵਾਰ ਕਰਦੀਆਂ ਹਨ ।

ਕਈ ਹਿੰਦੂ ਜਦੋਂ ਨਵੀਂ ਥਾਂ ਮਕਾਨ ਉਸਾਰਨ ਲਈ ਕੋਈ ਕਾਰਜ ਅਰੰਭਦੇ ਹਨ ਤਾਂ ਉਥੇ ਤਿੰਨ ਵਾਰ ਪਰਕਰਮਾ ਕਰਦੇ ਹਨ ਤੇ ਨਾਲੋ ਨਾਲ ਪਾਣੀ ਦੇ ਛੱਟੇ ਧਰਤੀ ਤੇ ਮਾਰਦੇ ਜਾਂਦੇ ਹਨ ।

ਸਿੱਖਾਂ ਵਿਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪਰਕਰਮਾ ਪੰਜ ਵਾਰ ਕਰਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ ।

(2) ਗੁਰਦਵਾਰੇ ਅੰਦਰ ਆਦਿ ਵਿਚ ਪਾਵਨ ਸਥਾਨ ਦੇ ਚਾਰੇ ਪਾਸੇ, ਪਰਕਰਮਾ ਲੈਣ ਲਈ ਬਣਿਆ ਮਾਰਗ, ਵੱਡੇ ਤੀਰਥਾਂ ਉਤੇ ਪਰਕਰਮਾ ਕਰਨ ਲਈ ਉਚੇਚਾ ਮਾਰਗ ਬਣਿਆ ਹੁੰਦਾ ਹੈ, ਜਿਥੇ ਪਰਕਰਮਾ ਕਰਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ ।

### (ਪ-93) **ਪਰਚਾਵਣੀ** :

ਮਾਤਮਪੁਰਸ਼ੀ ਕਰਨਾ; ਜਦੋਂ ਕਿਸੇ ਦੇ ਘਰ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਰਿਸ਼ਤੇਦਾਰ, ਗਲੀ ਗੁਆਂਢ ਤੇ ਭਾਈਚਾਰੇ ਦੇ ਲੋਕ ਸ਼ੋਕ ਪ੍ਰਗਟ ਕਰਨ ਲਈ ਆਉਂਦੇ ਹਨ । ਇਸ ਕਿਰਿਆ ਨੂੰ 'ਪਰਚਾਵਣੀ' ਕਿਹਾ ਜਾਂਦਾ ਹੈ ।

### (ਪ-94) **ਪਰਛਾਵਾਂ** :

ਪਰਛਾਵੇਂ ਬਾਰੇ ਅਨੇਕ ਪ੍ਰਕਾਰ ਦੇ ਭਰਮ ਵਹਿਮ ਤੇ

ਕੁੜੀ ਪਿਛੇ ਲਾਗਵਾਂ ਟੂਣਾ ਚਿੰਤਨ ਹੈ ।

ਕਿਉਂ ਜੋ ਪਰਛਾਵੇਂ ਵਿਚ ਮੂਲ ਸ਼ਖ਼
ਹੁੰਦਾ ਹੈ, ਇਸ ਲਈ ਪਰਛਾਵੇਂ ਉਤੇ ਟੂਣ
ਚਲਦਾ ਹੈ । ਪਰ ਪਰਛਾਵਾਂ ਥਿਰ ਨਹੀਂ
ਕਰਕੇ ਉਸ ਉਤੇ ਜਾਦੂ-ਟੂਣਾ ਕਰਨਾ ਕਠ
ਪਰ ਕਈ ਚੇਲੇ ਪਰਛਾਵੇਂ ਵਾਲੀ ਮਿੱਟੀ ਮੰਗਵ
ਟੂਣਾ ਕਰਦੇ ਹਨ । ਇਸ ਸੰਕਲਪ ਦਾ ਆ
ਟੂਣਾ ਹੈ ।

ਕਿਸੇ ਸ਼ਖ਼ਸ ਦਾ ਕਬਰ ਉਤੇ ਪਰਛਾਵਾਂ ਪ
ਘਟਦੀ ਹੈ । ਇਸੇ ਤਰ੍ਹਾਂ ਜੇ ਕਿਸੇ ਸ਼ਖ਼ਸ ਉਤੇ
ਪਰਛਾਵਾਂ ਪਏ ਤਾਂ ਵੀ ਉਮਰ ਘਟਦੀ ਹੈ ।

ਲੋਕ ਧਾਰਨਾ ਅਨੁਸਾਰ ਮਾਹਵਾਰੀ ਵਾਲ
ਪਰਛਾਵਾਂ ਬੜਾ ਦੁਸ਼ਟ ਤੇ ਅਸ਼ੁਭ ਹੁੰਦਾ ਹੈ ।
ਪਰਛਾਵਾਂ ਕਿਸੇ ਸੱਪ ਤੇ ਪੈ ਜਾਵੇ ਤਾਂ ਸ
ਜਾਂਦਾ ਹੈ ।

ਜੇ ਕਿਸੇ ਤੀਵੀਂ ਦਾ ਦੁੱਧ ਚੁੰਘਦਾ ਬੱ
ਤਾਂ ਉਸ ਤੀਵੀਂ ਦਾ ਪਰਛਾਵਾਂ ਬੜਾ ਦੁਸ਼ਟ ਮੰ
ਹੈ । ਇਹ ਉਦੋਂ ਤਕ ਅਸ਼ੁਭ ਰਹਿੰਦਾ ਹੈ ਜਦੋਂ
ਦੇ ਥਣਾਂ ਦਾ ਦੁੱਧ ਸੁੱਕ ਨਹੀਂ ਜਾਂਦਾ । ਅ
ਦਾ ਪਰਛਾਵਾਂ, ਜੇ ਕਿਸੇ ਗਰਭਵਤੀ ਉਤੇ
ਉਸ ਦਾ ਗਰਭਪਾਤ ਹੋ ਜਾਂਦਾ ਹੈ ਜਾਂ ਫਿਰ
ਅਠਮਾਹਾ ਜੰਮਦਾ ਹੈ ਜੋ ਜਮਤੀਲ ਤੇ ਰੋਗੀ
ਬਹੁਤ ਚਿਰ ਜੀਂਦਾ ਨਹੀਂ ਰਹਿੰਦਾ ਤੇ ਸੁਕ
ਜਾਂਦਾ ਹੈ । ਅਜਿਹੀ ਤੀਵੀਂ ਦਾ ਪਰਛਾਵਾਂ
ਬੂਟੇ ਉਤੇ ਪੈ ਜਾਵੇ ਤਾਂ ਉਹ ਸੁਕ ਜਾਂਦਾ ਹੈ ।

ਜੇ ਕਿਸੇ ਤੀਵੀਂ ਦੇ ਬੱਚੇ ਅਠਵੇਂ ਮਹ
ਮਰ ਜਾਣ ਤਾਂ ਇਸ ਨੂੰ 'ਅਠਰਾਹਾ' ਕਿਹਾ
ਅਠਰਾਹੀ ਤੀਵੀਂ ਦੇ ਪਰਛਾਵੇਂ ਦਾ ਵੀ ਅਸ
ਮੰਨਿਆ ਜਾਂਦਾ (ਵੇਖੋ : ਅਠਰਾਹਾ) ।

ਪਰਛਾਵੇਂ ਤੇ ਪਕੜ ਵਿਚ ਕਾਫ਼ੀ ਫ਼ਰ
ਵਿਚ ਭੂਤ ਪ੍ਰੇਤ ਆਦਿ ਕਿਸੇ ਪ੍ਰਾਣੀ ਦੇ ਸਰੀ
ਕਰ ਕੇ ਉਸ ਦੀ ਮਾਨਸਿਕ ਪ੍ਰਕ੍ਰਿਆ ਉਤੇ
ਹਨ । ਪਕੜ ਵਾਲਾ ਸ਼ਖ਼ਸ ਪਰਰੂਹ ਦੇ ਆਦ
ਤੋਂ ਬੋਲਦਾ ਹੈ । ਪਰਛਾਵੇਂ ਵਿਚ ਕੋਈ

ਇਕ ਧਾਰਨਾ ਅਨੁਸਾਰ ਦੇਵਤਿਆਂ ਦਾ ਪਰਛਾਵਾਂ ਨਹੀਂ ਹੁੰਦਾ (ਵੇਖੋ ਛਾਇਆ)।

(ਪ-95) **ਪ੍ਰਜਾਪਤੀ** :

ਉਹ ਦੇਵਤੇ ਤੇ ਰਿਸ਼ੀ, ਜਿਨ੍ਹਾਂ ਨੇ ਪ੍ਰਜਾ ਦੀ ਸਿਰਜਨਾ ਕੀਤੀ। ਪੁਰਾਣਿਕ ਕਥਾਵਾਂ ਅਨੁਸਾਰ, ਬ੍ਰਹਮਾ ਨੇ ਆਪਣੇ ਆਪ ਨੂੰ ਦੋ ਭਾਗਾਂ ਵਿਚ ਵੰਡਿਆ, ਅੱਧਾ ਹਿੱਸਾ ਨਰ ਤੇ ਅੱਧਾ ਹਿੱਸਾ ਮਾਦਾ। ਮਾਦਾ ਤੋਂ ਉਸ ਨੇ ਵੀਰਜ ਉਤਪੰਨ ਕੀਤਾ। ਵੀਰਜ ਨੇ ਤੱਪ ਸਾਧਨਾ ਨਾਲ ਪਹਿਲਾਂ ਮਨੂ ਪੈਦਾ ਕੀਤਾ, ਜਿਸ ਦਾ ਨਾਂ ਸਵਾਯੰਭੂਵ ਸੀ, ਇਸ ਨੂੰ ਬ੍ਰਹਿਮੰਡ ਦੀ ਸਿਰਜਨਾ ਦਾ ਕੰਮ ਸੌਂਪਿਆ ਗਿਆ।

ਸਵਾਯੰਭੂਵ ਨੇ ਦਸ ਜੀਵ ਉਤਪੰਨ ਕੀਤੇ, ਜੋ ਪ੍ਰਜਾਪਤੀ ਅਖਵਾਏ, ਇਨ੍ਹਾਂ ਦੇ ਨਾਂ ਹਨ—ਮਰੀਚੀ, ਅਤ੍ਰੀ, ਅੰਗਿਰਸ, ਪੁਲਸਤਯ, ਪੁਲਹ, ਕ੍ਰਤੂ, ਪ੍ਰਚੇਤ ਜਾਂ ਦਖਸ, ਵਸ਼ਿਸ਼ਠ, ਭ੍ਰਿੰਗੂ ਤੇ ਨਾਰਦ। ਇਹ ਦਸੋ ਪ੍ਰਜਾਪਤੀ ਤਰਤੀਬਵਾਰ ਨੈਤਿਕਤਾ, ਕਪਟ, ਦਾਨ, ਧੀਰਜ, ਅਭਿਮਾਨ, ਦਇਆ, ਨਿਰਛੱਲਤਾ, ਬਰਾਬਰੀ, ਨਿੰਮਰਤਾ, ਯੁਕਤੀ ਦੇ ਵਾਚਕ ਹਨ।

ਪ੍ਰਜਾਪਤੀਆਂ ਨੇ ਪਹਿਲਾਂ ਸੱਤ ਮਨੂ ਪੈਦਾ ਕੀਤੇ। ਬ੍ਰਹਮਾ ਦਾ ਇਕ ਦਿਨ ਜੋ ਕਲਪ ਅਖਵਾਉਂਦਾ ਹੈ, 14 ਮਨਵੰਤਰਾਂ ਵਿਚ ਵੰਡਿਆ ਹੋਇਆ ਹੈ ਤੇ ਹਰੇਕ ਮਨਵੰਤਰ ਦਾ ਵੱਖਰਾ ਮਨੂ ਹੈ। ਅੱਜ ਦੇ ਯੁਗ ਦੇ ਲੋਕ, ਕਲਪ ਦੇ ਸਤਵੇਂ ਮਨਵੰਤਰ ਵਿਚ ਰਹਿ ਰਹੇ ਹਨ ਅਤੇ ਇਸ ਮਨਵੰਤਰ ਦੇ ਮਨੂ ਦਾ ਨਾਂ ਸਤਯਵਰਤ ਹੈ। ਪਹਿਲੇ ਛੇ ਮਨੂਆਂ ਦੇ ਨਾਂ ਹਨ : ਕੋਸ, ਅਤ੍ਰੀ, ਵਸ਼ਿਸ਼ਠ, ਵਿਸ਼ਵਾਮਿਤ੍ਰ, ਗੌਤਮ, ਜਮਦਾਗਨੀ ਤੇ ਭਾਰਦਵਾਜ।

ਪ੍ਰਜਾਪਤੀ ਨਾ ਤਾਂ ਦੇਵਤੇ ਹਨ ਤੇ ਨਾ ਹੀ ਆਤਮਾ ਦੇ ਰਖਿਅਕ, ਇਸ ਲਈ ਇਨ੍ਹਾਂ ਦੀ ਪੂਜਾ ਨਹੀਂ ਕੀਤੀ ਜਾਂਦੀ। ਪ੍ਰਜਾਪਤੀ ਨੂੰ ਬ੍ਰਹਮਾ ਦੇ ਪੁੱਤਰ ਵੀ ਕਿਹਾ ਜਾਂਦਾ ਹੈ ਤੇ ਕਈ ਥਾਈਂ ਇਨ੍ਹਾਂ ਨੂੰ ਬ੍ਰਹਮਾ ਤੋਂ ਉਤਪੰਨ ਹੋਏ ਮੰਨਿਆ ਗਿਆ ਹੈ।

ਗ੍ਰੰਥਾਂ ਵਿਚ ਪ੍ਰਜਾਪਤੀਆਂ ਦੇ ਨਾਂ ਤੇ ਗਿਣਤੀ ਵੀ ਵੱਖ ਵੱਖ ਦਿਠੀ ਮਿਲਦੀ ਹੈ। ਮਹਾਂਭਾਰਤ ਵਿਚ ਪ੍ਰਜਾਪਤੀਆਂ ਦੀ ਗਿਣਤੀ ਇੱਕੀ ਦਿਤੀ ਹੋਈ ਹੈ ਜਿਨ੍ਹਾਂ ਦੇ ਨਾਂ ਹਨ : ਬ੍ਰਹਮਾ, ਸਥਾਣ, ਮਨੂ, ਦਖਸ਼, ਭ੍ਰਿੰਗੂ, ਧਰਮ, ਯਮਰਾਜ, ਮਰੀਚ, ਅੰਗਿਰਾਸ, ਅਤ੍ਰੀ, ਪੁਲਸਤਯ, ਪੁਲਯ, ਕ੍ਰਤੂ, ਕ੍ਰੋਧ, ਅਰਵਾਕ

ਤੱਪਾਂ ਦੁਆਰਾ ਸੰਸਾਰ ਦੀ ਉਤਪਤੀ ਕੀਤੀ। ਇ
ਅਨੁਸਾਰ ਪਹਿਲਾਂ ਸ੍ਰਿਸ਼ਟੀ ਵਿਚ ਨਾਰਾ (ਪਾਣੀ) ਹੀ
ਹੋਇਆ ਸੀ। ਨਾਰਾ ਦੇ ਤੱਪ ਸਾਧਣ ਨਾਲ ਇਕ
ਅੰਡਾ ਹੋਂਦ ਵਿਚ ਆਇਆ। ਇਸ ਅੰਡੇ ਵਿਚੋਂ
ਨਿਕਲਿਆ ਜਿਸ ਨੇ ਤਿੰਨ ਸ਼ਬਦਾਂ ਦਾ ਉਚਾਰਨ
ਭੂਰ ਭੁਵਾਹੇ ਤੇ ਸਵਰਕ। ਭੂਰ ਦੇ ਉਚਾਰਨ ਨਾ
ਹੋਂਦ ਵਿਚ ਆਈ, ਭੁਵਾਹ ਨਾਲ ਪੁਲਾੜ ਅਤੇ
ਨਾਲ ਅਕਾਸ ਮੰਡਲ।

(ਪ-96) **ਪਰਦੱਖਣਾ** :

ਕਿਸੇ ਪਵਿਤ੍ਰ ਅਸਥਾਨ ਜਾਂ ਦੇਵਤੇ ਨੂੰ ਦੱਖ
ਵਲ ਰਖ ਕੇ ਚੁਗਿਰਦੇ ਗੇੜੇ ਦੇਣ ਦੀ ਕਿਰਿਆ
ਨਾਲ ਦੇਵਤੇ ਪਸੀਜਦੇ ਤੇ ਬਖ਼ਸ਼ਿਸ਼ ਕਰਦੇ ਹਨ
ਪਰਕਰਮਾ)। ਪਰਦੱਖਣਾ ਇਕ ਦਾਨ ਨੂੰ ਵੀ ਕਿ
ਹੈ ਜੋ ਸੱਜੇ ਹੱਥ ਨਾਲ ਦਿਤਾ ਜਾਂਦਾ ਹੈ।

(ਪ-97) **ਪਰਦੁਮਨ** :

ਕ੍ਰਿਸ਼ਨ ਦਾ ਪੁਤਰ ਜੋ ਰੁਕਮਣੀ ਦੀ ਕੁਖੋਂ
ਹੋਇਆ। ਅਜੇ ਇਹ ਛੇ ਦਿਨਾਂ ਦਾ ਸੀ ਕਿ ਇਸ
ਨਾਂ ਦਾ ਦੈਂਤ ਚੁਰਾ ਕੇ ਲੈ ਗਿਆ ਤੇ ਸਮੁੰਦਰ ਵਿ
ਦਿਤਾ, ਜਿਥੇ ਇਸ ਨੂੰ ਇਕ ਮੱਛੀ ਨਿਗਲ ਗਈ।
ਨੇ ਇਹ ਮੱਛੀ ਫੜ ਕੇ ਸੰਬਰ ਦੀ ਰਸੋਈ ਵਿਚ
ਦਿਤੀ। ਮੱਛੀ ਦਾ ਪੇਟ ਚੀਰਨ ਨਾਲ ਵਿਚੋਂ
ਨਿਕਲਿਆ। ਇਸ ਸੁੰਦਰ ਬਾਲਕ ਨੂੰ, ਸੰਬਰ ਦੀ
ਮਾਇਆਵਤੀ ਨੇ ਪਾਲਣਾ ਸ਼ੁਰੂ ਕੀਤਾ। ਨਾਰਦ
ਨੇ ਮਾਇਆਵਤੀ ਨੂੰ ਇਸ ਬਾਲਕ ਬਾਰੇ ਦਸ ਦਿ
ਇਹ ਕੌਣ ਹੈ। ਜਦੋਂ ਪਰਦੁਮਨ ਜਵਾਨ ਹੋਇ
ਮਾਇਆਵਤੀ ਉਸ ਨਾਲ ਖ਼ੁਦ ਵਿਆਹ ਕਰਨਾ
ਸੀ। ਮਾਇਆਵਤੀ ਨੇ ਪਰਦੁਮਨ ਨੂੰ ਸੰਬਰ ਦ
ਹਾਲ ਦਸ ਦਿਤਾ। ਪਰਦੁਮਨ ਨੇ ਸੰਬਰ ਨਾਲ ਯੁ
ਉਸ ਨੂੰ ਮਾਰ ਦਿਤਾ ਅਤੇ ਆਪ ਮਾਇਆਵਤੀ
ਹਵਾ ਵਿਚ ਉਡਦਾ ਹੋਇਆ ਕ੍ਰਿਸ਼ਨ ਦੇ ਮਹਿਲ
ਜਾ ਪੁਜਿਆ। ਕ੍ਰਿਸ਼ਨ ਨੇ ਰੁਕਮਣੀ ਨੂੰ ਦਸਿਆ
ਮਾਇਆਵਤੀ ਰੱਤੀ ਦਾ ਅਵਤਾਰ ਹੈ ਅਤੇ
ਕਾਮਦੇਵ ਦਾ, ਇਸੇ ਲਈ ਇਨ੍ਹਾਂ ਦੋਹਾਂ ਵਿਚ

ਕਰਨ 'ਤੇ, ਸ਼ਿਵ ਨੇ ਇਨ੍ਹਾਂ ਦਾ ਮੇਲ ਪਰਦੁਮਨ ਤੇ ਮਾਇਆਵਤੀ ਦੇ ਰੂਪ ਵਿਚ ਹੋਣ ਦਾ ਵਰ ਦਿਤਾ।

(ਪ-98) **ਪਰਨਾਲਾ ਇਸ਼ਨਾਨ** :

ਕਈ ਖਤ੍ਰੀ ਆਪਣੇ ਨਵੇਂ ਜੰਮੇ ਬੱਚੇ ਉਤੇ ਉਦੋਂ ਤਕ ਮੀਂਹ ਦੀਆਂ ਕਣੀਆਂ ਨਹੀਂ ਪੈਣ ਦੇਂਦੇ ਜਦੋਂ ਤਕ ਉਹ ਸਾਵਣ ਦੀ ਪਹਿਲੀ ਬਾਰਸ਼ ਵਿਚ ਉਸ ਨੂੰ ਪੰਜਾਂ ਪਰਨਾਲਿਆਂ ਹੇਠ ਇਸ਼ਨਾਨ ਨਾ ਕਰਵਾ ਲੈਣ। ਸਾਵਣ ਤੋਂ ਪਹਿਲਾਂ ਹੋਈਆਂ ਬਾਰਸ਼ਾਂ ਵਿਚ, ਬੱਚੇ ਨੂੰ ਘਰੋਂ ਬਾਹਰ ਨਹੀਂ ਕਢਿਆ ਜਾਂਦਾ। ਜੇ ਮੀਂਹ ਪੈ ਜਾਵੇ ਤਾਂ ਅਸ਼ੁਭ ਮੰਨਦੇ ਹਨ।

(ਪ-99) **ਪਰਨਾਲਾ ਬੰਨ੍ਹਣਾ** :

ਇਕ ਟੂਣਾ ਜੋ ਮੀਂਹ ਬੰਦ ਕਰਨ ਵਾਸਤੇ ਕੀਤਾ ਜਾਂਦਾ ਹੈ। ਕਿਸੇ ਕੰਨਿਆ ਦੇ ਵਿਆਹ ਉਤੇ, ਮੀਂਹ ਜ਼ੋਰ ਨਾਲ ਵਸਦਾ ਹੋਵੇ ਤਾਂ ਲੋਕ-ਨਿਸ਼ਚੇ ਅਨੁਸਾਰ ਮੌਲੀ ਦੇ ਧਾਗੇ ਨਾਲ ਪਰਨਾਲਾ ਬੰਨ੍ਹਿਆ ਜਾਵੇ ਤਾਂ ਮੀਂਹ ਬੰਦ ਹੋ ਜਾਂਦਾ ਹੈ। ਸ਼ਰਤ ਇਹ ਹੈ ਕਿ ਕੰਨਿਆ ਆਪਣੇ ਸਤਿ ਧਰਮ ਵਿਚ ਕਾਇਮ ਹੋਵੇ।

ਮੀਂਹ ਨੂੰ ਠਾਕਣ ਲਈ ਇਕ ਹੋਰ ਟੂਣਾ ਵੀ ਵਰਤਿਆ ਜਾਂਦਾ ਹੈ। ਕੋਈ ਕੰਨਿਆ ਧਰਤੀ ਉਤੇ ਸਰ੍ਹੋਂ ਦਾ ਤੇਲ ਡੋਲ੍ਹਦੀ ਹੈ ਤੇ ਨਾਲ ਹੀ ਇਹ ਤੁਕਾਂ ਉਚਾਰਦੀ ਹੈ :

ਜੇ ਮੈਂ ਤੇਲ ਨਾ ਚੋਵਾਂ ਤਾਂ ਮੈਂ ਅਪਰਾਧਣ
ਜੇ ਤੂੰ ਬੱਦਲ ਨਾ ਖਿੰਡਾਏਂ ਤਾਂ ਤੂੰ ਅਪਰਾਧੀ।

ਕਈ ਬ੍ਰਾਹਮਣ ਬਾਰਸ਼ ਨੂੰ ਠਾਕਣ ਲਈ ਅਗੱਸਤ ਮੁਨੀ ਦੀ ਅਰਾਧਨਾ ਕਰਦੇ ਹਨ। ਅਗੱਸਤ ਨੇ ਸਮੁੰਦਰ ਪੀ ਲਿਆ ਸੀ, ਇਸ ਕਰਕੇ ਬੱਦਲ ਉਸ ਤੋਂ ਭੈ ਖਾਂਦੇ ਹਨ। ਮੀਂਹ ਠਾਕਣ ਲਈ, ਕਈ ਲੋਕ, ਅਣਚੋਪੜੀ ਰੋਟੀ ਦਾ ਟੁਕੜਾ ਖੇਤਾਂ ਵਿਚ ਸੁਟ ਆਉਂਦੇ ਹਨ ਜਾਂ ਚੌਰਸਤੇ ਵਿਚ ਰਖ ਕੇ ਉਸ ਦੀ ਬੇਅਦਬੀ ਕਰਦੇ ਅਥਵਾ ਉਸ ਨੂੰ ਗੰਦਾ ਕਰਦੇ ਹਨ ਤਾਂ ਜੋ ਇੰਦਰ ਦੇਵਤੇ ਨੂੰ ਸ਼ਰਮ ਆ ਜਾਵੇ ਤੇ ਉਹ ਮੀਂਹ ਬੰਦ ਕਰ ਦੇਵੇ।

ਕਈ ਹਿੰਦੂ ਪਾਂਧੇ ਨੂੰ ਸਦ ਕੇ ਕੁਝ ਭੇਟਾ ਦੇਂਦੇ ਹਨ। ਪਾਧਾ ਲਕੜੀ ਦੇ ਕਿਸੇ ਟੁਕੜੇ ਵਿਚ 60 ਮੋਰੀਆਂ ਕਰਦਾ ਹੈ ਤੇ ਫਿਰ ਇਨ੍ਹਾਂ ਵਿਚ ਧਾਗੇ ਪਰੋਂਦਿਆਂ ਮੰਤਰ ਉਚਾਰਦਾ ਹੈ, ਜਿਸ ਨਾਲ ਬਾਰਸ਼ ਬੰਦ ਹੋ ਜਾਂਦੀ ਹੈ।

ਉਦੋਂ ਤਕ ਨਹੀਂ ਵਸਦੀ ਜਦੋਂ ਤਕ ਘੜੇ ਨੂੰ ਪ
ਨਾ ਜਾਵੇ। ਕਈ ਹਿੰਦੂ ਸਾਹੂਕਾਰ ਵੀ ਮੀਂਹ ਨੂੰ ਦੱਬ
ਟੂਣਾ ਕਰਦੇ ਹਨ ਤਾਂ ਜੋ ਉਨ੍ਹਾਂ ਦੇ ਗੁਦਾਮਾਂ ਵਿਚ
ਰਣਕ ਮਹਿੰਗੀ ਵਿਕੇ। ਸਾਹੂਕਾਰ ਆਮ ਤੌਰ ਤੇ ਹੌ
ਦਾ ਬਣਿਆ ਚਰਖਾ ਪੁੱਠਾ ਕਤਦੇ ਹਨ।

(ਪ-100) **ਪ੍ਰਬੋਧਨੀ ਇਕਾਦਸ਼ੀ** :

ਕੱਤਕ ਦੇ ਚਾਨਣ ਪੱਖ ਦੀ ਇਕਾਦਸ਼ੀ, ਇ
'ਦੇਵ ਉਠਾਨ ਇਕਾਦਸ਼ੀ' ਵੀ ਕਿਹਾ ਜਾਂਦਾ ਹੈ।
ਧਾਰਨਾ ਅਨੁਸਾਰ ਇਸ ਤਿੱਥ ਨੂੰ ਵਿਸ਼ਨੂੰ ਭਗਵਾਨ
ਮਹੀਨਿਆਂ ਦੀ ਲੰਮੀ ਨੀਂਦਰ ਭੋਗ ਕੇ ਉਠਦੇ ਹਨ।
ਉਨ੍ਹਾਂ ਦੇ ਜਾਗਰਤ ਅਵਸਥਾ ਵਿਚ ਆਉਣ ਨਾਲ
ਦੇਵਤੇ ਜਾਗ ਪੈਂਦੇ ਹਨ।

ਪੁਰਾਣਿਕ ਕਥਾਵਾਂ ਅਨੁਸਾਰ ਵਿਸ਼ਨੂੰ ਨੇ ਹਾੜ
ਚਾਨਣੇ ਪੱਖ ਦੀ ਇਕਾਦਸ਼ੀ ਨੂੰ ਅਤਿਆਚਾਰੀ
ਸ਼ੰਖਾਸੁਰ ਨੂੰ ਮਾਰਿਆ ਸੀ। ਇਸ ਯੁਧ ਵਿਚ ਵਿਸ਼ਨੂੰ
ਥੱਕ ਗਏ ਸਨ ਕਿ ਉਨ੍ਹਾਂ ਨੇ ਅਰਾਮ ਕਰਨ ਦੀ ਇੱਛਾ
ਕੀਤੀ। ਵਿਸ਼ਨੂੰ ਹਾੜ ਸੁਦੀ ਇਕਾਦਸ਼ੀ, ਜਿਸ ਨੂੰ
ਨਿੰਦਰਾ ਇਕਾਦਸ਼ੀ' ਵੀ ਕਹਿੰਦੇ ਹਨ, ਨੂੰ ਸੁੱਤੇ
'ਕੱਤਕ ਸੁਦੀ ਇਕਾਦਸ਼ੀ' ਨੂੰ ਜਾਗੇ। ਉਨ੍ਹਾਂ ਦੇ
ਸਮੇਂ ਬੜਾ ਉਤਸਵ ਮਨਾਇਆ ਗਿਆ। ਉਦੋਂ ਤੋਂ
ਸਾਲ ਨੇਮ ਨਾਲ ਵਿਸ਼ਨੂੰ ਭਗਵਾਨ ਇਨ੍ਹਾਂ ਚਾਰ ਮਹੀ
ਵਿਚ ਨਿੰਦਰਾ ਅਵਸਥਾ ਵਿਚ ਰਹਿੰਦੇ ਹਨ। ਇਹ
ਮਹੀਨੇ ਅਸ਼ੁਭ ਗਿਣੇ ਜਾਂਦੇ ਹਨ ਤੇ ਇਨ੍ਹਾਂ ਦਿਨਾਂ
ਵਿਆਹ ਜਾਂ ਕਿਸੇ ਤਰ੍ਹਾਂ ਦੇ ਹੋਰ ਮੰਗਲ ਕਾਰਜ ਨਹੀਂ
ਜਾਂਦੇ।

ਇਸ ਇਕਾਦਸ਼ੀ ਦਾ ਵਿਸ਼ਨੂੰ ਭਗਤਾਂ ਵਿਚ
ਮਹਾਤਮ ਹੈ। ਉਹ ਇਸ ਦਿਨ ਵਰਤ ਰਖਦੇ ਹਨ ਤੇ
ਦੀ ਉਸਤਤੀ ਵਿਚ ਭਜਨ ਗਾਉਂਦੇ ਅਤੇ ਸ਼ੰਖ ਤੇ ਘੜਿ
ਵਜਾ ਕੇ, ਵਿਸ਼ਨੂੰ ਨੂੰ ਜਗਾਂਦੇ ਹਨ। ਕਈ ਵਿਸ਼ਨੂੰ
ਇਸ ਤਿੱਥ ਨੂੰ ਤੁਲਸੀ ਦਾ ਵਿਆਹ ਰਚਾਂਦੇ ਹਨ।
ਦੀ ਪੂਜਾ ਕਰਨ ਪਿਛੋਂ ਉਸ ਨੂੰ ਵਿਸ਼ਨੂੰ ਦੀ ਸੋਨੇ ਜਾਂ
ਦੀ ਮੂਰਤੀ ਨਾਲ ਲਾਵਾਂ-ਫੇਰੇ ਦਿਤੇ ਜਾਂਦੇ ਹਨ।
ਵਾਰ ਉਹ ਇਸ ਵਿਆਹ ਨੂੰ ਪੂਰੀਆਂ ਰਸਮਾਂ ਗੀਤਾਂ
ਕਰਦੇ ਹਨ।

## (ਪ-101) ਪ੍ਰਮਾਣ ਕਥਾ :

ਪ੍ਰਮਾਣ ਇਕ ਵਿਸ਼ੇਸ਼ ਪ੍ਰਕਾਰ ਦੀ ਕਥਾ ਹੈ ਜਿਸ ਵਿਚ ਕਿਸੇ ਸੰਕਲਪ, ਪ੍ਰਮਾਰਥਕ ਗਿਆਨ, ਵਿਚਾਰ ਜਾਂ ਮਨੌਤ ਦੀ ਪ੍ਰੌੜਤਾ ਜਾਂ ਵਿਆਖਿਆ ਕੀਤੀ ਗਈ ਹੁੰਦੀ ਹੈ ਅਥਵਾ ਸੂਖਮ ਸੰਕਲਪ ਨੂੰ ਸਥੂਲ ਬ੍ਰਿਤਾਂਤ ਵਿਚ ਸਿਰਜਿਆ ਗਿਆ ਹੁੰਦਾ ਹੈ।

ਲੋਕ-ਮਨ ਸੂਖਮ ਭਾਵਾਂ ਨੂੰ ਸਥੂਲ ਰੂਪ ਅਤੇ ਅਮੂਰਤ ਚਿੰਤਨ ਨੂੰ ਸਮੂਰਤ ਬ੍ਰਿਤਾਂਤ ਦੁਆਰਾ ਸਮਝਣ ਦੀ ਚੇਸ਼ਟਾ ਕਰਦਾ ਹੈ। ਲੋਕ-ਮਨ ਲਈ ਕੋਈ ਵੀ ਵਸਤੂ ਸੂਖਮ ਜਾਂ ਅਕਾਰ ਰਹਿਤ ਨਹੀਂ। ਹਰੇਕ ਖਿਆਲ, ਭਾਵਨਾ ਤੇ ਸੰਕਲਪ ਦਾ ਕੋਈ ਸਮੂਰਤ ਰੂਪ ਵੀ ਹੈ, ਜੋ ਮਨੁੱਖ ਆਪਣੇ ਸੀਮਤ ਗਿਆਨ ਇੰਦ੍ਰੀਆਂ ਕਾਰਨ ਵੇਖਣ ਤੋਂ ਅਸਮਰਥ ਹੈ।

ਲੋਕ-ਮਨ ਨੇ ਅਨੇਕਾਂ ਸੰਕਲਪਾਂ ਨੂੰ ਜਨਮ ਦਿਤਾ ਜੋ ਵਿਸ਼ਵਾਸਾਂ, ਧਾਰਨਾਵਾਂ ਤੇ ਮਨੌਤਾਂ ਦੇ ਰੂਪ ਵਿਚ ਲੋਕਾਂ ਦੀ ਭਾਵੁਕ ਤੇ ਬੌਧਿਕ ਸੋਚਣੀ ਦਾ ਅੰਗ ਹੋਣ ਤੋਂ ਇਲਾਵਾ ਲੋਕ-ਜੀਵਨ ਵਿਚ ਰੂੜ੍ਹੀਆਂ ਬਣ ਕੇ ਸਮਾਏ ਹੋਏ ਹਨ। ਇਹ ਸੰਕਲਪ ਲੋਕਾਂ ਲਈ ਪ੍ਰੇਰਣਾ ਸਰੋਤ ਵੀ ਹਨ, ਜੀਵਨ-ਗਤੀ ਤੇ ਸ਼ਕਤੀ ਵੀ, ਅਤੇ ਇਨ੍ਹਾਂ ਦੁਆਰਾ ਹੀ ਲੋਕ ਪਰਲੋਕ ਦੇ ਦੋਵੇਂ ਸੰਸਾਰ ਇਕ ਦੂਜੇ ਨਾਲ ਜੁੜੇ ਹੋਏ ਹਨ। ਇਨ੍ਹਾਂ ਸੰਕਲਪਾਂ ਦੀ ਗਿਣਤੀ ਤਾਂ ਬੇਸ਼ੁਮਾਰ ਹੈ ਪਰ ਕੁਝ ਸੰਕਲਪ ਲੋਕ-ਚਿੰਤਨ ਵਿਚ ਵਿਸ਼ੇਸ਼ ਸਥਾਨ ਰਖਦੇ ਹਨ ਜਿਵੇਂ ਕਰਮ-ਸੰਕਲਪ—ਹਰ ਪ੍ਰਾਣੀ ਨੇ ਆਪਣੇ ਹਰੇਕ ਕਰਮ ਦਾ ਫਲ ਅਵੱਸ਼ ਭੋਗਣਾ ਹੈ, ਹੋਣੀ ਅਮਿੱਟ ਹੈ ਇਸਨੂੰ ਕੋਈ ਟਾਲ ਨਹੀਂ ਸਕਦਾ, ਦਾਣੇ ਦਾਣੇ ਉਤੇ ਮੋਹਰ ਹੈ ਅਥਵਾ ਹਰ ਕੋਈ ਉਹੋ ਕੁਝ ਖਾਂਦਾ ਪੀਂਦਾ ਹੈ ਜੋ ਹੋਣੀ ਨੇ ਉਸ ਦੇ ਭਾਗਾਂ ਵਿਚ ਲਿਖ ਦਿਤਾ ਹੈ। ਸੁਤੇ ਪਏ ਪ੍ਰਾਣੀ ਦੇ ਸਰੀਰ ਵਿਚੋਂ ਆਤਮਾ ਨਿਕਲ ਕੇ ਭਿੰਨ ਭਿੰਨ ਥਾਵਾਂ ਅਤੇ ਦੇਸ਼ਾਂ ਦੀ ਯਾਤ੍ਰਾ ਕਰਦੀ ਹੈ ਤੇ ਇਹੋ ਦ੍ਰਿਸ਼ ਸੁਪਨ ਰੂਪ ਵਿਚ ਵਿਖਾਈ ਦਿੰਦੇ ਹਨ। ਮੌਤ ਲਈ ਸਮਾਂ ਸਥਾਨ ਨਿਸ਼ਚਿਤ ਹੈ ਆਦਿ, ਆਦਿ। ਇਸ ਤਰ੍ਹਾਂ ਦੇ ਅਨੇਕਾਂ ਸੰਕਲਪ ਲੋਕ-ਕਾਵਿ ਦਾ ਵਿਸ਼ਾ ਵੀ ਬਣੇ ਹਨ ਤੇ ਲੋਕ-ਕਥਾ ਦਾ ਵਸਤੂ ਵੀ। ਕਥਾ ਰੂਪ ਵਿਚ ਇਨ੍ਹਾਂ ਸੰਕਲਪਾਂ ਨੂੰ ਸਿੱਧ ਕਰਨ ਲਈ ਕਿਸੇ ਬ੍ਰਿਤਾਂਤ ਦੀ ਸਿਰਜਨਾ ਕੀਤੀ ਗਈ ਹੈ, ਜਿਨ੍ਹਾਂ ਨੂੰ 'ਪ੍ਰਮਾਣ' ਕਿਹਾ ਜਾਂਦਾ ਹੈ।

ਹਨ, ਪਰ ਕੁਝ ਪ੍ਰਮਾਣਾਂ ਨੂੰ ਗੁਰ-ਵਿਅਕਤੀਆ
ਉਨ੍ਹਾਂ ਦਾ ਉਦਾਤੀਕਰਣ ਕਰ ਦਿਤਾ ਗਿ
ਸਾਖੀ ਸਾਹਿਤ ਦੇ ਅੰਤਰਗਤ ਮਧਕਾਲੀ ਸਾ
ਬਣੇ ਹਨ ਜਿਵੇਂ 'ਮੋਹਰਾਂ ਦੇ ਕੋਲੇ ਤੇ ਸੂਲੀ

ਸਿੱਖ ਸਾਹਿਤ ਵਿਚ 'ਪ੍ਰਮਾਣ ਕਥਾ' ਪਦ
ਲਈ ਵੀ ਵਰਤ ਲਿਆ ਜਾਂਦਾ ਹੈ ਜੋ ਗੁਰਬ
ਤੁਕ ਦੀ ਵਿਆਖਿਆ ਵਿਚ ਕਥਾ-ਕੀਰਤਨ
ਜਾਵੇ। ਪੰਜਾਬੀ ਵਿਚ ਇਸ ਭਾਂਤ ਦਾ ਚੋਖਾ
ਹੈ ਜੋ ਗੁਰਬਾਣੀ ਜਾਂ ਭਗਤ ਬਾਣੀ ਦੀ ਕਿ
ਵਿਆਖਿਆ ਵਿਚ ਹੈ ਅਤੇ ਰਚਨਾਕਾਰ ਦੇ
ਕਿਸੇ ਘਟਨਾ ਨਾਲ ਸੰਬੰਧਿਤ ਹੈ।

## (ਪ-102) ਪ੍ਰਲੋ :

ਜੁਗਾਂ ਦੇ ਅੰਤ ਤੇ ਵਿਸ਼ਵ ਦੇ ਸਮਾ
ਅਵਸਥਾ। ਪ੍ਰਲੋ ਬਾਰੇ ਪੁਰਾਣਾਂ ਵਿਚ ਇਕ
ਨਹੀਂ ਮਿਲਦਾ। ਵਿਸ਼ਨੂੰ ਪੁਰਾਣ ਅਨੁਸਾਰ ਪ੍ਰ
ਵਿਸ਼ਨੂੰ ਕਲਕੀ ਅਵਤਾਰ ਦੇ ਰੂਪ ਵਿਚ
ਪ੍ਰਗਟ ਹੋਵੇਗਾ। ਇਸ ਘੋੜੇ ਦੇ ਖੰਭ ਹੋਣ
ਹਵਾ ਵਿਚ ਉਡਾਰੀ ਮਾਰ ਸਕੇਗਾ। ਕਲਕੀ
ਵਿਚ ਪ੍ਰਲੋ ਦੀ ਕਟਾਰ ਤੇ ਦੂਜੇ ਵਿਚ
ਹੋਵੇਗਾ। ਘੋੜੇ ਨੇ ਪ੍ਰਗਟ ਹੋਣ ਸਮੇਂ ਅਰ
ਉਪਰ ਚੁਕੀ ਹੋਵੇਗੀ ਤੇ ਜਦੋਂ ਉਹ ਇਹ ਲ
ਜ਼ੋਰ ਦੀ ਮਾਰੇਗਾ ਤਾਂ ਕਛੂਕੰਮਾਂ, ਜਿਸ ਦੇ
ਸ਼ੇਸ਼ਨਾਗ ਦੇ ਫਨਾਂ ਉਤੇ ਧਰਤੀ ਖੜੀ ਹੈ,
ਪਾਣੀ ਵਿਚ ਜਾ ਪਏਗਾ ਇਸ ਤਰ੍ਹਾਂ ਧਰਤ
ਭੁਚਾਲ ਆ ਜਾਣ ਨਾਲ ਸਭ ਸ੍ਰਿਸ਼ਟੀ ਤਬਾਹ

ਭਾਗਵਤ ਪੁਰਾਣ ਅਨੁਸਾਰ ਪ੍ਰਲੋ ਦੇ
ਸਾਲ ਤਕ ਧਰਤੀ ਉਤੇ ਮੀਂਹ ਦੀ ਕਣੀ
ਲੋਕੀ ਭੁਖ ਦੇ ਸਤਾਏ ਹੋਏ ਇਕ ਦੂਜੇ ਨੂੰ ਖਾ
ਹੋ ਜਾਣਗੇ ਤੇ ਸ੍ਰਿਸ਼ਟੀ ਹੌਲੇ ਹੌਲੇ ਤਬਾਹ ਹੋ

ਪੁਰਾਣਾਂ ਵਿਚ ਇਕ ਹੋਰ ਥਾਂ ਮਹਾਂ ਪ੍ਰ
ਇਉਂ ਮਿਲਦਾ ਹੈ : ਕਈ ਸਾਲਾਂ ਤਕ
ਹੋਣ ਮਗਰੋਂ ਆਕਾਸ਼ ਵਿਚ ਸੱਤ ਸੂਰਜ ਚੜ੍ਹ
ਤਪਸ਼ ਨਾਲ ਸਾਰਾ ਜਲ ਸੁਕ ਜਾਵੇਗਾ।

ਵਿਸ਼ਨੂੰ ਤੇ ਕੂਰਮ ਪੁਰਾਣ ਅਨੁਸਾਰ ਚਾਰ ਪ੍ਰਕਾਰ ਦੀ ਪਰਲੋ ਹੈ :

1. ਨਿਤਯ ਪਰਲੋ : ਜੋ ਜੀਵਾਂ ਦੇ ਨਿਤ ਮਰਨ ਦਾ ਨਾਂ ਹੈ।

2. ਨੈਮਿਤਿਕ ਪਰਲੋ : ਜੋ ਬ੍ਰਹਮਾ ਦੇ ਨਿੰਦਰਾ ਅਵਸਥਾ ਵਿਚ ਜਾਣ ਨਾਲ ਆਉਂਦੀ ਹੈ।

3. ਪ੍ਰਾਕ੍ਰਿਤਕ ਪਰਲੋ : ਜੋ ਬ੍ਰਹਮ ਦੇ ਖੈ ਹੋਣ 'ਤੇ ਆਉਂਦੀ ਹੈ।

4. ਆਤਯੰਤਿਕ ਪਰਲੋ : ਜੋ ਗਿਆਨ ਦੁਆਰਾ ਆਤਮ ' ਵਿਚ ਲੀਨ ਹੋਣ ਨਾਲ ਆਉਂਦੀ ਹੈ।

(ਪ-103) ਪਰੀ :

ਇਕ ਪਰਾਭੌਤਕ ਪ੍ਰਾਣੀ; ਪਰੀ ਦਾ ਦਰਜਾ ਸੰਸਾਰਕ ਮਨੁੱਖਾਂ ਤੋਂ ਉੱਚਾ, ਪਰ ਦੇਵਤਿਆਂ ਤੋਂ ਨੀਵਾਂ ਹੈ। ਪਰੀਆਂ ਸਰੀਰ ਦੀਆਂ ਨਾਜ਼ੁਕ, ਪਤਲੀਆਂ, ਸੁਮਧੁਰ ਤੇ ਸੁਹਣੀਆਂ ਮੰਨੀਆਂ ਜਾਂਦੀਆਂ ਹਨ ਅਤੇ ਮਨੁੱਖੀ ਅਕਾਰ ਵਿਚ ਸੁੰਦਰਤਾ ਦੀ ਅੰਤਲੀ ਸੀਮਾਂ ਹਨ। ਇਨ੍ਹਾਂ ਦੇ ਸਰੀਰ ਨਾਲ, ਪੰਛੀਆਂ ਵਾਂਗ ਹੀ, ਬਾਹਵਾਂ ਨਾਲ ਦੋਵੇਂ ਪਾਸੇ ਸੁੰਦਰ ਖੰਭ ਲਗੇ ਹੁੰਦੇ ਹਨ, ਜਿਨ੍ਹਾਂ ਆਸਰੇ ਇਹ ਉਡਦੀਆਂ ਹਨ।

ਪਰੀਆਂ ਅਥਾਹ ਸ਼ਕਤੀ ਦੀਆਂ ਮਾਲਕ ਹਨ। ਇਹ ਆਪਣੀ ਇੱਛਾ ਅਨੁਸਾਰ ਹਵਾ ਵਿਚ ਛਾਈਂ ਮਾਈਂ ਹੋ ਸਕਦੀਆਂ ਹਨ, ਬਿਨਾਂ ਸਾਜ਼ ਦੇ ਹਵਾ ਵਿਚ ਸੰਗੀਤ ਪੈਦਾ ਕਰ ਸਕਦੀਆਂ ਹਨ। ਇਨ੍ਹਾਂ ਦੀ ਹਰ ਵਸਤੂ ਕੜਾਹੀ, ਬਰਤਨ, ਜੁੱਤੀ, ਡੰਡਾ, ਟੋਪੀ ਆਦਿ ਵਿਚ ਵੀ ਜਾਦੂ ਸ਼ਕਤੀ ਹੁੰਦੀ ਹੈ। ਕੜਾਹੀ ਹੁਕਮ ਕਰਨ ਉਤੇ ਸਵਾਦੀ ਭੋਜਨ ਤਿਆਰ ਕਰ ਦੇਂਦੀ ਹੈ, ਜੁੱਤੀ ਹਵਾਵਾਂ ਵਿਚ ਉਡਾ ਸਕਦੀ ਤੇ ਡੰਡਾ ਦੁਸ਼ਮਣਾਂ ਦਾ ਸਤਿਆਨਾਸ ਕਰ ਸਕਦਾ ਹੈ। ਇਹ ਮਨੁੱਖਾਂ ਨੂੰ ਨੁਕਸਾਨ ਵੀ ਪਹੁੰਚਾ ਸਕਦੀਆਂ ਹਨ ਅਤੇ ਲਾਭ ਵੀ। ਜਿਸ ਨਾਲ ਇਹ ਵੈਰ ਪੈ ਜਾਣ, ਉਸ ਦੇ ਬੱਚੇ ਚੁਕ ਕੇ ਲੈ ਜਾਂਦੀਆਂ ਹਨ, ਘਰ ਦੀਆਂ ਵਸਤੂਆਂ ਛੁਪਾ ਦੇਂਦੀਆਂ ਹਨ ਤੇ ਕਈ ਵਾਰ ਅੱਗ ਵੀ ਲਾ ਦੇਂਦੀਆਂ ਹਨ। ਪਰ ਜਿਸ ਉਤੇ ਤਰੁਠ ਪੈਣ ਉਸ ਨੂੰ ਨਿਹਾਲ ਕਰ ਦੇਂਦੀਆਂ ਹਨ।

ਇਨ੍ਹਾਂ ਦਾ ਨਿਵਾਸ ਅਸਥਾਨ ਧਰਤੀ ਉਤੇ ਤੇ ਅਕਾਸ਼ ਮੰਡਲ ਦੋਹਾਂ ਥਾਈਂ ਮੰਨਿਆ ਜਾਂਦਾ ਹੈ। ਧਰਤੀ ਉਤੇ ਸੇਤ ਤੇ ਵਾਲ ਸੁਨਹਿਰੀ ਹੁੰਦੇ ਹਨ। ਕਈ ਪਰੀ... ਵਸਤਰ ਰੰਗੀਨ ਵੀ ਹੁੰਦੇ ਹਨ ਤੇ ਹੀਰੇ ਪੰਨਿਆ... ਲਦੀਆਂ ਮੰਨੀਆਂ ਜਾਂਦੀਆਂ ਹਨ। ਇਹ ਪ... ਤਲਾਬਾਂ ਜਾਂ ਨਦੀਆਂ, ਖੂਹਾਂ ਤੇ ਦਰਿਆਵਾਂ ਦੇ ... ਉਤੇ ਸਰਘੀ ਹੋਣ ਤੋਂ ਪਹਿਲਾਂ ਇਸ਼ਨਾਨ ਕਰਦੀਆ... ਇਹ ਆਪਣੇ ਬਸਤਰ ਕੰਢੇ ਉਤੇ ਜਾਂ ਕਿਸੇ ਬਿਛ... ਵਿਚ ਰਖ ਜਾਂਦੀਆਂ ਹਨ। ਜੇ ਕੋਈ ਸ਼ਖ਼ਸ ਇ... ਪਕੜਨਾ ਚਾਹਵੇ ਤਾਂ ਇਕ ਸੌਖਾ ਢੰਗ ਇਨ੍ਹਾਂ ਦੇ ... ਛੁਪਾ ਲੈਣ ਦਾ ਹੈ। ਪਰੀਆਂ ਦੇ ਬਸਤਰ ਚੁਕ ਲੈਣ... ਉਨ੍ਹਾਂ ਦੀ ਸ਼ਕਤੀ ਖੀਣ ਹੋ ਜਾਂਦੀ ਹੈ। ਫਿਰ ਉ... ਸ਼ਖ਼ਸ ਨਾਲ ਵਿਆਹ ਕਰ ਲੈਂਦੀਆਂ ਹਨ ਜਿਸ ਨੇ ... ਬਸਤਰ ਚੁਕੇ ਹੋਣ। ਅਜਿਹੀਆਂ ਕਈ ਸਥਾਨਕ ... ਪੰਜਾਬ ਵਿਚ ਮਿਲਦੀਆਂ ਹਨ।

ਪਰੀਆਂ ਆਮ ਤੌਰ ਤੇ ਪਹਾੜਾਂ ਵਿਚ ਰ... ਮੰਨੀਆਂ ਗਈਆਂ ਹਨ। ਅਸਲੋਂ ਪੰਜਾਬ ਵਿਚ ... ਇਲਾਕੇ ਦੀਆਂ ਮੁਟਿਆਰਾਂ ਠੰਢਾ ਹਵਾ-ਪਾਣੀ ... ਬੜੀਆਂ ਸੁੰਦਰ ਤੇ ਹਰਨਾਖੀਆਂ ਹੁੰਦੀਆਂ ਹਨ ਤੇ ਉ... ਸਰੀਰਕ ਸੁੰਦਰਤਾ ਪਰੀਆਂ ਨਾਲੋਂ ਘਟ ਨਹੀਂ। ... ਇਸ ਲਈ ਪਰੀਆਂ ਦਾ ਪਹਾੜਾਂ ਵਿਚ ਰਹਿਣ ਜੋੜ... ਗਿਆ ਹੋਵੇ। ਇਹ ਵੀ ਵਿਚਾਰ ਪ੍ਰਚਲਤ ਹੈ ਕਿ ... ਕਾਫ਼ ਪਹਾੜ ਉਤੇ ਰਹਿੰਦੀਆਂ ਹਨ ਤੇ ਉਥੋਂ ਹੀ ... ਸਾਰੇ ਸੰਸਾਰ ਵਿਚ ਵਿਚਰਦੀਆਂ ਹਨ। ਕਾਫ਼ ਪਹ... ਵਿਚ ਹੈ ਤੇ ਕਿਹਾ ਜਾਂਦਾ ਹੈ ਕਿ ਉਥੋਂ ਦੀਆਂ ਮੁ... ਰੰਗ ਤੇ ਨੈਣ ਨਕਸ਼ਾਂ ਵਿਚ ਪਰੀਆਂ ਨੂੰ ਵੀ ਮਾਤ ... ਹਨ।

ਪਰੀ ਸ਼ਬਦ ਮੁਸਲਮਾਨਾਂ ਦੇ ਪੰਜਾਬ ਆਉਣ ... ਪੰਜਾਬੀ ਲੋਕਧਾਰਾ ਵਿਚ ਪ੍ਰਵੇਸ਼ ਕੀਤਾ, ਭਾਵੇਂ ... ਸੰਕਲਪ ਪਹਿਲਾਂ ਮੌਜੂਦ ਸੀ। ਸਾਡੀਆਂ ਪੁਰਾਣੀਆਂ ... ਦੀਆਂ ਪੁਸਤਕਾਂ ਤੇ ਹੋਰ ਗ੍ਰੰਥਾਂ ਵਿਚ ਅਪੱਛਰਾਂ ਦਾ ... ਆਉਂਦਾ ਹੈ ਜੋ ਅਸਲੋਂ ਜਲਪਰੀਆਂ ਹੀ ਹਨ। ... ਇੰਦਰ ਦੇ ਅਖਾੜੇ ਵਿਚ ਰਹਿੰਦੀਆਂ ਹਨ ਤੇ ਪਰਤ... ਦਰਿਆਵਾਂ ਜਾਂ ਤਲਾਵਾਂ ਦੇ ਕੰਢੇ ਨਵੇ ਨਵੇ ... ਰੰਗਰਲੀਆਂ ਮਾਣਦੀਆਂ ਹਨ। ਅਪੱਛਰਾਂ ਨਾਲ ... ਕਈ ਵਿਸ਼ੇਸ਼ਤਾਈਆਂ ਪਰੀਆਂ ਨਾਲ ਮੇਲ ਖਾਂਦੀਆਂ ... ਹਨ, ਤੇ ਜੋ ਇੰਜ ਕਹਿ ਲਿਆ ਜਾਵੇ ਕਿ ...

ਪਰੀ ਮਿਥਕ ਵਿਅਕਤੀ/ਹੂਰ ਜਾਂ ਅਪੱਛਰਾ ਦਾ ਹੀ ਸੁਭਾਵਕ ਵਿਕਾਸ ਹੈ। ਜਿਵੇਂ ਮਨੁਖੀ ਸਭਿਅਤਾ ਦੇ ਵਿਕਾਸ ਕਰਨ ਨਾਲ ਜਾਂ ਸਦੀਆਂ ਬੀਤਣ ਪਿਛੋਂ, ਕਈ ਮਿਥਕ ਕਹਾਣੀਆਂ ਦੰਦ-ਕਥਾਵਾਂ ਤੇ ਫਿਰ ਲੋਕ-ਕਹਾਣੀਆਂ ਦਾ ਰੂਪ ਧਾਰਨ ਕਰ ਗਈਆਂ। ਇਸੇ ਤਰ੍ਹਾਂ, ਮਿਥਕ ਵਿਅਕਤੀ ਹੂਰ ਜਾਂ ਅਪੱਛਰਾਂ ਵੀ ਉੱਚੀ ਪੱਧਰ ਤੋਂ ਡਿਗ ਕੇ ਪਰੀ ਦਾ ਰੂਪ ਧਾਰਨ ਕਰ ਗਈਆਂ।

ਇਕ ਸਿਧਾਂਤ ਅਨੁਸਾਰ ਪਰੀਆਂ ਪ੍ਰਕ੍ਰਿਤੀ ਦੇ ਰਹੱਸ ਦਾ ਹੀ ਪ੍ਰਾਚੀਨ ਮਾਨਵੀਕਰਣ ਹਨ। ਪ੍ਰਾਚੀਨ ਮਨੁਖ ਦਾ ਵਿਸ਼ਵਾਸ਼ ਸੀ ਕਿ ਪ੍ਰਕ੍ਰਿਤੀ ਦੀ ਹਰ ਵਸਤੂ ਸਿਰਫ਼ ਭੌਤਕ ਸਰੀਰ ਹੀ ਨਹੀਂ ਰਖਦੀ, ਸਗੋਂ ਉਸ ਵਿਚ ਇਕ ਸੂਖਮ ਆਤਮਾ ਵੀ ਹੈ। ਹੌਲੀ ਹੌਲੀ ਪ੍ਰਕਿਰਤੀ ਦੀਆਂ ਸੂਖਮ ਵਸਤੂਆਂ ਨੂੰ ਜੋ ਮਾਨਵੀਕਰਣ ਰਾਹੀਂ ਮਾਦਾ ਸਰੂਪ ਦਿਤੇ ਗਏ ਉਹ ਪ੍ਰਕਿਰਤੀ ਵਾਂਙ ਹੀ ਕੋਮਲ ਤੇ ਸੂਖਮ ਸਨ, ਅਜਿਹੇ ਹੀ ਕਈ ਸਰੂਪ ਪਰੀ ਹੈ ਇਸ ਲਈ 'ਮਿਰਚਾਂ ਸ਼ਹਿਜ਼ਾਦੀ', 'ਵੈਂਗਣ ਸ਼ਹਿਜ਼ਾਦੀ', 'ਫੁਲਾਂ ਰਾਣੀ', 'ਅਨਾਰਾਂ ਸ਼ਹਿਜ਼ਾਦੀ' ਆਦਿ ਪਰੀਆਂ ਇਸ ਸਿਧਾਂਤ ਨੂੰ ਸਿਧ ਕਰਦੀਆਂ ਹਨ।

ਇਕ ਹੋਰ ਸਿਧਾਂਤ ਅਨੁਸਾਰ ਪਰੀਆਂ ਜਿੰਨ-ਭੂਤ ਪ੍ਰੇਤ ਵਾਂਙ ਮਰ ਗਈਆਂ ਸੁੰਦਰ ਮੁਟਿਆਰਾਂ ਦੀਆਂ ਹੀ ਸੂਖਮ ਆਤਮਾਵਾਂ ਹਨ, ਉਨ੍ਹਾਂ ਦੀਆਂ ਅਤ੍ਰਿਪਤ ਆਤਮਾਵਾਂ ਇਕ ਨਵੇਂ ਰੂਪ ਵਿਚ, ਇਸੇ ਭੂਮੀ ਉਤੇ ਉਨ੍ਹਾਂ ਨੂੰ ਭਟਕਾਂਦੀਆਂ ਫਿਰਦੀਆਂ ਹਨ, ਇਸੇ ਲਈ ਭੂਤਾਂ-ਪ੍ਰੇਤਾਂ ਵਾਂਗ ਪਰੀਆਂ ਵੀ ਬ੍ਰਿਛਾਂ ਉਤੇ ਰਹਿੰਦੀਆਂ ਮੰਨੀਆਂ ਜਾਂਦੀਆਂ ਹਨ।

ਕਈ ਮਾਨਵ ਵਿਗਿਆਨੀਆਂ ਦਾ ਮਤ ਹੈ ਕਿ ਜਦੋਂ ਪ੍ਰਾਚੀਨ ਕਾਲ ਵਿਚ, ਇਕ ਕਬੀਲੇ ਦੇ ਲੋਕਾਂ ਨੇ ਦੂਜੇ ਕਬੀਲਿਆਂ ਨੂੰ ਹਰਾ ਕੇ, ਪਹਾੜਾਂ ਵਲ ਧੱਕ ਦਿਤਾ ਤਾਂ ਬਾਅਦ ਵਿਚ ਵੀ ਉਨ੍ਹਾਂ ਦਾ ਪਿੱਛਾ ਪਹਾੜਾਂ ਵਿਚ ਕਦੇ ਕਦਾਈਂ ਕਰਦੇ ਰਹੇ। ਪਹਾੜਾਂ ਵਿਚਲੇ ਪਰਾਸਰੀਰਕ ਜਿਹੀ ਵਾਤਾਵਰਨ ਵਿਚ, ਪਹਾੜਾਂ ਵਿਚ ਰਹਿੰਦੀਆਂ ਸੁੰਦਰੀਆਂ ਦਾ ਜੋ ਅਨੁਭਵ ਉਨ੍ਹਾਂ ਨੂੰ ਹੋਇਆ, ਉਹ ਹੀ ਵਿਰਾਸਤ ਹੋ ਕੇ ਪਰੀ ਦੇ ਸਰੂਪ ਵਿਚ ਪ੍ਰਗਟ ਹੋਇਆ।

ਇਕ ਹੋਰ ਮਤ ਅਨੁਸਾਰ ਪਰੀਆਂ ਲੋਹੇ ਤੋਂ ਡਰਦੀਆਂ ਮੰਨੀਆਂ ਜਾਂਦੀਆਂ ਹਨ। ਇਸ ਗੱਲ ਤੋਂ ਇਹ ਅਨੁਮਾਨ

ਪਰੀਆਂ ਆਪਣਾ ਬਹੁਤਾ ਸਮਾਂ ਨੱਚਣ ਗਾ
ਦਾ ਰਸ, ਲੈਣ ਵਿਚ ਗੁਜ਼ਾਰਦੀਆਂ ਹਨ। ਉ
ਸਰੀਰ ਮਰਦੇ ਨਹੀਂ, ਉਹ ਮਨੁੱਖਾਂ ਨਾਲ ਵਿ
ਬੱਚਿਆਂ ਨੂੰ ਵੀ ਜਨਮ ਦੇਂਦੀਆਂ ਹਨ।

ਪਰੀ ਲਈ ਸੰਸਾਰ ਦੀਆਂ ਕਈ ਬੋਲੀ
ਸ਼ਬਦ ਮਿਲਦੇ ਹਨ ਉਹ ਇੰਜ ਲਗਦਾ ਹੈ ਕਿ
ਦੇ ਹੀ ਬਦਲੇ ਰੂਪ ਹਨ, ਜਿਵੇਂ ਫ਼ਾਰਸੀ
ਅੰਗਰੇਜ਼ੀ ਵਿਚ 'ਫ਼ੇਯਰੀ', ਫ਼੍ਰਾਂਸੀਸੀ ਵਿਚ 'ਫ਼ੀ'
'ਫ਼ਾਤਮ'। ਹੋ ਸਕਦਾ ਹੈ ਕਿ ਇਹ ਸ਼ਬਦ ਕਿ
ਮੂਲ ਸ਼ਬਦ ਦੇ ਵਿਗੜੇ ਰੂਪ ਹੋਣ, ਜੋ ਸਾਡੇ ਬ
ਮੱਧ-ਏਸ਼ੀਆ ਵਿਚ ਸੰਸਾਰ ਦੀਆਂ ਵੱਖੋ ਵੱਖ
ਵਿਚ ਖਿੰਡਣ ਤੋਂ ਪਹਿਲੇ ਰਹਿੰਦੀਆਂ ਤੀਵੀ
ਵਰਤਦੇ ਹੋਣ। ਜੇ ਇੰਜ ਹੈ ਤਾਂ ਪਰੀ ਦਾ ਸੰ
ਪ੍ਰਾਚੀਨ ਮੰਨਿਆ ਜਾ ਸਕਦਾ ਹੈ ਤੇ ਕਿਧਰੇ ਇ
ਤੋਂ ਸੰਸਾਰ ਵਿਚ ਪਸਰਿਆ ਜਾਪਦਾ ਹੈ।

ਕੁਝ ਪਰੀਆਂ ਤਾਂ ਪਰੀ ਦੇਸ਼ ਵਿਚ ਆਪ
ਸਮਾਜ ਵਿਚ ਰਹਿੰਦੀਆਂ ਮੰਨੀਆਂ ਜਾਂਦੀਆਂ ਹਨ
ਉਹ ਕੁਝ ਸਾਥਣਾਂ ਨਾਲ ਉਡਾਰੀ ਮਾਰ ਕੇ ਕ
ਵਿਚ ਵਿਚਰਦੀਆਂ ਹਨ, ਪਰ ਕਈ ਇਕੱਲੀਆਂ
ਪਹਾੜਾਂ ਦੀਆਂ ਕੰਦਰਾਂ ਜਾਂ ਦਰਿਆਵਾਂ ਦੇ ਕੰਢੇ ਉ
ਉਤੇ ਰਹਿੰਦੀਆਂ ਮੰਨੀਆ ਜਾਂਦੀਆਂ ਹਨ। ਬਾ
ਵਰਨਣ ਕੀਤੀਆਂ ਪਰੀਆਂ ਨੂੰ ਸਹਿਜੇ ਕਾਬੂ
ਵਿਆਹਿਆ ਜਾ ਸਕਦਾ ਹੈ। ਪਰੀ ਦੇਸ਼ ਵਿਚ
ਬੜੇ ਸੁੰਦਰ ਮਹਿਲਾਂ ਤੇ ਬਾਗ਼ਾਂ ਵਿਚ ਰਹਿੰਦੀਆਂ
ਬਾਗ਼ਾਂ ਵਿਚ ਹਰ ਤਰ੍ਹਾਂ ਦੇ ਫਲ ਫੁੱਲ ਤੇ ਹੋਰ
ਪਦਾਰਥ ਭਰੇ ਹੁੰਦੇ ਹਨ। ਦਰਖ਼ਤਾਂ ਨਾਲ
ਫੁੱਲਾਂ ਵਾਂਙ ਲਗੇ ਹੁੰਦੇ ਹਨ। ਪਾਣੀ ਦੇ ਫੁਹ
ਚਲਦੇ ਰਹਿੰਦੇ ਹਨ। ਇਸ ਦੁਨੀਆਂ ਵਿਚ
ਖ਼ੁਸ਼ਹਾਲੀ ਦਾ ਵਾਤਾਵਰਨ ਬਣਿਆ ਰਹਿੰਦਾ ਹੈ।

ਪਰੀਆਂ ਸਬੰਧੀ ਅਨੇਕਾਂ ਦੰਦ-ਕਥਾਵਾਂ ਤੇ
ਕਹਾਣੀਆਂ ਪ੍ਰਚਲਤ ਹਨ। ਦੰਦ ਕਥਾਵਾਂ ਵਿਚ
ਨੂੰ ਪਿੰਡ ਦੇ ਕਿਸੇ ਵਿਸ਼ੇਸ਼ ਤਲਾਬ ਉਤੇ ਸਰਘੀ ਵੇ
ਨੇ ਪਰੀਆਂ ਨੂੰ ਨਹਾਂਦਿਆਂ ਵੇਖਿਆ ਤੇ ਉਸ ਇ
ਇਕ ਦੇ ਕਪੜੇ ਚੁਕ ਲਏ, ਮਜਬੂਰੀ ਵਸ ਹੋ ਉਸ

**(ਪ-104) ਪਰੀ ਕਥਾ :**

ਕਿਸੇ ਪਰੀ, ਅਪਛਰਾ, ਦੇਵ, ਜਿੰਨ ਆਦਿ ਅਮਾਨਵੀ ਪਾਤਰਾਂ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਨੂੰ ਪਰੀ ਕਥਾ ਕਿਹਾ ਜਾਂਦਾ ਹੈ। ਪਰੀ ਸ਼ਬਦ ਫ਼ਾਰਸੀ ਦਾ ਹੈ ਜਿਸ ਦੀ ਵਿਉਤਪਤੀ 'ਪਰੀਦਨ' ਤੋਂ ਹੋਈ ਅਤੇ ਇਸ ਦੇ ਸ਼ਾਬਦਿਕ ਅਰਥ ਉਡਣ ਦੇ ਹਨ। ਸਾਮੀ ਲੋਕਧਾਰਾ ਅਨੁਸਾਰ ਪਰੀ ਅਲੌਕਿਕ ਸੁੰਦਰਤਾ ਰਖਣ ਵਾਲੀ ਉਹ ਯੁਵਤੀ ਹੈ ਜੋ ਆਪਣੇ ਪਰਾਂ ਦੁਆਰਾ ਆਕਾਸ਼ ਵਿਚ ਉਡ ਸਕਦੀ ਹੈ। ਸਾਮੀ ਲੋਕਧਾਰਾ ਵਿਚ ਪਰੀ ਦਾ ਇਹ ਸੰਕਲਪ ਹੂਰ ਦੀ ਸਾਦ੍ਰਿਸ਼ਤਾ ਉਤੇ ਸਿਰਜਿਆ ਗਿਆ ਜਾਪਦਾ ਹੈ।

ਪੰਜਾਬ ਵਿਚ ਪਰੀ ਸ਼ਬਦ ਦਾ ਉਪਯੋਗ ਭਾਵੇਂ ਮੁਸਲਮਾਨੀ ਲੋਕਧਾਰਾ ਦੇ ਪਸਾਰ ਨਾਲ ਹੀ ਰੂੜ੍ਹ ਹੋਇਆ, ਪਰ ਪਰੀ ਨਾਲ ਮਿਲਦੀ ਜੁਲਦੀ ਇਕ ਅਮਾਨਵੀ ਯੁਵਤੀ ਅਪਛਰਾ ਪੌਰਾਣਿਕ ਕਾਲ ਤੋਂ ਹੀ ਇਥੋਂ ਦੀ ਲੋਕਧਾਰਾ ਦਾ ਜੀਵੰਤ ਤਤ ਚਲੀ ਆ ਰਹੀ ਹੈ। ਅਪਛਰਾਂ ਇੰਦਰ ਲੋਕ ਦੀਆਂ ਸੁੰਦਰੀਆਂ ਹਨ। ਵੇਦਾਂ ਵਿਚ ਉਰਵਸ਼ੀ ਅਤੇ ਕੁਝ ਹੋਰ ਅਪਛਰਾਂ ਦਾ ਉਲੇਖ ਮਿਲਦਾ ਹੈ। ਪੁਰਾਣਾਂ ਅਨੁਸਾਰ ਇਨ੍ਹਾਂ ਦੀ ਉਤਪਤੀ ਸਮੁੰਦਰ ਮਥਣ ਵੇਲੇ ਹੋਈ। ਜਦੋਂ ਸਮੁੰਦਰ ਵਿਚੋਂ ਅਪਛਰਾਂ ਰਤਨਾਂ ਦੇ ਰੂਪ ਵਿਚ ਨਿਕਲੀਆਂ ਤਾਂ ਇਨ੍ਹਾਂ ਨੂੰ ਨਾ ਤਾਂ ਦੇਵਤਿਆਂ ਨੇ ਅਤੇ ਨਾ ਹੀ ਅਸੁਰਾਂ ਨੇ ਪਤਨੀਆਂ ਦੇ ਰੂਪ ਵਿਚ ਸਵੀਕਾਰ ਕੀਤਾ। ਇਸ ਲਈ ਅਪਛਰਾਂ ਇੰਦਰ ਲੋਕ ਦੀ ਸਾਂਝੀ ਮਲਕੀਅਤ ਬਣ ਗਈਆਂ। ਕਾਂਸ਼ੀ ਖੰਡ ਅਨੁਸਾਰ ਇਨ੍ਹਾਂ ਦੀ ਗਿਣਤੀ ਪੈਂਠੀ ਲੱਖ ਹੈ। ਉਰਵਸ਼ੀ, ਮੇਨਕਾ, ਰੰਭਾ ਆਦਿ ਅਪਛਰਾ ਨੇ ਆਪਣੇ ਰੂਪ ਤੇ ਅਦਾਵਾਂ ਨਾਲ ਰਿਸ਼ੀਆਂ ਮੁਨੀਆਂ ਦੀ ਬਿਰਤੀ ਖੰਡਨ ਕਰ ਕੇ ਉਨ੍ਹਾਂ ਦੇ ਤਪ ਭੰਗ ਕੀਤੇ। ਅਪਛਰਾ ਇੱਛਾ ਅਨੁਸਾਰ ਰੂਪ ਬਦਲ ਸਕਦੀਆਂ ਹਨ। ਇਹਨਾਂ ਦੇ ਬਹੁਤ ਸਾਰੇ ਲੱਛਣ ਤੇ ਖਸਲਤਾਂ ਪਰੀਆਂ ਨਾਲ ਮਿਲਦੀਆਂ ਹਨ, ਇਸ ਲਈ ਪੰਜਾਬੀ ਲੋਕਧਾਰਾ ਵਿਚ ਦੋਹਾਂ ਸ਼ਬਦਾਂ ਨੂੰ ਇਕ ਦੂਜੇ ਦੇ ਪਰਯਾਇ ਵਜੋਂ ਵਰਤਿਆ ਜਾਣ ਲਗਾ, ਪਰ ਕਥਾਵਾਂ ਵਿਚ ਵਧੇਰੇ ਕਰਕੇ ਪਰੀ ਸ਼ਬਦ ਦਾ ਹੀ ਪ੍ਰਯੋਗ ਹੁੰਦਾ ਹੈ। ਅਪਛਰਾਂ ਨੂੰ ਪਰੀਆਂ ਤੋਂ ਨਿਖੇੜਨ ਲਈ ਉਨ੍ਹਾਂ ਨੂੰ ਜਲਪਰੀਆਂ ਦਾ ਨਾਉਂ ਵੀ ਦੇ ਦਿਤਾ ਗਿਆ।

ਅੰਗਰੇਜ਼ੀ ਵਿਚ 'ਫੇਯਰੀ' ਸ਼ਬਦ ...

ਕਿਸੇ ਕਥਾ ਵਿਚ ਪ੍ਰਿਥਵੀ ਦੇ ਹੇਠਾਂ ਮੰਨਿਆ
ਕਿਸੇ ਹੋਰ ਕਥਾ ਵਿਚ ਪਹਾੜਾਂ ਦੀਆਂ ਕੰਦਰ
ਯੂਰਪੀ ਦੇਸ਼ਾਂ ਵਿਚ ਫ਼ੇਯਰੀ ਦੀ ਕਲਪਨਾ ਪੁਲਿੰਗ
ਵਿਚ ਕੀਤੀ ਗਈ ਹੈ, ਪਰੰਤੂ ਭਾਰਤ ਦੀ ਅਪੱ
ਸਾਮੀ ਲੋਕਧਾਰਾ ਦੀ ਪਰੀ ਇਸਤ੍ਰੀ ਦੇ ਰੂਪ ਵਿ
ਗਈ ਹੈ। ਇਸ ਤੋਂ ਜਾਪਦਾ ਹੈ ਕਿ ਪਰੀ ਤੇ
ਸੰਕਲਪ ਸੁਤੰਤਰ ਰੂਪ ਵਿਚ ਉਪਜੇ ਅਤੇ ਵਿਗਸੇ
ਇਹ ਸੰਕਲਪ ਉਸ ਪ੍ਰਾਗਇਤਿਹਾਸਕ ਕਾਲ ਵਿਚ
ਹੁੰਦਾ ਜਦੋਂ ਮਧ ਏਸ਼ੀਆ ਵਿਚ ਇੰਡੋ-ਯੂਰਪੀਅਨ
ਦੇ ਵਡਿਕੇ ਇਕੱਠੇ ਰਹਿ ਰਹੇ ਸਨ ਤਾਂ ਪਰੀ, ਅ
ਫ਼ੇਯਰੀ ਦੇ ਕਲਪਿਤ ਲੱਛਣ ਸਮਾਨ ਹੁੰਦੇ, ਪਰ ਇ
ਦੀ ਹੀ ਲੋਕ-ਸਿਰਜਨਾ ਹੈ।

ਪਰੀ ਕਥਾਵਾਂ ਇਕ ਵਖਰੀ ਰੂਪ-ਰਚਨਾ
ਇਨ੍ਹਾਂ ਦੀ ਪਰੰਪਰਾ ਵੈਦਿਕ ਕਾਲ ਨਾਲ ਜਾ ਜੁ
ਉਰਵਸ਼ੀ ਦੀ ਅਪੱਛਰਾ-ਕਥਾ ਪ੍ਰਾਚੀਨਤਮ ਹੈ ਜੋ
ਵਿਚ ਮਿਲਦੀ ਹੈ। ਇਕ ਸਮੇਂ ਉਰਵਸ਼ੀ ਦੇ ਆਕ
ਨੂੰ ਵੇਖ ਕੇ ਮਿਤ੍ਰ ਅਤੇ ਵਰੁਣ ਦਾ ਬਿੰਦ ਝੜ ਗਿਆ
ਵਸ਼ਿਸ਼ਠ ਰਿਸ਼ੀ ਦੀ ਉਤਪਤੀ ਹੋਈ। ਪੁਰੂਰਵ ਤੇ
ਅਪੱਛਰਾ ਦੀ ਪ੍ਰੇਮ-ਕਥਾ, ਜਿਸ ਨੂੰ ਕਾਲੀ
ਵਿਕ੍ਰਮੋਰਵਸ਼ੀ ਨਾਟਕ ਦਾ ਵਿਸ਼ਾ ਬਣਾਇਆ, ਸਾ
ਪ੍ਰਾਚੀਨਤਮ ਪ੍ਰੇਮ ਕਥਾ ਹੈ।

ਪਰੀ ਕਥਾ ਲੋਕ-ਮਨ ਦੀ ਇਕ ਵਿਸ਼ੇਸ਼
ਵਿਚੋਂ ਉਦੇ ਹੋਈ। ਪਰੀ ਕਥਾ ਵਿਚ ਕਲਪਨਾ ਨੂੰ
ਮੰਨ ਕੇ ਇਸ ਸੰਸਾਰ ਦੇ ਪ੍ਰਤਿਰੂਪ ਵਿਚ ਹੀ ਇਕ
ਜਗਤ ਸਿਰਜ ਲਿਆ ਗਿਆ ਹੈ। ਪਰੀ ਸੰਸਾਰ
ਸਾਮੀ ਲੋਕਧਾਰਾ ਕੋਹ ਕਾਫ਼ ਵਿਚ ਭਾਰਤੀ
ਇੰਦਰ ਲੋਕ ਵਿਚ ਸਥਿਤ ਮੰਨਦੀ ਹੈ, ਪਰ ਪਰੀ
ਅਧਿਐਨ ਤੋਂ ਜਾਪਦਾ ਹੈ ਕਿ ਪਰੀ-ਅਸਥਾਨ ਨੂੰ
ਖੰਡ ਵਿਚ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ।

ਇਹ ਸੰਸਾਰ ਵਸਤੂ ਸੰਸਾਰ ਦੇ ਮੁਕਾਬਲੇ ਵਿ
ਅਤੇ ਅਦਭੁਤ ਹੈ। ਇਹ ਪਰਾ-ਸੰਸਾਰ ਹੈ, ਜਿਥੋਂ
ਵਸਤੂ ਪਰਾ-ਵਸਤੂ ਅਤੇ ਸਮਾਂ ਸਥਾਨ ਦੀ ਪਰਾ-
ਪਰਾ-ਸਥਾਨ ਹੋ ਨਿਬੜਦਾ ਹੈ। ਪਰੀ ਕਥਾ
ਬੁਨਿਆਦੀ ਤੌਰ 'ਤੇ ਵਾਸਤਵਿਕਤਾ ਅਤੇ ਪਰਾ

ਲੋਕ-ਧਾਰਾਈ ਹੈ। ਹਵਾ ਵਿਚ ਉਡਣ ਵਾਲੇ ਪਊਏ, ਅਦ੍ਰਿਸ਼ਟਤਾ ਪ੍ਰਦਾਨ ਕਰਨ ਵਾਲਾ ਸੁਰਮਾ, ਤਲਿਸਮੀ ਟੋਪੀ, ਅਥਾਹ ਸਾਮਗ੍ਰੀ ਉਤਪੰਨ ਕਰਨ ਵਾਲੀ ਦੇਗਚੀ ਵੈਰੀਆਂ ਨੂੰ ਬੰਨ੍ਹਣ ਵਾਲੀ ਰੱਸੀ ਅਤੇ ਸਤਰੂਆਂ ਨੂੰ ਦੰਡ ਦੇਣ ਵਾਲਾ ਡੰਡਾ ਆਦਿ, ਆਦਿ, ਇਸ ਅਦਭੁਤ ਸੰਸਾਰ ਦੀ ਕੁਝ ਕੁ ਪਰਾ-ਸਾਮਗ੍ਰੀ ਹੈ। ਇਸ ਜਗਤ ਦੀਆਂ ਯੁਵਤੀਆਂ ਅਪੂਰਨ ਸੁੰਦਰੀਆਂ ਹਨ, ਜਿਨ੍ਹਾਂ ਦੇ ਹੱਸਣ ਨਾਲ ਫੁੱਲ ਝੜਦੇ ਅਤੇ ਰੋਣ ਨਾਲ ਮੋਤੀ ਕਿਰਦੇ ਹਨ। ਉਹ ਇੱਛਾ ਅਨੁਸਾਰ ਰੂਪ ਬਦਲ ਲੈਂਦੀਆਂ ਹਨ। ਕਦੇ ਕਬੂਤਰੀ ਬਣ ਕੇ ਉਡਦੀਆਂ ਅਤੇ ਕਦੇ ਅਨਾਰ ਦੇ ਫੁੱਲ ਬਣ ਕੇ ਖਿੜਦੀਆਂ ਹਨ। ਸੁੰਦਰੀਆਂ ਤੋਂ ਇਲਾਵਾ ਇਥੇ ਆਦਮ ਕਦ ਦੇਵ ਅਤੇ ਜਿੰਨ ਵੀ ਰਹਿੰਦੇ ਹਨ ਜੋ ਮਨੁੱਖ ਦੀਆਂ ਪਸ਼ੂ ਬਿਰਤੀਆਂ ਦਾ ਹੀ ਸਮੂਰਤੀਕਰਣ ਹਨ। ਇਹ ਪ੍ਰਾਣੀ ਆਕਾਰ ਵਿਚ ਵਡੇ ਅਤੇ ਵਿਕਰਾਲ ਸ਼ਕਲ ਦੇ ਹਨ ਪਰ ਸੂਝ ਅਕਲ ਤੋਂ ਬਿਲਕੁਲ ਸੱਖਣੇ। ਇਸ ਸੰਸਾਰ ਦੀ ਪ੍ਰਾਕ੍ਰਿਤਕ ਸਾਮਗ੍ਰੀ ਵੀ ਵਸਤੂ ਜਗਤ ਨਾਲੋਂ ਵੱਖਰੀ ਹੈ ਜਿਵੇਂ ਨਦੀਆਂ ਨਾਲਿਆਂ ਵਿਚੋਂ ਪਾਣੀ ਦੀ ਥਾਂ ਦੁਧ, ਅੰਮ੍ਰਿਤ ਜਾਂ ਰਸ ਦਾ ਵਗਣਾ। ਨਦੀਆਂ ਦੀ ਤਹਿ ਵਿਚ ਰੇਤ ਦੀ ਥਾਂ ਹੀਰੇ ਮੋਤੀ ਖਿਖਰੇ ਹੋਣੇ ਅਤੇ ਬ੍ਰਿਛਾਂ ਨਾਲ ਹੀਰੇ ਮੋਤੀਆਂ ਦੇ ਫਲ ਲਗਣੇ; ਸੋਨੇ ਦੇ ਪੰਛੀਆਂ ਦਾ ਬ੍ਰਿਛਾਂ ਉਤੇ ਚਹਿਕਦੇ ਫਿਰਨਾ; ਚਸ਼ਮਿਆਂ ਦੇ ਅੰਮ੍ਰਿਤ ਨਾਲ ਮੁਰਦਿਆਂ ਦਾ ਮੁੜ ਸੁਰਜੀਤ ਹੋ ਜਾਣਾ; ਕਿਸੇ ਟਾਬੂ ਦੇ ਤੋੜਨ ਜਾਂ ਪਿਛੇ ਵਲ ਝਾਤ ਮਾਰਨ ਨਾਲ ਮਨੁੱਖ ਦਾ ਪੱਥਰ ਬਣ ਜਾਣਾ ਆਦਿ, ਕੁਝ ਕੁ ਅਚੰਭਿਤ ਬੁਨਿਆਦੀ ਲੱਛਣ ਹਨ। ਪਰੀ ਜਗਤ ਦੀ ਹੋਰ ਵਚਿਤ੍ਰ ਚੀਜ਼ 'ਪ੍ਰਾਣ' ਹਨ ਜੋ ਸਰੀਰ ਨਾਲੋਂ ਅੱਡ ਕਰ ਕੇ ਕਿਸੇ ਸੁਰੱਖਿਅਤ ਤੇ ਅਪਹੁੰਚ ਥਾਂ ਉਤੇ ਰਖੇ ਜਾ ਸਕਦੇ ਹਨ ਅਤੇ ਜਦੋਂ ਤਕ ਇਹ ਪ੍ਰਾਣ-ਪਟਾ (Life-Token) ਹੱਥ ਨਾ ਆਵੇ ਪ੍ਰਾਣੀ ਦੀ ਮ੍ਰਿਤੂ ਅਸੰਭਵ ਹੈ।

ਅਜਿਹੇ ਵਚਿਤ੍ਰ ਜਗਤ ਵਿਚ ਨਾਇਕ ਦਾ ਕਿਸੇ ਵਸਤੂ ਦੀ ਪ੍ਰਾਪਤੀ ਲਈ ਜਾਣਾ ਆਪਣੇ ਆਪ ਵਿਚ ਹੀ ਇਕ ਗੌਰਵ ਹੈ। ਸਮ ਤੇ ਅਸਮ ਦਾ ਸੰਘਰਸ਼ ਪਾਠਕਾਂ ਵਿਚ ਰੋਚਕਤਾ ਪੈਦਾ ਕਰਦਾ ਹੈ। ਪਰ ਮਾਨਵੀ ਨਾਇਕ ਦੀ ਤਲਿਸਮੀ ਵਸਤੂਆਂ ਨੂੰ ਪ੍ਰਾਪਤ ਕਰ ਕੇ ਕੁਝ ਅਲੌਕਿਕ

ਜਗਤ ਤੋਂ ਬਾਹਰ ਦੇ ਸੰਸਾਰ ਨੂੰ ਵਚਿਤ੍ਰ ਅਤੇ ... ਸਮਝਦਾ ਸੀ ਅਤੇ ਉਸ ਨਾਲ ਜੁੜਣ ਲਈ ਉਤਸ਼ਾ... ਕਥਾਵਾਂ ਦਿੰਦੀਆਂ ਸਨ।

ਪੰਜਾਬੀ ਦੀਆਂ ਪਰੀ ਕਥਾਵਾਂ ਕਈ ਪਰੰਪਰਾ... ਆਈਆਂ ਹਨ। ਕੁਝ ਪਰੀ-ਕਥਾਵਾਂ ਤਾਂ ਸਾਮੀ ਮੂਲ... ਹਨ ਜਿਵੇਂ ਸਬਜ਼ ਪਰੀ, ਲਾਲ ਪਰੀ, ਸ਼ਾਹ ਪਰੀ ... ਕਥਾਵਾਂ। ਦੂਜੀ ਪਰੰਪਰਾ ਭਾਰਤੀ ਪਰੀ ਕਥਾਵਾਂ ... ਜੋ ਵੈਦਿਕ, ਸੰਸਕ੍ਰਿਤ ਆਦਿ ਸਾਹਿਤਕ ਪਰੰਪਰਾ... ਵਿਰਸੇ ਦੇ ਰੂਪ ਵਿਚ ਪ੍ਰਾਪਤ ਹੋਈਆਂ। ਇਹ ਕਥਾ... ਰੂਪ ਵਿਚ ਪ੍ਰਚਲਤ ਨਹੀਂ। ਇਨ੍ਹਾਂ ਵਿਚ ਨਵੀਆਂ ਕ... ਰੂੜ੍ਹੀਆਂ, ਘਟਨਾਵਾਂ ਅਤੇ ਰੂੜ੍ਹ ਕਥਾ-ਰੂਪ ਸਮਿਲ... ਲਏ ਗਏ ਹਨ ਜਿਸ ਕਰ ਕੇ ਇਨ੍ਹਾਂ ਦੀ ਮੂਲ ... ਪਛਾਨਣੀ ਮੁਸ਼ਕਲ ਹੋ ਗਈ ਹੈ।

ਤੀਜੀ ਪਰੰਪਰਾ ਲੋਕਿਕ ਹੈ। ਮੌਖਿਕ ਹੋਣ ... ਇਸ ਪਰੰਪਰਾ ਦੀ ਕੋਈ ਕਥਾ ਸੁਧ ਰੂਪ ਵਿਚ ... ਨਹੀਂ ਹੋਈ। ਸਦੀਆਂ ਦੀ ਯਾਤਰਾ ਨੇ ਇਨ੍ਹਾਂ ... ਵਿਚ ਅਨੇਕਾਂ ਨਵੀਆਂ ਕਥਾਨਿਕ ਰੂੜ੍ਹੀਆਂ ਅਤੇ ਰੂ... ਰੂਪ ਸਮਿਲਤ ਕਰ ਦਿਤੇ ਹਨ। ਇਹ ਲੋਕਿਕ ... ਹੀ ਸਾਡੀ ਮੂਲ ਪੰਜਾਬੀ ਪਰੰਪਰਾ ਹੈ ਅਤੇ ਇਸੇ ਰੂ... ਪੰਜਾਬੀ ਪਰੀ ਕਥਾਵਾਂ ਦੀ ਵਿਲੱਖਣਤਾ ਦੀ ਭਾਲ ... ਜਾ ਸਕਦੀ ਹੈ। ਇਹ ਵਿਲੱਖਣਤਾ ਹੈ—ਪ੍ਰਕ੍ਰਿਤੀ... ਪਰੀ ਨੁਹਾਰ ਨੂੰ ਲੱਭਣਾ। ਅਨਾਰਾਂ ਸਹਿਜਾਦੀ, ... ਸਹਿਜ਼ਾਦੀ, ਮਿਰਚਾਂ ਸ਼ਹਿਜ਼ਾਦੀ ਆਦਿ ਕਥਾਵਾਂ ... ਪਰੀ ਦਾ ਵਾਸਾ ਅਨਾਰ, ਵੇਂਗਣ, ਮਿਰਚ ਆਦਿ... ਹੈ। ਨਾਇਕ ਉਸ ਨੂੰ ਲੰਮੀ ਸਾਧਨਾ ਤੇ ਅਨੇਕਾਂ ... ਸਖਿਤੀਆਂ ਵਿਚ ਲੰਘਣ ਮਗਰੋਂ ਪ੍ਰਾਪਤ ਕਰ ਕੇ ... ਲਿਆਉਂਦਾ ਅਤੇ ਭੋਗਦਾ ਹੈ। ਨਾਇਕ ਦੀ ਮ੍ਰਿਤੂ... ਫਿਰ ਉਹ ਪਰੀ ਬਨਸਪਤੀ ਵਿਚ ਸਮਾ ਜਾਂਦੀ ਹੈ... ਪਰੀਆਂ ਪਸ਼ੂ ਪੰਛੀ ਦੇ ਰੂਪ ਵਿਚ ਵੀ ਵਿਚਰਦੀਆ... ਜਿਵੇਂ 'ਬਾਂਦਰੀ ਪਰੀ', 'ਬਿੱਲੀ ਪਰੀ' 'ਹੰਸ ਪਰੀ', ... ਪਰੀ', ਆਦਿ। ਇਸਤ੍ਰੀਆਂ ਦੀ ਅਸਮ ਨਾਲ ਕਾਮ ... ਦੀ ਚੇਸ਼ਟਾ ਦੀ ਪੂਰਤੀ ਲਈ 'ਸੱਪ ਰਾਜਾ', 'ਕੁੱਤਾ... 'ਮਗਰਮੱਛ ਰਾਜਾ' ਆਦਿ ਪਰੀ ਕਥਾਵਾਂ ਹਨ। ਪ... ਕਿਸੇ ... ਨੂੰ ਵਿਆਹ ਕੇ ਉਸ ਨੂੰ ਆਪਣੀ

ਜਾਵੇ ਉਸ ਦੀ ਰੂਹ ਭਟਕਦੀ ਰਹਿੰਦੀ ਹੈ ਤੇ ਪ੍ਰੇਤ ਬਣਦੀ ਹੈ। ਇਸੇ ਤਰ੍ਹਾਂ ਜੇ ਕੋਈ ਤੀਵੀਂ ਜਣੇਪੇ ਦੇ ਦਿਨਾਂ ਵਿਚ ਪ੍ਰਾਣ ਤਿਆਗੇ ਤਾਂ ਉਸ ਦੀ ਆਤਮਾ ਆਪਣੇ ਬਾਲ ਲਈ ਭਟਕਦੀ ਰਹਿੰਦੀ ਹੈ ਤੇ ਉਹ ਪ੍ਰੇਤ ਬਣਦੀ ਹੈ। ਹਿੰਦੂ ਨਿਸ਼ਚੇ ਅਨੁਸਾਰ ਨਿਰਸੰਤਾਨ ਲੋਕ ਜਿਨ੍ਹਾਂ ਦੇ ਮਰਨ ਮਗਰੋਂ ਪ੍ਰੇਤ ਕਰਮ ਕਰਨ ਵਾਲਾ ਤੇ ਪਾਣੀ ਦੇਣ ਵਾਲਾ ਕੋਈ ਨਹੀਂ ਹੁੰਦਾ, ਪ੍ਰੇਤ ਬਣਦੇ ਹਨ (ਵੇਖੋ : ਭੂਤ ਪ੍ਰੇਤ)।

(2) ਪੁਰਾਣਾਂ ਅਨੁਸਾਰ ਇਕ ਮਿਥਕ ਸਰੀਰ ਜੋ ਮਰਨ ਪਿਛੋਂ ਜੀਵ ਨੂੰ ਪਿੰਡ ਦਾਨ ਤੇ ਪ੍ਰੇਤ ਕਰਮ ਆਦਿ ਤੋਂ ਪ੍ਰਾਪਤ ਹੁੰਦਾ ਹੈ।

### (ਪ-105) ਪ੍ਰੇਤ ਸਰਾਧ :

ਪੁਰਾਣਾਂ ਅਨੁਸਾਰ ਪ੍ਰਾਣੀ ਨੂੰ ਮਾਤ-ਲੋਕ ਵਿਚੋਂ ਅਗਲੇ ਲੋਕ ਜਾਣ ਵਿਚ ਇਕ ਸਾਲ ਲਗਦਾ ਹੈ। ਦਾਹ ਸੰਸਕਾਰ ਤੋਂ ਮਗਰੋਂ ਵਰ੍ਹਾ ਭਰ, ਜੋ ਪਿੰਡ ਦਿਤੇ ਜਾਂਦੇ ਹਨ, ਉਨ੍ਹਾਂ ਸਦਕਾ ਸਾਲ ਮਗਰੋਂ ਪ੍ਰਾਣੀ ਨੂੰ ਇਕ ਕਲਪਿਤ ਸਰੀਰ ਮਿਲਦਾ ਹੈ। ਇਸ ਲਈ ਦਾਹ ਸੰਸਕਾਰ ਤੋਂ ਮਗਰੋਂ ਵਰ੍ਹੇ ਤੀਕ ਜੋ ਸਰਾਧ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਪ੍ਰੇਤ ਸਰਾਧ ਕਿਹਾ ਜਾਂਦਾ ਹੈ।

### (ਪ-107) ਪ੍ਰੇਤ ਸ਼ਿਲਾ :

ਗਯਾ ਦੇ ਤੀਰਥ ਵਿਚ ਇਕ ਪੱਥਰ ਜਿਸ ਉਤੇ ਹਿੰਦੂ ਆਪਣੇ ਪਿੱਤਰਾਂ ਨਮਿੱਤ ਪਿੰਡ ਦਾਨ ਕਰਦੇ ਹਨ। ਪੁਰਾਣਾਂ ਅਨੁਸਾਰ ਇਥੇ ਪਿੱਤਰਾਂ ਦੇ ਪਿੰਡ ਦਾਨ ਕਰਨ ਨਾਲ ਮੁੜ ਉਨ੍ਹਾਂ ਦੇ ਸਰਾਧ ਕਰਨ ਦੀ ਲੋੜ ਨਹੀਂ ਪੈਂਦੀ ਤੇ ਪਿੱਤਰ ਮੁਕਤ ਹੋ ਜਾਂਦੇ ਹਨ।

### (ਪ-108) ਪ੍ਰੇਤ ਕਥਾ :

ਮਨੁਖ ਦੀ ਆਪਣੇ ਨਾਲੋਂ ਵਧੇਰੇ ਬਲਵਾਨ, ਵਿਕਰਾਲ ਅਤੇ ਰਹੱਸਮਈ ਸ਼ਕਤੀਆਂ ਨਾਲ ਜੂਝਣ ਅਤੇ ਉਨ੍ਹਾਂ ਨੂੰ ਪ੍ਰਾਜਿਤ ਕਰਨ ਦੀ ਸਹਿਜ ਭਾਵਨਾ ਵਿਚੋਂ ਪ੍ਰੇਤ ਕਥਾ ਦਾ ਜਨਮ ਹੋਇਆ। ਇਨ੍ਹਾਂ ਕਥਾਵਾਂ ਦੇ ਪਾਤਰ ਭੂਤ ਪ੍ਰੇਤ, ਜਿੰਨ, ਡੈਣ, ਚੁੜੇਲ ਅਤੇ ਛਲੇਡੇ ਆਦਿ ਅਮਾਨਵੀ ਹੋਣ ਤੋਂ ਇਲਾਵਾ ਅਧਦੈਵਿਕ ਸ਼ਕਤੀਆਂ ਦੇ ਸੁਆਮੀ ਹੁੰਦੇ ਹਨ।

ਰੂਪ ਵਿਚ ਹੀ ਹੈ। ਭੂਤ ਪ੍ਰੇਤ ਜੋ ਸਾਡੀ ਕਲਪਨ
ਵਿਚ ਹਨ, ਉਹ ਸਾਡੇ ਜੀਵਨ ਵਿਚ ਵੀ ਜ
ਲੈ ਕੇ ਵਿਚਰੇ ਹੋਏ ਹਨ। ਲੋਕ ਧਾਰਨਾ ਅ
ਜੀਵ ਜਿਨ੍ਹਾਂ ਦੀਆਂ ਕਾਮਨਾਵਾਂ ਤੇ ਅਕਾਂਖਿਆ
ਨਹੀਂ ਹੁੰਦੀਆਂ; ਜਾਂ ਜਿਹੜੇ ਅਚਨਚੇਤ ਕਿਸੇ
ਦਾ ਸ਼ਿਕਾਰ ਹੋ ਕੇ ਪ੍ਰਾਣ ਤਿਆਗ ਦੇਂਦੇ ਹਨ
ਜਣੇਪੇ ਦੇ ਦਿਨਾਂ ਵਿਚ ਪ੍ਰਾਣਾਂ ਤੋਂ ਵਾਂਝੀ ਗ
ਭੂਤ ਪ੍ਰੇਤ ਅਤੇ ਚੁੜੇਲ ਦਾ ਰੂਪ ਧਾਰ ਕੇ ਅ
ਸਾਕਾਂ ਅਤੇ ਹੋਰ ਲੋਕਾਂ ਨੂੰ ਦੁਖ ਤਸੀਹੇ
ਕਿਉਂ ਜੋ ਇਹ ਜੀਵ ਵਸਤੂ ਜਗਤ ਵਿਚੋਂ ਦੇਹ
ਨਵੇਂ ਅਧਦੈਵਿਕ ਜਗਤ ਵਿਚ ਜਾ ਵਸੇ ਹੁੰਦੇ
ਲਈ ਇਨ੍ਹਾਂ ਦਾ ਵਰਤਣ ਵਰਤਾਣ ਤੇ ਰਹਿਣ
ਜਗਤ ਦੇ ਪ੍ਰਾਣੀਆਂ ਵਰਗਾ ਹੀ ਹੁੰਦਾ ਹੈ। ਅ
ਇਤਨਾ ਹੈ ਕਿ ਇਕ ਤਾਂ ਮਾਨਵ ਦੀਆਂ ਕਰੂ
ਇਨ੍ਹਾਂ ਵਿਚ ਵਧੇਰੇ ਬਲਵਾਨ ਹੋ ਜਾਂਦੀਆਂ ਹ
ਇਨ੍ਹਾਂ ਵਿਚ ਕੁਝ ਪਰਾਸਰੀਰਕ ਸ਼ਕਤੀਆਂ-
ਦੁਆਰਾ ਅਦ੍ਰਿਸ਼ਟ ਹੋਣ, ਰੂਪ-ਪ੍ਰੀਵਰਤਨ ਤੇ
ਪ੍ਰਵੇਸ਼ ਆਦਿ ਦੀਆਂ ਰਹੱਸਮਈ ਸ਼ਕਤੀਆਂ ਆ ਜ

ਪ੍ਰੇਤ ਕਥਾਵਾਂ ਦਾ ਸੰਸਾਰ ਪਰੀ ਕਥਾਵਾਂ, ਜ
ਨੀਤੀ ਜਾਂ ਤੰਤਰ ਕਥਾਵਾਂ ਦੇ ਸੰਸਾਰ ਨਾਲੋਂ
ਤੋਂ ਇਲਾਵਾ ਵਿਕਰਾਲ ਵੀ ਹੈ। ਇਸ ਜਗਤ
ਆਪਣੀ ਕਾਇਆ ਨੂੰ ਇੱਛਾ ਅਨੁਸਾਰ ਵੱਡੀ
ਅਤੇ ਰੂਪ-ਬਦਲਣ ਦੀ ਸਮਰੱਥਾ ਰਖਦੇ ਹ
ਅਨੇਕਾਂ ਰੂਪ ਧਾਰ ਕੇ ਮਨੁਖ ਨੂੰ ਮੂਰਖ ਬਣਾਉਂ
ਉਹ ਸੋਨੇ ਦਾ ਰੂਪ ਧਾਰ ਕੇ ਕਿਸੇ ਮਾਇਆਧਾਰ
ਹੈ ਅਤੇ ਕਦੇ ਕਾਮਨੀ ਦਾ ਰੂਪ ਧਾਰ ਕੇ ਕਿ
ਲੱਜਤ ਕਰਦਾ ਹੈ। ਇਸ ਜਗਤ ਦੇ ਪਸ਼ੂ ਪੰਛ
ਜਗਤ ਨਾਲੋਂ ਆਕਾਰ, ਰੂਪ-ਰੰਗ, ਸੁਭਾਵ ਤੇ
ਵਖਰੇ ਹੁੰਦੇ ਹਨ। ਇਸ ਜਗਤ ਵਿਚ ਸਭ
ਭੁਲਾਵਾ ਹੈ। ਇਸ ਸੰਸਾਰ ਦੀ ਹਰ ਵਸਤੂ
ਪ੍ਰਾਕ੍ਰਿਤਕ ਹੋਂਦ ਤਿਆਗ ਕੇ ਇਕ ਵਚਿਤ੍ਰ ਸ਼ਕ
ਬਣ ਜਾਂਦੀ ਹੈ। ਵਾਤਾਵਰਣ ਭੰਭੋਤ ਕਰਨ ਵਾ
ਸਮੇਂ ਸਥਾਨ ਦੀ ਕੋਈ ਸੀਮਾ ਨਹੀਂ ਰਹਿੰਦੀ
ਸ਼ਕਤੀਆਂ ਆਪਣੇ ਮੂਲ ਸੁਭਾਵ ਤਿਆਗ ਦੇ

ਪ੍ਰੇਤ ਜਗਤ ਦੀ ਵੰਗਾਰ ਨੂੰ ਕਬੂਲਦਾ ਹੋਇਆ ਨਾਇਕ ਵਸਤੂ ਜਗਤ ਵਿਚੋਂ ਪ੍ਰੇਤ ਜਗਤ ਵਿਚ ਪੁਜਦਾ ਅਤੇ ਭੂਤਾਂ ਪ੍ਰੇਤਾਂ ਨਾਲ ਟੱਕਰ ਲੈਣ ਲਈ ਪਹਿਲਾਂ ਖੁਦ ਅਮਾਨਵੀ ਸ਼ਕਤੀ ਗ੍ਰਹਿਣ ਕਰਦਾ ਹੈ। ਉਹ ਪੁਸ਼ਾਕ ਦੁਆਰਾ ਹਵਾ ਵਿਚ ਉਡਦਾ, ਜਾਦੂ ਦੇ ਸੁਰਮੇ ਦੁਆਰਾ ਅਦ੍ਰਿਸ਼ਟ ਹੋ ਕੇ ਭੂਤਾਂ ਪ੍ਰੇਤਾਂ ਨਾਲ ਸੰਘਰਸ਼ ਕਰਦਾ, ਕਈ ਸੰਕਟਾਂ ਵਿਚੋਂ ਲੰਘਦਾ, ਤਸੀਹੇ ਭੋਗਦਾ ਅਖ਼ੀਰ ਵਿਜੈ ਪ੍ਰਾਪਤ ਕਰਦਾ ਹੈ। ਫਲਸਰੂਪ ਨਾਇਕ ਨੂੰ ਉਸ ਅਦਭੁਤ ਸੁੰਦਰੀ ਦੀ ਪ੍ਰਾਪਤੀ ਹੁੰਦੀ ਹੈ ਜੋ ਪ੍ਰੇਤ ਨੇ ਬੰਦੀ ਬਣਾ ਕੇ ਰਖੀ ਹੁੰਦੀ ਹੈ। ਡਾ. ਬਿੰਦ ਅਨੁਸਾਰ ਪ੍ਰੇਤ ਕਹਾਣੀਆਂ ਵਿਚ ਭਾਵੇਂ ਮਾਨਵੀ ਪਾਤਰ ਦੀ ਅਣਹੋਂਦ ਨਹੀਂ ਹੁੰਦੀ, ਤਾਂ ਵੀ ਮਾਨਵੀ ਨਾਇਕਾਂ ਵਿਚ ਜਾਦੂ ਅਤੇ ਮੰਤਰਾਂ ਦੁਆਰਾ ਅਜਿਹੀ ਸ਼ਕਤੀ ਭਰ ਦਿਤੀ ਜਾਂਦੀ ਹੈ ਕਿ ਉਨ੍ਹਾਂ ਲਈ ਹਵਾ ਵਿਚ ਉਡਣਾ, ਪਾਣੀ ਉਪਰ ਤਰਨਾ, ਬਿਜਲੀ ਦੀ ਤਲਵਾਰ ਰਾਹੀਂ ਜਿੰਨਾਂ ਦਾ ਨਾਸ਼ ਕਰਨਾ, ਗੁੰਝਲਦਾਰ ਪ੍ਰਸ਼ਨਾਂ ਦੇ ਉੱਤਰ ਦੇਣੇ, ਅਸੀਮ ਜੰਗਲਾਂ ਅਤੇ ਟਾਪੂਆਂ ਨੂੰ ਪਾਰ ਕਰਨਾ ਅਤੇ ਜਿੰਨ ਦੇ ਕੈਦੀ ਹੁੰਦੇ ਹੋਏ ਉਸ ਦੀ ਲੜਕੀ ਨੂੰ ਭਜਾ ਕੇ ਲੈ ਜਾਣਾ, ਆਦਿ ਕੁਝ ਵੀ ਅਸੰਭਵ ਨਹੀਂ ਹੈ।

ਪ੍ਰੇਤ ਕਹਾਣੀ ਦੀ ਪਰੰਪਰਾ ਬੜੀ ਹੀ ਪ੍ਰਾਚੀਨ ਹੈ ਅਤੇ ਪੌਰਾਣਿਕ ਜਗਤ ਨਾਲ ਜਾ ਜੁੜਦੀ ਹੈ। ਪੁਰਾਣਾਂ ਵਿਚ ਪਿਸ਼ਾਚ, ਜਖ, ਕਿੰਨਰ, ਬੀਰ ਅਤੇ ਜੋਗਣੀਆਂ ਦਾ ਉਲੇਖ ਹੈ। ਇਹ ਸਭ ਪ੍ਰਾਣੀ ਪਰਲੋਕ ਵਿਚ ਵਸਦੇ ਅਤੇ ਪਰਾਸਰੀਰਕ ਸ਼ਕਤੀਆਂ ਦੇ ਮਾਲਕ ਹੋਣ ਕਰਕੇ ਅਦਭੁਤ ਹਨ। ਇਹ ਜੋ ਰੂਪ ਚਾਹੁਣ ਗ੍ਰਹਿਣ ਕਰ ਸਕਦੇ ਹਨ। ਇਨ੍ਹਾਂ ਪੌਰਾਣਿਕ ਪਾਤਰਾਂ ਦੇ ਪ੍ਰਤਿਰੂਪ ਵਿਚ ਹੀ ਭੂਤ ਪ੍ਰੇਤ ਅਤੇ ਚੁੜੇਲਾਂ ਦੀ ਕਲਪਨਾ ਲੋਕ ਪੱਧਰ ਉਤੇ ਕੀਤੀ ਗਈ। ਪ੍ਰੇਤ ਅਤੇ ਭੂਤ ਦੀ ਪ੍ਰਕ੍ਰਿਤੀ ਅਤੇ ਲੱਛਣ ਵੀ ਵੱਖੋ ਵਖਰੇ ਹਨ। ਕਿਸੇ ਵੀ ਮੋਏ ਪ੍ਰਾਣੀ ਦੀ ਆਤਮਾ ਜਦੋਂ ਤਕ ਮੁਕਤ ਨਹੀਂ ਹੁੰਦੀ, ਪ੍ਰੇਤ ਬਣ ਕੇ ਵਿਚਰਦੀ ਰਹਿੰਦੀ ਹੈ। ਪ੍ਰੇਤ ਉਸੇ ਕਾਇਆ ਵਿਚ ਪ੍ਰਗਟ ਹੁੰਦੇ ਜਾਂ ਵਿਖਾਈ ਦਿੰਦੇ ਹਨ ਜੋ ਉਨ੍ਹਾਂ ਨੇ ਪ੍ਰਾਣਧਾਰੀ ਰੂਪ ਵਿਚ ਤਿਆਗੀ ਹੁੰਦੀ ਹੈ। ਹਿੰਦੂ ਧਾਰਨਾ ਅਨੁਸਾਰ ਸਰਾਧਾਂ ਦੇ ਦਿਨਾਂ ਵਿਚ ਪਿਤਰਾਂ ਦੇ ਪ੍ਰੇਤ ਕਈ ਰੂਪ ਧਾਰ ਕੇ ਧਰਤੀ ਉਤੇ ਵਿਚਰਦੇ ਰਹਿੰਦੇ ਹਨ ਅਤੇ ਮੁੜ ਪਰਲੋਕ ਨੂੰ ਚਲੇ ਜਾਂਦੇ ਹਨ। ਇਸ ਦੇ ਉਲਟ ਭੂਤ ਪ੍ਰਾਣੀ

ਥਾਵਾਂ ਉਤੇ ਮੰਨਿਆ ਗਿਆ ਹੈ। ਭੂਤ ਅਤੇ ਮਰਦ ਜੀਵਾਂ ਨੂੰ ਚੰਬੜ ਕੇ ਦੁਖ ਤਸੀਹੇ ਭੂਤਾਂ ਤੇ ਚੁੜੇਲਾਂ ਦੇ ਸਰੀਰ ਬੜੇ ਵਿਕਰਾਲ ਹੁੰਦੇ ਹਨ। ਇਹ ਕਰੂਰ ਸ਼ਕਤੀਆਂ ਦਾ ਹਨ।

## (ਪ-109) ਪ੍ਰੇਤ ਕਰਮ :

ਪਿੰਡ ਪੱਤਲ ਕਿਰਿਆ ਤੇ ਤਰਪਣ ਆਦਿ ਜੋ ਦਾਹ-ਸੰਸਕਾਰ ਤੋਂ ਵਰ੍ਹੇ ਤੀਕ, ਪ੍ਰਾਣੀ ਨੂੰ ਵਿਚ ਪਹੁੰਚਾਣ ਲਈ ਕੀਤੀਆਂ ਜਾਂਦੀਆਂ ਹ ਕਰਮਾਂ ਸਦਕਾ ਮਰਨ ਪਿਛੋਂ ਜੀਵ ਨੂੰ ਅਗਲੇ ਇਕ ਸੂਖਮ ਸਰੀਰ ਪ੍ਰਾਪਤ ਹੁੰਦਾ ਹੈ। ਜਿ ਨਿਰਸੰਤਾਨ ਮਰਦੇ ਹਨ ਉਨ੍ਹਾਂ ਦੇ ਪ੍ਰੇਤ ਕਰਮ ਕੋਈ ਨਹੀਂ ਹੁੰਦਾ ਤੇ ਉਨ੍ਹਾਂ ਦੀ ਰੂਹ ਇਸੇ ਲੋ ਪ੍ਰੇਤ ਬਣ ਕੇ ਵਿਚਰਦੀ ਰਹਿੰਦੀ ਹੈ।

## (ਪ-110) ਪ੍ਰੇਤ ਚਿੰਮੜਨਾ :

ਕਿਸੇ ਭੂਤ ਪ੍ਰੇਤ ਦੇ ਅਸਰ ਹੇਠ ਹੋਣਾ, ਧਾਰਨਾ ਹੈ ਕਿ ਹਨੇਰੇ ਸਵੇਰੇ ਕਿਸੇ ਅਜਿਹੀ ਤੋਂ ਜਿਥੇ ਭੂਤ ਪ੍ਰੇਤ ਦਾ ਵਾਸਾ ਹੋਵੇ, ਲੰਘਣ ਚਿੰਮੜ ਜਾਂਦੇ ਹਨ ਤੇ ਜਿਸ ਸ਼ਖਸ ਨੂੰ ਪ੍ਰੇਤ ਹੋਵੇ ਉਹ ਸਿਰ ਮਾਰ ਕੇ ਝੂਲਦਾ ਤੇ ਉਲ ਜ ਹੈ (ਵੇਖੋ ਪਕੜ)।

## (ਪ-111) ਪ੍ਰੇਤ ਤਰਪਣ :

ਕਿਸੇ ਪ੍ਰਾਣੀ ਦੇ ਮਰਨ ਮਗਰੋਂ ਪਹਿਲੇ ਨਮਿਤ ਕੀਤਾ ਜਾਣ ਵਾਲਾ ਤਰਪਣ।

## (ਪ-112) ਪ੍ਰੇਤ ਪੱਖ :

ਭਾਦਰੋਂ ਦੇ ਮਹੀਨੇ ਦੇ ਹਨੇਰੇ ਪੱਖ ਦੀਆ ਜਦੋਂ ਪਿਤਰਾਂ ਨੂੰ ਪੂਜਿਆ ਜਾਂਦਾ ਹੈ ਨਮਿਤ ਸਰਾਧ ਤੇ ਤਰਪਣ ਕੀਤੇ ਜਾਂਦੇ ਹ ਅਨੁਸਾਰ ਇਨ੍ਹਾਂ ਤਿੱਥਾਂ ਵਿਚ ਪਿੱਤਰ ਪ੍ਰੇ

ਪ੍ਰਾਣੀ ਦੀ ਆਤਮਾ ਨੂੰ ਇਸ ਲੋਕ ਤੋਂ ਪਰਲੋਕ ਅਥਵਾ ਯਮ ਨਗਰੀ ਪਹੁੰਚਣ ਤਕ, ਸਾਲ ਦਾ ਸਮਾਂ ਲਗ ਜਾਂਦਾ ਹੈ। ਇਸ ਦੌਰਾਨ ਪ੍ਰੇਤ ਦੀਆਂ ਕੁਝ ਲੋੜਾਂ ਹੁੰਦੀਆਂ ਹਨ। ਜੋ ਪ੍ਰੋਹਿਤ ਦੁਆਰਾ ਪੂਰੀਆਂ ਕੀਤੀਆਂ ਜਾਂਦੀਆਂ ਹਨ। ਮੰਡੀ ਦੀ ਰਿਆਸਤ ਵਿਚ ਇਹ ਪ੍ਰਥਾ ਰਹੀ ਹੈ ਕਿ ਜਿਹੜਾ ਪ੍ਰੋਹਿਤ ਰਾਜੇ ਦਾ ਦਾਹ-ਸੰਸਕਾਰ ਕਰਦਾ, ਉਸ ਨੂੰ ਸਾਲ ਭਰ ਰਾਜ ਮਹਿਲ ਵਿਚ ਰਖ ਕੇ ਚੰਗੇ ਪਦਾਰਥ, ਖਾਣ ਤੇ ਪਹਿਨਣ ਲਈ ਦਿਤੇ ਜਾਂਦੇ। ਸਾਲ ਮਗਰੋਂ ਉਸ ਨੂੰ ਹਰਦੁਆਰ ਭੇਜ ਦਿਤਾ ਜਾਂਦਾ ਤੇ ਉਸ ਲਈ ਕੁਝ ਰਕਮ ਬੰਨ੍ਹ ਦਿਤੀ ਜਾਂਦੀ। ਉਹ ਪ੍ਰੋਹਿਤ ਫਿਰ ਕਦੇ ਰਿਆਸਤ ਵਿਚ ਵਾਪਸ ਨਹੀਂ ਸੀ ਆਉਂਦਾ (ਰੋਜ਼ ਗਲਾਸਰੀ 2.134,237)।

ਪੰਜਾਬ ਦੀਆਂ ਕਈ ਹੋਰ ਪਹਾੜੀ ਰਿਆਸਤਾਂ ਵਿਚ ਇਕੋ ਤਰ੍ਹਾਂ ਦਾ ਰਵਾਜ ਰਿਹਾ ਹੈ। ਚੰਬਾ ਤੇ ਕਾਂਗੜੇ ਵਿਚ, ਰਾਜੇ ਦੇ ਚਲਾਣਾ ਕਰ ਜਾਣ ਮਗਰੋਂ, ਕਿਸੇ ਪ੍ਰੋਹਿਤ ਨੂੰ ਸੱਦਿਆ ਜਾਂਦਾ ਤੇ ਉਸ ਨੂੰ ਰਾਜੇ ਦੇ ਹੱਥਾਂ ਨਾਲ ਛੁਹਾ ਕੇ ਖੀਰ ਖਵਾਈ ਜਾਂਦੀ, ਇਸ ਮਗਰੋਂ ਵਰ੍ਹੀਣੇ ਤਕ ਉਸ ਪ੍ਰੋਹਿਤ ਨੂੰ ਰਾਜ-ਮਹਿਲ ਵਿਚ ਹੀ ਪੂਰੇ ਆਦਰ ਮਾਣ ਨਾਲ ਰਖਿਆ ਜਾਂਦਾ। ਰਾਜੇ ਵਲੋਂ ਵਰਤੀਆਂ ਜਾਂਦੀਆਂ ਸਭ ਵਸਤਾਂ ਉਸ ਨੂੰ ਪ੍ਰਯੋਗ ਲਈ ਦਿਤੀਆਂ ਜਾਂਦੀਆਂ। ਨਿਸਚਾ ਇਹ ਸੀ ਕਿ ਪ੍ਰੋਹਿਤ ਵਲੋਂ ਭੋਗੇ ਗਏ ਸਾਰੇ ਅਰਾਮ ਤੇ ਖਾਧੇ ਗਏ ਪਦਾਰਥ, ਚਲਾਣਾ ਕਰ ਗਏ ਰਾਜੇ ਨੂੰ ਮਿਲਦੇ ਹਨ। ਪ੍ਰੋਹਿਤ ਦੀ, ਰਾਜੇ ਦਾ ਪ੍ਰਤਿਰੂਪ ਸਮਝ ਕੇ ਕਾਫ਼ੀ ਸੇਵਾ ਕੀਤੀ ਜਾਂਦੀ। ਸਾਲ ਮਗਰੋਂ ਪ੍ਰੋਹਿਤ ਨੂੰ ਧਨ, ਬਸਤ੍ਰ ਤੇ ਪਦਾਰਥ ਦੇ ਕੇ, ਰਾਜ ਦੀਆਂ ਹੱਦਾਂ ਤੋਂ ਬਾਹਰ ਕਢ ਦਿਤਾ ਜਾਂਦਾ। ਉਹ ਪ੍ਰੋਹਿਤ ਬਾਕੀ ਉਮਰ ਸੰਨਿਆਸੀ ਬਣ ਕੇ ਗੁਜ਼ਾਰਦਾ। ਮੁੜ ਉਹ ਕਦੇ ਰਾਜ ਵਿਚ ਪ੍ਰਵੇਸ਼ ਨਹੀਂ ਸੀ ਕਰਦਾ। ਇਸ ਪ੍ਰੋਹਿਤ ਨੂੰ 'ਪ੍ਰੇਤ-ਪਾਲ' ਕਿਹਾ ਜਾਂਦਾ।

### (ਪ-114) ਪ੍ਰੇਤ ਪਿੰਡ :

ਉਹ ਪਿੰਡ, ਜੋ ਦਾਹ-ਸੰਸਕਾਰ ਤੋਂ ਲੈ ਕੇ ਕਿਰਿਆ ਦੇ ਦਿਨ ਤਕ ਹਰ ਰੋਜ਼ ਪ੍ਰੇਤ ਨਮਿਤ ਦਿਤੇ ਜਾਂਦੇ ਹਨ।

ਹੈ। ਚਾਰੇ ਕੋਨਿਆਂ ਤੇ ਚਾਰੇ ਰੇਖਾਵਾਂ ਨੂੰ
ਇਸ ਤਰ੍ਹਾਂ ਮਿਲਾਇਆ ਜਾਂਦਾ ਹੈ ਕਿ ਸਭ
ਬਿੰਦੂ ਤੋਂ ਲੰਘਣ। ਫਿਰ ਚਾਰੇ ਨੁਕਰਾਂ ਦੀ
ਵਧਾ ਕੇ ਇਕ ਉਸੇ ਤਰ੍ਹਾਂ ਦਾ ਵੱਡਾ ਮੁਰੱ
ਜਾਂਦਾ ਹੈ। ਇਸ ਤਰ੍ਹਾਂ ਜੋ ਚਾਰ ਤਿਕੋਨਾਂ
ਉਨ੍ਹਾਂ ਵਿਚ ਚਾਰ ਦੀਵੇ ਬਾਲ ਕੇ ਰਖੇ ਜਾਂ
ਜਾਂ ਜਾਦੂਗਰ ਇਸ ਰੇਖਾ ਦੇ ਇਕ ਪਾਸੇ
ਤੇ ਦੂਜੇ ਪਾਸੇ ਰੋਗੀ ਨੂੰ ਬੈਠਾ ਲਿਆ
ਬੜੀ ਫੁਰਤੀ ਨਾਲ ਇਕ ਲੰਬਾ ਮੰਤਰ ਉ
ਹੈ ਤੇ ਹਰ ਵਾਰ ਮੰਤ੍ਰ ਦੇ ਖ਼ਤਮ ਹੋਣ ਉਤੇ,
ਉਤੇ ਫੂਕਾਂ ਮਾਰੀਆਂ ਜਾਂਦੀਆਂ ਹਨ। ਇ
ਤਕ ਦੁਹਰਾਇਆ ਜਾਂਦਾ ਹੈ, ਜਦੋਂ ਤਕ ਪ੍ਰੇ
ਤੋਂ ਤਿਆਗ ਕੇ ਚਲੀ ਨਹੀਂ ਜਾਂਦੀ।

ਹੇਠਾਂ ਇਕ ਮੰਤ੍ਰ ਦਿਤਾ ਜਾਂਦਾ ਹੈ।
ਅਨੇਕਾਂ ਨਾਂ ਹਨ ਜੋ ਵਿਭਿੰਨ ਧਰਮਾਂ ਨਾਲ
ਹਨ ਤੇ ਕਈ ਮਿਥਿਹਾਸਕ ਵਿਅਕਤੀਆਂ
ਸਾਂਝੀਆਂ ਨੇ ਇਹ ਮੰਤਰ ਹਾਫ਼ਜ਼ ਹਯਾਤ
ਦੇ ਸੱਯਦ ਤੋਂ ਪ੍ਰਾਪਤ ਕੀਤਾ। ਇਹ
ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ ਤੇ
ਭਿਆਨਕ ਬਦ-ਰੂਹ ਵੀ ਇਸ ਸਾਹਮਣੇ ਟਿ
ਜਾਂਦੀ ਮੰਨੀ ਗਈ ਹੈ :

ਮਰਦਾਨ ਸ਼ਾਹ ਅਲੀ ਕੇ ਧਨੁਸ਼ ਖਿੱਚ
ਸੁਲਤਾਨ ਸਯਦ ਅਹਿਮ ਦ ਕਲਗੀ ਕੇ
ਆਯਾ ਸ਼ਾਹ ਸ਼ਰਫ਼ ਕਾ ਸਭ ਹੀ ਸੇਨਿ
ਉਸਤਾਦ ਗੁਰ ਕੀ ਆਖ਼ਿਰ ਸੇ ਅਫ਼ਸ
ਹਨੂਮਾਨ ਨਰਸਿੰਘ ਕੋ ਪਟਕ ਕਰ ਪ
ਗੁਰਗਿਆਂ ਕੀ ਪੁਤਲੀ ਜਾਦੂ ਘਰ
ਉੜੇ ਕੱਚੇ ਮਸਾਨ ਰਹਿਤੇ ਥੇ ਰਾਮ
ਜਬ ਸੇ ਲਿਆ ਹੂਆ ਮੁਰਸ਼ਦ ਕੇ ਲ
ਜਨਤ ਦਿਉ ਬੀਰ ਭੂਤ ਖਿਦਮਤ ਮੇਂ
ਹਵੰਤ ਕਾ ਭੂਮ ਪਲਟ ਕੇ ਫੇਰੇ ਕੇ ਕੋ
ਮੁੰਦਰਾਂ ਪਕੜ ਕਰ ਹਾਥ ਸੇ
ਬੰਧ ਕਰੂੰ ਔਰ ਸਾਰੇ ਸਭ ਭਗਤ

(ਪ-116) **ਪ੍ਰੇਤ ਲੋਕ** :

ਉਹ ਲੋਕ ਜਿਥੇ ਪਿਤਰ ਰਹਿੰਦੇ ਹਨ (ਵੇਖੋ : ਪਿਤਰ ਲੋਕ)।

(ਪ-117) **ਪਰੇਵਾ** :

'ਲਾਲੀ' ਜੱਟਾਂ ਦਾ ਇਕ ਮੇਲਾ, ਜੋ ਦੇਸ਼ ਵੰਡ ਤੋਂ ਪਹਿਲਾਂ ਸ਼ਕਰਗੜ੍ਹ ਤਹਿਸੀਲ ਵਿਚ ਗੋਰਾਲਾ ਵਿਚ, ਅਸੂ ਦੇ ਮਹੀਨੇ ਲਗਦਾ ਸੀ। ਇਹ ਮੇਲਾ ਲਾਲੀ ਜੱਟਾਂ ਦੇ ਕਿਸੇ ਜਠੇਰੇ ਦੀ ਯਾਦ ਵਿਚ ਜੁੜਦਾ ਸੀ, ਪਰ ਇਸ ਵਿਚ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਸਨ। ਲਾਲੀ ਜੱਟ ਮੇਲੇ ਵਿਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਂਦੇ ਤੇ ਜੇਤੂਆਂ ਨੂੰ ਇਨਾਮ ਦੇਂਦੇ ਸਨ।

(ਪ-118) **ਪ੍ਰੋਹਿਤ** :

ਹਿੰਦੂਆਂ ਦੇ ਯੱਗ, ਧਾਰਮਿਕ ਰੀਤਾਂ ਤੇ ਸੰਸਕਾਰ ਆਦਿ ਕਰਮ ਕਰਾਉਣ ਵਾਲਾ ਬ੍ਰਾਹਮਣ; ਹਰ ਪ੍ਰਵਾਰ ਦੇ ਆਪੋ ਆਪਣੇ ਪ੍ਰੋਹਿਤ ਹੁੰਦੇ ਹਨ, ਜਿਨ੍ਹਾਂ ਨੂੰ ਕੁੱਲ-ਪ੍ਰੋਹਿਤ ਕਿਹਾ ਜਾਂਦਾ ਹੈ। ਹਰ ਪ੍ਰੋਹਿਤ ਦੇ ਕਈ ਜਜਮਾਨ ਹੁੰਦੇ ਹਨ। ਪ੍ਰੋਹਿਤ ਤੇ ਜਜਮਾਨ ਦਾ ਸਬੰਧ ਜੱਦੀ ਚਲਿਆ ਆਉਂਦਾ ਹੈ। ਵੈਸੇ ਤਾਂ ਜੱਦੀ ਅਧਿਕਾਰ ਪ੍ਰੋਹਿਤ ਨਹੀਂ ਛੱਡਦੇ, ਪਰ ਜੇ ਕੋਈ ਸ਼ਖ਼ਸ ਪ੍ਰੋਹਿਤ ਦੇ ਅਵੇਸਲੇਪਨ ਜਾਂ ਅਯੋਗਤਾ ਕਾਰਨ ਨਵਾਂ ਪ੍ਰੋਹਿਤ ਮੁਕੱਰਰ ਕਰਨਾ ਚਾਹੇ ਤਾਂ ਉਹ ਕਰ ਸਕਦਾ ਹੈ।

ਪ੍ਰੋਹਿਤ ਦਾ ਕੰਮ ਆਪਣੇ ਜਜਮਾਨ ਦੇ ਧਾਰਮਿਕ ਹਿਤਾਂ ਦੀ ਰਾਖੀ ਕਰਨਾ ਹੈ ਅਤੇ ਉਸ ਦੇ ਸਾਰੇ ਧਾਰਮਕ ਕਰਮ, ਯੱਗ, ਕਰਮ ਕਾਂਡ ਤੇ ਸੰਸਕਾਰਾਂ ਨੂੰ ਯੋਗਤਾ ਪੂਰਵਕ ਨਿਭਾਹੁਣ ਵਿਚ ਮਦਦ ਕਰਨੀ ਹੈ। ਇਸ ਲਈ ਜਨਮ, ਵਿਆਹ-ਸ਼ਾਦੀ ਤੇ ਮੌਤ ਸਮੇਂ ਕੁੱਲ ਪ੍ਰੋਹਿਤ ਆਪਣੇ ਜਜਮਾਨਾਂ ਦੇ ਘਰ ਹਮੇਸ਼ਾ ਹਾਜ਼ਰ ਰਹਿੰਦਾ ਹੈ।

ਪ੍ਰੋਹਿਤ ਨੂੰ ਆਪਣੇ ਕਰਤੱਵ ਪਾਲਣ ਬਦਲੇ ਜਜਮਾਨਾਂ ਕੋਲੋਂ ਲਾਗ ਤੇ ਭੇਟਾ ਮਿਲਦੀਆਂ ਹਨ। ਜਜਮਾਨ ਵਲੋਂ ਦਿੱਤੀ ਗਈ ਲਾਗ ਤੇ ਦਾਨ ਉੱਤੇ ਪਹਿਲਾ ਹੱਕ ਪ੍ਰੋਹਿਤ ਦਾ ਹੁੰਦਾ ਹੈ।

ਪ੍ਰੋਹਿਤ ਤੇ ਜਜਮਾਨ ਦੇ ਆਪੋ ਵਿਚ ਸਬੰਧ ਬੜੇ ਪਵਿੱਤ੍ਰ

ਤਾਂ ਉਹ ਕੁੰਭੀ ਨਰਕ ਵਿਚ ਜਾਂਦਾ ਹੈ। ਪੁਰਾਣਾ
ਪ੍ਰੋਹਿਤ ਨੂੰ ਨਰਾਜ਼ ਕਰਨ ਵਾਲਾ ਜਜਮਾਨ ਕੁੰਭੀ
ਤਾਗੀ ਹੁੰਦਾ ਹੈ।

ਜੇ ਕੋਈ ਸ਼ਖ਼ਸ ਔਤਰਾ ਮਰ ਜਾਵੇ ਤੇ ਉਸ
ਦਾ ਫ਼ਰਜ਼ ਬਣਦਾ ਹੈ ਕਿ ਉਹ ਉਸ ਦੀ ਅੰਤਮ
ਤੇ ਪਿੰਡ-ਪੱਤਲ ਦਾ ਪ੍ਰਬੰਧ ਕਰੇ।

ਵਿਆਹ ਤੇ ਹੋਰ ਸ਼ੁਭ ਮਹੂਰਤ ਕੱਢਣ ਵਾਲ
'ਪਾਂਧਾ' ਅਖਵਾਂਦਾ ਹੈ। ਪ੍ਰੋਹਿਤ ਜੇ ਆਪ ਪੜ੍ਹਿਆ
ਨਾ ਹੋਵੇ ਤਾਂ ਉਹ ਟੇਵੇ ਆਦਿ ਪਾਂਧੇ ਤੋਂ ਬਣਵਾ
ਮਹੂਰਤ ਆਦਿ ਉਸੇ ਤੋਂ ਕਢਵਾਂਦਾ ਹੈ ਤੇ ਇਸ
ਉਸ ਕੰਮ ਲਈ ਜੋ ਦਾਨ ਉਸ ਨੂੰ ਮਿਲਦਾ ਹੈ,
ਅੱਧਾ ਪਾਂਧੇ ਨੂੰ ਦੇ ਦੇਂਦਾ ਹੈ। ਵਿਆਹ ਆਦਿ ਵੇ
ਹੀ ਚੌਕ ਪੂਰਦਾ ਤੇ ਗੋਤਰਾਚਾਰ ਦਾ ਉਚਾਰਨ ਕਰ

ਪ੍ਰੋਹਿਤ ਆਪਣੇ ਜਜਮਾਨ ਦੇ ਪ੍ਰਵਾਰ ਨੂੰ ਰੋਗ
ਤੇ ਭੂਤ ਪ੍ਰੇਤ ਤੋਂ ਰਖਿਆ ਲਈ ਮੰਤ੍ਰ ਤੰਤ੍ਰ ਵੀ ਦੇਂ

ਕੁਝ ਕੁੱਲ-ਪ੍ਰੋਹਿਤ ਤੀਰਥਾਂ ਉੱਤੇ ਹੁੰਦੇ ਹਨ,
ਪਾਂਡੇ ਕਿਹਾ ਜਾਂਦਾ ਹੈ। ਇਹ ਪ੍ਰੋਹਿਤ ਆ
ਇਲਾਕੇ ਤੇ ਕੁੱਲਾਂ ਦੇ ਜਜਮਾਨਾਂ ਤੋਂ ਜਦੋਂ, ਉ
ਦੀ ਯਾਤਰਾ ਜਾਂ ਕਿਸੇ ਹੋਰ ਸਬੰਧ ਵਿਚ ਆ
ਧਾਰਮਕ ਕਿਰਤ ਕਰਵਾਂਦੇ ਹਨ।

(ਪ-119) **ਪਲੰਘ ਪੀੜ੍ਹਾ** :

ਅਕਾਸ਼ ਵਿਚ ਮੰਜੀ ਦੀ ਸ਼ਕਲ ਤੇ ਸੱਤ ਤ
ਗਰੋਹ ਜੋ ਧਰੂ ਦੁਆਲੇ ਰਹਿੰਦੇ ਹਨ। ਪਲੰਘ-
ਸ਼ਕਲ ਮਿਲਣ ਕਰ ਕੇ ਇਸ ਸਮੂਹ ਦਾ ਨਾਉਂ ਪ
ਪੈ ਗਿਆ। ਲੋਕ-ਨਿਸਚੇ ਅਨੁਸਾਰ ਜੇ ਕੋਈ ਨਵ
ਇਸਤ੍ਰੀ ਸਹੁਰੇ ਘਰ ਜਾ ਕੇ ਪਹਿਲੀ ਰਾਤ ਅ
ਦੇ ਪਲੰਘ ਪੀੜ੍ਹੇ ਉੱਤੇ ਪਤੀ ਕੋਲ ਬੈਠ ਕੇ
ਤਾਰਿਆਂ ਨੂੰ ਵੇਖੇ ਤਾਂ ਉਹ ਸਦਾ ਸੁਹਾਗਣ ਰ
ਰਿਸ਼ੀ ਉਸ ਦੇ ਸੁਹਾਗ ਦੀ ਰਖਿਆ ਕਰਦੇ
ਸਪਤ ਰਿਸ਼ੀ)।

(ਪ-120) **ਪੱਲਾ ਝਾੜ** :

ਜਿਸ ਸਮੇਂ ਕਾਜ ਦੀ [illegible] ਖਤਮ ਹੁੰਦੀ

ਮੰਗਤਿਆਂ ਵਿਚ ਵੀ ਵੇਖਿਆ ਜਾਂਦਾ ਹੈ। ਇਸ ਰਸਮ ਨੂੰ 'ਡਲੀਆ ਛਾਤ' ਅਥਵਾ ਬੀਜ ਵਾਲੀ ਟੋਕਰੀ ਭਾੜਨੀ ਵੀ ਕਹਿੰਦੇ ਹਨ। ਕਈ ਥਾਈਂ ਇਸ ਦਿਨ ਹੱਲਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ ਜਿਸ ਤੋਂ ਇਸ ਪੁਰਬ ਦਾ ਨਾਂ 'ਹੱਲ ਪੂਜੋ' ਵੀ ਪੈ ਗਿਆ।

(ਪ-121) **ਪੱਲਾ ਪਾਉਣਾ** :

ਜਦੋਂ ਕਿਸੇ ਘਰ ਵਿਚ ਮੌਤ ਹੋ ਜਾਂਦੀ ਹੈ ਤਾਂ ਕੁੱਲ ਦੀਆਂ ਤੀਵੀਆਂ ਇਕੱਠੀਆਂ ਹੋ ਕੇ ਬੈਠਦੀਆਂ ਤੇ ਮੂੰਹ ਸਿਰ ਦੇ ਪੱਲੇ ਨਾਲ ਢੱਕ ਕੇ ਰੋਂਦੀਆਂ ਤੇ ਵਾਰੋ ਵਾਰੀ ਇਕ ਦੂਜੇ ਦੇ ਗਲੇ ਲਗਦੀਆਂ ਹਨ। ਪੱਲਾ ਪਾਉਣ ਵੇਲੇ ਉਹ ਵੈਣ ਪਾਂਦੀਆਂ ਹਨ। ਜਦੋਂ ਕੋਈ ਨਵੀਂ ਜਨਾਨੀ ਆਉਂਦੀ ਹੈ ਤਾਂ ਉਹ ਵਾਰੋ ਵਾਰ, ਘਰ ਦੀਆਂ ਸਭ ਜਨਾਨੀਆਂ ਦੇ ਗਲ ਲਗਦੀ ਤੇ ਪੱਲਾ ਪਾਉਂਦੀ ਹੋਈ ਰੋਂਦੀ ਹੈ।

(ਪ-122) **ਪਲੀਤਾ ਸਾੜਨਾ** :

ਜੇ ਕਿਸੇ ਸ਼ਖ਼ਸ ਨੂੰ ਪਕੜ ਹੋ ਜਾਵੇ ਅਥਵਾ ਭੂਤ-ਪ੍ਰੇਤ ਦਾ ਅਸਰ ਹੋਵੇ ਤਾਂ ਕਈ ਪੀਰ ਅਥਵਾ ਚੇਲੇ ਪਲੀਤਾ ਦਾਗ ਕੇ, ਰੋਗੀ ਦੇ ਅੰਦਰੋਂ ਪ੍ਰੇਤ ਕੱਢਦੇ ਹਨ। ਮੁਲਤਾਨ ਦੇ ਇਲਾਕੇ ਵਿਚ ਪ੍ਰੇਤ ਨੂੰ ਕੱਢਣ ਲਈ ਇਹ ਵਿਧੀ ਆਮ ਵਰਤੀ ਜਾਂਦੀ ਹੈ।

ਪਕੜ ਵਾਲੇ ਰੋਗੀ ਨੂੰ ਇਕ ਪੀੜ੍ਹੇ ਉਤੇ ਬਿਠਾ ਦਿਤਾ ਜਾਂਦਾ ਹੈ। ਉਹ ਆਪਣੇ ਚਾਰੇ ਪਾਸੇ ਚਿੱਟੀ ਚਾਦਰ ਵਲ੍ਹੇਟ ਲੈਂਦਾ ਹੈ। ਰੋਗੀ ਦੇ ਹੱਥ ਵਿਚ ਪੀਰ ਕਾਗ਼ਜ਼ ਦਾ ਇਕ ਪੁਰਜ਼ਾ, ਜਿਸ ਉਤੇ ਕੁਝ ਲਫ਼ਜ਼ ਲਿਖੇ ਜਾਂ ਨਿਸ਼ਾਨ ਉਕਰੇ ਹੁੰਦੇ ਹਨ, ਰੋਗੀ ਨੂੰ ਪਕੜਾ ਦੇਂਦਾ ਹੈ। ਫਿਰ ਮੰਤਰਾਂ ਦਾ ਜਾਪ ਕਰਦਿਆਂ ਇਸ ਪੁਰਜ਼ੇ ਅਥਵਾ ਪਲੀਤੇ ਨੂੰ ਰੋਗੀ ਦੇ ਅਗੇ ਕਿਸੇ ਮਿੱਟੀ ਦੇ ਖੁਲ੍ਹੇ ਭਾਂਡੇ ਵਿਚ ਰਖ ਕੇ, ਦਾਗ ਦਿਤਾ ਜਾਂਦਾ ਹੈ ਤੇ ਉਪਰ ਹਰਮਲ ਆਦਿ ਧੂਤ ਦਿਤੀ ਜਾਂਦੀ ਹੈ। ਰੋਗੀ ਲੰਮੇ ਸਾਹ ਲੈ ਕੇ ਇਸ ਧੂੰਏਂ ਨੂੰ ਅੰਦਰ ਲੈਂਦਾ ਹੈ। ਪੀਰ ਪਲੀਤੇ ਵਾਲੇ ਭਾਂਡੇ ਨੂੰ ਰੋਗੀ ਦੇ ਸਿਰ ਤੋਂ ਸੱਤ ਵਾਰ ਵਾਰਦਾ ਹੈ। ਇਸ ਤਰ੍ਹਾਂ ਰੋਗੀ ਦੇ ਸਰੀਰ ਵਿਚੋਂ ਭੂਤ ਪ੍ਰੇਤ ਨਿਕਲ ਜਾਂਦਾ ਹੈ।

(ਪ-123) **ਪਾਇਲ** :

ਜਾਂਦਾ ਸੀ। ਪੁਰਾਣੇ ਵੇਲਿਆਂ ਵਿਚ ਸਮਾਂ ਜਾ… ਇਕ ਘੜੇ ਦੇ ਪੇਂਦੇ ਹੇਠ, ਨਿੱਕਾ ਜਿਹਾ ਸੁਰਾ… ਜਾਂਦਾ ਸੀ, ਜਿਸ ਵਿਚੋਂ ਪਾਣੀ ਸਿੰਮ ਸਿੰਮ ਕੇ… ਦੂਜੇ ਘੜੇ ਵਿਚ ਪੈਂਦਾ ਰਹਿੰਦਾ। ਜਦੋਂ ਉਪ… ਵਿਚੋਂ ਸਾਰਾ ਪਾਣੀ ਸਿੰਮ ਸਿੰਮ ਕੇ ਹੇਠਲੇ ਘੜੇ… ਜਾਂਦਾ ਤਾਂ ਇਕ ਘੜੀ ਸਮਾਂ ਬੀਤ ਗਿਆ ਮੰਨਿ… ਸੀ। ਤਿੰਨ ਘੜੀਆਂ ਦਾ ਇਕ ਪਹਿਰ ਹੁੰਦਾ… ਪਹਿਰਾਂ ਦਾ ਇਕ ਦਿਨ।

(ਪ-125) **ਪਾਸੀ**

(ੳ) ਖੱਤ੍ਰੀਆਂ ਦੀ ਇਕ ਗੋਤ; ਰਵਾਇ… ਪਾਸੀ ਪਹਿਲਾਂ ਬਠਿੰਡੇ ਵਿਚ ਰਿਹਾ ਕਰਦੇ ਸਨ… ਵਿਚ ਇਕ ਵਾਰ ਭਿਆਨਕ ਅੱਗ ਲਗ ਗਈ… ਜਾਨਾਂ ਬਚਾ ਕੇ ਨਸ ਗਏ। ਖੱਤ੍ਰੀਆਂ ਦੇ ਮੁਖੀਏ… ਅੱਗ ਵਿਚ ਘਿਰ ਗਿਆ ਤੇ ਕੁਝ ਖੱਤ੍ਰੀ ਉਸ… ਲਈ ਰੁਕ ਗਏ। ਪਿਛੋਂ ਮੁਖੀਏ ਨੇ ਇਨ੍ਹਾਂ ਦਾ… ਮਾਣ ਕੀਤਾ ਤੇ ਪਾਸੀ (ਪਾਸ ਰਹਿਣ ਵਾਲੇ)… ਦਿਤੀ। ਭੱਜ ਗਏ ਖੱਤ੍ਰੀਆਂ ਨੂੰ 'ਅਪਾਸੀ' ਜਾਂ '… ਕਿਹਾ ਜਾਣ ਲੱਗਾ। ਪਾਸੀਆਂ ਨੂੰ ਕੁਝ ਖ਼ਾਸ ਛੋਟ… ਗਈਆਂ।

ਪਾਸੀਆਂ ਦੀਆਂ ਰਹੁ-ਰੀਤਾਂ ਖੱਤ੍ਰੀਆਂ … ਹਨ। ਕਿਧਰੇ ਕੁਝ ਰਸਮਾਂ ਵਿਚ ਭਿੰਨਤਾ ਵੀ… ਮੁੰਡਣ-ਸੰਸਕਾਰ ਤੇ ਵਿਆਹ ਸਮੇਂ ਗਰੜ ਦੀ … ਹਨ। ਇਨ੍ਹਾਂ ਸੰਸਕਾਰਾਂ ਤੋਂ ਇਕ ਦਿਨ ਪ… ਪ੍ਰੋਹਿਤ ਕਿਸੇ ਗਰੜ ਦੇ ਟਿਕਾਣੇ ਉਤੇ ਜਾ ਕੇ … ਤੇ ਉਸ ਨੂੰ ਅਗਲੇ ਦਿਨ ਭੋਜ ਵਿਚ ਸ਼ਾਮਲ… ਨਿਉਤਾ ਦੇ ਆਉਂਦਾ ਹੈ। ਅਗਲੇ ਦਿਨ … ਲੜਕੇ ਅਥਵਾ ਵਰ ਜਾਂ ਕੰਨਿਆਂ ਦਾ ਪਿਉ … ਉਸ ਦਰਖ਼ਤ ਹੇਠ ਜਾਂਦਾ ਹੈ, ਜਿਥੇ ਗਰੜ … ਹੈ ਅਤੇ ਚਾਰ ਰੋਟੀਆਂ ਤੇ ਕੜਾਹ ਤੇ ਕੁਝ ਫਲ ਤੇ… ਇਕ ਪੱਤਲ ਵਿਚ ਗਰੜ ਦੀ ਭੇਟ ਕਰਦਾ… ਨੰਗੇ ਪੈਰ ਖਲੋ ਕੇ ਤੇ ਹੱਥ ਬੰਨ੍ਹ ਕੇ ਪ੍ਰਸ਼ਾਦਿ … ਬੇਨਤੀ ਕੀਤੀ ਜਾਂਦੀ ਹੈ। ਜਦੋਂ ਤਕ ਗਰੜ … ਲਾ ਲੈਂਦਾ, ਉਹ ਪ੍ਰੋਹਿਤ ਪ੍ਰਸ਼ਾਦਿ ਦੇ ਨਾਲ ਇਕ…

(ਪ-126) **ਪਾਹੁਚਾ** ।

ਸਾਹਾ ਚਿੱਠੀ ਦੀ ਪਹੁੰਚ ਦੇਣ ਵਾਲੀ ਚਿੱਠੀ। ਵਿਆਹ ਸਮੇਂ ਪਹਿਲਾਂ ਵਿਆਹ ਦੀ ਤਾਰੀਖ ਤੇ ਲਗਨ ਦੀ ਘੜੀ ਮੁਕਰਰ ਕੀਤੀ ਜਾਂਦੀ ਹੈ, ਮਗਰੋਂ ਕੰਨਿਆਂ ਵਾਲਿਆਂ ਦਾ ਨਾਈ 'ਸਾਹਾ ਚਿੱਠੀ' ਲੈ ਕੇ ਵਰ ਪੱਖ ਦੇ ਘਰ ਜਾਂਦਾ ਹੈ। ਇਸ ਪਿਛੋਂ ਵਰ ਪੱਖ ਵਾਲੇ ਆਪਣੇ ਨਾਈ ਹੱਥ ਪਾਹੁਚਾ ਭੇਜਦੇ ਹਨ, ਜਿਸ ਵਿਚ ਜੰਞ ਦੀ ਗਿਣਤੀ, ਪਹੁੰਚਣ ਦਾ ਸਮਾਂ ਤੇ ਕੁਝ ਹੋਰ ਜ਼ਰੂਰੀ ਸੁਨੇਹੇ ਹੁੰਦੇ ਹਨ ਜੋ ਉਹ ਕੁੜੀ ਵਾਲਿਆਂ ਨੂੰ ਜਾ ਕੇ ਦੇਂਦਾ ਹੈ। ਇਸ ਚਿੱਠੀ ਨੂੰ ਪਾਹੁਚਾ ਤੇ ਨਾਈ ਨੂੰ 'ਪਹੋਚੇ ਵਾਲਾ ਨਾਈ' ਕਹਿੰਦੇ ਹਨ। ਕੰਨਿਆਂ ਪੱਖ ਵਾਲੇ ਇਸ ਨਾਈ ਨੂੰ ਲਾਗ ਵੀ ਦੇਂਦੇ ਹਨ।

ਵਿਆਹ ਨਾਲ ਸਬੰਧਿਤ ਇਕ ਪੁਰਾਣੀ ਰੀਤ। ਮਹਾਨ ਕੋਸ਼ ਅਨੁਸਾਰ 'ਪਹੁਚੇ ਨੂੰ ਬੰਨ੍ਹਣ ਯੋਗ ਮੰਗਲ ਸੂਤ੍', ਜੋ ਵਿਆਹ ਸਮੇਂ ਚਿੱਠੀ ਨਾਲ ਸੰਬੰਧੀਆਂ ਨੂੰ ਭੇਜਿਆ ਜਾਂਦਾ ਹੈ, ਜਿਸ ਨੂੰ 'ਵਿਆਹ ਦੀ ਗੰਢ' ਆਖਦੇ ਹਨ; ਬਰਾਤ ਵਿਚ ਸ਼ਾਮਿਲ ਹੋਣ ਵਾਲੇ ਇਹ ਸੂਤ੍ ਬੰਨ੍ਹ ਕੇ ਆਉਂਦੇ ਹਨ। ਹੁਣ ਇਸ ਦਾ ਰਿਵਾਜ ਨਹੀਂ ਰਿਹਾ। ਪਾਹੁਚਾ ਵਿਆਹ ਦੇ ਪੈਗ਼ਾਮ ਦਾ ਪ੍ਰਤੀਕ ਮੰਨਿਆ ਜਾਂਦਾ ਸੀ।

(ਪ-127) **ਪਾਟੀ ਚਿੱਠੀ** :

ਪੰਜਾਬ ਵਿਚ ਕਿਸੇ ਸ਼ਖ਼ਸ ਦੀ ਮੌਤ ਦੀ ਖ਼ਬਰ ਦੇਣ ਲਈ ਜੋ ਚਿੱਠੀ ਲਿਖੀ ਜਾਂਦੀ ਹੈ ਉਸ ਨੂੰ ਨੁੱਕਰ ਤੋਂ ਥੋੜਾ ਜਿਹਾ ਫਾੜ ਦਿਤਾ ਜਾਂਦਾ ਹੈ। ਫਟੀ ਚਿੱਠੀ ਵੇਖਦਿਆਂ ਸਾਰ ਹੀ ਸਮਝ ਆ ਜਾਂਦੀ ਹੈ ਕਿ ਇਹ ਕੋਈ ਭੈੜੀ ਖ਼ਬਰ ਲਿਆਈ ਹੈ। ਇਸ ਪ੍ਰਥਾ ਦਾ ਆਧਾਰ ਇਹ ਮਨੌਤ ਹੈ ਕਿ ਜਦੋਂ ਕਿਸੇ ਪ੍ਰਾਣੀ ਦੀ ਮੌਤ ਹੋਣ ਲਗਦੀ ਹੈ ਤਾਂ ਉਸ ਦੇ ਨਾਂ ਦਾ ਦਰਗਾਹ ਵਿਚ ਜੋ ਖਾਤਾ ਹੁੰਦਾ ਹੈ ਉਹ ਫਾੜ ਦਿਤਾ ਜਾਂਦਾ ਹੈ। ਖਾਤਾ ਫਟਦੇ ਸਾਰ ਜਮਦੂਤ ਜਾਂ ਅਜ਼ਰਾਈਲ ਉਸ ਪ੍ਰਾਣੀ ਦੀ ਜਿੰਦ ਕੱਢਣ ਲਈ ਆ ਜਾਂਦਾ ਹੈ।

ਜਿਨ ਕੀ ਚੀਰੀ ਦਰਗਹ ਪਾਟੀ ਤਿਨਾ ਮਰਨਾ ਭਾਈ।
(ਵੇਖੋ : ਪੱਤਾ ਕੱਟਣਾ)।

(ਪ-128) **ਪਾਠ** :

ਸਲੋਕ ਪੜ੍ਹਦੇ ਹਨ। ਦੁਰਗਾ ਦੇ ਭਗਤ ਦੁਰਗਾ
ਦਾ ਪਾਠ ਕਰਦੇ ਹਨ। ਵੱਖੋ ਵੱਖ ਪਾਠਾਂ ਦਾ ਵ
ਮਹਾਤਮ ਹੈ। ਕੁਝ ਪਾਠ ਆਪਣੀ ਕਿਸੇ ਸੁਖਣਾ
ਹੋਣ ਵਜੋਂ ਵੀ ਕੀਤਾ ਜਾਂਦਾ ਹੈ।

ਸਿੱਖ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿ
ਕੁਝ ਬਾਣੀਆਂ ਦਾ ਰੋਜ਼ ਪਾਠ ਕਰਦੇ ਹਨ। ਸ
ਬਾਣੀਆਂ ਜਪੁ ਜੀ, ਜਾਪ ਸਾਹਿਬ, ਸ਼ਬਦ ਹਜ਼ਾਰੇ,
ਤੇ ਅਨੰਦ ਸਾਹਿਬ ਅਤੇ ਸ਼ਾਮ ਨੂੰ ਰਹਿਰਾਸ ਤੇ ਚੌ
ਸੌਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਜਾਂਦਾ

(ਪ-129) **ਪਾਂਡਵ** :

ਰਾਜਾ ਪਾਂਡੂ ਦੀ ਵੰਸ਼; ਰਾਜਾ ਪਾਂਡੂ ਦੇ ਪੰ
ਜਿਨ੍ਹਾਂ ਦੇ ਨਾਂ ਯੁਧਿਸ਼ਠਰ, ਭੀਮ, ਅਰਜਨ, ਨਕੁ
ਸਹਿਦੇਵ ਸਨ। ਮਹਾਂਭਾਰਤ ਅਨੁਸਾਰ ਪਾਂਡੂ ਅੰ
ਦੀ ਕੁਖੋਂ ਵਯਾਸ ਦੇ ਨਿਯੋਗ ਤੋਂ ਪੈਦਾ ਹੋਇਆ
ਪਾਂਡੂ)। ਪਾਂਡੂ ਦਾ ਵਿਆਹ ਕੁੰਤੀ ਅਤੇ ਮਾਦਰੀ
ਹੋਇਆ। ਇਕ ਵਾਰ ਪਾਂਡੂ ਨੇ ਸ਼ਿਕਾਰ ਖੇਡਦਿਆਂ ਕਿ
ਰਿਸ਼ੀ ਨੂੰ, ਜੋ ਹਿਰਨ ਦਾ ਰੂਪ ਧਾਰ ਕੇ ਆਪਣੀ
ਨਾਲ ਭੋਗ ਕਰ ਰਿਹਾ ਸੀ, ਤੀਰ ਨਾਲ ਮਾਰ
ਰਿਸ਼ੀ ਨੇ ਮਰਦੇ ਸਮੇਂ ਪਾਂਡੂ ਨੂੰ ਸਰਾਪ ਦਿਤਾ ਕਿ
ਵੇਲੇ ਪਾਂਡੂ ਆਪਣੀ ਪਤਨੀ ਨਾਲ ਸੰਜੋਗ ਕਰੇਗਾ
ਵੇਲੇ ਮਰ ਜਾਵੇਗਾ। ਸੋ, ਕੁੰਤੀ ਨੇ ਔਲਾਦ ਦੀ
ਦੇਵਤਿਆਂ ਨੂੰ, ਮੰਤ੍ਰ ਸ਼ਕਤੀ ਦੁਆਰਾ, ਆਪਣੇ ਕੋਲ ਸ
ਅਤੇ ਧਰਮ ਤੋਂ ਯੁਧਿਸ਼ਠਰ, ਵਾਯੂ ਤੋਂ ਭੀਮ ਤੇ
ਤੋਂ ਅਰਜਨ ਦੀ ਉਤਪਤੀ ਕੀਤੀ। ਮਾਦਰੀ ਲਈ
ਅਸ਼ਵਨੀ ਕੁਮਾਰ ਦੇਵਤਿਆਂ ਨੂੰ ਸੱਦਿਆ ਜਿ
ਨਕੁਲ ਤੇ ਸਹਿਦੇਵ ਪੈਦਾ ਹੋਏ।

ਇਨ੍ਹਾਂ ਪੰਜਾਂ ਪਾਂਡਵਾਂ ਦੀ ਪਾਲਨਾ ਭੀਸ਼ਮ ਪਿ
ਕੀਤੀ। ਯੁਧਿਸ਼ਠਰ ਸਤਿਵਾਦੀ ਸੀ ਅਤੇ ਧਰਮਰ
ਪੁੱਤਰ ਹੋਣ ਕਰ ਕੇ ਨਿਆਂ ਤੇ ਸੱਚਾਈ ਦਾ ਪ੍ਰਤੀ
ਭੀਮ ਵਾਯੂ ਦਾ ਪੁਤਰ ਹੋਣ ਕਰ ਕੇ ਬੜਾ ਸ਼ਕਤ
ਨਿਡਰ ਤੇ ਉਗਰ ਰੁਚੀਆਂ ਵਾਲਾ ਗੁਸੈਲਾ ਤੇ ਅ
ਸੀ। ਅਰਜਨ ਜੋ ਇੰਦਰ ਦਾ ਪੁਤਰ ਸੀ ਬੜਾ

ਬਨਬਾਸ ਦੇ ਦਿਨੀਂ, ਪਾਂਡੋ ਪੰਜਾਬ ਦੇ ਪਹਾੜੀ ਇਲਾਕੇ ਵਿਚ ਕਾਫ਼ੀ ਵਕਤ ਠਹਿਰ ਰਹੇ। ਸਤਲੁਜ ਦਰਿਆ ਤੋਂ ਲੈ ਕੇ ਅਟਕ ਦਰਿਆ ਤਕ ਸਾਰੇ ਪੰਜਾਬ ਵਿਚ ਅਨੇਕਾਂ ਸਥਾਨ ਪਾਂਡਵਾਂ ਨਾਲ ਸਬੰਧਿਤ ਮਿਲਦੇ ਹਨ। ਸਿੰਧ ਸਾਗਰ ਦੁਆਬ ਵਿਚ ਪਾਂਡਵ ਨਿਮਕ ਦੀਆਂ ਪਹਾੜੀਆਂ ਵਿਚ ਕਾਫ਼ੀ ਦੇਰ ਰਹੇ। ਇਥੇ ਇਨ੍ਹਾਂ ਦੇ ਕਈ ਸਥਾਨ ਮਿਲਦੇ ਹਨ।

ਹੁਸ਼ਿਆਰਪੁਰ ਦੇ ਜ਼ਿਲੇ ਵਿਚ ਪਾਂਡਵਾਂ ਨਾਲ ਸਬੰਧਿਤ ਕਈ ਸਥਾਨ ਮਿਲਦੇ ਹਨ। ਹਾਜੀਪੁਰ ਦੇ ਉੱਤਰ ਵਲ ਅੱਠ ਮੀਲਾਂ ਦੀ ਵਿੱਥ ਉੱਤੇ ਸ੍ਰੀ ਪੰਡੋਣ ਹੈ, ਜਿਥੇ ਇਕ ਸੁੰਦਰ ਖੂਹ ਤੇ ਸ਼ਿਵਾਲਾ ਹੈ। ਮਹਾਂਭਾਰਤ ਅਨੁਸਾਰ ਦਸੂਆਂ ਵਿਖੇ ਰਾਜਾ ਵਿਰਾਟ ਰਿਹਾ ਕਰਦਾ ਸੀ ਜਿਸ ਕੋਲ ਬਨਬਾਸ ਦੇ ਦਿਨੀਂ ਪਾਂਡਵਾਂ ਨੇ ਨੌਕਰੀ ਕੀਤੀ ਸੀ। ਇਥੇ ਇਕ ਪੁਰਾਣਾ ਕਿਲਾ ਹੈ, ਹਿੰਦੂ ਅੱਜ ਵੀ ਸਵੇਰੇ ਬਿਨਾ ਖਾਧੇ ਇਸ ਨਗਰ ਦਾ ਨਾਂ ਨਹੀਂ ਲੈਂਦੇ। ਇਸ ਨਗਰ ਦਾ ਨਾਂ ਲੈਣਾ ਵੀ ਹੋਵੇ ਤਾਂ ਵਿਰਾਟ ਦੀ ਨਗਰੀ ਕਹਿੰਦੇ ਹਨ।

ਸਤਲੁਜ ਦੇ ਕੰਢੇ ਤੇ ਇਸ ਥਾਂ ਪੰਜਗਰਾਈਂ ਹੈ, ਜਿਸ ਦਾ ਨਾਂ ਪੰਜਾਂ ਪਥਰਾਂ ਤੋਂ ਪਿਆ ਹੈ, ਇਥੇ ਪਾਂਡਵਾਂ ਦੇ ਬਾਲਕੇ ਪੰਚ-ਸਤਾਰਾਂ ਦੀ ਖੇਡ ਵਿਚ ਖੇਡਦੇ ਸਨ ਜਦੋਂ ਕਿ ਉਹ ਖੁਦ ਭਗਤੀ ਕਰ ਰਹੇ ਹੁੰਦੇ ਸਨ, ਮਾਹਿਲਪੁਰ ਦੇ ਪੱਛਮ ਵਲ ਸਤ ਮੀਲ ਦੂਰ ਇਕ ਭਾਮ ਨਾਂ ਦਾ ਸਥਾਨ ਹੈ। ਕਹਿੰਦੇ ਹਨ ਇਥੇ ਪਾਂਡਵਾਂ ਨੇ ਬਨਬਾਸ ਦੇ ਕੁਝ ਦਿਨ ਕਟੇ। ਪਾਂਡਵਾਂ ਦੀ ਯਾਦ ਵਿਚ ਇਥੇ ਇਕ ਸ਼ਿਵਾ ਹੈ। ਜੇਜੋਂ ਤੋਂ 12 ਮੀਲ ਉੱਤਰ ਵਲ ਲਸਾੜਾ ਵਿਖੇ ਇਕ ਪਥਰਾਂ ਦਾ ਮੰਦਰ ਹੈ ਜੋ ਪਾਂਡਵਾਂ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ।

(ਪ-130) **ਪਾਂਡੂ** :

ਪੰਜਾਂ ਪਾਂਡੂਆਂ ਦਾ ਪਿਤਾ, ਧਿਰਤਰਾਸ਼ਟਰ ਦਾ ਛੋਟਾ ਭਰਾ। ਮਹਾਂਭਾਰਤ ਅਨੁਸਾਰ ਪਾਂਡੂ ਅੰਬਾਲਿਕਾ ਦੀ ਕੁੱਖੋਂ, ਵਿਆਸ ਦੇ ਨਿਯੋਗ ਦੁਆਰਾ ਪੈਦਾ ਹੋਇਆ। ਚੰਦਰਵੰਸ਼ੀ ਰਾਜਾ ਵਿਚਿਤ੍ਰਵੀਰਯ ਭਰ ਜਵਾਨੀ ਵਿਚ ਖਈ ਰੋਗ ਨਾਲ ਮਰ ਗਿਆ। ਉਸ ਦੀਆਂ ਦੋ ਵਿਧਵਾ ਪਤਨੀਆਂ ਅੰਬਿਕਾ ਤੇ ਅੰਬਾਲਿਕਾ ਨਿਰਸੰਤਾਨ ਸਨ। ਵਿਚਿਤ੍ਰਵੀਰਯ ਦੀ ਮਾਂ ਸਤਯਵਤੀ ਨੇ ਆਪਣੇ ਪਹਿਲੇ ਪੁੱਤਰ ਵਿਆਸ ਦੁਆਰਾ ਨਿਯੋਗ ਦੀ ਰੀਤ ਨਾਲ ਅੰਬਿਕਾ ਤੇ ਅੰਬਾਲਿਕਾ ਤੋਂ

ਉਦਰ ਤੋਂ ਪੀਲੇ ਰੰਗ ਦਾ ਪਾਂਡੂ ਜੰਮਿਆ।

ਧਿਰਤਰਾਸ਼ਟਰ ਅੰਨ੍ਹਾ ਹੋਣ ਕਰ ਕੇ
ਨਹੀਂ ਸੀ ਬੈਠ ਸਕਦਾ, ਸੋ, ਪਾਂਡੂ ਨੇ ਰਾਜ ਸੰ

ਪਾਂਡੂ ਦਾ ਵਿਆਹ ਕੁੰਤੀ ਤੇ ਮਾਦਰੀ ਨਾ
ਇਕ ਵਾਰ ਪਾਂਡੂ ਨੇ ਸ਼ਿਕਾਰ ਖੇਡਦਿਆਂ
ਨੂੰ, ਜੋ ਹਿਰਨ ਦਾ ਰੂਪ ਧਾਰ ਕੇ ਆ
ਨਾਲ ਭੋਗ ਕਰ ਰਿਹਾ ਸੀ ਤੀਰ ਨਾਲ
ਕਿਮਿੰਦਮ ਰਿਸ਼ੀ ਨੇ ਮਰਨ ਲਗਿਆਂ ਪਾਂ
ਦਿਤਾ ਕਿ ਪਾਂਡੂ ਆਪਣੀ ਇਸਤ੍ਰੀ ਨਾਲ ਸੰਜੋ
ਸਾਰ ਮਰ ਜਾਵੇਗਾ। ਇਸ ਲਈ ਪਾਂਡੂ ਕਿਸੇ
ਵੀ ਗ੍ਰਿਹਸਥ ਦਾ ਅਨੰਦ ਨਾ ਮਾਣ ਸਕਿਆ।

ਪਾਂਡੂ ਦੀਆਂ ਦੋਹਾਂ ਇਸਤ੍ਰੀਆਂ ਦੀ ਕੁ
ਦੇਵਤਿਆਂ ਦੁਆਰਾ ਜੰਮੇ, ਕੁੰਤੀ ਦੇ ਉਦਰ ਤੋਂ
ਤੋਂ ਯੁਧਿਸ਼ਟਰ, ਵਾਯੂ ਤੋਂ ਭੀਮ ਅਤੇ ਇੰਦਰ
ਪੈਦਾ ਹੋਏ ਅਤੇ ਮਾਦਰੀ ਦੇ ਉਦਰ ਤੋਂ ਅ
ਦੇਵਤਿਆਂ ਤੋਂ ਨਕੁਲ ਅਤੇ ਸਹਿਦੇਵ ਪੈਦਾ
ਨੇ ਇਨ੍ਹਾਂ ਪੰਜਾਂ ਪੁੱਤਰਾਂ ਨੂੰ ਆਪਣੇ ਪੁੱਤਰ
ਲਿਆ ਤੇ ਇਹ ਆਪਣੇ ਪਿਤਾ ਦੇ ਨਾਂ
ਪਾਂਡਵ ਪ੍ਰਸਿਧ ਹੋਏ।

(ਪ-131) **ਪਾਣੀ** :

ਪਾਣੀ ਬਾਰੇ ਕਈ ਤਰ੍ਹਾਂ ਦੇ ਭਰਮ ਵ
ਤੇ ਮਨੌਤਾਂ ਪ੍ਰਚਲਤ ਹਨ। ਨਿਰਮਲ ਪਾਣੀ ਪ
ਜਾਂਦਾ ਹੈ ਤੇ ਜਿਹੜੀ ਵੀ ਚੀਜ਼ ਇਸ ਨਾਲ
ਹੈ ਉਹ ਸੁੱਚੀ ਤੇ ਸਵੱਛ ਹੋ ਜਾਂਦੀ ਹੈ। ਜੇ
ਚੂਹੜੇ ਜਾਂ ਅਛੂਤ ਨਾਲ ਲਗ ਕੇ ਭਿੱਟ ਜ
ਦਾ ਤਰੌਂਕਾ ਮਾਰਨ ਨਾਲ ਭਿੱਟ ਉਤਰ
ਮਰਘਟ ਤੋਂ ਜਦੋਂ ਲੋਕ ਵਾਪਿਸ ਆਉਂਦੇ
ਦਾਖਲ ਹੋਣ ਤੋਂ ਪਹਿਲਾਂ ਉਨ੍ਹਾਂ ਉੱਤੇ ਪਾ
ਮਾਰਿਆ ਜਾਂਦਾ ਹੈ ਤਾਂ ਜੋ ਪਾਤਕ ਉਤਰ ਜ
ਨੂੰ ਪਵਿਤ੍ਰ ਕਰਨ ਲਈ ਵੀ ਪਾਣੀ ਦਾ ਤ
ਜਾਂਦਾ ਹੈ। ਜਦੋਂ ਸਿਖ ਗੁਰੂ ਗ੍ਰੰਥ ਸਾਹਿਬ
ਕਿਧਰੇ ਲਿਜਾਂਦੇ ਹਨ ਤਾਂ ਅੱਗੇ ਅੱਗੇ ਇਕ
ਦਾ ਤਰੌਂਕਾ ਦੇਂਦਾ ਜਾਂਦਾ ਹੈ, ਇਸ ਤਰ੍ਹਾਂ ਰਾ
ਜਾਂਦਾ ਹੈ।

ਨਵੇਂ ਗ੍ਰਹਿ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਉਥੇ ਪਾਣੀ ਦਾ ਘੜਾ ਭਰ ਕੇ ਉਪਰ ਜੋਤ ਜਲਾ ਕੇ ਰਖਦੇ ਹਨ ।

ਪਾਣੀ ਪ੍ਰੇਤ ਰੂਹਾਂ ਨੂੰ ਦੂਰ ਰਖਦਾ ਹੈ । ਪ੍ਰੇਤ ਰੂਹਾਂ ਪਵਿਤ੍ਰ ਥਾਂ ਦੇ ਨੇੜੇ ਨਹੀਂ ਢੁਕਦੀਆਂ । ਜਿਥੇ ਨਿਰਮਲ ਪਾਣੀ ਹੋਵੇ ਉਥੋਂ ਪ੍ਰੇਤ ਰੂਹਾਂ ਦੂਰ ਰਹਿੰਦੀਆਂ ਹਨ । ਇਸ ਲਈ ਛਿਲੇ ਦੇ ਕਮਰੇ ਵਿਚ 13 ਦਿਨ ਜਲ ਦਾ ਘੜਾ ਭਰ ਕੇ ਰਖਿਆ ਜਾਂਦਾ ਹੈ । ਜੇ ਕਿਸੇ ਦੀਆਂ ਬਲਾਵਾਂ ਆਪਣੇ ਸਿਰ ਲੈਣੀਆਂ ਹੋਣ, ਤਾਂ ਉਸ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ ਜਾਂਦਾ ਹੈ ।

ਪਾਣੀ ਆਪਣੇ ਆਪ ਵਿਚ ਇਕ ਦੈਵੀ ਪਦਾਰਥ ਹੈ । ਨਵੇਂ ਜੰਮੇ ਬੱਚੇ ਨੂੰ ਪਹਿਲੀ ਵਾਰ ਪਾਣੀ ਰਸਮੀ ਢੰਗ ਨਾਲ ਪਿਲਾਇਆ ਜਾਂਦਾ ਹੈ । ਇਸ ਰਸਮ ਨੂੰ ਪਾਣੀ ਚਖਾਣਾ ਕਹਿੰਦੇ ਹਨ । ਕਈ ਸਿੱਖ ਤਾਂ ਬੱਚੇ ਨੂੰ ਵਿਸਾਖੀ ਵਾਲੇ ਦਿਨ ਪਾਣੀ ਚਖਾਦੇ ਹਨ ।

ਪਾਣੀ ਨਾਲ ਕਈ ਤਰ੍ਹਾਂ ਦੇ ਭਰਮ-ਵਿਸ਼ਵਾਸ਼ ਵੀ ਜੁੜੇ ਹੋਏ ਹਨ । ਪਾਣੀ ਪੀ ਕੇ ਘਰੋਂ ਨਿਕਲੀਏ ਤਾਂ ਆਖਦੇ ਹਨ ਕੰਮ ਸਿਰੇ ਨਹੀਂ ਚੜ੍ਹਦਾ । ਜੇ ਰਾਹ ਵਿਚ ਟੁੱਟਾ ਘੜਾ ਮਿਲ ਜਾਵੇ ਤਾਂ ਵੀ ਸਫਲਤਾ ਨਹੀਂ ਮਿਲਦੀ । ਪਰ ਜੇ ਘਰੋਂ ਨਿਕਲਦਿਆਂ ਸਾਰ, ਕੋਈ ਪਾਣੀ ਦਾ ਘੜਾ ਚੁਕੀ ਅਗੋਂ ਲੰਘ ਜਾਵੇ, ਤਾਂ ਇਹ ਸ਼ੁਭ ਸ਼ਗਨ ਹੈ, ਕੰਮ ਵਿਚ ਸਫਲਤਾ ਪ੍ਰਾਪਤ ਹੋਵੇਗੀ ।

ਜੇ ਕੋਈ ਸ਼ਖ਼ਸ ਆਪਣੇ ਘਰੋਂ, ਪਾਣੀ ਦਾ ਘੁੱਟ ਮੂੰਹ ਵਿਚ ਪਾ ਕੇ, ਕਿਸੇ ਦੂਜੇ ਦੇ ਘਰ ਜਾਵੇ ਅਤੇ ਦੂਜੇ ਘਰ ਦੀ ਦਲ੍ਹੀਜ਼ ਟਪਦਿਆਂ ਸਾਰ ਘੁਟ ਅੰਦਰ ਲੰਘਾ ਲਏ ਤਾਂ ਦੂਜਾ ਪਹਿਲੇ ਦੇ ਵਸ ਵਿਚ ਆ ਜਾਂਦਾ ਹੈ । ਜੇ ਕੋਈ ਪਾਣੀ ਦਾ ਘੁਟ ਭਰ ਕੇ ਕਿਸੇ ਨੂੰ ਬਦ-ਅਸੀਸ ਦੇਵੇ ਤਾਂ ਉਸ ਦਾ ਅਸਰ ਅਵੱਸ਼ ਹੁੰਦਾ ਹੈ । ਇਸ ਲਈ ਮੁਹਾਵਰਾ ਵੀ ਹੈ :

ਪਾਣੀ ਪੀ ਪੀ ਕੇ ਕੋਸਣਾ ।

ਪਾਣੀ ਦੀ ਪੂਜਾ ਕਈ ਰੂਪਾਂ ਵਿਚ ਕੀਤੀ ਜਾਂਦੀ ਹੈ ।

## (ਪ-132) **ਪਾਣੀ ਗ੍ਰਹਿਣ** :

ਆਰੀਆ ਜਾਤੀ ਵਿਚ ਪੁਰਾਤਨ ਵਿਆਹ ਨਾਲ ਸਬੰਧਿਤ ਇਕ ਰੀਤ; ਇਸ ਰੀਤ ਸਮੇਂ ਵਰ ਮੰਤਰ ਦਾ ਉਚਾਰਨ ਕਰਦਾ ਹੋਇਆ ਕੰਨਿਆ ਦੇ ਹੱਥ ਫੜਦਾ ਸੀ । ਜਿਸ ਦੇ ਅਰਥ ਹਨ : ਮੈਂ [illegible]

ਕੇਵਲ ਉਂਗਲਾਂ ਹੀ ਹੱਥ ਵਿਚ ਲਏ, ਅ
ਇਸ ਦਾ ਭਾਵ ਹੈ ਕਿ ਵਰ ਸਿਰਫ਼ ਪੁਤਰ ਹ
ਜੇ ਵਰ ਮੁੰਡਾ ਕੁੜੀ ਦੋਵੇਂ ਤਰ੍ਹਾਂ ਦੀ ਸੰਤ
ਤਾਂ ਉਹ ਉਸ ਦੇ ਸਾਰੇ ਹੱਥ ਨੂੰ ਹੱਥ ਵਿਚ ਲੈ

ਇਹ ਰਸਮ ਅਜੇ ਵੀ ਹਿੰਦੂਆਂ ਵਿਚ ਪ੍ਰ
ਵਿਆਹ ਸਮੇਂ ਦੂਲ੍ਹਾ ਦੁਲ੍ਹਨ ਦਾ ਹੱਥ ਗ੍ਰ
ਜਿਸ ਨੂੰ ਹੱਥ-ਲੇਵਾ ਕਹਿੰਦੇ ਹਨ (ਵੇਖੋ : ਹੱ

## (ਪ-133) **ਪਾਣੀ ਚਖਾਣਾ** :

ਨਵੇਂ ਜੰਮੇ ਬੱਚੇ ਦੇ ਮੂੰਹ, ਪਹਿਲੀ ਵਾ
ਨਾਲ ਪਾਣੀ ਲਗਾਣਾ । ਬੱਚੇ ਨੂੰ ਪਹਿ
ਪਿਲਾਣ ਲਗਿਆਂ ਪਾਣੀ ਵਿਚ ਮਿੱਠਾ ਜ
ਦਿਤਾ ਜਾਂਦਾ ਹੈ । ਕਈ ਲੋਕ ਕਿਸੇ ਬਜ਼
ਬੱਚੇ ਨੂੰ ਪਾਣੀ ਚਖਾਂਦੇ ਹਨ, ਪਰ ਆਮ ਤੌ
ਪਿਉ ਹੀ ਬੱਚੇ ਦੇ ਮੂੰਹ ਪਾਣੀ ਲਗਾਂਦੇ ਹਨ
ਬੱਚੇ ਨੂੰ ਪਹਿਲਾ ਪਾਣੀ ਵਿਸਾਖੀ ਵਾਲੇ ਦਿ
ਜਾਂਦਾ ਹੈ ।

ਖਤ੍ਰੀਆਂ ਵਿਚ ਨਵੇਂ-ਜੰਮੇ ਬਾਲਕ ਨੂੰ
ਦਿਨ ਰਸਮੀ ਢੰਗ ਨਾਲ, ਪਾਣੀ ਚਖਾਇ
ਵਿਸਾਖੀ ਵਾਲੇ ਦਿਨ ਸਿੱਖ ਖਤ੍ਰੀ ਗੁਰਦਵਾਰੇ
ਭਾਂਡੇ ਵਿਚ ਅੰਮ੍ਰਿਤ ਪਾ ਕੇ, ਉਸ ਵਿਚ
ਬੱਚੇ ਦੇ ਮੂੰਹ ਵਿਚ ਕੁਝ ਬੂੰਦਾਂ ਪਾਈਆਂ ਜ
ਇਸ ਰਸਮ ਵੇਲੇ ਕੁਝ ਨਜ਼ਦੀਕੀ ਅੰਗਾਂ ਸਾਕ
ਲਿਆ ਜਾਂਦਾ ਹੈ । ਲੋਕ-ਨਿਸਚੇ ਅਨੁਸਾਰ
ਦਿਨ ਪਹਿਲੀ ਵਾਰ ਜਲ ਮੂੰਹ ਲਗਾਉਣ
ਅੰਮ੍ਰਿਤ ਦਾ ਅਸਰ ਕਰਦਾ ਤੇ ਬੱਚਾ ਹਮੇ
ਸਿਹਤਮੰਦ ਰਹਿੰਦਾ ਹੈ । ਜਿਹੜੇ ਲੋਕ ਬੱ
ਪਾਣੀ ਪਿਲਾਉਂਦੇ ਰਹਿੰਦੇ ਹਨ, ਉਹ
ਬੱਚੇ ਨੂੰ ਰਸਮੀ ਤੌਰ ਤੇ ਪਾਣੀ ਚਖਾਂਦੇ
ਵਿਚ ਪਾਣੀ ਚਖਾਣ ਸਮੇਂ ਪੰਘੂਰ ਵੰਡੇ ਜਾਂਦੇ

## (ਪ-134) **ਪਾਣੀ ਦਾ ਛਰੋਂਕਾ** :

ਕਿਸੇ ਪ੍ਰਾਣੀ ਜਾਂ ਵਸਤੂ ਨੂੰ, ਸ਼ੁਧ ਕਰ
ਦਾ ਛੱਟਾ ਮਾਰਿਆ ਜਾਂਦਾ ਹੈ । ਲੋਕ-ਵਿ

ਇਸ਼ਨਾਨ ਕਰਨ ਦਾ ਮਹਾਤਮ ਪ੍ਰਾਪਤ ਹੋ ਜਾਂਦਾ ਹੈ ।

ਪੰਜਾਬ ਵਿਚ ਜੇ ਕੋਈ ਉੱਚੀ ਜਾਤੀ ਦਾ ਹਿੰਦੂ ਬਾਹਰੋਂ ਚੂਹੜੇ ਜਾਂ ਕਿਸੇ ਨੀਚ ਜਾਤ ਦੇ ਅਛੂਤ ਪ੍ਰਾਣੀ ਨਾਲ, ਛੂਹਣ ਕਰ ਕੇ ਭਿੱਟ ਗਿਆ ਹੋਵੇ ਤਾਂ ਘਰ ਦਾਖ਼ਲ ਹੋਣ ਲਗਿਆਂ ਕਪੜਿਆਂ ਤੇ ਪਿੰਡੇ ਉਤੇ ਪਾਣੀ ਦਾ ਤਰੌਂਕਾ ਮਾਰ ਲੈਂਦਾ ਹੈ । ਜਦੋਂ ਕੋਈ ਸ਼ਖ਼ਸ ਮਸਾਣਾਂ ਤੋਂ ਕਿਸੇ ਮ੍ਰਿਤਕ ਦਾ ਦਾਹ-ਸੰਸਕਾਰ ਕਰ ਕੇ ਘਰ ਮੁੜੇ ਤਾਂ ਉਹ ਦਹਲੀਜ਼ ਟੱਪਣ ਤੋਂ ਪਹਿਲਾਂ ਰੁਕ ਜਾਂਦਾ ਹੈ ਅਤੇ ਘਰ ਦਾ ਕੋਈ ਬੰਦਾ ਉਸ ਉਤੇ ਪਾਣੀ ਦੇ ਛੱਟੇ ਮਾਰਦਾ ਹੈ । ਇਸ ਤਰ੍ਹਾਂ ਪਾਤਕ ਦੀ ਭਿੱਟ ਉਤਰ ਜਾਂਦੀ ਹੈ ।

ਅਨੇਕਾਂ ਸੰਸਕਾਰਾਂ ਸਮੇਂ ਹਿੰਦੂ ਉਸ ਪ੍ਰਾਣੀ ਨੂੰ, ਪਾਣੀ ਦੇ ਛੱਟੇ ਨਾਲ ਸ਼ੁੱਧ ਕਰਦੇ ਹਨ ਜਿਸ ਦਾ ਸੰਸਕਾਰ ਹੋ ਰਿਹਾ ਹੋਵੇ । ਮੁੰਡਣ ਸਮੇਂ ਪ੍ਰੋਹਿਤ ਬੱਚੇ ਦੇ ਸਿਰ ਉਤੇ ਪਾਣੀ ਦਾ ਛੱਟਾ ਮਾਰਦਾ ਹੈ । ਵਿਆਹ ਵੇਲੇ ਪ੍ਰੋਹਿਤ ਲਾੜ੍ਹਾ ਤੇ ਲਾੜ੍ਹੀ ਉਤੇ ਪਾਣੀ ਦਾ ਛੱਟਾ ਮਾਰਦਾ ਹੈ ।

### (ਪ-135) ਪਾਣੀ ਦੇਣਾ :

(ੳ) ਸਰਾਧਾਂ ਦੇ ਦਿਨਾਂ ਵਿਚ ਹਿੰਦੂ ਆਪਣੇ ਪਿੱਤਰਾਂ ਨਮਿਤ, ਤਲੀਆਂ ਵਿਚ ਪਾਣੀ ਭਰ ਉਪਰ ਵਲ ਛੱਡਦੇ ਹਨ । ਨਿਸਚਾ ਹੈ ਕਿ ਇਹ ਪਾਣੀ ਉਨ੍ਹਾਂ ਦੇ ਪਿੱਤਰਾਂ ਕੋਲ ਪਹੁੰਚਦਾ ਹੈ ।

ਨਿਸਚਾ ਹੈ ਕਿ ਪਿੱਤਰਾਂ ਨੂੰ ਅਗਲੇ ਲੋਕ ਵਿਚ ਰੂਹ ਦੀ ਪਦਾਰਥਕ ਤੇ ਰੂਹਾਨੀ ਤ੍ਰਿਪਤੀ ਲਈ, ਅੰਨ-ਪਾਣੀ ਦੀ ਲੋੜ ਰਹਿੰਦੀ ਹੈ । ਇਹ ਵਸਤੂਆਂ ਇਸੇ ਲੋਕ ਵਿਚੋਂ ਸਮੇਂ ਸਮੇਂ ਪਿੱਤਰਾਂ ਨਮਿਤ ਕੀਤੇ ਪਿੰਡ-ਪੱਤਲ, ਸਰਾਧ ਤੇ ਪਾਣੀ ਦੇਣ ਆਦਿ ਦੇ ਕਰਮ-ਕਾਂਡਾਂ ਦੁਆਰਾ ਅਗਲੇ ਲੋਕ ਵਿਚ ਪਹੁੰਚਾਈਆਂ ਜਾ ਸਕਦੀਆਂ ਹਨ । ਇਥੇ ਦਾਨ ਦਿਤੀ, ਹਰ ਵਸਤੂ ਅਗਲੇ ਲੋਕ ਪਿੱਤਰਾਂ ਤਕ ਪਹੁੰਚ ਜਾਂਦੀ ਹੈ । ਸੋ ਹਿੰਦੂ ਖ਼ਾਸ ਖ਼ਾਸ ਤਿੱਥਾਂ ਉਤੇ ਹਰਦੁਆਰ ਜਾਂ ਕਿਸੇ ਹੋਰ ਤੀਰਥ ਉਤੇ ਜਾ ਕੇ ਪਿੱਤਰਾਂ ਨੂੰ ਪਾਣੀ ਦੇਂਦੇ ਹਨ । ਅਥਵਾ ਪਾਣੀ ਦੀ ਬੁਕ ਭਰ ਕੇ ਪਿੱਤਰਾਂ ਦਾ ਨਾਉਂ ਲੈਂਦੇ ਹੋਏ ਬੁਕ ਵਿਚੋਂ ਪਾਣੀ ਛੱਡ ਦੇਂਦੇ ਹਨ । ਮੋਏ ਪਿਤਰਾਂ ਨੂੰ ਪੁੱਤਰ, ਪੋਤਰਾ ਜਾਂ ਨਾਤੀ ਹੀ ਪਾਣੀ ਦੇਣ ਦਾ ਅਧਿਕਾਰੀ ਹੁੰਦਾ ਹੈ ।

ਪਿੱਤਰਾਂ ਦਾ ਨਿਵਾਸ ਸੂਰਜ ਅਥਵਾ ਚੰਦਰ ਲੋਕ

### (ਪ-136) ਪਾਣੀ ਪਿਲਾਵਣਾ :

ਕੁਝ ਹਿੰਦੂਆਂ ਵਿਚ ਕੁੜਮਾਈ (ਮੰਗਣੀ)
ਤੋੜਨ ਦੀ ਇਕ ਰੀਤ, ਜੋ ਮੁਜ਼ਫ਼ਰਗੜ੍ਹ, ਬਹਾ
ਲਹਿੰਦੇ ਦੇ ਕੁਝ ਹੋਰ ਇਲਾਕਿਆਂ ਵਿਚ ਬੜੀ
ਸੀ । ਇਹਨਾਂ ਵਿਚ ਕੁੜਮਾਈ ਨੂੰ ਵੀ ਵਿਆਹ
ਵਾਂਗ ਅਟੁਟ ਸਮਝਿਆ ਜਾਂਦਾ ਹੈ । ਜੇ ਕੁੜਮਾ
ਕੰਨਿਆਂ ਬੀਮਾਰ ਪੈ ਜਾਵੇ ਤੇ ਉਸ ਦੇ ਬਚਣ
ਉਮੀਦ ਨਾ ਰਹੇ ਤਾਂ ਵਰ ਨੂੰ ਬੀਮਾਰ ਕੰਨਿਆ
ਸੱਦ ਕੇ ਉਸ ਦੇ ਮੰਜੇ ਕੋਲ ਸਰਹਾਣੇ ਵਲ
ਦਿਤਾ ਜਾਂਦਾ ਹੈ । ਫਿਰ ਉਹ ਕਟੋਰੇ ਵਿਚੋਂ
ਕੁਝ ਘੁਟ ਭਰਦਾ ਹੈ । ਮਗਰੋਂ ਉਸੇ ਕਟੋਰੇ ਵਿ
ਪਾਣੀ ਦੇ ਉਤਨੇ ਹੀ ਘੁਟ ਭਰਦੀ ਹੈ । ਫਿਰ ਵ
ਸੰਬੋਧਨ ਕਰ ਕੇ ਕਹਿੰਦਾ ਹੈ, 'ਹੁਣ ਤੋਂ ਤੂੰ ਮੇ
ਇਸ ਰੀਤ ਮਗਰੋਂ ਕੁੜਮਾਈ ਟੁਟ ਜਾਂਦੀ ਹੈ ।
ਬਚ ਜਾਵੇ ਤਾਂ ਰਿਸ਼ਤਾ ਟੁਟਿਆ ਨਹੀਂ ਮੰਨਿਆ

ਇਸੇ ਤਰ੍ਹਾਂ ਜੇ ਵਰ ਸਖ਼ਤ ਬੀਮਾਰ ਹੋਵੇ ਤ
ਉਸਦੇ ਘਰ ਆ ਕੇ ਇਹੋ ਰੀਤ ਕਰਦੀ ਹੈ ।

ਜੇ ਲੜਕਾ/ਲੜਕੀ ਮੰਗੇਤਰ ਦੇ ਪਹੁੰਚਣ
ਹੀ ਚਲ ਵਸੇ, ਤਾਂ ਉਦੋਂ ਤਕ ਉਸ ਦਾ ਦ
ਨਹੀਂ ਕੀਤਾ ਜਾਂਦਾ ਜਦੋਂ ਤਕ ਮੰਗੇਤਰ ਉ
ਨਾ ਵੇਖ ਲਏ । ਜੇ ਕਿਸੇ ਕਾਰਨ ਦਾਹ-ਸੰਸ
ਦੇ ਪਹੁੰਚਣ ਤੋਂ ਪਹਿਲਾਂ ਕਰਨਾ ਪੈ ਜਾਵੇ ਤ
ਲੜਕੇ,ਲੜਕੀ ਦੇ ਮੱਥੇ ਵਿਚੋਂ ਲਹੂ ਦੀਆਂ ਬੂੰ
ਭਰ ਲਈਆਂ ਜਾਂਦੀਆਂ ਹਨ ਅਤੇ ਉਸ ਦੇ
ਘਰ ਇਹ ਰੂੰ ਕਿਸੇ ਤਰੀਕੇ ਨਾਲ ਸੁਟ ਦਿਤੀ
ਇਹ ਰੂੰ ਅਸ਼ੁਭ ਮੰਨੀ ਗਈ ਹੈ । ਜਿਸ ਘਰ
ਉਹ ਹਮੇਸ਼ਾ ਸੰਕਟ ਵਿਚ ਗ੍ਰਸਿਆ ਰਹਿੰਦਾ ਹੈ ।
ਮੰਗੇਤਰ ਦੇ ਘਰ ਵਾਲੇ, ਇਸ ਯਤਨ ਵਿਚ
ਕਿ ਰੂੰ ਉਨ੍ਹਾਂ ਦੇ ਘਰ ਸੁਟਿਆ ਨਾ ਜਾ ਸਕੇ ।
ਦੋਹਾਂ ਧਿਰਾਂ ਵਿਚ ਝਗੜਾ ਤੇ ਫ਼ਸਾਦ ਹੋ ਜਾਂ
ਪਿਛੋਂ ਇਹ ਰੂੰ ਆਪਣੀ ਤਿਲਸਮੀ ਸ਼ਕਤੀ
ਹੈ, ਫਿਰ ਸੁਟਣ ਦਾ ਕੋਈ ਲਾਭ ਨਹੀਂ ।

ਬਹਾਵਲਪੁਰ ਵਿਚ ਇਸੇ ਨਾਲ ਮਿਲਦੀ
'ਸੰਧ ਲਗਾਵਣਾ' ਹੈ, ਜਿਸ ਦੇ ਕਰਨ ਨਾਲ
ਜਾਂਦੀ ਹੈ (ਵੇਖੋ : ਸੰਧ ਲਗਾਵਣਾ) ।

ਪੀਂਦੀਆਂ ਹਨ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਮਾਂ, ਭੈਣਾਂ ਤੇ ਭਰਜਾਈਆਂ ਆਦਿ ਦੁਲ੍ਹਾ ਤੇ ਦੁਲ੍ਹਨ ਦੀਆਂ ਬਲਾਵਾਂ ਆਪਣੇ ਸਿਰ ਲੈ ਰਹੀਆਂ ਹਨ।

ਕਿਸੇ ਭਾਂਡੇ, ਗੜਵੇ ਜਾਂ ਕਟੋਰੇ ਵਿਚ ਕੱਚੀ ਲੱਸੀ ਬਣਾ ਲਈ ਜਾਂਦੀ ਹੈ ਤੇ ਸਭ ਤੋਂ ਪਹਿਲਾਂ ਦੁਲ੍ਹੇ ਦੀ ਮਾਂ ਤਿੰਨ ਵਾਰ ਪਾਣੀ, ਵਾਰ ਕੇ, ਪੀਣ ਲਈ ਗੜਵਾ ਮੂੰਹ ਕੋਲ ਲਿਜਾਂਦੀ ਹੈ ਤਾਂ ਦੁਲ੍ਹਾ ਮਾਂ ਦਾ ਹੱਥ ਰੋਕ ਲੈਂਦਾ ਹੈ ਤੇ ਪਾਣੀ ਪੀਣ ਨਹੀਂ ਦੇਂਦਾ। ਭਾਵ ਉਸ ਦੀਆਂ ਬਲਾਵਾਂ ਲੈਣ ਨਹੀਂ ਦੇਂਦਾ। ਧਾਰਨਾ ਹੈ ਕਿ ਜੇ ਸੱਸ ਪਾਣੀ ਪੀ ਲਏ ਤਾਂ ਨਵੀਂ ਦੁਲ੍ਹਨ ਦਾ ਸਾਰਾ ਪਿਆਰ ਸੱਸ ਵਿਚ ਹੀ ਪੈ ਜਾਂਦਾ ਹੈ। ਸੱਸ ਦੇ ਮਗਰੋਂ ਦਰਜਾ-ਬਦਰਜਾ ਨਨਾਣਾਂ ਤੇ ਜੇਠਾਣੀਆਂ/ਵੱਡੀਆਂ ਪਾਣੀ ਵਾਰਦੀਆਂ ਹਨ ਤੇ ਲਾੜ੍ਹਾ ਉਨ੍ਹਾਂ ਨੂੰ ਪਾਣੀ ਪੀਣ ਤੋਂ ਵਰਜਦਾ ਹੈ।

ਇਸ ਅਵਸਰ ਉਤੇ ਬਰਾਦਰੀ ਦੀਆਂ ਤੀਵੀਆਂ ਰਲ ਕੇ ਗੀਤ ਗਾਉਂਦੀਆਂ ਹਨ:

ਓ ਆਂਦੀ ਮੋਂਡੇ ਵੀਰ ਵੰਨੀ ਲਾਡਲੀ,
ਮਾਉਂ ਪਾਣੀ ਪੀਤਾ ਵਾਰ
ਭੈਣ ਰਖਿਆ ਨਾਲ ਪਿਆਰ।

ਇਸ ਮੌਕੇ 'ਤੇ ਤੀਵੀਆਂ ਸਿੱਠਣੀਆਂ ਵੀ ਦੇਂਦੀਆਂ ਤੇ ਨਵੀਂ ਵਹੁਟੀ ਨਾਲ ਠਠੋਲੀਆਂ ਵੀ ਕਰਦੀਆਂ ਹਨ। ਜੇ ਵਹੁਟੀ ਛੋਟੀ ਲਗੇ ਤਾਂ ਆਖਦੀਆਂ ਹਨ:

ਬਾਗੋਂ ਫਸਲ ਕੱਚਾ
ਘਿੰਨ ਆਇਓਂ ਖਿੱਲੀ ਦਾ ਬੱਚਾ।

ਤੇ ਜੇ ਵਹੁਟੀ ਵੱਡੀ ਲਗੇ ਤਾਂ:

ਘੋੜੀ ਪੂਛਲ ਲੰਮਾ
ਘਿੰਨ ਆਇਓਂ ਬੁੱਢੀ ਅੰਮਾ।

ਪਾਣੀ ਵਾਰਨ ਦੀ ਰੀਤ ਮਗਰੋਂ ਵਹੁਟੀ ਘਰ ਦੀ ਮੁਹਾਣ ਟੱਪਦੀ ਹੈ। ਪਹਿਲਾਂ ਮੁਹਾਠ ਵਿਚ ਤੇਲ ਚੋਇਆ ਜਾਂਦਾ ਹੈ। ਤੇ ਫਿਰ ਉਹ ਅੰਦਰ ਕਦਮ ਪਾਉਂਦੀ ਹੈ। ਇਸ ਮੌਕੇ ਤੇ ਗੀਤ ਗਾਇਆ ਜਾਂਦਾ ਹੈ:

ਜਿਣ ਆਇਉ ਮਹਾਰਾਜਾ ਵੇ! ਜਿਣ ਆਇਉ!

ਪਾਣੀ ਵਾਰ ਕੇ ਪੀਣ ਦਾ ਭਾਵ ਹੁੰਦਾ ਹੈ ਕਿ ਵਹੁਟੀ ਦੀਆਂ ਬਲਾਵਾਂ ਘਰ ਦੀਆਂ ਤੀਵੀਆਂ ਆਪਣੇ ਸਿਰ ਲੈਣਾ ਚਾਹੁੰਦੀਆਂ ਹਨ। ਪਰ ਦੁਲ੍ਹਾ ਪਾਣੀ ਪੀਣ ਤੋਂ ਵਰਜਦਾ

ਇਕ ਗਹਿਣੇ ਨਾਲ ਮਿਲਦਾ ਜੁਲਦਾ ਹੈ
ਦੀ ਖੁਦਾਈ ਵਿਚੋਂ ਮਿਲਿਆ। ਖੁਦਾਈ
ਸੀ ਸਿਰ ਉਤੇ ਬੰਨ੍ਹਣ ਦਾ। ਦਸ-ਬਾਰਾਂ
ਸੋਨੇ ਦੀਆਂ ਪੱਤੀਆਂ ਮਿਲੀਆਂ ਹਨ। ਪਾ
ਦਾ ਰੂਪ ਜਾਪਦਾ ਹੈ।

## (ਪ-139) **ਪਾਤਕ**:

(ੳ) ਕਿਸੇ ਪ੍ਰਾਣੀ ਦੇ ਮਰਨ ਕਰ ਕੇ
ਹੋਈ ਅਪਵਿਤ੍ਰਤਾ; ਧਰਮ ਸ਼ਾਸਤਰਾਂ ਅਨੁ
ਪ੍ਰਾਣੀ ਦੀ ਮ੍ਰਿਤੂ ਹੋ ਜਾਵੇ ਤਾਂ ਉਸ ਦਾ
ਬ੍ਰਾਹਮਣ ਹੋਵੇ ਤਾਂ ਦਸ ਦਿਨਾਂ ਲਈ, ਜੇ
ਤਾਂ ਤੇਰ੍ਹਾਂ ਦਿਨਾਂ ਲਈ, ਜੇ ਵੈਸ਼ ਹੋਵੇ ਤ
ਲਈ ਅਤੇ ਜੇ ਸੂਦਰ ਹੋਵੇ ਤਾਂ ਤੀਹ ਦਿਨਾਂ
ਹੋ ਜਾਂਦਾ ਹੈ। ਕੁਝ ਸਿਮਰਤੀਆਂ ਵਿਚ ਦਿ
ਵੱਖਰੀ ਦਿਤੀ ਹੋਈ ਹੈ। ਇਨ੍ਹਾਂ ਦਿਨਾਂ
ਦਾ ਖਾਣਾ ਮਨ੍ਹਾ ਹੈ। ਪਾਤਕ ਦੇ ਘਰ ਦਾ
ਅਸ਼ੁਧ ਹੋ ਜਾਂਦਾ ਹੈ। ਜੇ ਪਾਤਕ ਦੇ ਘ
ਜਾਣਾ ਪੈ ਜਾਵੇ ਤਾਂ ਘਰ ਆ ਕੇ ਪਹਿਲਾਂ
ਕਪੜੇ ਧੋਣੇ ਤੇ ਇਸ਼ਨਾਨ ਕਰਨਾ ਜ਼ਰੂਰੀ ਹੈ

(ਅ) ਸਿਮਰਤੀਆਂ ਅਨੁਸਾਰ ਦਸ
ਕਰਨ ਨਾਲ ਪ੍ਰਾਣੀ ਪਤਿਤ ਹੋ ਜਾਂਦਾ
ਪਾਪਾਂ ਦੇ ਨਾਂ ਹਨ: ਹਿੰਸਾ, ਚੋਰੀ, ਪਰ
ਕੌੜਾ ਬੋਲਣਾ, ਝੂਠ ਬੋਲਣਾ, ਚੁਗਲੀ ਕ
ਪਾਲਨਾ, ਬੁਰਾ ਚਿਤਵਣਾ, ਦੂਜੇ ਦਾ ਧਨ
ਸੋਚਣਾ ਤੇ ਪੁੰਨ ਕਰ ਕੇ ਫਲ ਦੀ ਕਾਮਨਾ ਕ
ਤਿੰਨ ਸਰੀਰਕ ਪਾਪ ਹਨ, ਅਗਲੇ ਚਾਰ ਵ
ਹਨ ਤੇ ਅਖੀਰਲੇ ਤਿੰਨ ਮਾਨਸਿਕ ਪਾਪ।

## (ਪ-140) **ਪਾਤਾਲ**:

ਪੁਰਾਣਾਂ ਅਨੁਸਾਰ ਧਰਤੀ ਦੇ ਹੇਠਾਂ
ਨਾਗ, ਦੈਂਤ, ਦਾਨਵ ਤੇ ਯੱਖਸ਼ ਆਦਿ ਜਾਤ
ਹਨ। ਇਨ੍ਹਾਂ ਲੋਕਾਂ ਦੀ ਗਿਣਤੀ ਸੱਤ ਮੰ
ਜਿਸ ਕਰਕੇ ਇਨ੍ਹਾਂ ਨੂੰ 'ਸਪਤ ਪਾਤਾਲ' ਵੀ
ਹੈ। ਪੁਰਾਣਾਂ ਅਨੁਸਾਰ ਸਭ ਤੋਂ ਹੇਠਲਾ

ਪਦਮ ਪੁਰਾਣ ਵਿਚ ਸੱਤ ਪਤਾਲਾਂ ਦੇ ਨਾਂ ਰਤਾ ਭਿੰਨ ਭਿੰਨ ਦਿਤੇ ਹੋਏ ਹਨ—(1) ਅਤਲ, ਇਹ ਮਹਾ ਮਾਇਆ ਦੇ ਅਧੀਨ ਹੈ। (2) ਵਿਤਲ—ਇਥੇ ਹਾਟਕੇਸ਼ਵਰ, ਜੋ ਸ਼ਿਵ ਦਾ ਹੀ ਇਕ ਰੂਪ ਹੈ, ਦਾ ਅਧਿਕਾਰ ਹੈ। (3)ਸੁਤਲ—ਇਥੇ ਰਾਜੇ ਬਲੀ ਦਾ ਰਾਜ ਹੈ। (4)ਤਲਾਤਲ—ਇਥੇ ਮਾਇਆ ਦਾ ਰਾਜ ਹੈ। (5) ਮਹਾਤਲ—ਇਥੇ ਅਜਗਰਾਂ ਦਾ ਨਿਵਾਸ ਹੈ। (6) ਰਸਾਤਲ—ਇਥੇ ਦੈਂਤ ਤੇ ਦਾਨਵ ਰਹਿੰਦੇ ਹਨ। (7) ਪਾਤਾਲ—ਇਥੇ ਨਾਗ ਦੇਵਤੇ ਰਹਿੰਦੇ ਹਨ ਤੇ ਵਾਸੁਕੀ (ਬਾਸ਼ਕ ਨਾਗ) ਦਾ ਰਾਜ ਹੈ।

ਸ਼ਿਵ ਪੁਰਾਣ ਅਨੁਸਾਰ ਪਾਤਾਲ ਅਠ ਹਨ ਜਿਨ੍ਹਾਂ ਦੇ ਨਾਂ ਹਨ—ਪਾਤਾਲ, ਤਲ, ਅਤਲ, ਵਿਤਲ, ਤਾਲ, ਵਿਧੀ ਪਾਤਾਲ ਸਰਕਰਾ ਭੂਮੀ ਅਤੇ ਵਿਜਯ।

## (ਪ-141) ਪਾਤੀ :

ਚਿੱਠੀ; ਪਾਤੀ ਨੂੰ ਵੇਖ ਕੇ ਹੀ ਪਤਾ ਲਗ ਜਾਂਦਾ ਹੈ ਇਹ ਖ਼ੁਸ਼ੀ ਦੀ ਖ਼ਬਰ ਲਿਆਈ ਹੈ ਜਾਂ ਮੌਤ ਦੀ। ਵਿਆਹ ਦੇ ਸੁਨੇਹੇ ਬਾਰੇ ਜੋ ਚਿੱਠੀ ਕੰਨਿਆ ਪੱਖ ਵਾਲੇ ਵਰ ਪੱਖ ਨੂੰ ਲਿਖਦੇ ਹਨ ਉਸ ਉਤੇ ਕੇਸਰ ਤ੍ਰੌਂਕਿਆ ਹੁੰਦਾ ਹੈ ਜਾਂ ਉਹ ਲਿਖੀ ਹੀ ਕੇਸਰ ਨਾਲ ਜਾਂਦੀ ਹੈ। ਅੰਗਾਂ ਸਾਕਾਂ ਨੂੰ ਵਿਆਹ ਦੇ ਸੱਦੇ ਵਜੋਂ ਜੋ ਚਿੱਠੀਆਂ ਲਿਖੀਆਂ ਜਾਂਦੀਆਂ ਹਨ, ਉਨ੍ਹਾਂ ਉਤੇ ਵੀ ਕੇਸਰ ਤਰੌਂਕ ਲਿਆ ਜਾਂਦਾ ਹੈ।

ਜੇ ਚਿੱਠੀ ਦੁਆਰਾ ਕਿਸੇ ਦੀ ਮੌਤ ਦੀ ਖ਼ਬਰ ਹੋਵੇ ਤਾਂ ਚਿੱਠੀ ਦਾ ਇਕ ਕੋਨਾ ਫਾੜ ਦਿਤਾ ਜਾਂਦਾ ਹੈ। ਅਜਿਹੀ ਚਿੱਠੀ ਪੜ੍ਹ ਕੇ ਉਸੇ ਵੇਲੇ ਫਾੜ ਦਿਤੀ ਜਾਂਦੀ ਹੈ। ਘਰ ਵਿਚ ਅਜਿਹੀ ਚਿੱਠੀ ਰਖਣਾ ਅਪਸ਼ਗਨੀ ਹੈ।

ਪ੍ਰੇਮ ਪੱਤਰ ਨੂੰ ਸਾੜਨਾ ਜਾਂ ਫਾੜਨਾ ਅਸ਼ੁਭ ਹੈ। ਅਜਿਹੀ ਚਿੱਠੀ ਨੂੰ ਜੇ ਕੋਲ ਨਾ ਰਖਣਾ ਹੋਵੇ ਤਾਂ ਜਲ ਪ੍ਰਵਾਹ ਕਰਨਾ ਚਾਹੀਦਾ ਹੈ। ਚਿੱਠੀ ਸਾੜਨ ਨਾਲ ਪ੍ਰੇਮ ਦੀਆਂ ਚੰਗਿਆੜੀਆਂ ਛਿੱਕੀਆਂ ਪੈ ਜਾਂਦੀਆਂ ਹਨ।

ਧਾਰਨਾ ਹੈ ਕਿ ਜੇ ਸਵੇਰੇ ਸਵੇਰੇ ਬਨੇਰੇ ਉਤੇ ਕਾਂ ਬੋਲੇ ਤਾਂ ਇਹ ਕਿਸੇ ਪਿਆਰੇ ਸਜਣ ਦੀ ਚਿੱਠੀ ਆਉਣ ਦੀ ਸੂਚਨਾ ਹੁੰਦੀ ਹੈ।

## (ਪ-142) ਪਾਨੀਪਤ

ਹਰਿਆਣੇ ਦਾ ਇਕ ਪ੍ਰਸਿੱਧ ਨਗਰ, ਜੋ ਦਿੱਲੀ ਤੋਂ

ਪਾਨੀਪਤ ਪ੍ਰਾਚੀਨ ਇਤਿਹਾਸਕ ਨਗਰਾਂ ਵਿ ਹੈ। ਮਹਾਭਾਰਤ ਕਾਲ ਦੇ ਕੁਝ ਚਿੰਨ੍ਹ ਇਥੇ ਮਿਲਦੇ ਹਨ।

ਪਾਨੀਪਤ ਵਿਚ 'ਕਲੰਦਰ ਸੰਪਰਦਾਇ' ਦੇ ਇ ਪੀਰ ਅਬੂ ਅਲੀ ਕਲੰਦਰ ਦੀ ਮਜ਼ਾਰ ਹੈ, ਜਿਥੇ ਉਰਸ ਲਗਦਾ ਹੈ ਤੇ ਦੂਰੋਂ ਦੂਰੋਂ ਸ਼ਰਧਾਲੂ ਆਉ ਕਵਾਲ ਮਾਲਕੌਂਸ ਵਿਚ ਕਵਾਲੀਆਂ ਗਾਂਦੇ ਹਨ। ਹੈ ਕਿ ਕਲੰਦਰ ਸਾਹਿਬ ਦਾ ਮ੍ਰਿਤਕ ਸਰੀਰ ਮਾਲਕੌਂਸ ਰਾਗ ਨੂੰ ਸੁਣ ਕੇ ਹਿਲ ਪਿਆ ਸੀ। ਸਮੇਂ ਮੁਸਲਮਾਨਾਂ ਦੀਆਂ ਤਿੰਨ ਸੌ ਪੰਨ੍ਹ ਮਸਜਦਾਂ

ਇਥੇ ਹੀ ਇਬਰਾਹੀਮ ਲੋਧੀ ਦੀ ਕਬਰ ਹੈ ਦੇ ਨਾਲ ਹੀ ਪਾਤਸ਼ਾਹ ਦੇ ਪ੍ਰਸਿਧ ਹਾਥੀ ਦੀ ਕ ਰਵਾਇਤ ਹੈ ਕਿ ਇਹ ਹਾਥੀ ਆਪਣੇ ਸਵਾਮੀ ਦ ਨਾ ਸਹਾਰ ਸਕਿਆ ਤੇ ਇਸ ਨੇ ਇਬਰਾਹੀਮ ਮੌਤ ਮਗਰੋਂ ਝਟ ਹੀ ਪ੍ਰਾਣ ਤਿਆਗ ਦਿਤੇ।

ਇਥੇ ਇਕ ਦੇਵੀ ਦਾ ਪ੍ਰਸਿਧ ਮੰਦਰ ਹੈ ਮਰਹਟਿਆਂ ਨੇ ਬਣਵਾਇਆ ਸੀ।

ਇਕ ਉਦਾਸੀ ਸਮੇਂ, ਗੁਰੂ ਨਾਨਕ ਦੇਵ ਪਧਾਰੇ ਸਨ ਅਤੇ ਉਨ੍ਹਾਂ ਦੀ ਸ਼ੇਖ਼ ਤਾਹਰ, ਜਿਸ ਨੂੰ ਸ਼ੇਖ਼ ਵੀ ਕਿਹਾ ਜਾਂਦਾ ਸੀ, ਦੇ ਨਾਲ ਗੋਸ਼ਟ ਹੋ ਸ਼ੇਖ਼ ਤਾਹਰ ਅਬੂ ਅਲੀ ਕਲੰਦਰ ਦਾ ਅਨੁਯਾਈ ਸੀ

## (ਪ-143) ਪਾਪ-ਅੰਕੁਸ਼ਾ ਇਕਾਦਸ਼ੀ :

ਅੱਸੂ ਦੇ ਚਾਨਣ ਪੱਖ ਦੀ ਇਕਾਦਸ਼ੀ ਨੂੰ ਪ ਇਕਾਦਸ਼ੀ ਆਖਦੇ ਹਨ। ਨਿਸਚਾ ਹੈ ਕਿ ਇਸ ਮਰਯਾਦਾ ਅਨੁਸਾਰ ਵਰਤ ਰਖਣ ਤੇ ਪੂਜਾ ਅਰ ਨਾਲ ਪ੍ਰਾਣੀ ਸਭ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ ਤੋਂ ਉਸ ਦੇ ਮਨ ਵਿਚ ਪਾਪੀ-ਫੁਰਨੇ ਪੈਦਾ ਨਹੀ ਅਥਵਾ ਇਹ ਇਕਾਦਸ਼ੀ ਪਾਪਾਂ ਦੇ ਸਬੰਧ ਵਿਚ ਕੰਮ ਕਰਦੀ ਹੈ।

ਇਸ ਤਿਥ ਨੂੰ ਵੈਸ਼ਨੋ ਮਤ ਵਾਲੇ ਸ਼ਰਧੀ ਵੇਲੇ ਇਸ਼ਨਾਨ ਕਰਦੇ, ਜੇ ਵਰਤ ਰਖਣਾ ਹੋਵੇ ਤਾਂ ਸੰਕਲਪ ਕਰਦੇ, ਤੇ ਫਿਰ ਕੁੰਭ ਪੂਜ ਕੇ ਰਾਮ ਕ੍ਰਿਸ਼ਨ ਦੀ ਮੂਰਤੀ ਦੀ ਸਥਾਪਨਾ ਕਰ ਕੇ ਪੂਜ ਇਸ ਤਿਥ ਨੂੰ ਰਾਤ ਵੇਲੇ ਜਗਰਾਤਾ ਕਰਨਾ ਅ

ਵਾਰ ਅਗਸਤਯ ਰਿਸ਼ੀ ਉਨ੍ਹਾਂ ਦੇ ਮਹਿਲ ਵਿਚ ਆਏ ਤੇ ਕੁਝ ਦਿਨ ਠਹਿਰੇ। ਉਹ ਕਾਂਤੀਮਤੀ ਦੀ ਅਪਾਰ ਸੇਵਾ ਤੋਂ ਬੜੇ ਪ੍ਰਸੰਨ ਹੋਏ। ਤ੍ਰੈਕਾਲਦਰਸ਼ੀ ਹੋਣ ਕਰ ਕੇ ਰਿਸ਼ੀ ਨੇ ਰਾਜੇ ਨੂੰ ਦਸਿਆ ਕਿ ਇਹ ਰਾਣੀ ਪਿਛਲੇ ਜਨਮ ਕਿਸੇ ਰਾਜੇ ਦੀ ਦਾਸੀ ਸੀ। ਇਸ ਨੇ ਬੜੇ ਪੁੰਨ ਕਰਮ ਕੀਤੇ ਤੇ ਹਰ ਸਾਲ ਮਰਯਾਦਾ ਅਨੁਸਾਰ ਪਾਪ-ਅੰਕਸ ਇਕਾਦਸੀ ਦਾ ਵਰਤ ਰਖਿਆ ਜਿਸ ਸਦਕਾ ਇਹ ਰਾਣੀ ਬਣੀ। ਰਾਜੇ ਭਦਰਾਸਵ ਨੇ ਅਗਸਤਯ ਰਿਸ਼ੀ ਤੋਂ ਇਸ ਵਰਤ ਰਖਣ ਦੀ ਸਹੀ ਵਿਧੀ ਪੁੱਛੀ ਤੇ ਅੱਗੇ ਤੋਂ ਉਹ ਇਹ ਵਰਤ ਨੇਮ ਨਾਲ ਰਖਣ ਲੱਗਾ।

(ਪ-144) **ਪਾਪ ਗ੍ਰਹਿ** :

ਜੋਤਿਸ਼ ਅਨੁਸਾਰ ਸ਼ਨੀ, ਮੰਗਲ, ਰਾਹੂ ਤੇ ਕੇਤੂ ਪਾਪ ਗ੍ਰਹਿ ਹਨ, ਕਿਉਂ ਜੋ ਇਨ੍ਹਾਂ ਗ੍ਰਹਿਆਂ ਦੇ ਅਸਰ ਹੇਠਾਂ ਉਹ ਪ੍ਰਾਣੀ ਹੀ ਜਨਮ ਲੈਂਦੇ ਹਨ, ਜਿਨ੍ਹਾਂ ਨੇ ਪਿਛਲੇ ਜਨਮ ਵਿਚ ਪਾਪ ਕੀਤੇ ਹੋਣ।

(ਪ-145) **ਪਾਪ-ਮੋਚਨੀ ਇਕਾਦਸ਼ੀ** :

ਚੇਤਰ ਦੇ ਹਨੇਰੇ ਪੱਖ ਦੀ ਇਕਾਦਸ਼ੀ; ਵੈਸ਼ਨੋ ਮਤ ਅਨੁਸਾਰ ਇਸ ਤਿੱਥ ਨੂੰ ਮਰਯਾਦਾ ਅਨੁਕੂਲ ਵਰਤ ਰਖਣ, ਪੂਜਾ ਪਾਠ ਤੇ ਪੁੰਨ ਦਾਨ ਕਰਨ ਨਾਲ ਸਭ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜਿਨ੍ਹਾਂ ਪਾਪਾਂ ਦਾ ਨਾਸ਼ ਕਰਨਾ ਹੋਵੇ, ਵਰਤ ਦਾ ਸੰਕਲਪ ਕਰਨ ਵੇਲੇ ਉਨ੍ਹਾਂ ਪਾਪਾਂ ਵਲ ਧਿਆਨ ਕਰਨਾ ਚਾਹੀਦਾ ਹੈ।

ਇਸ ਇਕਾਦਸ਼ੀ ਦੇ ਮਹਾਤਮ ਬਾਰੇ ਇਕ ਕਥਾ ਇਉਂ ਪ੍ਰਚਲਤ ਹੈ- ਚ੍ਯਵਨ ਰਿਸ਼ੀ ਦਾ ਪੁੱਤਰ ਮੇਧਾਵੀ ਜੰਗਲ ਵਿਚ ਤਪ ਕਰ ਰਿਹਾ ਸੀ ਕਿ ਮੰਜੂ ਘੋਸ਼ ਨਾਂ ਦੀ ਅਪਛਰਾ ਉਸ ਉੱਤੇ ਮੋਹਿਤ ਹੋ ਗਈ ਤੇ ਉਸ ਦੇ ਦੁਆਲੇ ਪੈਲਾਂ ਪਾਉਣ ਲੱਗੀ। ਮੰਜੂ ਘੋਸ਼ ਨੇ ਮੇਧਾਵੀ ਨੂੰ ਆਪਣੇ ਪ੍ਰੇਮ ਜਾਲ ਵਿਚ ਅਜਿਹਾ ਫਸਾਇਆ ਕਿ ਉਹ ਪੂਜਾ ਪਾਠ ਤੇ ਧਰਮ ਤੋਂ ਵਿਮੁਖ ਹੋ ਕੇ, ਭੋਗ-ਬਿਲਾਸ ਵਿਚ ਪੈ ਗਿਆ। ਕੁਝ ਸਮੇਂ ਮਗਰੋਂ ਜਦੋਂ ਮੇਧਾਵੀ ਦਾ ਮਨ ਭਰ ਗਿਆ ਤਾਂ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਸ ਨੇ ਕਰੋਧ ਵਿਚ ਆ ਕੇ, ਅਪਛਰਾ ਨੂੰ ਪਿਸ਼ਾਚਨੀ ਬਣਨ ਦਾ ਸਰਾਪ

ਤੇ ਉਹ ਸਰਾਪ ਤੋਂ ਮੁਕਤ ਹੋ ਗਈ ਅਤੇ
ਵਿਚ ਚਲੀ ਗਈ।

(ਪ-146) **ਪਾਰਸ** :

ਇਕ ਮਿਥਕ ਪੱਥਰ ਜਿਸ ਦਾ ਜਿਕ
ਆਉਂਦਾ ਹੈ। ਪਾਰਸ ਦੇ ਛੂਹਣ ਤੇ ਹਰ
ਜਾਂਦੀ ਹੈ। ਇਹ ਪੱਥਰ ਸਾਧੂ ਸੰਤਾਂ ਜਾਂ
ਹੁੰਦਾ ਮੰਨਿਆ ਜਾਂਦਾ ਹੈ। ਇਸ ਪੱਥਰ ਬਾ
ਲੋਕਾਂ ਵਿਚ ਪ੍ਰਚਲਤ ਹਨ। ਇਕ ਕਥਾ
ਘਾਹੀ ਘਾਹ ਕੱਟ ਰਿਹਾ ਸੀ। ਉਸ ਦਾ
ਕਾਲੇ ਤੋਂ ਪੀਲਾ ਰੰਗ ਧਾਰਨ ਕਰ ਗਿਆ
ਦੇ ਲੋਕਾਂ ਨੂੰ ਇਸ ਅਲੌਕਿਕ ਘਟਨਾ
ਕਿਸੇ ਸਿਆਣੇ ਨੇ ਉਸ ਥਾਂ ਜਾ ਕੇ ਵੇ
ਪਾਰਸ ਪੱਥਰ ਪਿਆ ਸੀ। ਉਸ ਨੇ ਇ
ਜੇ ਸਿੰਘ ਦੇਵ ਨੂੰ ਭੇਟ ਕਰ ਦਿਤਾ। ਰ
ਸੋਨਾ ਬਣਾ ਕੇ ਪਾਰਸ ਪੱਥਰ ਦੁਆਰਾ ਜੋ ਧ
ਉਸ ਨਾਲ ਇਕ ਵੱਡਾ ਮਹਿਲ ਤੇ ਕਿਲਾ
ਪਾਰਸ ਪੱਥਰ ਨੂੰ ਬਹੁਤ ਦੇਰ ਤਕ ਕੋਲ ਰਖ
ਹੁੰਦਾ। ਰਾਜੇ ਨੇ ਉਹ ਪੱਥਰ ਇਕ ਬ੍ਰਾਹਮਣ
ਦਿਤਾ। ਬ੍ਰਾਹਮਣ ਨੇ ਇਸ ਨੂੰ ਕੁਝ ਚਿ
ਨਰਬਦਾ ਦਰਿਆ ਵਿਚ ਸੁਟ ਦਿਤਾ।
ਇਕ ਕਥਾ ਸ੍ਰੀ ਟਾਡ ਦੀ ਪੁਸਤਕ 'ਦ
ਰਾਜਸਥਾਨ' ਵਿਚ ਦਿਤੀ ਹੋਈ ਹੈ। ਰਾਜ
ਕਿਸਾਨ ਨੇ ਹਲ ਵਾਹੁੰਦਿਆਂ ਵੇਖਿਆ ਕਿ
ਦਾ ਹਲ ਸੋਨੇ ਦਾ ਹੋ ਗਿਆ ਹੈ। ਉਸ
ਪੱਥਰ ਪਿਆ ਵੇਖਿਆ ਜੋ ਉਸ ਰਾਜੇ ਨੂੰ ਭੇ
ਰਾਜੇ ਨੇ ਇਸ ਪਾਰਸ ਪੱਥਰ ਦੀ ਮਦਦ
ਪ੍ਰਸਿਧ ਕਿਲਾ ਉਸਾਰਿਆ।

ਰਵਾਇਤ ਹੈ ਕਿ ਇਕ ਸਾਧੂ ਨੇ
ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕੀਤਾ। ਗੁ
ਗੋਦਾਵਰੀ ਨਦੀ ਵਿਚ ਸੁਟ ਦਿਤਾ।

ਅਧਿਆਤਮਕ ਕਾਵਿ ਵਿਚ ਪਾਰਸ
ਸਤਿਸੰਗਤ ਦਾ ਪ੍ਰਤੀਕ ਹੈ, ਜਿਸ ਦੀ ਛੂਹ
ਹੋ ਜਾਂਦੇ ਹਨ।

ਦਾ ਪੁੱਤਰ ਸੀ ਜੋ ਵਾਮਾ ਰਾਣੀ ਦੇ ਉਦਰ ਤੋਂ ਪੈਦਾ ਹੋਇਆ। ਜਦੋਂ ਪਾਰਸ ਨਾਥ ਜੰਮਿਆ ਤਾਂ ਇਸ ਦੇ ਸਰੀਰ ਉੱਤੇ ਸੱਪ ਦਾ ਚਿੰਨ੍ਹ ਸੀ, ਜਿਸ ਤੋਂ ਇਸ ਦਾ ਨਾਂ ਪਾਰਸ ਨਾਥ ਰਖਿਆ ਗਿਆ।

(ਪ-148) **ਪਾਰਜਾਤ :**

ਇਕ ਪੁਰਾਣਿਕ ਬ੍ਰਿਛ ਜੋ ਸਮੁੰਦਰ ਰਿੜਕਣ ਵੇਲੇ ਨਿਕਲਿਆ। ਇਸ ਬ੍ਰਿਛ ਦੇ ਛਿੱਲੜ ਸੋਨੇ ਦੇ ਅਤੇ ਪੱਤੇ ਸੁਨਹਿਰੀ ਰੰਗ ਦੇ ਹਨ। ਇਸ ਦਾ ਫਲ ਬੜਾ ਸਵਾਦਲਾ ਤੇ ਫੁੱਲ ਬੜੇ ਸੁਗੰਧਿਤ ਹਨ। ਇਸ ਬ੍ਰਿਛ ਤੋਂ ਜੋ ਕਾਮਨਾ ਕੀਤੀ ਜਾਵੇ, ਝਟ ਪੂਰੀ ਹੋ ਜਾਂਦੀ ਹੈ। ਇਹ ਬ੍ਰਿਛ ਇੰਦਰਪੁਰੀ ਵਿਚ ਰਾਜੇ ਇੰਦਰ ਦੀ ਮਲਕੀਅਤ ਹੈ ਤੇ ਇੰਦਰ ਦੀ ਪਤਨੀ ਸਚੀ ਇਸ ਨੂੰ ਬੜਾ ਚਾਹੁੰਦੀ ਹੈ।

ਪੁਰਾਣਿਕ ਕਥਾ ਅਨੁਸਾਰ ਨਾਰਦ ਨੇ ਇਸ ਬ੍ਰਿਛ ਦਾ ਇਕ ਫੁੱਲ ਦੁਵਾਰਕਾ ਨਗਰੀ ਤੋਂ ਲਿਆਂਦਾ ਅਤੇ ਕ੍ਰਿਸ਼ਨ ਨੂੰ ਭੇਟ ਕੀਤਾ। ਕ੍ਰਿਸ਼ਨ ਨੇ ਇਹ ਫੁੱਲ ਰੁਕਮਣੀ ਨੂੰ ਦਿਤਾ। ਨਾਰਦ ਨੇ ਸਤਯਭਾਮਾ ਨੂੰ ਜਾ ਦਸਿਆ ਕਿ ਕ੍ਰਿਸ਼ਨ ਨੇ ਪਾਰਜਾਤ ਬ੍ਰਿਛ ਦਾ ਅਨਮੋਲ ਫੁੱਲ ਰੁਕਮਣੀ ਨੂੰ ਦਿਤਾ ਹੈ। ਸਤਯਭਾਮਾ ਨੇ ਈਰਖਾ ਵਿਚ ਆ ਕੇ, ਕ੍ਰਿਸ਼ਨ ਨੂੰ ਇੰਦਰਪੁਰੀ ਤੋਂ ਪਾਰਜਾਤ ਬ੍ਰਿਛ ਲਿਆਣ ਲਈ ਕਿਹਾ। ਫਿਰ ਨਾਰਦ ਨੇ ਇੰਦਰ ਨੂੰ ਕ੍ਰਿਸ਼ਨ ਦੀ ਨੀਤ ਦੱਸੀ ਤੇ ਪਾਰਜਾਤ ਦੀ ਰਖਿਆ ਕਰਨ ਲਈ ਕਿਹਾ।

ਸਤਯਭਾਮਾ ਦੀ ਇੱਛਾ ਪੂਰੀ ਕਰਨ ਲਈ ਕ੍ਰਿਸ਼ਨ ਅਮਰਾਵਤੀ ਗਿਆ ਤੇ ਉਥੋਂ ਇਸ ਬ੍ਰਿਛ ਨੂੰ ਦੁਵਾਰਕਾ ਲਿਆਣਾ ਚਾਹਿਆ ਜਿਸ ਤੇ ਇੰਦਰ ਤੇ ਕ੍ਰਿਸ਼ਨ ਵਿਚ ਘੋਰ ਯੁਧ ਹੋਇਆ। ਇੰਦਰ ਹਾਰ ਗਿਆ ਤੇ ਉਸ ਨੇ ਕ੍ਰਿਸ਼ਨ ਨੂੰ ਇਹ ਬ੍ਰਿਛ ਦੁਵਾਰਕਾ ਲਿਆਣ ਦੀ ਆਗਿਆ ਦੇ ਦਿਤੀ। ਦੁਵਾਰਕਾ ਵਿਚ ਇਹ ਬ੍ਰਿਛ ਸਤਯਭਾਮਾ ਦੇ ਵਿਹੜੇ ਵਿਚ ਲੱਗਾ ਰਿਹਾ। ਕ੍ਰਿਸ਼ਨ ਦੀ ਮ੍ਰਿਤੂ ਮਗਰੋਂ ਇਹ ਬ੍ਰਿਛ ਮੁੜ ਆਪਣੇ ਆਪ ਅਮਰਾਵਤੀ ਪਹੁੰਚ ਗਿਆ।

(ਪ-149) **ਪਾਰਬਤੀ :**

ਸ਼ਿਵ ਜੀ ਦੀ ਪਤਨੀ ਜੋ ਹਿਮਾਲੀਆ ਦੀ ਪੁਤ੍ਰੀ ਸੀ।

(ਪ-150) **ਪਿਆਊ :**

ਅਠਾਹਠ ਸਰੋਵਰ ਭਰੇ ਜਾਣ ਤਾਂ ਉਸ ਸ਼ਖ਼ਸ
ਬੈਠਿਆਂ ਹੀ ਅਠਾਹਠ ਤੀਰਥਾਂ ਦੀ ਯਾਤਰਾ ਤੇ
ਦਾ ਮਹਾਤਮ ਮਿਲਦਾ ਹੈ। ਇਸੇ ਲਈ ਹਿੰਦੂ
ਦੇ ਦਿਨੀਂ ਮਾਰਗਾਂ ਉਤੇ ਪਿਆਊ ਲਗਾਂਦੇ ਤੇ ਪ
ਧਰਮ ਅਰਥ ਪਾਣੀ ਪਿਲਾਂਦੇ ਹਨ।

(ਪ-151) **ਪਿਆਜ਼ੀ :**

ਪਿਆਜ਼ ਦੀਆਂ ਭੂਕਾਂ ਦੀ ਸ਼ਕਲ ਦੀ ਇ
ਬੂਟੀ, ਜੋ ਕਣਕ ਦੇ ਖੇਤ ਵਿਚ ਉਗ ਕੇ ਕਾਫ਼ੀ
ਪਹੁੰਚਾਂਦੀ ਹੈ। ਨਵੰਬਰ-ਦਸੰਬਰ ਵਿਚ ਇਸ
ਕੀਤੀ ਜਾਂਦੀ ਹੈ। ਅਖਾਣ ਹੈ :

ਖੇਤ ਪਿਆਜ਼ੀ ਮੁਲਕ ਦੇ ਰਾਜ਼ੀ।

ਪਿਆਜ਼ੀ ਤੋਂ ਖੇਤ ਦੀ ਰਖਿਆ ਕਰਨ
ਟੂਣਾ ਕੀਤਾ ਜਾਂਦਾ ਹੈ। ਕੁਝ ਮੰਤ੍ਰਾਂ ਦਾ ਉੱਚਾਰਨ
ਪਿਆਜ਼ੀ ਦੀ ਬੂਟੀ ਉਤੇ ਤਵੇ ਦੀ ਕਾਲਕ
ਜਾਂਦੀ ਹੈ, ਭਾਵ ਪਿਆਜ਼ੀ ਦਾ ਮੂੰਹ ਕਾਲਾ
ਜਾਂਦਾ ਹੈ।

1861 ਵਿਚ ਜਦੋਂ ਅੰਬਾਲੇ ਜ਼ਿਲੇ ਵਿਚ ਕ
ਸੀ ਤਾਂ ਲੋਕੀ ਇਸ ਬੂਟੀ ਨੂੰ ਵੀ ਰਿੰਨ੍ਹ-ਪਕਾ
ਰਹੇ ਸਨ।

(ਪ-152) **ਪਿਸਾਚ :**

(ੳ) ਪਿਸਾਚ ਦੇ ਸ਼ਬਦੀ ਅਰਥ ਮਾਸਾਹਾਰੀ
ਪਰ ਇਹ ਸ਼ਬਦ ਇਕ ਖ਼ਾਸ ਤਰ੍ਹਾਂ ਦੇ ਭੂਤ
ਵਰਤਿਆ ਜਾਂਦਾ ਹੈ, ਜੋ ਬੜਾ ਦੁਸ਼ਟ ਤੇ ਖੋਰੀ
ਨਿਸਚੇ ਅਨੁਸਾਰ ਜੋ ਲੋਕ ਅਚਾਨਕ ਕਿਸੇ ਘਟ
ਮਰ ਜਾਣ ਜਾਂ ਜਿਨ੍ਹਾਂ ਦਾ ਅੰਤਮ-ਸੰਸਕਾਰ ਤੇ ਕਿ
ਰੀਤਾਂ ਅਨੁਸਾਰ ਨਾ ਹੋਇਆ ਹੋਵੇ, ਉਹ ਪਿਸ
ਹਨ। ਪਿਸਾਚ ਆਮ ਤੌਰ ਤੇ ਮਰਘਟ, ਜੰਗਲਾਂ
ਵਿਚ ਘੁੰਮਦੇ ਫਿਰਦੇ ਅਤੇ ਮਨੁੱਖ ਦਾ ਮਾਸ ਖਾਂਦੇ ਹ

ਵੇਦਾਂ ਤੇ ਪੁਰਾਣਾਂ ਵਿਚ ਪਿਸਾਚਾਂ ਦਾ ਜ਼ਿਕਰ
ਹੈ। ਵੇਦਾਂ ਵਿਚ ਪਿਸਾਚਾਂ ਨੂੰ ਰਾਖਸ਼ਾਂ ਨਾਲੋਂ
ਦਰਜਾ ਪ੍ਰਾਪਤ ਹੈ। 'ਬ੍ਰਾਹਮਣਾਂ' ਤੇ ਮਹਾਂਭਾਰਤ
ਇਨ੍ਹਾਂ ਦੀ ਉਤਪਤੀ ਬ੍ਰਹਮਾ ਨੇ ਉਨ੍ਹਾਂ ਬੂੰਦਾਂ

ਕਥਾ ਸਰਿਤ-ਸਾਗਰ ਦੀਆਂ ਕਈ ਕਥਾਵਾਂ ਵਿਚ ਪਿਸਾਚਾਂ ਦਾ ਵਰਣਨ ਹੈ। ਇਨ੍ਹਾਂ ਵਿਚ ਰੋਗ ਉਤਪੰਨ ਕਰਨ ਦੀ ਸਕਤੀ ਮੰਨੀ ਜਾਂਦੀ ਹੈ। ਜੇ ਕਿਸੇ ਸ਼ਖਸ ਨੂੰ ਪਿਸਾਚ ਦੁਆਰਾ ਰੋਗ ਲਗ ਜਾਵੇ ਤਾਂ ਉਸ ਲਈ ਇਕ ਕਥਾ ਵਿਚ ਇਲਾਜ ਇਉਂ ਦਸਿਆ ਮਿਲਦਾ ਹੈ: ਰੋਗੀ ਰਾਤ ਦੇ ਅਖੀਰਲੇ ਪਹਿਰ ਉਠੇ ਅਤੇ ਬਿਨਾਂ ਚੂਲੀ ਕੀਤੇ ਨੰਗਾ ਹੀ, ਆਪਣੇ ਵਾਲ ਖਿੰਡਾ ਕੇ ਦੋਹਾਂ ਬੁਕਾਂ ਵਿਚ ਵੱਧ ਤੋਂ ਵੱਧ ਚਾਵਲ ਭਰ ਲਏ। ਫਿਰ ਉਹ ਸ਼ਬਦ ਦਾ ਜਾਪ ਕਰਦਾ ਹੋਇਆ ਕਿਸੇ ਚੁਰਸਤੇ ਉਤੇ ਪਹੁੰਚੇ ਅਤੇ ਉਥੇ ਚੁਪ ਚਾਪ ਚਾਵਲਾਂ ਦੀ ਢੇਰੀ ਕਰ ਦੇਵੇ ਅਤੇ ਬਿਨਾਂ ਪਿਛਾਂਹ ਵਲ ਵੇਖੇ ਚੁਪ-ਚਾਪ ਘਰ ਪਰਤ ਆਵੇ। ਇਸ ਤਰ੍ਹਾਂ ਉਹ ਉਦੋਂ ਤਕ ਕਰਦਾ ਰਹੇ ਜਦੋਂ ਤਕ ਕਿ ਉਹ ਪਿਸਾਚ ਪ੍ਰਗਟ ਨਾ ਹੋ ਜਾਵੇ ਤੇ ਖ਼ੁਦ ਨਾ ਕਹੇ, "ਮੈਂ ਤੁਹਾਡਾ ਰੋਗ ਦੂਰ ਕਰ ਦਿਆਂਗਾ।" ਫਿਰ ਉਸ ਪਿਸਾਚ ਦੀ ਮਦਦ ਲੈ ਲਈ ਜਾਵੇ ਅਤੇ ਉਹ ਤੁਹਾਡਾ ਰੋਗ ਦੂਰ ਕਰ ਦੇਵੇਗਾ (ਕਥਾ ਸਰਿਤ ਸਾਗਰ 1,255)।

(ਅ) ਇਕ ਪੁਰਾਣੀ ਜਾਤੀ।

## (ਪ-153) **ਪਿਸਾਚ ਲੋਕ** :

ਸਾਂਖਯ ਅਤੇ ਵੇਦਾਂਤ ਦਰਸ਼ਨ ਵਿਚ ਅੱਠ ਲੋਕ ਮੰਨੇ ਗਏ ਹਨ ਇਨ੍ਹਾਂ ਵਿਚੋਂ ਸਭ ਤੋਂ ਹੇਠਲਾ ਪਿਸਾਚ ਲੋਕ ਹੈ ਜਿਥੇ ਪਿਸਾਚ, ਭੂਤ ਤੇ ਪ੍ਰੇਤ ਰਹਿੰਦੇ ਹਨ।

## (ਪ-154) **ਪਿੰਗਲ** :

(ੳ) ਇਕ ਰਿਸ਼ੀ ਜੋ ਛੰਦ ਸ਼ਾਸਤਰ ਦਾ ਕਰਤਾ ਹੈ; ਇਸੇ ਵਿਦਵਾਨ ਰਿਸ਼ੀ ਨੇ ਸਭ ਤੋਂ ਪਹਿਲਾਂ ਛੰਦ-ਸੂਤਰ ਰਚੇ। ਫਲਸਰੂਪ ਛੰਦ ਸ਼ਾਸਤਰ ਦਾ ਨਾਂ ਪਿੰਗਲ ਪੈ ਗਿਆ। ਪਿੰਗਲ ਪੂਰਵ ਈਸਵੀ ਤੋਂ ਦੋ ਸੌ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ।

(ਅ) ਨਾਗਾਂ ਦਾ ਇਕ ਰਾਜਾ, ਜਿਸ ਦਾ ਕਈ ਵਾਰ ਪਿੰਗਲ ਰਿਸ਼ੀ ਨਾਲ ਏਕੀਕਰਣ ਵੀ ਕੀਤਾ ਜਾਂਦਾ ਹੈ।

## (ਪ-155) **ਪਿੰਗਲਾ (ਰਾਣੀ)** :

ਰਾਜੇ ਭਰਥਰੀ ਦੀ ਇਕ ਰਾਣੀ; ਰਵਾਇਤ ਹੈ ਕਿ

ਦਿਤਾ। ਮੁਹਾਵਤ ਦਾ ਇਸ਼ਕ ਇਕ ਵੇਸਵ
ਜਾਂ ਉਸ ਇਹ ਫਲ ਵੇਸਵਾ ਨੂੰ ਖਾਣ ਲਈ ਦਿ
ਨੇ ਸੋਚਿਆ ਕਿ ਉਸ ਦਾ ਜੀਵਨ ਪਾਪਾਂ ਨ
ਪਿਆ ਹੈ, ਉਹ ਦੀਰਘ ਆਯੂ ਭੋਗ ਕੇ ਕੀ ਕ
ਨਾ ਇਹ ਫਲ ਰਾਜੇ ਨੂੰ ਦਿਤਾ ਜਾਵੇ ਜੋ ਬਹੁਤ ਨੇ
ਤੇ ਸਦਗੁਣੀ ਸੁਭਾਵ ਦਾ ਹੈ। ਸੋ ਵੇਸਵਾ ਨੇ
ਭਰਥਰੀ ਨੂੰ ਦੇ ਦਿਤਾ। ਰਾਜਾ ਇਸ ਫਲ
ਹੈਰਾਨ ਹੋ ਗਿਆ। ਜਦੋਂ ਉਸ ਨੂੰ ਸਾਰੀ ਗੱ
ਲੱਗਾ ਤਾਂ ਉਸ ਦਾ ਮਨ ਵੈਰਾਗ ਵਿਚ ਆ
ਉਸ ਨੇ ਗ੍ਰਿਹਸਥ ਤਿਆਗ ਦਿਤਾ।

## (ਪ-156) **ਪਿੰਗਲਾ (ਵੇਸਵਾ)** :

ਇਕ ਵੇਸਵਾ ਜਿਸ ਨੂੰ ਵੈਰਾਗ ਹੋਣ ਕ
ਪ੍ਰਾਪਤ ਹੋਈ ਸੀ। ਇਸ ਦੀ ਕਥਾ ਭਾਗਵਤ ਦੇ
ਸਕੰਧ ਦੇ ਅਠਵੇਂ ਅਧਯਾਇ ਵਿਚ ਮਿਲਦੀ ਹੈ
ਵਿਦੇਹ ਨਗਰ (ਜਨਕਪੁਰੀ) ਦੀ ਰਹਿਣ ਵਾ
ਸੀ। ਉਸ ਨੇ ਇਕ ਧਨਾਢ ਸੁੰਦਰ ਗਭਰੂ
ਚਾਹਿਆ ਤੇ ਉਸ ਦੇ ਵਿਛੋੜੇ ਵਿਚ ਸਾਰੀ ਰਾਤ
ਰਹੀ, ਪਰ ਉਹ ਗਭਰੂ ਨਾ ਆਇਆ। ਇਸ
ਪਿੰਗਲਾ ਦੇ ਮਨ ਵਿਚ ਵੈਰਾਗ ਜਾਗ ਪਿਆ
ਸੁੰਦਰ ਗਭਰੂ ਦੀ ਥਾਂ ਪ੍ਰਮਾਤਮਾ ਲਈ ਵਿਆਕੁਲ
ਹੁੰਦੀ ਅਤੇ ਪ੍ਰਭੂ ਦਾ ਸਿਮਰਨ ਕਰ ਕੇ ਉਸ
ਰਹਿੰਦੀ ਤਾਂ ਮੁਕਤੀ ਪ੍ਰਾਪਤ ਹੁੰਦੀ। ਇਸ
ਫੁਰਦਿਆਂ ਹੀ ਉਸ ਨੇ ਵੇਸਵਾ ਦਾ ਕਿੱਤਾ
ਈਸ਼ਵਰ ਦੇ ਸਿਮਰਨ ਵਿਚ ਲਗ ਕੇ ਮੁਕ
ਕੀਤੀ।

## (ਪ-157) **ਪਿਛਲ ਖੁਰੀ** :

ਜਿਸ ਔਰਤ ਦੇ ਪੈਰ ਪਿਛਲੇ ਪਾਸੇ ਹੋ
ਲੋਕਾਂ ਦਾ ਨਿਸਚਾ ਹੈ ਕਿ ਡਾਇਣ ਦੇ ਪੈਰ ਹ
ਪਾਸੇ ਵਲ ਹੁੰਦੇ ਹਨ। ਇਹੋ ਉਸਦੀ ਪਛਾਣ
ਡੈਣ)।

## (ਪ-158) **ਪਿਛਲ ਪੈਰੀ** :

**(ਪ-159) ਪਿੰਜੌਰ :**

ਪੁਰਾਣੇ ਪੰਜਾਬ ਦਾ ਇਕ ਪ੍ਰਸਿਧ ਅਸਥਾਨ, ਜੋ ਹੁਣ ਹਰਿਆਣੇ ਪ੍ਰਾਂਤ ਵਿਚ ਸ਼ਾਮਲ ਹੈ। ਇਹ ਅਸਥਾਨ ਬਤਾ ਪ੍ਰਾਚੀਨ ਹੈ ਤੇ ਇਸ ਦਾ ਵਰਣਨ ਮਹਾਂਭਾਰਤ ਵਿਚ ਮਿਲਦਾ ਹੈ। ਕਿਹਾ ਜਾਂਦਾ ਹੈ ਕਿ ਪਾਂਡੋ ਆਪਣੇ ਬਨਬਾਸ ਦੇ ਦਿਨੀਂ ਕੁਝ ਅਰਸਾ ਇਥੇ ਵੀ ਠਹਿਰੇ ਸਨ। ਪਿਛੋਂ ਜਦੋਂ ਪਾਂਡਵਾਂ ਨੂੰ ਰਾਜ ਮਿਲ ਗਿਆ ਤਾਂ ਉਨ੍ਹਾਂ ਨੇ ਉਸ ਅਸਥਾਨ ਨੂੰ ਸੁੰਦਰ ਰੂਪ ਦੇਣ ਦਾ ਯਤਨ ਕੀਤਾ। ਮੁਗਲੀਆ ਰਾਜ ਸਮੇਂ 17ਵੀਂ ਸਦੀ ਵਿਚ ਔਰੰਗਜ਼ੇਬ ਦੇ ਸਮੇਂ ਪੰਜਾਬ ਦੇ ਸੂਬੇ ਫਦਾਈ ਖ਼ਾਨ ਨੇ ਇਹਨੂੰ ਅਜੋਕਾ ਰੂਪ ਦਿਤਾ ਤੇ ਇਥੇ ਸੁੰਦਰ ਬਾਗ਼ ਬਣਵਾਏ।

**(ਪ-160) ਪਿੱਠੂ :**

ਛੋਟੇ ਬੱਚਿਆਂ ਦੀ ਇਕ ਖੇਡ; ਖਿਡਾਰੀ ਪਹਿਲਾਂ ਦੋ ਧੜੇ ਬਣਾ ਲੈਂਦੇ ਹਨ। ਇਕ ਗੋਲ ਦਾਇਰਾ ਬਣਾ ਕੇ, ਉਸ ਵਿਚ ਕੁਝ ਠੀਕਰੀਆਂ ਇਕ ਦੂਜੇ ਦੇ ਹੱਥ ਉਪਰ ਟਿਕਾ ਦਿਤੀਆਂ ਜਾਂਦੀਆਂ ਹਨ। ਇਕ ਧਿਰ ਦਾ ਕੋਈ ਖਿਡਾਰੀ ਚੱਕਰ ਤੋਂ ਬਾਹਰ ਖੜਾ ਹੋ ਕੇ ਗੇਂਦ ਨਾਲ ਠੀਕਰੀਆਂ ਨੂੰ ਢੂੰਡਦਾ ਹੈ। ਜੇ ਨਿਸ਼ਾਨਾ ਫੁੰਡੇ ਜਾਣ ਮਗਰੋਂ, ਦੂਜੀ ਧਿਰ ਦਾ ਕੋਈ ਖਿਡਾਰੀ ਗੇਂਦ ਨੂੰ ਬੋਚ ਲਏ ਤਾਂ ਪਹਿਲੀ ਧਿਰ ਹਾਰ ਜਾਂਦੀ ਹੈ। ਪਰ ਜੇ ਗੇਂਦ ਨਾਲ ਨਿਸ਼ਾਨਾ ਨਾ ਫੁੰਡਿਆ ਜਾਵੇ ਅਤੇ ਗੇਂਦ ਬੋਚ ਲਈ ਜਾਵੇ ਤਾਂ ਉਸ ਧਿਰ ਦੇ ਉਸ ਖਿਡਾਰੀ ਦੀ ਵਾਰੀ ਮੁਕ ਜਾਂਦੀ ਹੈ। ਜੇ ਗੇਂਦ ਠੀਕਰਾਂ ਦਾ ਨਿਸ਼ਾਨਾ ਫੁੰਡਣ ਮਗਰੋਂ ਬੋਚੀ ਨਾ ਜਾ ਸਕੇ ਤਾਂ ਦੂਜੀ ਟਾਣੀ ਵਾਲੇ ਗੇਂਦ ਨੂੰ ਫੜ ਕੇ ਪਹਿਲੀ ਧਿਰ ਦੇ ਖਿਡਾਰੀਆਂ ਨੂੰ ਗੇਂਦ ਮਾਰਦੇ ਹਨ। ਜੇ ਕਿਸੇ ਖਿਡਾਰੀ ਦੇ ਗੇਂਦ ਲਗ ਜਾਵੇ ਤਾਂ ਉਸ ਧਿਰ ਦੇ ਬਾਕੀ ਖਿਡਾਰੀਆਂ ਦੀ ਵਾਰੀ ਕੱਟੀ ਜਾਂਦੀ ਹੈ।

ਡੇਹਰਾ ਬਾਬਾ ਨਾਨਕ ਵਿਚ ਇਸ ਖੇਡ ਨੂੰ 'ਪਿੱਠੂ ਗਰਮ' ਕਹਿੰਦੇ ਹਨ।

**(ਪ-161) ਪਿੰਡ :**

ਜੌਂ ਤੇ ਚਾਵਲ ਆਦਿ ਦੇ ਆਟੇ ਦਾ ਪਿੰਨਾ, ਜੋ ਪਿਤਰਾਂ ਨਮਿਤ ਤਰਪਣ ਕੀਤਾ ਜਾਂਦਾ ਹੈ। ਹਿੰਦੂਆਂ ਦੀ

ਹਨ। ਮਾਤ-ਲੋਕ ਤੋਂ ਯਮ ਪੁਰੀ ਤਕ ਸਫ਼ਰ ਕਰ
ਪ੍ਰਾਣੀ ਨੂੰ ਪੂਰਾ ਇਕ ਵਰ੍ਹਾ ਲਗਦਾ ਮੰਨਿਆ ਜਾਂਦਾ
ਇਸ ਲਈ ਮਰਨ ਮਗਰੋਂ ਪਹਿਲੇ ਸਾਲ ਜੋ ਪਿੰਡ
ਦਿਤੇ ਜਾਂਦੇ ਹਨ, ਇਹ ਰਾਹ ਦਾ ਤੋਸ਼ਾ ਬਣਦੇ
ਪਰ ਸਾਲ ਬਾਅਦ ਜੋ ਸਮੇਂ ਸਮੇਂ ਪਿੰਡ ਦਾਨ ਦਿਤੇ
ਹਨ ਅਥਵਾ ਸਰਾਧ ਕੀਤੇ ਜਾਂਦੇ ਹਨ, ਉਹ ਯਮ
ਵਿਚ ਕੰਮ ਆਉਂਦੇ ਹਨ। ਜੇ ਕਿਸੇ ਦੇ ਪਿੰਡ ਗਯਾ
ਭਰੇ ਜਾਣ ਤਾਂ ਉਹ ਪ੍ਰਾਣੀ ਮੁਕਤ ਹੋ ਜਾਂਦਾ ਹੈ।
ਉਸ ਦੇ ਪਿੰਡ ਭਰਨ ਦੀ ਲੋੜ ਨਹੀਂ ਪੈਂਦੀ।

ਜਦੋਂ ਕਿਸੇ ਪ੍ਰਾਣੀ ਦੀ ਮੌਤ ਹੁੰਦੀ ਹੈ ਤਾਂ ਹਿ
ਵਿਚ ਪ੍ਰਾਣੀ ਦੀ ਕੋਈ ਸਬੰਧਣ ਚੱਕੀ ਦੇ ਪੁਠੇ ਘਾਲੇ
ਸਤਨਾਜਾ (ਚਾਵਲ, ਕਣਕ, ਛੋਲੇ, ਮੱਕੀ, ਬਾਜਰਾ, ਮੋ
ਮਾਂਹ) ਪੀਸਦੀ ਹੈ। ਕਈ ਲੋਕ ਤਾਂ ਚਾਵਲ ਤੇ ਜੌਂ
ਪੀਸ ਲੈਂਦੇ ਹਨ। ਇਸ ਆਟੇ ਨਾਲ ਬ੍ਰਾਹਮਣ
ਬਣਾ ਕੇ ਇਕ ਥਾਲੀ ਵਿਚ ਰਖ ਦੇਂਦਾ ਹੈ। ਇ
ਕੋਲ ਹੀ ਘਿਉ ਦਾ ਇਕ ਕਟੋਰਾ, ਸੂਤਰ ਦੀ ਅੱਟ
ਕੁਝ ਪੈਸੇ ਧਰ ਦਿਤੇ ਜਾਂਦੇ ਹਨ। ਇਹ ਸਭ ਤੋਂ ਪ
ਪਿੰਡ ਹੁੰਦੇ ਹਨ। ਦੂਜੀ ਵਾਰ ਪਿੰਡ ਅਧ-ਮਾਰਗ
ਭਰੇ ਜਾਂਦੇ ਹਨ। ਇਸ ਮਗਰੋਂ ਕਿਰਿਆ ਵਾਲੇ ਦਿਨ
ਹਰ ਰੋਜ਼ ਨੇਮ ਨਾਲ ਪਿੰਡ ਭਰੇ ਜਾਂਦੇ ਹਨ। ਚੌਥੇ
ਦਿਨ ਜਦੋਂ ਫੁਲ ਚੁਣੇ ਜਾਂਦੇ ਹਨ ਤਾਂ ਫਿਰ ਪਿੰਡ
ਜਾਂਦੇ ਹਨ। ਜਦੋਂ ਸਾਲ ਦਾ ਸਮਾਂ ਪੂਰਾ ਹੋ ਜਾਂਦਾ
ਉਸ ਦੇ ਮਗਰੋਂ ਉਸ ਦਾ ਸਰਾਧ ਕੀਤਾ ਜਾਂਦਾ ਹੈ।
ਪਿੰਡ ਭਰਨ ਦੀ ਲੋੜ ਨਹੀਂ ਰਹਿੰਦੀ।

ਗਯਾ ਵਿਚ ਪਿੰਡ ਭਰਨ ਨਾਲ ਪਿੱਤਰਾਂ ਨੂੰ ਮੁ
ਮਿਲਦੀ ਹੈ। ਵਿਸਾਖੀ ਵਾਲੇ ਦਿਨ ਗਯਾ ਵਿਚ
ਭਰੇ ਜਾਂਦੇ ਹਨ। ਗਯਾ ਵਿਚ ਪਿੱਤਰਾਂ ਦੇ ਪਿੰਡ
ਬਾਰੇ ਇਕ ਕਥਾ ਪ੍ਰਚਲਤ ਹੈ। ਵਾਯੂ ਪੁਰਾਣ ਅ
ਗਯਾ ਇਕ ਅਸੁਰ ਸੀ ਜਿਸ ਨੇ ਘੋਰ ਤਪਸਿਆ
ਵਿਸ਼ਨੂੰ ਤੇ ਬ੍ਰਹਮਾ ਨੂੰ ਪ੍ਰਸੰਨ ਕੀਤਾ। ਵਿਸ਼ਨੂੰ ਤੇ ਬ੍ਰ
ਗਯਾਸੁਰ ਨੂੰ ਵਰ ਮੰਗਣ ਲਈ ਕਿਹਾ। ਗਯਾ ਨੇ ਇ
ਮੰਗਿਆ ਕਿ ਜਿਹੜਾ ਮੇਰੇ ਦਰਸ਼ਨ ਕਰੇ, ਉਹ ਬੈਕੁੰ
ਜਾਵੇ। ਵਿਸ਼ਨੂੰ ਨੇ ਇਹ ਵਰ ਦੇ ਦਿਤਾ। ਇਸ
ਪ੍ਰਾਪਤ ਕਰ ਕੇ ਗਯਾ ਅਸੁਰ ਦਿਨ ਬਾਰ ਧਰਤੀ

ਖਾਲੀ ਹੋ ਗਏ ਹਨ। ਸੋ, ਧਰਮ ਰਾਜ ਨੇ ਬ੍ਰਹਮਾ ਅਤੇ ਵਿਸ਼ਨੂੰ ਅੱਗੇ ਜਾ ਫਰਿਆਦ ਕੀਤੀ। ਬ੍ਰਹਮਾ ਨੇ ਛਲ ਤੋਂ ਕੰਮ ਲਿਆ ਅਤੇ ਗਯਾਸੁਰ ਤੋਂ ਉਸ ਦਾ ਸਰੀਰ ਦਾਨ ਵਜੋਂ ਮੰਗਿਆ। ਪਰ ਉਪਕਾਰੀ ਰਾਜਾ ਨੇ ਬ੍ਰਹਮਾ ਦੀ ਇਹ ਇੱਛਾ ਪੂਰੀ ਕਰ ਦਿਤੀ। ਦੇਵਤਿਆਂ ਨੇ ਉਸ ਦੀ ਦੇਹ ਇਕ ਪੱਥਰ ਦੀ ਭਾਰੀ ਚੱਟਾਨ ਹੇਠ ਦੱਬ ਦਿਤੀ। ਪਰ ਗਯਾਸੁਰ ਦੇ ਪਰ-ਉਪਕਾਰੀ ਸੁਭਾਵ ਨੂੰ ਮੁਖ ਰਖਦਿਆਂ ਵਰ ਦਿਤਾ ਕਿ ਜਿਥੇ ਰਾਜਾ ਦਾ ਸਰੀਰ ਦਬਿਆ ਹੋਇਆ ਹੈ, ਉਥੇ ਜਿਹੜੇ ਲੋਕ ਆਪਣੇ ਪਿੱਤਰਾਂ ਨਮਿਤ ਪਿੰਡ ਭਰਨਗੇ ਉਹ ਪਿੱਤਰਾਂ ਸਮੇਤ ਬੈਕੁੰਠ ਦੇ ਅਧਿਕਾਰੀ ਹੋ ਜਾਣਗੇ। ਇਥੇ ਹਿੰਦੂ ਵਿਸਾਖੀ ਵਾਲੇ ਦਿਨ ਪਿੰਡ ਭਰਨ ਆਉਂਦੇ ਹਨ।

**ਪਿੰਡ ਦਾਨ** : ਸਰਾਧ ਆਦਿ ਸਮੇਂ ਪਿੱਤਰਾਂ ਨੂੰ ਪਿੰਡ ਦਾਨ ਦੇਣ ਦੀ ਬੜੀ ਮਹੱਤਾ ਹੈ।

(ਪ-162) **ਪਿੰਡ ਭਰਾਉਣਾ** :

ਚੌਲ ਤੇ ਜਵਾਂ ਦੇ ਆਟੇ ਆਦਿ ਨੂੰ ਪੀਸ ਕੇ ਬਣਾਏ ਗਏ ਗੁਲੋਲੇ, ਜੋ ਕਿਰਿਆ ਕਰਮ, ਅੰਤੇਸ਼ਟੀ ਸੰਸਕਾਰ ਤੇ ਸਰਾਧਾਂ ਦੇ ਦਿਨੀਂ ਪਿੱਤਰਾਂ ਨਮਿਤ ਭੇਟ ਕੀਤੇ ਜਾਂਦੇ ਹਨ। ਹਿੰਦੂ ਪਹਿਲਿਆਂ ਵਿਚ ਜਦੋਂ ਮ੍ਰਿਤਕ ਪ੍ਰਾਣੀ ਦੇ ਫੁੱਲ, ਗੰਗਾ ਵਿਚ ਜਲ-ਪ੍ਰਵਾਹ ਕਰਨ ਲਈ ਹਰਦੁਆਰ ਪੈਦਲ ਜਾਇਆ ਕਰਦੇ ਸਨ ਤਾਂ ਰਾਹ ਵਿਚ ਜਿਤਨੀਆਂ ਨਦੀਆਂ ਆਉਂਦੀਆਂ ਉਨ੍ਹਾਂ ਸਭਨਾਂ ਦੇ ਕੰਢੇ ਪਿੰਡ ਭਰਾਏ ਜਾਂਦੇ ਸਨ।

(ਪ-163) **ਪਿੰਡ ਵਲਣਾ** :

ਨਕੋਦਰ ਦੇ ਇਲਾਕੇ ਦੇ ਗੁਜਰਾਂ ਵਿਚ ਪ੍ਰਚਲਤ, ਵਿਆਹ ਨਾਲ ਸੰਬੰਧਿਤ ਇਕ ਰਸਮ, ਜੋ ਕਿਸੇ ਸਮੇਂ ਪ੍ਰਚਲਤ, ਉਧਾਲੇ ਦੇ ਵਿਆਹ ਦੀ ਰਹਿੰਦ ਜਾਪਦੀ ਹੈ। ਲਾੜੇ ਦੇ ਨਾਲ ਆਏ ਜਾਂਞੀਆਂ ਵਿਚੋਂ ਕੁਝ ਯੁਵਕ ਪਿੰਡ ਦੇ ਚੁਫੇਰੇ, ਸਰਪਟ ਇਸ ਤਰ੍ਹਾਂ ਦੌੜਦੇ ਹਨ, ਜਿਵੇਂ ਪਿੰਡ ਨੂੰ ਘੇਰੇ ਵਿਚ ਲੈ ਰਹੇ ਹੋਣ। ਕੰਨਿਆ ਦੇ ਅੰਗ ਸਾਕ ਉਨ੍ਹਾਂ ਨੂੰ ਇਸ ਗੱਲ ਤੋਂ ਵਰਜਦੇ ਹਨ। ਜੇ ਬਰਾਤੀਆਂ ਵਿਚੋਂ ਕੋਈ ਸਰਪਟ ਦੌੜ ਕੇ ਪਿੰਡ ਦਾ ਚੱਕਰ ਪੂਰਾ ਕਰਨ ਵਿਚ ਸਫਲ ਹੋ ਜਾਵੇ ਤਾਂ ਕੰਨਿਆ ਦੇ ਮਾਪੇ ਉਸ ਨੂੰ ਕੋਈ

ਨਾਂ ਉਸ ਪਿੰਡ ਦੇ ਮੋਢੀ ਦੇ ਨਾਂ ਉੱਤੇ ਹੀ
ਕਈ ਵਾਰ ਤਾਂ ਪਿੰਡ ਵਸਾਣ ਵਾਲੇ ਵਡਿਕੇ
ਹੀ ਪਿੰਡ ਦਾ ਨਾਂ ਰਖਿਆ ਹੁੰਦਾ ਹੈ ਜਿਵੇਂ
ਸ਼ਾਹ, ਹਮਤਾ ਸ਼ੇਮਾ, ਪਰ ਕਈ ਥਾਈਂ ਨਾ
ਨਾਂ ਵੀ ਜੁੜਿਆ ਹੋਇਐ, ਜਿਵੇਂ ਖੋਸਾ ਪਾਂਡੂ,
ਨਿਆਜ਼ੀ।

ਕਈ ਵਾਰ ਪਿੰਡ ਦੇ ਨਾਂ ਦੇ ਅੰਤ ਵਿਚ
ਅਬਾਦ, ਬਸਤੀ, ਖੇੜਾ ਸ਼ਬਦ ਲੱਗਾ ਹੁੰਦਾ
ਅਰਥ ਨਗਰ ਦੇ ਹਨ। ਕਈ ਵਾਰ ਅੰਤ
ਜਾਂ ਬੁਰਜ ਸ਼ਬਦ ਲਗਾ ਦਿਤਾ ਜਾਂਦਾ ਹੈ
ਕਿਲ੍ਹੇ ਦੇ ਹਨ। ਜਿਸ ਤੋਂ ਪ੍ਰਗਟ ਹੁੰਦਾ ਹੈ
ਕਿਲ੍ਹਾ ਸੀ। ਕਈ ਥਾਈਂ ਸਰ ਜਾਂ ਡਾਬ
ਤਲਾਬ ਦੇ ਹਨ ਅੰਤ ਵਿਚ ਲੱਗਾ ਹੁੰਦਾ ਹੈ।
ਪੱਟੀ ਜਾਂ ਚੱਕ ਅੰਤ ਵਿਚ ਲੱਗਾ ਹੁੰਦਾ ਹੈ।

ਕੁਝ ਪਿੰਡਾਂ ਦੇ ਨਾਂ ਮੱਢੀ ਦੇ ਕਬੀਲੇ
ਰਖੇ ਮਿਲਦੇ ਹਨ ਜਿਵੇਂ ਫਿਰੋਜ਼ਪੁਰ ਵਿਚ
ਮੰਗਨ ਵੜਿੰਗ, ਔਲਖ ਆਦਿ ਹਨ। ਕਈ
ਦਾ ਨਾਂ ਕਬੀਲੇ ਦੇ ਨਾਂ ਨਾਲ ਜੋੜ ਦਿਤਾ ਜਾ
ਪੱਸ ਖੋਸਾ ਪਾਂਡੂ, ਬੁਰਹਨ ਭਈ, ਸ਼ੇਖ ਸ਼ਮਾ।

ਕਈ ਵਾਰ ਕਿਸੇ ਪਿੰਡ ਦਾ ਨਾਂ ਉਸ ਦੇ
ਦੇ ਨਾਂ ਉਤੇ ਰਖਿਆ ਹੁੰਦਾ ਹੈ ਜਿਵੇਂ ਝਾਬੇਵ
ਨਾਂ ਉਸ ਸਮੇਂ ਦੀ ਯਾਦ ਦਿਲਾਂਦਾ ਹੈ,
ਝੰਡਾ ਦੇ ਹੇਠੋਂ ਵਗਦਾ ਸੀ ਤੇ ਇਸ ਪਿੰਡ
ਮਲਾਹ ਵਸਦੇ ਸਨ। ਕਈ ਵਾਰ ਕਿਸੇ ਪਿੰਡ
ਪਿੰਡ ਦੇ ਨਾਂ ਉਤੇ ਹੀ ਰੱਖ ਦਿਤਾ ਜਾਂਦਾ ਹੈ
ਉਸ ਪਿੰਡ ਦੇ ਲੋਕ ਵਸਦੇ ਸਨ ਜਿਵੇਂ ਫਿ
ਦੂਲਰ ਮੋਗੇ ਦੇ ਢੂਲਰ ਤੋਂ ਵਿਗੜ ਕੇ ਬਣਿਆ

ਕੁਝ ਪਿੰਡਾਂ ਦੇ ਨਾਂ ਪਿੰਡ ਦੀ ਕੁਦਰਤੀ
ਦੀ ਕਿਸੇ ਵਿਸ਼ੇਸ਼ਤਾਈ ਉਤੇ ਰਖੇ ਗਏ ਹਨ
ਟਿੱਬਾ', 'ਕਾਲਾ ਟਿੱਬਾ', 'ਕਲਰਖੇੜਾ' '
'ਖੂਹੀਆਂ' ਤੇ 'ਖੂਹੀ ਖੇੜਾ' ਆਦਿ ਨਾਂ ਖੂਹ ਉ
ਹਨ। 'ਪੰਚ ਕੋਸੀ' ਤੇ 'ਸੱਤ ਕੋਸੀ' ਪਿੰਡ
ਤਰਤੀਬਵਾਰ ਪੰਜ ਤੇ ਸੱਤ ਕੋਹ ਹਨ।

ਕੁਝ ਪਿੰਡਾਂ ਦੇ ਨਾਂ ਛੱਪੜਾਂ ਤੇ ਟੋਭਿਆਂ

ਥੀਂ, ਭੰਗਾਣ, ਕਾਨੇ ਤੇ ਘਾਹ ਦੇ ਢੇਰ ਉਗੇ ਹੁੰਦੇ ਸਨ। ਕੁਝ ਪਿੰਡਾਂ ਦੇ ਨਾਂ ਪੌਦਿਆਂ ਤੇ ਰੁੱਖਾਂ ਉੱਤੇ ਵੀ ਰਖੇ ਗਏ ਹਨ ਜਿਵੇਂ 'ਬੇਰ ਵਾਲਾ', 'ਪਿੱਪਲੀ', 'ਟਾਹਲੀ ਵਾਲਾ', 'ਜੰਡ ਸੰਡ'।

ਕੁਝ ਕੁ ਪਿੰਡਾਂ ਦੇ ਨਾਉਂ ਪਸ਼ੂਆਂ 'ਤੇ ਵੀ ਰਖੇ ਜਾਂਦੇ ਰਹੇ। ਜਿਸ ਇਲਾਕੇ ਵਿਚ ਕੋਈ ਪਸ਼ੂ ਜਾਂ ਜੰਗਲੀ ਜਾਨਵਰ ਜ਼ਿਆਦਾ ਪਾਇਆ ਜਾਂਦਾ ਸੀ, ਉਸ ਇਲਾਕੇ ਦਾ ਨਾਂ ਉਸ ਪਸ਼ੂ ਜਾਂ ਜੰਗਲੀ ਜਾਨਵਰ ਉੱਤੇ ਪੈ ਗਿਆ ਜਿਵੇਂ 'ਸ਼ੇਰ ਪਰੀ' 'ਨੀਲੇ ਵਾਲੇ', (ਨੀਲ ਗਾਏ ਤੋਂ) 'ਸੂਹਾਂਵਾਲੀ', 'ਸੂਰਘਾਤੀ', 'ਮੋਰਾਂਵਾਲੀ', 'ਗਿਦੜਾਂਵਾਲੀ', 'ਕਾਵਾਂ ਵਾਲੀ', 'ਸੱਪਾਂਵਾਲੀ'।

ਕੁਝ ਪਿੰਡ ਕਿਸੇ ਜੋਗੀ ਜਾਂ ਫਕੀਰ ਦੇ ਨਾਂ ਉੱਤੇ ਹਨ ਜਿਵੇਂ 'ਜੋਗੀ ਵਾਲਾ', 'ਫਕਰਸਰ', 'ਦੋ ਤਾਰਾਂ ਵਾਲੀ' (ਇਕ ਦੋਤਾਰੇ ਵਾਲੇ ਫਕੀਰ ਦੇ ਨਾਂ ਉੱਤੇ) ਇਥੇ ਕਦੇ ਸਬੰਧਿਤ ਜੋਗੀਆਂ ਤੇ ਫਕੀਰਾਂ ਦੇ ਡੇਰੇ ਸਨ।

## (ਪ-165) ਪਿੰਡੀ :

ਇਕ ਅਰਧ-ਗੋਲੇ ਵਰਗਾ ਨਿੱਕੇ ਨਿੱਕੇ ਪੱਥਰਾਂ ਦਾ ਢੇਰ, ਜੋ ਕਈ ਮੰਦਰਾਂ ਵਿਚ, ਦੇਵੀ ਦੇ ਪ੍ਰਤੀਕ ਵਜੋਂ, ਬਣਾਇਆ ਜਾਂਦਾ ਹੈ। ਸ਼ਿਵ ਦੀ ਮੂਰਤੀ ਦੇ ਰੂਪ ਵਿਚ, ਜੋ ਪੱਥਰ ਅਥਵਾ ਸ਼ਿਵ ਲਿੰਗ ਸਥਾਪਿਤ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਵੀ ਪਿੰਡੀ ਆਖਦੇ ਹਨ।

## (ਪ-166) ਪਿੰਡੀ ਦਾ ਨੇਹਾ :

ਹਰਿਆਣੇ ਵਿਚ ਪ੍ਰਚਲਤ, ਵਿਆਹ ਨਾਲ ਸਬੰਧਿਤ ਇਕ ਰੀਤ; ਮਿਉ ਜਾਤੀ ਵਿਚ ਵਿਆਹ ਤੋਂ ਚਾਰ ਕੁ ਦਿਨ ਪਹਿਲਾਂ, ਵਰ ਤੇ ਕੰਨਿਆ ਦੋਹਾਂ ਪੱਖਾਂ ਦੇ ਘਰ, ਇਹ ਰੀਤ ਕੀਤੀ ਜਾਂਦੀ ਹੈ। ਵਰ ਤੇ ਕੰਨਿਆ ਦੀਆਂ ਮਾਵਾਂ ਆਪੋ ਆਪਣੇ ਘਰਾਂ ਵਿਚ, ਸਹਿਵਾਸਨੀਆਂ ਦੀ ਮਦਦ ਨਾਲ, ਚਾਵਲ ਤੇ ਕਣਕ ਨੂੰ ਪੀਸ ਕੇ ਤੇ ਸ਼ੱਕਰ ਰਲਾ ਕੇ, ਘਿਉ 'ਚ ਤਲ ਕੇ ਪਿੰਡੀ ਬਣਾਉਂਦੀਆਂ ਹਨ। ਜੋ ਇਕ ਤਰ੍ਹਾਂ ਦੇ ਲੱਡੂ ਹੀ ਹੁੰਦੇ ਹਨ। ਇਹ ਪਿੰਡੀ, ਪਿੰਡ ਵਿਚ ਵਸਦੇ ਸਾਰੇ ਅੰਗਾਂ-ਸਾਕਾਂ ਵਿਚ ਵੰਡੇ ਜਾਂਦੇ ਹਨ।

## (ਪ-167) ਪਿੰਡੋਂ ਬਾਹਰੇ ਵਿਆਹ :

ਹੈ। ਇਸ ਦਾ ਵੱਡਾ ਕਾਰਨ ਇਹ ਜਾਪਦਾ ਹੈ
ਦੇ ਲਗਪਗ ਹਰ ਪਿੰਡ ਵਿਚ ਮੁੱਢ ਵਿਚ ਇ
ਵੰਸ਼ ਵਸਦੀ ਰਹੀ, ਹੁਣ ਵੀ ਬਹੁਤ ਸਾਰੇ ਪਿੰਡਾਂ
ਵਸੋਂ ਕਿਸੇ ਇਕ ਵਡੇਰੇ ਤੋਂ ਹੀ ਆਪਣਾ ਮੁ
ਹੈ। ਅਜਿਹੀ ਹਾਲਤ ਵਿਚ ਪਿੰਡ ਦੇ ਲੋਕਾਂ
ਵਿਚ ਵਿਆਹ ਵਰਜਿਤ ਸੰਜੋਗ ਸਮਝਿਆ
ਦੇਸ਼ ਦੀ ਵੰਡ ਮਗਰੋਂ ਪਿੰਡਾਂ ਦੀ ਕਟੁੰਬ-ਅ
ਕਾਫ਼ੀ ਸੱਟ ਵੱਜੀ ਹੈ, ਪਰ ਉਸੇ ਪਿੰਡ ਵਿਚ ਵਿ
ਦੀ ਪ੍ਰਥਾ ਨਹੀਂ ਬਣੀ।

ਆਪਣੇ ਪਿੰਡੋਂ ਬਾਹਰ ਕਿਧਰੇ ਵੀ ਵਿਆਹ
ਸਕਦਾ ਹੈ, ਪਰ ਆਮ ਤੌਰ ਉੱਤੇ ਪਿਉ ਤੇ
ਪਿੰਡ ਲਾੜਾ ਬਣ ਕੇ ਨਹੀਂ ਜਾਂਦੇ, ਅਥਵਾ ਲੜ
ਨਾਨਕੇ ਪਿੰਡ ਦੀ ਕੁੜੀ ਨਾਲ ਵਿਆਹ ਨਹੀਂ ਕਰ

## (ਪ-168) ਪਿੱਤਰ :

ਕਿਸੇ ਕੁੱਲ, ਕਟੁੰਬ, ਜਾਤੀ ਜਾਂ ਕਬੀਲੇ ਦੇ
ਵੱਡੇ ਵਡੇਰੇ। ਹਿੰਦੂਆਂ ਦੀ ਧਾਰਨਾ ਹੈ ਕਿ ਮ
ਪ੍ਰਾਣੀ ਮਾਤ-ਲੋਕ ਨੂੰ ਛੱਡ ਕੇ ਯਮ-ਲੋਕ ਅਥ
ਲੋਕ ਵਿਚ ਚਲਾ ਜਾਂਦਾ ਹੈ। ਲੋਕ-ਚਿੰਤਨ
ਮਾਤ ਲੋਕ ਦਾ ਹੀ ਪ੍ਰਤਿਰੂਪ ਹੈ ਅਤੇ ਉਥੇ
ਖਾਣ-ਪੀਣ ਕਪੜੇ ਲੱਤੇ ਤੇ ਰਹਿਣ ਸਹਿਣ ਦੀਆਂ
ਲੋੜਾਂ ਹਨ ਜਿਸ ਤਰ੍ਹਾਂ ਦੀਆਂ ਮਾਤ ਲੋਕ ਸ
ਰਹਿੰਦਿਆਂ। ਅਗਲੇ ਲੋਕ ਦੀਆਂ ਲੋੜਾਂ ਮਾਤ
ਜਿਉਂਦਿਆਂ ਦਿਤੇ ਪੁੰਨ ਦਾਨ ਜਾਂ ਮਰਨ ਮਗ
ਪੋਤਰਿਆਂ ਤੇ ਨਾਤੀਆਂ ਵਲੋਂ ਦਿਤੇ 'ਪਿੰਡਾਂ' ਤੋ
ਨਾਲ ਹੀ ਪੂਰੀਆਂ ਹੁੰਦੀਆਂ ਹਨ। ਇਸ ਲ
ਸਰਾਧਾਂ ਦੇ ਦਿਨਾਂ ਵਿਚ ਖ਼ਾਸ ਤੌਰ 'ਤੇ ਅਤੇ ਹੋਰ
ਮੌਕਿਆਂ 'ਤੇ ਵੀ ਪਿੱਤਰ ਨਮਿਤ ਪਿੰਡ-ਪੱਤਲ
ਦਾਨ ਕਰਦੇ ਹਨ।

ਜੇ ਕਿਸੇ ਪਿੱਤਰ ਦੀ ਪੂਜਾ ਕਰਨ ਵਾਲਾ
ਨਮਿਤ ਦਾਨ ਕਰਨ ਵਾਲਾ, ਇਸ ਸੰਸਾਰ
ਨਹੀਂ, ਤਾਂ ਪਰਲੋਕ ਵਿਚ ਪਿੱਤਰਾਂ ਨੂੰ ਔਕੇ
ਤੇ ਉਹ ਭੁੱਖੇ ਪਿਆਸੇ 'ਪੁੰ' ਨਾਂ ਦੇ ਨਰਕ
ਰਹਿਣਗੇ। ਇਸ ਲਈ ਹਿੰਦੂਆਂ ਵਿਚ ਪੁੱਤਰ ਦ

ਤਾਂ ਜੇਠਾ ਪੁੱਤਰ ਆਪਣੇ ਸਭ ਭਰਾਵਾਂ ਨਾਲ ਰਲ ਕੇ ਸਰਾਧ ਕਰ ਸਕਦਾ ਹੈ। ਸਾਰੇ ਭਰਾ ਵੱਖੋ ਵੱਖਰਾ ਸਰਾਧ ਨਹੀਂ ਕਰਦੇ।

ਪਿੱਤਰਾਂ ਨਮਿਤ ਕੀਤੇ ਸਰਾਧ ਕਰਮ ਆਦਿ 'ਪਿੱਤਰ ਕਰਮ' ਅਖਵਾਉਂਦੇ ਹਨ।

(ਪ-169) **ਪਿੱਤਰ ਤਰਪਣ** :

ਪਿੱਤਰਾਂ ਨੂੰ ਤ੍ਰਿਪਤ ਕਰਨ ਲਈ ਕੀਤੀ ਕਿਰਿਆ; ਹਿੰਦੂ ਮਤ ਵਿਚ ਪਿੱਤਰਾਂ ਦੀ ਸਾਂਤੀ ਲਈ ਹੱਥ ਅਥਵਾ ਅਰਘੇ ਨਾਲ ਮੰਤ੍ਰਾਂ ਦਾ ਪਾਠ ਕਰ ਕੇ ਤੇ ਪਿੱਤਰ ਲੋਕ ਵਲ ਮੂੰਹ ਕਰਕੇ, ਜਲ ਦਿਤਾ ਜਾਂਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਇਹ ਜਲ ਪਿੱਤਰਾਂ ਤਕ ਪਹੁੰਚਦਾ ਹੈ। ਸਰਾਧਾਂ ਦੇ ਦਿਨਾਂ ਵਿਚ ਪਿੱਤਰ ਨਮਿਤ ਸਰਾਧ ਤਾਂ ਕੇਵਲ ਇਕ ਦਿਨ ਹੀ ਕੀਤਾ ਜਾਂਦਾ ਹੈ ਪਰ ਤਰਪਣ ਪਿੱਤਰ ਪੱਖ ਵਿਚ ਹਰ ਰੋਜ਼ ਕੀਤਾ ਜਾਂਦਾ ਹੈ। ਪਹਿਲਾਂ ਦੇਵਤਿਆਂ ਨੂੰ ਜਲ ਦਿਤਾ ਜਾਂਦਾ ਹੈ, ਫਿਰ ਪਿਤਰਾਂ ਵਿਚ ਪਿਤਾ, ਦਾਦਾ, ਪੜਦਾਦਾ, ਮਾਂ, ਦਾਦੀ, ਪੜਦਾਦੀ ਨੂੰ। ਜਲ ਦੇਣ ਲਗਿਆਂ, ਪਿੱਤਰ ਦੇ ਨਾਂ ਤੇ ਗੋਤਰ ਦਾ ਉੱਚਾਰਨ ਕਰ ਲਿਆ ਜਾਂਦਾ ਹੈ। ਜਲ ਦੇਣ ਲਗਿਆਂ ਪਾਣੀ ਵਿਚ, ਕਾਲੇ ਤਿਲ ਮਿਲਾ ਲਏ ਜਾਂਦੇ ਹਨ ਜਿਸ ਲਈ ਇਸ ਨੂੰ 'ਤਿਲਾਂਜਲੀ' ਵੀ ਕਹਿੰਦੇ ਹਨ।

(ਪ-170) **ਪਿੱਤਰ ਤੀਰਥ** :

ਉਹ ਤੀਰਥ ਜਿਥੇ ਜਾ ਕੇ ਹਿੰਦੂ ਆਪਣੇ ਪਿੱਤਰਾਂ ਲਈ ਪਿੰਡ ਦਾਨ, ਤਰਪਣ, ਸਰਾਧ ਆਦਿ ਕਰਮ ਕਰਦੇ ਹਨ। ਮਤੱਸਯ ਪੁਰਾਣ ਵਿਚ ਪਿੱਤਰ ਤੀਰਥਾਂ ਦੀ ਗਿਣਤੀ 222 ਲਿਖੀ ਹੋਈ ਹੈ, ਪਰ ਪਿੱਤਰੀ ਤੀਰਥਾਂ ਵਿਚੋਂ ਗੱਯਾ, ਕਾਸ਼ੀ, ਪ੍ਰਾਗ ਤੇ ਹਰਦੁਆਰ ਵੱਡੇ ਤੀਰਥ ਮੰਨੇ ਜਾਂਦੇ ਹਨ। ਗਯਾ ਵਿਚ ਪਿੱਤਰਾਂ ਨਮਿਤ ਪਿੰਡ ਭਰਨ ਨਾਲ ਪਿੱਤਰਾਂ ਨੂੰ ਮੁਕਤੀ ਮਿਲਦੀ ਹੈ। ਗਯਾ ਵਿਚ ਪਿੰਡ ਦਾਨ ਦੇ ਮਗਰੋਂ ਮੁੜ ਪਿੱਤਰਾਂ ਨਮਿਤ ਕੋਈ ਕਰਮ ਕਰਨ ਦੀ ਲੋੜ ਨਹੀਂ ਰਹਿੰਦੀ।

(ਪ-171) **ਪਿੱਤਰ ਪੱਖ** :

ਜਿਸੇ ਜੀਵ ਨੂੰ ਦੀ ਬਿਨਾਂ ਪਾਪੇ ਨਹੀਂ ਜਾਣ
ਜਾਵੇਂ ਉਹ ਕੁੱਤਾ ਬਿੱਲੀ ਹੀ ਕਿਉਂ ਨਾ ਹੋਵੇ

ਪਿੱਤਰ ਪੱਖ ਵਿਚ ਹਿੰਦੂ ਪਿੱਤਰਾਂ
ਕਰਦੇ, ਪਿੰਡ ਪੱਤਲ ਤੇ ਤਰਪਣ ਕਰਦੇ
'ਕੇਵਲ ਉਸ ਤਿੱਥ ਨੂੰ ਹੀ ਕੀਤਾ ਜਾਂਦਾ ਹੈ
ਜਿਸੇ ਪਿੱਤਰ ਨੇ ਪਰਲੋਕ ਗਮਨ ਕੀਤਾ ਹੋਵੇ,
ਨਾ ਹੋਵੇ ਤਾਂ ਅਖੀਰਲੀ ਤਿੱਥ, ਜਿਸ ਨੂੰ ਪਿੱ
ਅਮਾਵਸ ਕਹਿੰਦੇ ਹਨ, ਨੂੰ ਸਰਾਧ ਕਰਨ ਦ
ਸਰਾਧ ਤਾਂ ਪਿੱਤਰ ਪੱਖ ਵਿਚ ਕੇਵਲ ਇ
ਦੀ ਪਰੰਪਰਾ ਹੈ, ਪਰ ਤਰਪਣ ਪਿੱਤਰ ਪੱਖ
ਨੂੰ ਕਰਨਾ ਜਰੂਰੀ ਹੈ। ਪਹਿਲੇ ਦੇਵਤੇ ਨੂੰ
ਜਾਵੇ ਤੇ ਫਿਰ ਪਿੱਤਰਾਂ ਨੂੰ। ਪਿੱਤਰਾਂ ਨੂੰ
ਲਗਿਆਂ ਉਨ੍ਹਾਂ ਦੇ ਨਾਂ ਤੇ ਗੋਚਰ ਦਾ ਉ
ਜਾਂਦਾ ਹੈ।

ਪਿੱਤਰ ਪੱਖ ਵਿਚ ਪਿੱਤਰ ਤੀਰਥਾਂ ਉ
ਦਾ ਖ਼ਾਸ ਮਹਾਤਮ ਹੈ। ਧਰਮ ਸ਼ਾਸਤਰਾਂ ਅ
ਪੱਖ ਵਿਚ ਗੱਯਾ ਵਿਖੇ ਫਲਗੂ ਨਦੀ ਦੇ ਕੰ
ਨਾਮੀ ਤੀਰਥ ਉਤੇ, ਪਿੰਡ ਦਾਨ ਤੇ ਸਰਾਧ
ਪਿੱਤਰਾਂ ਦਾ ਉਧਾਰ ਹੋ ਜਾਂਦਾ ਹੈ ਤੇ ਫਿਰ
ਸਰਾਧ ਕਰਨ ਦੀ ਲੋੜ ਨਹੀਂ ਰਹਿੰਦੀ।

ਸ਼ਾਸਤਰਾਂ ਅਨੁਸਾਰ ਪ੍ਰਾਣੀ ਲਈ ਤਿੰ
ਜਿਨ੍ਹਾਂ ਵਿਚ ਮੁੱਖ ਰਿਣ ਪਿੱਤਰ ਰਿਣ ਹੈ।
ਉਤਾਰਨਾ ਹਰ ਹਿੰਦੂ ਦਾ ਮੁਖ ਕਰਤਵ ਹੈ।
ਪਿੱਤਰਾਂ ਦਾ ਸਰਾਧ ਕਰ ਕੇ ਚੁਕਾਇਆ ਜਾਂਦ
ਪੱਖ ਸਰਾਧ ਲਈ ਨਿਸਚਤ ਪੰਦਰਾਂ ਤਿੱਥੀਆ
ਸਮੂਹ ਹੈ। ਪਿੱਤਰ ਪੱਖ ਦੇ ਮਹਾਤਮ ਬਾਰੇ
ਇਉਂ ਪ੍ਰਚਲਤ ਹੈ :

ਅੰਗਰਾਜ ਕੁੰਤੀ ਦਾ ਪੁੱਤਰ ਕਰਣ ਬੜੇ
ਦਾ ਸੀ। ਉਹ ਹਰ ਰੋਜ਼ ਸਦਾ ਮਣ ਸੋਨਾ
ਦਾਨ ਕਰ ਕੇ ਭੋਜਨ ਕਰਦਾ ਸੀ, ਪਰ
ਕੋਈ ਹੋਰ ਵਸਤੂ ਦਾਨ ਨਹੀਂ ਸੀ ਕਰਦਾ
ਨੇ ਸਰੀਰ ਤਿਆਗਿਆ ਤਾਂ ਉਹ ਆਪਣੇ ਪੁੰ
ਸਵਰਗ ਲੋਕ ਵਿਚ ਪਹੁੰਚਿਆ, ਜਿਥੇ ਉਸ ਦੇ
ਸੋਨੇ ਦਾ ਮਹਲ ਸੀ, ਪਰ ਖਾਣ ਲਈ ਉਸ

ਲਈ ਧਰਤੀ ਉੱਤੇ ਭੇਜਿਆ ਜਾਵੇ ਤਾਂ ਜੋ ਉਹ ਖਾਣ-ਪੀਣ ਦੀਆਂ ਵਸਤਾਂ ਪੁੰਨ ਦਾਨ ਕਰ ਸਕੇ। ਕਰਣ ਦੀ ਬੇਨਤੀ ਮੰਨ ਲਈ ਗਈ ਤੇ ਉਹ ਮੁੜ ਮਾਤ-ਲੋਕ ਵਿਚ ਆ ਗਿਆ। ਪੰਦਰਾਂ ਦਿਨ ਉਸ ਨੇ ਸਦਾਚਾਰ ਪੂਰਵਕ ਰਹਿ ਕੇ ਖੂਬ ਪੁੰਨ ਦਾਨ ਕੀਤਾ, ਬ੍ਰਾਹਮਣਾਂ ਨੂੰ ਭੋਜ ਦਿਤੇ, ਗਰੀਬਾਂ ਨੂੰ ਅੰਨ। ਫਿਰ ਜਦੋਂ ਉਹ ਸਵਰਗ ਲੋਕ ਵਿਚ ਗਿਆ ਤਾਂ ਉਸ ਨੂੰ ਸਭ ਵਸਤਾਂ ਮਿਲੀਆਂ। ਕਰਣ ਦੇ ਪੁਨਰ ਜੀਵਨ ਦੀਆਂ ਇਹ ਤਿੱਥਾਂ ਬੜੀਆਂ ਮਹਾਨ ਹਨ ਤੇ ਇਨ੍ਹਾਂ ਨੂੰ ਪਿੱਤਰੀ ਪੱਖ ਕਿਹਾ ਜਾਂਦਾ ਹੈ।

ਪਿੱਤਰੀ ਪੱਖ ਦੀਆਂ ਤਿੱਥਾਂ ਵਿਚ ਹਿੰਦੂ ਕੋਈ ਮੰਗਲ ਕਾਰਜ ਨਹੀਂ ਕਰਦੇ।

(ਪ-172) **ਪਿੱਤਰ ਪੂਜਾ** :

ਕਿਸੇ ਕੁੱਲ, ਜਾਤੀ ਜਾਂ ਕਬੀਲੇ ਦੇ ਵੱਡੇ-ਵਡੇਰਿਆਂ ਨੂੰ, ਜੋ ਪਰਲੋਕ ਗਮਨ ਕਰ ਚੁਕੇ ਹੋਣ, ਪਿੱਤਰ ਕਿਹਾ ਜਾਂਦਾ ਹੈ। ਹਿੰਦੂਆਂ ਦੀ ਧਾਰਨਾ ਹੈ ਕਿ ਮਰਨ ਮਗਰੋਂ ਪ੍ਰਾਣੀ ਅਥਵਾ ਪਿੱਤਰ, ਪਿੱਤਰ ਲੋਕ ਵਿਚ ਰਹਿੰਦੇ ਹਨ, ਜਿਥੇ ਉਨ੍ਹਾਂ ਨੂੰ ਖਾਣ ਪੀਣ ਤੇ ਪਹਿਨਣ ਆਦਿ ਦੀਆਂ ਕਈ ਲੋੜਾਂ ਹਨ। ਇਹ ਲੋੜਾਂ ਤਾਂ ਹੀ ਪੂਰੀਆਂ ਹੋ ਸਕਦੀਆਂ ਹਨ, ਜੇ ਪਿੱਤਰਾਂ ਦੇ ਪੁੱਤਰ, ਪੋਤਰੇ ਜਾਂ ਨਾਤੀ, ਪਿੱਤਰਾਂ ਨਮਿਤ ਸਮੇਂ ਸਮੇਂ ਪਿੰਡ ਪੱਤਲ, ਜਲ ਤੇ ਹੋਰ ਵਸਤੂਆਂ ਦਾਨ ਕਰਦੇ ਰਹਿਣ। ਫਿਰ ਪਿੱਤਰ ਆਪਣੀ ਕੁੱਲ ਜਾਤੀ ਜਾਂ ਕਬੀਲੇ ਦੇ ਲੋਕਾਂ ਨੂੰ ਸੁੱਖ ਵੀ ਪਹੁੰਚਾ ਸਕਦੇ ਹਨ ਤੇ ਦੁੱਖ ਵੀ। ਜੇ ਪਿੱਤਰਾਂ ਨਮਿਤ ਸਾਮਗਰੀ ਦਾਨ ਕੀਤੀ ਜਾਂਦੀ ਹੈ ਤਾਂ ਪਿੱਤਰ ਪ੍ਰਸੰਨ ਰਹਿੰਦੇ ਹਨ ਤੇ ਆਪਣੀ ਕੁਲ-ਕਬੀਲੇ ਨੂੰ ਸੁੱਖ ਦੇਂਦੇ ਹਨ। ਜੇ ਉਨ੍ਹਾਂ ਨਮਿਤ ਦਾਨ ਨਾ ਦਿਤਾ ਜਾਵੇ ਤਾਂ ਉਹ ਪਿੱਤਰ ਲੋਕ ਤੇ ਪਰਲੋਕ ਵਿਚ ਭੁੱਖੇ ਪਿਆਸੇ ਰਹਿਣ ਕਾਰਨ, ਆਪਣੀ ਵੰਸ਼ ਨੂੰ ਨੁਕਸਾਨ ਪਹੁੰਚਾਂਦੇ ਹਨ। ਇਸ ਧਾਰਨਾ ਨੇ ਪਿੱਤਰ ਪੂਜਾ ਨੂੰ ਜਨਮ ਦਿਤਾ।

ਪਿੱਤਰਾਂ ਦੀ ਪੂਜਾ ਉਂਜ ਤਾਂ ਕਿਸੇ ਵੀ ਮੰਗਲ ਕਾਰਜ ਸਮੇਂ ਕੀਤੀ ਜਾ ਸਕਦੀ ਹੈ, ਪਰ ਸਰਾਧਾਂ ਦੇ ਦਿਨਾਂ ਵਿਚ ਇਹ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਸਰਾਧ ਦਾ ਅਧਿਕਾਰ ਖ਼ਾਸ ਤੌਰ ਤੇ ਜੇਠੇ ਪੁੱਤਰ ਨੂੰ ਪ੍ਰਾਪਤ ਹੈ। ਜੇ ਪੁੱਤਰ ਨਾ ਹੋਵੇ ਤਾਂ ਨਾਤੀ (ਧੀ ਦਾ ਪੁੱਤਰ) ਵੀ ਸਰਾਧ

ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ
ਦਿਤੀ ਜਾਂਦੀ ਹੈ।

ਭਾਰਤ ਵਿਚ ਪਿੱਤਰਾਂ ਦੀ ਪੂਜਾ ਦਾ
ਕਾਲ ਤੋਂ ਚਲਿਆ ਆ ਰਿਹਾ ਹੈ। ਵੈਦਿ
ਮਹੱਤਵਪੂਰਨ ਵਿਅਕਤੀਆਂ ਦੇ ਸਰਾਧ,
ਕਾਲ ਵਿਚ ਹੀ ਕੀਤੇ ਜਾਂਦੇ ਸਨ। ਉਦੋਂ
ਨੂੰ ਖ਼ਾਸ ਅਧਿਕਾਰ ਪ੍ਰਾਪਤ ਸਨ ਤੇ ਸਾਰਾ
ਪ੍ਰਤੀ ਸ਼ਰਧਾ ਤੇ ਸਨਮਾਨ ਦੀ ਭਾਵਨਾ ਰ
ਭਾਵਨਾ ਕਰਕੇ ਮਰਨ ਮਗਰੋਂ ਵੀ ਕੁੱਲ ਦੇ
ਪੂਜਾ ਸ਼ੁਰੂ ਹੋ ਗਈ, ਜੋ ਪਿੱਤਰ ਪੂਜਾ ਦੇ
ਪ੍ਰਚਲਤ ਹੈ। ਸਮੇਂ ਦੇ ਨਾਲ ਪਿੱਤਰ-ਪੂ
ਮਨੌਤਾਂ ਜੁੜਦੀਆਂ ਗਈਆਂ ਤੇ ਇਹ ਇਕ
ਦਾ ਰੂਪ ਧਾਰਨ ਕਰ ਗਈ। ਪਿੱਤਰ ਪੂ
ਦੀ ਮਹਾਨਤਾ ਵਧੀ। ਜਿਸ ਦੇ ਪੁੱਤਰ
ਉਸ ਨੂੰ ਪਿੱਤਰ ਲੋਕ ਵਿਚ ਪਾਣੀ ਦੇਣ ਵ
ਅਤੇ ਉਹ ਪੁ ਨਾਂ ਦੇ ਨਰਕ ਵਿਚ ਹੀ
ਪੁੱਤਰ ਦੀ ਹੋਂਦ ਹੀ ਕਿਸੇ ਪ੍ਰਾਣੀ ਨੂੰ
ਸੁਭਾਵਕ ਹੀ ਬਾਹਰ ਕੱਢ ਸਕਦੀ ਹੈ। ਪੁੱ
ਹੈ ਅਥਵਾ ਪੁ ਨਰਕ ਵਿਚੋਂ ਕਢਣ ਵਾਲਾ

ਪਿੱਤਰ ਰਿਣ : ਧਰਮ ਸ਼ਾਸਤਰਾਂ ਵਿ
ਤਿੰਨ ਰਿਣ ਦਸੇ ਗਏ ਹਨ।

(1) ਦੇਵ ਰਿਣ
(2) ਰਿਸ਼ੀ ਰਿਣ
(3) ਪਿੱਤਰ ਰਿਣ।

ਇਹ ਤਿੰਨੇ ਰਿਣ ਹਰੇਕ ਸ਼ਖ਼ਸ ਲਈ
ਹਨ। ਪਿੱਤਰ ਰਿਣ ਸਭ ਤੋਂ ਵੱਡਾ ਰਿਣ
ਕਿਉਂ ਜੋ ਅਸੀਂ ਸੰਸਾਰ ਵਿਚ ਲਿਆਉਣ
ਹੀ ਸਭ ਤੋਂ ਵਧ ਰਿਣੀ ਹਾਂ। ਪਿੱਤਰਾਂ ਦ
ਜਲ ਤੇ ਪਿੰਡ ਦਾਨ ਕਰਕੇ ਅਤੇ ਸਰਾਧ
ਮਰਨ ਤਿੱਥ ਉੱਤੇ ਸਰਾਧ ਕਰ ਕੇ ਉਤਾਰਿ
ਜਿਹੜਾ ਪ੍ਰਾਣੀ ਪਿੱਤਰ-ਰਿਣ ਨਹੀਂ ਉਤਾਰ
ਨਰਕ ਵਿਚ ਸੁੱਟਿਆ ਜਾਂਦਾ ਹੈ।

ਪਿੱਤਰ ਲੋਕ : ਉਹ ਲੋਕ ਜਿਥੇ ਪਿ
ਸਾਂਖਯ ਅਤੇ ਵੇਦਾਂਤ ਦਰਸ਼ਨ ਵਿਚ ਔ

ਵਿਚ ਪਿੱਤਰੀ ਲੋਕ ਦਾ ਹਵਾਲਾ ਮਿਲਦਾ ਹੈ। ਹੜੱਪਾ ਤੋਂ ਮਿਲੀਆਂ ਵਸਤੂਆਂ ਤੋਂ ਪਤਾ ਲੱਗਦਾ ਹੈ ਕਿ ਉਥੋਂ ਦੇ ਲੋਕਾਂ ਦਾ ਵਿਸ਼ਵਾਸ ਯਮ ਤੇ ਪਿੱਤਰੀ ਲੋਕ ਵਿਚ ਸੀ। ਉਨ੍ਹਾਂ ਦੀ ਧਾਰਨਾ ਸੀ ਕਿ ਪਿੱਤਰੀ ਲੋਕ ਨੂੰ ਜੋ ਰਾਹ ਜਾਂਦਾ ਹੈ, ਉਹ ਧਰਤੀ ਤੋਂ ਲੰਘ ਕੇ ਜਾਂਦਾ ਹੈ। ਇਸ ਲਈ ਉਹ ਮਰ ਗਏ ਪ੍ਰਾਣੀਆਂ ਦੇ ਨਾਲ ਠੇਲੇ ਜਾਂ ਗੱਡੇ ਦਬਿਆ ਕਰਦੇ ਸਨ ਤਾਂ ਜੋ ਪਿੱਤਰ ਨੂੰ ਸਫ਼ਰ ਵਿਚ ਅਰਾਮ ਰਹੇ।

### (ਪ-173) **ਪਿੱਤਰ-ਵਿਸਰਜਨੀ ਅਮਾਵਸ** :

ਅੱਸੂ ਦੇ ਹਨੇਰੇ ਪੱਖ ਦੀ ਮੱਸਿਆ ਨੂੰ ਪਿੱਤਰ ਵਿਸਰਜਨੀ ਅਮਾਵਸ ਕਹਿੰਦੇ ਹਨ। ਹਿੰਦੂਆਂ ਦੇ ਵਿਸ਼ਵਾਸ਼ ਅਨੁਸਾਰ ਅੱਸੂ ਦੇ ਹਨੇਰੇ ਪੱਖ ਦੀ ਪਹਿਲੀ ਤਿੱਥ ਨੂੰ ਪਿੱਤਰ ਧਰਤੀ ਉਤੇ ਆਉਂਦੇ ਹਨ ਅਤੇ ਮੱਸਿਆ ਵਾਲੇ ਦਿਨ ਪ੍ਰਿਥਵੀ ਤੋਂ ਪਿੱਤਰ ਲੋਕ ਨੂੰ ਵਾਪਸ ਚਲੇ ਜਾਂਦੇ ਹਨ। ਇਸ ਤਿੱਥ ਨੂੰ ਹਿੰਦੂ ਆਪਣੇ ਪਿੱਤਰਾਂ ਨਮਿਤ ਜਲ ਦੇਂਦੇ, ਪਿੰਡ ਦਾਨ ਕਰਦੇ, ਬ੍ਰਾਹਮਣਾਂ ਨੂੰ ਭੋਜਨ ਛਕਾਂਦੇ ਅਤੇ ਪਿੱਤਰਾਂ ਦੇ ਵਿਸਰਜਨ ਲਈ ਪ੍ਰਾਰਥਨਾ ਕਰਦੇ ਹਨ।

ਪਿੱਤਰ ਵਿਸਰਜਨੀ ਅਮਾਵਸ ਸਾਂਝਾ ਮਾਂਝਾ ਦਿਹਾੜਾ ਮੰਨਿਆ ਜਾਂਦਾ ਹੈ। ਜਿਸ ਸ਼ਖ਼ਸ ਨੂੰ ਆਪਣੇ ਪਿੱਤਰਾਂ ਦੀ ਮਰਨ ਤਿੱਥ ਪਤਾ ਨਾ ਹੋਵੇ, ਉਹ ਇਸ ਤਿੱਥ ਨੂੰ ਸਰਾਧ ਕਰਦਾ ਹੈ।

ਪਿੱਤਰਾਂ ਨੂੰ ਪਾਣੀ ਦੇਣਾ: ਹਿੰਦੂਆਂ ਵਿਚ ਪਿੱਤਰਾਂ ਦੀ ਤ੍ਰਿਪਤੀ ਲਈ, ਹੱਥ ਅਥਵਾ ਅਰਘੇ ਨਾਲ ਮੰਤ੍ਰਾਂ ਦਾ ਪਾਠ ਕਰਦਿਆਂ ਜਲ ਦਿਤਾ ਜਾਂਦਾ ਹੈ। ਲੋਕ-ਨਿਸ਼ਚੇ ਅਨੁਸਾਰ ਇਹ ਜਲ ਪਿੱਤਰੀ-ਲੋਕ ਵਿਚ ਪਿੱਤਰਾਂ ਨੂੰ ਪਹੁੰਚਦਾ ਹੈ। ਸਰਾਧਾਂ ਦੇ ਦਿਨਾਂ ਵਿਚ ਪਿੱਤਰਾਂ ਨਮਿਤ ਸਰਾਧ ਤਾਂ ਕੇਵਲ ਇਕ ਦਿਨ ਕੀਤਾ ਜਾਂਦਾ ਹੈ ਪਰ ਬਾਕੀ ਦਿਨ ਰੋਜ਼ ਪਿੱਤਰਾਂ ਨੂੰ ਜਲ ਦਿਤਾ ਜਾਂਦਾ ਹੈ। ਜਲ ਦੇਣ ਲਗਿਆਂ ਪਿੱਤਰਾਂ ਦਾ ਨਾਂ ਤੇ ਗੋਤਰ ਉਚਾਰਿਆ ਜਾਂਦਾ ਹੈ। ਕਈ ਲੋਕ ਹਰਦੁਆਰ ਜਾ ਕੇ ਆਪਣੇ ਪਿੱਤਰਾਂ ਨੂੰ ਪਾਣੀ ਦੇਂਦੇ ਹਨ।

### **(ਪ-174) ਪਿੱਪਲ (ਪਿੱਪਲ ਪੂਜਾ) :**

ਪੱਤੇ ਪੱਤੇ ਗੋਵਿੰਦ ਬੈਠਾ, ਟਾਹਣੀ ਟਾਹਣ
ਮੁੱਢ ਤੇ ਸ੍ਰੀ ਕ੍ਰਿਸ਼ਨ ਬੈਠਾ, ਧਨ ਬ੍ਰਹਮਾ ਦਿ

ਕਿਹਾ ਜਾਂਦਾ ਹੈ ਕਿ ਵਿਆਸ ਰਿਸ਼ੀ
ਪੱਤੇ ਨੂੰ ਦੇਵਤਿਆਂ ਦਾ ਰੂਪ ਜਾਣ ਕੇ ਆਪ
ਬੰਨ੍ਹਿਆ ਤੇ ਉਦੋਂ ਤੋਂ ਹੀ ਪਿੱਪਲ ਦਾ
ਮੰਨਿਆ ਜਾਣ ਲੱਗਾ।

ਹਿੰਦੂ ਪਿੱਪਲ ਦੇ ਬ੍ਰਿਛ ਨੂੰ ਇਤਨਾ ਪ
ਹਨ ਕਿ ਇਸ ਬ੍ਰਿਛ ਤੇ ਕਦੇ ਕੁਲਾਹੜਾ ਨਹ
ਇਸ ਦੇ ਪੱਤਿਆਂ ਜਾਂ ਟਹਿਣੀਆਂ ਨੂੰ, ਪਸ਼ੂਆਂ
ਬਾਲਣ ਵਜੋਂ ਵੀ ਨਹੀਂ ਵਰਤਦੇ।

ਹਿੰਦੂ ਪਿੱਪਲ ਨੂੰ ਪੂਜਦੇ ਹਨ। ਉਨ੍ਹਾਂ
ਹੈ ਕਿ ਜਿਹੀ ਪਿੱਪਲ ਦੀ ਪੂਜਾ ਕੀਤੀ ਜਿਹ
ਦੀ। ਹਿੰਦੂ ਤੀਵੀਆਂ ਇਸ ਰੁੱਖ ਦੀ ਜੜ੍ਹ
ਲੱਸੀ ਪਾਉਂਦੀਆਂ ਹਨ ਤੇ ਇਸ ਦੇ ਦੁਆਲੇ
ਵਿਚ 108 ਪਰਕਰਮਾ ਕਰਦੀਆਂ ਹਨ। ਕ
ਪੂਜਾ ਕਰਨ ਮਗਰੋਂ, ਪਿੱਪਲ ਦੀਆਂ ਜੜ੍ਹਾਂ ਕੋ
ਇਕ ਸਿੱਕਾ, ਜੰਞੂ ਤੇ ਮਠਿਆਈ ਭੇਟਾ ਵਜੋਂ
ਹਨ। ਪਿੱਪਲ ਦੀ ਪਰਕਰਮਾ ਕਰਦਿਆਂ ਉ
ਟੱਪਾ, 'ਪੱਤੇ ਪੱਤੇ ਗੋਵਿੰਦ ਬੈਠਾ, ਟਾਹਣੀ ਟਾਹ
ਵਾਰ ਵਾਰ ਦੁਹਰਾਇਆ ਜਾਂਦਾ ਹੈ।

ਕਈ ਹਿੰਦੂ ਬੱਚੇ ਨੂੰ ਜੰਞੂ ਪਹਿਨਾਣ ਵੇਲੇ
ਦੀ ਰਸਮ ਸਮੇਂ ਤੇ ਮਕਾਨ ਦੀ ਨੀਂਹ ਧਰ
ਪਿੱਪਲ ਦੀ ਪੂਜਾ ਕਰਦੇ ਹਨ। ਪਹਿਲਿਆਂ ਵਿ
ਜਣਨ-ਸ਼ਕਤੀ ਪ੍ਰਾਪਤ ਕਰਨ ਲਈ ਪਿੱਪਲ
ਨੰਗੀਆਂ ਪਰਕਰਮਾ ਕਰਦੀਆਂ ਸਨ। ਅੱਜ
ਦੀ ਇੱਛਾ ਨਾਲ, ਤੀਵੀਆਂ ਪਿੱਪਲ ਦੁਆਲ
ਧਾਗਾ ਵਲਦੀਆਂ ਹੋਈਆਂ 108 ਪਰਕਰਮਾ ਕਰ

ਪਿੱਪਲ ਦੀ ਜੜ੍ਹ ਵਿਚ ਬ੍ਰਹਮਾ ਦਾ ਨਿਵਾਸ
ਨੇ ਹੀ ਸਾਰੀ ਸ੍ਰਿਸ਼ਟੀ ਨੂੰ ਰਚਿਆ ਹੈ। ਸੁਰ
ਸਾਰ ਪਿੱਪਲ ਦੀ ਜੜ੍ਹ ਨੂੰ ਪਾਣੀ ਦੇਣ ਤੇ ਪਰ
ਨਾਲ ਨਿਰਸੰਤਾਨ ਤੀਵੀਂ ਦੀ ਜੜ੍ਹ ਹਰੀ
ਨਿਰਸੰਤਾਨ ਤੀਵੀਆਂ ਪਿੱਪਲ ਦੀ ਜੜ੍ਹ, ਪੁੱਤ
ਪ੍ਰਾਪਤ ਕਰਨ ਲਈ ਪੂਜਦੀਆਂ ਹਨ। ਗੀਤ ਹੈ

ਨਿਤ ਬਰ੍ਹਮੇ ਜਲ ਪਾਵਾਂ, ਵੀਰਾ ਤੇਰੀ ਜੜ੍ਹ

ਜਦੋਂ ਕਿਸੇ ਦੀ ਮ੍ਰਿਤੂ ਹੋ ਜਾਂਦੀ ਹੈ ਤਾਂ ਉਸ ਦਾ ਨੇੜਾ ਪੁੱਤਰ/ਭਰਾ ਫੁੱਟੇ ਹੋਏ ਕੁੰਭ ਵਿਚ ਪਾਣੀ ਭਰ ਕੇ, ਪਿੱਪਲ ਦੇ ਰੁੱਖ ਦੀ ਕਿਸੇ ਟਾਹਣ ਉਤੇ ਲਟਕਾ ਦੇਂਦਾ ਹੈ। ਇਹ ਜਲ ਪਿੱਪਲ ਦਾ ਰੁੱਖ ਮ੍ਰਿਤਕ ਦੇ ਪ੍ਰੇਤ ਨੂੰ ਪਹੁੰਚਾ ਦੇਂਦਾ ਹੈ।

ਪਿੱਪਲ ਦੇ ਬ੍ਰਿਛ ਦੇ ਹੇਠਾਂ ਜਾਂ ਸਾਹਮਣੇ ਖੜੇ ਕੇ ਕਿਸੇ ਨਾਲ ਝੂਠ ਬੋਲਣਾ, ਧੋਖਾ ਦੇਣਾ ਜਾਂ ਕਿਸੇ ਦੀ ਜਾਨ ਲੈਣੀ ਮਹਾ ਪਾਪ ਹੈ। ਇਸ ਲਈ ਬਾਣੀਏ ਪਿੱਪਲ ਦੇ ਸਾਹਮਣੇ ਜਾਂ ਹੇਠਾਂ ਬੈਠ ਕੇ ਕਦੇ ਕਿਸੇ ਨਾਲ ਲੇਖਾ-ਜੋਖਾ ਜਾਂ ਵਿਪਾਰ ਦੀ ਗੱਲ ਨਹੀਂ ਕਰਦੇ।

ਪਿੱਪਲ ਦੀ ਪੂਜਾ ਪੰਜਾਬ ਵਿਚ ਮੁੱਢ ਕਦੀਮ ਤੋਂ ਚਲੀ ਆ ਰਹੀ ਹੈ। ਮੋਹਿੰਜੋਦੜੋ ਤੇ ਹੜੱਪਾ ਦੀਆਂ ਥੇਹਾਂ ਤੋਂ ਜੋ ਠੀਕਰਾ ਮੋਹਰਾਂ ਮਿਲੀਆਂ ਹਨ ਉਨ੍ਹਾਂ ਤੋਂ ਸਾਫ਼ ਪਤਾ ਚਲਦਾ ਹੈ ਕਿ ਉਹ ਲੋਕ ਪਿੱਪਲ ਦੀ ਪੂਜਾ ਕਰਦੇ ਸਨ। ਇਕ ਠੀਕਰ ਮੋਹਰ (ਨੰਬਰ 387) ਉਤੇ ਪਿੱਪਲ ਦੇ ਦਰਖਤ ਨੂੰ ਪਵਿੱਤ੍ਰ ਵੇਦੀ ਵਿਚੋਂ ਉਭਰਦਾ ਵਿਖਾਇਆ ਗਿਆ ਹੈ, ਜਿਸ ਦੇ ਤਣੇ ਕੋਲ, ਇਕ ਸਿੰਘ ਖੜੇ ਪਿੱਪਲ ਵਿਚਲੇ ਦੇਵਤੇ ਦੀ ਰਖਿਆ ਕਰ ਰਹੇ ਹਨ। ਕਈ ਹੋਰ ਠੀਕਰ ਮੋਹਰਾਂ ਵਿਚ ਵੀ ਪਿੱਪਲ ਦੇ ਬ੍ਰਿਛ ਨੂੰ ਵਿਖਾਇਆ ਗਿਆ ਹੈ। ਕੇ. ਐਨ. ਸ਼ਾਸਤ੍ਰੀ ਦਾ ਵਿਚਾਰ ਹੈ ਕਿ ਪਿੱਪਲ ਦੇਵਤਾ ਹੜੱਪਾ ਤੇ ਮੋਹਿੰਜੋਦੜੋ ਸਭਿਅਤਾ ਦਾ ਨਿਰਸੰਦੇਹ ਪ੍ਰਧਾਨ ਦੇਵਤਾ ਸੀ।

ਰਿਗ ਵੇਦ ਵਿਚ ਪਿੱਪਲ ਦਾ ਜ਼ਿਕਰ ਕਈ ਥਾਈਂ ਆਇਆ ਹੈ। ਹਵਨ ਵਿਚ ਪਵਿੱਤ੍ਰ ਅਗਨੀ ਬਾਲਣ ਲਈ ਪਿੱਪਲ ਦੀ ਲਕੜੀ ਜਲਾਈ ਜਾਂਦੀ ਹੈ। ਸਵਰਗ ਵਿਚ ਦੇਵਤੇ ਪਿੱਪਲ ਦੇ ਹੇਠਾਂ ਬੈਠ ਆਰਾਮ ਕਰਦੇ ਮੰਨੇ ਜਾਂਦੇ ਹਨ। ਮਗਰੋਂ ਪਿੱਪਲ ਨੂੰ ਬ੍ਰਹਮ-ਤਰੂ (ਗਿਆਨ ਦਾ ਬ੍ਰਿਛ) ਤੇ ਉਤਪਤੀ ਦਾ ਬ੍ਰਿਛ ਮੰਨਿਆ ਜਾਣ ਲਗਾ ਅਤੇ ਇਸ ਦਾ ਸੰਬੰਧ ਬ੍ਰਹਮਾ ਨਾਲ ਜੋੜ ਦਿਤਾ ਗਿਆ।

## (ਪ-175) ਪਿੱਪਲ ਪੱਤਰਾ

ਪਿੱਪਲ ਦੇ ਪੱਤੇ ਦਾ ਗਹਿਣਾ ਇਕ ਗਹਿਣਾ; ਇਹ ਬੜਾ ਸੋਹਣਾ ਗਹਿਣਾ ਹੈ ਤੇ ਇਸ ਨੂੰ ਪਹਿਨਣ ਨਾਲ ਜੋ ਧੌਣ ਹੇਠੀ ਲਗਣ ਉਨ੍ਹਾਂ ਦੀ ਆਪੂ ਸੋਭਾ ਹੁੰਦੀ ਹੈ।

ਇਕ ਲੋਕ ਗੀਤਾਂ ਘੜਾ ਲੈ ਪਿੱਪਲ ਪੱਤੀਆਂ

ਜਾਂ ਦੇ ਪ੍ਰੋਹਿਤ ਗੋਤਾਚਾਰ ਪੜ੍ਹਦੇ ਹਨ
ਪੜ੍ਹਨ ਮਗਰੋਂ ਕੰਨਿਆਂ ਪੱਖ ਦਾ ਪ੍ਰੋਹਿਤ, ਵਰ
ਨਾਲ ਉਮਰ ਭਰ ਸਾਥ ਨਿਭਾਉਣ ਦਾ ਪ੍ਰਣ
ਇਸ ਰਸਮ ਨੂੰ 'ਪਿਪੜੇ ਪੜ੍ਹਨਾ' ਕਿਹਾ
ਇਸੇ ਤਰ੍ਹਾਂ ਵਰ ਪੱਖ ਦਾ ਪ੍ਰੋਹਿਤ ਕੰਨਿਆਂ ਤੋਂ
ਹੈ ਕਿ ਉਹ ਵਰ ਨਾਲ ਜੀਵਨ ਭਰ ਸਾਥ ਨਿਭਾ
ਰਸਮ ਤੋਂ ਮਗਰੋਂ ਫੇਰਿਆਂ ਦੀ ਰਸਮ ਕੀਤੀ ਜਾ

## (ਪ-177) ਪੀਂਘ ਝੂਟਾ :

ਬਹਾਵਲਪੁਰ (ਪਾਕਿਸਤਾਨੀ ਪੰਜਾਬ)
ਦੇ ਮੁਸਲਮਾਨਾਂ ਦੀ ਵਿਆਹ ਦੀ ਇਕ ਰਸਮ;
ਮਗਰੋਂ ਅਤੇ ਵਿਆਹ ਤੋਂ ਪਹਿਲਾ ਰੋਟੀ ਖਾਵ
ਕੀਤੀ ਜਾਂਦੀ ਹੈ। ਇਸ ਰਸਮ ਮਗਰੋਂ 'ਸਫ਼
ਦੇ ਆਖ਼ੀਰਲੇ ਬੁੱਧਵਾਰ ਜਾਂ ਈਦ ਦੇ ਦਿਨ
ਵਿਚੋਂ ਪਹਿਲਾਂ ਆ ਜਾਵੇ) ਵਰ ਪੱਖ ਵਾਲੇ
ਕਪੜੇ, ਪਿੰਨੀਆਂ, ਸੇਂਵੀਆਂ ਤੇ ਘਿਉ
ਇਨ੍ਹਾਂ ਚੀਜ਼ਾਂ ਦੇ ਨਾਲ ਹੀ ਇਕ ਰੰਗੀਨ ਪੀੜ੍ਹੀ
ਰੱਸੀ ਵੀ ਭੇਜੀ ਜਾਂਦੀ ਹੈ। ਇਸ ਪੀਂਘ ਨੂੰ
ਬੰਨ੍ਹ ਕੇ ਕੰਨਿਆਂ ਤੇ ਉਸ ਦੀਆਂ ਸਹੇਲੀ
ਹਨ। ਇਹ ਰਸਮ ਵਟੂ, ਜੋਯਾ ਤੇ ਖਰਲ
ਕਬੀਲਿਆਂ ਵਿਚ ਪ੍ਰਚਲਤ ਹੈ।

## (ਪ-178) ਪੀਚੋ ਬਕਰੀ :

ਬੱਚਿਆਂ ਦੀ ਇਕ ਖੇਡ ਜਿਸ ਨੂੰ ਗ
ਧਰਤੀ ਉਤੇ ਕੁਝ ਖਾਨੇ ਬਣਾ ਕੇ ਠੀਕਰੀ
ਜਾਂਦਾ ਹੈ। ਇਹ ਖੇਡ ਸਾਰੇ ਪੰਜਾਬ ਵਿਚ
ਨਾਵਾਂ ਨਾਲ ਪ੍ਰਚਲਤ ਹੈ। ਇਸ ਦੇ ਕੁਝ
ਖੀਂਜੋ, ਸਟਾਪੂ।

ਇਸ ਖੇਡ ਵਿਚ ਧਰਤੀ ਉਤੇ ਪਹਿਲਾਂ
ਨਾਲ ਲਗਦੇ ਕੁਝ ਖਾਨੇ ਵਾਹ ਲਏ ਜਾਂਦੇ
ਖਾਨੇ ਦਾ ਵੱਖੋ ਵੱਖਰਾ ਨਾਂ ਹੁੰਦਾ ਹੈ। ਇਹ
ਇਲਾਕੇ ਵਿਚ, ਸਥਾਨਿਕ ਪ੍ਰਭਾਵ ਹੇਠਾਂ ਭਿੰਨ
ਪੀਚੋ ਬਕਰੀ ਵਿਚ ਪਹਿਲਾਂ ਪੰਜ ਖਾਨੇ ਜਿਹੀ
ਜਾਂਦੇ ਹਨ। ਜੋ ਲਕੀਰਾਂ ਵਿਚ ਗੁਲਾਬੀ
ਹੁੰਦੇ ਹਨ। ਹਰ ਖਾਨੇ ਦੇ ਵਿਚ ਕਿਸੇ

ਤੇ ਦੋ ਆੜੀ ਬਣ ਜਾਂਦੇ ਹਨ। ਜਿਸ ਖੇਡ ਦੀ ਵਾਰੀ ਹੁੰਦੀ ਹੈ ਉਹ ਛੱਲ ਵਿਚ ਇਕ ਲੱਤ ਦੇ ਭਾਰ ਖੜੋ ਕੇ, ਸਭ ਤੋਂ ਅਖੀਰਲੇ ਖਾਨੇ ਵਿਚ ਠੀਕਰੀ ਸੁਟਦਾ ਹੈ। ਜੇ ਠੀਕਰ ਕਿਸੇ ਲਕੀਰ ਉਤੇ ਜਾ ਪਏ ਜਾਂ ਉਸ ਖਾਨੇ ਵਿਚ ਨਾ ਪਏ ਜਿਸ ਵਿਚ ਸੁਟਣੀ ਬਣਦੀ ਹੈ ਤਾਂ ਖਿਡਾਰੀ ਦੀ ਵਾਰੀ ਖਤਮ। ਜੇ ਅਖੀਰਲੇ ਅਥਵਾ ਰੱਬ ਦੇ ਖਾਨੇ ਵਿਚ ਠੀਕਰ ਜਾ ਪਏ ਤਾਂ ਉਹ ਖਿਡਾਰੀ ਇਕ ਲੱਤ ਦੇ ਭਾਰ ਸਭ ਖਾਨਿਆਂ ਵਿਚੋਂ ਲੰਘਦਾ ਹੋਇਆ ਸਿਵਾਏ ਤੀਜੇ ਅਥਵਾ ਪੀਚੋ ਦੇ ਖਾਨੇ ਵਿਚੋਂ। ਪੀਚੋ ਦਾ ਖਾਨਾ ਉਹ ਇਕ ਟੰਗ ਨਾਲ ਟਪਦਾ ਹੈ ਅਤੇ ਰੱਬ ਦੇ ਖਾਨੇ ਵਿਚ ਪਹੁੰਚ ਕੇ ਪੈਰ ਭਾਰ ਹੀ ਠੀਕਰ ਨੂੰ ਠੋਕਰ ਮਾਰ ਕੇ, ਸਭ ਖਾਨਿਆਂ ਵਿਚੋਂ ਲੰਘਾਂਦਾ ਹੈ। ਠੀਕਰੀ ਕਿਸੇ ਲਕੀਰ ਉਤੇ ਨਹੀਂ ਰੁਕਣੀ ਚਾਹੀਦੀ ਅਤੇ ਨਾ ਹੀ ਪੀਚੋ ਦੇ ਖਾਨੇ ਵਿਚ। ਨਹੀਂ ਤਾਂ ਉਲੰਘਣਾ ਹੋ ਜਾਣ ਤੇ ਵਾਰੀ ਖਤਮ ਹੋ ਜਾਂਦੀ ਹੈ। ਜੇ ਖਿਡਾਰੀ ਦੇ ਪੈਰ ਕਿਸੇ ਲਕੀਰ ਨੂੰ ਛੂਹ ਜਾਵੇ ਤਾਂ ਵੀ ਵਾਰੀ ਮੁਕ ਜਾਂਦੀ ਹੈ। ਜਦੋਂ ਸਾਰੇ ਖਾਨਿਆਂ ਵਿਚੋਂ ਵਾਰੋ ਵਾਰੀ ਠੀਕਰ ਨਿਕਲ ਜਾਵੇ ਤਾਂ ਫਿਰ ਖਿਡਾਰੀ ਛੱਲ ਵਿਚ ਪੁਠਾ ਖਲੋ ਕੇ ਤੇ ਆਪਣੇ ਮੱਥੇ ਉਤੇ ਠੀਕਰੀ ਧਰ ਕੇ ਠੀਕਰੀ ਨੂੰ ਪਹਿਲੇ ਖਾਨੇ ਠੋਕਰ ਮਾਰ ਕੇ ਬਾਹਰ ਕੱਢਦਾ ਹੈ। ਫਿਰ ਵਾਰੋ ਵਾਰੀ ਬਾਕੀ ਖਾਨਿਆਂ ਵਿਚੋਂ। ਇਸ ਤਰ੍ਹਾਂ ਜਦੋਂ ਉਹ ਸਾਰੇ ਖਾਨਿਆਂ ਵਿਚੋਂ, ਠੀਕਰੀ ਕੱਢਣ ਵਿਚ ਸਫਲ ਹੋ ਜਾਂਦਾ ਹੈ ਤਾਂ ਇਕ ਗੇੜ ਪੂਰਾ ਹੋਣ ਮਗਰੋਂ ਉਹ ਇਕ ਖਾਨੇ ਦਾ ਮਾਲਕ ਹੋ ਜਾਂਦਾ ਹੈ। ਇਸ ਖਾਨੇ ਵਿਚ ਉਹ ਖੁਦ ਦੋਵੇਂ ਪੈਰ ਧਰ ਕੇ ਅਰਾਮ ਕਰ ਸਕਦਾ ਹੈ, ਪਰ ਦੂਜੇ ਖਿਡਾਰੀ ਇਸ ਖਾਨੇ ਨੂੰ ਟੱਪ ਕੇ ਲੰਘਦੇ ਹਨ। ਇਹ ਖੇਡ ਉਦੋਂ ਤਕ ਜਾਰੀ ਰਹਿੰਦੀ ਹੈ ਜਦੋਂ ਤਕ ਸਾਰੇ ਖਾਨਿਆਂ ਉਤੇ ਕਿਸੇ ਨਾ ਕਿਸੇ ਖਿਡਾਰੀ/ਧਿਰ ਦਾ ਕਬਜ਼ਾ ਨਾ ਹੋ ਜਾਵੇ।

### (ਪ-179) ਪੀਠ-ਸਥਾਨ

ਪੂਜਾ ਦੇ ਅਸਥਾਨ; ਤੰਤ੍ਰ ਸ਼ਾਸਤ੍ਰ ਅਨੁਸਾਰ ਜਦੋਂ ਸਤੀ ਨੇ ਦਕਸ਼ ਦੇ ਘਰ ਯੱਗ ਵਿਚ ਸ਼ਿਵ ਜੀ ਦਾ ਅਪਮਾਨ ਨਾ ਸਹਾਰਦੇ ਹੋਏ, ਦੇਹ ਤਿਆਗ ਦਿੱਤੀ ਤਾਂ ਉਸ ਦੇ ਪਤੀ ਸ਼ਿਵ ਨੇ ਸਤੀ ਦੇ ਸਰੀਰ ਦੇ ਅੰਗਾਂ ...

### (ਪ-180) ਪੀਤਾਂਬਰ :

ਜਿਸ ਨੇ ਪੀਲੇ ਰੰਗ ਦੇ ਕਪੜੇ ... ਕ੍ਰਿਸ਼ਨ ਦੀ ਇਕ ਉਪਾਧੀ; ਵਿਸ਼ਨੂੰ ਦਾ ਇਕ ...

(1) ਉਹ ਸੰਨਿਆਸੀ ਜੋ ਪੀਲੇ ਰੰਗ ... ਪਹਿਨਦੇ ਹਨ ਅਤੇ (2) ਬੋਧੀ ਸਾਧੂ, ਜੋ ... ਕਪੜ ਪਹਿਨਦੇ ਹਨ, ਪੀਤਾਂਬਰੀ ਅਖਵਾਉਂਦੇ ...

### (ਪ-181) ਪੀਤੋ ਵਾਲਾ ਖੂਹ :

ਪੀਤੋ ਵਾਲੇ ਖੂਹ ਬਾਰੇ ਇਕ ਕਰੁਣਾਮ... ਪ੍ਰਚਲਤ ਹੈ ਜਿਸ ਨੂੰ ਗੀਤਾਂ ਵਿਚ ਵੀ ਗਾ... ਇਹ ਪੀਤੋ ਵਾਲਾ ਖੂਹ ਕਿਥੇ ਹੈ, ਇਸ ਬਾਰੇ ... ਕੋਈ ਜ਼ਿਕਰ ਨਹੀਂ, ਪਰ ਇਹ ਗੀਤ ਬੜਾ ਪ੍ਰ... ਹੈ ਕਿਉਂ ਜੋ ਇਸ ਵਿਚ ਜਿਸ ਨਰ ਬਲੀ ਦ... ਉਸ ਦੀ ਪ੍ਰਥਾ ਮਧਕਾਲੀ ਸਮਿਆਂ ਵਿਚ ਹੀ ਸੀ...

ਇਕ ਵਾਰ ਪਿੰਡ ਵਿਚ ਕਾਲ ਪੈ ਜਾਣ... ਟੋਭੇ ਸੁਕ ਗਏ। ਇਕ ਧਨੀ ਜ਼ਿਮੀਂਦਾਰ ਨੇ ... ਖੂਹ ਖੁਦਵਾਇਆ, ਪਰ ਫਿਰ ਵੀ ਪਾਣੀ ... ਨਿਕਲੀ। ਜ਼ਿਮੀਂਦਾਰ ਬੜਾ ਨਿਰਾਸ਼ ਤੇ ... ਸੀ ਕਿ ਉਧਰੋਂ ਦੀ ਇਕ ਪਾਂਧਾ ਲੰਘਿਆ, ... ਗੱਲ ਸੁਣ ਕੇ ਕਿਹਾ ਕਿ ਖਵਾਜਾ ਖਿਜ਼ਰ ਬਲੀ ... ਜੇ ਤੂੰ ਆਪਣੀ ਵੱਡੀ ਨੂੰਹ ਦੀ ਅਹੂਤੀ ਇ... ਪਾਣੀ ਦੀਆਂ ਵੱਲਾਂ ਛੱਲਾਂ ਹੋ ਜਾਣ।

ਜ਼ਿਮੀਂਦਾਰ ਦੀ ਵੱਡੀ ਨੂੰਹ ਪੇਕੇ ਗਈ... ਉਸ ਨੇ ਉਸੇ ਵੇਲੇ ਨਾਈ ਭੇਜਿਆ। ਨਾਈ ਤੋਂ ... ਸੁਣ ਕੇ ਜ਼ਿਮੀਂਦਾਰ ਦੀ ਵੱਡੀ ਨੂੰਹ ਕਹਿਣ ਲਗ...

ਸਦ ਕਹਾਂਰਾ ਮਾਏ ਨੀ
ਸਾਡਾ ਡੋਲਾ ਕਸਾ ਦੇ
ਅਸਾਂ ਸਹੁਰੇ ਦੀ ਬਾਹ ਬਧੀ ਜਾਣਾ ਨੀ।
ਸਦੀਆ ਸਦ ਕੇ,
ਸਾਨੂੰ ਵਿਦਿਆ ਕਰਾਏ
ਅਸਾਂ ਸਹੁਰੇ ਦੀ ਬਾਹ ਬਧੀ ਜਾਣਾ ਨੀ।
ਇਹ ਕਥਾ ਹਰ ਦਾਸੀ ਸੁਣਦੀ ਹੈ।

ਪਲਾ ਚੁਕ ਕੇ
ਸਾਡੀ ਸੱਸ ਜੀ ਵੇਖੇ
ਮੁੜ ਇਸ ਜਗ ਨਹੀਂ ਔਣਾ।

ਅਗੋਂ ਨੂੰਹ ਕਹਿੰਦੀ ਹੈ :

ਤੈਨੂੰ ਤਾਂ ਸੱਸੇ
ਨੂੰਹਾਂ ਹੋਰ ਬਥੇਰੀਆਂ
ਮੇਰੀ ਮਾਂ ਘਰ ਧੀ ਨਾ ਕੋਈ।

ਅੰਗਾਂ-ਸਾਕਾਂ ਤੇ ਸਹੇਲੀਆਂ ਸਖੀਆਂ ਨੂੰ ਮਿਲਣ ਮਗਰੋਂ ਪੀਤੋ ਨੂੰ, ਖੂਹ ਦੇ ਸਜੇ-ਸ਼ਿੰਗਾਰੇ ਹੋਏ ਚੱਕ ਨਾਲ ਬੰਨ੍ਹ ਦਿਤਾ। ਹੌਲੀ ਹੌਲੀ ਚੱਕ ਨੂੰ ਖੂਹ ਵਿਚ ਲਟਕਾਇਆ ਗਿਆ, ਪੀਤੋ ਕਹਿ ਰਹੀ ਸੀ :

ਹੌਲੀ ਲਟਕਾਇਓ, ਮੇਰੇ ਸਹੁਰੇ ਦੇ ਜਾਇਓ
ਮੇਰੀ ਸੱਗੀ ਨੂੰ ਬੋੜ ਨਾ ਪਾਇਓ
ਹੌਲੀ ਲਟਕਾਇਓ, ਮੇਰੇ ਸਹੁਰੇ ਦੇ ਜਾਇਓ
ਮੇਰੀ ਵੀਣੀ ਨੂੰ ਮਰਕੋੜ ਨਾ ਪਾਇਓ।

ਜਿਵੇਂ ਹੀ ਚੱਕ ਖੂਹ ਵਿਚਲੇ ਤਲ ਨਾਲ ਲੱਗਾ, ਪਾਣੀ ਬੁੱਬ ਦੇ ਕੇ ਫੁੱਟਣ ਲੱਗਾ ਤੇ ਪੀਤੋ ਪਾਣੀ ਵਿਚ ਹੀ ਡੁਬ ਮੋਈ। ਇਹ ਕਾਵਿ ਕਥਾ ਪਾਣੀ ਲਈ ਆਪਣੀ ਜਾਨ ਕੁਰਬਾਨ ਕਰ ਕੇ ਅਨੇਕਾਂ ਲੋਕਾਂ ਦੇ ਮੂੰਹ ਲਗਾਣਾ ਹੈ।

## (ਪ-182) ਪੀਪੂ ਬੁਲਾਉਣਾ :

ਮੂੰਹ ਦੀ ਪੀਪਣੀ ਜਿਹੀ ਬਣਾ ਕੇ, ਇਕ ਖ਼ਾਸ ਤਰ੍ਹਾਂ ਦੀ ਅਵਾਜ਼ ਕੱਢਣੀ। ਗਿੱਧਾ ਤੇ ਭੰਗੜਾ ਪਾਉਣ ਵੇਲੇ ਨਾਚੇ/ਨਾਚੀਆਂ ਸੁਰ ਅਤੇ ਤਾਲ ਵਿਚ, ਕਈ ਤਰ੍ਹਾਂ ਦੀਆਂ ਅਵਾਜ਼ਾਂ ਕੱਢਦੇ ਹਨ। ਕੁਝ ਹੋਰ ਅਵਾਜ਼ਾਂ 'ਖਰੂੰਡਾ ਬੁਲਾਉਣਾ' ਤੇ 'ਬਕਰਾ ਬੁਲਾਉਣਾ' ਹਨ। ਇਨ੍ਹਾਂ ਸਭਨਾ ਦਾ ਵੱਖ ਵੱਖਰਾ ਨਾਟਕੀ ਪ੍ਰਭਾਵ ਹੈ।

## (ਪ-183) ਪੀਰ :

ਮੁਸਲਮਾਨਾਂ ਦੇ ਧਾਰਮਕ ਆਗੂ; ਲਹਿੰਦੇ ਦੇ ਇਲਾਕੇ ਖ਼ਾਸ ਤੌਰ ਤੇ ਮੁਲਤਾਨ ਤੇ ਮੁਜ਼ਫ਼ਰਗੜ੍ਹ ਜ਼ਿਲਿਆਂ ਵਿਚ ਹਰੇਕ ਮੁਸਲਮਾਨ ਕਿਸੇ ਨਾ ਕਿਸੇ ਪੀਰ ਦਾ ਮੁਰੀਦ ਹੈ ਅਤੇ ਉਸ ਵਲ ਸ਼ਰਧਾ ਰਖਦਾ ਹੈ। ਜਿਸ ਦਾ ਕੋਈ ਪੀਰ ਨਹੀਂ ਉਸ ਨੂੰ 'ਬੇਪੀਰਾ' ਕਹਿ ਕੇ ਨਿਕਾਰਿਆ ਤੇ ਛੁਟਿਆ ਜਾਂਦਾ ਹੈ। ...

ਸਹਿਜੇ ਹੀ ਨਾਲੋਂ ਨਾਲ ਚਲਦੀ ਰਹਿ... ਆਪਣੇ ਮੁਰੀਦਾਂ ਕੋਲ ਸਮੇਂ ਸਮੇਂ ਚਰਨ... ਤੇ ਕਈ ਵਾਰ ਕਿਸੇ ਮੁਰੀਦ ਕੋਲ ... ਠਹਿਰ ਵੀ ਜਾਂਦੇ ਹਨ। ਕਈ ਪੀਰ ਆ... ਜੰਤਰ ਮੰਤਰ ਵੀ ਦੇਂਦੇ ਹਨ।

ਮੁਜ਼ਫ਼ਰਗੜ੍ਹ ਵਿਚ ਜੇ ਕਿਸੇ ਆਪ... ਹੋਵੇ ਤਾਂ ਉਹ ਨਿਰਣਾ ਕਰਨ ਲਈ, ਆਸ... ਦੇ ਪੀਰਾਂ ਦੇ ਨਾਂ, ਇਕ ਇਕ ਕਰ ਕੇ, ਕਾ... ਉਤੇ ਲਿਖ ਦੇਂਦਾ ਹੈ। ਫਿਰ ਇਨ੍ਹਾਂ ਕਾ... ਨੂੰ ਪਾਣੀ ਵਿਚ ਸੁਟ ਦੇਂਦਾ ਹੈ। ਜਿਸ ਦੇ... ਪਹਿਲਾਂ ਡੁਬ ਜਾਵੇ ਉਸ ਨੂੰ ਪੀਰ ਚੁਣ ... ਇਸ ਵਿਧੀ ਨੂੰ 'ਗਿੱਠੀਆਂ ਘਤਾਵਣਾ' ਕਹਿ...

ਹਰੇਕ ਸ਼ਖ਼ਸ ਆਪਣੇ ਪੀਰ ਦੀ ਬਖ਼ਸ਼ਿ... ਲਈ ਹਰ ਸਾਲ ਕੁਝ ਸਾਮਗਰੀ ਉਸ ਨੂੰ ... ਜਿਸ ਨੂੰ 'ਬੋਹਲ' ਕਿਹਾ ਜਾਂਦਾ ਹੈ। ਇ... ਪੀਰ ਖ਼ੁਦ ਫੇਰਾ ਲਾ ਕੇ ਇਕੱਠਾ ਕਰ ... ਕਿਸੇ ਬੰਦੇ ਨੂੰ ਭੇਜ ਕੇ ਮੰਗਵਾ ਲੈਂਦਾ... ਅਜਿਹਾ ਵੀ ਆਇਆ ਜਦੋਂ ਪੀਰ ਅ... 'ਬੋਹਲ' ਬੜੀ ਸਖ਼ਤੀ ਨਾਲ ਉਗਰਾਹੁੰਦੇ ... ਕਰਨ ਵਾਲੇ ਨੂੰ ਕੋਰੜੇ ਵੀ ਮਾਰਦੇ ਰਹੇ।

ਜਦੋਂ ਕੋਈ ਕਰਣੀ ਵਾਲਾ ਪੀਰ ... ਉਸ ਦੀ ਕਬਰ ਉਤੇ ਮਜ਼ਾਰ ਜਾਂ ਖ਼ਾਨ... ਜਾਂਦੀ ਹੈ। ਮੁਸਲਮਾਨਾਂ ਵਿਚ ਪੀਰਾਂ ... ਉਤੇ ਜਾ ਕੇ ਸੁਖਣਾ ਸੁਖਣ ਤੇ ਜੋਤਾਂ ... ਆਮ ਹੈ। ਜਦੋਂ ਕਿਸੇ ਦੀ ਮੰਨਤ ਪੂਰੀ... ਉਹ ਖ਼ਾਨਗਾਹ ਦੀ ਬ੍ਰਿਛ ਨਾਲ ਕੋਈ ... ਦੇਂਦਾ ਹੈ। ਉਹ ਖ਼ਾਨਗਾਹ ਉਤੇ ... ਜੁਮੇਰਾਤ ਨੂੰ ਦੀਵੇ ਬਾਲਦਾ ਹੈ।

## (ਪ-184) ਪੀਰ ਅਦਲ :

ਮੀਆਂਵਾਲੀ ਦਾ ਇਕ ਪ੍ਰਸਿਧ ... ਕਬੀਲਿਆਂ ਏਸਾ ਖੇਲ ਨਾਂ ਦੇ ਕਸਬੇ ਵਿ... ਮਿਤ੍ਰ 19ਵੀਂ ਸਦੀ ਦੇ ਸ਼ੁਰੂ ਦੁਰਾਨੇ ... ਦੀ ਕਬਰ ਉਤੇ ਸ਼ਰਧਾਲੂ ਹਰ ਵੀਰਵਾਰ ... ਆਉਂਦੇ ਹਨ, ਖ਼ਾਸ ਤੌਰ ਤੇ ...

ਜਾਂਦੇ ਸਨ । ਸਿੰਧ ਦਰਿਆ ਵਿਚ ਪਾਣੀ ਦੀ ਇਤਨੀ ਪ੍ਰਬਲ ਧਾਰਾ ਤੇ ਛੱਲਾਂ ਵਗਦੀਆਂ ਹਨ ਕਿ ਇਸ ਨੂੰ ਪੈਰਾਂ ਨਾਲ ਪਾਰ ਕਰਨਾ ਸੌਖਾ ਨਹੀਂ ।

ਪੀਰ ਅਦਲ ਦਾ ਵੱਡਾ ਸਾਰਾ ਇੱਜੜ ਸੀ, ਜਿਸ ਨੂੰ ਉਹ ਜੰਗਲ ਵਿਚ ਚਾਰਿਆ ਕਰਦਾ । ਸ਼ਰਧਾਲੂਆਂ ਦਾ ਨਿਸਚਾ ਹੈ ਕਿ ਪੀਰ ਦੇ ਕੁਝ ਪਸ਼ੂ ਅਜੇ ਵੀ ਜੰਗਲ ਵਿਚ ਘੁੰਮਦੇ ਫਿਰਦੇ ਹਨ । ਜੇ ਕਿਸੇ ਦੇ ਖੇਤ ਵਿਚ ਕੋਈ ਗਾਂ ਮੱਝ ਜਾਂ ਹੋਰ ਪਸ਼ੂ ਮੂੰਹ ਮਾਰ ਜਾਵੇ ਤਾਂ ਰਾਖਾ ਉਸ ਨੂੰ ਵਰਜਦਾ ਨਹੀਂ । ਕਿਉਂ ਜੋ ਹੋ ਸਕਦਾ ਹੈ ਕਿ ਇਹ ਪਸ਼ੂ ਪੀਰ ਅਦਲ ਦੇ ਇੱਜੜ ਦਾ ਹੀ ਹੋਵੇ, ਤੇ ਪਸ਼ੂ ਨੂੰ ਵਰਜਣ ਨਾਲ ਪੀਰ ਦੀ ਕਰੋਪੀ ਦਾ ਡਰ ਰਹਿੰਦਾ ਹੈ । ਇਨ੍ਹਾਂ ਗਾਵਾਂ ਮੱਝਾਂ ਦਾ ਦੁੱਧ ਵੀ ਕੋਈ ਨਹੀਂ ਚੋਂਦਾ । ਰਵਾਇਤ ਹੈ ਕਿ ਇਕ ਵਾਰ ਇਕ ਸ਼ਖ਼ਸ ਨੇ ਦੁੱਧ ਚੋਇਆ ਤਾਂ ਥਣਾਂ ਵਿਚੋਂ ਦੁੱਧ ਦੀ ਥਾਂ ਲਹੂ ਨਿਕਲਿਆ ।

ਇਸ ਇੱਜੜ ਨੂੰ 'ਪੀਰ ਅਦਲ ਦਾ ਇੱਜੜ' ਕਿਹਾ ਜਾਂਦਾ ਹੈ ।

## (ਪ-185) ਪੀਰ ਸਾਬਿਰ ਸ਼ਾਹ :

ਇਕ ਫ਼ਕੀਰ ਜੋ ਅਹਿਮਦ ਸ਼ਾਹ ਅਬਦਾਲੀ ਦਾ ਸਮਕਾਲੀ ਸੀ । ਇਹ ਲਾਹੌਰ ਦੇ ਇਕ ਮਲਾਹ ਦਾ ਪੁੱਤਰ ਸੀ, ਛੋਟੀ ਉਮਰ ਵਿਚ ਹੀ ਇਸ ਨੇ ਸੰਸਾਰ ਤਿਆਗ ਦਿਤਾ ਤੇ ਆਪਣਾ ਵਤਨ ਛੱਡ ਕੇ ਕਾਬਲ, ਕੰਧਾਰ ਤੇ ਹਰਾਤ ਵਿਚ ਵਿਚਰਦਾ ਰਿਹਾ । ਪੀਰ ਸਾਬਿਰ ਸ਼ਾਹ ਬਾਰੇ ਕਈ ਦੰਦ-ਕਥਾਵਾਂ ਪ੍ਰਚਲਤ ਹਨ । ਰਵਾਇਤ ਹੈ ਕਿ ਨਾਦਰ ਸ਼ਾਹ ਦੇ ਕਤਲ ਤੋਂ ਥੋੜਾ ਸਮਾਂ ਪਹਿਲਾਂ, ਪੀਰ ਸਾਬਿਰ ਸ਼ਾਹ ਨੇ ਭਵਿਖ ਬਾਣੀ ਕੀਤੀ ਕਿ ਹੁਣ ਅਹਿਮਦ ਸ਼ਾਹ ਦਾ ਸਿੱਕਾ ਚਲੇਗਾ । ਰਵਾਇਤ ਹੈ ਪੀਰ ਸਾਬਿਰ ਸ਼ਾਹ ਇਕ ਥਾਂ ਤੰਬੂ ਗੱਡ ਰਿਹਾ ਸੀ । ਲੋਕਾਂ ਪੁਛਿਆ : ''ਦਰਵੇਸ਼ ਸਾਈਂ ! ਇਹ ਤੰਬੂ ਕਿਸ ਲਈ ਗੱਡ ਰਹੇ ਹੋ ।'' ਸਾਬਿਰ ਸ਼ਾਹ ਨੇ ਕਿਹਾ : ''ਨਾਦਰ ਸ਼ਾਹ ਦਾ ਪਹਿਰਾ ਖ਼ਤਮ ਹੋ ਚੁਕਾ ਹੈ, ਮੈਂ ਅਹਿਮਦ ਸ਼ਾਹ ਦਾ ਤੰਬੂ ਗੱਡ ਰਿਹਾ ਹਾਂ ।'' ਇਹ ਭਵਿਖ ਬਾਣੀ ਸੱਚੀ ਹੋਈ ਤੇ ਕੁਝ ਦਿਨਾਂ ਮਗਰੋਂ ਅਹਿਮਦ ਸ਼ਾਹ ਅਬਦਾਲੀ, ਈਰਾਨ ਦਾ ਬਾਦਸ਼ਾਹ ਬਣ ਗਿਆ । ਅਹਿਮਦ ਸ਼ਾਹ ਦਾ ਇਤਕਾਦ ਸਾਬਿਰ ਸ਼ਾਹ ਉਤੇ ਇਤਨਾ

ਸੀ ਕਿ ਲਾਹੌਰ ਦੇ ਸੂਬੇ ਸ਼ਾਹ ਨਵਾਜ਼ ਖ਼ਾ
ਅਣਬਣ ਰਹਿਣ ਲਗੀ । ਪੀਰ ਸਾਬਿਰ
ਹਮੇਸ਼ਾ ਗੁਸਤਾਖ਼ੀ ਨਾਲ ਪੇਸ਼ ਆਉਂਦੇ ਤੇ ਉ
ਦਿਤਾ ਕਰਦੇ । ਸੂਬੇ ਨੇ ਕਰੋਧ ਵਿਚ ਆ ਕੇ
ਬੰਦੀ ਬਣਾ ਲਿਆ ਤੇ ਮਗਰੋਂ ਦਰਬਾਰੀਆਂ
ਕਿ ਸਾਬਿਰ ਸ਼ਾਹ ਜਾਦੂਗਰ ਹੈ, ਇਸ ਦਾ
ਠੀਕ ਨਹੀਂ', ਸੂਬੇ ਨੇ ਇਸ ਨੂੰ ਕਤਲ
ਹੁਕਮ ਦਿਤਾ ।

## (ਪ-186) ਪੀਰ ਕਟਾਲ :

ਮੁਲਤਾਨ ਦੇ ਇਲਾਕੇ ਦਾ ਇਕ ਪ੍ਰਸਿਧ
ਮਕਬਰਾ ਜਲਾਲਪੁਰ ਪੀਰਵਾਲਾ ਵਿਖੇ ਹੈ,
ਮਹੀਨੇ ਹਰ ਸ਼ੁਕਰਵਾਰ ਨੂੰ ਭਾਰੀ ਮੇਲਾ ਲ
ਵਾਲੀਆਂ ਤੀਵੀਆਂ ਦੇ ਭੂਤ-ਪ੍ਰੇਤ ਵੀ ਕ
ਇਸ ਵਰਤਾਰੇ ਨੂੰ 'ਜਿੰਨ ਖੇਲ੍ਹਣਾ' ਕਹਿੰਦੇ
ਤੀਵੀਆਂ ਦੇ ਜਿੰਨ ਦਿਨੇ ਕੱਢੇ ਜਾਂਦੇ ਹਨ ਤੇ
ਦੇ ਰਾਤ ਵੇਲੇ ।

ਪੀਰ ਕਟਾਲ ਦਾ ਅਸਲੀ ਨਾਉਂ ਸੁ
ਸੀ । ਕਟਾਲ ਇਸ ਦਾ ਉਪਨਾਮ ਸੀ । ਇ
ਪੀਰ ਸਯਦ ਜਲਾਲ ਜੋ ਬੁਖਾਰਾ ਦਾ ਰਹਿ
ਜਿਸ 690 ਹਿਜਰੀ (1291 ਈਸਵੀ) ਵਿਚ
ਕੀਤਾ ਸੀ, ਦੀ ਵੰਸ਼ ਵਿਚੋਂ ਸੀ । ਬਚਪਨ
ਅਹਿਮਦ ਕਟਾਲ ਸਾਧਾਂ-ਸੰਤਾਂ ਤੇ ਫ਼ਕੀਰਾਂ
ਰਹਿੰਦਾ ਤੇ ਉਨ੍ਹਾਂ ਨਾਲ ਘੁੰਮਦਾ ਫਿਰਦਾ
ਕਦੇ ਇਹ ਭਾਵਨਾ ਨਹੀਂ ਸੀ ਪੈਦਾ ਹੋਈ
ਫ਼ਕੀਰ ਹਿੰਦੂ ਹੈ ਜਾਂ ਮੁਸਲਮਾਨ ।

ਪੀਰ ਕਟਾਲ ਬਾਰੇ ਕਈ ਸਾਖੀਆਂ ਲੋ
ਹਨ । ਇਕ ਵਾਰ ਕਹਿਰੋੜ ਵਿਚ ਇਹ ਪ
ਕੋਲ ਕੁਝ ਦਿਨ ਠਹਿਰਿਆ । ਇਕ ਵ
ਅਲੀ ਸਰਵਰ ਸੁਤਾ ਪਿਆ ਸੀ ਤਾਂ ਕੁਝ
ਚਿਚਲਾਣ ਲਗੀਆਂ । ਸੁਲਤਾਨ ਅਹਿਮਦ
ਡਰੋਂ ਕਿ ਕਿਧਰੇ ਪੀਰ ਅਲੀ ਸਰਵਰ
ਚਿੜੀਆਂ ਨੂੰ ਸਰਾਪ ਦੇ ਦਿਤਾ ਕਿ ਮਰ
ਉਥੇ ਹੀ ਢੇਰ ਹੋ ਗਈਆਂ । ਪੀਰ ਅਲੀ ਸ

ਵਿਚ ਪ੍ਰਚਾਰ ਕੀਤਾ ਤੇ ਉਨ੍ਹਾਂ ਨੂੰ ਇਸਲਾਮ ਵਿਚ ਲਿਆਂਦਾ। ਫਿਰ ਇਹ 1582 ਈਸਵੀ ਵਿਚ ਜਲਾਲਪੁਰ ਆ ਵਸੇ ਅਤੇ ਉਥੇ ਹੀ 1631 ਵਿਚ ਪਰਲੋਕ ਗਮਨ ਕਰ ਗਏ। ਹੁਣ ਵਾਲਾ ਮਕਬਰਾ ਇਨ੍ਹਾਂ ਦੇ ਇਕ ਉੱਤਰਾਧਿਕਾਰੀ ਨੇ 1745 ਈਸਵੀ ਵਿਚ ਬਣਾਇਆ।

ਜਲਾਲਪੁਰ ਪੀਰ ਵਾਲਾ ਬੁੱਢੇ ਦਰਿਆ ਦੇ ਕੰਢੇ ਉੱਤੇ ਹੈ। ਕਿਹਾ ਜਾਂਦਾ ਹੈ ਕਿ ਇਸ ਨਗਰ ਦੀ ਨੀਂਹ ਸੁਲਤਾਨ ਅਹਿਮਦ ਕਟਾਲ ਨੇ ਹੀ ਰਖੀ ਸੀ, ਪਰ ਕਈ ਕਹਿੰਦੇ ਹਨ ਕਿ ਇਹ ਲੰਗਾਹ ਜਾਂ ਅਵਾਣ ਜਿਸ ਦਾ ਨਾਉਂ ਜਲਾਲ ਸੀ, ਇਸ ਨਗਰ ਦੀ ਨੀਂਹ ਰਖੀ ਜਿਥੇ ਪਿਛੋਂ ਸੁਲਤਾਨ ਅਹਿਮਦ ਕਟਾਲ ਆ ਕੇ ਰਹਿਣ ਲਗ ਪਏ।

(ਪ-187) **ਪੀਰ ਕਾਇਆ ਨਾਥ** :

ਇਕ ਪ੍ਰਸਿਧ ਪੀਰ, ਜਿਸ ਦੀ ਸਮਾਧੀ ਭੇਰਾ ਵਿਚ ਹੈ। ਕਿਸੇ ਸਮੇਂ ਇਸ ਪੀਰ ਦੀ ਸ਼ਾਹਪੁਰ ਦੇ ਇਲਾਕੇ ਵਿਚ ਬੜੀ ਮਾਨਤਾ ਸੀ ਅਤੇ ਇਸ ਦੀ ਸਮਾਧੀ ਉੱਤੇ ਇਸ ਦੇ ਅਨੇਕਾਂ ਨਾਮ ਲੇਵਾ ਫਿਰਿਆ ਕਰਦੇ ਸਨ। ਭੇਰੇ ਦੇ ਨਵੇਂ ਸ਼ਹਿਰ ਦੀ ਨੀਂਹ 1540 ਈਸਵੀ ਵਿਚ ਸ਼ੇਰ ਸ਼ਾਹ ਵੱਲੋਂ ਪੀਰ ਕਾਇਆ ਨਾਥ ਦੀ ਸਮਾਧੀ ਨੇੜੇ ਹੀ ਰਖੀ ਗਈ ਸੀ। ਪੁਰਾਣਾ ਸ਼ਹਿਰ ਦਰਿਆ ਦੇ ਸੱਜੇ ਕੰਢੇ ਉੱਤੇ ਸੀ। ਭੇਰਾ ਪੰਜਾਬ ਦੇ ਪੁਰਾਣੇ ਸ਼ਹਿਰਾਂ ਵਿਚੋਂ ਇਕ ਸੀ। ਪੀਰ ਹੱਥੋਂ ਬੁਨਿਆਦ ਰਖੀ ਜਾਣ ਕਰਕੇ ਇਹ ਸ਼ਹਿਰ ਬਰਕਤ ਵਾਲਾ ਮੰਨਿਆ ਜਾਂਦਾ ਹੈ।

(ਪ-188) **ਪੀਰ ਕੌਡੀ** :

ਪੀਰ ਕੌਡੀ ਧਨੀ ਦੇ ਇਲਾਕੇ ਦੀ, ਵਿਸ਼ੇਸ਼ ਢੰਗ ਦੀ ਕਬੱਡੀ ਹੈ। ਇਹ ਕਬੱਡੀ ਧਨੀ ਤੋਂ ਬਾਹਰ ਸ਼ਾਹਪੁਰ ਦੇ ਇਲਾਕੇ ਵਿਚ ਵੀ ਖੇਡੀ ਜਾਂਦੀ ਹੈ। ਇਸ ਕੌਡੀ ਦਾ ਮੁੱਢ ਚੋਹਾ ਸੈਦਨ ਸ਼ਾਹ ਵਿਚ ਬੱਝਿਆ। ਇਥੇ ਪੀਰ ਸੈਦਨ ਸ਼ਾਹ ਦੀ ਯਾਦ ਵਿਚ ਬੜਾ ਭਾਰੀ ਮੇਲਾ ਲਗਦਾ ਹੈ। ਇਸ ਮੇਲ ਵਿਚ ਪੀਰ ਦੀ ਯਾਦ ਵਿਚ, ਜੋ ਕਬੱਡੀ ਖੇਡੀ ਜਾਂਦੀ ਹੈ, ਉਸ ਨੂੰ 'ਪੀਰ ਕੌਡੀ' ਕਹਿੰਦੇ ਹਨ। ਇਸ ਕੌਡੀ ਵਿਚ ਇਕ ਖਿਡਾਰੀ ਦਾ ਦੋ ਵਿਰੋਧੀ ਖਿਡਾਰੀਆਂ ਨਾਲ ਮੁਕਾਬਲਾ [illegible]

ਦਾ ਯਤਨ ਕਰਦੇ ਹਨ।

ਚੋਹਾ ਸੈਦਨ ਸ਼ਾਹ ਵਿਚ ਜੋ ਪੀਰ ਕੌਡੀ ਖੇ[illegible] ਹੈ, ਉਹ ਬੜੀ ਰੋਚਕ ਹੈ। ਧਰਤੀ ਨੂੰ ਹਲ ਵਾਹ ਕੇ [illegible] ਵਾਂਗ ਪੋਲਾ ਕਰ ਲਿਆ ਜਾਂਦਾ ਹੈ। ਇਕ ਪਾ[illegible] ਦੀਆਂ ਦਲਾਨਾਂ ਹਨ ਜਿਨ੍ਹਾਂ ਉੱਤੇ ਦਰਸ਼ਕ ਬੈ[illegible] ਹਨ। ਖੇਡ ਸ਼ੁਰੂ ਹੋਣ ਤੋਂ ਪਹਿਲਾਂ ਖਿਡਾਰੀ ਲੰ[illegible] ਲੈਂਦੇ ਹਨ। ਲੰਗੋਟ ਰੰਗਦਾਰ ਕਪੜੇ ਦੇ ਬਣੇ [illegible] ਜਿਨ੍ਹਾਂ ਉੱਤੇ ਤਿੱਲੇ ਦੀਆਂ ਰੁਪਹਿਰੀ ਤੇ ਸੁਨਹਿਰ[illegible] ਨਾਲ ਕਢਾਈ ਕੀਤੀ ਹੁੰਦੀ ਹੈ। ਕਈ ਵਾਰ ਇ[illegible] ਦੇ ਸਾਰੇ ਖਿਡਾਰੀਆਂ ਦੇ ਲੰਗੋਟ ਇਕ ਰੰਗ ਤੇ ਇ[illegible] ਦੀ ਕਢਾਈ ਵਾਲੇ ਹੁੰਦੇ ਹਨ। ਖਿਡਾਰੀ ਉਛਲਦਾ[illegible] ਵਾਂਗ ਟਪੂਸੀਆਂ ਭਰਦਾ ਬਾਹਵਾਂ ਦੇ ਡੌਲਿਆਂ, [illegible] ਛਾਤੀ ਉੱਤੇ ਥਪਕੀਆਂ ਮਾਰਦਾ ਅਖਾੜੇ ਵਿਚ [illegible] ਹੋਇਆ ਵੰਗਾਰਦਾ ਹੈ। ਕੁਝ ਚਿਰ ਇੰਤਜ਼ਾਰ ਹੁੰਦੀ [illegible] ਹੈ ਕਿ ਇਸ ਦੇ ਮੁਕਾਬਲੇ ਵਿਚ ਕਿਹੜੇ ਪਿੰਡ [illegible] ਗਭਰੂ ਨਿਤਰਨਗੇ। ਅਖੀਰ ਕਿਸੇ ਇਕ ਪਿੰਡ [illegible] ਖਿਡਾਰੀ, ਵੰਗਾਰ ਨੂੰ ਕਬੂਲਦੇ ਹੋਏ, ਟਪੂਸੀਆਂ [illegible] ਪੱਟਾਂ ਤੇ ਹੱਥ ਮਾਰਦੇ ਨਿਤਰਦੇ ਹਨ। ਫਿਰ ਪੀ[illegible] ਸ਼ੁਰੂ ਹੁੰਦੀ ਹੈ। ਪਹਿਲਾ ਖਿਡਾਰੀ ਸ਼ਿਕਾਰੀ ਕੁੱਤਿ[illegible] ਉਛਲ ਕੇ ਵਿਰੋਧੀਆਂ ਉੱਤੇ ਪੈਂਦਾ ਹੈ ਤੇ ਉਨ੍ਹਾਂ ਨੂੰ[illegible] ਤੇ ਅਜਿਹੀਆਂ ਥਪਕੀਆਂ ਮਾਰਦਾ ਹੈ ਕਿ ਆਮ [illegible] ਝੱਲ ਹੀ ਨਹੀਂ ਸਕਦਾ। ਦੋਵੇਂ ਖਿਡਾਰੀ ਉਸ [illegible] ਸਾਨੋ ਚਿਤ ਅਥਵਾ ਉਸ ਦੀ ਪਿੱਠ ਤੇ ਮੋਢਿਆਂ ਨੂੰ [illegible] ਨਾਲ ਲਗਾਣ ਦਾ ਯਤਨ ਕਰਦੇ ਹਨ। ਪਹਿਲਾ [illegible] ਉਨ੍ਹਾਂ ਦੋਹਾਂ ਵਿਰੋਧੀਆਂ ਨੂੰ ਆਪਣੇ ਤੋਂ ਦੂਰ ਹ[illegible] ਉਨ੍ਹਾਂ ਨਾਲ ਇਕੱਲੇ ਇਕੱਲੇ ਨਿਬੜਨ ਦਾ ਯਤਨ[illegible] ਹੈ। ਪਰ ਦੋਵੇਂ ਵਿਰੋਧੀ ਆਪਣੇ ਦਾਉ ਉੱਤੇ ਹੁੰ[illegible] ਜੇ ਉਹ ਦੋਵੇਂ ਵਿਰੋਧੀ ਖਿਡਾਰੀ ਉਸ ਦੀ ਚਾਰੇ ਸ਼ਾ[illegible] ਕਰ ਦੇਣ ਤਾਂ ਉਹ ਹਾਰ ਗਿਆ ਮੰਨਿਆ ਜਾਂ[illegible] ਦੂਜੇ ਦੋਵੇਂ ਜਿਤ ਗਏ। ਫਿਰ ਇਸ ਜੇਤੂ ਪਿੰਡ ਦੇ [illegible] ਕਈ ਆਪਣਾ ਖਿਡਾਰੀ ਘੱਲਦੇ ਹਨ, ਜੋ ਉਪ੍ਰੋਕਤ ਢੰਗ[illegible] ਕਿਸੇ ਹੋਰ ਪਿੰਡ ਦੇ ਦੋ ਖਿਡਾਰੀਆਂ ਦਾ ਮੁਕਾਬਲ[illegible] ਹੈ [illegible] ਕਈ ਪਿੰਡਾਂ ਦੇ ਮੁਕਾਬਲੇ ਪਿਛੋਂ, ਜਿ[illegible]

ਜਾਂਦੀ ਹੈ :

ਖਿਡਾਰੀ ਦੋ ਧਿਰਾਂ ਵਿਚ ਵੰਡ ਲਏ ਜਾਂਦੇ ਹਨ । ਇਹ ਦੋ ਪਿੜ ਬਣਾ ਲੈਂਦੇ ਹਨ, ਜਿਨ੍ਹਾਂ ਨੂੰ ਕੋਠੀਆਂ ਕਿਹਾ ਜਾਂਦਾ ਹੈ । ਇਕ ਧਿਰ ਦਾ ਖਿਡਾਰੀ (ਬਾਹਰੀ) ਦੂਜੀ ਧਿਰ ਦੀ ਕੋਠੀ ਵਿਚ ਜਾ ਕੇ ਉਨ੍ਹਾਂ ਦੇ ਦੋ ਖਿਡਾਰੀਆਂ (ਅੰਦਰੀ) ਨੂੰ ਵੰਗਾਰਦਾ ਹੈ ਕਿ ਉਹ ਉਸ ਨੂੰ ਪਕੜਨ । ਦੂਜੀ ਧਿਰ ਦੇ ਦੋ ਖਿਡਾਰੀ ਮੁਕਾਬਲੇ ਵਿਚ ਨਿਤਰਦੇ ਹਨ ਤੇ ਉਸ ਦੇ ਦੁਆਲੇ ਦਾਅ ਪੇਚ ਮਾਰਦੇ ਹਨ । ਪਰ ਉੱਨਾ ਚਿਰ ਉਸ ਨੂੰ ਹੱਥ ਨਹੀਂ ਲਗਾਂਦੇ ਜਿਤਨਾ ਚਿਰ ਪਹਿਲਾ ਖਿਡਾਰੀ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਛੂਹ ਨਾ ਲਏ । ਦਾਅ ਲਗਾ ਕੇ ਬਾਹਰੀ ਖਿਡਾਰੀ ਆਪਣੇ ਦੋ ਵਿਰੋਧੀਆਂ ਵਿਚੋਂ ਕਿਸੇ ਇਕ ਦੀ ਛਾਤੀ ਉਤੇ ਜ਼ੋਰ ਦਾ ਧੱਕਾ ਮਾਰਦਾ ਹੈ ਤੇ ਬਚ ਕੇ ਨਿਕਲ ਜਾਣਾ ਚਾਹੁੰਦਾ ਹੈ । ਪਰ ਦੋਵੇਂ ਅੰਦਰਲੇ ਖਿਡਾਰੀ ਉਸ ਨੂੰ ਪਕੜਨਾ ਚਾਹੁੰਦੇ ਹਨ । ਜੇ ਉਹ ਦਾਅ ਮਾਰ ਕੇ ਨਿਕਲ ਜਾਵੇ ਤਾਂ ਉਹ ਜਿਤ ਗਿਆ । ਜੇ ਉਹ ਦੋਵੇਂ ਉਸ ਦੇ ਚਾਰੇ ਸ਼ਾਨੇ ਚਿਤ ਕਰ ਦੇਣ ਤਾਂ ਉਹ ਦੋਵੇਂ ਜਿਤ ਗਏ । ਫਿਰ ਦੂਜੀ ਧਿਰ ਦਾ ਇਕ ਖਿਡਾਰੀ ਤੇ ਉਸ ਦੇ ਮੁਕਾਬਲੇ ਵਿਚ ਵਿਰੋਧੀ ਧਿਰ ਦੇ ਦੋ ਖਿਡਾਰੀ ਨਿਤਰਦੇ ਹਨ । ਇਸ ਤਰ੍ਹਾਂ ਸਿਲਸਿਲਾ ਜਾਰੀ ਰਹਿੰਦਾ ਹੈ । ਇਸ ਖੇਡ ਵਿਚ ਬੜੀ ਫੁਰਤੀ, ਬਲ ਤੇ ਯੋਗਤਾ ਦੀ ਲੋੜ ਹੈ ।

(ਪ-189) **ਪੀਰ ਖਾਨਾ** :

ਸਖੀ ਸਰਵਰ ਦਾ ਸਥਾਨ; (ਵੇਖੋ : ਸਖੀ ਸਰਵਰ) ।

(ਪ-190) **ਪੀਰ ਗ਼ੁਲਾਮ ਰਸੂਲ** :

ਇਕ ਪੀਰ, ਜਿਸ ਦੀ ਮਲੇਰ ਕੋਟਲੇ ਦੇ ਨਾਈਆਂ ਵਿਚ ਬੜੀ ਮਾਨਤਾ ਹੈ । ਇਹ ਪੀਰ ਬੰਨਾ ਦਾ ਰਹਿਣ ਵਾਲਾ ਸੀ । ਇਨ੍ਹਾਂ ਦਾ ਆਪਣੇ ਭਰਾ ਨਾਲ ਜ਼ਿਮੀਂ ਬਾਰੇ ਝਗੜਾ ਚਲ ਰਿਹਾ ਸੀ । ਰਾਜਾ ਭਗਵਾਨ ਸਿੰਘ ਨੇ ਦੋਹਾਂ ਵਿਚ ਫੈਸਲਾ ਕਰਵਾਣ ਦਾ ਯਤਨ ਕੀਤਾ, ਪਰ ਦੋਹਾਂ ਵਿਚ ਕਿਸੇ ਗੱਲ ਤੇ ਵੀ ਸੁਲਹ ਨਾ ਹੋ ਸਕੀ । ਅਖ਼ੀਰ ਫੈਸਲਾ ਹੋਇਆ ਕਿ ਭੂਮੀ ਖ਼ੁਦ ਆਪਣੇ ਅਸਲੀ ਮਾਲਕ ਬਾਰੇ ਐਲਾਨ ਕਰੇ । ਰਾਜਾ ਭਗਵਾਨ ਸਿੰਘ, ਦੋਹਾਂ ਭਰਾਵਾਂ ਤੇ ਹੋਰ ਲੋਕਾਂ ਦੇ ਸਾਹਮਣੇ ਧਰਤੀ ਵਿਚੋਂ ਸਪਸ਼ਟ ਆਵਾਜ਼ ਆਈ ਕਿ

ਕੋਹੜ ਹੋਵੇ ਜਾਂ ਫੋੜੇ-ਫਿਨਸੀਆਂ ਨਿਕਲੀਆਂ ਹੋ
ਦੀ ਖ਼ਾਨਗਾਹ ਉਤੇ ਜਾ ਕੇ ਗਰਮ ਰੇਤ ਰੋਗੀ
ਪਾਉਂਦੇ ਜਾਂ ਸਾਰੇ ਸਰੀਰ ਤੇ ਪਾ ਕੇ ਇਸ਼ਨਾ
ਹਨ । ਇਸ ਤਰ੍ਹਾਂ ਉਨ੍ਹਾਂ ਦਾ ਰੋਗੀ ਅੰਗ ਨ
ਹੋ ਜਾਂਦਾ ਹੈ ।

(ਪ-192) **ਪੀਰ ਦੀ ਘੋੜੀ** :

ਪੀਰ ਦਾ ਝੰਡਾ ਚੁਕਣ ਵਾਲਾ; ਲਾਲ ਬੇਗੀ
ਪੀਰ ਦੀ ਸਿਮਰਤੀ ਵਿਚ, ਹਰ ਸਾਲ ਸਾਵਣ
ਝੰਡੇ ਫੇਰਦੇ ਹਨ । ਇਹ ਝੰਡਾ ਕਾਫ਼ੀ ਉੱਚਾ
ਹੈ ਅਤੇ ਇਸ ਨਾਲ ਨਾਰੀਅਲ, ਕੌਡਾਂ, ਮੋਰ-
ਬਰੰਗੀਆਂ ਲੀਰਾਂ ਜੜੀਆਂ ਹੁੰਦੀਆਂ ਹਨ ।
ਕਾਫ਼ੀ ਭਾਰਾ ਹੁੰਦਾ ਹੈ । ਇਸ ਨੂੰ ਚੁੱਕਣ ਦਾ
ਹਰ ਕੋਈ ਨਹੀਂ ਹੁੰਦਾ । ਜਿਸ ਭਗਤ ਨੇ ਝੰ
ਹੁੰਦਾ ਹੈ; ਉਸ ਨੂੰ 'ਪੀਰ ਦੀ ਘੋੜੀ' ਕਹਿੰ
ਉਸ ਦੇ ਲੱਕ ਦੁਆਲੇ ਚਮੜੇ ਦੀ ਇਕ ਪੇਟੀ
ਹੈ, ਜਿਸ ਵਿਚ ਧੁਨੀ ਕੋਲ ਝੰਡਾ ਟਿਕਾਣ ਦੀ
ਹੁੰਦੀ ਹੈ ।

ਘੋੜੀ ਬਣਨ ਵਾਲਾ ਉਪਾਸਕ, ਉਤਸਵ
ਮਹੀਨਾ ਪਹਿਲਾਂ ਹੀ ਸ਼ੁਧੀ ਲਈ ਤੱਪ ਸਾਧਦਾ
ਜ਼ਿਮੀਂ ਉਤੇ ਬਿਨਾਂ ਕਪੜੇ ਵਿਛਾਏ, ਆਪਣੇ
ਵੱਖਰਾ ਹੋ ਕੇ, ਸੌਂਦਾ ਹੈ । ਤੇ ਇਨ੍ਹਾਂ ਦਿਨਾਂ ਵਿਚ
ਵਾਸਨਾ ਮਨ ਵਿਚ ਨਹੀਂ ਲਿਆਉਂਦਾ । ਕਾਮ
ਮੋਹ ਹੰਕਾਰ ਤੋਂ ਮਨ ਨੂੰ ਬਚਾਂਦਾ ਹੈ । ਝੰਡਾ
ਦੀ, ਉਹ ਆਪਣੇ ਮਨ ਨੂੰ ਨਿਰਮਲ ਰਖਦਾ ਤੇ
ਦੇ ਕੋਈ ਵਿਚਾਰ ਜਾਂ ਵਾਸਨਾ ਮਨ ਵਿਚ ਨ
ਦੇਂਦਾ ।

ਜਦੋਂ ਪੀਰ ਦੀ ਘੋੜੀ ਨੇ ਝੰਡਾ ਚੁਕਿਆ
ਉਸ ਨੂੰ ਦੁੱਧ ਘਾਹ ਤੇ ਛੋਲੇ ਖਾਣ ਲਈ ਦਿਤੇ
ਢੋਲ ਦੀ ਆਵਾਜ਼ ਉਤੇ ਪੀਰ ਦੀ ਘੋੜੀ, ਅ
ਵਾਂਗ ਹੀ ਕੁਦਦੀ ਤੇ ਟੱਪਦੀ ਹੈ, ਪਰ ਜੇ ਉ
ਟੱਪ ਦੁਲੱਤੀ ਮਾਰੇ ਜਾਂ ਉਛਲੇ ਤਾਂ ਘੋੜੀ ਦਾ
ਬਾਧਕ ਮੰਨੀ ਜਾਂਦੀ ਹੈ । ਜੇ ਇਹੋ ਦੁਲੱਤੀਆਂ
ਸਿਰ ਮਾਰਦਾ ਅੰਦਰ ਉਹੀ ਇਲਮ ਕਲ

ਤਕ ਮੁੜ ਘੋੜੀ ਚੜਨ ਦੀ ਆਗਿਆ ਨਹੀਂ ਦਿਤੀ ਜਾਂਦੀ, ਜਦੋਂ ਤਕ ਉਹ ਪਛਤਾਵੇ ਵਜੋਂ ਆਪਣੇ ਭਾਈਚਾਰੇ ਨੂੰ ਭੋਜਨ ਨਹੀਂ ਛਕਾਂਦਾ ਜਾਂ ਭਾਈਚਾਰੇ ਵਿਚ ਪ੍ਰਸਾਦਿ ਵੰਡ ਕੇ ਭੁਲ ਨਹੀਂ ਬਖਸ਼ਾਂਦਾ।

## (ਪ-193) ਪੀਰ ਬੰਨ੍ਹੇ ਸ਼ਾਹ :

ਡੇਹਰਾ ਬਾਬਾ ਨਾਨਕ ਦੇ ਲਾਗੇ ਪੀਰ ਬੰਨ੍ਹੇ ਸ਼ਾਹ ਦੀ ਮਜ਼ਾਰ ਹੈ, ਇਥੇ ਪਹਿਲਾਂ ਮਸੀਤ ਤੇ ਈਦਗਾਹ ਵੀ ਸੀ, ਜੋ ਹੁਣ ਨਹੀਂ ਰਹੀ। ਆਸ ਪਾਸ ਦੇ ਪਿੰਡਾਂ ਵਿਚ ਪੀਰ ਦੀ ਬੜੀ ਮਾਨਤਾ ਰਹੀ ਹੈ। ਇਥੇ ਹਰ ਵੀਰਵਾਰ ਨੂੰ ਦੀਵਾ ਬਲਦਾ ਹੈ। ਜੇ ਕਿਸੇ ਦਾ ਪਸ਼ੂ ਬੀਮਾਰ ਹੋ ਜਾਵੇ ਤਾਂ ਨਿਸਚਾ ਹੈ ਕਿ ਇਥੇ ਸੁੱਖਣਾ ਸੁੱਖਣ ਨਾਲ ਨਰੋਆ ਹੋ ਜਾਂਦਾ ਹੈ।

ਇਸ ਥਾਂ ਨੂੰ ਲੋਕੀ 'ਤਕੀਆ ਬੁਲ੍ਹੇ ਸ਼ਾਹ' ਵੀ ਕਹਿੰਦੇ ਹਨ, ਕਿਉਂ ਜੋ ਇਥੇ ਕਦੇ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਪੜ੍ਹਨ ਦੀ ਪ੍ਰਥਾ ਰਹੀ। ਇਥੇ ਹਾੜ ਵਿਚ ਮੇਲਾ ਲਗਦਾ ਹੈ ਤੇ ਦੂਰੋਂ ਦੂਰੋਂ ਕਵਾਲ ਆਉਂਦੇ ਹਨ।

## (ਪ-194) ਪੀਰ ਭਾਈ :

ਸਖੀ ਸਰਵਰ ਜਿਸ ਨੂੰ ਨਿਗਾਹੇ ਵਾਲਾ ਪੀਰ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਮੁਰੀਦ ਇਕ ਦੂਜੇ ਨੂੰ 'ਪੀਰ ਭਾਈ' ਕਹਿੰਦੇ ਹਨ।

## (ਪ-195) ਪੀਰ ਮਖੱਡ :

ਇਕ ਮੁਸਲਮਾਨ ਪੀਰ, ਜਿਸ ਦਾ ਮਜ਼ਾਰ ਮਖੱਡ ਵਿਚ ਹੈ। ਮਖੱਡ ਜ਼ਿਲਾ ਅਟਕ ਵਿਚ ਪਿੰਡੀ-ਘੇਬ ਦੀ ਤਹਿਸੀਲ ਵਿਚ ਇਕ ਨਗਰ ਹੈ, ਜੋ ਅਟਕ ਦਰਿਆ ਦੇ ਕੰਢੇ ਹੈ। ਇਸ ਪੀਰ ਦਾ ਅਸਲ ਨਾਂ ਅਬਦੁਲ ਸ਼ਾਹ ਜਿਲਾਨੀ ਹੈ। ਇਸ ਪੀਰ ਨੂੰ ਲੋਕੀ ਆਦਰ ਨਾਲ, ਪੀਰ ਨੂਰੀ ਸ਼ਾਹ ਬਾਦਸ਼ਾਹ ਜਿਲਾਨੀ ਜਾਂ ਸੰਖੇਪ ਵਿਚ ਨੂਰੀ ਬਾਦਸ਼ਾਹ ਵੀ ਕਹਿੰਦੇ ਹਨ। ਪੀਰ ਮਖੱਡ ਨਾਂ ਸਥਾਨ ਬੋਧਿਕ ਹੈ। ਇਸ ਪੀਰ ਦਾ ਪਿੱਛਾ ਬਗ਼ਦਾਦ ਦੇ ਨਕੀਬ ਨਾਲ ਜਾ ਜੁੜਦਾ ਹੈ।

ਪੀਰ ਮਖੱਡ ਦੀ ਮਾਨਤਾ ਅਟਕ, ਕੋਹਾਟ ਤੇ ਪਿਸ਼ਾਵਰ ਦੇ ਜ਼ਿਲਿਆਂ ਵਿਚ ਬੜੀ ਹੈ। ਇਨ੍ਹਾਂ ਇਲਾਕਿਆਂ ਦੇ ਮੁਸਲਮਾਨ ਜ਼ਿਆਰਤ ਲਈ ਆਉਂਦੇ ਰਹਿੰਦੇ ਹਨ। ਇਨ੍ਹਾਂ ਦੀ ਮਜ਼ਾਰ ਉਤੇ ਹਰ ਸਾਲ ਚਾਰ ਵੱਡੇ ਮੇਲੇ ਅਥਵਾ

ਦੀ ਹੈ ਅਤੇ ਵਣ/ਬੋਹੜ ਆਦਿ ਦੇ ਦਰਖ਼ਤ ਹੇਠ ਜਾਂਦੀ ਹੈ। ਦਰਖ਼ਤ ਹੇਠਾਂ ਇਕ ਗੋਲ ਦਾਇਰਾ ਬ ਉਸ ਵਿਚ ਇਕ ਡੰਡਾ ਰਖਿਆ ਜਾਂਦਾ ਹੈ। ਪਹਿਲ ਬੱਚੇ ਪੁੱਗਦੇ ਹਨ, ਜਿਸ ਸਿਰ ਮੀਟੀ ਆਉਂਦੀ ਹੈ ਬਾਕੀ ਬੱਚਿਆਂ ਨੂੰ ਛੂਹਣਾ ਹੁੰਦਾ ਹੈ। ਪੁੱਗੇ ਬੱਚਿਆਂ ਵਿਚੋਂ ਇਕ ਲੜਕਾ ਗੋਲ ਦਾਇਰੇ ਵਿਚ ਹੋ ਕੇ, ਡੰਡੇ ਨੂੰ ਆਪਣੀ ਲੱਤ ਹੇਠੋਂ ਵਗਾਹ ਕੇ ਹੈ ਤੇ ਮੀਟੀ ਵਾਲਾ ਖਿਡਾਰੀ ਜਦੋਂ ਤਕ ਡੰਡਾ ਦਾਇਰੇ ਵਿਚ ਰਖਦਾ ਹੈ, ਉਦੋਂ ਤਕ ਸਾਰੇ ਖਿਡਾਰੀ ਉਤੇ ਚੜ੍ਹ ਜਾਂਦੇ ਹਨ। ਮੀਟੀ ਵਾਲਾ ਦਰਖ਼ਤ ਉਤੇ ਖਿਡਾਰੀਆਂ ਨੂੰ ਛੂੰਹਦਾ ਹੈ। ਦਰਖ਼ਤ ਉਤੇ ਚੜ੍ਹੇ ਇਕ ਟਹਿਣ ਤੋਂ ਦੂਜੀ ਤੇ ਕੁਦਦੇ ਹੋਏ ਝਾਕੇ ਬਚ-ਬਚਾਉ ਕਰ ਕੇ, ਟਹਿਣੀਆਂ ਨੂੰ ਫੜ ਕੇ ਛਾਲਾਂ ਹਨ ਤੇ ਹੇਠਾਂ ਆ ਕੇ ਡੰਡਾ ਚੁੰਮ ਲੈਂਦੇ ਹਨ। ਜਿਸ ਨੇ ਡੰਡਾ ਚੁੰਮ ਲਿਆ ਹੋਵੇ, ਉਸ ਨੂੰ ਮੀਟੀ ਵਾਲਾ ਛੂੰਹਦਾ। ਬਾਕੀਆਂ ਵਿਚੋਂ ਜਿਸ ਕਿਸੇ ਨੂੰ ਛੂਹ ਲੈ ਉਸ ਦੇ ਸਿਰ ਮੀਟੀ ਆ ਜਾਂਦੀ ਹੈ। ਜੇ ਸਭ ਡੰਡਾ ਚੁੰਮ ਕੇ ਪੁੱਗ ਜਾਣ ਤਾਂ ਅਖ਼ੀਰ ਵਿਚ ਡੰਡ ਵਾਲਾ ਖਿਡਾਰੀ, ਡੰਡੇ ਨੂੰ ਚੁੰਮਦੇ ਸਾਰ ਆਪਣੀ ਲੱ ਲੰਘਾ ਕੇ ਸੁਟਦਾ ਹੈ, ਜੇ ਮੀਟੀ ਵਾਲਾ ਉਸ ਨੂੰ ਸੁਟਣ ਤੋਂ ਪਹਿਲਾਂ ਛੂਹ ਲਏ ਤਾਂ ਛੂਹੇ ਖਿਡਾਰੀ ਮੀਟੀ ਆ ਜਾਵੇਗੀ ਅਤੇ ਨਵੇਂ ਸਿਰੇ ਤੋਂ ਫਿਰ ਖੇ ਹੋ ਜਾਵੇਗੀ ਨਹੀਂ ਤਾਂ ਪਹਿਲੇ ਖਿਡਾਰੀ ਉਤੇ ਹੀ ਰਹਿੰਦੀ ਹੈ।

ਇਸ ਨੂੰ 'ਕੀੜ ਕੜਾਂਗਾ', 'ਡੰਡਾ ਡੁੱਕ' ਤੇ 'ਜੰਡ ਵੀ ਆਖਦੇ ਹਨ (ਵੇਖੋ : ਕੀੜ-ਕੜਾਂਗਾ)।

## (ਪ-197) ਪੀਲੀ ਚਿੱਠੀ :

ਉਹ ਚਿੱਠੀ, ਜਿਸ ਵਿਚ ਲਗਨ ਦੀ ਤਿੱਥ ਤੇ ਲਿਖੀ ਹੁੰਦੀ ਹੈ। ਇਸ ਨੂੰ ਸਾਹਾ ਚਿੱਠੀ ਵੀ ਕਿਹ ਹੈ। ਮੰਗਣੀ ਤੋਂ ਮਗਰੋਂ ਕੁੜੀ ਵਾਲੇ ਪਾਂਧੇ ਕੋਲੋਂ ਖੁਲ੍ਹਵਾ ਕੇ ਸਾਹਾ ਕਢਵਾਉਂਦੇ ਹਨ ਤੇ ਸਾਹਾ ਚਿੱ ਕੇਸਰ ਤਰੌਂਕ ਕੇ ਪਾਂਧੇ ਦੁਆਰਾ, ਮੁੰਡੇ ਵਾਲਿਆਂ ਭੇਜਦੇ ਹਨ। ਪੀਲੀ ਚਿੱਠੀ ਸ਼ਗਨਾਂ ਦੀ ਚਿੱਠੀ ਹੁੰਦੀ

ਗੱਲ ਹੁੰਦੀ ਸੀ । ਇਕ ਲੋਕ ਗੀਤ ਹੈ :

ਬਾਹੀਂ ਮੇਰੀ ਪ੍ਰਧਾਨ ਖਹਿੰਦੀ ਪੀੜ੍ਹੇ ਤੇ ।

ਦਾਜ ਵਿਚ ਪੀੜ੍ਹਾ ਦੇਣਾ ਜ਼ਰੂਰੀ ਹੁੰਦਾ ਸੀ ਤੇ ਜਦੋਂ ਦੁਲਹਨ ਦੀ ਡੋਲੀ ਸਹੁਰੇ ਘਰ ਜਾਂਦੀ ਤੇ ਉਥੇ ਉਸ ਨੂੰ ਪੀੜ੍ਹੇ ਉਤੇ ਬਿਠਾਇਆ ਜਾਂਦਾ ਸੀ ।

(ਪ-199) **ਪੁਆਂਦ** :

ਮੰਜੇ ਦੇ ਦੌਣ ਵਾਲਾ ਹਿੱਸਾ । ਧਾਰਨਾ ਹੈ ਕਿ ਰਾਤ ਨੂੰ ਪੁਆਂਦ ਵਲ ਸਿਰ ਰਖ ਕੇ, ਸੌਣ ਨਾਲ ਧੀਆਂ ਵਧੇਰੇ ਜੰਮਦੀਆਂ ਹਨ । ਇਸੇ ਤਰ੍ਹਾਂ ਜੇ ਰਾਤ ਵੇਲੇ ਦੌਣ ਖਿਚੀ ਜਾਵੇ ਤਾਂ ਵੀ ਧੀਆਂ ਵਧੇਰੇ ਜੰਮਦੀਆਂ ਹਨ ।

(ਪ-200) **ਪੁਸ਼ਕਰ** :

(ੳ) ਹਿੰਦੂਆਂ ਦੇ ਅਠਾਹਠ ਤੀਰਥਾਂ ਵਿਚੋਂ ਇਕ ਪ੍ਰਮੁਖ ਤੀਰਥ, ਜੋ ਰਾਜਸਥਾਨ ਵਿਚ ਅਜਮੇਰ ਤੋਂ ਪੰਜ ਮੀਲ ਦੂਰ ਉੱਤਰ ਪੱਛਮ ਵਲ ਇਟਾਵਤੀ ਪਰਬਤ ਮਾਲਾ ਦੀ ਇਕ ਸੁੰਦਰ ਘਾਟੀ ਵਿਚ, ਸਮੁੰਦਰੀ ਤਲ ਤੋਂ 1580 ਫੁਟ ਉੱਚਾ ਹੈ । ਇਥੇ ਇਕ ਵੱਡੀ ਸਾਰੀ ਝੀਲ ਹੈ, ਜਿਸ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਹੈ । ਸਭ ਤੀਰਥਾਂ ਤੋਂ ਉੱਤਮ ਹੋਣ ਕਰ ਕੇ ਪੁਸ਼ਕਰ ਨੂੰ ਸਨਮਾਨ ਨਾਲ ਤੀਰਥ ਰਾਜ ਕਿਹਾ ਜਾਂਦਾ ਹੈ । ਇਥੋਂ ਦਾ ਸਰੋਵਰ ਭਾਰਤ ਦੇ ਪੰਜ ਪ੍ਰਮੁਖ ਸਰੋਵਰਾਂ ਵਿਚੋਂ ਇਕ ਹੈ । ਇਹ ਪੰਜ ਸਰੋਵਰ, ਪੰਚ ਤੀਰਥਾਂ ਦੇ ਨਾਂ ਨਾਲ ਪ੍ਰਸਿਧ ਹਨ ।

ਪੁਸ਼ਕਰ ਨਾਲ ਕਈ ਪੁਰਾਣਿਕ ਕਥਾਵਾਂ ਜੁੜੀਆਂ ਹੋਈਆਂ ਹਨ । ਪੁਰਾਣਾਂ ਅਨੁਸਾਰ ਇਥੇ ਬ੍ਰਹਮਾ ਨੇ ਯੱਗ ਕੀਤਾ ਸੀ । ਪਦਮ ਪੁਰਾਣ ਵਿਚ ਲਿਖਿਆ ਹੈ ਕਿ ਇਥੇ ਕਿਸੇ ਸਮੇਂ ਵਜਰਨਾਭ ਨਾਂ ਦਾ ਮਾਸਾਹਾਰੀ ਰਾਖਸ਼ ਰਹਿੰਦਾ ਸੀ, ਜੋ ਨਿਤ ਬੱਚਿਆਂ ਨੂੰ ਮਾਰ ਕੇ ਖਾ ਜਾਂਦਾ । ਬ੍ਰਹਮਾ ਨੇ ਵਜਰਨਾਭ ਅਸੁਰ ਨੂੰ ਪੁਸ਼ਕਰ ਨਾਮੀ ਬਾਣ ਨਾਲ ਮਾਰਿਆ, ਜਿਸ ਨਾਲ ਕੰਵਲ ਫੁੱਲ ਲੱਗੇ ਹੋਏ ਸਨ । ਰਾਖਸ਼ ਤਾਂ ਮਾਰਿਆ ਗਿਆ, ਪਰ ਜਿਥੇ ਜਿਥੇ ਕੰਵਲ ਫੁੱਲ ਡਿਗੇ ਉਥੇ ਉਥੇ ਵਿਸ਼ਾਲ ਤਾਲ ਦੇ ਸੋਮੇ ਫੁੱਟ ਪਏ । ਜਦੋਂ ਬ੍ਰਹਮਾ, ਆਪਣਾ ਯੱਗ ਨਿਰਵਿਘਨ ਸਮਾਪਤ ਕਰਨ ਲਈ, ਉਚਿਤ

ਅਧਿਕਾਰੀ । ਬ੍ਰਹਮਾ ਨੇ ਆਪਣਾ ਯੱਗ ਪੂ...
ਸਭ ਗੁਣਾਂ ਦਾ ਧਾਰਨੀ ਬਣਨ ਲਈ, ਪੂ...
ਕੀਤਾ ਸੀ । ਉਦੋਂ ਤੋਂ ਇਥੇ ਹਰ ਸਾ...
ਪੂਰਨਮਾਸ਼ੀ ਤੇ ਭਾਰੀ ਮੇਲਾ ਲਗਦਾ ਹੈ । ...
ਹੈ ਕਿ ਕੱਤਕ ਦੀ ਪੂਰਨਮਾਸ਼ੀ ਨੂੰ ਪੁਸ਼ਕਰ ...
ਕਰਨ ਵਾਲਾ ਪ੍ਰਾਣੀ ਮਰਨ ਮਗਰੋਂ ਬ੍ਰਹਮ ਲੋ...

ਪੁਸ਼ਕਰ ਵਿਚ ਇਸ਼ਨਾਨ ਕਰਨ ਨਾਲ...
ਕੋਹੜ ਦੂਰ ਹੋ ਜਾਂਦੇ ਮੰਨੇ ਗਏ ਹਨ । ਇਕ...
ਮੰਡੋਵਰ ਥਲ ਦਾ ਰਾਜਾ ਨਾਹਰ ਰਾਉ ਜੰਗਲ...
ਖੇਡਦਾ ਪੁਸ਼ਕਰ ਵਲ ਆ ਨਿਕਲਿਆ । ...
ਪਿਆਸ ਲੱਗੀ ਹੋਈ ਸੀ । ਉਸ ਨੇ ਪਹਿ...
ਤੇ ਫਿਰ ਇਸ਼ਨਾਨ ਕੀਤਾ । ਉਸ ਦਾ ਕੋਹੜ ...

ਰਵਾਇਤ ਹੈ ਕਿ ਰਾਮਚੰਦਰ ਨੇ ਚਿਤ੍ਰ...
ਆ ਕੇ ਗਯਾ ਕੁੰਡ ਉਤੇ ਆਪਣੇ ਪਿਤਾ...
ਕੀਤਾ ਸੀ ।

ਵੇਦਾਂ ਵਿਚ ਪੁਸ਼ਕਰ ਨੂੰ 'ਆਦਿ ਗੁ...
ਕਿਹਾ ਗਿਆ ਹੈ । ਇਸ ਨੂੰ ਸਤਿਜੁਗ ਦਾ ਤੀ...
ਜਾਂਦਾ ਹੈ । ਕਈ ਇਸ ਨੂੰ ਆਦਿ ਤੀਰਥ ...
ਮਹਾਭਾਰਤ ਦੇ 'ਵਣ ਪੁਰਵ' ਅਨੁਸਾਰ ਹਰ...
ਆਦਿ ਸਭ ਮਹਾਨ ਤੀਰਥ, ਹਰ ਰੋਜ਼ ...
ਪੁਸ਼ਕਰ ਦੀ ਯਾਤ੍ਰਾ ਕਰਨ ਲਈ ਆਉਂਦੇ ਹਨ...
ਸੰਧਿਆ ਵੇਲੇ ਇਥੇ ਇਸ਼ਨਾਨ ਕਰਨ ਨਾਲ, ...
ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਮਿਲਦਾ...
ਤੇ ਪ੍ਰਾਚੀਨ ਨਦੀ ਸਰਸਵਤੀ ਦਾ ਸੋਮਾ ਵੀ ...
ਮੰਨਿਆ ਜਾਂਦਾ ਹੈ ।

ਪੁਸ਼ਕਰ ਤੀਰਥ ਦੇ ਚਾਰੇ ਪਾਸੇ 52 ਪੱ...
ਹੋਏ ਹਨ, ਜਿਨ੍ਹਾਂ ਵਿਚੋਂ 'ਕਪਾਲ ਮੋਚਨ ...
ਘਾਟ', 'ਵਰਾਹਾ ਘਾਟ', 'ਬ੍ਰਹਮ ਘਾਟ', ...
'ਯੱਗ ਘਾਟ', 'ਰਾਮ ਘਾਟ', 'ਨਰਸਿੰਘ ਘਾਟ'...
ਪੁਸ਼ਕਰ ਦੇ ਕਿਨਾਰੇ ਬ੍ਰਹਮਾ ਦਾ ਮੰਦਰ ਹੈ । ...
ਦੇ ਸੱਜੇ ਖੱਬੇ ਗਾਇਤ੍ਰੀ ਤੇ ਸਾਵਿਤ੍ਰੀ ਦੇ ਪ੍ਰਾਚੀ...

ਗੁਰੂ ਗੋਬਿੰਦ ਸਿੰਘ ਜੀ ...
ਰਹਿੰਦੇ ਸਨ, ਜਿਥੇ ਗੁਰੂ ਗੋਬਿੰਦ ਸਿੰਘ ਜੀ ...

ਪੂਰਾ ਮਹਿਲ ਬਣਿਆ ਹੋਇਆ ਸੀ। ਰਾਮਾਇਣ ਅਨੁਸਾਰ ਇਹ ਵਿਮਾਨ ਬ੍ਰਹਮਾ ਨੇ ਕੁਬੇਰ ਨੂੰ ਭੇਟ ਕੀਤਾ ਸੀ ਪਰ ਕੁਬੇਰ ਕੋਲੋਂ ਰਾਵਣ ਨੇ ਖੋਹ ਲਿਆ ਸੀ। ਜਦੋਂ ਰਾਮ ਚੰਦਰ ਨੇ, ਰਾਵਣ ਉਤੇ ਵਿਜੈ ਪ੍ਰਾਪਤ ਕੀਤੀ ਤਾਂ ਇਹ ਵਿਮਾਨ ਰਾਮ ਚੰਦਰ ਦੇ ਹੱਥ ਲਗਾ। ਰਾਮ ਚੰਦਰ, ਸੀਤਾ ਤੇ ਲੱਛਮਣ ਨਾਲ ਇਸੇ ਵਿਮਾਨ ਤੇ ਬੈਠ ਕੇ ਅਜੁਧਿਆ ਵਾਪਸ ਆਏ। ਅਜੁਧਿਆ ਪਹੁੰਚ ਕੇ ਰਾਮ ਚੰਦਰ ਨੇ ਇਹ ਵਿਮਾਨ ਮੁੜ ਕੁਬੇਰ ਨੂੰ ਵਾਪਸ ਕਰ ਦਿਤਾ।

(ਪ-202) **ਪੁਸ਼ਪ ਦੰਤ** :

(ੳ) ਸਿਵ ਜੀ ਦੇ ਮੁੱਖੀ ਦੁਆਰਪਾਲਾਂ ਵਿਚੋਂ ਇਕ; ਇਕ ਵਾਰ, ਸ਼ਿਵ ਜੀ ਪਾਰਬਤੀ ਨਾਲ ਕੋਈ ਨਿਜੀ ਗੱਲ ਕਰ ਰਹੇ ਸਨ ਕਿ ਪੁਸ਼ਪ ਦੰਤ ਨੇ ਸੁਣ ਲਈ ਤੇ ਗੱਲ ਅੱਗੇ ਤੋਰ ਦਿਤੀ। ਸਿਵ ਜੀ ਨੇ ਕਰੋਧ ਵਿਚ ਆ ਕੇ ਉਸ ਨੂੰ ਆਦਮੀ ਦਾ ਜਾਮਾ ਧਾਰਨ ਕਰਨ ਦਾ ਸਰਾਪ ਦਿਤਾ। ਪੁਰਾਣਾਂ ਅਨੁਸਾਰ ਪੁਸ਼ਪ ਦੰਤ ਕਾਰਯਾਯਨ ਦੇ ਜਾਮੇ ਵਿਚ ਸੰਸਾਰ ਤੇ ਆਇਆ ਜਿਸ ਨੇ ਕਈ ਗ੍ਰੰਥ ਲਿਖੇ।

(ਅ) ਸੰਸਾਰ ਦੇ ਰਖਿਅਕ ਹਾਥੀਆਂ ਵਿਚੋਂ ਇਕ ਹਾਥੀ; ਇਹ ਵਾਯੂਦੇਵ ਦਾ ਹਾਥੀ ਹੈ ਤੇ ਉੱਤਰ-ਪੱਛਮੀ ਗੁੱਠ ਦਾ ਰਖਿਅਕ ਵੀ, ਇਸ ਦੀ ਹੱਥਣੀ ਨੂੰ ਸੁਭਦੰਤੀ ਕਹਿੰਦੇ ਹਨ।

(ਪ-203) **ਪੁਸ਼ਪਾਂਜਲੀ** :

ਫੁੱਲਾਂ (ਪੁਸ਼ਪ) ਦੀ ਬੁਕ (ਅੰਜਲੀ); ਕਿਸੇ ਦੇਵਤੇ ਦੀ ਮੂਰਤੀ ਨੂੰ ਭੇਟ ਕੀਤੀ ਫੁੱਲਾਂ ਨਾਲ ਭਰੀ ਬੁੱਕ। ਹਿੰਦੂਆਂ ਵਿਚ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਫੁੱਲ ਭੇਟ ਕਰਨ ਦਾ ਰਵਾਜ ਹੈ। ਇਹ ਰੀਤ ਪਹਿਲਾਂ ਯੱਖਾਂ ਵਿਚ ਪ੍ਰਚਲਤ ਸੀ, ਜਿਥੋਂ ਭਗਤੀ ਲਹਿਰ ਨੇ ਅਪਣਾ ਲਈ।

(ਪ-204) **ਪੁਸ਼ਾਕਾ** :

**(ੳ)** ਗੁਰੂ ਗ੍ਰੰਥ ਸਾਹਿਬ ਨੂੰ ਪਹਿਨਾਈ ਗਈ ਪੁਸ਼ਾਕ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਦੋਹੀਂ ਪਾਸੀਂ ਪਲ਼ਹਾ ਲਟਕਾਈਆਂ ਜਾਂਦੀਆਂ ਹਨ ਤੇ ਉਪਰ ਰੁਮਾਲਾ ਦਿਤਾ ਜਾਂਦਾ ਹੈ। ਇਨ੍ਹਾਂ ਕਪੜਿਆਂ ਨੂੰ

(ਪ-205) **ਪੁਖਰਾਜ** :

ਨੀਲੇ ਰੰਗ ਦਾ ਇਕ ਕੀਮਤੀ ਪੱਥਰ, ਰਤਨਾਂ ਵਿਚੋਂ ਇਕ ਹੈ। ਇਸ ਪੱਥਰ ਨੂੰ ਪ ਦੌਲਤ ਤੇ ਜੱਸ ਵਿਚ ਵਾਧਾ ਹੁੰਦਾ ਹੈ। ਧ ਪ੍ਰੇਮਕਾ ਨੂੰ ਪੁਖਰਾਜ ਦੇ ਥੇਵੇ ਵਾਲੀ ਮੁੰਦਰੀ ਤਾਂ ਫਿਰ ਉਹ ਜ਼ਿੰਦਗੀ ਭਰ ਕਿਸੇ ਹੋਰ ਨਾ ਕਰ ਸਕਦੀ।

(ਪ-206) **ਪੁੱਗਣਾ** :

ਲੁਕਣ ਮੀਟੀ ਜਾਂ ਕੋਈ ਹੋਰ ਖੇਡ ਖੇ ਇਹ ਨਿਸਚਤ ਕਰਨ ਲਈ ਕਿ ਪਹਿਲੀ ਖਿਡਾਰੀ ਸਿਰ ਆਵੇ, ਸਾਰੇ ਖਿਡਾਰੀ ਵਾਰੀ ਹਨ। ਜਿਹੜਾ ਅਖੀਰ ਵਿਚ ਪੁੱਗਣੋਂ ਰਹਿ ਸਿਰ ਮੀਟੀ ਆਉਂਦੀ ਹੈ। ਪੁੱਗਣ ਲਈ ਵਰਤੀਆਂ ਜਾਂਦੀਆਂ ਹਨ :

(ੳ) ਟੱਪਿਆਂ ਦੁਆਰਾ ਪੁੱਗਣਾ : ਇਕ ਖਿਡਾਰੀਆਂ ਨੂੰ ਇਕ ਪੰਗਤੀ ਵਿਚ ਖੜ ਉਚਾਰਦਾ ਹੈ :

ਅੱਡਤ ਬੱਟਤ ਤੂੰਬਾ ਬੰ, ਅੱਸੀ ਨੱਬੇ ਪੂ
ਸੌ ਕਲੌਟਾ ਤਿੱਤਰ ਖੋਟਾ, ਚਲ ਮਦਾਰੀ

ਟੱਪੇ ਦਾ ਹਰ ਅੱਖਰ ਉਚਾਰਨ ਲਗਿ ਹਰੇਕ ਖਿਡਾਰ ਵਲ ਉਂਗਲ ਨਾਲ ਸੈਨਤ ਹੈ। ਜਿਸ ਖਿਡਾਰੀ ਉਪਰ ਅਖੀਰਲਾ ਸ਼ਬਦ ਪਏ, ਉਹ ਪੁੱਗ ਜਾਂਦਾ ਹੈ। ਇਸ ਤਰ੍ਹਾਂ ਵ ਬੋਲ ਕੇ ਖਿਡਾਰੀਆਂ ਨੂੰ ਇਕ ਇਕ ਕਰ ਜਾਂਦਾ ਹੈ। ਜਿਹੜਾ ਅਖੀਰ ਰਹਿ ਜਾਂਦਾ ਮੀਟੀ ਆ ਜਾਂਦੀ ਹੈ। ਕਈ ਇਲਾਕਿਆਂ ਵਿ ਵੱਖਰਾ ਟੱਪਾ ਉਚਾਰਿਆ ਜਾਂਦਾ ਹੈ।

(ਅ) ਦੂਜੀ ਵਿਧੀ ਤਿੰਨ ਖਿਡਾਰੀਆਂ ਹੱਥਾਂ ਨਾਲ ਪੁੱਗਣਾ ਹੈ। ਤਿੰਨੇ ਖਿਡਾਰੀ ਹੱਥ ਫੜ ਕੇ ਘੇਰੇ ਵਿਚ ਖਲੋ ਜਾਂਦੇ ਹਨ ਉੱਚਾ ਕਰ ਕੇ ਛੱਡ ਦੇਂਦੇ ਤੇ ਆਪਣੇ ਹੱਥ ਉਤੇ ਸੱਜਾ ਹੱਥ ਸਿੱਧਾ ਜਾਂ ਪੁੱਠਾ ਧਰਦੇ ਦੇ ਹੱਥ ਸਿਧੇ ਹੋਣ ਤੇ ਤੀਜੇ ਦਾ ਪੁੱਠਾ ਜਾਂ ਦੋ

(ੲ) ਟਾਸ ਦੀ ਵਿਧੀ : ਇਕ ਖਿਡਾਰੀ ਸਿੱਕਾ ਲੈ ਕੇ ਹਵਾ ਵਿਚ ਉਛਾਲਦਾ ਹੈ। ਉਛਾਲਣ ਤੋਂ ਪਹਿਲਾਂ ਦੋ ਵੱਡੇ ਖਿਡਾਰੀ ਸ਼ੇਰ ਜਾਂ ਖਤ ਮਲ ਲੈਂਦੇ ਹਨ। ਜੇ ਸਿੱਕਾ ਉਛਾਲਣ ਮਗਰੋਂ ਤਸਵੀਰ ਵਾਲਾ ਪਾਸਾ ਉਪਰ ਆ ਜਾਵੇ ਤਾਂ ਸ਼ੇਰ ਮੱਲਣ ਵਾਲਾ ਪੁੱਗ ਗਿਆ ਤੇ ਜੇ ਲਿਖਤ ਵਾਲਾ ਪਾਸਾ ਉਪਰ ਆ ਜਾਵੇ ਤਾਂ ਖਤ ਮੱਲਣ ਵਾਲਾ।

ਕਈ ਵਾਰ ਸਿੱਕੇ ਦੀ ਥਾਂ ਠੀਕਰ ਲੈ ਲਈ ਜਾਂਦੀ ਹੈ ਤੇ ਉਸ ਦੇ ਇਕ ਪਾਸੇ ਨਿਸ਼ਾਨ ਲਗਾ ਲਿਆ ਜਾਂਦਾ ਹੈ।

## (ਪ-207) ਪੁਜਾਰੀ :

ਉਹ ਸ਼ਖਸ ਜੋ ਮੰਦਰ ਵਿਚ ਦੇਵ-ਮੂਰਤੀਆਂ ਦੀ ਪੂਜਾ ਲਈ ਰਖਿਆ ਗਿਆ ਹੋਵੇ। ਪੁਜਾਰੀ ਮੰਦਰ ਵਿਚ ਧਾਰਮਿਕ ਰਹੁ-ਰੀਤੀਆਂ ਨੂੰ ਯੋਗ ਵਿਧੀ ਨਾਲ ਸਿਰੇ ਚਾੜ੍ਹਦਾ ਹੈ। ਆਮ ਤੌਰ ਤੇ ਇਹ ਜਾਤ ਦਾ ਬ੍ਰਾਹਮਣ ਹੁੰਦਾ ਹੈ।

ਵਿਆਹ ਸ਼ਾਦੀ ਤੇ ਹੋਰ ਮੰਗਲ ਕਾਰਜਾਂ ਲਈ ਵੱਖਰੇ ਪੁਜਾਰੀ ਹੁੰਦੇ ਹਨ, ਜੋ ਪ੍ਰੋਹਿਤ ਅਖਵਾਉਂਦੇ ਹਨ। ਹਰ ਕੁੱਲ ਦਾ ਆਪੋ ਆਪਣਾ ਪ੍ਰੋਹਿਤ ਹੁੰਦਾ ਹੈ। ਕੁਝ ਪੁਜਾਰੀ ਆਪਣੇ ਆਪ ਨੂੰ ਪਾਧੇ ਅਖਵਾਉਂਦੇ ਹਨ। ਪਾਧੇ ਪਤ੍ਰੇ ਲਿਖੇ ਹੁੰਦੇ ਹਨ ਤੇ ਇਨ੍ਹਾਂ ਨੂੰ ਗ੍ਰਹਿਆਂ ਦੀ ਚਾਲ ਤੇ ਤਾਰਿਆਂ ਦੇ ਯੋਗ ਦੇ ਚੰਗੇ ਮੰਦੇ ਫਲ ਬਾਰੇ ਪੂਰੀ ਸਮਝ ਹੁੰਦੀ ਹੈ। ਇਹ ਬੱਚੇ ਦੇ ਜਨਮ ਸਮੇਂ ਪੱਤਰੀਆਂ ਬਣਾਉਂਦੇ ਤੇ ਵਿਆਹ ਸਮੇਂ ਮਹੂਰਤ ਕਢਦੇ ਹਨ। ਅਚਾਰਜੀ ਮੌਤ ਨਾਲ ਸਬੰਧਿਤ ਰੀਤਾਂ ਸਿਰੇ ਚਾੜ੍ਹਦੇ ਹਨ।

ਮੁਲਤਾਨੀਆਂ ਵਿਚ ਪੁਜਾਰੀ ਦਾ ਕਰਤਵ ਪਾਲਣ ਵਾਲੇ 'ਭਰਾਈ' ਅਖਵਾਉਂਦੇ ਹਨ। ਸਿੱਖਾਂ ਦੇ ਪੁਜਾਰੀ ਸਾਧ ਜਾਂ 'ਭਾਈ' ਅਖਵਾਉਂਦੇ ਹਨ।

## (ਪ-208) ਪੁੱਠ :

ਬਕਰੇ ਭੇਡ ਆਦਿ ਦਾ ਪਿਛਲੇ ਹਿੱਸੇ ਦਾ ਮਾਸ ਜੋ ਵਧੇਰੇ ਪੌਸ਼ਟਕ ਮੰਨਿਆ ਜਾਂਦਾ ਹੈ। ਇਸ ਬਾਰੇ ਅਖਾਣ ਵੀ ਹੈ :

> ਸਿਆਲੀਂ ਸੌਣਾ ਭਾਵੇਂ ਲੱਗੇ ਮਹੀਨਾ
> ਸਿਆਲੀਂ ਪੁੱਠ ਨਹੀਂ ਤਾਂ ਆਵੀਂ ਉੱਠ।

## (ਪ-209) ਪੁੱਠ ਪੈਰੀਂ :

ਹੋਣ, ਉਸ ਨੂੰ ਪੁੱਠਾ ਜੰਮਿਆ ਬੱਚਾ ਕਿਹਾ ਜਾ… ਨਿਸਚਾ ਹੈ ਕਿ ਅਜਿਹਾ ਬੱਚਾ ਕਈ ਤਰ੍ਹਾਂ ਦੀਆ… ਸ਼ਕਤੀਆਂ ਦਾ ਧਾਰਨੀ ਹੁੰਦਾ ਹੈ। ਜੇ ਕਿਸੇ ਨੂੰ ਗੀ… ਕਮਰ ਦਰਦ ਹੋਵੇ ਜਾਂ ਕਮਰ ਵਿਚ ਚੁੱਕ ਨਿ… ਹੋਵੇ ਤਾਂ ਅਜਿਹਾ ਬੱਚਾ ਰੋਗੀ ਨੂੰ ਚੌਰਾਹੇ ਉਤੇ … ਆਪਣਾ ਸੱਜਾ ਪੈਰ ਉਸ ਦੀ ਪਿੱਠ ਵਿਚ ਮਾਰੇ … ਦੂਰ ਹੋ ਜਾਂਦਾ ਹੈ।

## (ਪ-211) ਪੁੱਠਾ ਤਵਾ :

ਜੇ ਅਸਮਾਨ ਵਿਚੋਂ ਮੀਂਹ ਨਾਲ ਔਲੇ ਵਸ… ਤਾਂ ਵਿਹੜੇ ਵਿਚ ਜੇ ਪੁੱਠਾ ਤਵਾ ਰਖ ਦਿਤਾ … ਔਲੇ ਪੈਣੇ ਬੰਦ ਹੋ ਜਾਂਦੇ ਹਨ। ਇਸ ਟੂਣੇ ਪਿਛੇ … ਦੀ ਇਹ ਧਾਰਨਾ ਛੁਪੀ ਹੋਈ ਹੈ ਕਿ ਔਲੇ ਜਦੋਂ … ਕਿ ਲੋਕੀ ਉਨ੍ਹਾਂ ਦਾ ਮੂੰਹ ਕਾਲਾ ਕਰ ਰਹੇ ਹਨ … ਵਸਣਾ ਬੰਦ ਕਰ ਦੇਣਗੇ। ਲੋਕ-ਮਨ ਅਨੁਸਾਰ ਜ… ਵੀ ਚੇਤਨ ਹੁੰਦੀ ਹੈ।

## (ਪ-212) ਪੁੱਠੀ ਮਾਲਾ ਫੇਰਨਾ :

ਮਾਲਾ ਨੂੰ ਸਦਾ ਸੂਰਜੀ ਦਿਸ਼ਾ ਵਿਚ ਫੇਰਿਆ… ਹੈ। ਜੇ ਕੋਈ ਗ਼ਲਤੀ ਨਾਲ ਪੁੱਠੀ ਮਾਲਾ ਫੇਰੇ ਤਾਂ … ਸਾਰੀ ਭਗਤੀ ਨਿਸਫਲ ਹੋ ਜਾਂਦੀ ਹੈ। ਪੁੱਠੀ ਮਾਲ… ਨਾਲ ਦੇਵਤੇ ਨਾਰਾਜ਼ ਹੋ ਜਾਂਦੇ ਹਨ ਅਤੇ ਮਾਲ… ਵਾਲਾ ਬੀਮਾਰ ਹੋ ਜਾਂਦਾ ਹੈ।

## (ਪ-213) ਪੁੱਠੀ ਰੰਨ :

ਪੁੱਠੀ ਰੰਨ ਦੀ ਲਘੂ-ਕਥਾ ਪੰਜਾਬ ਵਿਚ ਬੜੀ… ਹੈ। ਇਕ ਤੀਵੀਂ ਆਪਣੇ ਪਤੀ ਦੀ ਆਖੀ ਹਰ … ਉਲਟ ਕੰਮ ਕਰਦੀ ਸੀ। ਇਕ ਦਿਨ ਉਸ ਨੇ ਆਪ… ਮਿਤ੍ਰ ਦੀ ਰੋਟੀ ਆਖੀ, ਘਰ ਆ ਕੇ ਉਸ ਦੇ ਪਤੀ ਨੇ… ਕਿ ਉਹ ਫਲਾਣੇ ਮਿਤ੍ਰ ਨੂੰ ਕਦੇ ਦਾਅਵਤ 'ਤੇ… ਸੱਦੇਗਾ, ਤੀਵੀਂ ਨੇ ਦਾਅਵਤ ਉਤੇ ਸੱਦਣ ਦੀ ਜ਼ਿ… ਪਤੀ ਨੇ ਕਿਹਾ ਉਹ ਉਸ ਨੂੰ ਸੱਦ ਤਾਂ ਲਿਆਵੇਗ… ਉਸ ਨੂੰ ਘਟੀਆ ਭੋਜਨ ਖਵਾਏਗਾ। ਪਤਨੀ ਨੇ… ਕੀਤੀ ਕਿ ਉਹ ਵਧੀਆ ਭੋਜਨ ਬਣਾਏਗੀ। ਜਦੋਂ…

ਦਰਿਆ ਤੇ ਨਹਾਣ ਲੈ ਗਿਆ ਤੇ ਕਹਿਣ ਲੱਗਾ ਕੰਢੇ ਕੰਢੇ ਨ੍ਹਾਈਂ ਡੂੰਘੇ ਪਾਣੀ ਵਿਚ ਨਾ ਜਾਵੀਂ। ਪੁੱਠੀ ਰੰਨ ਨੇ ਸਭ ਕੰਮ ਪੁੱਠੇ ਕਰਨੇ ਸਨ ਉਹ ਡੂੰਘੇ ਪਾਣੀ ਵਿਚ ਲੰਘ ਗਈ ਤੇ ਡੁਬ ਮਰੀ।

(ਪ-214) **ਪੁੱਠੇ ਸਿੱਧੇ ਹੱਥ** :

ਸੰਧਿਆ ਵੇਲੇ ਜਦੋਂ ਦਿਨ ਤੇ ਰਾਤ ਆਪੋ ਵਿਚ ਮਿਲ ਰਹੇ ਹੁੰਦੇ ਹਨ, ਸਿੱਧੇ ਪੁੱਠੇ ਹੱਥ ਮਾਰਨਾ ਭਾਵ ਅਜਿਹੀ ਖੇਡ ਖੇਡਣਾ, ਜਿਸ ਵਿਚ ਹੱਥ ਕਦੇ ਸਿੱਧੇ ਕਦੇ ਪੁੱਠੇ ਹੁੰਦੇ ਹੋਣ ਜਿਹਾ ਕੇ ਚੌਪੜ, ਤਾਸ਼, ਪੰਜ ਗੀਟੜਾ ਆਦਿ ਅਸ਼ੁਭ ਹੁੰਦਾ ਹੈ। ਇਸ ਤਰ੍ਹਾਂ ਧਨ ਦਾ ਘਾਟਾ ਹੁੰਦਾ ਤੇ ਮੱਥੇ ਕਲੰਕ ਲਗਦਾ ਹੈ।

(ਪ-215) **ਪੁੰਡਰ** :

(ੳ) ਵੈਸ਼ਨਵ ਮਤ ਦਾ ਖੜਾ ਤਿਲਕ, ਜੋ ਪੁੰਡਰ ਅਥਵਾ ਗੰਨੇ ਦੀ ਪੋਰੀ ਦੀ ਸ਼ਕਲ ਦਾ ਹੁੰਦਾ ਹੈ। ਤਿੰਨ ਪੁੰਡਰ ਨਾਲੋਂ ਨਾਲ ਵਾਹ ਕੇ ਹੇਠੋਂ ਜੋੜੇ ਹੁੰਦੇ ਹਨ। ਇਸ ਨੂੰ ਊਰਧ-ਪੁੰਡਰ ਵੀ ਕਿਹਾ ਜਾਂਦਾ ਹੈ (ਵੇਖੋ : ਊਰਧ ਪੁੰਡਰ)।

(ਅ) ਰਾਜੇ ਬਲ ਦਾ ਇਕ ਪੁੱਤਰ।

(ਪ-216) **ਪੁੰਡਰੀਕ** :

9 ਦਿੱਗਜ ਹਾਥੀਆਂ ਵਿਚੋਂ ਇਕ; ਇਹ ਹਾਥੀ ਅਗਨੀ ਦਾ ਵਾਹਣ ਹੈ ਤੇ ਸੰਸਾਰ ਦੀ ਦੱਖਣ ਪੂਰਵੀ ਗੁੱਠ ਦਾ ਰਖਿਅਕ ਹੈ। ਇਸ ਦੀ ਹੱਥਣੀ ਨੂੰ ਕਪਿਲਾ ਕਹਿੰਦੇ ਹਨ।

(ਪ-217) **ਪੁੱਤਰ** :

ਹਿੰਦੂ ਸ਼ਾਸਤਰਾਂ ਅਨੁਸਾਰ ਪੁੱਤਰ ਬਿਨਾਂ ਦੋਹਾਂ ਲੋਕਾਂ ਵਿਚ ਗਤੀ ਨਹੀਂ ਹੁੰਦੀ। ਜਿਸ ਦੇ ਘਰ ਪੁੱਤਰ ਨਹੀਂ ਜੰਮਦਾ ਉਹ 'ਪੂ' ਨਾਂ ਦੇ ਨਰਕ ਦਾ ਭਾਗੀ ਬਣਦਾ ਹੈ। 'ਅਪੁੱਤ੍ਰੇ' ਅਗਲੇ ਲੋਕ ਵਿਚ ਪੂ ਨਰਕ ਵਿਚ ਸੁਟੇ ਜਾਂਦੇ ਹਨ, ਸੋ, ਪੁੱਤਰ ਸ਼ਬਦ (ਪੁ-ਤ੍ਰਾਯ) ਤੋਂ ਬਣਿਆ ਹੈ ਜਿਸ ਦੇ ਅਰਥ ਹਨ ਜੋ 'ਪੂ' ਨਰਕ ਤੋਂ ਤਰਾਵੇ।

ਪੁੱਤਰ ਦੇ ਜੰਮਣ ਨਾਲ ਹੀ ਤਿੰਨ ਰਿਣ : ਦੇਵ ਰਿਣ, ਰਿਸ਼ੀ ਰਿਣ ਤੇ ਪਿੱਤਰ ਰਿਣ ਉਤਰਦੇ ਹਨ। ਪੁੱਤਰ ਹੀ

ਪੈਦਾ ਕਰਨ ਦੀ ਖੁਲ੍ਹ ਸੀ। ਨਿਯੋਗ ਸ
ਹੱਦ ਵਿਚ ਹੀ ਮੰਨਿਆ ਜਾਂਦਾ ਸੀ ਤੇ ਜੇ
ਵਾਲਾ ਮਰਦ ਚਾਹੁੰਦਾ ਤਾਂ ਆਪਣੇ ਲਈ ਵੀ
ਤੋਂ ਇਕ ਪੁੱਤਰ ਪੈਦਾ ਕਰ ਸਕਦਾ ਸੀ।

ਪਹਿਲੇ ਪੁੱਤਰ ਨੂੰ ਜੇਠਾ ਪੁੱਤਰ ਕਿਹਾ
ਧਾਰਨਾ ਅਨੁਸਾਰ ਜੇਠਾ ਪੁੱਤਰ ਰਹੱਸਮਈ ਸ਼
ਹੈ, ਉਸ ਉਤੇ ਜਾਦੂ ਟੂਣਾ ਛੇਤੀ ਹੋ ਜਾਂਦਾ ਹੈ
ਦਾ ਵਿਆਹ ਜੇਠ ਦੇ ਮਹੀਨੇ ਨਹੀਂ ਕਰਨਾ ਚਾ
ਉਸ ਦੀ ਮਾਂ ਨੂੰ ਜੇਠ ਦੇ ਮਹੀਨੇ ਕੋਈ ਫਲ
ਚਾਹੀਦਾ ਹੈ।

ਨਿਸਚਾ ਹੈ ਕਿ ਜੇਠੇ ਪੁੱਤਰ ਵਿਚ ਪਿਉ
ਲੈਂਦਾ ਹੈ। ਕਈ ਜਾਤੀਆਂ ਵਿਚ, ਜੇਠੇ ਪੁੱਤ
'ਤੇ ਬੱਚੇ ਦੀ ਮਾਂ ਘਰ ਛੱਡ ਕੇ ਕਿਸੇ ਅੰਗ-ਸ
ਚਲੀ ਜਾਂਦੀ ਹੈ ਤੇ ਜਿਥੋਂ ਉਸ ਦਾ ਪਤੀ ਬਕਾ
ਰਸਮੀ ਢੰਗ ਨਾਲ ਵਿਆਹ ਕੇ ਲਿਆਂਦਾ ਹੈ।
ਵਿਚ ਜੇਠੇ ਪੁੱਤਰ ਦੇ ਜੰਮਣ ਮਗਰੋਂ ਮਾਂ ਪਿ
ਫੇਰੇ ਕਰ ਲੈਂਦੇ ਹਨ।

ਜੇਠਾ ਬੱਚਾ ਜੇ ਕੰਨਿਆ ਹੋਵੇ ਤਾਂ ਉਸ
ਮੰਨਿਆ ਜਾਂਦਾ ਹੈ। ਕਿਸੇ ਸਮੇਂ ਮੁਲਤਾਨ ਦੇ
ਅਰੋੜਿਆਂ ਵਿਚ ਜੇਠੀ ਕੁੜੀ ਮਾਰਨ ਦਾ ਰਵਾਜ
ਤੀਜਾ ਤੇ ਅਠਵਾਂ ਬੱਚਾ ਵੀ ਅਸ਼ੁਭ ਗਿਣਿਆ ਜ

ਪੁਰਾਣਾਂ ਅਨੁਸਾਰ ਜਦੋਂ ਪ੍ਰਾਣੀ ਅਗਲੇ
ਹੈ ਤਾਂ ਰਾਹ ਵਿਚ ਪੂ ਨਾਉਂ ਦਾ ਨਰਕ ਪੈਂਦਾ
ਅਪੁੱਤ੍ਰੇ ਤਰ ਨਹੀਂ ਸਕਦੇ ਤੇ ਰਹਿੰਦੇ ਜੀਵ
ਪਏ ਨਰਕ ਭੋਗਦੇ ਰਹਿੰਦੇ ਹਨ। ਜਿਨ੍ਹਾਂ ਨੂੰ
ਦੇਣ ਵਾਲਾ' ਹੁੰਦਾ ਹੈ ਉਹ ਉਸ ਪਾਣੀ ਦੇ
ਨਰਕ ਤਰ ਜਾਂਦੇ ਹਨ।

(ਪ-218) **ਪੁੱਤਰਦਾ ਇਕਾਦਸ਼ੀ** :

ਇਸ ਨਾਉਂ ਦੀਆਂ ਦੋ ਇਕਾਦਸ਼ੀਆਂ ਹਨ

(ੳ) ਪੋਹ ਦੇ ਚਾਨਣ ਪੱਖ ਦੀ ਇਕਾਦਸ਼ੀ
ਵਾਲਿਆਂ ਦੇ ਨਿਸਚੇ ਅਨੁਸਾਰ, ਇਸ
ਮਰਯਾਦਾ ਅਨੁਸਾਰ ਵਰਤ ਰਖਣ ਨਾਲ, ਪੁੱਤਰ
ਹੁੰਦੀ ਹੈ। ਇਸ ਵਰਤ ਦੇ ਮਹਾਤਮ ਬਾਰੇ,

ਜੰਗਲ ਵਿਚ ਉਸ ਨੂੰ ਕੁਝ ਰਿਸ਼ੀ ਮਿਲੇ, ਜਿਨ੍ਹਾਂ ਨੇ ਰਾਜੇ ਦੀ ਉਦਾਸੀ ਦਾ ਕਾਰਨ ਪੁਛਿਆ। ਰਾਜੇ ਨੇ ਆਪਣੀ ਮਨੋ-ਸਥਿਤੀ ਦਸਦਿਆਂ ਪੁੱਤਰ ਪ੍ਰਾਪਤੀ ਲਈ ਕੋਈ ਉਪਾਅ ਪੁਛਿਆ। ਰਿਸ਼ੀਆਂ ਨੇ ਰਾਜੇ ਨੂੰ ਪੋਹ ਦੇ ਚਾਨਣੇ ਪੱਖ ਦੀ ਇਕਾਦਸ਼ੀ ਨੂੰ ਵਰਤ ਰਖਣ ਲਈ ਕਿਹਾ। ਰਾਜੇ ਨੇ ਰਾਣੀ ਸਮੇਤ ਇਹ ਵਰਤ ਰਖਿਆ ਤੇ ਉਨ੍ਹਾਂ ਦੀ ਗੋਦ ਹਰੀ ਹੋ ਗਈ।

**(ਅ)** ਸਾਵਣ ਦੇ ਚਾਨਣ ਪੱਖ ਦੀ ਇਕਾਦਸ਼ੀ ਦਾ ਨਾਂ 'ਪੁੱਤਰਦਾ ਇਕਾਦਸ਼ੀ' ਹੈ। ਇਸ ਤਿੱਥ ਨੂੰ ਵਰਤ ਰਖਣ ਨਾਲ ਪੁੱਤਰ ਦੀ ਪ੍ਰਾਪਤੀ ਹੁੰਦੀ ਹੈ। ਜੇ ਪਹਿਲਾਂ ਤੋਂ ਸੰਤਾਨ ਹੋਵੇ ਤਾਂ ਉਹ ਅਰੋਗ ਤੇ ਨਰੋਈ ਰਹਿੰਦੀ ਤੇ ਦੀਰਘ ਆਯੂ ਭੋਗਦੀ ਹੈ।

ਇਸ ਇਕਾਦਸ਼ੀ ਦੇ ਮਹਾਤਮ ਬਾਰੇ ਇਕ ਕਥਾ ਪ੍ਰਚਲਤ ਹੈ: ਪੁਰਾਣਿਕ ਕਾਲ ਵਿਚ ਮਹੀਜਿਤ ਨਾਉਂ ਦੇ ਰਾਜੇ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਰਾਜਾ ਬੜਾ ਨੇਕ ਦਿਲ ਧਰਮਾਤਮਾ ਤੇ ਦਾਨੀ ਸੀ ਅਤੇ ਉਸ ਨੂੰ ਨਿਰਸੰਤਾਨ ਹੋਣ ਦਾ ਬੜਾ ਦੁਖ ਸੀ। ਇਕ ਵਾਰ ਰਾਜੇ ਦੇ ਗ੍ਰਹਿ ਵਿਚ ਲੋਮਸ਼ ਰਿਸ਼ੀ ਪਧਾਰੇ, ਜੋ ਤ੍ਰਿਕਾਲਦਰਸੀ ਸਨ। ਰਾਜੇ ਦੀ ਵਿਥਿਆ ਸੁਣ ਕੇ ਰਿਸ਼ੀ ਨੇ ਦਸਿਆ ਕਿ ਉਹ ਪਿਛਲੇ ਜਨਮ ਬਘਿਆੜ ਦੀ ਜੂਨ ਵਿਚ ਸੀ ਤੇ ਉਸ ਨੇ ਕਈ ਬੱਚੇ ਮਾਰ ਕੇ ਖਾਧੇ ਸਨ। ਇਸੇ ਪਾਪ ਕਰਕੇ ਉਸ ਦੇ ਘਰ ਸੰਤਾਨ ਨਹੀਂ ਸੀ ਹੋ ਰਹੀ। ਰਾਜੇ ਦੇ ਉਪਾਅ ਪੁੱਛਣ ਉਤੇ ਰਿਸ਼ੀ ਨੇ ਦਸਿਆ ਕਿ ਉਹ ਮਰਯਾਦਾ ਅਨੁਸਾਰ ਪੁੱਤਰਦਾ ਇਕਾਦਸ਼ੀ ਨੂੰ ਵਰਤ ਰਖੇ। ਉਸ ਨੇ ਇਸੇ ਤਰ੍ਹਾਂ ਕੀਤਾ ਤੇ ਉਸ ਦੇ ਘਰ ਅਨੇਕਾਂ ਪੁੱਤਰ ਜੰਮੇ।

### (ਪ-219) ਪੁਤ੍ਰਿਕਾ :

ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਜੇ ਕਿਸੇ ਦਾ ਆਪਣਾ ਪੁੱਤਰ ਨਾ ਹੋਵੇ ਤਾਂ ਉਸ ਦਾ ਨਾਤੀ (ਧੀ ਦਾ ਪੁੱਤਰ) ਸਰਾਧ, ਪਿੰਡ ਪੱਤਲ ਤੇ ਤਰਪਣ ਆਦਿ ਕਰ ਸਕਦਾ ਹੈ। ਇਸ ਲਈ ਜਿਸ ਦੇ ਘਰ ਆਪਣਾ ਪੁੱਤਰ ਨਹੀਂ ਹੁੰਦਾ, ਉਹ ਆਪਣੀ ਲੜਕੀ ਦੇ ਵਿਆਹ ਸਮੇਂ ਇਹ ਵਚਨ ਲੈ ਲੈਂਦਾ ਹੈ ਕਿ ਉਸ ਦੀ ਕੰਨਿਆਂ ਦੇ ਜੋ ਜੇਠਾ ਪੁੱਤਰ ਜੰਮੇਗਾ, ਉਹ ਨਾਨੇ

ਹੈ ਕਿ ਪੁਤਲੇ ਨੂੰ ਦਿਤੇ ਕਸ਼ਟ ਉਸ ਸ਼ਖ਼
ਜਿਸ ਦਾ ਉਹ ਪੁਤਲਾ ਹੁੰਦਾ ਹੈ। ਪੁਤਲ
ਮੋਮ ਦਾ ਬਣਾਇਆ ਜਾਂਦਾ ਹੈ ਤੇ ਉਸ ਦ
ਸੂਈਆਂ ਚੋਭੀਆਂ ਜਾਂਦੀਆਂ ਹਨ। ਪੁਤਲਾ
ਦੇਣ ਦਾ ਵਰਨਣ ਅਥਰਵੇਦ ਵਿਚ ਮਿਲ
ਦਾ ਇਕ ਫ਼ਿਰਕਾ 'ਬਾਮ ਮਾਰਗੀ' ਹੈ। ਉ
ਦੁਸ਼ਮਣ ਨੂੰ ਮਾਰਨਾ ਚਾਹੁੰਦੇ ਹਨ ਤਾਂ ਆਟੇ
ਇਕ ਪੁਤਲਾ ਬਣਾ ਕੇ ਉਸ ਦੀ ਛਾਤੀ, ਅ
ਵਿਚ ਛੁਰੀਆਂ ਚੋਭਦੇ ਹਨ ਅਤੇ ਪੈਰਾਂ ਤੇ ਹ
ਠੋਕਦੇ ਹਨ। ਫਿਰ ਅੱਗ ਬਾਲ ਕੇ ਮਾਸ ਦ
ਜਾਂਦੀ ਹੈ। ਭੈਰਵ ਜਾਂ ਦੁਰਗਾ ਦੀ ਇਕ
ਉਸ ਦੇ ਹੱਥਾਂ ਵਿਚ ਤ੍ਰਿਸੂਲ ਇਸ ਤਰ੍ਹਾਂ ਟਿ
ਹੈ ਕਿ ਤ੍ਰਿਸੂਲ ਦੀ ਨੋਕ ਪੁਤਲੇ ਦੀ ਛਾਤੀ ਵਿ
ਰਹੀ ਹੋਵੇ, ਇਸ ਤਰ੍ਹਾਂ ਦੁਸ਼ਮਣ ਲਈ ਮੌ
ਕੀਤੀ ਜਾਂਦੀ ਹੈ।

ਰੋਸ਼ ਅਨੁਸਾਰ ਕਿਸੇ ਸਮੇਂ, ਚੇਪਤਿਆਂ
ਦੁਸ਼ਮਣ ਦਾ ਪੁਤਲਾ ਬਣਾ ਕੇ ਉਸ ਨੂੰ ਤਸ
ਬੜਾ ਰਵਾਜ ਸੀ। ਉਹ ਦੁਸ਼ਮਣ ਦਾ ਪੁ
ਉਸ ਵਿਚ ਸੂਈ ਗਰਮ ਕਰਕੇ ਮਾਰਦੇ ਸਨ
ਕਰਦੇ ਸਨ ਕਿ ਇਹ ਸਾਰੇ ਕਸ਼ਟ, ਉਨ੍ਹਾਂ ਦ
ਪਹੁੰਚ ਰਹੇ ਹਨ।

ਮੁਸਲਮਾਨਾਂ ਵਿਚ ਪੁਤਲੇ ਨੂੰ ਸੂਈਆ
ਕੁਝ ਕਲਾਮ ਪੜ੍ਹ ਕੇ, ਕਿਸੇ ਥਾਂ ਦੱਬ ਦਿਤ
ਮੁਸਲਮਾਨਾਂ ਦਾ ਨਿਸਚਾ ਹੈ ਕਿ ਜੇ ਕਿਸੇ
ਕਬਰਸਤਾਨ ਵਿਚ ਕਬਰ ਬਣਾ ਕੇ ਦੱਬ ਦਿ
ਉਸ ਦੀ ਮੌਤ ਅਵਸ਼ ਹੋ ਜਾਂਦੀ ਹੈ।

ਅਜ ਕਲ੍ਹ, ਰਾਜਨੀਤਕ ਖੇਤਰ ਵਿਚ, ਕਿ
ਦੇ ਨੇਤਾਵਾਂ ਦੇ ਪੁਤਲੇ ਜਲਾਏ ਜਾਂਦੇ ਹਨ
ਉਪਰਲਾ ਸੰਕਲਪ ਹੀ ਕੰਮ ਕਰਦਾ ਹੈ।

ਪੁਤਲੇ ਨੂੰ ਤਸੀਹੇ ਦੇਣ ਦਾ ਵਿਚਾਰ
ਦੀ ਉਪਜ ਉਤੇ ਆਧਾਰਤ ਹੈ।

### (ਪ-221) ਪੁਤਲੀ :

ਮੁੱਢ ਵਿਚ, ਮਨੁੱਖ ਨੂੰ ਜੋ ਅਸਚਰਜਤਾ ਹੋਈ, ਉਸ ਦਾ ਅਸੀਂ ਅੱਜ ਅਨੁਮਾਨ ਨਹੀਂ ਲਗਾ ਸਕਦੇ, ਪਰ ਮਨੁੱਖ ਨੂੰ ਇਹ ਅਹਿਸਾਸ ਜ਼ਰੂਰ ਹੋਇਆ ਕਿ ਉਹ ਕਲਾ ਦੁਆਰਾ ਆਪਣੇ ਸੁਪਨੇ ਸਾਕਾਰ ਕਰ ਸਕਦਾ ਹੈ।

ਪੁਰਾਣੇ ਵੇਲਿਆਂ ਤੋਂ ਹੀ ਪੁਤਲੀਆਂ ਦਾ ਤਮਾਸ਼ਾ, ਪੰਜਾਬ ਦੇ ਗਲੀ-ਮਹੱਲਿਆਂ ਤੇ ਸੱਥਾਂ ਵਿਚ ਖੇਡਿਆ ਜਾਂਦਾ ਰਿਹਾ ਹੈ, ਬੁੱਢੇ, ਬੱਚੇ ਤੇ ਜਵਾਨ ਸਭ ਇਸ ਦਾ ਰਸ ਮਾਣਦੇ ਰਹੇ ਹਨ। ਮਨੋਰੰਜਨ ਦੇ ਅਨੇਕਾਂ ਹੋਰ ਸਾਧਨ ਪੈਦਾ ਹੋ ਜਾਣ ਕਰਕੇ, ਅੱਜ ਕਲ੍ਹ ਪੁਤਲੀਆਂ ਦਾ ਤਮਾਸ਼ਾ ਭਾਵੇਂ ਪਹਿਲਾਂ ਵਾਂਗ ਮਕਬੂਲ ਨਹੀਂ ਰਿਹਾ, ਪਰ ਕਿਸੇ ਨਿਪੁੰਨ ਸੂਤਰਧਾਰ ਦੀਆਂ ਉਂਗਲਾਂ ਉਤੇ ਨੱਚਦੀਆਂ ਪੁਤਲੀਆਂ, ਅੱਜ ਵੀ ਦਰਸ਼ਕਾਂ ਨੂੰ ਕੀਲ ਕੇ ਬੰਨ੍ਹ ਲੈਂਦੀਆਂ ਹਨ।

ਇਹ ਤਮਾਸ਼ਾ, ਰਾਤ ਦੇ ਪਹਿਲੇ ਪਹਿਰ ਵਿਚ, ਕੀਤਾ ਜਾਂਦਾ ਹੈ, ਕਿਉਂ ਜੋ ਸੂਤਰਧਾਰ ਪੁਤਲੀਆਂ ਦੀ ਜੋ ਅਲੌਕਿਕ ਦੁਨੀਆਂ ਰਚਦਾ ਹੈ, ਉਹ ਰਾਤ ਦੇ ਟੂਣੇ ਵਿਚ ਬੜੀ ਸਜੀਵ ਲਗਦੀ ਹੈ। ਇਸ ਦਾ ਰੰਗ-ਮੰਚ ਸਿੱਧਾ ਸਾਦਾ ਹੈ। ਇਕ ਵੱਡੇ ਸਾਰੇ ਤਖ਼ਤਪੋਸ਼ ਜਾਂ ਫਿਰ ਜ਼ਿਮੀਂ ਉਤੇ ਹੀ, ਦੋ ਤਿੰਨ ਮੰਜੀਆਂ ਥੋੜੀ ਥੋੜੀ ਵਿੱਥ ਉਤੇ ਸਿੱਧੀਆਂ ਖੜੀਆਂ ਕਰ ਲਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚ ਨਿੱਕੇ ਨਿੱਕੇ ਰੰਗਦਾਰ ਪਰਦੇ ਤਾਣ ਲਏ ਜਾਂਦੇ ਹਨ। ਮੰਚ ਉਤੇ, ਦੀਵੇ ਜਾਂ ਮੋਮ ਬੱਤੀਆਂ ਨਾਲ, ਨਿਮ੍ਹਾ ਨਿਮ੍ਹਾ ਚਾਨਣ ਕਰ ਲਿਆ ਜਾਂਦਾ ਹੈ। ਪੁਤਲੀਆਂ ਲਕੜੀ ਦੀਆਂ ਬਣੀਆਂ ਹੁੰਦੀਆਂ ਹਨ ਤੇ ਉਨ੍ਹਾਂ ਦੀ ਘਾੜਤ ਅਜਿਹੀ ਹੁੰਦੀ ਹੈ ਕਿ ਨੈਣ ਨਕਸ਼ ਬੜੇ ਤਿੱਖੇ ਤੇ ਉਭਰੇ ਲਗਦੇ ਹਨ। ਹਰ ਪੁਤਲੀ ਦੀ ਪੁਸ਼ਾਕ ਸ਼ੋਖ਼ ਤੇ ਭੜਕੀਲੀ ਹੋਣ ਦੇ ਨਾਲ, ਉਸ ਦੇ ਚਰਿੱਤਰ ਦੇ ਅਨੁਕੂਲ ਹੁੰਦੀ ਹੈ। ਯੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਫੜੀਆਂ ਹੁੰਦੀਆਂ ਹਨ, ਸੁੰਦਰੀਆਂ ਨੇ ਪੂਰਾ ਸ਼ਿੰਗਾਰ ਕੀਤਾ ਹੁੰਦਾ ਹੈ ਅਤੇ ਮਸਖ਼ਰਿਆਂ ਦੀ ਆਪਣੇ ਕਰਦਾਰ ਨਾਲ ਮੇਲ ਖਾਂਦੀ, ਢੀਲ ਢੱਲ ਤੇ ਪੁਸ਼ਾਕ ਹੁੰਦੀ ਹੈ। ਹਰ ਪੁਤਲੀ ਵਿਚ ਇਕ ਜੀਵਨ ਸਮਾਇਆ ਹੁੰਦਾ ਹੈ। ਇਹ ਚਰਿੱਤਰ ਜੋ ਉਹ ਖੇਡ ਕੇ ਪ੍ਰਗਟ ਕਰਦੀ ਹੈ। ਪੁਤਲੀਆਂ ਦੇ ਨਾਲ ਕਾਲੇ ਰੰਗ ਦੀਆਂ ਸੂਤਰ ਦੀਆਂ ਬਰੀਕ, ਪਰ ਮਜ਼ਬੂਤ ਡੋਰੀਆਂ ਬੰਨ੍ਹੀਆਂ ਹੁੰਦੀਆਂ ਹਨ, ਜੋ ਦੀਵੇ ਦੀ ਮੱਧਮ ਲੋਅ ਵਿਚ ਵਿਖਾਈ ਨਹੀਂ ਦੇਂਦੀਆਂ। ਇਨ੍ਹਾਂ ਡੋਰੀਆਂ ਦੁਆਰਾ, [illegible] ਪੁਤਲੀਆਂ ਦੇ ਘਟ ਘਟ ਵਿਚ ਉਤਰਦਾ ਤੇ

ਟੱਲੀਆਂ ਬੰਨ੍ਹੀਆਂ ਹੁੰਦੀਆਂ ਹਨ। ਜਦੋਂ ਉ
ਨੂੰ ਨਚਾਂਦਾ ਹੈ ਤਾਂ ਝਾਂਜਰਾਂ ਤੇ ਟੱਲੀਆਂ
ਨੂੰ ਵਾਸਤਵਿਕ ਰੰਗ ਦੇ ਲੈਂਦਾ ਹੈ। ਸੂਤਰਧ
ਢੋਲਕੀ ਲੈ ਕੇ ਰੰਗ-ਮੰਚ ਦੇ ਕੋਲ ਹੀ ਬੈ
ਜਦੋਂ ਪੁਤਲੀਆਂ ਨੱਚਦੀਆਂ ਹਨ, ਉਹ ਢੋ
ਉਤੇ ਕੋਈ ਮਿੱਠਾ ਜਿਹਾ ਗੀਤ ਛੁਹ [illegible]ਦੀ
ਨੇ ਮੂੰਹ ਵਿਚ ਇਕ ਪੀਪਣੀ ਰਖੀ ਹੁੰਦੀ ਹੈ,
ਨਾਲ ਉਹ ਕਈ ਤਰ੍ਹਾਂ ਦੀਆਂ ਆਵਾਜ਼ਾਂ ਤੇ ਸ
ਕੱਢ ਕੇ, ਪੁਤਲੀਆਂ ਦੇ ਬੋਲਦੀਆਂ ਹੋ
ਸਿਰਜਦਾ ਹੈ ਅਤੇ ਮੰਚ ਉਤੇ ਪੁਤਲੀਆਂ, ਕ
ਹਾਸੇ ਠੱਠੇ ਕਰਦੀਆਂ, ਕਦੇ ਝਗੜਦੀਆ
ਕਰਦੀਆਂ, ਜੀਵਨ ਦੇ ਕਈ ਰਹੱਸ ਖੋ
ਜੇ ਕੋਈ ਕਥਾ-ਕਹਾਣੀ ਚਲ ਰਹੀ ਹੋਵੇ
ਨਾਲੋ ਨਾਲ ਦਰਸ਼ਕਾਂ ਨੂੰ ਰੋਚਕ ਢੰਗ
ਸੁਣਾਉਂਦਾ ਜਾਂਦਾ ਹੈ। ਕਹਾਣੀ ਦੀਆ
ਲਗਿਆਂ, ਉਹ ਪੀਪਣੀ ਨੂੰ ਮੂੰਹ ਵਿਚੋਂ
ਕਰਦਾ ਹੈ। ਸੂਤਰਧਾਰ ਵਿਚ ਵਿਚ ਟੀ
ਕਰਦਾ ਜਾਂਦਾ ਹੈ ਅਤੇ ਦਰਸ਼ਕਾਂ ਦਾ ਜੀਅ
ਮਜ਼ਾਕਾਂ ਤੇ ਮਸ਼ਕਰੀਆਂ ਵੀ ਕਰਦਾ ਰਹਿੰਦਾ

ਪੁਤਲੀਆਂ ਦੁਆਰਾ ਕਿਸੇ ਬੀਰ ਗਾ
ਖੇਡਿਆ ਜਾਂਦਾ ਹੈ। ਭੂਤਕਾਲ ਦੀਵੇ
ਧੜਕਦਾ ਤੇ ਜੀਵਨ ਰਹੱਸਾਂ ਨੂੰ ਖੋਲ੍ਹਦਾ
ਲਗਦਾ ਹੈ। ਯੋਧੇ ਅਣਖ ਲਈ ਜੂਝਦੇ,
ਬਚਾ ਕੇ ਦੂਜਿਆਂ ਉਤੇ ਵਾਰ ਕਰਦੇ ਤੇ ਤਲ
ਹਨ, ਪਹਿਲਵਾਨ ਘੋਲ ਘੁਲਦੇ, ਪਲੱਥੇਬ
ਡਿੱਗਦੇ, ਕਦੇ ਡੋਂਗਦੇ, ਅਨੇਕਾਂ ਕਲਾਬਾਜ਼ੀਆ
ਪ੍ਰੇਮੀ ਬ੍ਰਿਹੋਂ ਦੀਆਂ ਘੜੀਆਂ ਵਿਚ ਵਿ
ਮਿਲਣ-ਪਲਾਂ ਵਿਚ ਖ਼ੁਸ਼ੀ ਨਾਲ ਨੱਚਦੇ,
ਪਾਉਂਦੇ, ਕਦੇ ਰੁਸਦੇ, ਕਦੇ ਮਨੀਂਦੇ, ਅ
ਚੋਹਲ ਕਰਦੇ ਹਨ।

ਪੁਤਲੀਆਂ ਜ਼ਿੰਦਗੀ ਦੇ ਕਿਸੇ ਟੋਟੇ ਨੂੰ
ਤੇ ਹਾਵਾਂ ਭਾਵਾਂ ਨਾਲ ਰੂਪਮਾਨ ਕਰਦੀਆਂ

ਪੰਜਾਬ ਵਿਚ ਪੁਤਲੀਆਂ ਦਾ ਤਮਾ
ਬਹੁਤੇ ਪੁਤਲੀਕਾਰ ਜਾਂ ਤਾਂ ਖ਼ੁਦ ਰਾਜਸਥਾ
ਵਸੇ ਹੁੰਦੇ ਹਨ ਜਾਂ ਉਨ੍ਹਾਂ ਨੇ ਕਿਸੇ ਰਾਜਸ

ਦੀ ਵੇਖੇ ਜਾਂਦੇ ਹਨ, ਜੋ 'ਰੂਪ ਬਸੰਤ' 'ਮਿਰਜ਼ਾ ਸਾਹਿਬਾਂ' ਤੇ 'ਹੀਰ ਰਾਂਝੇ' ਦੀਆਂ ਕਥਾਵਾਂ ਨੂੰ ਬੜੀ ਸਪਸ਼ਟਤਾ ਨਾਲ ਪੇਸ਼ ਕਰਦੇ ਹਨ ।

(ਪ-222) **ਪੁੰਨ** :

ਹਿੰਦੂ ਧਰਮ ਸ਼ਾਸਤ੍ਰਾਂ ਅਨੁਸਾਰ ਪ੍ਰਾਣੀ ਸੰਸਾਰ ਵਿਚ ਜੋ ਚੰਗੇ ਮੰਦੇ ਕਰਮ ਕਰਦਾ ਹੈ, ਉਸ ਦਾ ਫਲ ਅਗਲੇ ਜਨਮ ਭੋਗਦਾ ਹੈ । ਉਹ ਪਿਛਲੇ ਜਨਮ ਦੇ ਕੀਤੇ ਕਰਮਾਂ ਦਾ ਫਲ, ਇਸ ਜਨਮ ਵਿਚ ਭੋਗ ਰਿਹਾ ਹੁੰਦਾ ਹੈ । ਪੁੰਨ ਉਹ ਸ਼ੁਭ ਕਰਮ ਹਨ, ਜਿਨ੍ਹਾਂ ਸਦਕਾ ਜੀਵਾਤਮਾ ਨੂੰ ਤ੍ਰਿਪਤੀ ਮਿਲਦੀ ਤੇ ਜਿਨ੍ਹਾਂ ਦਾ ਫਲ ਪਵਿਤ੍ਰ ਹੁੰਦਾ ਹੈ । ਧਾਰਨਾ ਅਨੁਸਾਰ ਪੁੰਨ ਕਰਮਾਂ ਸਦਕਾ ਹੀ ਪ੍ਰਾਣੀ ਸਵਰਗ ਲੋਕ ਦਾ ਅਧਿਕਾਰੀ ਬਣਦਾ ਹੈ । ਲੋਕਾਂ ਦਾ ਨਿਸਚਾ ਹੈ ਕਿ ਪੁੰਨ ਦਾਨ ਕਰਨ ਵਾਲਾ ਹਮੇਸ਼ਾ ਹੀ ਵਧਦਾ ਫੁਲਦਾ ਹੈ । ਇਸੇ ਲਈ ਅਖਾਣ ਹੈ : ਪੁੰਨ ਦੀ ਜੜ੍ਹ ਹਮੇਸ਼ਾ ਹਰੀ ।

(ਪ-223) **ਪੁਨਹਚਰਣ** :

ਕਿਸੇ ਕਾਰਜ ਦੀ ਸਿੱਧੀ ਲਈ ਕੀਤਾ ਗਿਆ ਜਾਪ ਤੇ ਕਰਮ ਕਾਂਡ । ਤੰਤ੍ਰ ਸ਼ਾਸਤ੍ਰ ਅਨੁਸਾਰ ਪੁਨਹਚਰਣ ਦੇ ਪੰਜ ਅੰਗ ਹਨ : ਜੱਪ, ਹੋਮ, ਤਰਪਣ, ਅਭਿਖੇਕ (ਛਿੜਕਾਉ) ਅਤੇ ਬ੍ਰਾਹਮਣ ਨੂੰ ਭੋਜਨ ਕਰਾਵਣਾ ।

(ਪ-224) **ਪੁੰਨ ਦਾ ਸਾਕ** :

ਉਹ ਰਿਸ਼ਤਾ ਜੋ ਬਿਨਾ ਕੋਈ ਨਕਦ ਰੁਪਿਆ ਪੈਸਾ ਲਏ ਦੇ, ਅਥਵਾ ਕਿਸੇ ਫਲ ਜਾਂ ਸਾਮਗ੍ਰੀ ਨੂੰ ਮੁਖ ਰਖੇ ਦੇ ਕੀਤਾ ਜਾਵੇ । ਇਹ ਰਿਸ਼ਤਾ ਸਭ ਤੋਂ ਉੱਚਾ ਗਿਣਿਆ ਜਾਂਦਾ ਹੈ ਅਤੇ ਆਮ ਤੌਰ ਤੇ ਵਰ ਦੇ ਗੁਣਾਂ, ਵਸੀਕਾ ਤੇ ਚੰਗੇ ਘਰਾਣੇ ਨੂੰ ਮੁਖ ਰਖ ਕੇ ਕੀਤਾ ਜਾਂਦਾ ਹੈ । ਇਸ ਦੇ ਉਲਟ ਦੁਵਾਣੀ ਜਾਂ ਟੱਕੇ ਦਾ ਸਾਕ ਹੈ । ਦੁਵਾਣੀ ਵਿਚ ਤਰ੍ਹਾਂ ਦਾ ਸਮਝੌਤਾ ਹੁੰਦਾ ਹੈ, ਜਿਸ ਵਿਚ ਇਕ ਪਰਿਵਾਰ ਦੂਜੇ ਪਰਿਵਾਰ ਨੂੰ ਆਪਣੀ ਲੜਕੀ ਦੇ ਕੇ ਵੱਟੇ ਵਿਚ ਆਪਣੇ ਲੜਕੇ ਲਈ ਦੂਜੇ ਪਰਿਵਾਰ ਤੋਂ ਲੜਕੀ ਲੈਂਦਾ ਹੈ । ਇਸ ਨੂੰ ਵੱਟੇ ਦਾ ਸਾਕ ਵੀ ਕਿਹਾ ਜਾਂਦਾ ਹੈ । ਤੀਜਾ ਰਿਸ਼ਤਾ ਟਕੇ ਦਾ ਸਾਕ ਹੈ । ਜਿਸ ਵਿਚ ਕੁੜੀਆਂ ਵਿਆਹ ਦੇਣ ਦੇ ਬਦਲੇ ਪੈਸੇ/ਸਾਮਗ੍ਰੀ ਲਏ

(ਪ-226) **ਪੁਨਰ ਵਿਆਹ** :

ਪੰਜਾਬੀ ਭਾਈਚਾਰੇ ਵਿਚ ਵਿਧਵਾ ਇਸਤ੍ਰੀ
ਵਿਆਹ ਬਾਰੇ ਪ੍ਰਥਾ ਨਹੀਂ । ਹਿੰਦੂ ਸ਼ਾਸਤਰਾਂ ਵਿ
ਵਿਧਵਾ ਵਿਆਹ ਦੀ ਆਗਿਆ ਨਹੀਂ ਹੈ, ਕੁ
(ਪਾਰਾਸ਼ੁਰ ਤੇ ਨਾਰਦ ਸਿਮ੍ਰਤੀ) ਅਨੁਸਾਰ ਪਤੀ
ਸੰਨਿਆਸ ਧਾਰਨ, ਨਿਪੁੰਸਕ ਹੋਣ, ਧਰਮ ਤੋਂ ਪਤਿ
ਇਸਤ੍ਰੀ ਨੂੰ ਪੁਨਰ ਵਿਆਹ ਕਰਨ ਦਾ ਅਧਿਕਾਰ
ਮਨੋ-ਸਿਮਰਤੀ ਅਨੁਸਾਰ ਇਸਤ੍ਰੀ ਦਾ ਵਿਆਹ
ਹੁੰਦਾ ਹੈ ।

ਖੱਤਰੀਆਂ ਤੇ ਰਾਜਪੂਤਾਂ ਵਿਚ, ਜੋ ਆਪਣੇ
ਉੱਚੇ ਸਮਾਜਕ ਵਰਗ ਵਿਚੋਂ ਗਿਣਦੇ ਹਨ, ਵਿ
ਪੁਨਰ-ਵਿਆਹ ਦੀ ਮਨਾਹੀ ਹੈ । ਇਕ ਸਦੀ
ਜਦੋਂ ਬਾਲ ਵਿਆਹ ਦਾ ਆਮ ਰਵਾਜ ਸੀ, ਪੰਜ
ਅਜਿਹੀਆਂ ਬਾਲ ਵਿਧਵਾਵਾਂ ਆਮ ਵੇਖਣ ਵਿਚ ਆ
ਸਨ, ਜਿਨ੍ਹਾਂ ਆਪਣੇ ਪਤੀ ਦਾ ਮੂੰਹ ਤਕ ਨਹੀਂ ਸੀ
ਹੁੰਦਾ ਪਰ ਜੀਵਨ ਦੇ ਮਾਰੂਥਲ ਰੰਡੇਪੇ ਵਿਚ
ਦੇਂਦੀਆਂ ਸਨ ।

ਅਲਾਉਦੀਨ ਖ਼ਿਲਜੀ ਸਮੇਂ ਜਦੋਂ ਬਹੁਤ ਸਾਰੇ
ਇਕ ਲੜਾਈ ਵਿਚ ਮਾਰੇ ਗਏ ਤੇ ਉਨ੍ਹਾਂ ਦੀਆਂ ਵਿ
ਨੇ ਹਾਹਾਕਾਰ ਮਚਾ ਦਿਤੀ ਤਾਂ ਅਲਾਉਦੀਨ ਨੇ ਇਕ
ਬਣਾਇਆ ਜਿਸ ਅਨੁਸਾਰ ਖੱਤਰੀਆਂ ਦੀਆਂ
ਵਿਧਵਾ ਇਸਤ੍ਰੀਆਂ ਲਈ ਪੁਨਰ-ਵਿਆਹ ਲਾਜ਼ਮੀ
ਦਿਤਾ ਗਿਆ । ਕੁਝ ਖੱਤਰੀ ਇਸ ਕਾਨੂੰਨ ਦੇ ਹੱ
ਸਨ ਤੇ ਕੁਝ ਵਿਰੁਧ । ਜਿਹੜੇ ਖੱਤਰੀ ਹੱਕ ਵਿਚ ਸਨ
ਸਰੀਨ (ਸ਼ਰਾਈਅਨ) ਪ੍ਰਸਿਧ ਹੋਏ ਤੇ ਦੂਜੇ ਵਿਰੋਧੀ
ਅਖਵਾਏ । ਆਖ਼ੀਰ ਅਲਾਉਦੀਨ ਖ਼ਿਲਜੀ ਨੂੰ ਇਹ
ਵਾਪਸ ਲੈਣਾ ਪਿਆ ।

ਹੁਣ ਨਵੀਆਂ ਸਮਾਜਿਕ ਪ੍ਰਸਥਿਤੀਆਂ ਵਿਚ,
ਵਾਲੀ ਕਠੋਰਤਾਈ ਨਹੀਂ ਰਹੀ ਅਤੇ ਜਵਾਨ ਤੇ ਨਿਰ
ਵਿਧਵਾ ਨੂੰ ਦੂਜੀ ਥਾਂ ਵਿਆਹੁਣ ਦੀ ਪ੍ਰਥਾ ਚਲ ਪਈ
ਵਿਧਵਾ ਦਾ ਪੁਨਰ ਵਿਆਹ ਅਕਸਰ ਉਸ ਦੇ ਪਤ
ਕਟੰਬ ਵਿਚ ਹੀ ਕਰ ਦਿਤਾ ਜਾਂਦਾ ਹੈ । ਜੇ ਹਾਣ ਦ
ਹੋਵੇ ਤਾਂ ਛੋਟੇ ਦੇਵਰ ਨੂੰ ਤਰਜੀਹ ਦੇਂਦੇ ਹਨ ਤਾਂ ਜੋ
ਦੀ ਇੱਜ਼ਤ ਘਰ ਵਿਚ ਹੀ ਰਹੇ ।

ਰੰਗੀਆਂ ਹੁੰਦੀਆਂ ਹਨ, ਸਭ ਦੇ ਸਾਹਮਣੇ ਵਿਧਵਾ ਦੇ ਸਿਰ ਉਤੇ ਪਾ ਦੇਂਦਾ ਹੈ ਤੇ ਫਿਰ ਉਸ ਦੀਆਂ ਬਾਹਵਾਂ ਵਿਚ ਵੰਗਾਂ ਪਹਿਨਾਂਦਾ ਹੈ। ਇਸ ਰਸਮ ਵੇਲੇ ਹਿੰਦੂ ਪ੍ਰੋਹਿਤ ਨੂੰ ਸੱਦ ਲੈਂਦੇ ਹਨ। ਸਿੱਖ ਇਹ ਰਸਮ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਰਦੇ ਹਨ।

ਪੰਜਾਬ ਦੀਆਂ ਅਖੌਤੀ ਨੀਵੀਆਂ ਤੇ ਪਛੜੀਆਂ ਜਾਤੀਆਂ—ਸਾਂਹਸੀ, ਪੱਖੀਵਾਲ, ਬਾਜ਼ੀਗਰ ਆਦਿ ਵਿਚ ਵਿਧਵਾ ਦਾ ਪੁਨਰ-ਵਿਆਹ ਸਮਾਜਕ ਫ਼ਰਜ਼ ਸਮਝ ਕੇ ਕੀਤਾ ਜਾਂਦਾ ਹੈ।

## (ਪ-227) ਪੁਨਰ ਵਿਆਹ (ਮੁਸਲਮਾਨਾਂ ਵਿਚ) :

ਮੁਸਲਮਾਨਾਂ ਵਿਚ ਵਿਧਵਾ ਇਸਤ੍ਰੀ ਦੇ ਪੁਨਰ ਵਿਆਹ ਦਾ ਰਵਾਜ ਹੈ। ਸ਼ਰ੍ਹਾ ਇਸ ਦੀ ਆਗਿਆ ਦੇਂਦੀ ਹੈ। ਜਿਸ ਇਸਤ੍ਰੀ ਦੇ ਬੱਚੇ ਵੱਡੇ ਹੋਣ ਉਹ ਆਮ ਤੌਰ 'ਤੇ ਪੁਨਰ ਵਿਆਹ ਨਹੀਂ ਕਰਦੀ ਹੈ। ਪਰ ਜੇ ਉਹ ਜਵਾਨ ਹੋਵੇ ਤੇ ਬੱਚੇ ਵੀ ਹੋਣ ਤਾਂ ਕਈ ਵਾਰ ਉਸ ਦਾ ਵਿਆਹ ਉਸ ਦੇ ਸਵਰਗਵਾਸੀ ਪਤੀ ਦੇ ਛੋਟੇ ਭਰਾ ਨਾਲ ਕਰ ਦਿਤਾ ਜਾਂਦਾ ਹੈ। ਇਉਂ ਉਹ ਆਪਣੇ ਦੇਵਰ ਦੀ ਦੂਜੀ ਪਤਨੀ ਬਣ ਕੇ ਰਹਿੰਦੀ ਹੈ ਕਿਉਂ ਜੋ ਮੁਸਲਮਾਨਾਂ ਵਿਚ ਚਾਰ ਵਿਆਹ ਜਾਇਜ਼ ਹਨ। ਜੇ ਉਸ ਦਾ ਕੋਈ ਬੱਚਾ ਨਾ ਹੋਵੇ ਅਥਵਾ ਉਸ ਦੇ ਪਤੀ ਦੀ ਸੰਪਤੀ ਦਾ ਕੋਈ ਵਾਰਸ ਨਾ ਹੋਵੇ ਤਾਂ ਸਹੁਰੇ ਉਸ ਨੂੰ ਆਪਣੇ ਪੇਕੇ ਚਲੇ ਜਾਣ ਤੇ ਜਿਸ ਨਾਲ ਉਸ ਦੀ ਇੱਛਾ ਹੋਵੇ, ਪੁਨਰ ਵਿਆਹ ਕਰਨ ਦੀ ਆਗਿਆ ਦੇ ਦੇਂਦੇ ਹਨ। ਜੇ ਵਿਧਵਾ ਦੇ ਬੱਚੇ ਹੋਣ ਤੇ ਉਹ ਸਹੁਰੇ ਪਰਵਾਰ ਨਾਲ ਰਹਿਣਾ ਚਾਹੁੰਦੀ ਹੋਵੇ ਤਾਂ ਉਸ ਦਾ ਸਹੁਰਾ ਪਰਵਾਰ ਉਸ ਦੇ ਨਾਲ ਉਸ ਦੇ ਬੱਚੇ ਨਹੀਂ ਜਾਣ ਦੇਂਦਾ, ਜੇ ਉਸ ਦੀਆਂ ਕੁੜੀਆਂ ਹੋਣ ਤਾਂ ਉਸ ਦੇ ਦੇਵਰਾਂ ਜੇਠਾਂ ਦੇ ਲੜਕਿਆਂ ਨਾਲ ਉਨ੍ਹਾਂ ਨੂੰ ਮੰਗ ਦਿਤਾ ਜਾਂਦਾ ਹੈ।

ਵਿਧਵਾ ਦੇ ਪੁਨਰ ਵਿਆਹ ਆਮ ਤੌਰ ਤੇ ਰਾਤ ਨੂੰ ਕੀਤੇ ਜਾਂਦੇ ਹਨ। ਇਸ ਮੌਕੇ ਉਤੇ ਬਹੁਤਾ ਇਕੱਠ ਨਹੀਂ ਕੀਤਾ ਜਾਂਦਾ। ਨਿਮਾਸ਼ ਰਾਤ ਵੇਲੇ ਹੀ ਨਿਕਾਹ ਪੜ੍ਹਦਾ ਹੈ। ਰਾਤ ਵੇਲੇ ਨਿਕਾਹ ਦਾ ਕਾਰਨ ਇਹ ਹੈ ਕਿ ਵਿਧਵਾ ਦਾ ਪੁਨਰ-ਵਿਆਹ ਬਹੁਤੀ ਇੱਜ਼ਤ ਆਬਰੂ ਦੀ ਗੱਲ ਨਹੀਂ ਸਮਝੀ ਜਾਂਦੀ।

## (ਪ-228) ਪੂੰਨਿਆਂ :

ਜਾਤ ਦਾ ਹੋਤ ਅਤੇ ਕੇਚ ਮਕਰਾਨ ਦੇ ਬਾਦਸ਼ਾਹ ... ਸ਼ਹਿਜ਼ਾਦਾ ਸੀ :

> ਕੇਚਮ ਸ਼ਹਿਰ ਵਲਾਇਤ ਬੱਲ ਦੀ,
> ਹੋਤ ਅਲੀ ਤਿਸ ਵਾਲੀ
> ਤਿਸ ਦਾ ਪੁੱਤ ਪੁੰਨੂੰ ਸ਼ਹਿਜ਼ਾਦਾ,
> ਐਬ ਸਵਾਬੋਂ ਖ਼ਾਲੀ—ਹਾਸ਼ਮ

ਕੱਢੀ ਵਿਚ ਮਿਲਦੇ ਸੱਸੀ ਪੁੰਨੂੰ ਦੀ ਕਹਾ... ਦੂਲੇ ਰਾਏ ਨੇ ਪੁੰਨੂੰ ਦੇ ਪਿਉ ਦਾ ਨਾਂ 'ਆਰੀ ਜਾਮ... ਹੈ। ਮਿ: ਕਿਨਕੇਡ ਨੇ 'ਜਾਨ ਅਰੀ' ਲਿਖਿ... ਸਰ ਰਿਚਰਡ ਟੈਂਪਲ ਨੇ ਇੰਡੀਅਨ ਐਂਟੀਕੁਵੇਰੀ ... ਪੰਨਾ 291) ਵਿਚ ਪੁੰਨੂੰ ਦੇ ਪਿਉ ਦਾ ਨਾਂ ਆਰਾਂ ਲਿ... ਅਰੀ ਜਾਂ ਆਰੀ ਅਲੀ ਦਾ ਹੀ ਸਥਾਨਿਕ ਰੂਪ ਜਾਪ...

ਪੁੰਨੂੰ ਦੇ ਨਾਂ ਵਿਚ ਵੀ ਸਥਾਨਿਕ ਭੇਦ ਕਰ ਕੇ ... ਆ ਗਿਆ ਹੈ। ਜਿਵੇਂ ਸਿੰਧੀ ਵਿਚ ਪੁੰਨੂ, ਕ... ਪੁੰਨਹੁ ਤੇ ਰਾਜਸਥਾਨੀ ਵਿਚ ਪੰਨੋ। (ਵੇਖੋ : ਸੱਸ... ਸਾਨ ਪੰਨਾ 66) ਸੱਯਦ ਫ਼ਜ਼ਲ ਸ਼ਾਹ ਨੇ ਪੁੰਨੂੰ ਨੂੰ '... ਵੀ ਲਿਖਿਆ ਹੈ।

ਪੁੰਨੂੰ ਪੁੰਨਿਆਂ ਦੇ ਚੰਨ ਦਾ ਬੋਧਿਕ ਹੈ। ... ਦੀ ਕਥਾ ਮੂਲ ਵਿਚ ਚੰਦਰਮੇ ਦੇ ਪੂਰਨਮਾਸੀ ਤ... ਤੇ ਫਿਰ ਮੱਸਿਆ ਤਕ ਘਟ ਕੇ ਅਲੋਪ ਹੋ ... ਪ੍ਰਾਕ੍ਰਿਤਕ ਦ੍ਰਿਸ਼ਟਮਾਨ ਦੀ ਹੀ ਮਿੱਥ ਹੈ ਜੋ ਮ... ਸਮਿਆਂ ਵਿਚ ਦੰਦ-ਕਥਾ ਦਾ ਰੂਪ ਧਾਰਨ ਕ... ਬਹੁਤ ਸਾਰਾ ਮਧ-ਕਾਲੀਨ ਲੋਕ-ਧਾਰਾਈ ਤੱਤ ... ਜੁੜ ਗਿਆ (ਵੇਖੋ : ਸੱਸੀ ਪੁੰਨੂੰ)।

ਪੁਨੀ/ਪੁੰਨੂੰ ਆਮ ਤੌਰ ਤੇ ਉਸ ਬੱਚੇ ਦਾ ਨ... ਜਾਂਦਾ ਹੈ, ਜੋ ਪੁੰਨਿਆਂ ਵਾਲੇ ਦਿਨ ਪੈਦਾ ਹੋਵੇ। ... ਕਿਸੇ ਸਾਧ ਸੰਤ ਗੁਰੂ ਪੀਰ ਅੱਗੇ ਸੁੱਖਣਾ ਸੁੱਖ... ਜੰਮਿਆ ਹੋਵੇ ਉਸ ਨੂੰ 'ਇੱਛ ਪੁੰਨੀ' ਜਾਂ ਪੁੰਨੂੰ... ਹਨ।

(ਅ) ਸੂਰਜ ਵੰਸੀ ਰਾਜਪੂਤਾਂ ਵਿਚੋਂ ਨਿਕਲ... ਜੱਟ ਗੋਤਰ। ਮਹਾਨ ਕੋਸ਼ ਅਨੁਸਾਰ ਮੁਗ਼ਲਾਂ ਦੇ ... ਪੁੰਨੂੰ ਗੋਤ ਦੇ ਜੱਟ, ਮਾਝੇ ਵਿਚ ਪ੍ਰਸਿੱਧ ਚੌਧਰੀ ਹੋਏ ...

## (ਪ-230) ਪੁਰਸਿਰਾਤ (ਪੁਰਸਲਾਤ) :

ਦੀ ਸ਼ਕਤੀ ਸਦਕਾ, ਅਡੋਲ, ਇਸ ਉਤੋਂ ਦੀ ਲੰਘ ਜਾਂਦੇ ਹਨ, ਪਰ ਪਾਪੀ ਆਪਣੇ ਕੁਕਰਮਾਂ ਦੇ ਭਾਰ ਕਰਕੇ ਡੋਲਦੇ ਤੇ ਅੱਗ ਵਿਚ ਡਿਗ ਪੈਂਦੇ ਹਨ।

ਪਾਰਸੀਆਂ ਤੇ ਯਹੂਦੀਆਂ ਦੇ ਗ੍ਰੰਥਾਂ ਵਿਚ ਇਸੇ ਤਰ੍ਹਾਂ ਦੇ ਨਰਕ ਦੇ ਪੁਲ ਦਾ ਵਰਨਣ ਵੀ ਮਿਲਦਾ ਹੈ। ਪਾਰਸੀ ਇਸ ਪੁਲ ਨੂੰ 'ਚਿਨਵਤ ਪੇਰੇਤੂ' ਕਹਿੰਦੇ ਹਨ। ਇਸਲਾਮ ਨੇ ਇਸ ਪੁਲ ਦਾ ਵਿਚਾਰ ਪਾਰਸੀਆਂ ਤੋਂ ਲਿਆ ਜਾਪਦਾ ਹੈ।

ਆਦਿ ਗ੍ਰੰਥ ਵਿਚ ਕਈ ਥਾਈਂ ਪੁਰਸਿਰਾਤ ਵਲ ਸੰਕੇਤ ਮਿਲਦਾ ਹੈ।

'ਪੁਰਸਲਾਤ ਕਾ ਪੰਥੁ ਦੁਹੇਲਾ' (ਸੂਹੀ ਰਵਿਦਾਸ)

(ਪ-231) **ਪੁਰਸ਼ੋਤਮ :**

ਜੋ ਪੁਰਖਾਂ ਵਿਚੋਂ ਉਤਮ ਹੋਵੇ। ਹਿੰਦੂ ਮਤ ਅਨੁਸਾਰ ਰਾਮ ਮਰਯਾਦਾ ਪੁਰਸ਼ੋਤਮ ਸਨ। ਹਿੰਦੂ ਵਿਸ਼ਨੂੰ ਭਗਵਾਨ ਨੂੰ ਵੀ ਪੁਰਸ਼ੋਤਮ ਮੰਨਦੇ ਹਨ। ਮਹਾਨ ਕੋਸ਼ ਅਨੁਸਾਰ ਸਿੱਖਾਂ ਵਿਚ ਗੁਰੂ ਨਾਨਕ ਦੇਵ ਜੀ ਪੁਰਸ਼ੋਤਮ ਹਨ।

ਜੋਨ ਡੌਸਨ ਲਿਖਦਾ ਹੈ "ਪੁਰਸ਼ ਸ਼ਬਦ ਮਿਥਿਕ ਰੂਪ ਵਿਚ ਉਸ ਵਿਸ਼ਵ ਵਿਆਪੀ ਪਰਮ-ਆਤਮਾ ਲਈ ਪ੍ਰਯੁਕਤ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਸ ਸਮਾਸੀ ਸ਼ਬਦ ਦਾ ਅਰਥ ਪ੍ਰਮਾਤਮਾ ਹੈ। ਇਹ ਵਿਸ਼ਨੂੰ ਦੀ ਉਪਾਧੀ ਹੈ ਅਤੇ ਇਸ ਤਰ੍ਹਾਂ ਵਿਸ਼ਨੂੰ ਨੂੰ ਹੀ ਪਰਮੇਸ਼ਵਰ ਸਵੀਕਾਰ ਕੀਤਾ ਜਾਂਦਾ ਹੈ।"

(ਪ-232) **ਪੁਰਮੰਡਲ :**

ਸ਼ਿਵ ਦਾ ਇਹ ਪਵਿਤ੍ਰ ਅਸਥਾਨ ਜੋ ਕਾਲੂ ਚੱਕ ਤੋਂ ਅਠਾਰਾਂ ਮੀਲ ਦੂਰ ਹੈ। ਕਾਲੂ ਚੱਕ ਜੰਮੂ ਤੋਂ ਦਸ ਮੀਲਾਂ ਦੀ ਵਿਥ ਉਤੇ ਹੈ। ਇਥੇ ਸ਼ਿਵਰਾਤ੍ਰੀ ਤੇ ਮਘਰ ਦੀ ਚੌਦਸ ਨੂੰ ਬੜਾ ਭਾਰੀ ਮੇਲਾ ਲਗਦਾ ਹੈ। ਇਥੇ ਯਾਤ੍ਰੀ ਪੰਜਾਬ, ਜੰਮੂ ਤੇ ਕਸ਼ਮੀਰ ਤੋਂ ਆਉਂਦੇ ਹਨ।

ਪੁਰਮੰਡਲ ਸਬੰਧੀ ਅਨੇਕਾਂ ਦਿਲਚਸਪ ਕਥਾਵਾਂ ਪ੍ਰਚਲਤ ਹਨ। ਇਸ ਦੀ ਮਹਿਮਾ ਪੁਰਾਣਾਂ ਵਿਚ ਵੀ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਪੁਰਮੰਡਲ ਵਿਚ ਧਰਤੀ ਦੇ ਅੰਦਰੋਂ ਅੰਦਰੀਂ ਗੁਪਤ ਰੂਪ ਵਿਚ ਦੇਵਕਾ ਨਦੀ ਵਗਦੀ ਹੈ ਜੋ ਗੰਗਾ ਤੋਂ ਵੀ ਵਧ ਪਵਿਤ੍ਰ ਹੈ। ਇਥੇ ਯਾਤ੍ਰੀ ਟੋਹੇ ਪੁੱਟ ਕੇ,

ਕੀਤੀ। ਸ਼ੰਕਰ ਖ਼ੁਦ ਤਾਂ ਪਹਾੜ ਦੀ ਇਕ ਚੱਟਾ
ਸੱਪ ਦੇ ਸਰੂਪ ਵਿਚ ਪੱਥਰ ਦੇ ਆਕਾਰ ਦਾ ਇਕ ਕੁੰ
ਗਏ ਅਤੇ ਪਾਰਬਤੀ ਨੇ ਦੇਵਕਾ ਨਦੀ ਦਾ ਰੂਪ ਧਾ
ਲਿਆ। ਇਹ ਅਸਥਾਨ ਸਭ ਤੋਂ ਪਹਿਲਾਂ ਕੇਸ਼ਪ
ਨੇ ਆਪਣੇ ਯੋਗ ਤੇ ਤੱਪ ਦੇ ਬਲ ਨਾਲ ਲੱਭਿਆ
ਮਗਰੋਂ ਲੋਕੀਂ ਫਿਰ ਇਸ ਅਸਥਾਨ ਨੂੰ ਭੁਲ ਗਏ।

ਇਹ ਅਸਥਾਨ ਮੁੜ ਰਾਜਾ ਗੁਲਾਬ ਸਿੰਘ ਡੋ
ਲੱਭਿਆ। ਇਕ ਦੰਦ ਕਥਾ ਅਨੁਸਾਰ ਰਾਜਾ ਗੁਲਾ
ਦੇ ਘਰ ਇਕ ਕੰਨਿਆਂ ਜੰਮੀ, ਜੋ ਸਿਰ ਦੁੱਖਣ ਕਰ ਕੇ
ਰੋਂਦੀ ਰਹਿੰਦੀ ਸੀ। ਜੋਤਸ਼ੀਆਂ ਤੋਂ ਕਾਰਨ ਪੁਛਿ
ਇਕ ਸਿਆਣੇ ਜੋਤਸ਼ੀ ਨੇ ਕੰਨਿਆਂ ਦੀ ਜਨਮ
ਵੇਖ ਕੇ ਦਸਿਆ ਕਿ ਇਹ ਕੰਨਿਆਂ ਪਿਛਲੇ
ਭੁਘਿਆੜਨ ਸੀ। ਰਾਜੇ ਨੇ ਇਸ ਨੂੰ ਆਪਣੇ ਤੀਰ
ਮਾਰ ਦਿਤਾ ਸੀ। ਇਸ ਦੀ ਮੌਤ ਦੇਵਕਾ ਨਦੀ
ਪੁਰਮੰਡਲ ਵਿਚ ਹੋਈ ਸੀ, ਇਸ ਲਈ ਇਸ ਦਾ
ਰਾਜੇ ਦੇ ਘਰ ਹੋਇਆ। ਜਿਸ ਤੀਰ ਨਾਲ ਇਸ ਦੀ
ਹੋਈ, ਉਹ ਤੀਰ ਅਜੇ ਵੀ ਇਸ ਭੁਘਿਆੜਨ ਦੀ
ਵਿਚ ਹੈ। ਜਦੋਂ ਤਕ ਉਸ ਖੋਪਰੀ ਨੂੰ ਲੱਭ ਕੇ ਉਹ
ਨਹੀਂ ਕਢਿਆ ਜਾਂਦਾ, ਉਦੋਂ ਤਕ ਇਸ ਕੰਨਿਆਂ ਦਾ
ਠੀਕ ਨਹੀਂ ਹੋ ਸਕਦਾ। ਰਾਜੇ ਗੁਲਾਬ ਸਿੰਘ ਨੇ ਭੁਘਿ
ਦੀ ਖੋਪਰੀ ਦੀ ਖੋਜ ਕਰਵਾਈ। ਪਹਿਲਾਂ ਉਸ
ਵਿਚ ਦਸੇ ਥਹੁ ਟਿਕਾਣੇ ਅਨੁਸਾਰ ਪੁਰਮੰਡਲ ਤੀਰ
ਲਭਿਆ। ਉਸ ਦੇ ਨੇੜੇ ਹੀ, ਭੁਘਿਆੜਨ ਦੀ
ਮਿਲੀ ਜਿਸ ਵਿਚ ਤੀਰ ਲੱਗਾ ਹੋਇਆ ਸੀ। ਖੋਪਰੀ
ਤੀਰ ਕਢਣ ਦੀ ਢਿਲ ਸੀ ਕਿ ਕੰਨਿਆਂ ਦਾ ਦਰਦ
ਹੋ ਗਿਆ।

ਰਾਜੇ ਗੁਲਾਬ ਸਿੰਘ ਨੇ ਇਸ ਥਾਂ ਸ਼ਿਵ ਦੀ
ਸਥਾਪਿਤ ਕੀਤੀ ਤੇ ਮੰਦਰ ਬਣਵਾਇਆ, ਇਥੇ ਇ
ਜਿਹਾ ਕੁੰਡ ਹੈ, ਜਿਸ ਵਿਚ ਚਾਹੇ ਕਿਤਨਾ ਪਾਣੀ ਪ
ਭਰਦਾ ਨਹੀਂ। ਰਾਜਾ ਗੁਲਾਬ ਸਿੰਘ ਨੇ ਦੇਵਕਾ ਨ
100 ਗਾਗਰ ਪਾਣੀ ਮੰਗਵਾ ਕੇ ਇਸ ਕੁੰਡ ਵਿਚ ਪਵ
ਪਰ ਇਸ ਕੁੰਡ ਦੇ ਪਾਣੀ ਦੀ ਪੱਧਰ ਸੂਤ ਭਰ ਵੀ
ਨਾ ਹੋਈ। ਇਹ ਅਚੰਭਾ ਵੇਖ ਕੇ ਰਾਜੇ ਨੇ ਇਸ ਕੁੰਡ
ਮੰਦਰ ਉਸਾਰਿਆ ਤੇ ਇਸ ਦੇ ਆਸ ਪਾਸ ਅਨੇਕਾਂ ਸ਼ਿ
ਸਥਾਪਿਤ ਕੀਤੇ [illegible]

**(ਪ-233) ਪੂਰਾ :**

ਗਰਮੀਆਂ ਵਿਚ ਦੱਖਣ ਪੂਰਬ ਵਲੋਂ ਵਗਦੀ ਇਕ ਹਵਾ। ਇਹ ਹਵਾ ਬੜੀ ਰਮਣੀਕ ਹੁੰਦੀ ਹੈ ਤੇ ਇਸ ਦੇ ਝੋਂਕੇ ਹਲਕੇ, ਠੰਡੇ ਤੇ ਸੁਖਾਵੇਂ ਹੁੰਦੇ ਹਨ ਜਿਸ ਨਾਲ ਮਾਨਸਿਕ ਤ੍ਰਿਪਤੀ ਹੁੰਦੀ ਹੈ। ਲੋਕ-ਗੀਤਾਂ ਵਿਚ ਇਸ ਹਵਾ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ।

**(ਪ-234) ਪੁਰੀ :**

(ੳ) ਖੱਤਰੀਆਂ ਦੀ ਬੁੰਜਾਈ ਸ਼੍ਰੇਣੀ ਦੀ ਇਕ ਗੋਤ। ਕਈ ਪੁਰੀਆਂ ਨੂੰ ਛੇ ਜਾਤਾਂ ਵਿਚ ਗਿਣਦੇ ਹਨ। ਹਿੰਦੂ ਪੁਰੀ ਪਹਿਲੇ ਬੱਚੇ ਦੇ ਜਨਮ ਸਮੇਂ ਢਾਈ ਮਣ ਛੋਲਿਆਂ ਦੇ ਆਟੇ ਦੀ ਕੜ੍ਹਾਈ ਬਣਾਉਂਦੇ ਹਨ ਜੋ ਸਾਰੀ ਬਰਾਦਰੀ ਵਿਚ ਵੰਡਦੇ ਹਨ। ਇਸੇ ਸਮੇਂ 'ਪੱਟੜੀ ਪੂਜਣ' ਦੀ ਵੀ ਰਸਮ ਕੀਤੀ ਜਾਂਦੀ ਹੈ। ਪਟੜੀ ਪਥਰ ਦਾ, ਇਕ ਹਮਵਾਰ ਟੁਕੜਾ ਹੁੰਦਾ ਹੈ। ਇਸ ਅਗੇ ਦੀਵੇ ਦੀ ਜੋਤ ਜਗਾਈ ਜਾਂਦੀ ਹੈ। ਬਾਕੀ ਬੱਚਿਆਂ ਦੇ ਜਨਮ ਉਤੇ ਸਵਾ ਮਣ, ਸ਼ੀਰਾ ਬਣਾਇਆ ਜਾਂਦਾ ਹੈ, ਜੋ ਆਟੇ ਖੰਡ ਤੇ ਘਿਉ ਦਾ ਬਣਦਾ ਹੈ। ਇਸ ਸ਼ੀਰੇ ਨੂੰ ਸਾਰੀ ਬਰਾਦਰੀ ਵਿਚ ਵੰਡਿਆ ਜਾਂਦਾ ਹੈ, ਨਾਈ ਇਸ ਸ਼ੀਰੇ ਦਾ ਬਕਰਾ ਇਸ ਢੰਗ ਨਾਲ ਬਣਾਉਂਦਾ ਹੈ ਕਿ ਇਸ ਵਿਚੋਂ ਇਕੋ ਕਾਨਾ ਕੱਢਣ ਨਾਲ ਇਸ ਦੇ ਕਈ ਟੁਕੜੇ ਹੋ ਜਾਂਦੇ ਹਨ। ਕਾਨਾ ਕੱਢਣ ਤੋਂ ਪਹਿਲਾਂ ਨਾਈ ਬਕਰੇ ਦੇ ਮਿਆਂਕਣ ਦੀ ਆਵਾਜ਼ ਕਢਦਾ ਹੈ। ਬਕਰੇ ਵਾਲਾ ਸ਼ੀਰਾ ਸਭ ਵਿਚ ਵੰਡਿਆ ਜਾਂਦਾ ਹੈ। ਇਹ ਰਸਮ ਬਕਰੇ ਦੀ ਬਲੀ ਦਾ ਪ੍ਰਤੀਕ ਹੈ। ਬਕਰਾ ਬਨਾਉਣ ਦੀ ਲਾਗ ਨਾਈ ਨੂੰ ਦਿਤੀ ਜਾਂਦੀ ਹੈ। ਕਈ ਪੁਰੀ ਬੱਚੇ ਦੇ ਜੰਮਣ ਸਮੇਂ ਬਕਰੇ ਦੇ ਕੰਨ ਕਟ ਕੇ ਬੱਚੇ ਦੇ ਮੱਥੇ ਉਤੇ ਬਕਰੇ ਦੇ ਲਹੂ ਦਾ ਤਿਲਕ ਲਗਾਂਦੇ ਹਨ ਇਸ ਮਗਰੋਂ ਬਕਰੇ ਨੂੰ ਜ਼ਿਬਹ ਕਰ ਕੇ ਬਰਾਦਰੀ ਨਾਲ ਰਲ ਕੇ ਖਾਂਦੇ ਹਨ। ਕੁਝ ਪੁਰੀਆਂ ਵਿਚ ਰਵਾਜ ਹੈ ਕਿ ਮਾਂ ਬੱਚਾ ਜੰਮਣ ਮਗਰੋਂ ਦੁੱਧ ਨਹੀਂ ਪੀਂਦੀ। ਕੁਝ ਪੁਰੀਆਂ ਵਿਚ ਵਿਆਹ ਸਮੇਂ ਕੰਨਿਆਂ ਦੀ ਮਾਂ, ਰੁਸ ਕੇ ਬਰਾਦਰੀ ਦੇ ਕਿਸੇ ਘਰ ਚਲੀ ਜਾਂਦੀ ਹੈ, ਜਿਥੋਂ ਪਤੀ ਮਿੰਨਤਾਂ ਤਰਲੇ ਕਰ ਕੇ ਉਸ ਨੂੰ ਲਿਆਉਂਦਾ ਹੈ। ਘਰ ਲਿਆਉਣ ਵੇਲੇ ਕੁੜੀਆਂ ਗੀਤ ਗਾਉਂਦੀਆਂ ਹਨ :

(ਅ) ਹਿੰਦੂਆਂ ਦਾ ਪ੍ਰਸਿਧ ਤੀਰਥ ਜਗ... ਜਿਸ ਨੂੰ ਸੰਖੇਪ ਵਿਚ ਪੁਰੀ ਕਹਿੰਦੇ ਹਨ।

(ੲ) ਵੱਖੋ ਵੱਖਰੇ ਲੋਕ, ਜਿਵੇਂ ਸ... ਪਾਤਾਲ ਪੁਰੀ।

(ਸ) ਸੰਨਿਆਸੀਆਂ ਦੀ ਇਕ ਸ਼੍ਰੇਣੀ ਜਿ... ਦੇ ਅੰਤ ਪੁਰੀ ਆਉਂਦਾ ਹੈ।

**(ਪ-235) ਪੁਰੂ :**

ਚੰਦ੍ਰ ਵੰਸ਼ੀ ਰਾਜਿਆਂ ਵਿਚੋਂ ਛੇਵਾਂ ਰਾਜਾ ... ਦੇ ਉਦਰ ਤੋਂ ਯਯਾਤੀ ਦਾ ਸਭ ਤੋਂ ਛੋਟਾ ... ਇਸ ਦੀ ਵੰਸ਼ ਵਿਚ ਕੁਰੂ ਹੋਇਆ, ਜਿਸ ਤੋ... ਚਲਿਆ। ਪੁਰੂ ਦਾ ਭਰਾ ਯਦੂਸੀ ਜਿਸ ਤੋਂ... ਚਲਿਆ ਅਤੇ ਜਿਸ ਵਿਚ ਕ੍ਰਿਸ਼ਨ ਜੰਮੇ।

**(ਪ-236) ਪੁਲਸਰਾਤ :**

(ਵੇਖੋ : ਪੁਰਸਲਾਤ)।

**(ਪ-237) ਪੁਲ੍ਹਾਣਾ :**

ਸ਼ਾਹਪੁਰ ਦੇ ਹਿੰਦੂਆਂ ਦੀ ਵਿਆਹ ਸ... ਗੀਤ। ਸ਼ਾਹਪੁਰ ਵਿਚ ਹਿੰਦੂ ਔਰਤਾਂ ਵਿ... ਪੱਖ ਵਾਲਿਆਂ ਨਾਲ ਮਸ਼ਕਰੀਆਂ ਕਰਦੀਆਂ... ਵਾਰ ਹਾਸੇ ਨਾਲ ਗਾਲ੍ਹਾਂ ਕਢਦੀਆਂ ਹਨ, ਜਿ... ਬੁਰਾ ਨਹੀਂ ਮਨਾਉਂਦਾ। ਪੁਲ੍ਹਾਣਾ ਵਿ... ਮੰਦੀਆਂ ਸਿਠਣੀਆਂ ਵੀ ਸ਼ਾਮਲ ਹੁੰਦੀਆਂ ਹਨ...

**(ਪ-238) ਪੁਸ਼ਾ :**

ਵਿਆਹ ਤੋਂ ਅਗਲੇ ਦਿਨ, ਲਾੜ੍ਹੀ ਦੇ ਪ... ਮਠਿਆਈ, ਖੋਪਾ, ਇਲਾਚੀ, ਤੇ ਕਾਲਕੀ... ਦਿਤੀ ਜਾਂਦੀ ਹੈ, ਜੋ ਉਹ ਥੋੜੀ ਥੋੜੀ ਦੇਰ ... ਰਹਿੰਦੀ ਹੈ।

**(ਪ-239) ਪੁਸ਼ੀ ਪਾਉਣਾ :**

(ੳ) ਵਿਆਹ ਨਾਲ ਸੰਬੰਧਿਤ ਇਕ ... ਆਉਣ ਮਗਰੋਂ ਜਦੋਂ ਲਾੜ੍ਹਾ ਪਹਿਲੀ ਵਾ...

ਬੰਧਿਕ ਹੈ, ਬਦਾਮ ਖ਼ੁਸ਼ਹਾਲੀ ਦਾ ਤੇ ਨਰੇਲ ਔਲਾਦ ਦਾ। ਕਈ ਇਸ ਪੁੜੀ ਵਿਚ ਲੌਂਗ, ਇਲਾਚੀ ਤੇ ਮਠਿਆਈ ਆਦਿ ਵੀ ਬੰਨ੍ਹ ਦੇਂਦੇ ਹਨ।

(ਅ) ਪੱਛਮੀ ਪੰਜਾਬ ਵਿਚੋਂ ਆਏ ਖੱਤਰੀਆਂ 'ਚ ਰਵਾਜ ਹੈ ਕਿ ਜਦੋਂ ਦੁਲਹਨ ਡੋਲੀ ਵਿਚ ਬੈਠਦੀ ਹੈ ਤਾਂ ਉਸ ਨੂੰ ਇਕ ਪੁੜੀ ਦਿਤੀ ਜਾਂਦੀ ਹੈ ਜਿਸ ਵਿਚ ਬਦਾਮ, ਛੁਹਾਰੇ, ਨਰੇਲਾ ਦੀ ਨੂਠੀ, ਮਿਸਰੀ ਤੇ ਕੁਝ ਮਠਿਆਈ ਹੁੰਦੀ ਹੈ। ਸਹੁਰੇ ਘਰ ਜਾ ਕੇ ਸਭ ਤੋਂ ਪਹਿਲਾਂ ਛੋਟਾ ਦੇਵਰ ਉਸ ਦਾ ਘੁੰਡ ਚੁਕਦਾ ਤੇ ਝਾਤ ਹਰਦਾ ਹੈ। ਦੁਲ੍ਹਨ ਇਹ ਪੁੜੀ ਸਗਨ ਵਜੋਂ ਦੇਵਰ ਨੂੰ ਭੇਟ ਕਰਦੀ ਹੈ, ਦੇਵਰ ਥੋੜ੍ਹੀ ਜਿਹੀ ਚੀਜ਼ ਮੂੰਹ ਲਗਾਉਂਦਾ ਹੈ ਤੇ ਫਿਰ ਸਾਰਿਆਂ ਵਿਚ ਇਸ ਪੁੜੀ ਦੀਆਂ ਚੀਜ਼ਾਂ ਵੰਡ ਦਿਤੀਆਂ ਜਾਂਦੀਆਂ ਹਨ।

(ੲ) ਕਈ ਲੋਕ ਵਿਆਹ ਤੋਂ ਅਗਲੇ ਦਿਨ ਦੁਲ੍ਹਨ ਦੇ ਪੱਲੇ ਵਿਚ ਲੌਂਗ, ਇਲਾਚੀ ਤੇ ਮਠਿਆਈ ਆਦਿ ਬੰਨ੍ਹ ਦੇਂਦੇ ਹਨ, ਇਸ ਨੂੰ 'ਪੁੜੀ ਬੰਨ੍ਹਣਾ' ਕਹਿੰਦੇ ਹਨ। ਇਹ ਰੀਤ ਉਪਜਾਇਕਤਾ ਸ਼ਕਤੀ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ।

(ਪ-240) **ਪੁੜੀ ਬੰਨ੍ਹਣਾ** :

(ਵੇਖੋ : ਪੁੜੀ ਪਾਉਣਾ)।

(ਪ-241) **ਪੁ ਨਰਕ** :

ਪੁਰਾਣਾਂ ਅਨੁਸਾਰ, ਇਕ ਨਰਕ, ਜਿਸ ਵਿਚ ਨਿਰਸੰਤਾਨ ਮਨੁੱਖਾਂ ਨੂੰ ਮਰਨ ਮਗਰੋਂ ਤਸੀਹੇ ਦਿਤੇ ਜਾਂਦੇ ਹਨ। ਜਿਨ੍ਹਾਂ ਪ੍ਰਾਣੀਆਂ ਦਾ 'ਪਿੱਤਰੀ ਕਰਮ'—ਸਰਾਧ ਤਰਪਣ ਆਦਿ ਕਰਨ ਵਾਲਾ ਕੋਈ ਪੁੱਤਰ ਜਾਂ ਨਾਤੀ ਨਹੀਂ ਹੁੰਦਾ, ਉਹ ਪੁ ਨਰਕ ਵਿਚ ਹੀ ਸੜਦੇ ਰਹਿੰਦੇ ਹਨ।

(ਪ-242) **ਪੂਛਲ ਵਾਲਾ ਤਾਰਾ** :

ਇਕ ਮਨਹੂਸ ਤਾਰਾ, ਜਿਸ ਦੇ ਪਿਛੇ ਚਾਨਣੀ ਪੂਛਲ ਵਿਖਾਈ ਦੇਂਦੀ ਹੈ। ਜੇ ਅਸਮਾਨ ਵਿਚ ਪੂਛਲ ਵਾਲਾ ਤਾਰਾ ਵਿਖਾਈ ਦਵੇ ਤਾਂ ਦੇਸ਼ ਵਿਚ ਕਾਲ ਤੇ ਬੀਮਾਰੀ ਫੈਲਦੀ ਜਾਂ ਰਾਜੇ ਦੀ ਮੌਤ ਹੁੰਦੀ ਹੈ। ਅਜਿਹੇ ਸਮੇਂ, ਉਪਾ ਸ਼ਣੀ ਹਿੰਦ ਬ੍ਰਾਹਮਣਾਂ ਤੇ ਸਾਧਾਂ-ਸੰਤਾਂ ਨੂੰ ਭੋਜਨ

(ਅ) ਲਗਨ ਦੀ ਤਿੱਥ ਤੇ ਸਮੇਂ ਦਾ ਮ
ਪਿਛੋਂ, ਕੰਨਿਆ ਵਾਲੇ ਪ੍ਰੋਹਿਤ ਦੇ ਹੱਥ ਜੋ
ਨੂੰ ਭੇਜਦੇ ਹਨ, ਉਸ ਨੂੰ 'ਸਾਹੇ ਚਿੱਠੀ'
ਜਾਂਦਾ ਹੈ। ਸਨਾਤਨੀ ਹਿੰਦੂਆਂ ਵਿਚ ਸਾ
'ਪੂਜ' ਸ਼ਬਦ ਵਧੇਰੇ ਪ੍ਰਚਲਤ ਹੈ। ਇਸ ਚਿੱ
ਮੰਨਦੇ ਅਤੇ ਇਸ ਨੂੰ ਕੇਸਰ ਦੀ ਸਿਆਹੀ
ਜਾਂਦਾ ਹੈ। ਚਿੱਠੀ ਦੇ ਮੁੱਢ ਵਿਚ ਸਵਾਸਤਿਕ
ਅਨੁਸਾਰ ਕੋਈ ਹੋਰ ਚਿੰਨ੍ਹ ਉਲੀਕਿਆ ਜਾਂ
ਨੂੰ ਲਪੇਟ ਕੇ ਮੌਲੀ ਦੇ ਧਾਗਿਆਂ ਨਾਲ ਬੰਨ੍ਹਿ
ਇਸ ਚਿੱਠੀ ਨੂੰ ਜੂਠੇ ਜਾਂ ਮੈਲੇ ਹੱਥ ਨਹੀਂ ਲ

ਚਿੱਠੀ ਦੇ ਨਾਲ ਹੀ ਪ੍ਰੋਹਿਤ ਕੁਝ ਰੁਪ
ਕਪੜੇ ਵਰ ਪੱਖ ਵਾਲਿਆਂ ਨੂੰ ਦੇਂਦਾ ਹੈ ਤੇ
ਦੇ ਢੁਕਾਉ, ਮਿਲਣੀ ਤੇ ਲਾਵਾਂ ਦਾ ਸਾਰਾ ਪ੍ਰੋ
ਕਰਦਾ ਹੈ।

(ਪ-244) **ਪੂਜਣੀ** :

ਜੈਨ ਮਤ ਦੀ ਸੰਤਣੀ, ਜਿਸ ਦੇ ਸਿਰ
ਹੁੰਦੇ ਹਨ, ਜੋ ਮੂੰਹ ਉਤੇ ਚਿੱਟੇ ਰੰਗ ਦੀ ਪੱ
ਤਾਂ ਜੋ ਕਿਰਮ ਸਾਹ ਦੁਆਰਾ ਅੰਦਰ ਜਾ ਕੇ ਮ

(ਪ-245) **ਪੂਣੀ ਸ਼ਗਨ** :

ਪੂਣੀ ਤੇ ਪੂਣੀ ਧਰ ਕੇ ਸ਼ਗਨ ਕਰਨ
ਇਲਾਕੇ ਵਿਚ ਜੇ ਕਿਸੇ ਦਾ ਭਲਾ ਮੰਗਣਾ ਹੋ
ਤੇ ਪੂਣੀ ਧਰ ਕੇ ਸ਼ਗਨ ਕੀਤਾ ਜਾਂਦਾ ਹੈ। ਦਮ
ਕਿੱਸੇ ਵਿਚ ਇਸ ਸ਼ਗਨ ਦਾ ਜ਼ਿਕਰ ਕਰਦਾ ਹੈ

ਪੂਣੀ ਤੇ ਧਰ ਪੂਣੀ ਲੋਕਾਂ ਸਲੇਟੀ ਸ਼ਗਨ

(ਪ-246) **ਪੂਤਨਾ** :

ਇਕ ਦੈਂਤਣੀ; ਜੋ ਰਾਜੇ ਬਲੀ ਦੀ
ਭਾਗਵਤ ਸਕੰਧ ਅਨੁਸਾਰ, ਕੰਸ ਨੇ ਪੂਤਨਾ ਨੂੰ
ਬਾਲਕ ਕ੍ਰਿਸਨ ਨੂੰ ਮਾਰਨ ਲਈ ਭੇਜਿਆ। ਇ
ਥਣਾਂ ਨਾਲ ਵਿਹੁ ਲਗਾ ਕੇ ਕ੍ਰਿਸਨ ਨੂੰ ਦੁੱਧ ਚੁੰਘਾ
ਚਾਹਿਆ ਪਰ ਕ੍ਰਿਸ਼ਨ ਨੇ ਦੁੱਧ ਚੁੰਘਣ ਲਗਿਆਂ
ਸਾਰਾ ਲਹੂ ਚੂਸ ਕੇ ਪ੍ਰਾਣ ਖਿਚ ਲਏ ਤੇ ਇਹ ਮ

ਕਈ ਹਿੰਦੂ ਪੂਤਨਾ ਨੂੰ ਦੁਰਾਤਮਾ ਸਮਝਦੇ ਹਨ, ਜੋ ਇਸਤ੍ਰੀਆਂ ਦੇ ਗਰਭ ਨਾਸ ਕਰਦੀ ਤੇ ਬੱਚਿਆਂ ਵਿਚ ਰੋਗ ਫੈਲਾਂਦੀ ਹੈ। ਇਸ ਲਈ ਗਰਭਵਤੀ ਲਈ ਪੂਤਨਾ ਦਾ ਨਾਂ ਲੈਣਾ-ਸੁਣਨਾ ਅਸ਼ੁਭ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਛੋਟੇ ਬਾਲ ਸਾਹਮਣੇ ਪੂਤਨਾ ਦਾ ਨਾਂ ਲਿਆ ਜਾਵੇ ਤਾਂ ਉਸ ਦੇ ਰੋਗੀ ਹੋਣ ਦਾ ਡਰ ਰਹਿੰਦਾ ਹੈ।

(ਪ-247) **ਪੂਰਨ ਭਗਤ** :

ਪੰਜਾਬ ਕਿੱਸਾ-ਸਾਹਿਤ ਵਿਚ ਪੂਰਨ ਭਗਤ ਦੇ ਕਿੱਸੇ ਨੂੰ ਇਕ ਵਿਲੱਖਣ ਤੇ ਮਹੱਤਵ ਸਥਾਨ ਪ੍ਰਾਪਤ ਹੈ। ਪੰਜਾਬੀ ਦਾ ਇਹੋ ਇਕੋ ਇਕ ਕਿੱਸਾ ਹੈ ਜਿਸਨੂੰ ਆਧੁਨਿਕ ਤੇ ਆਪਣੇ ਸਮੇਂ ਦੇ ਸ੍ਰੋਮਣੀ ਕਵੀਆਂ—ਪ੍ਰੋ: ਪੂਰਨ ਸਿੰਘ ਤੇ ਸਿਵ ਕੁਮਾਰ ਨੇ ਕਾਵਿ ਪ੍ਰਤਿਭਾ ਤੇ ਸਹਿਜ ਯੋਗਤਾ ਨੂੰ ਪ੍ਰਗਟਾਣ ਦਾ ਮਾਧਿਅਮ ਬਣਾਇਆ ਭਾਵੇਂ ਪੂਰਨ ਭਗਤ ਦਾ ਕਿੱਸਾ ਪਹਿਲੀ ਵਾਰ ਕਾਦਰਯਾਰ ਨੇ ਉਨੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਰਚਿਆ ਪਰ ਇਸ ਦੀ ਕਥਾ ਪਰੰਪਰਾ ਤੋਂ ਚਲੀ ਆ ਰਹੀ ਹੈ ਅਤੇ ਲੋਕ-ਗੀਤਾਂ ਤੇ ਕਾਵਿ-ਕਥਾਵਾਂ ਵਿਚ ਇਸ ਕਿੱਸੇ ਦੀ ਆਤਮਾ ਇਕ ਵੇਦਨੀ ਬਣ ਕੇ ਧੜਕਦੀ ਰਹੀ ਹੈ।

ਪੂਰਨ ਭਗਤ ਦੀ ਕਥਾ ਮੂਲ ਰੂਪ ਵਿਚ ਇਕ ਦੰਦ-ਕਥਾ ਹੈ। ਦੰਦ-ਕਥਾ ਨਾ ਨਿਰਾ ਸੱਚ ਹੁੰਦੀ ਹੈ ਨਾ ਨਿਰਾ ਝੂਠ। ਸੱਚ ਇਸ ਲਈ ਨਹੀਂ ਕਿ ਇਤਿਹਾਸ ਦੇ ਬੋਹੜ ਦੀ ਕਿਸੇ ਇਕ ਟਹਿਣ ਉੱਤੇ ਇਸ ਦਾ ਆਲ੍ਹਣਾ ਨਹੀਂ ਹੁੰਦਾ ਤੇ ਝੂਠ ਇਸ ਲਈ ਨਹੀਂ ਕਿ ਲੋਕ-ਸੱਚ ਵਿਚ ਇਸ ਦੀਆਂ ਜੜ੍ਹਾਂ ਲੱਭੀਆਂ ਹੁੰਦੀਆਂ ਹਨ। ਸਤਨਾਜੇ ਵਾਂਗ ਇਸ ਵਿਚ ਕਈ ਤੱਤ ਅਜਿਹੀ ਵਿਧੀ ਨਾਲ ਰਲੇ ਹੁੰਦੇ ਹਨ ਕਿ ਉਨ੍ਹਾਂ ਨੂੰ ਛਾਣ ਕੇ ਨਿਖੇੜਨਾ ਸੌਖਾ ਨਹੀਂ। ਇਸੇ ਲਈ ਇਸ ਦੇ ਸੱਚ ਤੇ ਝੂਠ ਦਾ ਨਿਤਾਰਾ ਕਰਨ ਨਾਲੋਂ ਇਸ ਨੂੰ ਕੇਵਲ ਲੋਕ-ਸੱਚ ਜਾਣ ਕੇ ਉਸ ਦਾ ਆਨੰਦ ਮਾਣਨਾ ਵਧੇਰੇ ਸਿਆਣਪ ਹੈ।

ਪੂਰਨ ਭਗਤ ਦੀ ਕਥਾ ਭਾਵੇਂ ਨਾਥ ਕਾਲ ਦੀ ਵਸਤੂ ਮੰਨੀ ਜਾਂਦੀ ਹੈ ਅਤੇ ਪੂਰਨ ਦਾ ਏਕੀਕਰਣ ਪ੍ਰਸਿਧ ਨਾਥ ਚੌਰੰਗੀ ਨਾਥ ਨਾਲ ਕੀਤੇ ਜਾਣ ਕਰ ਕੇ, ਇਸ ਨੂੰ ਇਤਿਹਾਸਕ ਬਿੰਦੂ ਉੱਤੇ ਸੀਮਿਤ ਵੀ ਕੀਤਾ ਜਾਂਦਾ ਹੈ, ਪਰ ਇਹ ਕਥਾ ਮੂਲ ਵਿਚ ਲੋਕਧਾਰਾ ਦਾ ਹਿੱਸਾ ਹੈ, ਜਿਸ ਦਾ ਸੁਭਾਅ ਹੀ ਅਜਿਹਾ ਹੈ ਕਿ ਸੱਚ ਤੇ ਅਸੱਚ ਉਸ ਵਿਚ ਮਿਸ਼ਰੀ ਵਾਂਗ

ਪੰਜਾਬੀ ਪਰੰਪਰਾ ਦਾ ਹੀ ਹਿੱਸਾ ਹਨ। ਇਕ ਕੁ
ਤਖਸ਼ਿਲਾ ਦੀ, ਦੂਜੀ ਟੂੰਡੇ ਅਸਰਾਜ ਦੀ। ਟੂੰਡੇ
ਨਾਲ ਇਹ ਕਥਾ ਬਹੁਤ ਮੇਲ ਖਾਂਦੀ ਹੈ ਤੇ ਉਸੇ ਦਾ
ਜਾਪਦੀ ਹੈ। ਮਧ-ਕਾਲ ਵਿਚ ਪ੍ਰਸਿਧ ਵਿਅਕਤੀਅ
ਦੰਦ-ਕਥਾਵੀ ਅੰਸ਼ ਜੋੜਣ ਤੇ ਦੰਦ-ਕਥਾਵੀ ਸਾਮਗ੍ਰ
ਵਿਅਕਤੀ ਜੋੜਨ ਦੀ ਪ੍ਰਥਾ ਇਤਨੀ ਪ੍ਰਬਲ ਰਹ
ਸਾਮਗ੍ਰੀ ਉੱਤੇ ਹੀ ਨਹੀਂ, ਵਿਅਕਤੀ ਦੀ ਇਤਿਹਾਸ
ਉੱਤੇ ਵੀ ਸੰਦੇਹ ਕੀਤਾ ਜਾ ਸਕਦਾ ਹੈ।

ਪੂਰਨ ਦੀ ਕਥਾ ਇਕ ਅਰਥ ਭਰਪੂਰ ਰੂਪਕ ਹ
ਇਹ ਹਨੇਰੇ ਵਲੋਂ ਚਾਨਣ ਵਲ ਦੀ ਯਾਤ੍ਰਾ ਹੈ। ਅਗਿ
ਦੇ ਅੰਧ ਕੂਪ ਵਲੋਂ ਗਿਆਨ ਦੇ ਸੂਰਜ ਵਲ ਦਾ ਸ
ਪੂਰਨ ਪਹਿਲਾਂ ਮਾਂ ਦੀ ਕੁਖ ਦੇ ਹਨੇਰੇ ਵਿਚ ਰਿ
ਜਨਮ ਲੈਣ ਮਗਰੋਂ ਮਨੁੱਖ ਦੇ ਬਣਾਏ ਭੋਰੇ ਦੇ ਹਨੇਰੇ
ਮਗਰੋਂ ਥੋਪੇ ਗਏ ਪਾਪ ਕਾਰਨ ਅੰਗ ਵਢਾ ਕੇ
ਨਰਕੀ ਹਨੇਰੇ ਵਿਚ ਰਿਹਾ। ਗੋਰਖ ਨਾਥ ਦੇ ਦ
ਉਸ ਦੀ ਚਾਨਣ ਵਲ ਦੀ ਯਾਤ੍ਰਾ ਤੁਰਦੀ ਹੈ।
ਉਸ ਨੂੰ ਅੰਧ ਕੂਪ ਵਿਚੋਂ ਕਢਿਆ, ਪਰ ਉਹ ਸਮਾ
ਕਟਿਆ ਰਿਹਾ। ਇਸੇ ਲਈ ਉਹ ਸੁੰਦਰਾਂ ਦੇ ਸੱ
ਸਹਿਜ ਪਿਆਰ ਦਾ ਮੁਲ ਨਾ ਪਾ ਸਕਿਆ। ਤੇ
ਮੌਤ ਦਾ ਕਾਰਨ ਬਣਿਆ। ਗਿਆਨ ਕਚੇਰ
ਅਗਿਆਨਤਾ ਦੀ ਧੁੰਦ ਤਾਂ ਮਿਟ ਚੁਕੀ ਸੀ, ਪਰ
ਦਾ ਸੂਰਜ ਅਜੇ ਉਦੇ ਨਹੀਂ ਸੀ ਹੋਇਆ ਇ
ਗੋਰਖ ਨਾਥ ਨੇ ਪੂਰਨ ਭਗਤ ਦੇ ਪ੍ਰਾਪਤ ਕੀਤੇ ਗਿ
ਜੀਵਨ ਵਿਚ ਦਿਸ਼ਾ ਦੇਣ ਲਈ, ਉਸ ਨੂੰ ਮੁੜ
ਸਿਆਲਕੋਟ ਭੇਜਿਆ। ਉਸ ਦਾ ਜੋਗ ਕਲਿ
ਦਿਸ਼ਾ ਵਲ ਮੁੜਿਆ। ਪੂਰਨ ਨੇ ਲੋਕਾਂ ਦਾ ਦੁੱਖ ਦੇ
ਮਾਂ ਪਿਉ ਦੇ ਦੁੱਖ ਦਲਿਦਰ ਨੂੰ ਦੂਰ ਕੀਤਾ। ਪੂਰਨ
ਵਲ ਦੀ ਯਾਤ੍ਰਾ ਵਿਚ ਪਹਿਲਾ ਪ੍ਰਕ੍ਰਿਤੀ (ਬਾਗ)
ਛੁਹ ਨਾਲ ਹਰੀ ਹੋਈ, ਫਿਰ ਸਲਵਾਨ ਤੇ ਲੂ
ਇਛਰਾਂ ਜੋਗ ਮਤ ਦੀ ਅਸਲੀ ਯਾਤ੍ਰਾ ਸੰਸਾਰ ਤੋ
ਵਲ ਨਹੀਂ, ਅਗਿਆਨਤਾ ਤੋਂ ਗਿਆਨ ਵਲ ਤੇ
ਤੋਂ ਉਸ ਦੇ ਪ੍ਰਕਾਸ਼ ਵਲ ਹੈ, ਨਿਰਲ ਮੋਖ ਉ
ਹੋ ਰਹਿਣਾ ਨਹੀਂ, ਅੰਦਰਮੁਖ ਹੋਣ ਤੇ ਜਗੀ ਵਿ
ਵਿਚ ਹੈ ਅਤੇ ਮਨ ਦੇ ਪ੍ਰਕਾਸ਼ ਵਿਚ ਸੁਖਣੀ ਜੋ

ਰਵਾਇਤ ਹੈ ਕਿ ਸਲਵਾਨ ਦੇ ਹੁਕਮ ਦੀ ਪਾਲਨਾ ਕਰਦੇ ਹੋਏ, ਜਲਾਦਾਂ ਨੇ ਪੂਰਨ ਦੇ ਹੱਥ ਪੈਰ ਕਟ ਕੇ ਉਸ ਨੂੰ ਇਸੇ ਖੂਹ ਵਿਚ ਸੁਟਿਆ ਸੀ, ਜਿਥੋਂ ਗੋਰਖ ਨਾਥ ਨੇ ਉਸ ਨੂੰ ਕੱਢ ਕੇ ਉਸ ਦੇ ਅੰਗ ਆਪਣੀ ਦੈਵੀ ਸ਼ਕਤੀ ਨਾਲ ਮੁੜ ਸੁਰਜੀਤ ਕੀਤੇ ਸਨ।

ਇਸ ਖੂਹ ਦਾ ਪਾਣੀ ਬੜਾ ਠੰਡਾ ਤੇ ਨਰੋਆ ਹੈ ਅਤੇ ਫੋੜੇ ਫਿਨਸੀਆਂ ਜਾਂ ਖਾਰਸ਼ ਆਦਿ ਦੇ ਰੋਗਾਂ ਨੂੰ ਦੂਰ ਕਰਨ ਲਈ ਗੁਣਕਾਰੀ ਸਮਝਿਆ ਜਾਂਦਾ ਹੈ। ਇਥੇ ਹਰ ਐਤਵਾਰ ਤੇ ਦੂਜ ਦੀ ਤਿੱਥ ਨੂੰ ਮੇਲਾ ਲਗਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਇਸ ਖੂਹ ਉਤੇ ਇਸ਼ਨਾਨ ਕਰਨ ਨਾਲ ਤੇ ਪਾਣੀ ਦੀ ਚੂਲੀ ਭਰਨ ਨਾਲ, ਬਾਂਝ ਇਸਤ੍ਰੀਆਂ ਦੀ ਕੁਖ ਹਰੀ ਹੋ ਜਾਂਦੀ ਹੈ।

(ਪ-249) **ਪੂਰਨ ਦਾ ਭੋਰਾ** :

ਸਿਆਲਕੋਟ ਸ਼ਹਿਰ ਦੇ ਅੰਦਰ ਇਕ ਭੋਰਾ; ਰਵਾਇਤ ਹੈ ਕਿ ਇਸ ਭੋਰੇ ਵਿਚ ਜੋਤਸ਼ੀਆਂ ਦੇ ਆਖੇ ਲਗ ਕੇ, ਸਲਵਾਨ ਨੇ 12 ਸਾਲ ਪੂਰਨ ਨੂੰ ਰਖਿਆ ਸੀ।

(ਪ-250) **ਪੂਰਨਮਾਸ਼ੀ** :

ਚੰਦਰਮੇ ਦੇ ਚਾਨਣੇ ਪੱਖ ਦੀ ਪੰਦਰਵੀਂ ਤੇ ਅੰਤਮ ਤਿੱਥ, ਜਿਸ ਦਿਨ ਚੰਦਰਮਾ ਆਪਣੇ ਪੂਰੇ ਆਕਾਰ ਤੇ ਜਲੌ ਵਿਚ ਚਮਕ ਰਿਹਾ ਹੁੰਦਾ ਹੈ। ਹਿੰਦੂ ਸ਼ਾਸਤ੍ਰਾਂ ਅਨੁਸਾਰ ਪੂਰਨਮਾਸ਼ੀ ਦੀ ਤਿੱਥ ਦਾ ਵਿਸ਼ੇਸ਼ ਮਹਾਤਮ ਹੈ। ਇਸ ਦਿਨ ਕੀਤਾ ਦਾਨ ਦੂਣਾ ਚੌਣਾ ਹੋ ਕੇ ਫਲਦਾ ਹੈ। ਇਸ ਤਿੱਥ ਨੂੰ ਵਰਤ ਰਖਣ ਨਾਲ ਮਨੋ-ਕਾਮਨਾ ਦੀ ਸਿਧੀ ਹੁੰਦੀ, ਦੁਖ ਕਲੇਸ਼ ਕਟੇ ਜਾਂਦੇ ਅਤੇ ਕੁਕਰਮ ਧੋਤੇ ਜਾਂਦੇ ਹਨ। ਹਿੰਦੂਆਂ ਵਿਚ ਇਸ ਤਿੱਥ ਨੂੰ ਵਰਤ ਰਖ ਕੇ ਸਤਿਆ ਨਾਰਾਇਣ ਦੀ ਕਥਾ ਸੁਣਨ ਦੀ ਪ੍ਰਥਾ ਹੈ।

ਪੂਰਨਮਾਸ਼ੀਆਂ ਵਿਚੋਂ ਸਭ ਤੋਂ ਮਹਾਨ ਪੂਰਨਮਾਸ਼ੀ ਕੱਤਕ ਦੀ ਪੂਰਨਮਾਸ਼ੀ ਮੰਨੀ ਜਾਂਦੀ ਹੈ। ਕੱਤਕ ਦੀ ਪੂਰਨਮਾਸ਼ੀ ਨੂੰ ਪਾਵਨ ਨਦੀਆਂ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਹੈ। ਪੁਸ਼ਕਰ (ਰਾਜਸਥਾਨ) ਵਿਚ ਕੱਤਕ ਨੂੰ ਇਸ਼ਨਾਨ ਕਰਨ ਨਾਲ ਪ੍ਰਾਣੀ ਬ੍ਰਹਮਲੋਕ ਨੂੰ ਜਾਂਦਾ ਹੈ।

ਉਨ੍ਹਾਂ ਦੀ ਠੀਕ ਜਨਮ ਤਿਥੀ ਵਿਸਾਖ ਸੁਦੀ ਤਿੰਨ

ਪੂਰਨਮਾਸ਼ੀ ਵਾਲੇ ਦਿਨ ਕਿਸੇ ਕੰਮ ਨੂੰ ਸ਼ੁ
ਜਾਏ ਤਾਂ ਇਹ ਨਿਰਵਿਘਨ ਸਮਾਪਤ ਹੁੰਦਾ ਹੈ, ਇ
ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ।

(ਪ-251) **ਪੇਸ਼ਕਾਰਾ** :

ਜੰਞ ਦਾ ਢੁਕਾਉ; ਜਦੋਂ ਜੰਞ ਵਾਜੇ ਤੇ ਸ਼
ਨਾਲ ਕੰਨਿਆਂ ਦੇ ਬੂਹੇ ਉਤੇ ਢੁਕਦੀ ਹੈ, ਉਸ
ਚੜ੍ਹਤ; ਕਈ ਵਾਰ ਇਸ ਮੌਕੇ ਤੇ ਆਤਸ਼ਬਾਜ਼ੀ ਵੀ
ਜਾਂਦੀ ਹੈ। ਪੇਸ਼ਕਾਰੇ ਮਗਰੋਂ ਵਰ ਪੱਖ ਤੋਂ ਕੰਨਿ
ਵਾਲੇ ਇਕ ਦੂਜੇ ਨਾਲ ਮਿਲਣੀ ਕਰਦੇ ਹਨ।

(ਪ-252) **ਪੇਸ਼ੀ** :

ਮੁਸਲਮਾਨਾਂ ਵਿਚ ਦੁਪਹਿਰ ਤੋਂ ਮਗਰੋਂ ਦੀ ਨ

(ਪ-253) **ਪੇਟ** :

ਪੇਟ ਬਾਰੇ ਇਹ ਲੋਕ ਕਥਾ ਪ੍ਰਚਲਤ ਹੈ। ਇਕ
ਪੇਟ ਦਾ ਸਰੀਰ ਦੇ ਅੰਗਾਂ ਨਾਲ ਝਗੜਾ ਹੋ ਗਿਆ।
ਦੇ ਵੱਖੋ ਵੱਖ ਅੰਗਾਂ ਨੇ ਸ਼ਿਕਾਇਤ ਕੀਤੀ ਕਿ ਅ
ਦੀ ਸੇਵਾ ਕਰ ਕੇ ਥਕ ਗਏ ਹਾਂ। ਪੇਟ ਆਪ ਤਾਂ ਕੋ
ਕਰਦਾ ਨਹੀਂ ਕੇਵਲ ਸਾਡੇ ਆਸਰੇ ਜੀਅ ਰਿਹਾ ਹੈ
ਨੇ ਏਕਾ ਕਰ ਕੇ ਪੇਟ ਨੂੰ ਪਾਲਣਾ ਛੱਡ ਦਿਤਾ।
ਮੂੰਹ ਵਿਚ ਅੰਨ ਪਾਉਣ ਤੋਂ ਇਨਕਾਰ ਕਰ ਦਿਤਾ,
ਨੇ ਪੇਟ ਨੂੰ ਚੁਕ ਕੇ ਘੁਮਾਣ ਤੋਂ ਨਾਂਹ ਕਰ ਦਿਤੀ,
ਨੇ ਫੈਸਲਾ ਕਰ ਲਿਆ ਕਿ ਉਹ ਪੇਟ ਲਈ ਰੋਟ
ਚਿਥਣਗੇ। ਕੁਝ ਹੀ ਦਿਨਾਂ ਵਿਚ ਸਰੀਰ ਦੇ ਸਾ
ਬਹੁਤ ਕਮਜ਼ੋਰ ਤੇ ਨਿਰਬਲ ਹੋਣ ਲਗੇ ਕਿਉਂ ਜੋ ਪੇ
ਨਾ ਮਿਲਣ ਕਾਰਨ, ਉਨ੍ਹਾਂ ਦੀ ਲੋੜੀਂਦੀ ਪਾਲਨਾ
ਕਰ ਸਕਦਾ। ਛੇਤੀ ਹੀ ਸਭ ਅੰਗਾਂ ਨੇ ਅਨੁਭ
ਲਿਆ ਕਿ ਉਹ ਸਭ ਇਕ ਦੂਜੇ ਲਈ ਜ਼ਰੂ
ਲੋੜੀਂਦੇ ਹਨ।

ਇਹ ਨੀਤੀ ਕਥਾ ਈਸਪ ਦੀਆਂ ਨੀਤੀ-ਕਥਾਵਾਂ
ਮਿਲਦੀ ਹੈ। ਮਹਾਂਭਾਰਤ ਵਿਚ ਵੀ ਇਸ ਨਾਲ

ਬੱਚਾ ਹੁੰਦਾ ਹੈ ਅਤੇ ਮਾਪੇ ਇਸ ਨਾਲ ਜ਼ਿਆਦਾ ਪਿਆਰ ਕਰਦੇ ਹਨ।

### (ਪ-255) ਪੇਟਾ ਚਾੜ੍ਹਨਾ :

ਕਈ ਤੀਵੀਆਂ, ਜਿਨ੍ਹਾਂ ਦੀ ਕੁੱਖ ਹਰੀ ਨਹੀਂ ਹੁੰਦੀ, ਉਹ ਔਲਾਦ ਦੀ ਆਸ ਨਾਲ ਹਿਸਾਰ ਵਿਚ 'ਦਾਨਾ ਸ਼ੇਰ ਦੀ ਦਰਗਾਹ' ਤੇ ਜਾਂਦੀਆਂ ਅਤੇ ਬਕਰੇ ਦਾ ਪੇਟਾ (ਆਂਦਰਾਂ) ਚਾੜ੍ਹਨ ਦੀ ਸੁਖਣਾ ਸੁੱਖਦੀਆਂ ਹਨ। ਜਦੋਂ ਬੱਚਾ ਹੋ ਜਾਂਦਾ ਹੈ ਤਾਂ ਉਹ ਕੁਝ ਪੇਟਾ ਦਰਗਾਹ ਦੇ ਮੁਜਾਵਰ ਨੂੰ ਭੇਟ ਕਰਦੀਆਂ ਹਨ ਤੇ ਬਾਕੀ ਬਰਾਦਰੀ ਵਿਚ ਪ੍ਰਸ਼ਾਦਿ ਵਜੋਂ ਵੰਡਦੀਆਂ ਹਨ। ਬੱਚੇ ਦਾ ਮਾਂ ਦੀ ਆਂਦਰ ਅਥਵਾ ਪੇਟ ਨਾਲ ਜੁੜਿਆ ਸਬੰਧ ਮੰਨਿਆ ਜਾਂਦਾ ਹੈ ਅਤੇ ਪੇਟਾ ਚਾੜ੍ਹਨ ਨਾਲ ਆਂਦਰ ਮੌਲਦੀ ਹੈ।

### (ਪ-256) ਪੇਟੀ ਖੁਲ੍ਹਾਣੀ :

ਵਿਆਹ ਨਾਲ ਸੰਬੰਧਿਤ ਇਕ ਰਸਮ, ਜਿਸ ਵਿਚ ਦੁਲ੍ਹਨ ਤੋਂ ਨਨਾਣ, ਦਾਜ ਵਿਚ ਲਿਆਂਦੀ ਕਪੜਿਆਂ ਦੀ ਪੇਟੀ ਨੂੰ, ਪਹਿਲੀ ਵਾਰ ਖੁਲ੍ਹਵਾਂਦੀ ਤੇ ਕੋਈ ਇਕ ਸੂਟ ਲੈਂਦੀ ਹੈ।

ਵਿਆਹ ਤੋਂ ਮਗਰੋਂ ਤੀਜੇ ਚੌਥੇ ਦਿਨ ਸ਼ੁਭ ਸਮਾਂ ਵੇਖ ਕੇ ਇਹ ਰਸਮ ਕੀਤੀ ਜਾਂਦੀ ਹੈ। ਪਹਿਲਾਂ ਚਾਵਲਾਂ ਦੇ ਆਟੇ ਦੀਆਂ ਪਿੰਨੀਆਂ ਬਣਾ ਕੇ ਇਕ ਕੁੰਡ ਵਿਚ ਰਖ ਲਈਆਂ ਜਾਂਦੀਆਂ ਹਨ ਤੇ ਫਿਰ ਬਿਰਾਦਰੀ ਦੇ ਸਾਹਮਣੇ ਦੁਲ੍ਹਨ ਦਾਜ ਦੇ ਕਪੜਿਆਂ ਵਾਲੀ ਪੇਟੀ ਖੋਲ੍ਹਣ ਲਈ ਉਠਦੀ ਹੈ। ਉਸ ਦੀ ਵੱਡੀ ਨਨਾਣ ਉਸ ਦਾ ਹੱਥ ਰੋਕ ਲੈਂਦੀ ਹੈ ਤੇ ਪੇਟੀ ਖੋਲ੍ਹਣ ਨਹੀਂ ਦੇਂਦੀ। ਦੁਲ੍ਹਨ ਨਨਾਣ ਨੂੰ ਕਹਿੰਦੀ ਹੈ ਕਿ ਉਸ ਦੇ ਭਰੇ ਭਕੁੰਨੇ ਦਾਜ ਵਿਚੋਂ, ਉਹ ਜੋ ਬਸਤ੍ਰ ਚਾਹੇ ਲੈ ਲਏ। ਇਸ ਵੇਲੇ ਉਤੇ ਨਨਾਣ ਪੇਟੀ ਖੋਲ੍ਹਣ ਦੇਂਦੀ ਹੈ ਤੇ ਦਾਜ ਦਾ ਵਿਖਾਵਾ ਕੀਤਾ ਜਾਂਦਾ ਹੈ। ਇਸ ਮੌਕੇ ਉਤੇ ਚਾਵਲਾਂ ਦੀਆਂ ਪਿੰਨੀਆਂ, ਹਾਜ਼ਰ ਲੋਕਾਂ ਵਿਚ ਵੰਡੀਆਂ ਜਾਂਦੀਆਂ ਹਨ। ਇਹ ਰੀਤ ਲਹਿੰਦੇ ਵਿਚ ਪ੍ਰਚਲਤ ਹੈ।

### (ਪ-257)

### (ਪ-258) ਪੇੜਾ ਪੀਠੀ :

ਹਿੰਦੂਆਂ ਦੀ ਵਿਆਹ ਨਾਲ ਸੰਬੰਧਤ ਇ…
ਪਹਾੜੀ ਇਲਾਕੇ ਵਿਚ ਵਿਆਹ ਦਾ ਪਹਿ…
ਪੇੜਾ-ਪੀਠੀ ਨਾਲ ਕੀਤਾ ਜਾਂਦਾ ਹੈ। ਮਾਹ ਦ…
ਕਿਉਂ ਕੇ, ਉਸ ਦੀ ਪੀਠੀ ਦਾ ਪੇੜਾ ਬਣਾ ਕਿ…
ਹੈ। ਵਿਆਹੰਦੜ ਮੁੰਡੇ ਨੂੰ ਕਿਸੇ ਸ਼ੁਭ ਤਿੱਥ…
ਦੀ ਚੌਕੀ ਉਤੇ ਬਿਠਾ ਕੇ ਦਿਉਤਿਆਂ ਦੀ ਪੂ…
ਜਾਂਦੀ ਹੈ। ਖਾਸ ਤੌਰ ਤੇ ਲਛਮੀ ਦੇਵੀ ਦੀ। ਲ…
ਦੀ ਪੂਜਾ ਕਿਸੇ ਸਿੱਕੇ ਨੂੰ ਚਿੰਨ੍ਹ ਬਣਾ ਕੇ ਕੀਤੀ…
ਅਤੇ ਇਸ ਸਿੱਕੇ ਨੂੰ 'ਲਛਮੀ ਦੀ ਮੂਰਤੀ' ਕਿਹਾ…
ਸੰਭਾਲ ਕੇ ਰਖਿਆ ਜਾਂਦਾ ਹੈ ਅਤੇ ਮਗਰੋਂ…
ਵਿਚ ਵੀ ਵਰਤਿਆ ਜਾਂਦਾ ਹੈ। ਇਸ ਅਵਸਰ…
ਦੀ ਪੰਜੀਰੀ ਬਣਾ ਕੇ ਵੰਡੀ ਜਾਂਦੀ ਹੈ।

### (ਪ-259) ਪੇੜੇ :

ਕਿਸੇ ਪ੍ਰਾਣੀ ਦੀ ਮੌਤ ਮਗਰੋਂ ਦਾ ਪਹਿ…
ਇਸ ਸਰਾਧ ਨੂੰ ਪੇੜੇ ਕਿਹਾ ਜਾਂਦਾ ਹੈ। ਕਿਉਂ…
ਸਰਾਧ ਵਿਚ, ਪ੍ਰਾਣੀ ਨਮਿਤ ਗਊਆਂ ਨੂੰ ਪੇੜੇ ਖ…
ਹਨ। ਦੂਜੇ ਸਰਾਧ ਉਤੇ ਪ੍ਰੋਹਤਾਂ ਨੂੰ ਸੱਦ…
ਖਵਾਇਆ ਜਾਂਦਾ ਹੈ।

### (ਪ-260) ਪੇੜੇ ਦੇਣੇ :

ਵੈਸ਼ਨੋ ਮਤ ਵਾਲਿਆਂ ਵਿਚ ਪੇੜੇ ਦੇ ਦਾਨ…
ਮਹੱਤਵ ਹੈ। ਮੰਗਲਵਾਰ ਵਾਲੇ ਦਿਨ ਆਟੇ ਦੇ ਪੇ…
ਗਊਆਂ ਨੂੰ ਪਵਾਏ ਜਾਂਦੇ ਹਨ। ਵਰਤ ਵਾਲੇ…
ਕਈ ਤੀਵੀਆਂ ਗਊਆਂ ਨੂੰ ਪੇੜੇ ਖਵਾਂਦੀਆਂ ਹਨ।

### (ਪ-261) ਪੈਗ਼ੰਬਰ :

ਪ੍ਰਭੂ ਦਾ ਭੇਜਿਆ ਹੋਇਆ ਦੂਤ ਅਥ…
ਇਸਲਾਮ ਅਨੁਸਾਰ ਅੱਲ੍ਹਾ ਸੰਸਾਰ ਉਤੇ ਸਮੇਂ ਸ…
ਦੂਤ ਆਪਣਾ ਪੈਗ਼ੰਬਰ ਭੇਜਦਾ ਰਹਿੰਦਾ ਹੈ, …
ਪਾਪ ਤੇ ਜ਼ੁਲਮ ਦੇ ਰਾਹ ਤੋਂ ਰੋਕ ਕੇ ਨੇਕੀ ਤੇ ਪੁ…
ਤੇ ਪਾਉਂਦੇ ਰਹੇ ਹਨ। ਇਨ੍ਹਾਂ ਪੈਗ਼ੰਬਰਾਂ ਨੂੰ…

ਅਸ਼ੁਭ ਮੰਨੇ ਜਾਂਦੇ ਹਨ। ਹਿੰਦੂਆਂ ਦਾ ਵਿਸ਼ਵਾਸ ਹੈ ਕਿ ਇਨ੍ਹਾਂ ਨਛੱਤਰਾਂ ਦੀਆਂ ਖ਼ਾਸ ਖ਼ਾਸ ਤਿਥਾਂ ਨੂੰ ਜੇ ਕੋਈ ਸ਼ਖ਼ਸ ਮਰੇ ਤਾਂ ਉਸ ਦੇ ਮਗਰੋਂ ਚਾਰ ਜਣੇ ਹੋਰ ਮਰਦੇ ਹਨ। ਇਸ ਲਈ ਰੱਖਿਆ ਵਜੋਂ ਉਸ ਸ਼ਖ਼ਸ ਨਾਲ ਆਦਮੀਆਂ ਦੇ ਕੁਸਾ ਘਾਹ ਦੇ ਪੁਤਲੇ ਬਣਾ ਕੇ ਸਾੜੇ ਜਾਂਦੇ ਹਨ (ਵੇਖੋ : ਪੰਚਕ)।

(ਪ-263) **ਪੈਂੜਾ ਲੀਕਣਾ** :

ਪੁਰਾਣੇ ਵੇਲਿਆਂ ਦੀ ਸਫ਼ਰ ਤੇ ਜਾਣ ਵੇਲੇ ਦੀ ਇਕ ਰਸਮ; ਉਦੋਂ ਸਫ਼ਰ ਕਾਫ਼ੀ ਮੁਸ਼ਕਲ ਤੇ ਕਰੜੇ ਹੁੰਦੇ ਸਨ, ਇਸ ਲਈ ਲੋਕੀਂ ਮਹੂਰਤ ਕਢਵਾ ਕੇ ਘਰੋਂ ਨਿਕਲਦੇ। ਜੇ ਕੋਈ ਸ਼ਖ਼ਸ ਸ਼ੁਭ ਮਹੂਰਤ ਵੇਲੇ ਘਰੋਂ ਨਾ ਨਿਕਲ ਸਕਦਾ ਤਾਂ ਉਹ ਮਹੂਰਤ ਦੀ ਘੜੀ ਆਪਣੀ ਕੋਈ ਵਸਤੂ, ਬਿਸਤਰਾ ਸੋਟੀ ਆਦਿ ਲੈ ਕੇ ਘਰੋਂ ਤੁਰ ਪੈਂਦਾ ਤੇ ਇਹ ਸਾਮਾਨ ਕਿਸੇ ਦੇ ਘਰ ਰਖ ਆਉਂਦਾ। ਮੁੜ ਉਹ ਆਪਣੇ ਕੰਮ ਕਰਦਾ ਰਹਿੰਦਾ ਤੇ ਜਦੋਂ ਉਸ ਦਾ ਜੀਅ ਕਰਦਾ ਸਫ਼ਰ ਲਈ ਉਸ ਦੇ ਘਰੋਂ ਸਾਮਾਨ ਚੁਕ ਕੇ ਤੁਰ ਪੈਂਦਾ। ਕਈ ਵਾਰ ਮਹੂਰਤ ਦੀ ਘੜੀ ਬਾਕੀ ਕਾਫ਼ਲੇ ਨਾਲ ਥੋੜਾ ਜਿਹਾ ਤੁਰ ਕੇ ਉਨ੍ਹਾਂ ਨੂੰ ਸਾਮਾਨ ਦੇ ਦਿਤਾ ਜਾਂਦਾ ਤੇ ਮਗਰੋਂ ਕਿਸੇ ਦਿਨ ਸਫ਼ਰ ਸ਼ੁਰੂ ਕਰ ਕੇ ਕਾਫ਼ਲੇ ਨਾਲ ਜਾ ਰਲਦਾ। ਇਸ ਰਸਮ ਨੂੰ 'ਪੈਂਤਰਾ' ਵੀ ਕਹਿੰਦੇ ਹਨ।

(ਪ-264) **ਪੈਂਤਰਾ** :

(ਵੇਖੋ : ਪੈਂੜਾ ਲੀਕਣਾ)।

(ਪ-265) **ਪੈਂਦੜ** :

ਇਕ ਖ਼ਾਸ ਤਰ੍ਹਾਂ ਦਾ ਭੂਤ, ਜੋ ਕਈ ਰੂਪ ਧਾਰ ਕੇ ਲੋਕਾਂ ਨੂੰ ਡਰਾਉਂਦਾ ਤੇ ਖਜਲ-ਖਵਾਰ ਕਰਦਾ ਹੈ। ਪੈਂਦੜ ਲੋਹੇ ਤੋਂ ਬਹੁਤ ਡਰਦਾ ਹੈ, ਇਸ ਨੂੰ ਜੇ ਲੋਹਾ ਵਿਖਾ ਦਿਤਾ ਜਾਵੇ ਤਾਂ ਇਹ ਨਸ ਜਾਂਦਾ ਹੈ।

(ਪ-266) **ਪੈਰ** :

ਪੈਰਾਂ ਬਾਰੇ ਕਈ ਤਰ੍ਹਾਂ ਦੇ ਵਿਚਾਰ, ਭਰਮ ਵਹਿਮ ਤੇ ਮਨੌਤਾਂ ਲੋਕਾਂ ਵਿਚ ਪ੍ਰਚਲਤ ਹਨ। ਬਜ਼ੁਰਗਾਂ, ਮਹਾਂਪੁਰਖਾਂ

ਰਹੇ ਹੁੰਦੇ ਹਾਂ। ਧਾਰਨਾ ਹੈ ਕਿ ਅਸੀਂ ਕੋ
ਦੁਆਰਾ ਗ੍ਰਹਿਣ ਕਰਦੇ ਹਾਂ, ਇਸੇ ਲਈ
ਟੇਕ ਕੇ ਮਹਾਂਪੁਰਖਾਂ ਦੀ ਸ਼ਕਤੀ ਮਸਤਕ
ਕੀਤੀ ਜਾਂਦੀ ਹੈ। ਇਸੇ ਲਈ ਚਰਨਾਂ
ਮਗਰੋਂ ਉਹ ਆਪਣੇ ਹੱਥ ਮੱਥੇ ਉਤੇ ਫੇ
ਮਸਤਕ ਦੁਆਰਾ ਉਹ ਸ਼ਕਤੀ ਗ੍ਰਹਿਣ ਹੋ ਜ
ਪੈਰਾਂ ਹੇਠ ਹੱਥ ਰਖਣਾ ਮੁਹਾਵਰੇ ਦੇ ਅ
ਸਤਿਕਾਰ ਕਰਨਾ।

ਪਹਿਲਿਆਂ ਵਿਚ ਚੇਲੇ ਗੁਰੂ ਨੂੰ ਧਾਰਨ
ਪੈਰਾਂ ਦਾ ਧੋਣ, ਜਿਸ ਨੂੰ ਚਰਨਾਮ੍ਰਿਤ ਕਹਿ
ਕਰਦੇ ਸਨ। ਗੁਰੂ ਆਪਣੇ ਅਨੁਯਾਈਆਂ ਨੂੰ
ਵੇਲੇ ਚਰਨਾਮ੍ਰਿਤ ਪਿਲਾਂਦੇ ਸਨ। ਕਿਧਰੇ
ਇਸ ਦਾ ਰਿਵਾਜ ਹੈ।

ਪੈਰਾਂ ਦੀਆਂ ਉਂਗਲਾਂ ਨਾਲ ਕੁਝ ਵ
ਹਨ। ਜਿਸ ਕੰਨਿਆਂ ਦੇ ਪੈਰਾਂ ਦੀਆਂ ਚ
ਧਰਤੀ ਨਾਲ ਛੂਹ ਰਹੀਆਂ ਹੋਣ, ਉਹ ਛੇ
ਜਾਂਦੀ ਹੈ। ਜੇ ਕਿਸੇ ਕੰਨਿਆਂ ਦੇ ਪੈਰ ਦੇ ਅੰ
ਦੀ ਉਂਗਲੀ ਅੰਗੂਠੇ ਨਾਲੋਂ ਵੱਡੀ ਹੋਵੇ ਤਾਂ
ਮਤਿ ਵਿਚ ਕਮਜ਼ੋਰ ਹੁੰਦੀ ਹੈ।

ਜਿਸ ਦੇ ਪੈਰਾਂ ਦੀਆਂ ਤਲੀਆਂ ਵਿਚ
ਉਹ ਇਕ ਥਾਂ ਟਿਕ ਕੇ ਨਹੀਂ ਬੈਠਦਾ।
ਜ਼ਿਆਦਾ ਹੋਣਗੇ, ਉਤਨੀ ਜ਼ਿਆਦਾ ਯਾਤ੍ਰਾ ਕ

(ਪ-267) **ਪੈਰ ਗਲਾ** :

ਵਿਆਹ ਨਾਲ ਸਬੰਧਿਤ ਇਕ ਰੀਤ ਜੋ
ਅੱਟਕ) ਦੇ ਮੁਸਲਮਾਨਾਂ ਵਿਚ ਪ੍ਰਚਲਤ ਹੈ।
ਪ੍ਰਵਾਰ ਦੀਆਂ ਕੁਝ ਤੀਵੀਆਂ ਲੜਕੇ ਨੂੰ ਨਾਲ
ਵਾਲਿਆਂ ਦੇ ਘਰ, ਪਹਿਲੋਂ ਤੋਂ ਨਿਸ਼ਚਤ
ਜਾਂਦੀਆਂ ਹਨ। ਲੜਕੀ ਵਾਲੇ ਇਨ੍ਹਾਂ ਸਭਨ
ਤੇ ਆਉ ਭਗਤ ਕਰਦੇ ਤੇ ਨਾਲ ਆਈਆਂ ਸ
ਇਕ ਇਕ ਫੁੱਲਣ ਸਗਨ ਵਜੋਂ ਭੇਟ ਕਰਦੇ
ਇਕ ਰਾਤ ਠਹਿਰ ਕੇ ਵਾਪਸ ਚਲੀਆਂ ਜਾਂਦੀ
ਲੜਕਾ ਕੁਝ ਦਿਨ ਸਹੁਰੇ ਹੀ ਠਹਿਰਦਾ ਹੈ।

(ਪ-268) **ਪੈਰ ਚੱਕਰ** :

ਜਿਸ ਸ਼ਖ਼ਸ ਦੇ ਪੈਰਾਂ ਵਿਚ ਚੱਕਰ ਹੋਵੇ ਉਹ ਇਕ ਥਾਂ ਟਿਕ ਕੇ ਨਹੀਂ ਬੈਠਦਾ। ਜੇ ਪੈਰਾਂ ਦੇ ਹੇਠਾਂ ਵੱਡੀਆਂ ਵੱਡੀਆਂ ਲਕੀਰਾਂ ਹੋਣ ਤਾਂ ਉਸ ਦੀ ਕਿਸਮਤ ਵਿਚ ਲੰਮੇ ਸਫ਼ਰ ਲਿਖੇ ਹੁੰਦੇ ਹਨ। ਬਹੁਤੇ ਘੁੰਮਣ ਫਿਰਨ ਵਾਲੇ ਸ਼ਖ਼ਸ ਨੂੰ ਕਿਹਾ ਜਾਂਦਾ ਹੈ—ਤੇਰੇ ਪੈਰਾਂ ਵਿਚ ਚੱਕਰ ਏ।

(ਪ-269) **ਪੈਰ ਛੂਹਣੇ** :

ਮਹਾਂਪੁਰਖਾਂ ਦੇ ਅੰਦਰ ਜੋ ਸ਼ੁਭ ਗੁਣਾਂ ਤੇ ਅਧਿਆਤਮਕ ਸ਼ਕਤੀ ਦਾ ਪ੍ਰਵਾਹ ਚਲ ਰਿਹਾ ਹੁੰਦਾ ਹੈ ਉਸ ਦਾ ਅੰਸ਼ ਪੈਰਾਂ ਦੁਆਰਾ ਬਾਹਰ ਨਿਕਲਦਾ ਹੈ। ਇਸ ਅੰਸ਼ ਨੂੰ ਗ੍ਰਹਿਣ ਕਰਨ ਲਈ ਮਹਾਂਪੁਰਖਾਂ ਦੇ ਪੈਰਾਂ ਨੂੰ ਛੂਹਿਆ ਜਾਂਦਾ ਅਤੇ ਮੱਥੇ ਟੇਕੇ ਜਾਂਦੇ ਹਨ। ਲੋਕਧਾਰਾ ਅਨੁਸਾਰ ਜੀਵ ਮਸਤਕ ਰਾਹੀਂ ਕੋਈ ਸ਼ਕਤੀ ਗ੍ਰਹਿਣ ਕਰਦਾ ਹੈ। ਜਦੋਂ ਕੋਈ ਸ਼ਖ਼ਸ ਕਿਸੇ ਮਹਾਂਪੁਰਖ ਦੇ ਪੈਰਾਂ ਉਤੇ ਮੱਥਾ ਟੇਕਦਾ ਹੈ ਤਾਂ ਉਸ ਦੇ ਪੈਰਾਂ ਵਿਚੋਂ ਨਿਕਲ ਰਹੀ ਸੁੱਚੇ ਗੁਣਾਂ ਦੀ ਕਣੀ ਮੱਥਾ ਟੇਕਣ ਵਾਲੇ ਦੇ ਮਸਤਕ ਦੁਆਰਾ ਉਸ ਦੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਪੈਰ ਛੂਹ ਕੇ ਮਹਾਂਪੁਰਖ ਦੀ ਸ਼ਕਤੀ ਨੂੰ ਮੱਥੇ ਜਾਂ ਹੱਥਾਂ ਦੁਆਰਾ ਸਮੇਟ ਕੇ ਆਪਣੇ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਚਰਨ ਧੂੜੀ ਨੂੰ ਇਸੇ ਲਈ ਪਾਵਨ ਮੰਨਿਆ ਜਾਂਦਾ ਹੈ। ਚਰਨ ਧੂੜੀ ਦੁਆਰਾ ਮਹਾਂਪੁਰਖਾਂ ਦੀ ਮੂਲ ਦੈਵੀ ਕਣੀ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸ ਪਿਛੇ ਸਹਾਨੁਭੂਤੀ ਟੂਣੇ ਦਾ ਵਿਚਾਰ ਕੰਮ ਕਰਦਾ ਹੈ। ਜਿਸ ਅਨੁਸਾਰ ਅੰਸ਼ ਤੋਂ ਅੰਸ਼ੀ ਤਕ ਪਹੁੰਚਿਆ ਜਾ ਸਕਦਾ ਹੈ (ਵੇਖੋ : ਚਰਨ ਧੂੜੀ)।

(ਪ-270) **ਪੈਰਾਂ ਦੀ ਭਾਜੀ** :

ਜੇ ਦੋ ਪ੍ਰਵਾਰਾਂ ਵਿਚ ਵਿਆਹ ਸ਼ਾਦੀ, ਮੁੰਡਣ ਤੇ ਹੋਰ ਸੰਸਕਾਰਾਂ ਉਤੇ ਕੇਵਲ ਆਉਣ ਜਾਣ ਤੇ ਵਧਾਈ ਦੇਣ ਦੀ ਹੀ ਪਿਰਤ ਹੋਵੇ ਅਤੇ ਉਹ ਹੋਰ ਕੋਈ ਲੈਣ ਦੇਣ ਨਾ ਕਰਨ ਅਥਵਾ ਸ਼ਗਨ ਵਜੋਂ ਇਕ ਦੂਜੇ ਦੀ ਤਲੀ ਉਤੇ ਰੁਪਏ ਨਾ ਧਰਨ ਤੇ ਮਠਿਆਈ ਦੀ ਭਾਜੀ ਵੀ ਲਈ ਦਿੱਤੀ ਨਾ ਜਾਵੇ ਤਾਂ ਇਸ ਭਾਜੀ ਨੂੰ ਪੈਰਾਂ ਦੀ ਭਾਜੀ ਆਖਦੇ ਹਨ। ਵੱਡੇ ਪਿੰਡਾਂ ਜਾਂ ਸ਼ਹਿਰਾਂ ਵਿਚ ਘਰ ...

(ਪ-271) **ਪੈਰੀਂ ਪਵਾਈ** :

ਵਿਆਹ ਵੇਲੇ ਦੀ ਉਹ ਰਸਮ ਜੋ ਸਹੁਰੇ ਲਾੜੇ ਜਾਂ ਲਾੜੀ ਨੂੰ ਆਪਣੇ ਸਹੁਰੇ ਪ੍ਰਵਾਰ ਦੀਆਂ ਭਾਬੀਆਂ, ਸੱਸ, ਜਠਾਣੀ, ਨਨਾਣ ਆਦਿ ਤੋਂ ... ਕਰਨ ਜਾਂ ਮੱਥਾ ਟੇਕਣ ਤੇ ਮਿਲਦੀ ਹੈ।

(ਪ-272) **ਪੈਰੀਂ ਪੈਣਾ** :

ਪੰਜਾਬ ਵਿਚ ਜਦੋਂ ਕੋਈ ਛੋਟਾ ਆਪਣੇ ... ਰਿਸ਼ਤੇਦਾਰ ਨੂੰ ਮਿਲਦਾ ਹੈ ਤਾਂ ਝੁਕ ਕੇ ਉਸ ਦੇ ... ਛੂੰਹਦਾ ਹੈ। ਇਸ ਕਿਰਿਆ ਨੂੰ ਪੈਰੀਂ ਪੈਣਾ ਕਹਿ... ਹੁਣ ਇਸ ਦਾ ਰਵਾਜ ਘਟਦਾ ਜਾ ਰਿਹਾ ਹੈ। ਪੈ... ਕੇਵਲ ਬਜ਼ੁਰਗਾਂ ਨੂੰ ਹੀ ਦਿੱਤਾ ਜਾਂਦਾ ਹੈ।

(ਪ-273) **ਪੋਸਤੀ** :

ਪੋਸਤ ਦਾ ਡੋਡਾ ਘੋਟ ਕੇ ਪੀਣ ਵਾਲਾ ... ਅਫ਼ੀਮਚੀਆਂ ਤੇ ਚਰਸੀਆਂ ਵਾਂਗ ਪੋਸਤੀ ਵੀ ... ਦਲਿੱਦਰੀ ਤੇ ਕਮਜ਼ੋਰ ਹੁੰਦੇ ਹਨ। ਪੰਜਾਬ ਵਿਚ ... ਬਾਰੇ ਕਈ ਟੱਪੇ ਤੇ ਕਹਾਵਤਾਂ ਪ੍ਰਚਲਤ ਹਨ। ਪੋਸ... ਪੋਸਤ ਦੀ ਮਹਿਮਾ ਵਿਚ ਅਨੇਕਾਂ ਟੱਪੇ ਬਣਾਏ ... ਜਿਨ੍ਹਾਂ ਵਿਚੋਂ ਕੁਝ ਹੇਠਾਂ ਦਿੱਤੇ ਜਾਂਦੇ ਹਨ :

(1) ਪੋਸਤਾ ਦਿਲ ਦੋਸਤਾ,  
ਤੇਰਾ ਸੋਨੇ ਮੜ੍ਹਾਵਾਂ ਬੂਟਾ  
ਸੌ ਰੁਪਏ ਦੀ ਪੀਨਕ ਦੇਨਾ ਏਂ,  
ਹਜ਼ਾਰ ਰੁਪਏ ਦਾ ਝੂਟਾ।

(2) ਪੋਸਤਾ ਦਿਲ ਦੋਸਤਾ,  
ਤੇਰੇ ਤੇ ਨੂਰ ਨਬੀ ਦਾ ਸਾਇਆ  
ਦੀਨ ਦੁਨੀ ਦਾ ਥੰਮ ਸੁਣੀਂਦਾ ਏਂ,  
ਤੂੰ ਮਿਲਿਆ ਰੱਬ ਪਾਇਆ।

(3) ਸੇਰ ਭਰ ਪੋਸਤ, ਪਾ ਅਫ਼ੀਮ ਦਾ  
ਦੇਹ ਮਿਸ਼ਰੀ ਦਾ ਨੁਕਲ ਕਰਮ ਕਰੀਮ ਦਾ  
ਕੌੜਾ ਹੋਵੇ ਤੰਬਾਕੂ ਤੇ ਪੀ ਪੀ ਡੋਲੀਏ  
ਇਹ ਦੇਵੇ ਕਰਤਾਰ ਤਾਂ ਫੇਰ ਨਾ ਬੋਲੀਏ।

ਪਰ ਲੋਕਾਂ ਨੇ ਕਈ ਟੋਟਕਿਆਂ ਵਿਚ ਪੋਸਤੀ... ਮਖੌਲ ਉਡਾਇਆ ਹੈ ਤੇ ਪੋਸਤ ਦੇ ...

(3) ਮੈਂ ਪੋਸਤੀ ਵਡੇ ਸ਼ਿਕਾਰ,
ਮੱਖੀ ਘੇਰੀ ਵਿਚ ਬਜ਼ਾਰ
ਮਾਰੀ ਨਹੀਂ ਪਰ ਲੰਙੜੀ ਕੀਨੀ,
ਇਹ ਵੀ ਫ਼ਤਹ ਖ਼ੁਦਾ ਨੇ ਦੀਨੀ।

ਪੋਸਤੀਆਂ ਬਾਰੇ ਕਈ ਲਘੂ ਕਥਾਵਾਂ ਤੇ ਹਸਾਉਣੀਆਂ ਵੀ ਪ੍ਰਚਲਤ ਹਨ :

(ੳ) ਇਕ ਪੋਸਤੀ ਖੂਹ ਵਿਚ ਡਿਗ ਗਿਆ, ਉਥੇ ਪਹਿਲਾਂ ਹੀ ਇਕ ਆਦਮੀ ਡਿਗਿਆ ਪਿਆ ਸੀ। ਪੋਸਤੀ ਨੇ ਉਸ ਨੂੰ ਖੂਹ ਵਿਚ ਵੇਖ ਕੇ ਪੁੱਛਿਆ, "ਭਈ ਤੂੰ ਕੌਣ ਏਂ।" ਉਸ ਅੱਗੋਂ ਉੱਤਰ ਦਿਤਾ, "ਮੈਂ ਇਸੇ ਪਿੰਡ ਦਾ ਹਟਵਾਣੀਆਂ ਹਾਂ, ਸ਼ਹਿਰੋਂ ਸੌਦਾ ਲੈ ਕੇ ਆ ਰਿਹਾ ਸੀ ਕਿ ਪੈਰ ਤਿਲਕਣ ਕਾਰਨ ਖੂਹ ਵਿਚ ਡਿਗ ਪਿਆ।" ਪੋਸਤੀ ਹੱਸ ਪਿਆ ਤੇ ਬੋਝੇ ਵਿਚੋਂ ਪੈਸਾ ਕੱਢ ਕੇ ਕਹਿਣ ਲਗਾ, "ਸ਼ਾਹ ਜੀ ਠੰਢ ਲਗ ਰਹੀ ਏ, ਇਕ ਪੈਸੇ ਦਾ ਗੁੜ ਤਾਂ ਦਿਉ।"

(ਅ) ਇਕ ਮੱਖੀ ਕਿਸੇ ਪੋਸਤੀ ਦੇ ਸਰੀਰ ਉੱਤੇ ਆ ਬੈਠੀ। ਪੋਸਤੀ ਢਿਲੀ ਜਿਹੀ ਆਵਾਜ਼ ਵਿਚ ਕਹਿਣ ਲਗਾ, "ਹਾਇ ਮਾਂ, ਮਾਰਦੀ ਏ।" ਅੰਦਰੋਂ ਮਾਂ ਨੇ ਆਵਾਜ਼ ਸੁਣ ਕੇ ਕਿਹਾ, "ਕਿਹੜੀ ਚੰਦਰੀ ਮੇਰੇ ਲਾਡਲੇ ਨੂੰ ਮਾਰਦੀ ਏ," ਪੋਸਤੀ ਹੋਰੀਂ ਕਹਿਣ ਲਗੇ "ਮਾਂ ਮੱਖੀ ਏ।" ਮਾਂ ਕਹਿਣ ਲਗੀ "ਪੁਤਰ, ਉਡਾ ਦੇ" ਪੋਸਤੀ ਹੋਰੀਂ ਕਹਿਣ ਲਗੇ, "ਮਾਂ ਇਕ ਨਹੀਂ ਦੋ ਨੇ।"

(ੲ) ਇਕ ਪੋਸਤੀ ਦੇ ਘਰ ਪ੍ਰਾਹੁਣਾ ਆ ਗਿਆ। ਘਰ ਮੰਜੇ ਘਟ ਹੋਣ ਕਰ ਕੇ ਗੁਆਂਢੀਆਂ ਦੇ ਘਰੋਂ ਉਹ ਮੰਜੀ ਮੰਗਣ ਗਿਆ। ਗੁਆਂਢੀ ਨੇ ਕੋਠੇ ਤੋਂ ਮੰਜੀ ਲਮਕਾਈ ਤੇ ਪੋਸਤੀ ਹੇਠਾਂ ਕੰਧ ਨਾਲ ਲਗ ਕੇ ਮੰਜੀ ਪਕੜਨ ਲਗਾ। ਮੰਜੀ ਪਕੜਦਿਆਂ ਹੀ ਪੀਨਕ ਆ ਗਈ ਤੇ ਉਥੇ ਹੀ ਰਾਤ ਭਰ ਕੰਧ ਨਾਲ ਲੱਗਾ ਖੜਾ ਰਿਹਾ। ਮੂੰਹ ਝਾਖੜੇ ਗੁਆਂਢੀ ਦੀ ਅੱਖ ਖੁਲ੍ਹੀ ਤੇ ਉਸ ਕੰਧ ਨਾਲ ਮੰਜਾ ਲਟਕਿਆ ਵੇਖ ਕੇ ਸਮਝਿਆ ਕਿ ਪੋਸਤੀ ਸਵੇਰੇ ਸਵੇਰੇ ਮੰਜਾ ਵਾਪਸ ਕਰਨ ਆਇਆ ਹੈ। ਗੁਆਂਢੀ ਨੇ ਮੰਜੀ ਉਪਰ ਵਲ ਖਿਚਦਿਆਂ ਆਖਿਆ, "ਐਡੀ ਕਿਹੜੀ ਕਾਹਲ ਸੀ। ਮੂੰਹ ਹਨੇਰੇ ਮੰਜੀ ਕਿਉਂ ਵਾਪਸ ਕਰਨ ਆ ਗਿਆ ਏਂ," ਝਟਕੇ ਨਾਲ ਪੋਸਤੀ ਦੀ ਪੀਨਕ ਖੁਲ੍ਹ ਗਈ ਤੇ ਕਹਿਣ ਲਗਾ, "ਯਾਰ ਮੈਂ ਤਾਂ

ਡਿਗਾ ਏਂ। ਪੋਸਤੀ ਪਿੰਡ ਦੇ ਲੋਕਾਂ ਨੂੰ ਗ
ਕਹਿਣ ਲਗਾ, "ਇਥੋਂ ਦੇ ਲੋਕ ਬੜੇ ਖੋਰੀ ਹਨ
ਪਿਆ ਸਾਂ, ਮੇਰੇ ਦੁਆਲੇ ਇੱਟਾਂ ਲਗਾ ਕੇ ਖੂਹ
ਤੇ ਫਿਰ ਉਸ ਵਿਚ ਪਾਣੀ ਭਰ ਦਿਤਾ, ਮੈਂ ਹੁ
ਵਿਚ ਨਹੀਂ ਰਹਿਣਾ।"

(ਪ-274) **ਪੋਹ** :

ਦੇਸੀ ਸਾਲ ਦਾ ਦਸਵਾਂ ਮਹੀਨਾ, ਇਹ
ਗਿਣਿਆ ਜਾਂਦਾ ਹੈ। ਤੇ ਇਸ ਮਹੀਨੇ ਹਿੰਦੂ
ਜਾਂ ਕੋਈ ਹੋਰ ਮੰਗਲ ਕਾਰਜ ਨਹੀਂ ਕਰਦੇ।
ਦੀ ਪੂਰਨਮਾਸ਼ੀ ਪੁਸ਼ਯ ਨਛੱਤ੍ਰ ਵਿਚ ਆਉਂਦੀ
ਇਸ ਦਾ ਨਾਉਂ ਪੋਖ ਪੈ ਗਿਆ।

(ਪ-275) **ਪੋਹੀਆ** :

ਕਰਵਾ ਚੌਥ ਵਾਲੇ ਦਿਨ, ਜਿਨ੍ਹਾਂ ਸੁਹਾਗਣ
ਰਖਿਆ ਹੁੰਦਾ ਹੈ, ਉਹ ਵਰਤ ਪੂਜਣ ਮਗਰੋਂ
ਮਠਿਆਈ ਤੇ ਹੋਰ ਪਦਾਰਥਾਂ ਦਾ ਥਾਲ ਭੇਟ ਕ
ਉਸ ਨੂੰ 'ਪੋਹੀਆ' ਕਿਹਾ ਜਾਂਦਾ ਹੈ। ਪੋ
ਮਠਿਆਈ ਤੋਂ ਬਿਨਾਂ ਬਦਾਮ, ਖੋਪਾ, ਕੁਝ
ਨਕਦ ਰੁਪਏ ਹੁੰਦੇ ਹਨ। ਪੋਹੀਏ ਨੂੰ 'ਬਯਾ'
ਹਨ। ਜਿਸ ਸੁਹਾਗਣ ਦੀ ਸੱਸ ਨਾ ਹੋਵੇ, ਉਹ
ਕਿਸੇ ਵਡੇਰੀ ਤੀਵੀਂ ਨੂੰ, ਪੋਹੀਆ ਦੇ ਕੇ
(ਵੇਖੋ : ਕਰਵਾ ਚੌਥ)।

(ਪ-276) **ਪੋਖਾ** :

ਕਿਸੇ ਕੰਮ ਨੂੰ ਛੂਹਣ ਵੇਲੇ ਸਭ ਤੋਂ ਪਹਿਲਾਂ
ਸ਼ਖ਼ਸ ਦੀ ਬਰਕਤ ਜਾਂ ਬੇਬਰਕਤ ਦਾ ਚੋਗਾ ਮੱ
ਲੋਕਾਂ ਦਾ ਨਿਸ਼ਚਾ ਹੈ ਕਿ ਕਿਸੇ ਕੰਮ ਨੂੰ ਸ਼ੁਰੂ
ਜਿਹੜਾ ਸ਼ਖ਼ਸ ਸਭ ਤੋਂ ਪਹਿਲਾਂ ਮੱਥੇ ਲਗਦਾ
ਚੰਗਾ ਜਾਂ ਮੰਦਾ ਅਸਰ ਉਸ ਕੰਮ ਉਤੇ ਜ਼ਰੂਰ
ਜੇ ਮੱਥੇ ਲਗਣ ਵਾਲਾ ਸ਼ਖ਼ਸ ਬਰਕਤ ਵਾਲ
ਕੰਮ ਪ੍ਰਗਤੀ ਨਾਲ ਅਗੇ ਵਧਦਾ ਹੈ, ਜੇ ਕਦ
ਮੱਥੇ ਲਗੇ ਤਾਂ ਕੰਮ ਕਰਨ ਨੂੰ ਜੀਅ ਨਹੀਂ ਕਰਦ
ਨਿਪਟਦਾ ਨਹੀਂ।

ਭੈੜੇ ਪੈਰੇ ਵਾਲੇ ਦਾ ਪੋਖਾ ਲਿਆ ਏ।''

ਕੰਮ ਨੂੰ ਛੂਹਣ ਵੇਲੇ, ਕਈ ਸਵਾਣੀਆਂ, ਪੋਖੇ ਦਾ ਉਚੇਚਾ ਧਿਆਨ ਰਖਦੀਆਂ ਹਨ। ਸਵਾਣੀਆਂ ਦੁੱਧ ਰਿੜਕਣ, ਚਰਖਾ ਕੱਤਣ, ਕਢਾਈ ਸਿਲਾਈ ਅਥਵਾ ਕੋਈ ਹੋਰ ਕੰਮ ਛੂਹਣ ਲਗਿਆਂ ਕਿਸੇ ਉਦਮੀ ਤੇ ਮਿਹਨਤੀ ਸ਼ਖ਼ਸ ਦਾ ਪੋਖਾ ਲੈਂਦੀਆਂ ਹਨ ਤੇ ਕਈ ਵਾਰ ਅਜਿਹੇ ਮੌਕੇ ਉਤੇ ਕਿਸੇ ਚੰਗੇ ਪੋਖੇ ਵਾਲੇ ਨੂੰ ਉਚੇਚਾ ਸਦ ਕੇ, ਉਸ ਦਾ ਪੋਖਾ ਵੀ ਲੈ ਲਿਆ ਜਾਂਦਾ ਹੈ। ਕਈ ਵਾਰ ਜੇ ਚੰਗੇ ਪੋਖੇ ਵਾਲਾ ਨਾ ਮਿਲੇ ਤਾਂ ਸਵਾਣੀਆਂ ਕੰਮ ਛੂਹਣ ਮਗਰੋਂ ਖੁਦ ਹੀ ਖਲੋ ਕੇ ਆਪਣਾ ਪੋਖਾ ਲੈ ਲੈਂਦੀਆਂ ਹਨ।

ਜੇ ਕੰਮ ਛੂਹਣ ਲਗਿਆਂ, ਬਹੁਤ ਸਾਰੀਆਂ ਤੀਵੀਆਂ ਬੈਠੀਆਂ ਹੋਣ, ਤਾਂ ਉਸ ਸਵਾਣੀ ਦਾ ਪੋਖਾ ਗਿਣਿਆ ਜਾਂਦਾ ਹੈ, ਜਿਹੜੀ ਉਨ੍ਹਾਂ ਵਿਚੋਂ ਪਹਿਲਾਂ ਉਠ ਖਲੋਂਦੀ ਹੈ। ਬੈਠੀ ਦਾ ਪੋਖਾ ਨਹੀਂ ਹੁੰਦਾ :

ਲੋਕ ਗੀਤਾਂ ਵਿਚ ਪੋਖੇ ਦਾ ਜ਼ਿਕਰ ਆਉਂਦਾ ਹੈ :

ਤੇਰੀ ਤੰਦ ਨਾ ਟੁਟੇ ਮੁਟਿਆਰੇ
ਪੋਖਾ ਲੈ ਲੈ ਨਿਕੇ ਦਿਉਰ ਦਾ।

(ਪ-277) **ਪੋਖੀ** :

(ੳ) ਖੇਤ ਵਿਚ ਪਿਛਲੇ ਸਾਲ ਦੀ ਬੀਜੀ ਫਸਲ ਦੀ ਕਟਾਈ ਮਗਰੋਂ ਆਪਣੇ ਆਪ ਉਗ ਜਾਂ ਪੁੰਗਰ ਆਏ ਬੂਟਿਆਂ ਨੂੰ, ਮੁਲਤਾਨੀ ਵਿਚ 'ਪੋਖੀ' ਕਹਿੰਦੇ ਹਨ। ਅਜਿਹੀ ਫਸਲ ਨੂੰ ਮੁਲਤਾਨੀ ਚੰਗੀ ਨਹੀਂ ਸਮਝਦੇ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਪੋਖੀ ਮੱਟਰਾਂ ਦੇ ਬੂਟਿਆਂ ਵਿਚ ਬੈਠਣ ਨਾਲ ਅਥਵਾ ਖਾਣ ਨਾਲ ਲੱਤਾਂ ਵਿਚ ਜੋੜਾਂ ਦਾ ਦਰਦ ਪੈਦਾ ਹੋ ਜਾਂਦਾ ਹੈ ਤੇ ਕਈ ਵਾਰ ਲੱਤਾਂ ਮਾਰੀਆਂ ਜਾਂਦੀਆਂ ਹਨ। ਇਸ ਬਾਰੇ ਕਹਾਵਤ ਵੀ ਹੈ :

ਪੋਖੀ ਮੱਟਰ ਖਾ, ਜੋੜਾਂ ਦਾ ਤਮਾ ਲਹਾ।

(ਅ) ਜਿਸ ਦਾ ਪੋਖਾ ਲਿਆ ਗਿਆ ਹੋਵੇ।

(ਪ-278) **ਪੋਤੜਾ** :

ਜੰਮਦੇ ਜਾਂ ਛੋਟੇ ਬੱਚੇ ਦੇ ਹੇਠ ਮਲ-ਮੂਤਰ ਤੋਂ ਬਚਾਉਣ ਲਈ ਵਿਛਾਇਆ ਅਥਵਾ ਰਖਿਆ ਕਪੜਾ। ਪੋਤੜੇ ਦੇ ਕਪੜੇ ਉਤੇ ਜਾਦੂ ਟੂਣਾ ਬਹੁਤ ਛੇਤੀ ਚਲਦਾ ਹੈ। ਇਸ ਲਈ ਮਾਵਾਂ ਆਪਣੇ ਬੱਚਿਆਂ ਦੇ ਪੋਤੜੇ ਸੰਭਾਲ ਕੇ ਰਖਦੀਆਂ ਤੇ ਕਿਸੇ ਟੂਣੇਹਾਰੀ ਦੇ ਹੱਥ ਲਗਣ ਨਹੀਂ

ਹੈ। ਜੇ ਕਿਸੇ ਬੱਚੇ ਦੇ ਪੋਤੜੇ ਦੀ ਲੀਰ ਨੂੰ ਅੱਗ ਵਿਚ ਸੁਟੀ ਜਾਵੇ ਤਾਂ ਜਿਸ ਬੱਚੇ ਦਾ ਹੁੰਦਾ ਹੈ ਉਹ ਰੋਗੀ ਹੋ ਜਾਂਦਾ ਹੈ।

(ਪ-279) **ਪੋਲ੍ਹੀ** :

ਪੀਲੇ ਰੰਗ ਦਾ ਇਕ ਕੰਡਿਆਲਾ ਬੂਟਾ ਫਸਲ ਨੂੰ ਨੁਕਸਾਨ ਪਹੁੰਚਾਂਦਾ ਹੈ। ਕਹਾਵਤ ਵ

ਪੋਲ੍ਹੀ ਪਈ ਖੇਤ, ਸੋਨਾ ਬਣਿਆ ਰੇਤ।

(ਪ-280) **ਪੋਂਚੀ** :

ਸੋਨੇ ਜਾਂ ਚਾਂਦੀ ਦਾ ਇਕ ਗਹਿਣਾ, ਜੋ ਤੀ ਬੰਨ੍ਹਦੀਆਂ ਜਾਂ ਪੈਰਾਂ ਵਿਚ ਪਾਉਂਦੀਆਂ ਹਨ.

ਮੇਲੇ ਚਲਿਓਂ ਲਿਆ ਦਈਂ ਪੋਂਚੀ
ਲੈ ਜਾ ਮੇਰਾ ਗੁੱਟ ਮਿਣ ਕੇ।

(ਪ-281) **ਪੋਂਟਾ** :

ਚਾਂਦੀ ਦਾ ਇਕ ਛਣਕਣ ਵਾਲਾ ਗਹਿਣਾ, ਦੇ ਪੈਰ ਵਿਚ ਪਾਇਆ ਜਾਂਦਾ ਹੈ। ਧਾਰਨਾ ਹੈ ਦੀ ਆਵਾਜ਼ ਨਾਲ ਪ੍ਰੇਤ ਰੂਹਾਂ ਨੇੜੇ ਨਹੀਂ ਢੁਕ

(ਪ-282) **ਪੋਣ ਪ੍ਰੀਛਾ** :

ਇਕ ਲੋਕ-ਵਿਧੀ ਜਿਸ ਦੁਆਰਾ ਇਹ ਜਾ ਹੈ ਕਿ ਆਉਣ ਵਾਲੇ ਮਹੀਨਿਆਂ ਵਿਚ ਮੀਂਹ ਜਾਂ ਜ਼ਿਆਦਾ। ਹਾੜ ਮਹੀਨੇ ਦਾ ਅਖ 'ਪੋਣ ਪ੍ਰੀਛਾ' ਦਾ ਹੁੰਦਾ ਹੈ। ਪੰਜਾਬ ਵਿਚ ਸ ਦੇ ਮੀਹਾਂ ਉਤੇ ਫਸਲਾਂ ਨਿਰਭਰ ਕਰਦੀਆਂ ਬਾਰਸ਼ਾਂ ਕਿਸੇ ਸਾਲ ਘਟ ਹੁੰਦੀਆਂ ਹਨ ਅਤੇ ਵੱਧ। ਜੇ ਮੀਂਹ ਚੰਗਾ ਪੈ ਜਾਏ ਤਾਂ ਫਸਲ ਚੰ ਮੀਹਾਂ ਬਾਰੇ ਅਨੁਮਾਨ ਲਗਾਣ ਲਈ ਜੱਟ ਕਿ ਨਾਲ ਲੀਰ ਬੰਨ੍ਹਦੇ ਹਨ ਜਿਸ ਨੂੰ ਧੱਜਾ ਕ ਇਸ ਧੱਜਾ ਤੋਂ, ਸੂਰਜ ਡੁਬਣ ਵੇਲੇ, ਹਵਾ ਆਉਣ ਵਾਲੇ ਮੌਸਮ ਬਾਰੇ ਅਨੁਮਾਨ ਲਗਾਏ ਜੇ ਪੱਛਮ ਵਲ ਹਵਾ ਹੋਵੇ ਤਾਂ ਸਾਵਣ ਭਾ ਜਾਵੇਗਾ, ਜੇ ਉੱਤਰ ਵਲੋਂ ਹਵਾ ਆਵੇ ਤਾਂ ਦੀਆਂ ਬਾਰਸ਼ਾਂ ਹੋਣਗੀਆਂ। ਜੇ ਪੁਰਵਾ ਚਲੇ ਮੀਂਹ ਪੈਂਦਾ ਹੈ। ਪਿੰਡ ਦੇ ਸਿਆਣੇ ਔਰ

ਹਾੜ ਦੇ ਅਖੀਰਲੇ ਦਿਨ ਕਈ ਕਿਸਾਨ ਹਰ ਪ੍ਰਕਾਰ ਦਾ ਅੰਨ ਚੌਕਸੀ ਨਾਲ ਦੋ ਦੋ ਤੋਲੇ ਮਿਣ ਕੇ ਮਿੱਟੀ ਦੀਆ ਫੂਟਣੀਆਂ ਵਿਚ ਪਾ ਕੇ ਰਾਤ ਵੇਲੇ ਖੇਤਾਂ ਵਿਚ ਖੁਲ੍ਹੀ ਥਾਂ ਰਖ ਆਉਂਦੇ ਹਨ, ਸਵੇਰੇ ਜਾਗਦੇ ਸਾਰ ਉਨ੍ਹਾਂ ਨੂੰ ਤੋਲਦੇ ਹਨ, ਜੇ ਵਜ਼ਨ ਪਹਿਲਾਂ ਨਾਲੋਂ ਰਤਾ ਵਧ ਹੋਵੇ ਤਾਂ ਸਾਵਣ ਭਾਦਰੋਂ ਚੋਖਾ ਮੀਂਹ ਹੁੰਦਾ ਹੈ ਤੇ ਫ਼ਸਲ ਚੰਗੀ, ਪਰ ਜੇ ਵਜ਼ਨ ਘਟ ਜਾਵੇ ਤਾਂ ਮੀਂਹ ਘਟ ਵਰ੍ਹਦਾ ਹੈ ਤੇ ਫ਼ਸਲ ਥੋੜੀ ਹੁੰਦੀ ਹੈ।

(ਪ-283) **ਪੌਂ-ਬਾਰਾਂ** :

ਪਾਸੇ ਦੀ ਖੇਡ ਵਿਚ ਸਭ ਤੋਂ ਵੱਡਾ ਦਾਅ ਜਿਸ ਦੇ ਪੈਣ ਤੇ ਬਾਜ਼ੀ ਦੀ ਜਿੱਤ ਹੁੰਦੀ ਹੈ। ਚੋਪੜ ਦੇ ਤਿੰਨ ਦਾਲਣੇ ਸੁਟਣ ਤੇ, ਜੇ ਤਿੰਨ ਆਣ ਤਾਂ ਤਿੰਨ ਕਾਣੇ ਅਖਵਾਉਂਦੇ ਹਨ ਜੋ ਸਭ ਤੋਂ ਘਟੀਆ ਦਾਅ ਗਿਣਿਆ ਜਾਂਦਾ ਹੈ। ਜੇ ਦੋ ਡਾਲਣੇ ਤੇ ਛੇ-ਛੇ ਅਤੇ ਤੀਜੇ ਤੇ ਇਕ ਤਾਂ ਪੱਕੇ ਪੌਂ-ਬਾਰਾਂ ਅਤੇ ਜੇ ਇਕ ਡਾਲਣੇ ਦੇ ਛੇ, ਦੂਜੇ ਦੇ ਪੰਜ ਅਤੇ ਤੀਜੇ ਦੇ ਇਕ ਆਵੇ ਤਦ ਕੱਚੇ ਪੌਂ-ਬਾਰਾਂ ਹਨ।

ਭਾਵੇਂ ਪੌਂ-ਬਾਰਾਂ ਭਾਵੇਂ ਤਿੰਨ ਕਾਣੇ
ਬਾਜ਼ੀ ਲਾਇ ਕੇ ਸਿਰਾਂ ਦੀ ਖੇਲੀਏ ਜੀ।

ਰਾਜਾ ਭਰਥਰੀ–ਕਾਲੀਦਾਸ

(ਪ-284) **ਪੌਣ ਭੁੱਟੀ** :

ਸਾਂਸੀਆਂ ਵਿਚ ਪ੍ਰਚਲਤ ਇਕ ਰਸਮ, ਜਿਸ ਨਾਲ ਸੱਚ ਤੇ ਝੂਠ ਦਾ ਨਿਤਾਰਾ ਕੀਤਾ ਜਾਂਦਾ ਹੈ। ਜਦੋਂ ਕਿਸੇ ਦੋ ਧਿਰਾਂ ਵਿਚ ਝਗੜਾ ਹੋਵੇ ਅਤੇ ਇਹ ਨਿਰਨਾ ਨਾ ਹੋ ਸਕੇ ਕਿ ਕੌਣ ਸੱਚਾ ਹੈ ਤੇ ਕੌਣ ਝੂਠਾ ਤਾਂ ਸਾਂਸੀ 'ਪੌਣ ਭੁੱਟੀ' ਦੀ ਰਸਮ ਦੁਆਰਾ ਨਿਰਨਾ ਕਰਦੇ ਹਨ। ਦੋਵੇਂ ਧਿਰਾਂ ਪੰਚ ਨੂੰ ਇਕ ਇਕ ਰੁਪਿਆ ਦੇਂਦੀਆਂ ਹਨ, ਪੰਚ ਦੋ ਗੋਤੇ ਮਾਰ ਬੁਲਾਉਂਦਾ ਹੈ। ਕਿਸੇ ਖੂਹ ਵਿਚ ਇਕ ਬਾਂਸ ਗੱਡ ਕੇ ਦੋਹਾਂ ਗੋਤੇਮਾਰਾਂ ਨੂੰ ਖੂਹ ਵਿਚ ਉਤਾਰਿਆ ਜਾਂਦਾ ਹੈ। ਗੋਤੇਮਾਰ ਪਾਣੀ ਵਿਚ ਟੁੱਭੀ ਮਾਰਦੇ ਹਨ ਅਤੇ ਜਿਸ ਧਿਰ ਦਾ ਗੋਤੇਮਾਰ ਪਹਿਲਾਂ ਪਾਣੀ ਉਪਰ ਆ ਜਾਂਦਾ ਹੈ, ਉਹ ਝੂਠਾ ਸਮਝਿਆ ਜਾਂਦਾ ਹੈ ਤੇ ਦੂਜੀ ਧਿਰ ਸੱਚੀ। ਝੂਠ ਦੇ ਪੈਰ ਨਹੀਂ ਹੁੰਦੇ। ਇਸ ਰਸਮ ਪਿਛੇ ਇਹ ਵਿਚਾਰ ਕੰਮ

ਪਾ ਕੇ ਸਿੱਕਾ ਕੱਢਣ ਲਈ ਕਿਹਾ ਜਾਂਦਾ ਹੈ
ਦੋਸ਼ੀ, ਸੱਚਮੁਚ ਕਸੂਰਵਾਰ ਹੋਵੇ ਤਾਂ ਉਹ ਤੇ
ਪਾਉਣ ਤੋਂ ਝਿਜਕਦਾ ਹੈ ਕਿਉਂ ਜੋ ਉਸ ਦਾ
ਉਸ ਨੂੰ ਅਗੇ ਹੱਥ ਵਧਾਣ ਨਹੀਂ ਦੇਂਦਾ। ਜੇ
ਹੋਵੇ ਤਾਂ ਉਹ ਝਟ ਅੱਗੇ ਹੱਥ ਵਧਾਵੇਗਾ। ਪਰ
ਹੁਣ ਘਟ ਹੀ ਵਰਤੀ ਜਾਂਦੀ ਹੈ।

ਕਈ ਵਾਰ ਬਾਂਸ ਪਾਣੀ ਵਿਚ ਖੜਾ
ਜਾਂਦਾ ਹੈ ਅਤੇ ਕਥਿਤ ਦੋਸ਼ੀ ਨੂੰ ਬਾਂਸ
ਮਾਰਨ ਲਈ ਕਿਹਾ ਜਾਂਦਾ ਹੈ। ਜੇ ਉਹ ਝਟ
ਬਾਹਰ ਆ ਜਾਵੇ ਤਾਂ ਕਸੂਰਵਾਰ, ਪਰ
ਕੁਝ ਚਿਰ ਰੁਕ ਜਾਵੇ ਤਾਂ ਨਿਰਦੋਸ਼ ਗਿਣਿਆ

ਕਈ ਵਾਰ ਇਕ ਰੁਪਏ ਤੇ ਇਕ ਪੈਸੇ
ਵਿਚ ਵਖੋ ਵਖਰਾ ਲਪੇਟ ਕੇ ਪਾਣੀ ਦੇ ਭ
ਸੁਟਿਆ ਜਾਂਦਾ ਹੈ ਤੇ ਕਥਿਤ ਦੋਸ਼ੀ ਨੂੰ ਇਕ
ਕੱਢਣ ਲਈ ਕਿਹਾ ਜਾਂਦਾ ਹੈ। ਜੇ ਉਹ ਪੈਸਾ
ਲਿਆਵੇ ਤਾਂ ਕਸੂਰਵਾਰ ਅਤੇ ਜੇ ਉਹ ਰੁਪਿਆ
ਤਾਂ ਬੇਕਸੂਰ ਮੰਨਿਆ ਜਾਂਦਾ ਹੈ।

(ਪ-285) **ਪੌੜੀ** :

ਪੌੜੀ ਬਾਰੇ ਕਈ ਤਰ੍ਹਾਂ ਦੀਆਂ ਮਨੌਤ
ਪ੍ਰਚਲਤ ਹਨ। ਇਹ ਪ੍ਰਤੀਕ ਰੂਪ ਵਿਚ
ਉੱਨਤੀ ਤੇ ਭਰਪੂਰ ਵਿਕਾਸ ਦੀ ਬੋਧਿਕ ਹੈ।
ਵਿਚ, ਜਦੋਂ ਕਿਸੇ ਧਨੀ ਦੇ ਘਰ ਲੜਕਾ ਜੰਮਦ
ਦਾ ਤਰਖਾਣ ਚੰਦਨ ਜਾਂ ਕਿਸੇ ਵਧੀਆ ਲੱਕੜੀ
ਬਣਾ ਕੇ ਭੇਟ ਕਰਦਾ। ਇਸ ਨੂੰ ਸੁਭ ਸ਼
ਘਰ ਵਾਲੇ ਤਰਖਾਣ ਨੂੰ ਤ੍ਰੇਵਰ ਦਿਤਾ ਕਰ
ਪ੍ਰਥਾ ਬਦਲੇ ਹੋਏ ਰੂਪ ਵਿਚ ਅੱਜ ਵੀ ਕਿ
ਪ੍ਰਚਲਤ ਹੈ।

ਸੁਪਨੇ ਵਿਚ ਜੇ ਕੋਈ ਸ਼ਖ਼ਸ ਪੌੜੀਆਂ ਚ
ਤਰੱਕੀ ਦਾ ਸੂਚਕ ਹੋਣ ਦੇ ਨਾਤੇ ਚੰਗਾ ਸ
ਨੌਕਰੀ ਤੇ ਹੋਵੇ ਤਾਂ ਛੇਤੀ ਹੀ ਉੱਚਾ ਔਹਦਾ
ਜੇ ਵਪਾਰ ਕਰਦਾ ਹੋਵੇ ਤਾਂ ਵਧਦਾ ਫੁਲਦਾ
ਉਲਟ, ਸੁਪਨੇ ਵਿਚ ਪੌੜੀਆਂ ਉਤਰਨਾ ਅਸ਼
ਨੁਕਸਾਨ ਪਹੁੰਚਦਾ ਹੈ।

# ਫ

**(ਫ-1) ਫਸਲ** :

ਪੰਜਾਬ ਦੀ ਧਰਤੀ ਬੜੀ ਜਰਖ਼ੇਜ਼ ਹੋਣ ਕਰ ਕੇ, ਅੰਨ ਦਾ ਭੰਡਾਰਾ ਪੈਦਾ ਕਰਦੀ ਹੈ। ਇਥੋਂ ਦੇ ਬਹੁਤੇ ਲੋਕਾਂ ਦਾ ਧੰਦਾ ਵਾਹੀ-ਖੇਤੀ ਜਾਂ ਉਸ ਨਾਲ ਸਬੰਧਿਤ ਧੰਦਾ ਰਿਹਾ ਹੈ। ਪੰਜਾਬ ਮੁਖੀ ਰੂਪ ਵਿਚ ਕਿਰਸਾਨੀ ਦੇਸ ਹੈ। ਇਥੇ ਦੋ ਫਸਲਾਂ ਹੁੰਦੀਆਂ ਹਨ। ਇਕ ਫਸਲ 'ਰੱਬੀ' ਜਿਸ ਨੂੰ 'ਹਾੜੀ' ਦੀ ਫਸਲ ਕਹਿੰਦੇ ਹਨ ਅਤੇ ਦੂਜੀ ਫਸਲ 'ਖਰੀਫ', ਜਿਸ ਨੂੰ ਸਾਉਣ ਦੀ ਫਸਲ ਵੀ ਕਹਿੰਦੇ ਹਨ। ਹਾੜੀ ਦੀ ਫਸਲ ਦੱਖਣਾਇਨ ਵਿਚ ਬੀਜਦੇ ਤੇ ਵੱਢਦੇ ਹਨ ਅਤੇ ਸਾਉਣੀ ਦੀ ਫਸਲ ਉਤਰਾਇਨ ਵਿਚ।

(ੳ) ਦੇਵੀ ਦਿਉਤੇ : ਫਸਲਾਂ ਦੀ ਰੱਖਿਆ ਲਈ ਦੇਵੀ-ਦਿਉਤਿਆਂ ਦੀ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਦੇਵੀ-ਦਿਉਤਿਆਂ ਨੂੰ ਸਥਾਨਕ ਪੱਧਰ 'ਤੇ ਹੀ ਮਾਨਤਾ ਪ੍ਰਾਪਤ ਹੈ। ਪਿੰਡ ਜਾਂ ਬਹੁਤੀ ਹਾਲਤਾਂ ਵਿਚ ਇਲਾਕੇ ਤੋਂ ਬਾਹਰ ਇਨ੍ਹਾਂ ਦਿਉਤਿਆਂ ਨੂੰ ਕੋਈ ਨਹੀਂ ਜਾਣਦਾ। ਫਸਲਾਂ ਦੇ ਮੁਖ-ਦਿਉਤੇ ਨੂੰ 'ਖੇਤਰਪਾਲ' ਕਹਿੰਦੇ ਹਨ (ਵੇਖੋ : ਖੇਤਰਪਾਲ)।

ਗੌਰਜਾਂ ਮਾਈ ਨੂੰ ਫਸਲਾਂ ਦੀ ਦੇਵੀ ਮੰਨਿਆ ਜਾਂਦਾ ਹੈ। ਇਸੇ ਨੂੰ 'ਸਾਂਝੀ ਮਾਈ' ਵੀ ਕਹਿੰਦੇ ਹਨ ਅਤੇ ਇਹ ਪਾਰਬਤੀ ਦੇਵੀ ਦਾ ਹੀ ਇਕ ਰੂਪ ਹੈ। ਕਦੇ ਸਾਰੇ ਪੰਜਾਬ ਵਿਚ ਫਸਲਾਂ ਬੀਜਣ ਤੋਂ ਪਹਿਲਾਂ, ਇਸੇ ਦੇਵੀ ਦੀ ਪੂਜਾ ਕੀਤੀ ਜਾਂਦੀ ਸੀ। ਅੱਜ ਕਲ੍ਹ ਕੰਵਾਰੀਆਂ ਕੁੜੀਆਂ, ਨੌਰਾਤਿਆਂ ਦੇ ਦਿਨਾਂ ਵਿਚ ਗੌਰਜਾਂ ਦੇਵੀ ਦੀ ਪੂਜਾ ਕਰਦੀਆਂ ਹਨ। ਇਸ ਦੇਵੀ ਦੀ ਪੂਜਾ ਪਹਿਲੇ ਨੌਰਾਤੇ ਤੋਂ ਸ਼ੁਰੂ ਹੁੰਦੀ ਹੈ ਤੇ ਇਸ ਦਿਨ ਕੰਵਾਰੀਆਂ ਕੁੜੀਆਂ, ਘਰਾਂ ਵਿਚ ਜੌਂ ਬੀਜਦੀਆਂ ਤੇ ਗੌਰਜਾਂ ਦੀ ਮੂਰਤੀ ਬਣਾ ਕੇ ਜਾਂ ਉਸ ਦਾ ਚਿਤ੍ਰ ਕਿਸੇ ਕੰਧ ਉਤੇ ਉਲੀਕ ਕੇ, ਉਸ ਦੀ ਰੋਜ਼ ਪੂਜਾ ਕਰਦੀਆਂ ਤੇ ਭੇਟਾਂ ਚਾੜ੍ਹਦੀਆਂ ਹਨ। ਦਸਵੇਂ ਦਿਨ ਤਕ ਜਵਾਂ ਦੇ ਬੂੰਬਲ ਨਿਕਲ ਆਉਂਦੇ ਹਨ ਅਤੇ ਕੁੜੀਆਂ ਇਨ੍ਹਾਂ ਬੂੰਬਲਾਂ ਨੂੰ ਪਿਉ ਤੇ ਭਰਾਵਾਂ ਦੀਆਂ ਪੱਗਾਂ ਵਿਚ

ਟੁੰਗਦੀਆਂ ਹਨ ਅਤੇ ਬਾਕੀ ਜਵਾਂ ਦੀ ਖੇਤੀ
ਮੂਰਤੀ ਨਾਲ ਜਲ ਪ੍ਰਵਾਹ ਕਰ ਦੇਂਦੀਆਂ ਹਨ
ਦਿਨ ਦੁਸਹਿਰੇ ਨੂੰ ਹੀ ਫਸਲ ਦੀ ਬੀਜਾਈ
ਜਾਂਦੀ ਹੈ। ਜੇ ਜਵਾਂ ਦੀ ਖੇਤੀ ਨੂੰ ਭਰਵੇਂ ਬੂੰਬਲ
ਕਹਿੰਦੇ ਹਨ, ਗੌਰਜਾਂ ਦੇਵੀ ਪ੍ਰਸੰਨ ਹੈ ਤੇ ਇਸ ਸ
ਝਾੜ ਪਏਗੀ।

(ਅ) ਫਸਲਾਂ ਦੇ ਰੋਗ : ਫਸਲਾਂ ਨੂੰ ਕਈ
ਵੱਡੀਆਂ ਬੀਮਾਰੀਆਂ ਵੀ ਲੱਗ ਜਾਂਦੀਆਂ ਹਨ ਤੇ
ਦੁਆਰਾ ਇਲਾਜ ਵੀ ਕੀਤਾ ਜਾਂਦਾ ਹੈ। ਤੇਲਾ
ਜਿਹੀ ਪੌਦੇ ਉਤੇ ਚੜ੍ਹਨ ਵਾਲੀ ਵੇਲ ਹੈ, ਜੋ ਚਾ
ਕਪਾਹ, ਜਵਾਰ ਤੇ ਕੁਝ ਹਰ ਨਿੱਕੀਆਂ ਫਸਲਾਂ
ਹੈ। ਇਸ ਵੇਲ ਦੀ ਹੋਂਦ ਉਦੋਂ ਪਤਾ ਲੱਗਦੀ
ਪੱਤਿਆਂ ਉਤੇ ਕਾਲੇ ਰੰਗ ਦੀ ਚਿਕਨੀ ਜਿ
ਇਕੱਠੀ ਹੋ ਜਾਂਦੀ ਹੈ। ਜਦੋਂ ਫਸਲ ਪੱਕ ਰਹੀ
ਸੋਕਾ ਪੈ ਜਾਵੇ ਤਾਂ ਤੇਲਾ ਪ੍ਰਗਟ ਹੋ ਜਾਂਦਾ ਹੈ।
ਵਿਚਲੇ ਰਸ ਨੂੰ ਜਾਤ ਦੇਂਦਾ ਹੈ। ਪਰ ਮੀਂਹ
ਤੇਲਾ ਘਟ ਨੁਕਸਾਨ ਕਰਦਾ ਹੈ।

ਭੌਇੰ ਰੇਤਲੀ ਹੋਵੇ ਤਾਂ ਕਈ ਫਸਲਾਂ ਨੂੰ ਸਿ
ਜਾਂਦੀ ਹੈ।

ਕਣਕ ਨੂੰ ਕੁੰਗੀ ਲੱਗਦੀ ਹੈ। ਇਹ ਰੋਗ
ਜਿਹੇ ਕੀੜੇ ਕਾਰਨ, ਸਖਤ ਸਰਦੀ ਵਿਚ ਹੁੰਦਾ
ਤੌਰ ਤੇ ਜਦੋਂ ਕਈ ਦਿਨ ਬੱਦਲ ਰਹੇ ਤੇ ਰਾਤ
ਤਰੇਲ ਪਏ। ਪੌਦੇ ਦੇ ਪੱਤੇ ਨੂੰ ਜੰਗਾਲ ਲੱਗ
ਤੇ ਕਣਕ ਫਲੀ ਵਿਚ ਸੁੰਗੜ ਜਾਂਦੀ ਹੈ। ਜੇ ਮੀ
ਪਏ ਤਾਂ ਜੰਗਾਲ ਉਤਰ ਜਾਂਦਾ ਹੈ ਤੇ ਧੁਪ ਖੁ
ਇਸ ਨਾਲ ਇਹ ਰੋਗ ਅਲੋਪ ਹੋ ਜਾਂਦਾ ਹੈ।
ਜਿਸ ਅੰਨ ਦੀ ਫਲੀ ਨੂੰ ਲੱਗਦੀ ਹੈ ਉਸ ਵਿ
ਕਾਲੀ ਸਵਾਹ ਬਣ ਕੇ ਰਹਿ ਜਾਂਦਾ ਹੈ।

ਮੌਰਾਕਾ ਇਕ ਨਿੱਕਾ ਜਿਹਾ ਕੀੜਾ ਹੈ, ਜੋ
ਬੀਜਣ ਪਿਛੋਂ, ਨਵੇਂ ਉਗੇ ਪੰਘੂਰ ਨੂੰ ਸਿਰ ਉੱਚਾ

ਹੀ ਖਾਣ ਲਗਦਾ ਹੈ। ਇਹ ਚਿੱਟੀ ਕੀੜੀ ਨਾਲ ਮਿਲਦਾ ਜੁਲਦਾ ਹੈ, ਪਰ ਛੋਟਾ ਹੁੰਦਾ ਹੈ।

'ਚੇਰਾ' ਇਕ ਪਤਲਾ ਜਿਹਾ ਕੀੜਾ ਹੁੰਦਾ ਹੈ, ਜੋ ਗੰਨੇ ਦੇ ਬੂਟੇ ਨੂੰ ਉਦੋਂ ਲਗਦਾ ਹੈ, ਜਦੋਂ ਉਹ ਤਿਆਰ ਹੋਣ ਦੇ ਨੇੜੇ ਪਹੁੰਚਦਾ ਹੈ। ਇਸ ਦੇ ਨਾਲ ਪੱਤੇ ਕਾਲੇ ਹੋ ਜਾਂਦੇ ਹਨ ਤੇ ਰਸ ਪਤਲਾ ਪਾਣੀ ਵਰਗਾ ਹੋ ਜਾਂਦਾ ਹੈ।

'ਕੁੱਟੀ' ਨਾਂ ਦਾ ਕੀੜਾ ਜੋ ਛੋਲਿਆਂ ਨੂੰ ਲਗਦਾ ਹੈ, ਵਿਹ ਡੂੱਡਿਆਂ ਵਿਚਲਾ ਦਾਣਾ ਖਾ ਜਾਂਦਾ ਹੈ। ਪਰ ਤਿੰਨ ਦਿਨ ਲਗਾਤਾਰ, ਸਵੇਰੇ ਸ਼ਾਮੀਂ, ਖੇਤ ਵਿਚ ਢੋਲ ਮਾਰਨ ਨਾਲ ਇਹ ਕੀੜਾ ਨਹੀਂ ਰਹਿੰਦਾ।

'ਮੂਲਾ' ਸਭ ਫੁੱਲਾਂ ਵਾਲੇ ਪੌਦਿਆਂ ਨੂੰ ਲਗਦਾ ਹੈ ਜਿਵੇਂ ਮਿਰਚ, ਕਪਾਹ, ਤਿਲ, ਤੰਬਾਕੂ ਆਦਿ। ਪੌਦਾ ਫੌਰਨ ਸੁਕ ਜਾਂਦਾ ਹੈ। ਇਸ ਦਾ ਲੋਕ-ਇਲਾਜ ਇਹ ਦਸਿਆ ਜਾਂਦਾ ਹੈ ਕਿ ਕਿਸੇ ਕਰਾੜ ਨੂੰ ਜਿਸ ਦਾ ਨਾਂ 'ਮੂਲਾ' ਹੋਵੇ, ਉਸ ਨੂੰ ਉਦੋਂ ਤਕ ਖੇਤ ਵਿਚ ਜੁੱਤੀਆਂ ਮਾਰਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਉਹ ਨਸ ਨਾ ਜਾਵੇ।

ਇਸ ਬੀਮਾਰੀ ਦਾ ਨਾਂ ਮੂਲਾ ਤਾਂ ਪਿਆ ਹੈ, ਕਿਉਂ ਜੋ ਇਹ ਰੋਗ ਮੂਲ ਜੜ੍ਹ ਤੋਂ ਸ਼ੁਰੂ ਹੁੰਦਾ ਹੈ ਤੇ ਸਾਰਾ ਬੂਟਾ ਸੁਕ ਜਾਂਦਾ ਹੈ।

(ੲ) **ਫਸਲਾਂ ਦੇ ਕਲਾਮ :** ਫਸਲਾਂ ਦੀਆਂ ਬੀਮਾਰੀਆਂ ਤੇ ਕੀੜੀਆਂ ਤੋਂ ਰਖਿਆ ਲਈ ਕਈ ਤਰ੍ਹਾਂ ਦੇ ਮੰਤਰ ਤੇ ਕਲਾਮ ਪ੍ਰਸਿਧ ਹਨ। ਮੁਸਲਮਾਨ ਤੇ ਕਈ ਵਾਰ ਹਿੰਦੂ ਵੀ, ਮੁਸਲਮਾਨ ਪੀਰਾਂ ਫਕੀਰਾਂ ਨੂੰ ਸਦ ਕੇ, ਉਨ੍ਹਾਂ ਤੋਂ ਕਲਾਮ ਪੜ੍ਹਾਉਂਦੇ ਤੇ ਫਸਲਾਂ ਉਤੇ ਫੂਕਾਂ ਮਰਵਾਉਂਦੇ ਹਨ। ਕਈ ਵਾਰ ਟੂਣੇ ਵੀ ਕੀਤੇ ਜਾਂਦੇ ਹਨ।

ਜੇ ਕਣਕ, ਛੋਲੇ ਜਾਂ ਮਕਈ ਦੀ ਫਸਲ ਨੂੰ ਕੁੰਗੀ ਜਾਂ ਤੇਲਾ ਲਗ ਜਾਵੇ, ਤਾਂ ਨੁਕਸਾਨ ਤੋਂ ਬਚਣ ਲਈ, ਕਲਾਮ ਪੜ੍ਹੇ ਜਾਂਦੇ ਹਨ। ਇਨ੍ਹਾਂ ਕਲਾਮਾਂ ਦੇ ਨਮੂਨੇ ਹੇਠਾਂ ਦਿਤੇ ਜਾਂਦੇ ਹਨ। ਕਲਾਮ ਨੂੰ ਕਿਸੇ ਮਿੱਟੀ ਜਾਂ ਰੇਤ ਦੀ ਮੁੱਠ ਉਤੇ ਪੜ੍ਹ ਕੇ ਫਸਲਾਂ ਵਿਚ ਖਿਲਾਰ ਦਿਤਾ ਜਾਂਦਾ ਹੈ।

(1) ਕੁੰਗੀ, ਕੀੜਾ ਮੂਲਾ, ਭੱਖੜਾ ਚਾਰੇ ਭੈਣ ਭਿਰਾ
ਹੁਕਮ ਖ਼ੁਦਾ ਦੇ ਨਾਲ ਆਈ ਹਵਾ ਤੇ ਗਈ ਉਡਾ।

(2) ਕੁੰਗੀ ਕੀੜਾ ਭੱਖੜਾ, ਤਰੇਏ ਭੈਣ ਭਿਰਾ
ਰੋਟੀ ਬੇ-ਨਿਮਾਜ਼ ਦੀ ਗਈ 'ਵਾ ਉਡਾ।

ਕਲਾਮ ਨੂੰ ਕਈ ਵਿਧੀਆਂ ਨਾਲ ਪੜ੍ਹਿਆ ਜਾਂਦਾ ਹੈ।

ਸ਼ਖਸ ਜਾਂ ਆਂਢੀ ਗੁਆਂਢੀ ਮਿਲ ਪਦੇ
ਭੁਜੇ ਹੋਏ ਦਾਣੇ ਖਾਣ ਨੂੰ ਦੇਂਦਾ ਹੈ,
ਕੁਝ ਨਹੀਂ। ਇਹ ਰੀਤ ਬਹਾਵਲਪੁਰ
ਹੈ। ਕਈ ਵਾਰ ਕਲਾਮ ਪੜ੍ਹਨ ਤੋਂ ਬਾਅ
ਦੀ ਧੂਣੀ ਬਾਲ ਕੇ, ਧੂੰਏਂ ਦਾ ਰੁਖ ਉਸ ਖੇ
ਹਨ ਜਿਸ ਨੂੰ ਕੁੰਗੀ ਜਾਂ ਤੇਲਾ ਲਗਾ
ਕਲਾਮ ਦਾ ਅਸਰ ਹੋਰ ਵਧ ਜਾਂਦਾ ਹੈ।

ਫਸਲਾਂ ਦੀ ਰਖਿਆ ਲਈ ਕੁਝ ਟੂਣੇ
ਹਨ। ਕਈ ਕਿਸਾਨ ਫਸਲਾਂ ਤੋਂ ਕੁੰਗੀ
ਲਈ ਖੇਤ ਦੇ ਮੱਧ ਵਿਚ ਇਕ ਲੰਮੀ
ਉਤੇ ਮਿੱਟੀ ਦੀ ਤੌਣੀ ਲਟਕਾ ਦੇਂਦੇ ਹ
ਵਿਚ, ਕਿਸੇ ਪੀਰ ਦੀ ਮਜ਼ਾਰ ਤੋਂ ਮਿੱਟੀ
ਹੁੰਦੀ ਹੈ।

(ਸ) ਫਸਲਾਂ ਬਾਰੇ ਭਰਮ ਵਹਿ
ਪੂਰਨਮਾਸੀ ਵਾਲੇ ਦਿਨ ਕਣਕ ਤੋਲਣੀ ਚੰ
ਜਾਂਦੀ। ਸਨਿਚਰਵਾਰ ਵੀ ਕਣਕ ਤੋਲਣ
ਸਮਝਿਆ ਜਾਂਦਾ। ਕਣਕ ਹਮੇਸ਼ਾਂ ਸਰ
ਛੁਪਣ ਸਮੇਂ, ਜਾਂ ਅੱਧੀ ਰਾਤ ਨੂੰ ਤੋਲਣੀ
ਕਿਉਂ ਜੋ ਅਜਿਹੇ ਸਮੇਂ ਭੂਤ ਪ੍ਰੇਤ ਹੋਰ
ਹੁੰਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਭੂ
ਸ਼ਕਤੀਆਂ ਵਰਨ ਨੂੰ ਘਟਾ ਦੇਂਦੀਆਂ ਹ
ਗਾਹ ਕੇ ਢੇਰ ਲਗਾਇਆ ਗਿਆ ਹੁੰਦਾ
ਇਕ ਘੇਰਾ ਮਾਰ ਲਿਆ ਜਾਂਦਾ ਹੈ ਅ
ਉਸ ਘੇਰੇ ਅੰਦਰ ਦਾਖ਼ਲ ਹੋ ਜਾਂਦੇ ਹਨ
ਸਮਾਪਤ ਨਹੀਂ ਹੋ ਜਾਂਦਾ, ਕਿਸੇ ਨੂੰ ਨੇੜੇ
ਦਿਤਾ ਜਾਂਦਾ। ਤੋਲਣ ਲਗਿਆਂ ਮੂੰਹ ਉਤ
ਜਾਂਦਾ ਹੈ। ਜਦੋਂ ਤੋਲ ਵਿਚ ਰਖ ਕੇ
ਬੰਨ੍ਹ ਕੇ ਤੋਲੀ ਜਾਂਦੀ ਹੈ ਤਾਂ ਹਰ ਤੋਲ
ਕਣਕ ਦਾ ਦਾਣਾ ਰਖ ਲਿਆ ਜਾਂਦਾ ਹੈ
ਦਾਣੇ ਗਿਣ ਕੇ ਹਿਸਾਬ ਲਾ ਲਿਆ
ਦੌਰਾਨ ਕੋਈ ਵਾਧੂ ਗੱਲ ਨਹੀਂ ਕੀਤੀ
ਵਾਰ ਤਾਂ ਬਿਲਕੁਲ ਚੁਪ ਸਾਧ ਲਈ ਜਾਂਦੀ
ਭੈੜੀ ਜਾਂ ਅਸ਼ੁਭ ਗੱਲ ਜਾਂ ਸ਼ਬਦ ਮੂੰਹੋਂ
ਜਦੋਂ ਕਣਕ ਤੁਲ ਜਾਂਦੀ ਹੈ ਤਾਂ ਫਿਰ

ਆਵੇ ਤਾਂ ਇਹੋ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਖਲਵਾੜ ਵਿਚ ਕੋਈ ਬਦਰੂਹ ਜਾਂ ਪ੍ਰੇਤ ਲੰਘ ਗਿਆ ਹੈ ਅਤੇ ਉਸ ਪ੍ਰੇਤ ਨੂੰ ਰਿਝਾਣ ਦੇ ਖ਼ਿਆਲ ਨਾਲ ਲੇਲੂ ਜਾਂ ਬਕਰੇ ਦੀ ਬਲੀ ਦਿਤੀ ਜਾਂਦੀ ਹੈ। ਇਸ ਦਾ ਮਾਸ ਸਾਰੇ ਰਲ ਕੇ ਖਾਂਦੇ ਹਨ। ਇਹ ਬਦਰੂਹਾਂ ਆਮ ਤੌਰ ਤੇ ਕੀੜੇ ਜਾਂ ਤਿੱਤਲੀ ਦਾ ਰੂਪ ਧਾਰ ਕੇ ਫਸਲ ਖ਼ਰਾਬ ਕਰਦੇ ਹਨ। ਇਸ ਲਈ ਅੰਨ ਵਖ ਕਰਨ ਤੋਂ ਪਹਿਲਾਂ ਭੋਇੰ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਿਆ ਜਾਂਦਾ ਹੈ ਅਤੇ ਇਸ ਕੀੜੇ ਨੂੰ ਨੇੜੇ ਢੁਕਣ ਨਹੀਂ ਦਿਤਾ ਜਾਂਦਾ।

ਕਣਕ ਦੇ ਖਲਵਾੜ ਲਈ, ਯੋਗ ਥਾਂ ਚੁਣਨ ਲਈ, ਪਹਿਲਾਂ ਇਕ ਟੋਇਆ ਜ਼ਿਮੀਂ ਵਿਚ ਪੁਟਿਆ ਜਾਂਦਾ ਹੈ ਤੇ ਫਿਰ ਇਸ ਟੋਹੇ ਵਿਚੋਂ ਕਢੀ ਗਈ ਮਿੱਟੀ ਮੁੜ ਭਰ ਦਿਤੀ ਜਾਂਦੀ ਹੈ। ਜੇ ਟੋਹਿਆ ਠੀਕ ਪੂਰਿਆ ਜਾਵੇ, ਤਾਂ ਇਹ ਥਾਂ ਅਸ਼ੁਭ ਹੈ ਤੇ ਹੋਰ ਥਾਂ ਚੁਣੀ ਜਾਂਦੀ ਹੈ। ਜੇ ਟੋਹੇ ਦੇ ਭਰਨ ਤੋਂ ਬਾਅਦ ਵੀ ਕੁਝ ਮਿੱਟੀ ਬਚੀ ਰਹੇ ਤਾਂ ਇਹ ਥਾਂ ਖਲਵਾੜ ਤੇ ਹੋਰ ਕੰਮ ਲਈ ਸ਼ੁਭ ਹੈ।

### (ਫ-2) **ਫਸਲੀ ਸੰਮਤ** :

ਇਕ ਸੰਮਤ, ਜਿਸ ਦਾ ਆਰੰਭ ਸਾਵਣੀ ਦੀ ਫਸਲ ਤੋਂ ਸ਼ੁਰੂ ਹੁੰਦਾ ਹੈ ਤੇ ਹਾੜੀ ਦੀ ਫਸਲ ਦੇ ਅੰਤ ਉਤੇ ਸਮਾਪਤ ਹੁੰਦਾ ਹੈ। ਇਹ ਸੰਮਤ ਜੁਲਾਈ ਦੇ ਮੱਧ ਵਿਚ ਸਾਵਣ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਇਸ ਸੰਮਤ ਦਾ ਮੁੱਢ ਅਕਬਰ ਨੇ 1556 ਈਸਵੀ ਵਿਚ ਬੰਨ੍ਹਿਆ।

ਫਸਲੀ ਸਾਲ ਸਾਵਣੀ ਦੀ ਫਸਲ ਤੋਂ ਸ਼ੁਰੂ ਹੋ ਕੇ ਹਾੜੀ ਦੀ ਫਸਲ ਦੇ ਸਮੇਟਣ ਉਤੇ ਸਮਾਪਤ ਹੁੰਦਾ ਹੈ। ਪਹਿਲਿਆਂ ਵਿਚ ਕਿਸਾਨ ਲੈਣ ਦੇਣ ਤੇ ਲੇਖੇ ਜੋਖੇ ਦਾ ਹਿਸਾਬ ਫਸਲੀ ਸਾਲ ਅਨੁਸਾਰ ਕੀਤਾ ਕਰਦੇ ਸਨ।

### (ਫ-3) **ਫਸੀਲ** :

ਪਹਿਲਿਆਂ ਵਿਚ ਪਿੰਡਾਂ, ਨਗਰਾਂ ਕਿਲ੍ਹਿਆਂ ਜਾਂ ਹਵੇਲੀਆਂ ਦੇ ਆਲੇ ਦੁਆਲੇ ਰਖਿਆ ਲਈ ਇਕ ਉਚੀ ਕੰਧ ਖੜੀ ਕੀਤੀ ਜਾਂਦੀ ਸੀ। ਇਹ ਦੀਵਾਰ ਇਕ ਤਾਂ ਬਾਹਰੋਂ ਆਏ ਦੁਸ਼ਮਨਾਂ ਤੇ ਧਾੜਵੀਆਂ ਤੋਂ ਰਖਿਆ ਕਰਦੀ ਸੀ, ਦੂਜਾ, ਭੂਤਾਂ ਪ੍ਰੇਤਾਂ ਤੇ ਚੰਦਰੀਆਂ ਰੂਹਾਂ ਤੋਂ। ਇਸ

### (ਫ-4) **ਫਕੜ** :

ਫਕੜ ਸ਼ਬਦ ਅਰਬੀ ਦੇ ਫਕਰ ਦਾ ਵਿ
ਜਿਸ ਦਾ ਅਰਥ ਹੈ : ਦਰਵੇਸ਼ ਜਾਂ ਫਕੀਰ।
ਵਿਚ ਇਹ ਸ਼ਬਦ ਗਾਲ੍ਹਾਂ (ਫਕੜ ਤੋਲਣਾ) ਬ
ਨਿਰਧਨ, ਕੰਗਾਲ ਆਦਿ ਦੇ ਅਰਥਾਂ ਵਿਚ ਹ
ਹੈ। ਪੰਜਾਬ ਵਿਚ ਫਕੜ ਇਕ ਵਿਸ਼ੇਸ਼ ਪ੍ਰ
ਜਾਂ ਕਾਵਿ-ਰਚਨਾ ਲਈ ਵੀ ਪ੍ਰਯੋਗ ਕੀਤਾ
ਵਿਚ ਲਿੰਗ ਸੰਬੰਧਾਂ ਕਾਮਵ੍ਰਿਤੀ ਨਾਲ ਸ
ਅਨੁਭਵ ਜਾਂ ਬ੍ਰਿਤਾਂਤ ਦਾ, ਸਦਾਚਾਰਕ
ਸਮਾਜਿਕ ਮਨਾਹੀਆਂ ਤੋਂ ਲਾਪਰਵਾਹ ਹੋ ਕੇ,
ਨਾਲ ਵਰਨਣ ਕੀਤਾ ਗਿਆ ਹੋਵੇ। ਇਸ
ਪਾਤਰ ਬੜੇ ਨਿਸ਼ੰਗ ਹੋ ਕੇ ਵਰਜਨ ਨੂੰ ਭੋਰ
ਸਰੋਤੇ ਲਿੰਗ-ਬ੍ਰਿਤੀਆਂ ਨੂੰ ਕਲਾ ਦੀ ਪਧਰ
ਹਨ। ਫਕੜ ਕਥਾਵਾਂ ਦੀ ਰੋਖੀ ਮਾਤਰਾ ਅਸ਼
ਇਹ ਕਥਾਵਾਂ ਭਦਰ ਪੁਰਸ਼ਾਂ ਵਿਚ ਸੁਣਾਏ
ਨਹੀਂ ਸਮਝੀਆਂ ਜਾਂਦੀਆਂ। ਇਸ ਦੇ ਬਾਵ
ਕਥਾਵਾਂ ਦੋਸਤਾਂ ਮਿਤ੍ਰਾਂ ਦੀ ਚਸਕੇ ਭਰੀ ਵ
ਹਿੱਸਾ ਹਨ।

ਇਹ ਕਥਾਵਾਂ ਨਿਰਸੰਦੇਹ ਅਸ਼ਲੀਲ ਹ
ਸਾਡੀਆਂ ਅਪੂਰਵ ਲਿੰਗ-ਭਾਵਨਾਵਾਂ ਦੇ ਨ
ਸਹਾਇਕ ਹੁੰਦੀਆਂ ਹਨ। ਇਸ ਲਈ ਇ
ਆਪਣਾ ਮਾਨਸਿਕ ਮਹੱਤਵ ਹੈ। ਵਰਜਨ ਨੂੰ ਕ
ਕਰਕੇ ਸਾਹਿਤ ਵਿਚ ਵੀ ਫਕੜਾਂ ਦਾ ਵਿਲੱਖ
ਇਸ ਲਈ ਇਨ੍ਹਾਂ ਨੂੰ ਇਕਤ੍ਰ ਕਰਨ ਦੀ ਲੋ
ਵਿਚ ਕਾਮ-ਕੌਣ ਤੋਂ ਅਤ੍ਰਿਪਤ ਮਨੁੱਖੀ ਮਨ
ਦੀਦਾਰੇ ਹੁੰਦੇ ਹਨ, ਉਹ ਸਾਹਿਤ ਦੀ ਕਿ
ਕਿਰਤੀ ਵਿਚ ਨਹੀਂ ਮਿਲਦੇ।

ਜ਼ਰੂਰੀ ਨਹੀਂ ਕਿ ਸਭ ਫਕੜ ਲਿੰਗ-ਚੇਸ਼
ਸੰਬੰਧਿਤ ਹੋਣ। ਕੁਝ ਫਕੜ ਲਿੰਗ ਭਾਵਨਾ ਤ
ਅਤੇ ਉਨ੍ਹਾਂ ਦੀ ਵਿਸ਼ੇਸ਼ਤਾ ਇਸ ਵਿਚ ਹੈ ਕਿ
ਗੱਲ ਵੱਟੇ ਵਾਂਗ ਵਗਾਹ ਕੇ ਮਾਰੀ ਗਈ ਹੁੰਦੀ
ਤੋਂ ਲਾਪਰਵਾਹ ਹੋ ਕੇ। ਸੁਥਰੇ ਦੇ ਫਕੜ ਇ
ਹਨ ਅਤੇ ਪੰਜਾਬੀ ਸੁਭਾਵ ਦੇ ਖੁਲ੍ਹ-ਖਲਾ
ਕਰਦੇ ਹਨ। ਸੁਥਰੇ ਦੇ ਫਕੜ ਹੱਥ ਲਿਖਤ

ਖਾਧਾ ਜਾਂਦਾ ਹੈ ਕਿ ਜੀਭ ਤਲੀ ਨੂੰ ਨਾ ਛੂਹੇ, ਜਿਹੜਾ ਸਾਰੀਆਂ ਖਿੱਲਾਂ ਪਹਿਲਾਂ ਖਾ ਲਏ ਉਹ ਬੱਚਾ ਜੇਤੂ ਮੰਨਿਆ ਜਾਂਦਾ ਹੈ। ਕਈ ਵਾਰ ਦਾਣਿਆਂ ਦੀ ਬੁਕ ਦੀ ਸ਼ਰਤ ਲਗੀ ਹੁੰਦੀ ਹੈ, ਜਿਹੜਾ ਜਿਤ ਜਾਵੇ ਉਸ ਨੂੰ ਹਾਰਿਆ ਹੋਇਆ ਇਕ ਮੁਠ ਦਾਣੇ ਭੇਟ ਕਰਦਾ ਹੈ।

## (ਫ-6) ਫਕੀਰ :

ਇਹ ਸ਼ਬਦ ਕਈ ਤਰ੍ਹਾਂ ਦੇ ਸਾਧਾਂ ਸੰਨਿਆਸੀਆਂ, ਵੈਰਾਗੀਆਂ ਤੇ ਭਿਖਾਰੀਆਂ ਲਈ ਸਾਂਝਾ ਵਰਤ ਲਿਆ ਜਾਂਦਾ ਹੈ ਜੋ ਗਲੀ ਮਹੱਲੇ ਵਿਚ ਖ਼ੈਰ ਮੰਗਣ ਲਈ ਆਉਂਦੇ ਹਨ ਜਾਂ ਪਿੰਡੋਂ ਬਾਹਰ ਧੂਣੀਆਂ ਧੁੰਮਾ ਕੇ ਬੈਠਦੇ ਹਨ। ਮੋਟੇ ਤੌਰ ਤੇ ਫਕੀਰ ਦੋ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ : ਧਾਰਮਿਕ ਸੰਪਰਦਾਵਾਂ ਨਾਲ ਸਬੰਧਿਤ ਤੇ ਭਿਖਾਰੀ। ਕਈ ਫਕੀਰ ਟੱਬਰਦਾਰ ਤੇ ਕਈ ਬ੍ਰਹਮਚਾਰੀ ਹੁੰਦੇ ਹਨ।

ਸਾਧਾਂ ਸੰਤਾਂ ਦੀ ਸੰਸਥਾ ਬੜੀ ਹੀ ਪ੍ਰਾਚੀਨ ਹੈ। ਹਿੰਦੂ ਧਰਮ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡਦਾ ਹੈ ਤੇ ਚੌਥਾ ਤੇ ਅੰਤਲਾ ਆਸ਼ਰਮ 'ਬਾਣ ਆਸ਼ਰਮ' ਹੈ, ਜਦੋਂ ਮਨੁੱਖ ਜੀਵਨ ਦਾ ਤਿਆਗ ਕਰ ਦੇਂਦਾ ਹੈ। ਸਭ ਦੋ-ਜਨਮੇ ਬ੍ਰਾਹਮਣ ਚਾਰ ਆਸ਼ਰਮਾਂ ਨੂੰ ਅਪਣਾਂਦੇ ਰਹੇ। ਫਿਰ ਬੋਧੀ ਪ੍ਰਭਾਵ ਹੇਠ ਭਿਖਸ਼ੂ ਸਾਧੂਆਂ ਦੀ ਪ੍ਰਥਾ ਚਲੀ ਤੇ ਬੋਧੀ ਕਾਲ ਦੇ ਪਤਣ ਸਮੇਂ ਹਜ਼ਾਰਾਂ ਬੋਧੀ ਸਾਧੂਆਂ ਦੀਆਂ ਨਵੀਆਂ ਸਾਧੂ-ਸੰਪਰਦਾਵਾਂ, ਨਵਾਂ ਰੂਪ ਧਾਰ ਕੇ ਉਭਰੀਆਂ, ਕੁਝ ਨੇ ਬੋਧੀ ਵੇਸ ਹੀ ਅਪਣਾਈ ਰਖੇ।

ਫ਼ਕੀਰਾਂ ਦੀ ਵਡੀ ਗਿਣਤੀ ਜੋਗੀਆਂ ਦੀ ਹੈ। ਜੋਗੀ ਹਠ ਯੋਗ ਰਾਹੀਂ ਕਈ ਤਰ੍ਹਾਂ ਦੀਆਂ ਰਿਧੀਆਂ ਸਿਧੀਆਂ ਪ੍ਰਾਪਤ ਕਰਦੇ ਹਨ ਤੇ ਇਨ੍ਹਾਂ ਦਾ ਪੰਜਾਬ ਵਿਚ ਬੋਧ ਭਿਖਸ਼ੂਆਂ ਤੋਂ ਬਾਅਦ ਬੜੀ ਮਾਨਤਾ ਰਹੀ ਹੈ (ਵੇਖੋ : ਜੋਗੀ)।

ਫ਼ਕੀਰਾਂ ਦਾ ਇਕ ਹੋਰ ਫ਼ਿਰਕਾ ਅਗੋਰੀਆਂ ਦਾ ਹੈ, ਜੋ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਕਿਧਰੇ ਕਿਧਰੇ ਹੀ ਕੋਈ ਟਾਵਾਂ ਅਗੋਰੀ ਮਿਲਦਾ ਹੈ। ਇਹ ਸ਼ਿਵ ਜਾਂ ਦੇਵੀ ਮਾਤਾ ਦੇ ਉਪਾਸ਼ਕ ਹਨ ਤੇ ਹਰ ਤਰ੍ਹਾਂ ਦਾ ਮਲ ਤੇ ਗੰਦਗੀ ਵੀ ਖਾ ਲੈਂਦੇ ਹਨ। ਇਨ੍ਹਾਂ ਕੋਲ ਪੀਣ ਲਈ ਜੋ ਕਾਸਾ ਹੁੰਦਾ

ਪਿੰਡੇ ਉਤੇ ਸਵਾਹ ਮਲਣ ਦਾ ਭਾਵ ਹੈ ਕਿ
ਨਵਾਂ ਜਨਮ ਧਾਰਨ ਕੀਤਾ ਹੈ—ਅਧਿਆਤਮਕ

ਸਾਧੂਆਂ ਫ਼ਕੀਰਾਂ ਦੇ ਅਨੇਕਾਂ ਆਸ਼ਰਮ
ਹਨ। ਹਰ ਭੇਖ ਦੀਆਂ ਕਈ ਅਗੋਂ ਸਾਖ਼ਾਂ ਹ
ਰਾਵਲਾਂ ਦੀਆਂ ਹੀ ਅਨੇਕਾਂ ਕਿਸਮਾਂ ਹਨ,
ਇਸ ਦਾ ਕਾਰਨ ਇਹ ਹੈ ਕਿ ਪ੍ਰਚਲਤ ਵਿਚਾ
ਰਤੀ ਜਿਹਾ ਵੀ ਅੰਤਰ ਜਾਂ ਸੋਧ ਨਾਲ ਇਕ ਨ
ਦਾ ਜਨਮ ਹੋ ਜਾਂਦਾ ਹੈ। ਕਈ ਵਾਰ ਕਿ
ਦੇ ਕਿਸੇ ਗੌਰਵਮਈ ਵਿਅਕਤੀ ਤੋਂ ਨਵੀ
ਜਨਮ ਲੈ ਲੈਂਦੀ ਹੈ। ਉਸ ਦੇ ਵਖਰੇ ਉਪ
ਜਾਂਦੇ ਹਨ।

ਕੁਝ ਫ਼ਕੀਰ ਭੋਰਿਆਂ ਵਿਚ ਕਈ ਕਈ
ਕੁਝ ਖਾਧੇ ਪੀਤੇ, ਬਿਨਾਂ ਗੈਬੀ ਸ਼ਕਤੀ ਨਾਲ
ਜਾਂਦੇ ਹਨ। ਭੋਰੇ ਚਾਰੇ ਪਾਸੇ ਤੋਂ ਮਿੱਟੀ ਨਾਲ
ਕਰ ਦਿਤੇ ਜਾਂਦੇ ਹਨ ਕਿ ਰਤੀ ਭਰ ਹਵ
ਨਹੀਂ ਜਾ ਸਕਦੀ। ਇਨ੍ਹਾਂ ਵਿਚੋਂ ਕੁਝ ਤਾਂ
ਸ਼ਕਤੀ ਨਾਲ ਕਰ ਲੈਂਦੇ ਹਨ, ਪਰ ਕੁਝ ਐ
ਮੂਰਖ ਬਣਾਂਦੇ ਹਨ।

ਕਈ ਫ਼ਕੀਰ, ਮੰਗਣ ਆਏ, ਲੋਕਾਂ
ਭਾਵਨਾਵਾਂ ਨੂੰ ਟੁੰਬਣ ਲਈ ਸਰੀਰ ਨੂੰ ਤਸ
ਇਸ ਤਰ੍ਹਾਂ ਭਿਖਿਆ ਪ੍ਰਾਪਤ ਕਰਦੇ ਹਨ।
ਤੇ ਸੰਗਲ ਮਾਰਦੇ ਕਈ ਕੋਰੜੇ ਤੇ ਕਈ ਪ
ਦਰਸ਼ਕਾਂ ਦੀ ਤਰਸ ਦੀ ਭਾਵਨਾ ਜਗਾਂਦੇ
ਫ਼ਕੀਰ ਤਖ਼ਤੇ ਵਿਚ ਮੇਖਾਂ ਗੱਡ ਕੇ ਉਪਰ ਨੰ
ਜਾਂਦੇ ਹਨ। ਕਈ ਕਿੱਲਾਂ ਦੇ ਵਿਛੌਣੇ ਉਪਰ
ਜਿਵੇਂ ਮਹਾਂਭਾਰਤ ਦਾ ਇਕ ਪਾਤਰ ਭੀਸਮ ਤ
'ਤੇ ਲੇਟਿਆ ਸੀ।

## (ਫ-7) ਫੱਗਣ :

ਦੇਸੀ ਸੰਮਤ ਦਾ ਬਾਰ੍ਹਵਾਂ ਮਹੀਨਾ। ਇਸ
ਪੂਰਨਮਾਸ਼ੀ ਨੂੰ ਚੰਦਰਮਾ ਉਤਰਾ ਫਾਲਗੁਣੀ
ਪ੍ਰਵੇਸ਼ ਕਰਦਾ ਹੈ ਜਿਸ ਤੋਂ ਇਸ ਮਹੀਨੇ
ਫਾਲਗਨ ਪੈ ਗਿਆ, ਜੋ ਰੂਪ ਵਟਾਂਦਾ ਹੋਇਆ

ਸ਼ਿਵਰਾਤ੍ਰੀ ਦਾ ਪੁਰਬ ਮਨਾਂਦੇ ਹਨ ਅਤੇ ਸ਼ਿਵ ਦੀ ਪੂਜਾ ਕਰਦੇ ਹਨ। ਨਿਸਚਾ ਹੈ ਕਿ ਇਸ ਦਿਨ ਸ਼ਿਵ ਆਪਣੇ ਨੀਲਕੰਠ ਵਿਚੋਂ ਕੁਝ ਜ਼ਹਿਰ ਧਰਤੀ ਉਤੇ ਥੁਕਦੇ ਹਨ ਤੇ ਜ਼ਹਿਰੀਲੇ ਕਿਰਮ ਇਸ ਦਿਨ ਤੋਂ ਖੁੱਡਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ ਅਤੇ ਲੋਕਾਂ ਨੂੰ ਡੱਸਣ ਲਗ ਪੈਂਦੇ ਹਨ।

ਫੱਗਣ ਦੇ ਮਹੀਨੇ 'ਮਾਘ ਦੀ ਪੂਰਨਮਾਸ਼ੀ' ਨੂੰ ਕੋਠੇ ਸਾਹਿਬ ਵਿਚ ਇਕ ਭਾਰੀ ਮੇਲਾ ਲਗਦਾ ਹੈ।

ਇਸ ਦਿਨ ਤੋਂ ਰੁੱਤ ਦਾ ਹਰ ਕਦਮ ਗਰਮ ਰੁਤ ਵਲ ਵਧਦਾ ਹੈ।

ਫੱਗਣ ਦੇ ਮਹੀਨੇ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ਼ ਤੇ ਮਨੌਤਾਂ ਵੀ ਜੁੜੀਆਂ ਹੋਈਆਂ ਹਨ ਅਤੇ ਲੋਕ-ਗੀਤਾਂ ਤੇ ਅਖਾਣਾ ਵਿਚ ਵੀ ਇਸ ਦਾ ਆਮ ਜ਼ਿਕਰ ਮਿਲਦਾ ਹੈ।

(ਫ-8) **ਫਗਵਾੜਾ** :

ਇਕ ਕਸਬਾ ਜੋ ਜਲੰਧਰ ਨੂੰ ਜਾਂਦੀ ਜਰਨੈਲੀ ਸੜਕ ਉਤੇ ਸਥਿਤ ਹੈ। ਇਥੋਂ ਦੀਆਂ ਕੁੜੀਆਂ ਬੜੀਆਂ ਚੁਸਤ ਤੇ ਚਲਾਕ ਮੰਨੀਆਂ ਗਈਆਂ ਹਨ ਤੇ ਆਪਣੇ ਪਤੀ ਦੀ ਪੇਸ਼ ਨਹੀਂ ਜਾਣ ਦੇਂਦੀਆਂ, ਕਹਾਵਤ ਹੈ :

ਬਹੂ ਆਈ ਫਗਵਾੜੇ ਦੀ
ਤੇ ਪਿੰਨ ਭੰਨੇ ਲਾੜ੍ਹੇ ਦੀ।

'ਮਹਾਨ ਕੋਸ਼' ਅਨੁਸਾਰ ਗੁਰੂ ਹਰਿਰਾਏ ਕਰਤਾਰਪੁਰ ਤੋਂ ਕੀਰਤਪੁਰ ਜਾਂਦੇ ਹੋਏ ਇਥੇ ਠਹਿਰੇ ਸਨ, ਜਿਨ੍ਹਾਂ ਦੀ ਸਿਮਰਤੀ ਵਿਚ ਇਥੇ ਇਕ ਛੋਟਾ ਜਿਹਾ ਇਤਿਹਾਸਕ ਗੁਰਦਵਾਰਾ ਹੈ। ਸ਼ਹਿਰ ਤੋਂ ਪੂਰਬ ਵਲ ਡੇਢ ਕੁ ਮੀਲ ਉਤੇ ਸੁਖਚੈਨਆਣਾ ਵਿਖੇ ਇਕ ਹੋਰ ਇਤਿਹਾਸਕ ਗੁਰਦਵਾਰਾ ਹੈ। ਇਥੇ ਗੁਰੂ ਹਰਿਗੋਬਿੰਦ ਤੇ ਗੁਰੂ ਹਰਿਰਾਏ ਵਾਰੋ ਵਾਰੀ ਠਹਿਰੇ ਸਨ ਜਿਨ੍ਹਾਂ ਦੀ ਸਿਮਰਤੀ ਵਿਚ ਇਕ ਗੁਰਦਵਾਰਾ ਹੈ।

ਫਗਵਾੜੇ ਵਿਚ ਭੈਰੋਂ ਦਾ ਇਕ ਪੁਰਾਣਾ ਮੰਦਰ ਵੀ ਹੈ। ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਇਥੇ ਕਦੇ ਭੈਰੋਂ ਦੀ ਪੂਜਾ ਪ੍ਰਚਲਤ ਸੀ। ਭੈਰੋਂ ਦੇ ਮੰਦਰ ਪੰਜਾਬ ਵਿਚ ਬਹੁਤ ਘਟ ਹਨ ਤੇ ਉਂਗਲੀਆਂ ਤੇ ਗਿਣੇ ਜਾ ਸਕਦੇ ਹਨ।

(ਫ-9) **ਫੱਟਕੜੀ** :

ਹੋਣ ਉਸੇ ਦੀ ਨਜ਼ਰ ਬੱਚੇ ਨੂੰ ਲਗੀ ਮੰਨੀ ਜਾਂ
ਫਿਰ ਉਸ ਮਰਦ ਜਾਂ ਤੀਵੀਂ ਦੇ ਪੈਰਾਂ ਦੀ ਮਿੱਟ
ਨਜ਼ਰਾਏ ਬੱਚੇ ਉਤੇ ਧੂੜਣ ਨਾਲ ਜਾਂ ਬੱਚੇ ਦੇ
ਵਾਰ ਕੇ ਅੱਗ ਵਿਚ ਸੁਟਣ ਨਾਲ ਨਜ਼ਰ ਦੂਰ ਹੋ
ਮੰਨੀ ਜਾਂਦੀ ਹੈ।

(ਅ) ਪਹਿਲਿਆਂ ਵਿਚ ਕਈ ਲੋਕ ਆਪਣੇ
ਤੇ ਵਿਰੋਧੀਆਂ ਨੂੰ ਨੁਕਸਾਨ ਪਹੁੰਚਾਣ ਲਈ, ਫਟਕ
ਇਕ ਪੁਤਲਾ ਬਣਾਉਂਦੇ, ਜਿਸ ਦੇ ਨੈਣ ਨਕਸ਼
ਦੀ ਸ਼ਕਲ ਦੇ ਘੜਦੇ ਸਨ ਤੇ ਫਿਰ ਉਸ ਫੱਟਕੜੀ
ਵਿਚ ਸੁਟ ਦਿਤਾ ਜਾਂਦਾ। ਇਸ ਪਿਛੋਂ ਮੰਤ੍ਰ
ਇਸ ਪੁਤਲੇ ਨੂੰ ਕਈ ਤਰ੍ਹਾਂ ਦੇ ਤਸੀਹੇ ਦਿਤੇ
ਪੁਤਲੇ ਦੇ ਅੰਗਾਂ ਵਿਚ ਸੂਈਆਂ ਤੇ ਵਿਹੁਲੇ ਨਸ਼
ਜਾਂਦੇ ਅਤੇ ਉਸ ਦੇ ਅੰਗਾਂ ਨੂੰ ਵੀ ਭੰਗ ਕੀਤਾ
ਧਾਰਨਾ ਸੀ ਕਿ ਇਹ ਸਭ ਦੁਖ ਤੇ ਤਸੀਹੇ ਉ
ਨੂੰ ਪਹੁੰਚਣਗੇ, ਜਿਸ ਦਾ ਕਿ ਉਹ ਪੁਤਲਾ ਹੋਵੇ
ਪ੍ਰੇਤ ਵਿਦਿਆ)।

(ਫ-10) **ਫੰਡਰ ਪਸ਼ੂ** :

ਜਿਸ ਗਾਂ ਮੱਝ ਦਾ ਦੁਧ ਸੁਕ ਗਿਆ ਹੋਵੇ
ਮੁੜ ਗੱਭਣ ਅਥਵਾ ਨਵੀਂ ਨਾ ਹੋਈ ਹੋਵੇ, ਉਸ ਨੂੰ
ਸਮਝਿਆ ਜਾਂਦਾ ਹੈ। ਨਿਸਚਾ ਹੈ ਕਿ ਜੇ ਫੰਡਰ
ਪੈਰਾਂ ਦੀ ਮਿੱਟੀ ਪਾਣੀ ਵਿਚ ਘੋਲ ਕੇ ਕਿਸੇ ਤ
ਪਿਲਾ ਦਿਤੀ ਜਾਵੇ ਤਾਂ ਉਸ ਦੀ ਕੁਖ ਸੁਕ ਜਾਂਦੀ
ਮੁੜ ਉਹ ਬਾਲ ਬੱਚਾ ਨਹੀਂ ਜੰਮਦੀ।

ਕਹਾਵਤਾਂ ਵਿਚ ਵੀ ਫੰਡਰ ਪਸ਼ੂਆਂ ਦਾ
ਆਉਂਦਾ ਹੈ :

ਲਵੇਰੀ ਗਈ ਦੁੱਧ ਦੁਆਉਣ ਨੂੰ,
ਤੇ ਫੰਡਰ ਗਈ ਲੱਤ ਭਨਾਉਣ ਨੂੰ।

(ਫ-11) **ਫਣੀਅਰ** :

ਧਾਰਨਾ ਹੈ ਕਿ ਫਣ ਵਾਲਾ ਸੱਪ (ਫਣੀਅਰ)
ਨਾਗਮਣੀ ਦੀ ਸ਼ਕਤੀ ਨਾਲ ਮਹਾਨ ਤੇ ਦੇਵੀ ਪੁ
ਸਹਿਜੇ ਹੀ ਪਛਾਣ ਲੈਂਦਾ ਹੈ ਅਤੇ ਉਨ੍ਹਾਂ ਦੇ ਸਿਰ
ਨਾਲ ਛੱਤਰ ਕਰਨਾ ਆਪਣਾ ਕਰਤੱਵ ਸਮਝ
ਪੁਰਾਣਾਂ ਅਨੁਸਾਰ ਸੰਸਾਰ ਦੇ ਮੁੱਢ ਵਿਚ ਜਦੋਂ

ਸੱਪ ਦੇ ਫਣ ਨਾਲ ਦੇਵ ਪੁਰਖਾਂ ਉਤੇ ਛਾਂ ਕਰਨ ਦੀਆਂ ਸਾਖੀਆਂ ਕਈ ਸੰਪਰਦਾਵਾਂ ਵਿਚ ਮਿਲਦੀਆਂ ਹਨ।

(ਫ-12) **ਫ਼ਤਹ** :

ਫ਼ਤਹ ਸ਼ਬਦ ਜਿਸ ਦੇ ਅਰਥ ਵਿਜੈ ਦੇ ਹਨ, ਸਿੱਖ ਸਿਸ਼ਟਾਚਾਰ ਦਾ ਅੰਗ ਹੈ। ਪੂਰਾ ਵਾਕ ਹੈ :

ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।

ਸਿੱਖ ਇਕ ਦੂਜੇ ਨੂੰ ਮਿਲਣ ਵੇਲੇ ਜਾਂ ਵਿਦਾ ਹੋਣ ਸਮੇਂ ਫ਼ਤਹ ਬੁਲਾਉਂਦੇ ਹਨ। ਕਈ ਵਾਰੀ ਆਪੋ ਵਿਚ ਦਸਤ ਪੰਜਾ ਮਿਲਾ ਕੇ ਪੂਰਾ ਵਾਕੰਸ਼ ਉਚਾਰਦੇ ਹਨ। ਪਰ ਕਈ ਵਾਰ ਕੇਵਲ ਹਥ ਜੋੜ ਕੇ ਪ੍ਰਨਾਮ ਕਰਦਿਆਂ, ਸੰਖੇਪ ਵਿਚ 'ਫ਼ਤਹ' ਹੀ ਕਹਿ ਲਿਆ ਜਾਂਦਾ ਹੈ। ਵਧੇਰੇ ਗਰਮਜੋਸ਼ੀ ਨਾਲ ਮਿਲਣ ਵੇਲੇ ਪੂਰਾ ਵਾਕ ਹੀ ਵਰਤ ਲਿਆ ਜਾਂਦਾ ਹੈ। ਇਹ ਵਿਜੈ ਦਾ ਪ੍ਰਤੀਕ ਹੈ ਅਤੇ ਇਕ ਦੂਜੇ ਪ੍ਰਤੀ ਸ਼ੁਭ ਭਾਵਨਾ ਦਾ ਵੀ।

ਚਿੱਠੀਆਂ ਵਿਚ ਆਮ ਤੌਰ ਉਤੇ ਸੰਬੋਧਨੀ ਸੱਤਰ ਤੋਂ ਬਾਅਦ 'ਸਤਿ ਸ੍ਰੀ ਅਕਾਲ' ਜਾਂ 'ਫ਼ਤਹ' ਹੀ ਲਿਖਿਆ ਜਾਂਦਾ ਹੈ। ਪਰ ਕਈ ਵਾਰ ਪੂਰਾ ਵਾਕ ਵੀ ਲਿਖਿਆ ਜਾਂਦਾ ਹੈ। ਧਾਰਮਿਕ ਭਾਵਨਾ ਨਾਲ ਲਿਖੀ ਚਿੱਠੀ ਵਿਚ ਪੂਰਾ ਵਾਕ ਹੀ ਵਰਤਿਆ ਜਾਂਦਾ ਹੈ।

ਇਹ ਵਾਕ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਸਾਜਣ ਸਮੇਂ ਪ੍ਰਚਲਤ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਇਹ ਨਾਹਰਾ ਬਖ਼ਸ਼ਿਆ।

(ਫ-13) **ਫ਼ਤਹ ਦਰਸ਼ਨ** :

ਬੰਦਈ ਸਿੱਖਾਂ ਵਿਚ ਪਰਸਪਰ ਮਿਲਣ ਸਮੇਂ ਉਚਾਰਿਆ ਜਾਂਦਾ ਇਕ ਵਾਕ ਜੋ ਬੰਦੇ ਬਹਾਦਰ ਨੇ ਪ੍ਰਚਲਤ ਕੀਤਾ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਬੰਦੇ ਬਹਾਦਰ ਨੇ 'ਵਾਹਿਗੁਰੂ ਜੀ ਕੀ ਫ਼ਤਹ' ਦੀ ਥਾਂ 'ਸੱਚੇ ਸਾਹਿਬ ਜੀ ਕੀ ਫ਼ਤੇ' ਦਾ ਪ੍ਰਚਾਰ ਕਰਨਾ ਆਰੰਭਿਆ ਸੀ, ਜਿਸ ਨੂੰ ਕਈ ਇਤਿਹਾਸਕਾਰਾਂ ਨੇ ਭੁਲ ਕੇ 'ਫ਼ਤਹ ਦਰਸ਼ਨ' ਲਿਖਿਆ ਹੈ। 'ਸੱਚੇ ਸਾਹਿਬ' ਤੋਂ ਬੰਦੇ ਦਾ ਭਾਵ ਗੁਰੂ ਗੋਬਿੰਦ ਸਿੰਘ ਜੀ

'ਸੱਚੇ ਸਾਹਿਬ ਦੀ ਫ਼ਤਹ' ਉਚਾਰਦੇ ਉਹ ਬੰਦਈ
ਹੋਏ। ਬੰਦਈ ਸਿੱਖਾਂ ਦੀ ਗਿਣਤੀ ਬਹੁਤ ਘਟ ਸੀ ਤੇ
ਹੀ ਇਹ ਤੱਤ ਖ਼ਾਲਸੇ ਵਿਚ ਸਮਾ ਗਏ।

(ਫ-14) **ਫਤੂਹੀ** :

ਬਿਨਾਂ ਬਾਹਵਾਂ ਦੇ ਬਟਨ ਵਾਲੀ ਕੁੜਤੀ, ਜੋ
ਪਹਿਰਾਵੇ ਦਾ ਅੰਗ ਹੈ। ਪਿੰਡਾਂ ਵਿਚ ਅਜ ਵੀ
ਪਹਿਨਣ ਦਾ ਰਵਾਜ ਹੈ ਤੇ ਮੇਲਿਆਂ ਮੁਸਾਹਬਿਆਂ
ਜਾਣ ਲਗਿਆਂ ਲੋਕੀ ਕੁੜਤੇ ਉਤੇ ਫਤੂਹੀ ਪਹਿਨ ਕੇ
ਹਨ। ਭੰਗੜਾ ਪਾਉਣ ਵੇਲੇ ਵੀ ਕੁੜਤੇ ਉਤੇ ਸ਼ੋ
ਦੀ ਫਤੂਹੀ ਪਹਿਨੀ ਜਾਂਦੀ ਹੈ, ਜਿਸ ਨਾਲ ਗਭ
ਸਜੀਲੇ ਤੇ ਚੁਸਤ ਲਗਦੇ ਹਨ।

(ਫ-15) **ਫੱਫਾਕੁਟਣੀ** :

ਮੱਕਾਰ ਤੇ ਖੋਟੀ ਔਰਤ ਜੋ ਧੋਖੇ ਫ਼ਰੇਬ ਨਾਲ ਭੋ
ਭਾਲੀਆਂ ਤੀਵੀਆਂ ਨੂੰ ਆਪਣੇ ਜਾਲ ਵਿਚ ਫਸਾਂਦ
ਪੰਜਾਬ ਦੀਆਂ ਲੋਕ-ਕਹਾਣੀਆਂ ਵਿਚ ਫੱਫਾਕੁਟਣੀਆ
ਵਰਨਣ ਆਮ ਹੈ ਤੇ ਫੱਫੇਕੁਟਣੀ ਵਿਦਰੋਹੀ ਪਾਤਰ
ਮਦਦ ਕਰਦੀਆਂ ਹਨ।

ਫੱਫਾਕੁਟਣੀਆਂ ਆਪਣੀ ਸੁਘੜਤਾ ਦਾ ਵ
ਕਰਦਿਆਂ ਕਹਿੰਦੀਆਂ ਹਨ ਕਿ ਉਹ ਤਾਰੇ ਤੋੜ ਸਕ
ਹਨ। ਆਸਮਾਨ ਨੂੰ ਪਾੜ ਕੇ ਟਾਕੀ ਲਗਾ ਸਕਦੀਆਂ
ਸਮੁੰਦਰ ਦਾ ਪਾਣੀ ਚਲੂੰਘ ਸਕਦੀਆਂ ਹਨ ਤੇ
ਵਿਚ ਅੱਗ ਲਗਾ ਸਕਣ ਦੀ ਸਮਰਥਾ ਰਖਦੀਆਂ
ਇਹ ਸਭ ਕੁਝ ਉਹ ਆਪਣਾ ਵਡਿਭਣ ਕਾਇਮ
ਲਈ ਕਰਦੀਆਂ ਹਨ। ਫੱਫਾਕੁਟਣੀਆਂ ਧੋਖਾ ਫ਼ਰੇ
ਪ੍ਰਤੀਕ ਹਨ। ਕਹਾਣੀਆਂ ਵਿਚ ਇਨ੍ਹਾਂ ਦੀ ਭੂਮਿ
ਉਜਾੜਨ ਵਾਲੇ ਪਾਤਰ ਦੀ ਹੈ।

ਰਾਜੇ ਰਸਾਲੂ ਦੀਆਂ ਦੰਦ-ਕਥਾਵਾਂ ਵਿ
ਫੱਫਾਕੁਟਣੀਆਂ 'ਚਤਰ ਮਮੋਲਾ' ਤੇ 'ਸਭ-ਰੰਗ' ਦਾ
ਮਿਲਦਾ ਹੈ। ਚਤਰ ਮਮੋਲਾ ਬੜੀ ਚਤਰ ਚਲਾਕ
ਆਪਣੇ ਬਾਰੇ ਦਸਦੀ ਹੈ :

ਹਿਕ ਕੁਟਣੀ, ਦਸਿਊਂ, ਚਤਰ ਮਮੋਲਾ ਨਾਂ
ਆਖੇ ਪਾਣੀ 'ਚ ਅੱਗ ਲਾਵਣਾ, ਹਿਹੋ ਮਹਿੰਤਾ

(ਫ-16) **ਫਰਊਨ** :

ਮਿਸਰ ਦਾ ਇਕ ਹੰਕਾਰੀ ਬਾਦਸ਼ਾਹ, ਜੋ ਖ਼ੁਦਾਈ ਦਾ ਦਾਅਵਾ ਕਰਦਾ ਸੀ। ਫਰਊਨ ਹਜ਼ਰਤ ਮੂਸਾ ਦਾ ਸਮਕਾਲੀ ਸੀ ਤੇ ਅਲ੍ਹਾ ਨੇ ਇਸ ਨੂੰ ਠੀਕ ਰਾਹ ਉਤੇ ਪਾਉਣ ਲਈ ਹਜ਼ਰਤ ਮੂਸਾ ਨੂੰ ਇਸ ਕੋਲ ਭੇਜਿਆ, ਪਰ ਇਸ ਨੇ ਹਜ਼ਰਤ ਮੂਸਾ ਦੀ ਕੋਈ ਪ੍ਰਵਾਹ ਨਾ ਕੀਤੀ। ਅਖ਼ੀਰ ਇਹ ਅਲ੍ਹਾ ਦੀ ਕਰੋਪੀ ਦਾ ਸ਼ਿਕਾਰ ਹੋ ਕੇ, ਦਰਿਆ ਨੀਲ ਵਿਚ ਆਪਣੇ ਲਸ਼ਕਰ ਸਮੇਤ ਡੁਬ ਕੇ ਮਰਿਆ।

(ਫ-17) **ਫਰਹਾਦ** :

'ਸ਼ੀਰੀ ਫਰਹਾਦ' ਦੀ ਪ੍ਰੀਤ ਕਥਾ ਦਾ ਨਾਇਕ, ਜਿਸਨੇ ਸ਼ੀਰੀ ਨੂੰ ਪ੍ਰਾਪਤ ਕਰਨ ਲਈ ਤੇਸੇ ਨਾਲ ਪਹਾੜ ਨੂੰ ਪੁਟ ਕੇ ਨਹਿਰ ਕਢੀ ਸੀ ਅਤੇ ਸ਼ੀਰੀ ਦੀ ਮੌਤ ਦੀ ਖ਼ਬਰ ਸੁਣ ਕੇ ਤੇਸਾ ਮਥੇ ਉਤੇ ਮਾਰ ਕੇ ਮਰ ਗਿਆ ਸੀ। ਪਹਾੜ ਪੁਟਣ ਕਰ ਕੇ ਇਸ ਨੂੰ 'ਕੋਹਕਨ' ਵੀ ਕਿਹਾ ਜਾਂਦਾ ਹੈ। ਪੰਜਾਬੀ ਲੋਕਧਾਰਾ ਵਿਚ ਫਰਹਾਦ ਇਸ਼ਕ ਘਾਲਣਾ ਤੇ ਸਬਰ ਦਾ ਮੁਜਸਮਾ ਮੰਨਿਆ ਜਾਂਦਾ ਹੈ (ਵੇਖੋ : ਸ਼ੀਰੀ ਫਰਹਾਦ)। ਇਹ ਦਰਿੜ੍ਹਤਾ ਦਾ ਪ੍ਰਤੀਕ ਹੈ।

(ਫ-18) **ਫ਼ਰਿਸ਼ਤਾ** :

ਮੁਸਲਮਾਨੀ ਵਿਸ਼ਵਾਸ਼ ਅਨੁਸਾਰ ਅਲ੍ਹਾ ਨੇ ਤਿੰਨ ਪ੍ਰਕਾਰ ਦੇ ਬੁਧੀਮਾਨ ਪ੍ਰਾਣੀ ਪੈਦਾ ਕੀਤੇ : ਫ਼ਰਿਸ਼ਤੇ, ਜਿੰਨ ਤੇ ਮਨੁੱਖ। ਫ਼ਰਿਸ਼ਤੇ ਨੂਰ ਤੋਂ ਰਚੇ, ਜਿੰਨ ਅੱਗ ਤੋਂ ਤੇ ਮਨੁੱਖ ਮਿੱਟੀ ਤੋਂ। ਫ਼ਰਿਸ਼ਤਿਆਂ ਦਾ ਦਰਜਾ ਬ੍ਰਹਿਮੰਡ ਦੇ ਸਭ ਪ੍ਰਾਣੀਆਂ ਤੋਂ ਉੱਚਾ ਮੰਨਿਆ ਜਾਂਦਾ ਹੈ। ਫ਼ਰਿਸ਼ਤੇ ਸਦਾ ਅਲ੍ਹਾ ਦੇ ਹੁਕਮ ਵਿਚ ਹਾਜ਼ਿਰ ਰਹਿੰਦੇ ਹਨ ਅਤੇ ਹਰ ਵੇਲੇ 'ਜ਼ਿਕਰ' ਕਰਦੇ ਰਹਿੰਦੇ ਹਨ। ਇਹ ਖਾਂਦੇ ਪੀਂਦੇ ਕੁਝ ਨਹੀਂ। ਅਲ ਕਾਜ਼ਵੀਨੀ ਲਿਖਦਾ ਹੈ : "ਫ਼ਰਿਸ਼ਤੇ ਕਾਮ ਵਾਸ਼ਨਾ ਤੋਂ ਮੁਕਤ ਹੁੰਦੇ ਹਨ ਤੇ ਉਨ੍ਹਾਂ ਨੂੰ ਕਰੋਧ ਨਹੀਂ ਆਉਂਦਾ। ਉਹ ਖ਼ੁਦਾ ਦੇ ਕਿਸੇ ਹੁਕਮ ਦੀ ਅਦੂਲੀ ਨਹੀਂ ਕਰਦੇ ਤੇ ਉਸ ਦੀ ਰਜ਼ਾ ਵਿਚ ਰਹਿੰਦੇ ਹਨ। ਉਨ੍ਹਾਂ ਦੀ ਖ਼ੁਰਾਕ ਖ਼ੁਦਾ ਦੇ ਤੇਜ ਪ੍ਰਤਾਪ ਦਾ ਜਸ ਤੇ ਕੀਰਤੀ ਹੈ, ਅੱਲ੍ਹਾ ਦੀ ਪਵਿਤ੍ਰਤਾ ਦੀ ਮਹਿਮਾ ਕਰਨ ਨਾਲ ਉਨ੍ਹਾਂ ਦੀ ਕ੍ਰਿਆ ਬਹਿਲ ਹੈ, ਉਨ੍ਹਾਂ ਦੀ ਵਾਰਤਾਲਾਪ ਖ਼ੁਦਾ ਦੀ

ਮਤ ਨਹੀਂ, ਕਿਧਰੇ ਇਹ ਗਿਣਤੀ ਅੱਸੀ ਹਜ਼ਾਰ
ਹੋਈ ਹੈ ਤੇ ਕਿਧਰੇ ਸਵਾ ਲੱਖ।

ਕੁਰਾਨ ਅਨੁਸਾਰ ਮੁਖੀ ਫ਼ਰਿਸ਼ਤੇ ਚਾਰ ਹਨ :

(1) ਜਬਰਾਈਲ : ਇਹ ਇਲਹਾਮ ਜਾਂ ਅਕ
ਦਾ ਫ਼ਰਿਸ਼ਤਾ ਹੈ ਅਤੇ ਖ਼ੁਦਾ ਦਾ ਪੈਗ਼ਾਮ ਪੈਗ਼ੰਬ
ਪਹੁੰਚਾਂਦਾ ਹੈ। ਇਹ ਸਭ ਫ਼ਰਿਸ਼ਤਿਆਂ ਵਿਚੋਂ
ਮੁਕਦਸ ਮੰਨਿਆ ਗਿਆ ਹੈ। ਮੁਸਲਮਾਨੀ ਧਾਰਨਾ
ਹਜ਼ਰਤ ਮੁਹੰਮਦ ਸਾਹਿਬ ਨੂੰ ਸਮੇਂ ਸਮੇਂ ਕੁਰਾਨ
ਜੋ ਆਇਤਾਂ ਅਸਮਾਨੋਂ ਉਤਰਦੀਆਂ ਸਨ, ਉ
ਫ਼ਰਿਸ਼ਤੇ ਨੇ ਲਿਆ ਕੇ ਦਿਤੀਆਂ ਸਨ।

(2) ਮੀਕਾਇਲ : ਵਿਸ਼ਨੂੰ ਦੇਵਤੇ ਵਾਂਙ ਇਹ ਫ਼
ਸੰਸਾਰ ਦੀ ਪਾਲਨਾ ਕਰਦਾ ਅਤੇ ਸਭ ਜੀਵਾਂ ਨੂੰ
ਪਹੁੰਚਾਂਦਾ ਹੈ। ਇੰਦਰ ਵਾਂਗ ਇਹ ਮੀਂਹ ਦਾ ਫ਼
ਵੀ ਹੈ।

(3) ਅਜ਼ਰਾਈਲ : ਇਹ ਮੌਤ ਦਾ ਫ਼ਰਿਸ਼ਤਾ
ਇਸ ਨੂੰ 'ਮਲਕੁਲਮੌਤ' ਵੀ ਕਹਿੰਦੇ ਹਨ। ਅ
ਮੌਤ ਦਾ ਪ੍ਰਤੀਕ ਵਜੋਂ ਲੋਕਧਾਰਾ ਵਿਚ ਪ੍ਰਚਲਤ ਹੈ

'ਮਲਕਲਮਉਤ ਜਾਂ ਆਵਸੀ ਸਭ ਦਰਵਾਜ਼ੇ ਭੰ

— ਸਲੋਕ

(4) ਇਸਰਾਈਲ : ਇਹ ਕਿਆਮਤ ਦਾ ਫ਼ਰਿ
ਸੰਸਾਰ ਦੇ ਖ਼ਾਤਮੇ ਉਤੇ ਇਹ ਦੋ ਜਾਂ (ਕਈ ਅਨੁਸਾਰ
ਵਾਰ ਤੁਰਮ ਜਾਂ ਤੁਰੀ ਵਜਾਵੇਗਾ ਤੇ ਇਸ ਦੀ ਧੁਨੀ
ਸਾਰ ਸੰਸਾਰ ਦੇ ਸਾਰੇ ਪ੍ਰਾਣੀ ਤੇ ਜੀਵ-ਜੰਤ
ਜਾਣਗੇ ਸਮੇਤ ਉਸਦੇ ਆਪਣੇ। ਚਾਲ੍ਹੀ ਵਰ੍ਹਿਆਂ ਪਿ
ਜਬਰਾਈਲ ਤੇ ਮੀਕਾਇਲ ਸਮੇਤ ਫਿਰ ਉਠ ਖਲੋ
ਫਿਰ ਇਸਰਾਈਲ ਦੂਜੀ ਵਾਰ ਤੁਰਮ ਵਜਾਵੇਗਾ
ਮੁਰਦੇ ਉਠ ਖੜੇ ਹੋਣਗੇ।

ਮੁਸਲਮਾਨੀ ਵਿਸ਼ਵਾਸ਼ ਅਨੁਸਾਰ ਇਹ ਫ਼ਰਿਸ਼ਤੇ
ਉਤੇ ਖ਼ੁਦਾ ਵਲੋਂ ਭੇਜੇ ਗਏ ਪੈਗ਼ੰਬਰਾਂ ਤੇ ਨਬੀ
ਘਟ ਦਰਜਾ ਰਖਦੇ ਹਨ, ਉਂਜ ਬਾਕੀ ਸਭ ਪ੍ਰਾਣੀ
ਇਨ੍ਹਾਂ ਦਾ ਦਰਜਾ ਉੱਚਾ ਹੈ। ਪਰ ਜਦੋਂ ਅਲ੍ਹਾ ਨੇ
ਦੀ ਸਿਰਜਨਾ ਕੀਤੀ ਤਾਂ ਉਸ ਨੇ ਸਭ ਫ਼ਰਿਸ਼
ਆਦਮ ਅਗੇ ਸਿਜਦਾ ਕਰਨ ਦਾ ਹੁਕਮ ਦਿਤਾ।
ਤੋਂ ਪਿਛੋਂ ਸਭ ਫ਼ਰਿਸ਼ਤਿਆਂ ਨੇ ਆਦਮ ਨੂੰ ਸਿਜਦਾ

ਹੈ ਤੇ ਸੱਜੇ ਮੋਢੇ ਉਤੇ ਬੈਠਦਾ ਹੈ। ਦੂਜਾ ਬੁਰੇ ਕੰਮ ਦੀ ਤੇ ਖੱਬੇ ਮੋਢੇ ਉਤੇ ਰਹਿੰਦਾ ਹੈ।

ਦੋ ਹੋਰ ਪ੍ਰਸਿਧ ਫ਼ਰਿਸ਼ਤੇ 'ਮੁਨਕਰ' ਤੇ 'ਨਕੀਰ' ਹਨ। ਇਹ ਮਰਨ ਤੋਂ ਪਿਛੋਂ ਪ੍ਰਾਣੀ ਕੋਲ ਆਉਂਦੇ ਹਨ ਤੇ ਉਸਦੇ ਚੰਗੇ ਮੰਦੇ ਕਰਮਾਂ ਕੁਕਰਮਾਂ ਦਾ ਲੇਖਾ ਕਰ ਕੇ ਪਾਪੀਆਂ ਨੂੰ ਕਬਰ ਵਿਚ ਤਸੀਹੇ ਦੇਂਦੇ ਹਨ।

(ਫ-19) **ਫਰੀਦਾਬਾਦ** :

ਪੁਰਾਣੇ ਪੰਜਾਬ ਦਾ ਇਕ ਕਸਬਾ ਜੋ ਦਿੱਲੀ ਤੋਂ 12 ਕੁ ਮੀਲ ਦੀ ਵਿਥ ਉਤੇ ਹੈ ਤੇ ਅਜ ਕਲ੍ਹ ਹਰਿਆਣਾ ਪ੍ਰਾਂਤ ਵਿਚ ਹੈ। ਇਥੇ ਕਦੇ ਘਣਾ ਜੰਗਲ ਹੋਇਆ ਕਰਦਾ ਸੀ। ਇਥੇ ਇਕ ਸਰੋਵਰ ਹੈ, ਜਿਸ ਨੂੰ ਸੰਸਾਰ ਚੰਦ ਨਾਂ ਦੇ ਰਾਜੇ ਨੇ, ਸਤਵੀਂ ਸਦੀ ਵਿਚ ਬਣਾਇਆ ਸੀ। ਰਵਾਇਤ ਹੈ ਕਿ 13ਵੀਂ ਸਦੀ ਵਿਚ ਬਾਬਾ ਫ਼ਰੀਦ ਜੀ ਨੇ, ਇਥੇ ਕਦਮ ਪਾਏ ਸਨ ਤੇ ਉਨ੍ਹਾਂ ਸਦਕਾ ਹੀ ਇਸ ਦਾ ਨਾਂ ਫਰੀਦਾਬਾਦ ਪਿਆ। ਪਰ ਇਕ ਹੋਰ ਦੰਦ-ਕਥਾ ਲੇਖਕ ਨੇ ਇਥੋਂ ਦੇ ਅਜੋਕੇ ਵਸਨੀਕਾਂ ਤੋਂ ਸੁਣੀ ਹੈ। ਉਸ ਅਨੁਸਾਰ ਇਹ ਇਲਾਕਾ ਜਦੋਂ ਜੰਗਲਾਂ ਨਾਲ ਘਿਰਿਆ ਹੋਇਆ ਸੀ ਤਾਂ ਇਥੇ ਇਕ ਨਾਮੀ ਡਾਕੂ ਫਰੀਦਾ ਰਹਿੰਦਾ ਸੀ। ਫਰੀਦਾ ਅਮੀਰ ਲੋਕਾਂ ਨੂੰ ਲੁੱਟ ਕੇ ਗ਼ਰੀਬਾਂ ਦੀ ਸਹਾਇਤਾ ਕੀਤਾ ਕਰਦਾ ਸੀ। ਨਾਲੇ ਕੋਲ ਇਕ ਝੁੱਗੀ ਵਿਚ ਇਸ ਦੀ ਬੁੱਢੀ ਮਾਂ ਰਹਿੰਦੀ ਸੀ ਤੇ ਜਦੋਂ ਵੀ ਦਿੱਲੀ ਤੋਂ ਕੋਈ ਪੁਲਿਸ ਇਸ ਨੂੰ ਪਕੜਨ ਨਿਕਲਦੀ, ਉਹ ਕਿਸੇ ਸੰਕੇਤਮਈ ਢੰਗ ਨਾਲ ਫਰੀਦੇ ਨੂੰ ਇਸ ਬਾਰੇ ਜਾਣਕਾਰੀ ਦੇ ਦੇਂਦੀ ਤੇ ਫਰੀਦਾ ਹੋਰ ਕਿਧਰੇ ਨੱਠ ਜਾਂਦਾ, ਇਸ ਨਾਲੇ ਉਤੇ ਜੋ ਪੁਲ ਹੈ, ਉਸ ਨੂੰ ਹੁਣ ਵੀ 'ਬੁੱਢੀ ਦਾ ਪੁਲ' ਕਿਹਾ ਜਾਂਦਾ ਹੈ।

(ਫ-20) **ਫਰੂਆ** :

ਲੱਕੜ ਨੂੰ ਡੂੰਘਾ ਖੁਰਚ ਕੇ ਬਣਾਇਆ ਇਕ ਭਾਂਡਾ; ਜਿਸ ਵਿਚ ਫਕੀਰ ਭਿਛਿਆ ਮੰਗਦੇ ਹਨ। ਨਿਸਚਾ ਹੈ ਕਿ ਲੋਹੇ ਦੇ ਭਾਂਡੇ ਵਿਚ ਭਿਛਿਆ ਦੇਣ ਦਾ ਉਤਨਾ ਫਲ ਨਹੀਂ ਹੁੰਦਾ ਜਿਤਨਾ ਕਿ ਕਾਠ ਦੇ ਭਾਂਡੇ ਵਿਚ। ਕਾਠ ਦੇ ਭਾਂਡੇ ਵਿਚ ਦਿਤੀ ਹਰ ਭਿਛਿਆ, ਅਗਲੇ ਲੋਕ ਵਿਚ ਕਈ ਗੁਣਾ ਵਧ ਹੋ ਕੇ ਮਿਲਦੀ ਹੈ। ਕਾਠ ਵਿਚ ਅਗਨੀ ਦੇਵਤੇ ਦਾ

(ਫ-21) **ਫਲਗੂ** :

(ੳ) ਇਕ ਤੀਰਥ ਜੋ ਹਰਿਆਣਾ ਵਿਚ ਪਾਹੋਏ
ਨੇੜੇ ਸਥਿਤ ਹੈ। ਇਸ ਤੀਰਥ ਦਾ ਨਾਉਂ ਬਿਹਾਰ ਪ੍ਰ
ਦੀ ਇਕ ਨਦੀ ਫਲਗੂ ਉਤੇ ਜਿਸ ਦੇ ਕੰਢੇ ਗਯਾ ਦਾ ਤੀ
ਹੈ, ਰਖਿਆ ਗਿਆ। ਵਾਯੂ ਪੁਰਾਣ ਵਿਚ ਇਸ ਨਦੀ
ਵਡਾ ਮਹਾਤਮ ਮੰਨਿਆ ਗਿਆ ਹੈ। ਇਥੇ ਦੇਸ ਭਰ ਵਿ
ਹਿੰਦੂ ਆਪਣੇ ਪਿਤਰਾਂ ਦਾ ਪਿੰਡ ਦਾਨ, ਕਰਨ ਲ
ਆਇਆ ਕਰਦੇ ਹਨ। ਫਲਗੂ ਤੀਰਥ ਦੀ ਯਾਤ੍ਰਾ
ਮਹਾਤਮ ਵੀ ਗਯਾ ਜਿਤਨਾ ਹੀ ਮੰਨਿਆ ਗਿਆ
ਅਤੇ ਪੰਜਾਬ ਤੇ ਆਸ ਪਾਸ ਦੇ ਹਿੰਦੂ ਇਥੇ ਪਿਤਰਾਂ ਨ
ਪਿੰਡ ਦਾਨ ਕਰਦੇ ਹਨ।

(ਅ) ਬਿਹਾਰ ਪ੍ਰਾਂਤ ਦੀ ਇਕ ਨਦੀ ਜਿਸ ਦੇ
ਗਯਾ ਦਾ ਪ੍ਰਸਿਧ ਤੀਰਥ ਹੈ। ਇਸ ਨਦੀ ਵਿਚ ਪਿੰਡ ਦ
ਕਰਨ ਦਾ ਬੜਾ ਮਹਾਤਮ ਮੰਨਿਆ ਜਾਂਦਾ ਹੈ।

(ਫ-22) **ਫਲ ਜ਼ੀਰਾ** :

ਖੰਡ ਵਿਚ ਜ਼ੀਰਾ ਮਿਲਾ ਕੇ ਬਣਾਈ ਇਕ ਮਠਿਆ
ਜੋ ਮੁਲਤਾਨ ਦੇ ਇਲਾਕੇ ਦੇ ਮੁਸਲਮਾਨ, ਬੱਚੇ ਦੇ ਜ
ਉਤੇ ਸ਼ਗਨ ਵਜੋਂ ਭਾਈਚਾਰੇ ਵਿਚ ਵੰਡਦੇ ਹਨ।

(ਫ-23) **ਫਲ੍ਹਾ** :

ਲਕੜੀ ਦਾ ਤਖ਼ਤਾ ਜਿਸ ਉਤੇ ਮ੍ਰਿਤਕ ਨੂੰ ਲਿਟ
ਸ਼ਮਸ਼ਾਨਘਾਟ ਲਿਜਾਇਆ ਜਾਂਦਾ ਹੈ। ਫਲ੍ਹੇ ਨੂੰ ਵਰਤੋਂ
ਬਾਅਦ ਕੰਧ ਜਾਂ ਕਿਸੇ ਬ੍ਰਿਛ ਨਾਲ ਸਿਧਾ ਖੜਾ ਕੀਤਾ ਜ
ਹੈ, ਇਸ ਨੂੰ ਲੇਟਵੇਂ ਦਾਅ ਰਖਣਾ ਅਪਸ਼ਗਨ ਹੈ।
ਤੋਂ ਕਿਸੇ ਸ਼ਖ਼ਸ ਜਾਂ ਬੱਚੇ ਦਾ ਟੱਪ ਜਾਣਾ ਅਸ਼ੁਭ ਮੰਨਿ
ਜਾਂਦਾ ਹੈ।

(ਫ-24) **ਫਲਾਹਾਰ ਵਰਤ** :

ਹਿੰਦੂਆਂ ਵਿਚ ਵਰਤ ਕਈ ਕਿਸਮਾਂ ਦੇ ਹਨ।
ਵਰਤ ਵਿਚ ਕੇਵਲ ਮਿਠੇ ਪਦਾਰਥ ਖਾਧੇ ਜਾਂਦੇ ਹਨ,
ਹੋਰ ਵਿਚ ਕੇਵਲ ਪਾਣੀ ਪੀਤਾ ਜਾਂਦਾ ਹੈ ਤੇ ਕੋਈ
ਪਦਾਰਥ ਮੂੰਹ ਨਹੀਂ ਲਾਇਆ ਜਾਂਦਾ। ਕੁਝ ਵਰਤਾਂ
ਕੇਵਲ ਫਲਾਂ ਦਾ ਹੀ ਭੋਜਨ ਕੀਤਾ ਜਾਂਦਾ ਹੈ। ਅ
ਵਰਤ ਨੂੰ ਫਲਾਹਾਰ ਵਰਤ ਕਿਹਾ ਜਾਂਦਾ ਹੈ (
ਵਰਤ)।

ਜੋਤਿਸ਼ ਵਿਦਿਆ ਅਨੁਸਾਰ ਸੰਸਾਰ ਦੇ ਜੀਵਾਂ ਉਤੇ ਗ੍ਰਹਿਆਂ ਦੀ ਚਾਲ ਦਾ ਚੰਗਾ ਮੰਦਾ ਪ੍ਰਭਾਵ ਪੈਂਦਾ ਰਹਿੰਦਾ ਹੈ। ਬੁੱਧ ਆਦਿ ਕੁਝ ਗ੍ਰਹਿਆਂ ਦਾ ਪ੍ਰਭਾਵ ਚੰਗਾ ਮੰਨਿਆ ਜਾਂਦਾ ਹੈ ਅਤੇ ਸਨਿਚਰ ਦਾ ਮੰਦਾ। ਗ੍ਰਹਿਆਂ ਦੇ ਪ੍ਰਭਾਵ ਦਾ ਅਨੁਮਾਨ ਜਨਮ ਕੁੰਡਲੀ ਤੋਂ ਲਗਾਇਆ ਜਾਂਦਾ ਹੈ ਕਿ ਉਸ ਦੇ ਜਨਮ ਵੇਲੇ ਕਿਹੜਾ ਗ੍ਰਹਿ ਕਿਥੇ ਸੀ। ਗ੍ਰਹਿਆਂ ਦੇ ਪ੍ਰਾਣੀ ਉਤੇ ਸ਼ੁਭ ਅਸ਼ੁਭ ਫਲ ਦਸਣ ਦੀ ਕਿਰਿਆ ਨੂੰ 'ਫਲਾਦੇਸ਼' ਜਾਂ 'ਫਲਾਫਲ' ਕਹਿੰਦੇ ਹਨ।

(ਫ-26) **ਫੱਲੀ** :

ਖੱਤਰੀਆਂ ਦੀਆਂ ਸ਼ਾਖਾਂ; ਬੁੰਜਾਹੀ ਖਤਰੀ ਕਿਸੇ ਸਮੇਂ ਨੌਂ ਉਪ-ਸਾਖਾਂ ਵਿਚ ਵੰਡੇ ਹੋਏ ਸਨ, ਜਿਨ੍ਹਾਂ ਨੂੰ ਫੱਲੀਆਂ ਕਹਿੰਦੇ ਸਨ। ਇਨ੍ਹਾਂ ਵਿਚੋਂ ਅਠ ਫੱਲੀਆਂ ਦੇ ਨਾਉਂ 'ਪੰਜਾਬ ਕੈਸ਼ਟਜ' (2,509) ਵਿਚ ਦਿਤੇ ਮਿਲਦੇ ਹਨ: ਕੋਤਾਲ (ਕਟਿਆਲ), ਮਗ੍ਹਨ, ਮਹਿੰਦਰੂ, ਦਾਂਦ-ਧੁੰਨ, ਵਾਸਨ, ਭੰਬਰੀ, ਚੋਨੇ, ਵਿਜ। ਨੌਂਵੀਂ ਫੱਲੀ ਦਾ ਨਾਉਂ ਨਹੀਂ ਮਿਲਦਾ।

ਬੁੰਜਾਹੀ ਖੱਤਰੀਆਂ ਵਿਚ ਪ੍ਰਚਲਤ ਇਕ ਰਸਮ; ਬੁੰਜਾਹੀ ਖੱਤਰੀ ਨੌਂ ਫੱਲੀਆਂ ਵਿਚ ਵੰਡੇ ਹੋਏ ਸਨ ਤੇ ਵਿਆਹ ਦੇ ਅਵਸਰ ਉਤੇ ਲਾੜੇ ਦਾ ਪਿਉ, ਇਸ਼ਨਾਨ ਕਰਨ ਮਗਰੋਂ ਬੁੰਜਾਹੀਆਂ ਦੇ ਨੌਂਵਾਂ ਫੱਲੀਆਂ ਦੇ ਪ੍ਰੋਹਿਤਾਂ ਨੂੰ ਪੰਜ ਪੰਜ ਰੁਪਏ ਫੱਲੀ ਪ੍ਰਤੀ ਭੇਟਾ ਕਰਨ ਦੀ ਪਰੰਪਰਾ ਸੀ, ਇਸ ਰੀਤ ਨੂੰ 'ਫੱਲੀ ਦੇਣਾ' ਕਹਿੰਦੇ ਸਨ।

(ਫ-27) **ਫੜੇਲੀ** :

ਬੁਝਾਰਤ ਦੀ ਇਕ ਕਿਸਮ; ਫੜੇਲੀ ਵਿਚ ਜੋ ਰੂਪਕ ਵਰਤੇ ਜਾਂਦੇ ਹਨ, ਉਹ ਬੜੇ ਅਸਪਸ਼ਟ ਤੇ ਅਬੋਧ ਹੁੰਦੇ ਹਨ। ਕਈ ਵਾਰ ਫੜੇਲੀ ਨੂੰ ਬੁੱਝਣਾ ਬੜਾ ਕਠਨ ਹੁੰਦਾ ਹੈ। ਨਮੂਨੇ ਲਈ ਇਕ ਫੜੇਲੀ ਦਿਤੀ ਜਾਂਦੀ ਹੈ:

'ਥੜੇ ਉਤੇ ਥੜਾ, ਉਪਰ ਲਾਲ ਕਬੂਤਰ ਖੜਾ' (ਸੰਕੇਤ ਦੀਵੇ ਵਲ ਹੈ)।

ਕਈ ਵਾਰ ਸਾਧਾਰਨ ਬੁਝਾਰਤ ਲਈ ਵੀ 'ਫੜੇਲੀ' ਸ਼ਬਦ ਵਰਤ ਲਿਆ ਜਾਂਦਾ ਹੈ।

(ਫ-28) **ਫੜੂਹਾ** :

ਹਨ ਤੇ ਇਨ੍ਹਾਂ ਨੂੰ ਲੈ ਕੇ ਘਰ ਦੀ ਛੱਤ ਉਤੇ ਚੜ੍ਹ ਹਨ। ਇਨ੍ਹਾਂ ਤਿੰਨਾਂ ਵਿਚੋਂ ਇਕ ਤੀਵੀਂ ਪਹਿਨਿਆ ਹੁੰਦਾ ਹੈ ਤੇ ਉਹ ਛੱਤ ਉਤੇ ਭੁੜਕਦੀ ਹੋਈ ਲਚਰ ਗੀਤ, ਉੱਚੀ ਸੁਰ ਵਿਚ ਗਾਉਂਦੀ ਟੱਪੇ ਪਿਛੋਂ ਤਿੰਨੋਂ ਔਰਤਾਂ ਛੱਜ ਨੂੰ ਡੋਈ ਨਾਲ ਕੁਟਦੀਆਂ ਹਨ ਤੇ ਉਦੋਂ ਤਕ ਗੀਤ ਗਾਂਦੀਆਂ ਹਨ, ਜਦੋਂ ਤਕ ਛੱਜ ਤੇ ਡੋਈ ਟੁਕੜੇ ਟੁਕੜੇ ਜਾਂਦੀ। ਇਹ ਰੀਤ ਲਹਿੰਦੇ ਵਿਚ ਹੁਣ ਤ ਰਹੀ ਹੈ।

(ਅ) ਇਕ ਲੋਕ-ਨਾਚ ਜੋ ਮਾਲਵੇ ਵਿਚ ਹੈ। ਫੜੂਹਾ ਗਿੱਧੇ ਵਾਂਗ ਹੀ ਪਾਇਆ ਜਾਂ ਇਸ ਦੀ ਚਾਲ ਤੇ ਗਤੀ ਗਿੱਧੇ ਨਾਲੋਂ ਵਧੇ ਤੇਜ਼ ਹੁੰਦੀ ਹੈ।

(ਫ-29) **ਫਫੂਕਾ** :

ਵਿਆਹ ਦੀ ਇਕ ਰਸਮ; ਫਫੂਕੇ ਨਾਲ ਕੰਨਿਆਂ ਕਾਮਣ ਪਾਉਂਦੀ ਹੈ। ਛੰਦਲੀਆਂ ਕੰਨਿਆਂ, ਸਹੇਲੀਆਂ ਦੇ ਨਾਲ ਰਲ ਕੇ ਚਾਵਲ ਸ਼ਕਰ ਰਲਾ ਕੇ ਫਫੂਕਦੀ ਤੇ ਤਿੰਨ ਕੁੰਭਾਂ ਉਤੇ ਪ ਦੀਵੇ ਦੀ ਜੋਤ ਵਲ ਵੇਖਦੀ ਰਹਿੰਦੀ ਹੈ। ਧਾ ਇਸ ਤਰ੍ਹਾਂ ਕਰਨ ਨਾਲ ਕੰਨਿਆਂ ਉਤੇ ਰੂਪ ਚੜ੍ਹ ਨੂੰ ਕਾਮਣ ਪੈਂਦੇ ਹਨ (ਵੇਖੋ : ਕਾਮਣ)।

(ਫ-30) **ਫਾਹੁੜੀ** :

ਲਕੜੀ ਦੀ ਫਾਹੁੜੇ ਦੀ ਸ਼ਕਲ ਦੀ ਇਕ ਉਤੇ ਜੋਗੀ ਸੰਨਿਆਸੀ ਤੇ ਸਾਧੂ ਸਮਾਧੀ ਵੇਲੇ ਸਹਾਰਾ ਲੈ ਲੈਂਦੇ ਹਨ।

(ਫ-31) **ਫਾਗ** :

ਫੱਗਣ ਮਹੀਨੇ ਦਾ ਤਿਉਹਾਰ; ਫੱਗਣ ਦੀ ਨੂੰ ਪੇਣ ਕਰ ਕੇ, ਹੋਲੀ ਦੇ ਤਿਉਹਾਰ ਨੂੰ 'ਫਾਗ' ਲਿਆ ਜਾਂਦਾ ਹੈ (ਵੇਖੋ : ਹੋਲੀ)।

(ਫ-32) **ਫਾਡੀ** :

ਲੂਕਣ ਮੀਟੀ, ਖੇਡਣ ਵੇਲੇ ਬੱਚੇ ਪਹਿਲਾਂ

(ਫ-33) **ਫ਼ਾਤਮਾ ਬੀਬੀ :**

ਹਜ਼ਰਤ ਮੁਹੰਮਦ ਸਾਹਿਬ ਦੀ ਲੜਕੀ ਜੋ ਖ਼ਦੀਜਾ ਦੀ ਕੁਖੋਂ, ਮੱਕੇ ਵਿਚ, 606 ਈਸਵੀ ਵਿਚ ਜੰਮੀ। ਮੁਸਲਮਾਨਾਂ ਦੇ ਪਹਿਲੇ ਖ਼ਲੀਫ਼ੇ ਹਜ਼ਰਤ ਅਲੀ, ਬੀਬੀ ਫ਼ਾਤਮਾ ਦੇ ਹੀ ਪਤੀ ਸਨ। ਹਸਨ ਤੇ ਹੁਸੈਨ ਫ਼ਾਤਮਾ ਦੇ ਹੀ ਪੁੱਤਰ ਸਨ ਜੋ ਛੋਟੀ ਉਮਰ ਵਿਚ ਹੀ ਧਰਮ-ਯੁਧ ਵਿਚ ਸ਼ਹੀਦ ਹੋ ਗਏ ਸਨ। ਫ਼ਾਤਮਾ 26 ਸਾਲ ਦੀ ਛੋਟੀ ਆਯੂ ਵਿਚ ਹੀ, ਮਦੀਨੇ ਵਿਚ 632 ਈਸਵੀ ਵਿਚ ਕਾਲਵਸ ਹੋ ਗਈ। ਪੰਜਾਬੀ ਲੋਕ-ਗੀਤਾਂ ਵਿਚ ਖ਼ਾਸ ਤੌਰ ਤੇ ਕਿੱਸਾ ਸਾਹਿਤ ਵਿਚ ਫ਼ਾਤਮਾ ਦਾ ਜ਼ਿਕਰ ਅਨੇਕ ਥਾਈਂ ਹੈ। ਫ਼ਾਤਮਾ ਇਸ ਗੱਲ ਦੀ ਪ੍ਰਤੀਕ ਬਣ ਗਈ ਹੈ ਜਦੋਂ ਕੋਈ ਧਰਮ ਖ਼ਾਤਰ ਆਪਣਾ ਸਭ ਕੁਝ ਵਾਰ ਦੇਵੇ।

(ਫ-34) **ਫ਼ਾਤਿਹਾ :**

(ੳ) ਕੁਰਾਨ ਦਾ ਪਹਿਲਾ ਸੂਰਾ, ਜਿਸ ਦੀਆਂ ਸਤ ਆਇਤਾਂ ਹਨ। ਮੁਸਲਮਾਨਾਂ ਵਿਚ ਪ੍ਰਥਾ ਹੈ ਕਿ ਜਦੋਂ ਕੋਈ ਸ਼ਖ਼ਸ ਮਰ ਜਾਵੇ ਤਾਂ ਉਸ ਨਮਿਤ ਇਹ ਸੂਰਾ ਕਈ ਵਾਰ ਪੜ੍ਹਿਆ ਜਾਂਦਾ ਹੈ। ਇਸ ਬਾਰੇ ਭਿੰਨ ਭਿੰਨ ਰੀਤਾਂ ਹਨ। ਕਈ ਮੁਸਲਮਾਨ ਤੀਜੇ ਦਿਨ ਫ਼ਾਤਿਹਾ ਪੜ੍ਹਦੇ ਹਨ ਤੇ ਛੋਲੇ ਦੇ ਦਾਣਿਆਂ ਉਤੇ ਕਲਮਾ ਪੜ੍ਹ ਕੇ ਦਾਨ ਕਰਦੇ ਹਨ, ਇਸ ਨਾਲ ਮ੍ਰਿਤਕ ਦੀ ਰੂਹ ਨੂੰ ਸੁਆਬ ਪਹੁੰਚਦਾ ਹੈ। ਕਈ ਇਸ ਮੌਕੇ ਤੇ ਕੁਝ ਅਰਗਲ ਦੇ ਫੁੱਲ ਵੀ ਲਿਆਉਂਦੇ ਹਨ। 'ਸੂਰਾ ਫ਼ਾਤਿਹਾ' ਪੜ੍ਹ ਕੇ ਉਥੇ ਮੌਜੂਦ ਹਰ ਸ਼ਖ਼ਸ ਅਰਗਜ਼ੇ ਦੇ ਪਿਆਲੇ ਵਿਚ ਫੁੱਲ ਪਾਉਂਦਾ ਹੈ ਅਤੇ ਇਹ ਫੁੱਲ ਤੇ ਅਰਗਚਾ ਮ੍ਰਿਤਕ ਦੀ ਕਬਰ ਉਤੇ ਬਿਖੇਰਿਆ ਜਾਂਦਾ ਹੈ। ਕੁਝ ਮੁਸਲਮਾਨਾਂ ਵਿਚ ਪ੍ਰਾਣੀ ਦੀ ਮੌਤ ਪਿਛੋਂ 19ਵੇਂ ਦਿਨ ਉਸ ਦੀ ਕਬਰ ਉਤੇ ਜਾ ਕੇ ਫ਼ਾਤਿਹਾ ਪੜ੍ਹਦੇ ਹਨ। ਚਾਲੀ ਦਿਨ ਸੋਗ ਕੀਤਾ ਜਾਂਦਾ ਹੈ ਤੇ ਚਾਲੀਏ ਨੂੰ ਮ੍ਰਿਤਕ ਦੇ ਸਾਕੇਦਾਰ ਕਬਰ ਉਤੇ ਜਾ ਕੇ ਕਪੜੇ, ਖਾਣਾ ਤੇ ਰੁਪਏ ਪੈਸੇ ਗ਼ਰੀਬਾਂ ਵਿਚ, ਮੋਏ ਪ੍ਰਾਣੀ ਨਮਿਤ ਵੰਡਦੇ ਹਨ।

(ਅ) ਕੁਰਾਨ ਦੇ ਪਹਿਲੇ 114 ਸੂਰੇ ਦਾ ਸਮੁੱਚਾ ਨਾਉਂ 'ਫ਼ਾਤਿਹਾ' ਹੈ। ਫ਼ਾਤਿਹਾ ਗੁਨਾਹਾਂ ਦੇ ਬਖ਼ਸ਼ਾਣ ਅਤੇ ਜੰਨਤ …

ਹੈ। ਫ਼ਾਤਿਹੇ ਸਮੇਂ ਅਮੀਰ ਮੁਸਲਮਾਨ ਕਾਫ਼ੀ ਖ਼ਰ…
ਤੇ ਖ਼ੈਰਾਤ ਦੇਂਦੇ ਹਨ। ਫ਼ਾਤਿਹਾ ਆਮ ਤੌਰ ਉ…
ਦੀ ਮੌਤ ਤੋਂ ਮਗਰੋਂ, ਸਾਲ ਦੇ ਅੰਦਰ ਅੰਦਰ ਕਿ…
ਵੀ ਕੀਤਾ ਜਾ ਸਕਦਾ ਹੈ। ਇਸ ਮੌਕੇ ਉਤੇ…
ਭੇਜ ਕੇ ਸਭ ਅੰਗਾਂ ਸਾਕਾਂ ਨੂੰ ਸੱਦਾ ਭੇਜਿਆ ਜ…
ਕਿਸੇ ਬਜ਼ੁਰਗ ਦੇ ਫ਼ਾਤਿਹੇ ਉਤੇ ਕਾਫ਼ੀ 'ਹੰਗਾ…
ਜਾਂਦਾ ਹੈ ਤੇ ਉਸ ਦੀਆਂ ਨੂੰਹਾਂ ਹਾਰ ਸ਼ਿੰਗਾਰ …
ਹਨ। ਕੁਝ ਜਾਤੀਆਂ ਵਿਚ ਇਸ ਮੌਕੇ ਉਤੇ ਗੀਤ …
ਜਾਂਦੇ ਹਨ।

ਮਿਉ ਜਾਤੀ ਵਿਚ ਫ਼ਾਤਿਹਾ ਤਿੰਨ ਦਿਨ ਰਹਿ…
ਪਹਿਲੇ ਦਿਨ ਅੰਗ ਸਾਕ ਪਹੁੰਚਦੇ ਹਨ ਅਤੇ ਗ…
ਜਾਂਦੇ ਹਨ ਅਤੇ ਖੀਰ ਜਾਂ ਮਿਠਾ ਭਤ ਸ਼ਰੀਕੇ ਨੂੰ ਖ…
ਜਾਂਦਾ ਹੈ। ਕਈ ਵਾਰ ਤਾਂ ਸਾਰੀ ਰਾਤ ਗੀਤ …
ਗੁਜ਼ਾਰ ਦਿਤੀ ਜਾਂਦੀ ਹੈ। ਦੂਜੇ ਦਿਨ ਭੰਡ ਤੇ …
ਸੱਦੇ ਜਾਂਦੇ ਹਨ ਜੋ ਨਕਲਾਂ ਤੇ ਚੁਟਕਲਿਆਂ ਨਾ…
ਦਾ ਮਨ ਪ੍ਰਚਾਂਦੇ ਹਨ। ਦੁਪਹਿਰ ਦੇ ਖਾਣੇ ਵਿਚ …
ਨਾਲ ਮਾਸ ਹੁੰਦਾ ਹੈ। ਦੁਪਹਿਰ ਨੂੰ ਪਗੜੀ ਬੰ…
ਰਸਮ ਕੀਤੀ ਜਾਂਦੀ ਹੈ। ਮੋਏ ਸ਼ਖ਼ਸ ਦਾ ਵਡ…
ਇਕ ਚੌਂਕੀ ਉਤੇ ਬੈਠਦਾ ਹੈ ਤੇ ਉਸ ਦਾ ਕੋਈ …
ਬਜ਼ੁਰਗ ਚਿੱਟੀ ਪਗੜੀ ਬੰਨ੍ਹਦਾ ਹੈ। ਬਜ਼ੁਰਗ …
ਦੇਂਦਾ ਹੈ ਤੇ ਉਸ ਪਿਛੋਂ ਉਹ ਪ੍ਰਵਾਰ ਦਾ ਵਡਾ ਬ…
ਹੈ। ਦੂਜੇ ਅੰਗ-ਸਾਕ ਉਸ ਨੂੰ ਪਗੜੀ ਤੇ ਰੁਪ…
ਹਨ। ਪਗੜੀ ਦੀ ਰਸਮ ਸਮੇਂ ਕਮੀਆਂ ਕਮੀਣਾਂ …
ਦਿਤੀ ਜਾਂਦੀ ਹੈ। ਇਸ ਦਿਨ ਵੀ ਸ਼ਾਮੀਂ ਗੀਤ ਗ…
ਹਨ, ਜੋ ਰਾਤ ਨੂੰ ਦੇਰ ਤਕ ਚਲਦੇ ਰਹਿੰਦੇ ਹਨ…
ਨੂੰ ਤੀਵੀਆਂ 'ਸਮਦੋਲ' ਖੇਡਦੀਆਂ ਹਨ। ਸਮਦੋ…
ਤੀਵੀਆਂ ਵਲੋਂ ਖੇਡਿਆ ਜਾਂਦਾ ਹੈ, ਮਰਦ ਇ…
ਸ਼ਾਮਲ ਨਹੀਂ ਹੁੰਦੇ, ਪਰ ਇਸ ਰਾਗ-ਰੰਗ ਨੂੰ ਵੇਖ…
ਨਹੀਂ। ਤੀਵੀਆਂ ਦੇ ਟੋਲੀਆਂ ਬਣਾ ਲੈਂਦੀਆਂ…
ਹਰ ਟੋਲੀ ਵਾਰੋ ਵਾਰ ਨਚਦੀ ਤੇ ਗੀਤ ਗਾਉ…
ਗੀਤ ਆਮ ਤੌਰ ਉਤੇ ਲੱਚਰ ਕਿਸਮ ਦੇ ਹੁੰਦੇ …
ਤੀਵੀਆਂ ਗਾਉਣ ਲਗਿਆਂ ਅੰਗਾਂ ਦੁਆਰਾ ਵ…
ਸੰਕੇਤ ਕਰਦੀਆਂ ਹਨ ਤੇ ਇਕ ਟੋਲੀ ਦੀਆਂ …

**(ਫ-35) ਫਾਲ ਪ੍ਰੀਛਿਆ :**

ਫਾਲ ਕੱਢਣ ਲਈ ਧਾਰਮਿਕ ਗ੍ਰੰਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮੁਸਲਮਾਨ ਕੁਰਆਨ ਸ਼ਰੀਫ਼ ਨੂੰ, ਸਹਿਜ ਸੁਭਾ ਖੋਲ੍ਹ ਕੇ ਉਸ ਸਫ਼ੇ ਤੋਂ, ਕੋਈ ਸੂਰਾ ਪੜ੍ਹ ਲੈਂਦੇ ਹਨ ਤ ਉਸੇ ਨੂੰ ਹੀ ਗ਼ੈਬੀ ਅਵਾਜ਼ ਜਾਂ ਫਾਲ ਸਮਝ ਕੇ ਉਸ ਉਤੇ ਅਮਲ ਕਰਦੇ ਹਨ।

ਸਿੱਖਾਂ ਵਿਚ ਆਦਿ ਗ੍ਰੰਥ ਸਾਹਿਬ ਦਾ ਕੋਈ ਵਾਕ ਲਿਆ ਜਾਂਦਾ ਹੈ। ਉਸ ਵਾਕ ਨੂੰ ਹੀ ਪ੍ਰਮਾਤਮਾ ਦਾ ਫ਼ੁਰਮਾਨ ਸਮਝ ਕੇ ਉਸ ਉਤੇ ਅਮਲ ਕੀਤ ਜਾਂਦਾ ਹੈ।

ਸੱਚ ਦਾ ਨਿਤਾਰਾ ਕਰਨ ਲਈ ਵੀ ਫ਼ਾਲ ਸੁਟਿਆ ਜਾਂਦਾ ਹੈ। ਸਿੱਖ ਪੰਥ ਵਿਚ ਉਠੇ ਕਈ ਝਗੜਿਆਂ ਦਾ ਨਿਰਨਾ ਫਾਲ ਰਾਹੀਂ ਹੀ ਕੀਤਾ ਜਾਂਦਾ ਹੈ। ਜਦੋਂ ਬੰਦਈ ਤੇ ਤੱਤ ਖ਼ਾਲਸਿਆਂ ਵਿਚਕਾਰ ਝਗੜਾ ਹੋ ਗਿਆ ਤਾਂ ਉਦੋਂ ਫ਼ੈਸਲਾ ਕਰਨ ਲਈ ਕਿ ਕਿਹੜਾ ਖ਼ਾਲਸਾ ਦਰਬਾਰ ਸਾਹਿਬ ਉਤੇ ਕਾਬਜ਼ ਹੋਵੇ, ਦੋ ਪਰਚੀਆਂ ਲਿਖ ਕੇ ਸਰੋਵਰ ਸਾਹਿਬ ਵਿਚ ਸੁਟੀਆਂ ਗਈਆਂ। ਇਕ ਪਰਚੀ ਉਤੇ ਤੱਤ ਖ਼ਾਲਸਾ ਤੇ ਦੂਜੇ ਉਤੇ ਬੰਦਈ ਖ਼ਾਲਸਾ ਲਿਖਿਆ ਗਿਆ। ਤੱਤ ਖ਼ਾਲਸਾ ਵਾਲੀ ਪਰਚੀ ਤਰ ਪਈ ਤੇ ਦਰਬਾਰ ਸਾਹਿਬ ਉਤੇ ਤੱਤ ਖ਼ਾਲਸੇ ਦਾ ਕਬਜ਼ਾ ਹੋ ਗਿਆ।

ਇਸੇ ਤਰ੍ਹਾਂ ਮਕਾਲਿਫ਼ ਅਨੁਸਾਰ (ਜਿਲਦ 1, ਭੂਮਿਕਾ, ਸਫ਼ਾ 35) ਜਦੋਂ ਇਸ ਗੱਲ ਦਾ ਸੰਦੇਹ ਉਠਿਆ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੇ ਮਹੀਨੇ ਹੋਇਆ ਜਾਂ ਵਿਸਾਖ ਵਿਚ, ਤਾਂ ਦੋ ਕਾਗ਼ਜ਼ ਦੀਆਂ ਪਰਚੀਆਂ 'ਤੇ 'ਕੱਤਕ' ਅਤੇ 'ਵਿਸਾਖ' ਲਿਖ ਕੇ ਇਕ ਬੱਚੇ ਨੂੰ ਪਰਚੀ ਚੁੱਕਣ ਲਈ ਕਿਹਾ ਗਿਆ। ਬੱਚੇ ਨੇ ਪਹਿਲਾਂ ਪਵਿਤਰ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਗੇ ਰਖੀਆਂ, ਦੋਹਾਂ ਪਰਚੀਆਂ ਵਿਚੋਂ ਇਕ ਪਰਚੀ ਚੁਕੀ। ਇਸ ਪਰਚੀ ਉਤੇ 'ਕੱਤਕ' ਲਿਖਿਆ ਹੋਇਆ ਸੀ ਤੇ ਇਸੇ ਨੂੰ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ ਮੰਨ ਲਿਆ ਗਿਆ।

**(ਫ-36) ਫਿੰਡ ਖੂੰਡੀ :**

ਬੱਚਿਆਂ ਦੀ ਇਕ ਖੇਡ ਜੋ ਜ਼ੋਰ ਅਜ਼ਮਾਈ ਲਈ ਖੇਡੀ ਜਾਂਦੀ ਹੈ। ਹੁਣ ਇਸ ਦਾ ਰਵਾਜ ਘਟ ਗਿਆ ਹੈ। ਪਹਿਲਾਂ ਇਕ ਫਿੰਡ ਤਿਆਰ ਕੀਤੀ ਜਾਂਦੀ ਹੈ, ਇਕ ਵਡੀ

ਫਿੰਡ ਨੂੰ ਦੂਜੀ ਧਿਰ ਦੇ ਪਾਸੇ ਧੱਕ ਕੇ ਲਿ
ਦੂਜੀ ਧਿਰ ਰੋਕਦੀ ਹੈ। ਦੋਵੇਂ ਪਾਸੇ ਇਕ ਮਿ
ਲਈ ਜਾਂਦੀ ਹੈ, ਜਿਹੜੀ ਧਿਰ ਉਸ ਮਿਥੀ
ਟਪਾ ਦੇਵੇ ਉਹ ਟੋਲੀ ਜਿਤ ਗਈ ਮੰਨੀ
ਖੇਡ ਹਾਕੀ ਨਾਲ ਮਿਲਦੀ ਜੁਲਦੀ ਹੈ।

**(ਫ-37) ਫੀਲ ਨਾਥ :**

(ਵੇਖੋ : ਬਾਲਨਾਥ ਦਾ ਟਿੱਲਾ)।

**(ਫ-38) ਫੁੱਲ।**

ਫੁੱਲ ਕੁਦਰਤ ਦੀ ਸਭ ਤੋਂ ਸੁੰਦਰ, ਕੋ
ਸਰੂਪ ਰਚਨਾ ਹੈ। ਫੁੱਲਾਂ ਨਾਲ ਕਈ ਤਰ੍ਹਾਂ ਦੇ
ਤੇ ਮਨੌਤਾਂ ਪ੍ਰਚਲਤ ਹਨ, ਜਿਨ੍ਹਾਂ ਦਾ ਜ਼ਿਕ
ਸੰਬੰਧਿਤ ਨਾਂਵਾਂ ਹੇਠ ਕੀਤਾ ਗਿਆ ਹੈ।

**(ਫ-39) ਫੁੱਲ : ਫੁੱਲ ਤਵੀਤ :**

(ੳ) ਫੁੱਲ ਜਾਂ ਫੁੱਲ ਤਵੀਤ ਮੂਲ ਵਿਚ ਕੁ
ਹੀ ਹੁੰਦੇ ਹਨ, ਜੋ ਕਾਗ਼ਜ਼ ਦੇ ਟੁਕੜੇ ਉਤੇ
ਕਾਗ਼ਜ਼ ਨੂੰ ਦੋਹਰਾ ਚੌਹਰਾ ਕਰ ਕੇ ਚਾਂਦੀ
ਡਿੱਬੀ ਵਿਚ ਪਾ ਕੇ ਸਰੀਰ ਦੇ ਕਿਸੇ ਅੰਗ ਨ
ਜਾਂਦੇ ਹਨ। ਕਈ ਵਾਰ ਲੋਕਾਂ ਦੀਆਂ ਅੱਖਾਂ
ਰਖਣ ਲਈ, ਤਵੀਤ ਨੂੰ ਪਹਿਨਣ ਵਾਲੇ ਕ
ਤਹਿ ਵਿਚ ਸੀਪ ਦਿਤਾ ਜਾਂਦਾ ਹੈ। ਕ
ਸਾਮਗਰੀ 'ਤੇ ਜਿਵੇਂ ਸ਼ੇਰ ਦੇ ਵਾਲ ਜਾਂ ਸੂ
ਮੰਤਰ ਪੜ੍ਹ ਕੇ, ਤਵੀਤ ਵਿਚ ਮੜ੍ਹ ਲਿਆ ਜ
ਤਵੀਤ ਨੂੰ ਕਾਲੇ ਧਾਗੇ ਵਿਚ ਪਰੋ ਕੇ ਗਲ ਵਿ
ਲਿਆ ਜਾਂਦਾ ਹੈ। ਜਾਂ ਫਿਰ ਬਾਂਹ ਉਤੇ ਵ
ਜਾਂਦਾ ਹੈ। ਕਈ ਤੀਵੀਆਂ ਫੁੱਲ ਤਵੀਤ
ਬੰਨ੍ਹ ਲੈਂਦੀਆਂ ਹਨ। ਫੁੱਲ ਤਵੀਤ ਕਈ
ਵਰਤੇ ਜਾਂਦੇ ਹਨ। ਕਈ ਵਾਰ ਕਿਸੇ ਰੋਗ
ਤੋਂ ਮੁਕਤ ਹੋਣ ਲਈ, ਕਈ ਵਾਰ ਕਿਸੇ ਕਾਮ
ਅਥਵਾ ਮੁਕੱਦਮੇ ਜਾਂ ਇਮਤਿਹਾਨ ਵਿਚ ਸ
ਕਰਨ ਲਈ। ਪਰ ਕਈ ਵਾਰ ਦੁਸ਼ਮਣ ਨੂੰ
ਲਈ ਵੀ ਫੁੱਲ ਤਵੀਤਾਂ ਦੀ ਵਰਤੋਂ ਕੀਤੀ ਜਾ

ਲਹਿੰਦੇ ਦੇ ਇਲਾਕੇ ਵਿਚ ਜੰਤਰ ਮੰਤ

ਖਲਵਾੜਿਆਂ ਜਾਂ ਦਾਣਿਆਂ ਦੇ ਬੋਹਲ ਦੀਆਂ ਚੰਦਰੀਆਂ ਰੂਹਾਂ ਤੋਂ ਰਾਖੀ ਕਰਨ ਲਈ, ਫੁੱਲ ਡੰਡਿਆਂ ਨਾਲ ਵਲ੍ਹੇਟ ਕੇ ਜਾਂ ਵੈਸੇ ਹੀ ਢੇਰ ਦੇ ਉਪਰ ਰਖ ਦਿਤੇ ਜਾਂਦੇ ਹਨ।

(ਅ) ਮੁਰਦੇ ਦਾ ਦਾਹ ਸੰਸਕਾਰ ਕਰਨ ਮਗਰੋਂ ਬਚੀਆਂ ਹੱਡੀਆਂ, ਜਿਨ੍ਹਾਂ ਨੂੰ ਹਿੰਦੂ ਹਰਦੁਆਰ ਤੇ ਸਿੱਖ ਕੀਰਤਪੁਰ ਵਿਚ ਜਲ-ਪ੍ਰਵਾਹ ਕਰਦੇ ਹਨ।

(ੲ) ਵਾਲਾਂ ਦੀ ਇਕ ਬਨਾਵਟ ਜੋ ਖਿੜੇ ਫੁੱਲ ਦੀ ਸ਼ਕਲ ਦੀ ਹੁੰਦੀ ਹੈ।

(ਸ) ਇਸਤ੍ਰੀਆਂ ਦਾ ਇਕ ਗਹਿਣਾ ਜੋ ਫੁੱਲ ਦੀ ਸਕਲ ਦਾ ਹੁੰਦਾ ਹੈ ਅਤੇ ਮਾਂਗ ਦੇ ਦੋਹੀਂ ਪਾਸੀਂ ਪਹਿਨਿਆ ਜਾਂਦਾ ਹੈ (ਵੇਖੋ : ਸੱਗੀ ਫੁੱਲ, ਚੋਕ ਫੁੱਲ)।

(ਹ) ਔਰਤਾਂ ਦੀ ਮਾਹਵਾਰੀ ਲਈ ਮੰਗਲਭਾਸ਼ੀ ਸਬਦ, 'ਫੁੱਲ' ਵਰਤਿਆ ਜਾਂਦਾ ਹੈ। ਅਖਾਣ ਹੈ : 'ਫੁੱਲ ਆਏ ਹਨ ਤਾਂ ਫਲ ਵੀ ਆਉਣਗੇ।'

(ਕ) ਪਸ਼ੂ ਮੱਝ, ਗਊ ਤੇ ਘੋੜੀ ਆਦਿ ਦੇ ਮੱਥੇ ਦਾ ਚਿੱਟਾ ਨਿਸ਼ਾਨ ਜੋ ਸ਼ੁਭ ਮੰਨਿਆ ਜਾਂਦਾ ਹੈ।

**ਫੁੱਲ ਸਿੰਹਾਰੀ** : ਮੁਲਤਾਨ ਵਿਚ ਪ੍ਰਚਲਤ ਇਕ ਟੂਣਾ ਜੋ ਦੁੱਧ ਵਿਚ ਵਧੇਰੇ ਮੱਖਣ ਕਢਣ ਲਈ ਕੀਤਾ ਜਾਂਦਾ ਹੈ। ਇਸ ਟੂਣੇ ਦੇ ਕਰਨ ਨਾਲ ਗਵਾਂਢੀਆਂ ਦੇ ਘਰ ਮੱਖਣ ਘਟ ਨਿਕਲਦਾ ਹੈ ਤੇ ਆਪਣੇ ਘਰ ਜ਼ਿਆਦਾ। ਇਹ ਟੂਣਾ ਆਮ ਤੌਰ 'ਤੇ ਉਸ ਚਾਟੀ ਉਤੇ ਕੀਤਾ ਜਾਂਦਾ ਹੈ, ਜਿਸ ਵਿਚ ਗੁਆਂਢੀ ਦੁੱਧ ਰਿੜਕਦੇ ਹਨ ਜਾਂ ਫਿਰ ਮਧਾਣੀ ਦੇ ਫੁੱਲ ਉਤੇ। ਇਸ ਟੂਣੇ ਤੋਂ ਬਚਣ ਲਈ ਚਾਟੀ ਵਿਚ ਦੁੱਧ ਜਮਾਣ ਤੋਂ ਪਹਿਲਾਂ ਧੂਪ ਦਾ ਧੂੰਆਂ ਦੇ ਲਿਆ ਜਾਂਦਾ ਹੈ ਜਾਂ ਮਧਾਣੀ ਉਤੇ ਧੂਪ ਧੁਖਾ ਲਈ ਜਾਂਦੀ ਹੈ।

**ਫੁੱਲ ਸ਼ੇਰ** : ਇਕ ਜੰਤਰ ਜੋ ਸ਼ੇਰ ਦੇ ਵਾਲ ਜਾਂ ਕਿਸੇ ਹੋਰ ਅੰਗ ਉਤੇ ਮੰਤਰ ਪੜ੍ਹ ਕੇ ਤਿਆਰ ਕੀਤਾ ਜਾਂਦਾ ਹੈ ਅਤੇ ਤਵੀਤ ਵਿਚ ਮੜ੍ਹ ਕੇ ਸੱਜੇ ਡੌਲੇ ਉਤੇ ਬੰਨ੍ਹਿਆ ਜਾਂਦਾ ਹੈ।

**ਫੁੱਲ ਹਲਾਕਤ** : ਇਕ ਪ੍ਰਕਾਰ ਦਾ ਟੂਣਾ, ਜੋ ਦੁਸ਼ਮਣ ਨੂੰ ਦੁਖ ਤੇ ਤਸੀਹੇ ਦੇ ਕੇ ਮਾਰਨ ਲਈ ਕੀਤਾ ਜਾਂਦਾ ਹੈ। ਇਸ ਫੁੱਲ ਨੂੰ ਦੁਸ਼ਮਣ ਦੇ ਘਰ ਦੇ ਵਡੇ ਦਰਵਾਜ਼ੇ ਅਗੇ ਜਾਂ ਵਿਹੜੇ ਵਿਚ ਦੱਬ ਦਿਤਾ ਜਾਂਦਾ ਹੈ ਤੇ ਜਿਹੜਾ ਵੀ ਸਭ ਤੋਂ ਪਹਿਲਾਂ ਇਸ ਜੰਤਰ ਤੋਂ ਟੱਪਦਾ ਹੈ ਉਸ ਨੂੰ ਮਾਰੂ ਰੋਗ ਲਗ ਜਾਂਦਾ ਹੈ।

**ਫੁੱਲ ਕਲਾ** : ਇਕ ਤਰ੍ਹਾਂ ਦਾ ਫੁੱਲ ਅਥਵਾ ਜੰਤਰ ਜੋ

ਜਠਾਣੀਆਂ ਵਿਚ ਵੀ ਝਗੜਾ ਪੈਦਾ ਕਰਨ ਲਈ
ਦੀ ਵਰਤੋਂ ਕੀਤੀ ਜਾਂਦੀ ਹੈ।

**ਫੁੱਲ ਨਜ਼ਰ** : ਚੰਦਰੀ ਨਜ਼ਰ ਦੇ ਮੰਦੇ ਅਸ
ਰਖਣ ਲਈ ਕੀਤਾ ਗਿਆ ਟੂਣਾ।

**ਫੁੱਲ ਬਿਲਾਨੀ** : ਇਕ ਤਰ੍ਹਾਂ ਦਾ ਟੂਣਾ ਜਿ
ਨਾਲ ਕਿਸੇ ਵੀ ਇਸਤ੍ਰੀ ਦਾ ਦਿਲ ਜਿੱਤਿਆ
ਮੰਨਿਆ ਜਾਂਦਾ ਹੈ। ਇਸਤ੍ਰੀ ਟੂਣਾ ਕਰਨ
ਇਸ਼ਾਰਿਆਂ ਤੇ ਨਚਦੀ ਤੇ ਉਸ ਦੀ ਹਰ
ਕਰਦੀ ਹੈ।

**ਫੁੱਲ ਮਧਾਣੀ** : ਇਕ ਤਰ੍ਹਾਂ ਦਾ ਟੂਣਾ ਜੋ
ਜ਼ਿਆਦਾ ਮੱਖਣ ਲਿਆਉਣ ਲਈ ਕੀਤਾ ਜਾਂਦਾ
ਜੰਤਰ ਮਧਾਣੀ ਨਾਲ ਬੰਨ੍ਹਿਆ ਜਾਂਦਾ ਹੈ। ਜਿਸ
ਗੁਆਂਢੀਆਂ ਦੇ ਘਰ ਮੱਖਣ ਘਟ ਨਿਕਲਦਾ
ਘਰ ਜ਼ਿਆਦਾ ਨਿਕਲਦਾ ਹੈ। ਮੀਆਂਵਾਲੀ ਵਿ
ਦੇ ਕੰਢੇ ਰਹਿੰਦੇ ਲੋਕਾਂ ਵਿਚ ਰਵਾਜ ਹੈ ਕਿ
ਮਧਾਣੀ ਨਾਲ ਫੁੱਲ ਬੰਨ੍ਹ ਕੇ ਸਰਘੀ ਵੇਲੇ ਦ
ਜਾਂਦੀਆਂ ਹਨ ਤੇ ਚਾਟੀ ਨੂੰ ਗਲੇ ਤਕ ਪਾਣੀ
ਦੁੱਧ ਰਿੜਕਦੀਆਂ ਹਨ। ਇਸ ਤਰ੍ਹਾਂ ਕਰਨ ਨਾ
ਅਸਰ ਬਹੁਤ ਵਧ ਜਾਂਦਾ ਹੈ।

**ਫੁੱਲ ਮੂਲਾ** : ਇਹ ਟੂਣਾ ਫਸਲਾਂ ਨੂੰ ਮੂਲੇ ਤੋ
ਲਈ ਕੀਤਾ ਜਾਂਦਾ ਹੈ।

## (ਫ-40) ਫੁੱਲਕਾਰੀ :

(ੳ) ਭਾਵੇਂ ਪੰਜਾਬ ਉਤੇ ਪੂਰਬ-ਪੱਛਮ ਵ
ਹੱਲੇ ਹੁੰਦੇ ਰਹੇ ਤੇ ਇਥੋਂ ਦੇ ਲੋਕਾਂ ਨੂੰ ਸੁੱਖ ਦਾ
ਹੀ ਲੈਣਾ ਮਿਲਿਆ, ਪਰ ਇਹ ਰੁਮਾਂਚਿਕ ਰੁਚੀਆ
ਆਪਣੇ ਵਿਹਲੇ ਛਿਣਾਂ ਨੂੰ ਕਲਾ ਨੂੰ ਵਿਗਸਾਣ ਲ
ਰਹੇ। ਪੰਜਾਬ ਵਿਚ ਨਿਤ ਕਲਾ ਦੀ ਸੰਘੀ ਘੁਟੀ
ਪਰ ਕਲਾ ਮਰੀ ਨਹੀਂ, ਸਗੋਂ ਅਮਰ ਜੀਵਨ ਪ੍ਰ
ਲਈ ਉਤਸ਼ਾਹ ਭਰੇ ਹੰਭਲੇ ਮਾਰਦੀ ਰਹੀ।

ਫੁੱਲਕਾਰੀ ਪੰਜਾਬ ਦੀ ਲੋਕ-ਕਲਾ ਦਾ ਖ
ਨਮੂਨਾ ਹੈ। ਪੰਜਾਬਣਾਂ ਨੇ ਆਪਣੀਆਂ ਵਿਹਲੀਆ
ਵਿਚ ਫੁੱਲਕਾਰੀ ਦੀ ਕਲਾ ਨੂੰ ਇਕ ਵਿਸ਼ੇਸ਼
ਵਿਗਸਤ ਕੀਤਾ। ਫੁੱਲਕਾਰੀ ਦਾ ਭਾਵ ਹੈ, ਉ
ਜਿਸ ਉਤੇ ਫੁੱਲਾਂ ਬੂਟਿਆਂ ਦੀ ਕਢਾਈ ਕੀਤੀ
ਉਂਜ ਤਾਂ ਫੁੱਲਕਾਰੀ ਤੋਂ ਭਾਵ

ਰੰਗ ਦੇ ਢੁਕਾਉ ਦੀ ਵੀ ਉਨ੍ਹਾਂ ਨੂੰ ਕਲਾਤਮਿਕ ਸੋਝੀ ਹੈ। ਜੋ ਉਨ੍ਹਾਂ ਪ੍ਰਕਿਰਤੀ ਤੋਂ ਸਿਖੀ ਹੈ। ਪੀਲੇ, ਹਰੇ, ਨੀਲੇ, ਊਦੇ, ਗੁਲਾਬੀ ਤੇ ਕਿਰਮਚੀ ਰੰਗਾਂ ਵਿਚ ਵਿਗਸੀ ਪ੍ਰਕ੍ਰਿਤੀ ਨੇ ਉਸ ਨੂੰ ਆਪਣੀਆਂ ਫੁੱਲਕਾਰੀਆਂ ਵਿਚ ਇਨ੍ਹਾਂ ਰੰਗਾਂ ਨੂੰ ਇਕ ਖ਼ਾਸ ਢੁਕਾਉ ਨਾਲ ਸਜੀਵ ਕਰਨ ਦੀ ਕਲਾ ਬਖ਼ਸ਼ੀ ਹੈ। ਪੰਜਾਬਣਾਂ ਵਿਹਲੇ ਸਮੇਂ ਚਰਖੇ ਕੱਤਦੀਆਂ ਤੇ ਫੁੱਲਕਾਰੀ ਕਢਦੀਆਂ ਹਨ। ਕੁੜੀਆਂ ਨਿੱਕੀ ਉਮਰ ਤੋਂ ਹੀ ਕਤਾਈ ਤੇ ਕਢਾਈ ਵਲ ਧਿਆਨ ਦੇਂਦੀਆਂ ਹਨ ਤੇ ਜਵਾਨੀ ਤਕ ਇਸ ਕਲਾ ਵਿਚ ਇਤਨਾ ਪ੍ਰਬੀਨ ਹੋ ਜਾਂਦੀਆਂ ਹਨ ਕਿ ਇਕ ਕਲਾਕਾਰ ਦੇ ਬੁਰਸ਼ ਵਾਂਗ ਉਨ੍ਹਾਂ ਦੀ ਸੂਈ ਜਿਧਰ ਚਲਦੀ ਹੈ, ਉਧਰ ਹੀ ਕਲਾ ਜਨਮ ਲੈਂਦੀ ਜਾਂਦੀ ਹੈ।

ਫੁੱਲਕਾਰੀ ਦੀ ਕਢਾਈ ਪਿਛਲੇ ਪਾਸੇ ਤੋਂ ਕੀਤੀ ਜਾਂਦੀ ਹੈ ਤੇ ਇਸ ਦਾ ਢੰਗ ਉਹ ਹੀ ਹੈ ਜੋ ਕਿਸੇ ਕਪੜੇ ਨੂੰ ਰਫ਼ੂ ਕਰਨ ਜਾਂ ਛਿੱਜੇ ਕਪੜੇ ਨੂੰ ਪੂਣਨ ਲਗਿਆਂ ਜਿਵੇਂ ਤਰੋਪੇ ਮਾਰੇ ਜਾਂਦੇ ਹਨ। ਸੂਤੀ ਕਪੜੇ ਉਤੇ ਆਮ ਤੌਰ 'ਤੇ ਇਸੇ ਤਰ੍ਹਾਂ ਦੀ ਫੁੱਲਕਾਰੀ ਕੱਢੀ ਜਾਂਦੀ ਹੈ, ਪਰ ਸਿਲਕ ਤੇ ਸਾਟਨ ਉਤੇ ਜ਼ੰਜੀਰੀ ਤਰੋਪੇ ਜਿਸ ਨੂੰ ਡੰਨ ਵੀ ਕਹਿੰਦੇ ਹਨ, ਕੀਤੀ ਜਾਂਦੀ ਹੈ। ਫੁੱਲਕਾਰੀ ਦਾ ਤਰੋਪਾ ਲੰਮਾਈ ਵਿਚ ਇੰਚ ਦਾ ਇਕ ਚੌਥਾਈ ਹੁੰਦਾ ਹੈ, ਲੰਮੇ ਤਰੋਪੇ ਭਰਨ ਦਾ ਵੀ ਹੁਣ ਰਵਾਜ ਪੈ ਗਿਆ ਹੈ।

ਪੰਜਾਬ ਵਿਚ ਫੁੱਲਕਾਰੀ ਦੀਆਂ ਕਈ ਕਿਸਮਾਂ ਪ੍ਰਚਲਤ ਹਨ। ਪਹਿਲੀ ਕਿਸਮ ਦੀ ਫੁੱਲਕਾਰੀ ਜਿਸ ਨੂੰ ਅਸਲੀ ਫੁੱਲਕਾਰੀ ਆਖਦੇ ਹਨ, ਵਿਚ ਫੁੱਲ ਬੂਟੀਆਂ ਜਾਂ ਫੁੱਟੀਆਂ ਕਪੜੇ ਉਤੇ ਖ਼ਾਸ ਖ਼ਾਸ ਵਿੱਥ ਉਤੇ ਹੁੰਦੀਆਂ ਹਨ।

ਦੂਜੀ ਕਿਸਮ ਦੀ ਫੁੱਲਕਾਰੀ ਨੂੰ 'ਬਾਗ' ਕਹਿੰਦੇ ਹਨ। ਇਸ ਵਿਚ ਸਾਰੇ ਕਪੜੇ ਉਤੇ ਜੁੜਵੀਂ ਜਾਂ ਨਿਰੰਤਰ ਜਿਹੀ ਕਢਾਈ ਹੁੰਦੀ ਹੈ, ਫੁੱਲ ਬੂਟੀਆਂ ਸਭ ਜਗ੍ਹਾ ਸਜਾਈਆਂ ਜਾਂਦੀਆਂ ਹਨ ਤੇ ਕੋਈ ਵਿਥ ਨਹੀਂ ਛੱਡੀ ਹੁੰਦੀ। ਬਾਗ ਆਮ ਤੌਰ ਉਤੇ ਗੂੜ੍ਹੇ ਪੀਲੇ ਰੰਗ ਦੇ ਸਿਲਕੀ ਧਾਗੇ ਨਾਲ ਕਢੇ ਜਾਂਦੇ ਹਨ।

ਤੀਜੀ ਕਿਸਮ ਦੀ ਫੁੱਲਕਾਰੀ ਨੂੰ 'ਚੋਭ' ਕਹਿੰਦੇ ਹਨ ਜਿਥੇ ਕੇਵਲ ਨੁਕਰਾਂ ਉਤੇ ਹੀ ਕਢਾਈ ਹੁੰਦੀ ਹੈ ਤੇ ਵਿਚਕਾਰ ਖਾਲੀ ਛੱਡਿਆ ਹੁੰਦਾ ਹੈ। ਚੋਭ ਵਿਆਹ ਸਮੇਂ ਕੁੜੀ ਨੂੰ ਕਰਾਇਆ ਜਾਂਦਾ ਹੈ।

ਇਕ ਹੋਰ ਵੰਨਗੀ ਦੀ ਫੁੱਲਕਾਰੀ ਜਿਸ ਨੂੰ '[illegible]'

ਕੀਤੀ ਜਾਂਦੀ ਹੈ, ਪਰ ਪੱਛਮੀ ਪੰਜਾਬ ਵਿਚ ਰਾਵ
ਜਿਹਲਮ, ਸਿਆਲਕੋਟ ਆਦਿ ਦੇ ਇਲਾਕੇ ਵਿ
ਪੂਰਬੀ ਪੰਜਾਬ ਵਿਚ ਅੰਮ੍ਰਿਤਸਰ ਤੇ ਹਰਿਆਣੇ
ਰੋਹਤਕ, ਹਿਸਾਰ ਤੇ ਗੁੜਗਾਵਾਂ ਇਸ ਦੇ ਮੁਖ ਗ
ਜਾਂਦੇ ਹਨ। ਮੁਗ਼ਲਾਂ ਦੇ ਸਮੇਂ ਜਦੋਂ ਮੀਨਾ ਬਜ਼ਾਰ
ਤਾਂ ਉਦੋਂ ਫੁੱਲਕਾਰੀਆਂ ਦੀ ਨੁਮਾਇਸ਼ ਆਮ ਹੁੰਦੀ

(ਅ) ਕੁਝ ਲੋਕ-ਕਲਾਵਾਂ ਨੂੰ ਪੰਜਾਬ ਦੀਆਂ ਸ
ਨੇ ਆਪਣੇ ਮੁੜ੍ਹਕੇ ਤੇ ਸਾਧਨਾ ਨਾਲ ਪਾਲਿਆ ਹੈ।
ਹੀ ਇਕ ਲੋਕ-ਕਲਾ ਫੁੱਲਕਾਰੀ ਹੈ। ਜੋ ਬੇਮੇਲ
ਚੀਜ਼ ਹੈ। ਇਸ ਦੇ ਰੂਪ ਵਿਚ, ਨਵੇਕਲਾ ਸੁਹਜ ਤੇ
ਕਲਾ ਹੈ। ਪੰਜਾਬਣਾਂ ਨੇ ਇਸ ਕਲਾ ਨੂੰ ਆਪਣੇ
ਦੀਆਂ ਘੜੀਆਂ ਨੂੰ ਕੁਰਬਾਨ ਕਰ ਕੇ ਬੜੀ ਰੀਝ
ਨਾਲ ਪਾਲਿਆ ਹੈ। ਫੁੱਲਕਾਰੀ ਉਨ੍ਹਾਂ ਲਈ
ਸਾਧਨਾ ਰਹੀ ਹੈ। ਇਹ ਉਹ ਸੁੱਚੀ ਤੇ ਸੱਚੀ ਲੋ
ਹੈ, ਜਿਸ ਦੇ ਇਕ ਇਕ ਧਾਗੇ ਵਿਚ ਉਨ੍ਹਾਂ ਨੇ ਆ
ਭਾਵਨਾਵਾਂ ਨੂੰ ਘੋਰਿਆ ਤੇ ਮੋਹ-ਪਿਆਰ ਨੂੰ ਰਚਾਇ
ਫੁੱਲਕਾਰੀ ਦੀ ਕਢਾਈ ਵਿਚ ਲੰਮੇ ਧੀਰਜ ਤੇ
ਲੋੜ ਹੈ, ਤਦ ਜਾ ਕੇ ਤੰਦਾਂ ਵਿਚ ਜਿੰਦ ਧੜਕਦੀ ਹੈ
ਲਈ ਪੰਜਾਬਣ ਮੁਟਿਆਰ ਕਹਿੰਦੀ ਹੈ, 'ਜਿਤਨਾ ਡੂੰਘਾ
ਕੋਈ ਮਾਂ ਆਪਣੀ ਧੀ ਨਾਲ ਕਰਦੀ ਹੈ, ਉਤਨੀ ਸੁ
ਸੁਹਜ ਭਰਪੂਰ ਫੁੱਲਕਾਰੀ ਧੀ ਲਈ ਕਢਦੀ ਹੈ।'' ਫੁ
ਦੇ ਧਾਗੇ ਮੋਹ-ਮਮਤਾ ਦੀਆਂ ਤੰਦਾਂ ਹਨ, ਜਿਨ੍ਹਾਂ ਵਿ
ਆਪਣੀਆਂ ਸਾਰੀਆਂ ਰੀਝਾਂ ਪਰੋ ਦੇਂਦੀ ਹੈ। ਪੰਜਾਬ
ਦਾਜ ਦੇ ਵਿਚ ਹੋਰ ਕੋਈ ਚੀਜ਼ ਦੇਣ ਜਾਂ ਨਾ, ਪਰ ਫੁ
ਜ਼ਰੂਰ ਦੇਂਦੀਆਂ ਸਨ, ਜਿਸ ਨਾਲ ਇਸ ਕਲਾ ਨੂੰ
ਤੇ ਵਿਗਸਣ ਦੇ ਚੰਗੇ ਮੌਕੇ ਮਿਲਦੇ ਰਹੇ। ਪਹਿਲਿਆ
ਧੀ ਦੇ ਜੰਮਦਿਆਂ ਸਾਰ ਹੀ ਫੁੱਲਕਾਰੀ ਫੂਹ
ਜਾਂਦੀ ਸੀ।

ਫੁੱਲਕਾਰੀ ਸ਼ਬਦ ਹਰ ਤਰ੍ਹਾਂ ਦੀ ਕਸੀਦਾਕਾਰ
ਵਰਤਿਆ ਜਾਂਦਾ ਹੈ। ਇਸ ਸ਼ਬਦ ਦੇ ਅਰਥ ਹ
ਕੱਢਣੇ। ਫੁੱਲਕਾਰੀ ਦੇ ਕਈ ਰੂਪ ਤੇ ਸ਼ੈਲੀਆਂ
ਉਨ੍ਹਾਂ ਉਤੇ ਕੱਢੇ ਵੇਲ-ਬੂਟੇ, ਫੁੱਲ ਤੇ ਕਲਾ-ਰੂੜ੍ਹੀ
ਕਲਾ ਰੁਚੀਆਂ ਅਨੁਸਾਰ ਵੰਨ-ਸੁਵੰਨੀਆਂ ਹਨ।
ਕਪੜੇ ਦੀ ਸਾਰੀ ਸਤਹ ਹੀ, ਬਿਨਾਂ ਕੋਈ ਵਿਰ
ਵਿਆਪਕ ਰੂਪ ਵਿਚ ਕਢੀ ਗਈ ਹੋਵੇ। ਉਸ ਨੂੰ

ਉਤੇ, ਨਾਨਕੀ ਛੱਕ ਵਿਚ ਵੰਡਿਆ ਜਾਂਦਾ ਹੈ ਅਤੇ ਚੂੜਾ ਚੜ੍ਹਾਉਣ ਵੇਲੇ, ਵਿਆਹ ਜਾਣ ਵਾਲੀ ਕੰਨਿਆਂ ਨੂੰ ਸ਼ਗਨ ਵਜੋਂ ਉਪਰ ਲੈਣ ਲਈ ਦਿਤਾ ਜਾਂਦਾ ਹੈ। ਚੋਪ ਸ਼ਗਨਾਂ ਦੀ ਫੁਲਕਾਰੀ ਹੈ। ਇਸ ਦਾ ਪਹਿਲਾ ਤੋਪਾ ਸੁਹਾਗ ਦੇ ਗੀਤਾਂ ਨਾਲ ਛੂਹਿਆ ਜਾਂਦਾ ਹੈ। ਇਸ ਨੂੰ ਕਿਰਮਚੀ ਖੱਦਰ ਸਿਲਕ ਦੇ ਸੁਨਹਿਰੀ ਪੀਲੇ ਧਾਗਿਆਂ ਨਾਲ ਕਢਿਆ ਜਾਂਦਾ ਹੈ।

ਫੁਲਕਾਰੀ ਵਿਚ, ਰੰਗਾਂ ਦੀ ਚੋਣ ਤੇ ਢੁਕਾਅ ਵਿਚ, ਸੁਘੜਤਾ ਤੋਂ ਕੰਮ ਲਿਆ ਜਾਂਦਾ ਹੈ। ਪੰਜਾਬਣਾਂ ਵਿਚ ਰੰਗਾਂ ਨੂੰ ਮੇਲਣ ਦੀ ਕਲਾਤਮਕ ਸੂਝ ਹੈ। ਫੁਲਕਾਰੀ ਵਿਚ ਧਾਗਾ ਵਧੀਆ ਰੇਸ਼ਮ ਦਾ ਤੇ ਕਪੜਾ ਖੱਦਰ ਦਾ, ਵਰਤਿਆ ਜਾਂਦਾ ਹੈ। ਇਸ ਦੀ ਕਢਾਈ ਕਪੜੇ ਦੇ ਪੁੱਠੇ ਪਾਸਿਉਂ ਕੀਤੀ ਜਾਂਦੀ ਹੈ। ਫੁਲਕਾਰੀ ਦੀਆਂ ਕਲਾ-ਕ੍ਰਿਤੀਆਂ ਵੰਨ-ਸੁਵੰਨੀਆਂ ਹਨ। ਵੇਲ-ਬੂਟਿਆਂ, ਫੁੱਲਾਂ ਪੰਛੀਆਂ ਤੋਂ ਇਲਾਵਾ ਪੇਂਡੂ ਜੀਵਨ ਦੇ ਦ੍ਰਿਸ਼ਾਂ ਨੂੰ ਵੀ ਫੁੱਲਕਾਰੀ ਵਿਚ ਸੁਰਜੀਤ ਕੀਤਾ ਜਾਂਦਾ ਹੈ। ਕਈ ਫੁੱਲਕਾਰੀਆਂ ਵਿਚ ਜਮੈਟਰੀ ਦੇ ਸਾਧਾਰਨ ਆਕਾਰਾਂ ਦੇ ਸੁਮੇਲ ਰਾਹੀਂ ਸੁਹਜ ਪੈਦਾ ਕੀਤਾ ਜਾਂਦਾ ਹੈ।

ਆਮ ਤੌਰ ਤੇ ਫੁੱਲਕਾਰੀ ਵਿਚ ਸਮਾਜਿਕ ਤੇ ਲੋਕ-ਮੋਟਿਫ ਵਰਤੇ ਜਾਂਦੇ ਹਨ, ਧਰਮ ਨਾਲ ਸੰਬੰਧਿਤ ਮੋਟਿਫ ਵਿਰਲੀ ਵਿਰਲੀ ਹੀ ਫੁੱਲਕਾਰੀ ਤੇ ਕਢੇ ਜਾਂਦੇ ਹਨ।

ਫੁੱਲਕਾਰੀ ਪੰਜਾਂ ਦਰਿਆਵਾਂ ਦੀ ਭੋਇੰ ਵਿਚੋਂ ਨਿਖਰੀ ਦੇਸੀ ਲੋਕ-ਕਲਾ ਹੈ, ਜਿਸ ਵਿਚ ਪੰਜਾਬਣਾਂ ਦੇ ਮੁੜ੍ਹਕੇ ਦੀ ਮਹਿਕ ਹੀ ਨਹੀਂ, ਉਨ੍ਹਾਂ ਦੇ ਵਿਅਕਤਿਤਵ ਤੇ ਰੰਗੀਲੇ ਸੁਭਾਅ ਦੀ ਛਾਪ ਵੀ ਹੈ। ਇਹ ਪੰਜਾਬਣਾਂ ਦੀਆਂ ਉਂਗਲਾਂ ਦਾ ਕਮਾਲ ਹੈ ਕਿ ਉਹ ਨਿੱਕੀ ਜਿਹੀ ਸੂਈ ਤੇ ਧਾਗਿਆਂ ਨਾਲ ਕਲਾ ਦੀ ਇਕ ਅਲੌਕਿਕ ਦੁਨੀਆਂ ਰੱਚ ਦਿੰਦੀਆਂ ਹਨ।

ਫੁੱਲਕਾਰੀ ਕੱਢਣ ਲਈ ਜਦੋਂ ਤੀਵੀਆਂ ਜੁੜ ਕੇ ਬੈਠਦੀਆਂ ਹਨ ਤਾਂ ਹੱਥਾਂ ਨਾਲ ਤਰੋਪੇ ਭਰਦੀਆਂ, ਮੂੰਹ ਨਾਲ ਗੀਤ ਛੁਹੀ ਰਖਦੀਆਂ ਹਨ। ਗੀਤਾਂ ਦੀਆਂ ਸਵਰ-ਲਹਿਰੀਆਂ ਵਿਚ ਫੁੱਲ ਬੂਟੇ ਤੇ ਵੇਲਾਂ ਜਨਮ ਲੈ ਕੇ ਸਦੀਆਂ ਤਕ ਸਜੀਵ ਰਹਿੰਦੇ ਹਨ। ਫੁੱਲਕਾਰੀ ਨਾਲ ਪੰਜਾਬਣਾਂ ਦੀਆਂ ਅਨੇਕਾਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਜੋ ਲੋਕ-ਗੀਤਾਂ ਵਿਚ ਪ੍ਰਗਟ ਹੋਈਆਂ ਹਨ।

ਫੁੱਲਕਾਰੀ ਮੇਰੀ ਰੇਸ਼ਮੀ ਰੰਗ ਢੁਕਾਏ ਠੀਕ

ਫੁੱਲਕਾਰੀ ਦਾ ਕੰਮ ਚੋਖਾ ਕੀਤਾ ਜਾਂਦਾ ਹੈ। ਪਰ ... ਗੱਲਾਂ ਅਲੋਪ ਹੁੰਦੀਆਂ ਜਾ ਰਹੀਆਂ ਹਨ। ਪੰਜਾ... ਵਿਚ ਜਿਹੜੀਆਂ ਫੁਲਕਾਰੀਆਂ ਅੱਜ ਕਲ੍ਹ ਮਿਲਦੀ... ਇਨ੍ਹਾਂ ਵਿਚੋਂ ਬਹੁਤੀਆਂ ਬੀਤੇ ਯੁੱਗ ਦੀ ਯਾਦ ਹਨ... ਕੰਮ ਘਟ ਹੋ ਰਿਹਾ ਹੈ।

ਫੁੱਲਕਾਰੀਆਂ ਤੋਂ ਬਿਨਾਂ, ਰੇਸ਼ਮੀ ਧਾਗੇ ਨਾਲ ... ਦੀ ਕਢਾਈ ਵੀ ਕੀਤੀ ਜਾਂਦੀ ਹੈ। ਰੁਮਾਲਾਂ ਉ... ਬੂਟਿਆਂ ਤੇ ਪੰਛੀਆਂ ਤੋਂ ਬਿਨਾਂ ਦੇਵੀ ਦੇਵਤਿਆਂ ਦੇ... ਵੀ ਕਢੇ ਜਾਂਦੇ ਹਨ। ਡੇਰਾ ਬਾਬਾ ਨਾਨਕ ਵਿ... ਨਾਨਕੀ ਦੇ ਹੱਥਾਂ ਦਾ ਕਢਿਆ ਇਕ ਸੁੰਦਰ ਰੁਮ... ਤਕ ਸੰਭਾਲਿਆ ਪਿਆ ਹੈ, ਜੋ ਕਲਾ ਪਖੋਂ ਬੜ... ਕ੍ਰਿਤ ਹੈ।

## (ਫ-41) ਫੁੱਲਕਾਰੀ ਦੇ ਗੀਤ :

ਪੰਜਾਬ ਵਿਚ ਜਦੋਂ ਤੀਵੀਆਂ ਤ੍ਰਿੰਞਣਾਂ ਵਿ... ਮਿਲ ਕੇ ਬੈਠਦੀਆਂ ਤੇ ਫੁਲਕਾਰੀ ਕਢਦੀਆਂ ... ਵਿਚ ਵਿਚ ਆਪਣੇ ਅਕੇਵੇਂ ਤੇ ਥਕੇਵੇਂ ਨੂੰ ਦੂਰ ... ਵਾਤਾਵਰਨ ਨੂੰ ਰਸੀਲਾ ਬਨਾਉਣ ਲਈ ਕੋਈ ... ਦੇਂਦੀਆਂ ਹਨ, ਇਨ੍ਹਾਂ ਟੱਪਿਆਂ ਵਿਚ ਫੁਲਕਾਰੀ ਦੇ... ਦੁਆਰਾ ਆਪਣੇ ਪ੍ਰੀਤਮ ਨੂੰ ਯਾਦ ਕੀਤਾ ਜਾਂਦਾ ਤੇ... ਤਾਨੇ ਮਾਰੇ ਜਾਂਦੇ ਹਨ। ਹੇਠਾਂ ਕੁਝ ਟੱਪੇ ਦਿਤੇ ਜਾਂ...

ਫੁਲਕਾਰੀ ਸਾਡੀ ਰੇਸ਼ਮੀ ਉਤੇ ਹਮਕਣ ਮੋਰ ...
ਗੱਲਾਂ ਤੁਸਾਡੀਆਂ ਮਿਠੀਆਂ, ਅੰਦਰੋਂ ਦਿਲ ਨੇ...
ਕਢਦੀ ਫੁੱਲਕਾਰੀ, ਨੀ ਮੈਂ ਰਹਿੰਦੀ ਕਵਾਰੀ
ਸਸ ਪੁਤ ਪ੍ਰਦੇਸ ਨੂੰ ਤੋਰਿਆ ਏ,
ਕਿਸੇ ਚੰਦਰੀ ਨਾ ਉਹਨੂੰ ਹੋੜਿਆ ਈ।
ਕੋਲ ਫੁੱਲ ਮੈਂ ਕਢ ਕੇ ਕਰਦੀ ਹਾਂ ਅਰਦਾਸ
ਛੇਤੀ ਆ ਮਿਲ ਸੱਜਣਾ ਭੁਲ-ਚੁਕ ਕਰਨੀ ਮਾ...

## (ਫ-42) ਫੁੱਲਖਾ :

ਝੰਗ ਵਿਚ ਪ੍ਰਚਲਤ ਵਿਆਹ ਸੰਬੰਧੀ ਇਕ... ਵਿਆਹ ਵੇਲੇ ਬਰਾਤ ਨਾਲ ਆਏ ਸਭ ਜਾਂਞੀਆਂ ਨੂੰ... ਵਾਲੇ ਨਕਦ ਤੇ ਗੁੜ ਦੇ ਰੂਪ ਵਿਚ ਭੇਟਾ ਕਰ... ਇਸ ਨੂੰ 'ਫੁੱਲਖਾ' ਕਹਿੰਦੇ ਸਨ, ਪਰ ਪਿਛੋਂ ਇਸ ... ਖ਼ਰਚੀਲੀ ਤੇ ਬੋਝਲ ਸਮਝ ਕੇ ਤਿਆਗ ਦਿਤਾ ਗਿਆ...

ਹੋਰ ਸੀ ਜੋ ਪਿਛੋਂ ਆਈਆਂ ਜਾਤੀ ਨੇ ਅਪਣਾ ਲਈ ।

ਸਿੱਖਾਂ ਵਿਚ ਵੀ ਗੁਰੂ ਗ੍ਰੰਥ ਸਾਹਿਬ ਨੂੰ ਫੁੱਲ ਚੜ੍ਹਾਉਣ ਦੀ ਪ੍ਰਥਾ ਹੈ ।

### (ਫ-44) ਫੁੱਲ ਚੁਗਣੇ :

ਮ੍ਰਿਤੂ ਨਾਲ ਸੰਬੰਧਿਤ ਇਕ ਰੀਤ; ਦਾਹ ਸੰਸਕਾਰ ਤੋਂ ਬਾਅਦ ਦੂਜੇ ਤੀਜੇ ਜਾਂ ਚੌਥੇ ਦਿਨ ਮੁਰਦੇ ਦੀਆਂ ਹੱਡੀਆਂ ਜਿਨ੍ਹਾਂ ਨੂੰ 'ਫੁੱਲ' ਕਿਹਾ ਜਾਂਦਾ ਹੈ, ਚੁਣੀਆਂ ਜਾਂਦੀਆਂ ਹਨ । ਇਸ ਨੂੰ ਮੰਗਲ ਸੰਸਕਾਰ ਜਾਂ ਚੌਥੇ ਦੀ ਰਸਮ ਵੀ ਕਿਹਾ ਜਾਂਦਾ ਹੈ ।

ਨਿਸਚਤ ਦਿਨ ਨੂੰ ਸਵੇਰ ਵੇਲੇ ਘਰ ਦੇ ਕੁਝ ਬੰਦੇ, ਭਾਈਚਾਰੇ ਦੇ ਨਾਲ ਮ੍ਰਿਤਕ ਦੇ ਸਿਵੇ ਉਤੇ ਜਾਂਦੇ ਹਨ । ਉਹ ਆਪਣੇ ਨਾਲ ਕਪੜੇ ਦੀ ਇਕ ਥੈਲੀ, ਦੁੱਧ ਦਾ ਕਟੋਰਾ, ਕੁਝ ਸੁਗੰਧਿਤ ਸਾਮਗਰੀ ਤੇ ਇਕ ਵਡੀ ਪਰਾਤ ਲੈ ਜਾਂਦੇ ਹਨ । ਜੇ ਮਰਦ ਦੇ ਫੁੱਲ ਚੁਗਣੇ ਹੋਣ ਤਾਂ, ਥੈਲੀ ਚਿੱਟੇ ਕਪੜੇ ਦੀ ਬਣਾਈ ਜਾਂਦੀ ਹੈ, ਤੀਵੀਂ ਦੇ ਚੁਗਣੇ ਹੋਣ ਤਾਂ ਲਾਲ ਰੰਗ ਦੇ ਕਪੜੇ ਦੀ । ਸਿਵੇ ਉਤੇ ਪਹੁੰਚ ਕੇ, ਇਕ ਪਰਾਤ ਵਿਚ ਦੁੱਧ ਵਿਚ ਪਾਣੀ ਪਾ ਕੇ, ਕੱਚੀ ਲੱਸੀ ਘੋਲ ਲਈ ਜਾਂਦੀ ਹੈ ਤੇ ਇਸੇ ਵਿਚ ਸੁਗੰਧਿਤ ਸਾਮਗਰੀ ਵੀ ਰਲਾ ਦਿਤੀ ਜਾਂਦੀ ਹੈ । ਫੁੱਲ ਆਮ ਤੌਰ ਤੇ ਮ੍ਰਿਤਕ ਦਾ ਵੱਡਾ ਪੁੱਤਰ, ਵੱਡਾ ਭਰਾ ਜਾਂ ਕੋਈ ਬਜ਼ੁਰਗ ਰਿਸ਼ਤੇਦਾਰ ਚੁਗਦਾ ਹੈ । ਬਾਕੀ ਲੋਕ ਵੀ ਮਦਦ ਕਰਦੇ ਹਨ । ਦਾਹ-ਸੰਸਕਾਰ ਪਿਛੋਂ ਮ੍ਰਿਤਕ ਦੇ ਸਰੀਰ ਦੀਆਂ ਜੋ ਹੱਡੀਆਂ, ਦੰਦ ਤੇ ਖੋਪਰੀ ਦੀਆਂ ਖਪਰਾਂ ਬਚ ਜਾਂਦੀਆਂ ਹਨ ਉਨ੍ਹਾਂ ਨੂੰ ਸਿਵੇ ਦੀ ਸਵਾਹ ਵਿਚੋਂ ਟੋਲ ਕੇ ਕਢਿਆ ਜਾਂਦਾ ਹੈ ਫਿਰ ਫੁੱਲ ਪਰਾਤ ਦੀ ਕੱਚੀ ਲੱਸੀ ਵਿਚ ਧੋ ਕੇ, ਥੈਲੀ ਵਿਚ ਪਾਏ ਜਾਂਦੇ ਹਨ । ਸਿਵੇ ਦੀ ਸਵਾਹ ਨੂੰ ਬੋਰੀ ਵਿਚ ਪਾ ਕੇ, ਕਿਸੇ ਵਗਦੇ ਪਾਣੀ ਵਿਚ ਪ੍ਰਵਾਹ ਦਿਤਾ ਜਾਂਦਾ ਹੈ । ਫੁੱਲਾਂ ਨੂੰ ਥੈਲੀ ਵਿਚ ਪਾ ਕੇ ਮਰਘਟ ਉਤੇ ਹੀ ਕਿਸੇ ਦਰਖ਼ਤ ਨਾਲ ਲਟਕਾ ਦਿਤਾ ਜਾਂਦਾ ਹੈ ਤੇ ਫਿਰ ਕਿਸੇ ਦਿਨ ਫੁੱਲਾਂ ਨੂੰ ਹਰਦੁਆਰ ਜਾ ਕੇ ਜਲ ਪ੍ਰਵਾਹ ਕਰ ਦਿਤਾ ਜਾਂਦਾ ਹੈ । ਸਿੱਖ ਆਮ ਤੌਰ ਤੇ ਫੁੱਲਾਂ ਦਾ ਜਲ ਪ੍ਰਵਾਹ ਕੀਰਤਪੁਰ ਕਰਦੇ ਹਨ ।

ਕਈ ਲੋਕ ਫੁੱਲ ਚੁਗਣ ਪਿਛੋਂ ਸਿਵੇ ਵਾਲੀ ਥਾਂ ਚਾਰੇ ਨੁਕਰਾਂ ਵਿਚ ਚਾਰ ਕਿੱਲੀਆਂ ਗੱਡ ਕੇ ਕੱਚੇ ਸੂਤ ਦੇ ਧਾਗੇ

ਪੜ੍ਹ ਕੇ ਜਪੁ ਸਾਹਿਬ ਦਾ ਪਾਠ ਸ਼ੁਰੂ ਕਿਆ ਜਾਂਦਾ

### (ਫ-45) ਫੁਲਝੜੀਆਂ :

(ੳ) ਪਰੰਪਰਾ ਤੋਂ ਚਲਿਆ ਆ ਰਿਹਾ
ਸ਼ਕਲ ਦਾ ਇਕ ਗਹਿਣਾ, ਜੋ ਤੀਵੀਆਂ ਸਿਰ ਤੇ ਪ
ਹਨ ।

(ਅ) ਇਕ ਪੁਰਾਣਾ ਕਾਵਿ ਰੂਪ ਜਿਸ ਵਿਚ ਫੁੱ
ਦਾ ਬਾਰ ਬਾਰ ਜ਼ਿਕਰ ਆਉਂਦਾ ਹੈ । ਪੰਜਾ
ਫੁੱਲਝੜੀਆਂ ਨਾਂ ਦਾ ਇਕ ਲੰਮਾ ਗੀਤ ਵੀ
ਜਿਸ ਨੂੰ ਬੱਚੇ ਦੇ ਜੰਮਣ 'ਤੇ ਗਾਇਆ ਜਾਂਦਾ ਹੈ
ਗੀਤ ਵਿਚ ਨਨਾਣ ਤੇ ਭਰਜਾਈ ਦੇ ਇਕਰਾਰਾਂ ਦਾ
ਹੈ । ਭਾਬੀ ਨਨਾਣ ਨੂੰ ਕਹਿੰਦੀ ਹੈ ਕਿ ਜਦੋਂ
ਘਰ 'ਗੀਗੜਾ' ਜੰਮੇਗਾ ਤਾਂ ਉਹ ਉਸ ਨੂੰ ਫੁੱ
ਦੇਵੇਗੀ :

ਨਨਦ ਤੇ ਭਾਬੀ ਰਲ ਬੈਠੀਆਂ
ਕੀਤੇ ਸੁ ਕੌਲ ਕਰਾਰ
ਜੇ ਘਰ ਜੰਮੇਗਾ ਗੀਗੜਾ
ਬੀਬਾ ਦੇਵਾਂਗੀ ਫੁੱਲਝੜੀਆਂ ।

ਪਰ ਜਦੋਂ ਭਾਬੀ ਦੇ ਘਰ ਮੁੰਡਾ ਜੰਮਦਾ ਹੈ
ਫੁੱਲਝੜੀਆਂ ਦੇਣ ਤੋਂ ਅਸਮਰੱਥਾ ਪ੍ਰਗਟ ਕਰਦੀ ਹੈ

ਨਾ ਤੇਰੇ ਬਾਪ ਘੜਾਈਆਂ ਨੀ ਬੀਬਾ
ਨਾ ਤੇਰੇ ਵਡੇ ਵੀਰ
ਫੁੱਲਝੜੀਆਂ ਬਾਦਸ਼ਾਹਾਂ ਦੇ ਵਿਹੜੇ ਬੀਬਾ
ਸਾਡੇ ਨਾ ਫੁੱਲਝੜੀਆਂ ।

ਨਨਾਣ ਨਰਾਜ਼ ਹੋ ਕੇ ਸਹੁਰੇ ਚਲੀ ਜਾਂਦੀ ਹੈ
ਦਰਾਣੀਆਂ ਜਠਾਣੀਆਂ ਦੇ ਪੁੱਛਣ ਤੇ ਕਹਿੰਦੀ
ਉਸ ਦੀ ਭਰਜਾਈ ਨੇ ਧੀ ਜੰਮੀ ਹੈ, ਇਸ ਲਈ ਫੁ
ਨਹੀਂ ਲਿਆਈ । ਬਾਰਾਂ ਸਾਲਾਂ ਮਗਰੋਂ ਵੀਰ ਖ
ਆਉਂਦਾ ਹੈ ਤੇ ਉਸੀ ਰੁੱਸੀ ਹੋਈ ਭੈਣ ਨੂੰ ਫੁੱਲਝੜ
ਰਾਜ਼ੀ ਕਰਦਾ ਹੈ :

ਬਾਰੀਂ ਬਰਸੀਂ ਵੀਰ ਖਟ ਘਰ ਆਇਆ
ਰੁਠੜੀ ਭੈਣ ਮਨਾਈ
ਥਾਲ ਭਰਿਆ ਸੁੱਚੇ ਮੋਤੀਆਂ ਦਾ
ਉਪਰ ਫੁੱਲਝੜੀਆਂ

ਤੇਰਾ ਛੋਕਰ ਘਰ ਰਖ ਜੋਗੀ
ਮੈਂ ਤੇ ਲੈਣੀਆਂ ਫੁੱਲਝੜੀਆਂ
ਆਰਸੀ ਪਾਰਸੀ ਘਰ ਰਖ ਕਾਕੇ
ਮੈਂ ਤੇ ਲੈਣੀਆਂ ਫੁੱਲਝੜੀਆਂ
ਵਾਲੀਆਂ ਚੂੜੀਆਂ ਘਰ ਰਖ ਕਾਕੇ
ਨੀ ਮੈਂ ਲੈਣੀਆਂ ਫੁੱਲਝੜੀਆਂ।

ਫੁੱਲਝੜੀਆਂ ਦੇ ਗੀਤ ਛਟੀ ਉਤੇ ਵੀ ਗਾਏ ਜਾਂਦੇ ਹਨ।

(ਫ-46) **ਫੁੱਲ ਫੂਕਣਾ** :

ਮੁਸਲਮਾਨਾਂ ਵਿਚ ਵਿਆਹ ਸਮੇਂ ਦੀ ਇਕ ਰੀਤ; ਮਿਰਾਸਣ ਲਾੜੀ ਦੇ ਸਿਰ ਉਤੇ ਕਪਾਹ ਦੀ ਫੁੱਟੀ ਰਖਦੀ ਹੈ ਤੇ ਲਾੜਾ ਫੂਕ ਮਾਰ ਕੇ ਉਸ ਨੂੰ ਉਡਾਉਂਦਾ ਹੈ। ਜੇ ਫੂਕਾਂ ਨਾਲ ਕਪਾਹ ਦੀ ਫੁੱਟੀ ਨਾ ਉਡਾ ਸਕੇ ਤਾਂ ਬਦਸ਼ਗਨੀ ਸਮਝੀ ਜਾਂਦੀ ਹੈ। ਇਹ ਕਿਰਿਆ ਸੱਤ ਵਾਰ ਦੋਹਰਾਈ ਜਾਂਦੀ ਹੈ। ਤੇ ਇਸ ਰੀਤ ਦਾ ਭਾਵ ਇਹ ਹੁੰਦਾ ਹੈ ਕਿ ਲਾੜਾ ਲਾੜੀ ਦੇ ਸੱਤ ਗੁਨਾਹਾਂ ਦੇ ਬਾਵਜੂਦ ਵੀ ਉਸ ਨੂੰ ਵਿਆਹੁਣ ਲਈ ਤਿਆਰ ਹੈ। ਮੁਜ਼ਫਰਗੜ੍ਹ ਜ਼ਿਲੇ ਵਿਚ ਇਹ ਰੀਤ ਬੜੀ ਪ੍ਰਚਲਤ ਹੈ, ਪਰ ਉਥੇ ਮਿਰਾਸਣ ਲਾਵਾਂ ਦੀ ਰਸਮ ਤੋਂ ਮਗਰੋਂ ਲਾੜੀ ਦੇ ਸਿਰ ਉਤੇ ਕਪਾਹ ਦੀ ਫੁਟੀ ਕੇਵਲ ਇਕੋ ਵਾਰ ਧਰਦੀ ਹੈ ਤੇ ਲਾੜਾ ਸਤ ਵਾਰ ਫੂਕਾਂ ਮਾਰ ਕੇ ਫੁਟੀ ਨੂੰ ਉਡਾਂਦਾ ਹੈ।

(ਫ-47) **ਫੁੱਲਾਹ** :

ਫੁੱਲਾਹ ਦਾ ਬਿਰਛ ਬੜਾ ਛਾਂਦਾਰ ਹੁੰਦਾ ਹੈ। ਇਸ ਦੀ ਟਾਹਣੀਆਂ ਦਾ ਦਾਤਨ ਬਣਾ ਕੇ ਦੰਦ ਸਾਫ਼ ਕੀਤੇ ਜਾਂਦੇ ਹਨ। ਇਸ ਦੇ ਪੱਤੇ ਭੇਡਾਂ ਬਕਰੀਆਂ ਬੜੇ ਚਾਉ ਨਾਲ ਖਾਂਦੀਆਂ ਹਨ। ਇਸ ਦੇ ਫੁੱਲਾਂ ਦੀ ਖੁਸ਼ਬੋ ਬੜੀ ਭਿੰਨੀ ਹੁੰਦੀ ਹੈ ਤੇ ਇਸ ਦਾ ਇਤਰ ਬਣਾਇਆ ਜਾਂਦਾ ਹੈ। ਫੁੱਲਾਹ ਦੀ ਗੋਂਦ (ਗੂੰਦ) ਕਈ ਦਵਾਈਆਂ ਵਿਚ ਵਰਤੀ ਜਾਂਦੀ ਹੈ। ਇਸ ਦੀ ਲਕੜੀ ਦੇ ਹੱਲ ਤੇ
ਬਣਾਏ ਜਾਂਦੇ ਹਨ।

(ਫ-48) **ਫੁਥਕਣਾ** :

ਕਪਾਹ ਦੇ ਟੀਂਡੇ ਜਦੋਂ ਫੁੱਟਣ
ਉਪਜਾਇਕਤਾ ਵਧਾਣ ਲਈ ਇਕ ਰੀਤ
ਜਿਸ ਨੂੰ 'ਫੁਤਕਨਾ' ਕਹਿੰਦੇ ਹਨ। ਇਸ
ਦਿਨ ਨਿਸਚਤ ਨਹੀਂ. ਇਹ ਫਸਲ ਉਤੇ ਨਿ
ਜਦੋਂ ਟੀਂਡੇ ਫੁੱਟਣ ਲਗਦੇ ਹਨ ਤਾਂ ਤੀ
ਦੁਆਲੇ ਪ੍ਰਕਰਮਾ ਕਰਦੀਆਂ ਹਨ ਤੇ
ਮਾਰਦੀਆਂ ਹਨ। ਇਹ ਇਕ ਤਰ੍ਹਾਂ ਦਾ
ਹੈ, ਇਸ ਤਰ੍ਹਾਂ ਖੇਤ ਪਵਿਤਰ ਹੋ ਜਾਂਦਾ
ਅਸਰ ਨਹੀਂ ਕਰ ਸਕਦੀਆਂ।

ਕਈ ਸਨਾਤਨੀ ਹਿੰਦੂ ਕਿਸਾਨ ਇਸ ਮੌ
ਦੀ ਪੂਜਾ ਵੀ ਕਰਦੇ ਹਨ। ਇਕ ਵਡੇ
ਨੂੰ ਚੁਣ ਕੇ ਉਸ ਉਤੇ ਕੱਚੀ ਲੱਸੀ ਤੇ ਚਾ
ਦੇ ਛੱਟੇ ਮਾਰਦੇ ਹਨ ਤੇ ਪੂਜਦੇ ਹਨ ਤੇ
ਕਰਦੇ ਹਨ ਕਿ ਬਾਕੀ ਪੌਦੇ ਵੀ ਇਸੇ ਭਾਂਤ ਦ
ਹੋਣ। ਇਸ ਭਾਂਤ ਨੂੰ 'ਮੁਖੀਆ' ਕਿਹਾ
ਤੇ ਇਸ ਭਾਂਤ ਦੀ ਕਪਾਹ ਮੰਦਰ ਨੂੰ
ਜਾਂਦੀ ਹੈ।

(ਫ-49) **ਫੇਰੇ** :

ਵਿਆਹ ਸਮੇਂ, ਲਾੜਾ ਲਾੜੀ ਦੇ ਸ੍ਰੀ ਗੁ
ਜਾਂ ਅਗਨੀ ਆਦਿ ਦੇ ਦੁਆਲੇ ਲਈਆਂ ਪ੍ਰਕ
ਵਿਚ ਫੇਰੇ ਅਗਨੀ ਦੇ ਚੁਗਿਰਦ ਲਏ ਜਾਂਦੇ
ਦੇ ਘਰ ਕਿਸੇ ਗੁੱਠੇ ਵੇਦੀ ਗੱਡੀ ਜਾਂਦੀ ਹੈ।
ਹਵਨ ਦੀ ਅੱਗ ਬਾਲੀ ਜਾਂਦੀ ਹੈ, ਜਿਸ
ਦੇ ਖਾਰੇ ਪਏ ਹੁੰਦੇ ਹਨ। ਇਸ ਰਸਮ ਸਮੇਂ
ਸਦਿਆ ਜਾਂਦਾ ਹੈ (ਵੇਖ : ਲਾਵਾਂ)।

**(ਬ-1) ਬਸੰਤ ਪੰਚਮੀ :**

(ੳ) ਬਹਾਰ ਰੁੱਤ ਨਾਲ ਸਬੰਧਿਤ ਇਕ ਪ੍ਰਸਿਧ ਤਿਉਹਾਰ, ਜੋ ਮਾਘ ਸੁਦੀ ਪੰਜ ਨੂੰ, ਸਾਰੇ ਪੰਜਾਬ ਵਿਚ ਬੜੇ ਚਾਅ ਤੇ ਮਲ੍ਹਾਰ ਨਾਲ ਮਨਾਇਆ ਜਾਂਦਾ ਹੈ। ਬਸੰਤ ਪੰਚਮੀ ਤੋਂ, ਬਹਾਰ ਦੀ ਰੁੱਤ ਦਾ ਆਗਮਨ ਹੁੰਦਾ ਹੈ ਤੇ ਇਹ ਤਿਉਹਾਰ ਮੁੱਢ ਕਦੀਮ ਤੋਂ ਚਲਿਆ ਆ ਰਿਹਾ ਹੈ। ਸਾਡੇ ਵਡਿਕਿਆਂ ਵਿਚ ਇਹ ਤਿਉਹਾਰ 'ਸੁਵੰਨਤਾ' ਦੇ ਨਾਉਂ ਨਾਲ ਪ੍ਰਸਿਧ ਸੀ ਅਤੇ ਉਹ ਇਸ ਮੌਕੇ ਉਤੇ ਕਾਮਦੇਵ ਦੀ ਉਪਾਸਨਾ ਕਰਦੇ ਤੇ ਗੁਲਾਬੀ ਰੰਗ ਦੇ ਕਪੜੇ ਪਹਿਨ ਕੇ ਟੋਲੀਆਂ ਵਿਚ ਨਚਦੇ ਤੇ ਗਾਉਂਦੇ ਸਨ। ਅੱਜ ਕਲ੍ਹ ਬਸੰਤ ਵਾਲੇ ਦਿਨ ਪੀਲੇ ਕਪੜੇ ਪਹਿਨਣ ਦਾ ਰਿਵਾਜ ਹੈ। ਬਸੰਤ ਦੇ ਆਗਮਨ ਦੇ ਨਾਲ ਸਾਰੇ ਪੰਜਾਬ ਵਿਚ ਇਕ ਨਵੀਂ ਜ਼ਿੰਦਗੀ ਧੜਕ ਉਠਦੀ ਹੈ, ਥਾਂ ਥਾਂ ਤੇ ਪਿੰਡ ਪਿੰਡ ਨਿਕੇ ਵਡੇ ਮੇਲੇ ਲਗਦੇ ਹਨ ਤੇ ਲੋਕੀਂ ਸਰ੍ਹੋਂ ਦੇ ਫੁੱਲ ਵਾਂਗ ਖਿੜ ਕੇ ਇਨ੍ਹਾਂ ਮੇਲਿਆਂ ਦੀ ਰੌਣਕ ਵਧਾਂਦੇ ਹਨ। ਪਟਿਆਲੇ ਤੇ ਛੇਹਰਟੇ ਦੀ ਬਸੰਤ ਪੰਚਮੀ ਖ਼ਾਸ ਤੌਰ ਤੇ ਪ੍ਰਸਿਧ ਹੈ।

ਦੇਸ਼ ਵੰਡ ਤੋਂ ਪਹਿਲਾਂ ਬਸੰਤ ਦਾ ਇਕ ਵਡਾ ਮੇਲਾ ਹਕੀਕਤ ਰਾਏ ਦੀ ਸਮਾਧ ਉਤੇ, ਲਾਹੌਰ ਵਿਚ ਲਗਿਆ ਕਰਦਾ ਸੀ। ਧਰਮੀ ਹਕੀਕਤ ਰਾਏ, ਬਸੰਤ ਪੰਚਮੀ ਵਾਲੇ ਦਿਨ, ਲਾਹੌਰ ਵਿਚ ਮੁਗ਼ਲ ਹਾਕਮਾਂ ਦੇ ਤੁਅੱਸਬ ਦਾ ਸ਼ਿਕਾਰ ਹੋਇਆ ਸੀ ਤੇ ਉਸ ਨੇ ਇਸਲਾਮ ਮੱਤ ਗ੍ਰਹਿਣ ਕਰਨ ਦੀ ਥਾਂ ਸ਼ਹੀਦ ਹੋਣਾ ਵਧੇਰੇ ਪਸੰਦ ਕੀਤਾ। ਭਾਵੇਂ ਇਹ ਮੇਲਾ ਨਿਰੋਲ ਮੌਸਮੀ ਸੀ, ਪਰ ਹਕੀਕਤ ਰਾਏ ਦੀ ਸ਼ਹੀਦੀ ਨੇ ਇਸ ਮੇਲੇ ਨਾਲ ਧਾਰਮਿਕ ਤੇ ਇਤਿਹਾਸਕ ਭਾਵਨਾ ਵੀ ਜੋੜ ਦਿਤੀ।

ਬਸੰਤ ਪੰਚਮੀ ਨੂੰ ਲੋਕੀਂ ਆਪਣੇ ਦਿਲਾਂ ਦਾ ਹੁਲਾਸ ਪਤੰਗਾਂ ਉਡਾ ਕੇ ਪ੍ਰਗਟ ਕਰਦੇ ਹਨ ਤੇ ਸਾਰਾ ਆਕਾਸ਼ ਰੰਗ-ਬਰੰਗੀਆਂ, ਹਵਾ ਵਿਚ ਤਰਦੀਆਂ ਤੇ ਨਿਰਤ ਕਰਦੀਆਂ ਇਕ ਅਥਾਹ ਰੰਗਮੰਚ ਲਗਦਾ ਹੈ, ਜਿਸ 'ਤੇ ਵੰਨ-[illegible] ਗੁੱਡੀਆਂ ਦੇ ਰੂਪ ਵਿਚ ਪੰਜਾਬੀਆਂ ਦਾ ਮਨ [illegible] ਹੋਇਆ, ਅਠਖੇਲੀਆਂ ਭਰ ਰਿਹਾ ਹੁੰਦਾ ਹੈ।

ਬਸੰਤ ਪੰਚਮੀ ਵਾਲੇ ਦਿਨ ਤੀਵੀਆਂ ਬਸੰਤੀ [illegible] ਪਹਿਨ ਕੇ ਗਿੱਧੇ ਪਾਉਂਦੀਆਂ ਤੇ ਗੀਤ ਗਾਉਂਦੀਆਂ [illegible] ਬਸੰਤ ਪੰਚਮੀ ਦੇ ਗਿੱਧੇ ਨੂੰ 'ਬਸੰਤੀ ਗਿੱਧਾ' ਕਿਹਾ ਜਾ[illegible]

(ਅ) ਬਸੰਤ ਪੰਚਮੀ ਰੁੱਤਾਂ ਦੀ ਤਬਦੀਲ[illegible] ਸਬੰਧਿਤ ਇਕ ਪਰਬ ਹੈ ਜੋ ਮਾਘ ਸੁਦੀ ਪੰਜਵੀਂ [illegible] ਪੰਜਾਬ ਵਿਚ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ [illegible]

ਭਾਰਤ ਵਿਚ ਛੇ ਰੁੱਤਾਂ ਮੰਨੀਆਂ ਜਾਂਦੀਆਂ ਹ[illegible] ਇਨ੍ਹਾਂ ਵਿਚੋਂ ਬਸੰਤ ਰੁੱਤ ਨੂੰ ਰਿਤੂਰਾਜ ਕਿਹਾ ਜ[illegible] ਕਿਉਂ ਜੋ ਬਸੰਤ ਸਭ ਰੁੱਤਾਂ ਤੋਂ ਉੱਤਮ ਗਿਣੀ ਜਾਂ[illegible] ਇਹ ਰੁੱਤ ਚੇਤ ਤੇ ਵਿਸਾਖ ਦੇ ਮਹੀਨੇ ਹੀ ਰਹਿੰਦੀ [illegible] ਮਜ਼ੇ ਦੀ ਗੱਲ ਇਹ ਹੈ ਕਿ ਬਸੰਤ ਪੰਚਮੀ ਮਹੀਨ[illegible] ਦਿਨ ਪਹਿਲਾਂ ਆ ਜਾਂਦੀ ਹੈ। ਇਸ ਸਬੰਧ ਵਿ[illegible] ਪੁਰਾਣਿਕ ਕਥਾ ਇਉਂ ਪ੍ਰਚਲਤ ਹੈ—ਇਕ ਵਾਰ ਸ[illegible] ਨੇ ਰਿਤੂਰਾਜ ਬਸੰਤ ਦਾ ਅਭਿਨੰਦਨ ਕੀਤਾ ਤੇ ਆਪ[illegible] ਹਰੇਕ ਨੇ ਆਪਣੀ ਉਮਰ ਦੇ ਅੱਠ ਦਿਨ ਭੇਟਾ ਕ[illegible] ਦਿਤੇ। ਇਹ ਚਾਲ੍ਹੀ ਦਿਨ ਬਣਦੇ ਹਨ ਤੇ 1 ਮਾਘ[illegible] ਪੰਜਵੀਂ ਅਤੇ ਚੇਤ ਵਦੀ ਪਹਿਲੀ ਵਿਚ ਇਤਨੇ ਹੀ [illegible] ਆਉਂਦੇ ਹਨ।

ਬਸੰਤ ਪੰਚਮੀ ਹੈ ਤਾਂ ਨਿਰੋਲ ਲੌਕਿਕ ਤਿਉਹਾ[illegible] ਇਸ ਨਾਲ ਕੁਝ ਧਾਰਮਿਕ ਭਾਵ ਜੋੜ ਦਿਤੇ ਗਏ [illegible] ਕਈ ਇਸ ਨੂੰ 'ਸ੍ਰੀ ਪੰਚਮੀ' ਕਹਿੰਦੇ ਹਨ ਤੇ ਇ[illegible] ਵਿਦਿਆ ਦੀ ਦੇਵੀ ਸਰਸਵਤੀ ਦੀ ਪੂਜਾ ਕਰਦੇ ਹ[illegible] ਬਸੰਤੀ ਰੰਗ ਦੇ ਬਸਤਰ ਤੇ ਫੁੱਲ ਚੜ੍ਹਾਂਦੇ ਹਨ।

ਕਈ ਸਨਾਤਨੀ ਹਿੰਦੂ ਇਸ ਦਿਨ ਲਖਸ਼ਮੀ ਤੇ [illegible] ਦੀ ਪੂਜਾ ਵੀ ਕਰਦੇ ਹਨ। ਇਸ ਤਿੱਥ ਨੂੰ ਤਿਲਾਂ [illegible] ਮਲ ਕੇ ਇਸ਼ਨਾਨ ਕਰਦੇ ਤੇ ਬਸੰਤੀ ਰੰਗ ਦਾ ਕੋਈ [illegible]

ਇਸ ਤਿਥੀ ਨੂੰ ਕਈ ਕਾਮਦੇਵ ਤੇ ਰਤੀ ਦੀ ਵੀ ਪੂਜਾ ਕਰਦੇ ਹਨ। ਰਤੀ ਤੇ ਕਾਮਦੇਵ ਦੀ ਮੂਰਤੀ ਸਥਾਪਿਤ ਕਰਕੇ ਪੂਜੀ ਜਾਂਦੀ ਹੈ ਤੇ ਮਨੋਰਥ ਗ੍ਰਿਹਸਥੀ ਜੀਵਨ ਨੂੰ ਸੁਖ ਨਾਲ ਭੋਗਣ ਦਾ ਹੈ।

ਕਈ ਥਾਈਂ ਨਵਾਂ ਅੰਨ ਬਸੰਤ ਪੰਚਮੀ ਨੂੰ ਹੀ ਮੂੰਹ ਲਗਾਇਆ ਜਾਂਦਾ ਹੈ। ਕਿਸਾਨ ਆਪਣੇ ਖੇਤਾਂ ਵਿਚ ਅੰਨ ਦਾ ਪੌਧਾ ਲੈ ਕੇ ਦੇਵਤੇ ਨੂੰ ਭੇਟ ਚਾੜ੍ਹਦੇ ਹਨ, ਫਿਰ ਅੰਨ ਦਾ ਭੋਗ ਲਗਾ ਕੇ ਨਵਾਂ ਅੰਨ ਮੂੰਹ ਲਗਾਂਦੇ ਹਨ।

**(ਬ-2) ਬਸੰਤ ਰੁੱਤ :**

ਬਹਾਰ ਦੀ ਰੁੱਤ, ਜੋ ਫੱਗਣ-ਚੇਤਰ ਤੇ ਵਿਸਾਖ ਵਿਚ ਪੈਂਦੀ ਹੈ। ਬਸੰਤ ਰੁੱਤ ਪੀਲੇ ਫੁੱਲਾਂ ਦੀ ਫੁਲਕਾਰੀ ਵਿਚ ਵਲ੍ਹੇਟੀ ਮੁਟਿਆਰ ਵਾਂਗ ਘੁੱਗੀਆਂ ਤੇ ਕੋਇਲਾਂ ਦੇ ਮਧੁਰ ਗੀਤਾਂ ਦੀ ਲੈਅ ਵਿਚ ਠੁਮਕਦੀ ਆਉਂਦੀ ਹੈ। ਰੁੱਤਾਂ ਵਿਚੋਂ ਸਭ ਤੋਂ ਮਿੱਠੀ ਤੇ ਹੁਸੀਨ ਰੁੱਤ ਬਸੰਤ ਦੀ ਹੈ। ਇਹ ਕਲਾ ਤੇ ਸੁਹਜ ਦੀ ਰੁੱਤ ਹੈ। ਜ਼ਿੰਦਗੀ ਦੀ ਧੜਕਣ ਨਾਲ ਭਰੀ ਹੋਈ। ਇਸ ਰੁੱਤ ਵਿਚ ਕੁਦਰਤ ਦੀ ਅਕਲ-ਕਲਾ ਭਰ ਜੋਬਨ ਵਿਚ ਨਿਖਰੀ ਹੁੰਦੀ ਹੈ। ਟਹਿਣੀਆਂ ਦੇ ਸਿਰ ਮੂੰਹ ਫੁੱਲਾਂ ਨਾਲ ਕੱਜੇ ਤੇ ਹਵਾ ਵਿਚ ਇਕ ਸੁਗੰਧੀ ਫੈਲੀ ਹੁੰਦੀ ਹੈ। ਬਿਰਛ ਬੂਟੇ ਪੁਰਾਣੇ ਚੋਲੇ ਉਤਾਰ ਕੇ ਨਵੀਆਂ ਪੁਸ਼ਾਕਾਂ ਵਿਚ ਸਜੇ ਸ਼ਿੰਗਾਰੇ ਜਾਪਦੇ ਹਨ। ਖੇਤਾਂ ਵਿਚ ਸਰ੍ਹੋਂ ਦੇ ਖਿੜੇ ਪੀਲੇ ਫੁੱਲ, ਇੰਜ ਹੁਲਾਰੇ ਲੈਂਦੇ ਹਨ ਜਿਵੇਂ ਕੁਦਰਤ ਦੇਵੀ, ਬਸੰਤੀ ਪੁਸ਼ਾਕ ਪਾਈ ਫੁੱਲਾਂ ਦੇ ਗਹਿਣਿਆਂ ਨਾਲ ਸ਼ਿੰਗਾਰੀ, ਸੱਜ-ਵਿਆਹੀ ਕੁੜੀ ਵਿਚ ਸਜੀਵ ਹੋ ਕੇ ਅੰਗੜਾਈਆਂ ਭਰ ਰਹੀ ਹੋਵੇ।

ਬਸੰਤ ਰੁੱਤ ਨਾਲ ਹੱਡ-ਭੰਨਵੀਂ ਸਰਦੀ ਅਖ਼ੀਰਲੇ ਸਾਹਾਂ 'ਤੇ ਹੁੰਦੀ ਹੈ, ਇਸੇ ਕਰਕੇ ਇਸ ਰੁੱਤ ਦਾ ਇਹ ਗੀਤ ਪ੍ਰਸਿਧ ਹੈ :

ਆਈ ਰੁੱਤ ਬਸੰਤ ਦੀ
ਮੂਲੀ ਛਡਿਆ ਬੀ'
ਧੁਪਾਂ ਪ੍ਰਗਟ ਹੋ'ਦੀਆਂ
ਘਰਾਂ ਨੂੰ ਨਸੇ ਸੀ'।

ਇਸ ਪ੍ਰਸੰਗ ਵਿਚ ਇਕ ਅਖਾਣ ਵੀ ਪ੍ਰਚਲਤ ਹੈ :

ਆਈ ਬਸੰਤ ਪਾਲਾ ਉਡੰਤ।

ਇਸ ਰੁੱਤ ਵਿਚ ਪੰਜਾਬੀਆਂ ਦੇ ਦਿਲ ਤੇ ਆਤਮਾ

ਤਿਉਹਾਰ ਦੇ ਦੋ ਸਿਰੇ ਸਨ। ਲੋਕੀਂ ਹੋਲੀ ਦ
ਬਸੰਤ ਪੰਚਮੀ ਤੋਂ ਹੀ ਬਸੰਤੀ ਰੰਗ ਦੀਆਂ ਪੁਸ਼ਾਕਾਂ
ਕੀਤਾ ਕਰਦੇ ਸਨ ਅਤੇ ਚਾਲ੍ਹੀ ਦਿਨਾਂ ਪਿਛੋਂ,
ਕ੍ਰਿਸ਼ਨਾ ਪੱਖ ਦੀ ਏਕਮ ਨੂੰ ਇਸ ਦਾ ਖ਼ਾਸ ਪੁ
ਲਿਆ ਕਰਦੇ ਸਨ। ਇਸ ਦਿਨ ਥਾਉਂ ਥਾਈਂ ਮੇ
ਸਨ, ਪਰ ਹੁਣ ਹੋਲੀ ਬਸੰਤ ਨਾਲੋਂ ਵੱਖਰਾ ਉ
ਗਈ ਹੈ।

**(ਬ-3) ਬਸੰਤਰ ਦੇਵਤਾ :**

ਅਗਨੀ ਪੂਜ, ਅਗਨੀ ਦੇਵਤੇ ਨੂੰ ਆਦਰ ਨਾ
ਦੇਵਤਾ ਕਹਿੰਦੇ ਹਨ। ਪੁਰਾਣਾਂ ਅਨੁਸਾਰ ਦੇਵ
ਸਾਮਗਰੀ ਅਥਵਾ ਵਸਤੂ ਇਸ ਲੋਕ ਵਿਚ ਭੇਟ ਕੀ
ਉਹ ਮੂਲ ਰੂਪ ਵਿਚ ਅਗਲੇ ਲੋਕ ਵਿਚ ਪਹੁੰਚਾ
ਇਸ ਲਈ ਹਿੰਦੂਆਂ ਵਿਚ ਹੋਮ ਦਾ ਬੜਾ ਮਹੱਤਵ

ਬਸੰਤਰ ਦੇਵਤੇ ਬਾਰੇ ਇਕ ਅਖਾਣ ਇਉਂ ਪ੍ਰ

ਆਪਣੇ ਘਰ ਅੱਗ ਲੱਗੇ ਤਾਂ ਅੱਗ
ਦੂਜੇ ਦੇ ਘਰ ਲੱਗੇ ਤਾਂ ਬਸੰਤਰ ਦੇਵਤਾ।

(ਵੇਖੋ : ਅਗਨੀ ਦੇਵਤਾ)।

**(ਬ-4) ਬਸੰਤੀ :**

ਪੀਲਾ ਰੰਗ, ਜੋ ਬਹਾਰ ਰੁੱਤ ਦਾ ਪ੍ਰਤੀਕ ਹੈ
ਬੜਾ ਸ਼ੁਭ ਮੰਨਿਆ ਜਾਂਦਾ ਹੈ। ਕਈ ਧਾਰਮਿਕ ਤੇ
ਰਸਮਾਂ ਰੀਤਾਂ ਸਮੇਂ ਇਸ ਰੰਗ ਦੇ ਬਸਤਰਾਂ
ਕੀਤੀ ਜਾਂਦੀ ਹੈ। ਇਹ ਰੰਗ ਉਪਜਾਇਕਤਾ ਦ
ਮੰਨਿਆ ਗਿਆ ਹੈ। ਕਈ ਜਾਤਾਂ ਵਿਚ ਗੋਦ
ਰਸਮ ਵੇਲੇ, ਬਸੰਤੀ ਰੰਗ ਦੀ ਫੁਲਕਾਰੀ ਉਪਰ ਕੀ
ਹੈ। ਪਹਿਲਿਆਂ ਵਿਚ ਦਾਜ ਵਿਚ ਜੋ ਫੁਲਕਾਰੀਆ
ਜਾਂਦੀਆਂ ਸਨ, ਉਨ੍ਹਾਂ ਵਿਚ ਬਹੁਤੀਆਂ ਪੀਲੇ ਰੰ
ਹੀ ਹੁੰਦੀਆਂ ਸਨ ਅਥਵਾ ਪੀਲੇ ਰੰਗ ਦੇ ਪਟ
ਨਾਲ ਕਢੀਆਂ ਹੁੰਦੀਆਂ ਸਨ। ਲਗਨ ਦੀ
ਪਹਿਲੇ ਕੰਨਿਆਂ ਦੇ ਹਥ ਪੀਲੇ ਕਰਨੇ ਸ਼ੁਭ ਮ
ਸਨ, ਜੋ ਮਹਿੰਦੀ ਲਗਾ ਕੇ ਕੀਤੇ ਜਾਂਦੇ ਸ
ਕਰਕੇ ਪੰਜਾਬ ਵਿਚ ਵਿਆਹ ਲਈ 'ਹੱਥ ਪੀਲ
ਮੁਹਾਵਰਾ ਵਰਤਿਆ ਜਾਂਦਾ ਹੈ। ਵੱਟਣਾ ਮੌ
ਵਰ ਤੇ ਕੰਨਿਆਂ ਉਤੇ ਕਪੜਾ ਤਾਣਿਆ ਜਾਂਦ

ਗਿੰਨੇ ਅਥਵਾ ਵੰਡੇ ਜਾਂਦੇ ਹਨ, ਉਨ੍ਹਾਂ ਨੂੰ ਪੀਲੇ ਰੰਗ ਦੇ ਛੱਟੇ ਮਾਰ ਲਏ ਜਾਂਦੇ ਹਨ ।

ਬਸੰਤੀ ਰੰਗ ਸ਼ਗਨਾਂ ਦਾ ਰੰਗ ਹੈ :

ਕਾਹਨੂੰ ਆਇਓਂ ਬਸੰਤੀ ਚੀਰਾ ਪਹਿਨ ਕੇ
ਮਾਪਿਆਂ ਨੇ ਨਹੀਂ ਟੋਰਨੀ ।

**(ਬ-5) ਬਸੰਤੀ ਗਿੱਧਾ :**

ਇਹ ਗਿੱਧਾ ਬਸੰਤ ਪੰਚਮੀ ਦੇ ਉਤਸਵ 'ਤੇ ਬਸੰਤੀ ਰੰਗ ਦੇ ਕਪੜੇ ਪਹਿਨ ਕੇ ਪਾਇਆ ਜਾਂਦਾ ਹੈ । ਇਸ ਗਿੱਧੇ ਵਿਚ ਸਰਹੋਂ ਦੇ ਝੂਮਦੇ ਖੇਤਾਂ, ਫੁੱਲਾਂ ਫਲਾਂ ਨਾਲ ਲੱਦੇ ਬਿਛਾਂ ਨੂੰ ਅੰਗਾਂ ਦੇ ਹੁਲਾਰਿਆਂ ਤੇ ਸੰਕੇਤਾਂ ਦੁਆਰਾ ਰੂਪਮਾਨ ਕੀਤਾ ਜਾਂਦਾ ਹੈ । ਤੇ ਜੋ ਬੋਲੀਆਂ ਪਾਈਆ ਜਾਂਦੀਆਂ ਹਨ, ਉਨ੍ਹਾਂ ਵਿਚ ਬਸੰਤ ਦੀ ਰੁੱਤ ਦਾ ਮਲਾਲ ਧੜਕਦਾ ਹੈ ।

**(ਬ-6) ਬਸੰਤੀ ਚੋਲਾ :**

ਬਸੰਤੀ ਰੰਗ ਦਾ ਚੋਲਾ ਦੇਸ਼ ਭਗਤੀ ਤੇ ਬੀਰਤਾ ਦਾ ਪ੍ਰਤੀਕ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਮੁਗਲਾਂ ਨਾਲ ਜੂਝਣ ਲਈ, ਕਈ ਸਿੱਖ ਬਸੰਤੀ ਰੰਗ ਦਾ ਚੋਲਾ ਪਹਿਨ ਕੇ ਮੈਦਾਨ ਵਿਚ ਨਿਤਰਦੇ ਸਨ । ਬਸੰਤੀ ਚੋਲਾ ਪਹਿਨਣ ਵਾਲੇ ਸ਼ਖਸ ਲਈ ਜਰੂਰੀ ਹੁੰਦਾ ਸੀ ਕਿ ਉਹ ਯੁੱਧ ਵਿਚ ਜਾਂ ਤਾਂ ਸ਼ਹੀਦੀ ਪ੍ਰਾਪਤ ਕਰੇ ਜਾਂ ਫਿਰ ਵਿਜਈ ਹੋਵੇ । ਪਿਛੋਂ ਇਹ ਪ੍ਰਥਾ ਚਲ ਪਈ ਤੇ 'ਬਸੰਤੀ ਚੋਲੇ' ਦਾ ਨਾਉਂ 'ਸ਼ਹੀਦੀ ਬਾਣਾ' ਪੈ ਗਿਆ । ਅੰਗਰੇਜ਼ੀ ਰਾਜ ਸਮੇਂ ਭਗਤ ਸਿੰਘ ਨੇ ਵੀ ਇਹੋ ਬਾਣਾ ਪਹਿਨ ਕੇ, ਅੰਗਰੇਜ਼ਾਂ ਵਿਰੁਧ ਜੂਝਣ ਦੀ ਪ੍ਰਤਿਗਿਆ ਕੀਤੀ ਸੀ । ਉਸ ਨਾਲ ਸੰਬੰਧਿਤ ਇਕ ਲੋਕ-ਗੀਤ ਵਿਚ ਬਸੰਤੀ ਚੋਲੇ ਦਾ ਵਰਣਨ ਹੈ :

ਮਾਏ ! ਮੇਰਾ ਰੰਗ ਦੇ ਬਸੰਤੀ ਚੋਲਾ ।

**(ਬ-7) ਬਸਰਾ :**

ਇਰਾਕ ਦਾ ਇਕ ਪ੍ਰਸਿਧ ਨਗਰ, ਜਿਸ ਦਾ ਜ਼ਿਕਰ ਪੰਜਾਬੀ ਲੋਕ-ਗੀਤਾਂ ਵਿਚ ਆਉਂਦਾ ਹੈ । ਪਹਿਲੀ ਵਿਸ਼ਵ ਯੁਧ ਸਮੇਂ ਪੰਜਾਬ ਦੇ ਅਨੇਕਾਂ ਫ਼ੌਜੀ ਸਿਪਾਹੀ ਅੰਗਰੇਜ਼ਾਂ ਵਲੋਂ ਬਸਰੇ ਵਿਚ ਲੜੇ ਸਨ :

ਕਿਥੇ ਦਾ ਘੋਤਾ ਤੁਸਾਂ ਬੀੜਿਆ

ਇਕ ਬੋਲੀ ਵਿਚ ਇਕ ਮੁਟਿਆਰ ਬਸਰੇ ... ਟੁਟਣ ਲਈ ਪ੍ਰਾਰਥਨਾ ਕਰਦੀ ਹੈ :

1. ਸਾਰੇ ਪਿੰਡ ਦੇ ਗਭਰੂ ਕੋਹ ਸੁਟੇ
ਬਸਰੇ ਦੀ ਲਾਮ ਨੇ ।

2. ਮੈਂ ਘਰ ਘਰ ਵੰਡਾਂ ਸ਼ੀਰਨੀ
ਬਸਰੇ ਦੀ ਲਾਮ ਟੁਟ ਜਾਵੇ ।

**(ਬ-8) ਬੰਸ ਲੋਚਨ :**

ਬਾਂਸ ਵਿਚੋਂ ਨਿਕਲਣ ਵਾਲਾ ਇਕ ਸ... ਪਦਾਰਥ, ਇਹ ਕਿਸੇ ਵਿਰਲੇ ਬਾਂਸ ਵਿਚੋਂ ... ਹੈ । ਲੋਕ-ਧਾਰਨਾ ਹੈ ਕਿ ਸਵਾਂਤੀ ਨੱਖਤ੍ਰ ਦੀ... ਬਾਂਸ ਉਤੇ ਡਿਗਦੀ ਹੈ ਜਿਸ ਤੋਂ ਇਹ ਵਸਤੂ... ਆਉਂਦੀ ਹੈ । ਬੰਸ ਲੋਚਨ ਸੁਭ ਪਦਾਰਥ ਮੰ... ਹੈ (ਵੇਖੋ : ਸਵਾਂਤੀ ਨਛੱਤਰ) ।

**(ਬ-9) ਬੰਸਾਵਲੀ :**

ਉਹ ਪੱਤ੍ਰੀ ਜਿਸ 'ਤੇ ਕਿਸੇ ਵੰਸ਼ ਦਾ ਸ਼ਜ... ਕਿਸੇ ਪ੍ਰਸਿਧ ਮੋਢੀ ਤੋਂ ਸ਼ੁਰੂ ਕਰ ਕੇ ਪੀੜ੍ਹੀ... ਵੇਰਵੇ ਨਾਲ ਲਿਖਿਆ ਜਾਵੇ । ਪਹਿਲਿਆਂ ਵਿ... ਨਵਾਬਾਂ ਤੇ ਜਗੀਰਦਾਰਾਂ ਨੇ, ਭੱਟ ਮਿਰਾਸੀ ... ਜੋ ਉਨ੍ਹਾਂ ਦੇ ਘਰਾਣਿਆਂ ਦਾ ਸਜਰਾ ਲਿਖਦੇ ... ਪੀੜ੍ਹੀ ਅਗੇ ਤੋਰਦੇ ਜਾਂਦੇ ਸਨ । ਪੰਜਾਬ ਦੇ ... ਘਰਾਣਿਆਂ ਦੀਆਂ ਬੰਸਾਵਲੀਆਂ ਭੱਟਾਂ ਮਿਰ... ਦੇਸ ਵੰਡ ਤਕ ਸੁ...ਖਿਅਤ ਸਨ । ਹਰਦੁਆਰ ... ਕੋਲ ਵੀ ਅਨੇਕਾਂ ਵੰਸ਼ਾਂ ਦੀਆਂ ਬੰਸਾਵਲੀਆਂ ਮ... ਉਹ ਅਜ ਵੀ ਦਸ ਸਕਦੇ ਹਨ ਕਿ ਕਿਸੇ ... ਬਜ਼ੁਰਗ ਹਰਦੁਆਰ ਉਨ੍ਹਾਂ ਦੇ ਬਜ਼ੁਰਗਾਂ ਕੋ... ਰਹੇ । ਬੰਸਾਵਲੀਆਂ ਵਿਚ ਇਤਿਹਾਸ ਦੇ ਕਈ... ਛੁਪੇ ਪਏ ਹਨ ।

ਬੇਦੀਆਂ, ਸੋਢੀਆਂ, ਭਲਿਆਂ ਤੇ ਤੇ... ਬੰਸਾਵਲੀਆਂ ਦਾ ਰਵਾਜ ਆਮ ਰਿਹਾ ਹੈ, ... ਬੰਸਾਵਲੀਆਂ ਦੁਆਰਾ ਹੀ ਉਹ ਆਪਣਾ ਪਿ... ਪੀਰ ਜਾਂ ਸੰਤ ਨਾਲ ਜੋੜ ਸਕਦੇ ਸਨ ।

ਪ੍ਰਾਚੀਨ ਲੋਕਨਾਇਕਾਂ ਦੀਆਂ ਵੀ ... ਮਿਲਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਅਜੋਂ...

(ਅ) ਇਸੇ ਨਾਉਂ ਦੇ ਕੁਝ ਪਿੰਡ ਤੇ ਨਗਰ ਪੰਜਾਬ ਵਿਚ ਮਿਲਦੇ ਹਨ, ਪਰ ਇਹ ਸਾਰੇ ਪਿੰਡ ਬੱਸੀ ਗੋਤ ਦੇ ਖੱਤ੍ਰੀਆਂ ਦੇ ਵਸਾਏ ਹੋਏ ਨਹੀਂ। ਪਟਿਆਲੇ ਵਿਚ ਬੱਸੀ ਨਾਉਂ ਦੀ ਨਗਰੀ ਮਲਿਕ ਹੈਦਰ ਦੀ ਵਸਾਈ ਹੋਈ ਹੈ ਤੇ ਇਸ ਦਾ ਨਾਂ 'ਬਸਤੀ ਮਲਿਕ ਹੈਦਰ' ਸੀ, ਜੋ ਪਿਛੋਂ ਸੰਖੇਪ ਰੂਪ ਵਿਚ 'ਬੱਸੀ' ਪ੍ਰਚਲਤ ਹੋ ਗਿਆ। ਮਹਾਨ ਕੋਸ਼ ਵਿਚ ਦੋ ਹੋਰ 'ਬੱਸੀ' ਪਿੰਡਾਂ ਦਾ ਜਿਕਰ ਹੈ, ਇਕ ਕਲਸੀਆ ਵਿਚ ਤੇ ਦੂਜੀ ਊਨੇ ਵਿਚ।

(ੲ) ਜੱਟਾਂ ਦਾ ਇਕ ਕਬੀਲਾ; ਇਨ੍ਹਾਂ ਦੇ ਵਡਿਕੇ 'ਤੁਲਾ' ਦਾ ਮੱਠ ਲੁਧਿਆਣੇ ਵਿਚ ਗੋਪਾਲਪੁਰ ਵਿਖੇ ਹੈ। ਇਸ ਕਬੀਲੇ ਦੇ ਲੋਕ ਬੱਚੇ ਦੇ ਜਨਮ ਤੇ ਕੁਝ ਹੋਰ ਮੰਗਲ ਕਾਰਜਾਂ ਤੇ ਦਿਵਾਲੀ ਆਦਿ ਤਿਉਹਾਰਾਂ ਉਤੇ ਇਸ 'ਮੱਠ' 'ਤੇ ਜਾ ਕੇ ਮਿੱਟੀ ਕੱਢਦੇ ਹਨ।

(ਬ-11) **ਬਸੌਰਾ** :

ਹਰਿਆਣੇ ਵਿਚ ਮਾਤਾ ਮਾਈ ਨੂੰ ਪਤਿਆਉਣ ਲਈ ਚੇਤਰ ਦੀ ਸਤਵੀਂ ਨੂੰ ਮਨਾਇਆ ਜਾਂਦਾ ਇਕ ਉਤਸਵ; ਇਸ ਦਿਨ ਮਾਤਾ ਮਾਈ ਦੇ ਮਟੀਲੇ ਉਤੇ ਜਾ ਕੇ ਪੂਜਾ ਕੀਤੀ ਜਾਂਦੀ ਹੈ। ਇਸ ਦਿਨ ਮਾਤਾ ਦੇ ਉਪਾਸ਼ਕ ਰਸੋਈ ਨਹੀਂ ਬਣਾਉਂਦੇ ਤੇ ਇਕ ਦਿਨ ਪਹਿਲਾਂ ਤਿਆਰ ਕੀਤੇ ਗੁਲਗੁਲੇ ਆਦਿ ਖਾਂਦੇ ਹਨ। ਇਸ ਦਿਨ ਨੂੰ ਬਹੀਆਂ ਚੀਜ਼ਾਂ ਖਾਣ ਕਰ ਕੇ ਹੀ ਇਸ ਦਿਵਸ ਦਾ ਨਾਂ 'ਬਸੌਰਾ' ਪੈ ਗਿਆ ਹੈ। ਮਾਤਾ ਦੀ ਪੂਜਾ ਕਰਨ ਵੇਲੇ ਗੁਲਗੁਲੇ ਮਟੀਲੇ ਦੀ ਭੇਟ ਕੀਤੇ ਜਾਂਦੇ ਹਨ, ਜੋ ਮਗਰੋਂ ਭੰਗੀ ਲੈ ਜਾਂਦੇ ਹਨ। ਮਟੀਲੇ ਨੂੰ ਜਾਂਦਿਆਂ ਤੇ ਪੂਜਾ ਪਿਛੋਂ ਘਰ ਵਲ ਪਰਤਦਿਆਂ ਤੀਵੀਆਂ ਰਾਹ ਵਿਚ ਮਾਤਾ ਦੇਵੀ ਦੀ ਕੀਰਤੀ ਵਿਚ ਗੀਤ ਗਾਂਦੀਆਂ ਜਾਂਦੀਆਂ ਹਨ। ਬੇਹਾ ਅੰਨ ਇਸ ਲਈ ਖਾਧਾ ਜਾਂਦਾ ਹੈ ਕਿ ਮਾਤਾ ਦੇਵੀ ਠੰਢ ਵਰਤਾਈ ਰਖੇ ਤੇ ਆਉਣ ਵਾਲੇ ਗਰਮ ਮਹੀਨਿਆਂ ਵਿਚ ਜਦੋਂ ਕਿ ਸੀਤਲਾ ਦਾ ਰੋਗ ਫੈਲਦਾ ਹੈ, ਤਾਂ ਮਾਈ ਬੱਚਿਆਂ ਦੀ ਰਖਿਆ ਕਰੇ।

(ਬ-12) **ਬਹੱਤਰ** :

ਅੰਕਾਂ ਨਾਲ ਸਬੰਧਿਤ ਇਕ ਰੂੜ੍ਹੀ; ਜੋਗ ਮਤ ਅਨੁਸਾਰ ਮਨੁੱਖ ਦੇ ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ ਹਨ,

ਵਿਚ ਲਿਆਂਦਾ। ਇਸਲਾਮ ਵਿਚ ਸੁੰਨੀਆਂ ਨੂੰ ਬਹੱਤਰ ਫ਼ਿਰਕੇ ਹਨ ਜੋ ਅੱਠ ਸ਼੍ਰੇਣੀਆਂ ਵਿਚ ਵੰ ਹਨ (ਮਹਾਨ ਕੋਸ਼, ਪੰਨਾ 89-90)।

ਸਿੱਖਾਂ ਵਿਚ ਵੀ ਬਹੱਤਰ ਦੀ ਅੰਕ-ਰੂੜ੍ਹੀ ਪਰੰਪ ਮਹਤਵਪੂਰਣ ਚਲੀ ਆ ਰਹੀ ਹੈ। ਸ੍ਰੀ ਹਰਰਾਇ ਜੀ ਦਿੱਲੀ ਔਰੰਗਜ਼ੇਬ ਨੇ ਸੱਦਿਆ ਤਾਂ ਉਨ੍ਹਾਂ ਨੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਨੂੰ ਦਿੱਲੀ ਭੇ ਰਵਾਇਤ ਹੈ ਕਿ ਉਨ੍ਹਾਂ ਨੇ ਔਰੰਗਜ਼ੇਬ ਦੇ ਮਜਬੂ ਉਤੇ ਬਹੱਤਰ ਕਰਾਮਾਤਾਂ ਵਿਖਾਈਆਂ (ਸੰਖਿਆ ਪੰਨਾ 231-237)।

(ਬ-13) **ਬਹਾਦਰੀਆਂ** :

ਇਕ ਗਹਿਣਾ, ਜੋ ਅਮੀਰ ਤੀਵੀਆਂ ਕੰਨਾਂ ਪਾਉਂਦੀਆਂ ਹਨ। ਇਹ ਮੁਰਕੀਆਂ ਦੀ ਸ਼ਕਲ ਦਾ ਹੈ ਤੇ ਇਸ ਨੂੰ ਕੀਮਤੀ ਮੋਤੀ ਲਗੇ ਹੁੰਦੇ ਹਨ। ਇਹ ਫ਼ਾਰਸੀ ਦੇ ਬਹਾ (ਕੀਮਤੀ) ਤੇ ਅਰਬੀ ਦੇ ਦੁਰ (ਮੋਤ ਜੋੜ ਤੋਂ ਬਣਿਆ ਹੈ ਜਿਸ ਦੇ ਅਰਥ ਹਨ ਕੀਮਤੀ ਅਖਾਣ ਹੈ :

ਕੰਨਾਂ ਵਿਚ ਬਹਾਦਰੀਆਂ ਤੇ ਮੋਢੇ ਤੇ ਘੜਾ।

(ਬ-14) **ਬਹਿੰਦਾ ਖੇਡਣਾ** :

ਮਾਘੀ ਦੇ ਉਤਸਵ ਨਾਲ ਸਬੰਧਿਤ ਇਕ ਖੇਡ; ਵਾਲੇ ਦਿਨ ਕਈ ਤੀਵੀਆਂ ਆਪਣੇ ਅੰਗਾਂ-ਸਾਕਾਂ ਤੇ ਪਛਾਣ ਦੇ ਬੰਦਿਆਂ ਕੋਲੋਂ ਰੁਪਏ ਪੈਸੇ ਤੇ ਹੋਰ ਨਿਕ ਖੋਹ ਲੈਂਦੀਆਂ ਹਨ, ਜੋ ਅਗਲੇ ਦਿਨ ਵਾਪਸ ਮੋੜ ਜਾਂਦਾ ਹੈ। ਇਸ ਨੂੰ ਬੜਾ ਸ਼ੁਭ ਸ਼ਗਨ ਮੰਨਿਆ ਜਾਂਦਾ

(ਬ-15) **ਬਹਿਰੂ** :

ਇਕ ਸਥਾਨਿਕ ਦਿਉਤਾ, ਜਿਸ ਦੀ ਹਰਿਆਣੇ ਦੇ ਇਲਾਕਿਆਂ ਗੁੜਗਾਵਾਂ ਆਦਿ ਵਿਚ ਖੂਹ ਦੀ ਖੁ ਕਰਨ ਵੇਲੇ, ਪਹਿਲਾਂ ਪੂਜਾ ਕੀਤੀ ਜਾਂਦੀ ਹੈ। ਸ ਪਹਿਲਾਂ ਖੂਹ ਖੋਦਣ ਵਾਲੀ ਥਾਂ ਉਤੇ ਬਹਿਰੂ ਦੀ ਮੂ ਸਥਾਪਿਤ ਕੀਤੀ ਜਾਂਦੀ ਹੈ ਤੇ ਫਿਰ ਉਸ ਨੂੰ ਪੂਜਿਆ ਹੈ। ਖ਼ਾਸ ਤੌਰ ਤੇ ਮਿਉ ਮੁਸਲਮਾਨਾਂ ਵਿਚ।

ਅਖਵਾਈ। ਇਕ ਹੋਰ ਰਵਾਇਤ ਅਨੁਸਾਰ ਰਾਮ ਚੰਦਰ ਨੂੰ ਬਨਵਾਸ ਵਿਚ, ਬਹਿਲੀ ਉਤੇ ਜਿਹੜਾ ਚਾਲਕ ਛੱਡ ਕੇ ਆਇਆ ਸੀ, ਉਸ ਨੂੰ ਬਹਿਲ ਕਿਹਾ ਜਾਣ ਲੱਗਾ ਤੇ ਉਸਦੀ ਵੰਸ ਵੀ ਬਹਿਲ ਪ੍ਰਸਿਧ ਹੋਈ।

(ਅ) ਖਤ੍ਰੀਆਂ ਦੀ ਇਕ ਗੋਤ, ਇਹ ਖਤ੍ਰੀਆਂ ਦੀਆਂ ਪੰਜ ਜਾਤੀ ਸ੍ਰੇਣੀ ਵਿਚੋਂ ਹਨ। ਰਵਾਇਤ ਹੈ ਕਿ ਇਨ੍ਹਾਂ ਦਾ ਵਡਿਕਾ ਸੂਰਜਬੰਸੀ ਰਾਜਿਆ ਦੀ ਬਹਿਲੀ ਚਲਾਇਆ ਕਰਦੇ ਸਨ, ਜਿਸ ਤੋਂ ਇਨ੍ਹਾਂ ਦੀ ਅਲ ਬਹਿਲ ਪੈ ਗਈ।

## (ਬ-17) ਬਹਿਲੀਮਾ :

ਕਾਂਗੜੇ ਦਾ ਇਕ ਰਾਜਾ, ਜਿਸ ਨੇ ਆਪਣੇ ਗੁਆਢੀ ਰਾਜੇ 'ਤੇ ਬਚਨਾਂ ਦੀ ਪਾਲਨਾ ਨਾ ਕਰਦੇ ਹੋਏ ਧਾਵਾ ਬੋਲਿਆ ਤੇ ਫ਼ਤਹ ਪ੍ਰਾਪਤ ਕੀਤੀ। ਇਸ ਯੋਧੇ ਦੀ ਉਸਤਤੀ ਵਿਚ ਢਾਡੀਆਂ ਨੇ ਵਾਰਾਂ ਲਿਖੀਆਂ। ਲੱਲੇ ਬਹਿਲੀਮੇ ਦੀ ਵਾਰ, ਗੁਰੂ ਕਾਲ ਵਿਚ ਇਤਨੀ ਪ੍ਰਸਿਧ ਸੀ ਕਿ ਇਸੇ ਵਾਰ ਦੀ ਧੁਨੀ ਉਤੇ ਵਡਹੰਸ ਕੀ ਵਾਰ ਮਹਲਾ ੫ ਦਾ ਗਾਇਨ ਕਰਨ ਦਾ ਸੰਕੇਤ ਆਦਿ ਗ੍ਰੰਥ ਵਿਚ ਅੰਕਿਤ ਕੀਤਾ ਗਿਆ। ਵਾਰ ਦੀ ਨਮੂਨੇ ਦੀ ਪਉੜੀ :

ਕਾਲ ਲੱਲਾ ਦੇ ਦੇਸ਼ ਦਾ ਖੋਆ ਬਹਿਲੀਮਾ
ਹਿੱਸਾ ਫਟਾ ਮਨਾਇਕੇ ਜਲ ਨਹਿਰੋਂ ਦੀਆ
ਫਿਰਊਨ ਹੋਇ ਲੱਲਾ ਨੇ ਰਣ ਮੰਡ੍ਰਿਆ ਧੀਮਾ
ਭੇੜ ਦੋਹਾਂ ਵਿਚ ਮੱਚਿਆ ਸਟ ਪਈ ਅਜ਼ੀਮਾ
ਸਿਰ ਧੜ ਡਿੱਗੇ ਖੇਤ ਵਿਚ ਜਿਉਂ ਵਾਹਣ ਦੀਮਾ
ਦੇਖ ਮਾਰੇ ਲਲਾ ਬਹਿਲੀਮ ਨੇ ਰਣ ਮੈ ਬਰਸੀਮਾਂ।

## (ਬ-18) ਬਹੀ ਜਵਾਰੀ :

ਵਿਆਹ ਨਾਲ ਸਬੰਧਿਤ ਇਕ ਰੀਤ; ਸਿਆਲਕੋਟ ਦੇ ਇਲਾਕੇ ਵਿਚ ਨਿਕਾਹ ਦੇ ਮਗਰੋਂ ਮੁਸਲਮਾਨਾਂ ਵਿਚ ਬਰਾਤ ਨਾਲ ਆਏ ਹਰੇਕ ਜਾਂਞੀ ਲਈ, ਸਵੇਰੇ ਇਕ ਲੱਡੂ ਭੇਜਿਆ ਜਾਂਦਾ ਹੈ। ਇਸ ਨਾਸ਼ਤੇ ਨੂੰ 'ਬਹੀ ਜਵਾਰੀ' ਕਹਿੰਦੇ ਹਨ। ਲੱਡੂ ਦੇਣ ਆਏ ਨਾਈ ਨੂੰ ਲਾਗ ਦਿਤੀ ਜਾਂਦੀ ਹੈ।

## (ਬ-19) ਬਹੁ-ਕੰਤੀ ਪ੍ਰਥਾ :

ਇਕ ਤੀਵੀਂ ਦੇ ਇਕ ਤੋਂ ਵਧ ਪਤੀ ਹੋਣ ਦੀ ਪ੍ਰਥਾ;

ਰਹਿੰਦੇ ਹਨ। ਜਦੋਂ ਵਡਾ ਭਰਾ ਕਿਸੇ ਦੂਰ ਦੇਸ ਜ
ਚਲਾ ਜਾਵੇ ਤਾਂ ਮਗਰੋਂ ਉਹ ਛੋਟੇ ਭਰਾ ਦੀ ਪਤਨੀ
ਰਹਿੰਦੀ ਹੈ ਤੇ ਉਸ ਦੇ ਪਰਤ ਆਉਣ ਤੇ ਫੇਰ
ਪਤਨੀ ਹੋ ਜਾਂਦੀ ਹੈ। ਪਰ ਇਹ ਸੰਜੋਗ ਸਮਾਜਿਕ
ਪ੍ਰਵਾਨਿਤ ਨਹੀਂ। ਕਿਰਸਾਨੀ ਖੇਤਰ ਵਿਚ ਭੋਇੰ
ਤੋਂ ਬਚਣ ਲਈ ਕਈ ਵਾਰ ਅਜਿਹੀ ਪ੍ਰਥਾ, ਅਪਣ
ਜਾਂਦੀ ਹੈ ਕਿ ਇਸ ਤਰ੍ਹਾਂ ਭੋਇੰ ਵਧੇਰੇ ਜੀਆਂ ਵਿ
ਵੰਡੀ ਜਾਂਦੀ (ਫਿਰੋਜ਼ਪੁਰ ਗਜ਼ਟੀਅਰ, ਪੰਨਾ 68)।

ਬਹੁ-ਕੰਤੀ ਪ੍ਰਥਾ, ਪ੍ਰਾਚੀਨ ਕਾਲ ਵਿਚ, ਕਈ
ਵਿਚ ਪ੍ਰਚਲਤ ਸੀ। ਮਹਾਂਭਾਰਤ ਅਨੁਸਾਰ ਦਰੋਪਦ
ਪਾਂਡਵਾਂ ਦੀ ਪਤਨੀ ਸੀ।

ਕਿਸੇ ਸਮੇਂ ਪੰਜਾਬ ਵਿਚ ਬਹੁ-ਕੰਤੀ ਪ੍ਰਥਾ ਪ੍ਰਚਲ
ਜਿਸ ਦੇ ਕੁਝ ਅੰਸ਼ ਅਜੇ ਵੀ ਸਮਾਜਿਕ ਖੇਤਰ ਵਿਚ
ਹਨ। ਹਿਮਾਚਲ ਪ੍ਰਦੇਸ਼ ਵਿਚ ਕਈ ਥਾਈਂ ਬ
ਪ੍ਰਥਾ ਅਜ ਵੀ ਪ੍ਰਚਲਤ ਹੈ।

## (ਬ-20) ਬਹੁੱਟਾ :

(ੳ) ਇਕ ਗਹਿਣਾ ਜੋ ਡੌਲਿਆਂ ਉਤੇ ਪ
ਜਾਂਦਾ ਹੈ।

(ਅ) ਇਕ ਖ਼ਾਸ ਤਾਅਵੀਜ਼ ਜੋ ਕਈ ਮੁ
ਡੌਲਿਆਂ ਉਤੇ ਬੰਨ੍ਹਦੇ ਹਨ।

## (ਬ-21) ਬਹੁ-ਪਤਨੀ ਪ੍ਰਥਾ :

ਪੰਜਾਬ ਵਿਚ ਇਕ ਤੋਂ ਵਧੀਕ ਪਤਨੀ ਰ
ਰਿਵਾਜ ਘਟ ਹੀ ਪ੍ਰਚਲਤ ਰਿਹਾ। ਜਦੋਂ ਆਰੀਅ
ਪਹਿਲਾਂ ਪਹਿਲ ਪੰਜਾਬ ਦੇ ਮੈਦਾਨਾਂ ਵਿਚ ਆ ਕੇ
ਉਹ ਬਹੁਤੀਆਂ ਤੀਵੀਆਂ ਨਾਲ ਨਹੀਂ ਸਨ ਲਿ
ਉਨ੍ਹਾਂ ਵਿਚ ਇਕ ਪਤਨੀ ਪ੍ਰਥਾ ਹੀ ਪ੍ਰਚਲਤ ਸੀ। ਹੋ
ਜਦੋਂ ਉਨ੍ਹਾਂ ਇਥੋਂ ਦੇ ਲੋਕਾਂ ਨੂੰ ਆਪਣੇ ਅਧੀ
ਲਿਆ ਤਾਂ ਉਨ੍ਹਾਂ ਵਿਚ ਇਕ ਤੋਂ ਵਧੀਕ ਪਤਨੀਆਂ
ਦਾ ਰਿਵਾਜ ਪਿਆ। ਰਿਗ ਵੇਦ ਵਿਚ ਬਹੁ-ਪ
ਦੀ ਪ੍ਰਥਾ ਵਲ ਸੰਕੇਤ ਮਿਲਦਾ ਹੈ, ਖ਼ਾਸ ਤੌਰ ਤੇ
ਵਿਚ। ਵੈਦਿਕ ਕਾਲ ਤੇ ਮਗਰੋਂ ਵੀ ਹਿੰਦੂਆ
ਪਤਨੀਆਂ ਦੀ ਗਿਣਤੀ ਉਤੇ ਕੋਈ ਬੰਦਸ਼ ਨਹੀਂ ਸ

ਸਵੀਕ੍ਰਿਤੀ ਪ੍ਰਾਪਤ ਹੈ। ਮੁਸਲਮਾਨਾਂ ਵਿਚ ਇਕੋ ਸਮੇਂ ਚਾਰ ਪਤਨੀਆਂ ਰਖਣ ਦੀ ਆਗਿਆ ਹੈ। ਪਰ ਕੁਝ ਕੁ ਅਮੀਰ ਨਵਾਬਾਂ ਤੇ ਜਗੀਰਦਾਰਾਂ ਨੂੰ ਛੱਡ ਕੇ ਆਮ ਮੁਸਲਮਾਨ ਇਕੋ ਪਤਨੀ ਰਖਦਾ ਰਿਹਾ ਹੈ। ਇਕ ਤੋਂ ਵਧੀਕ ਪਤਨੀ ਰਖਣ ਲਈ ਚੰਗੀ ਆਰਥਿਕ ਪੱਧਰ ਦੀ ਲੋੜ ਹੈ। ਮੁਸਲਮਾਨ ਬਾਦਸ਼ਾਹਾਂ ਵਿਚ ਬਹੁ-ਪਤਨੀ ਪ੍ਰਥਾ ਪ੍ਰਚਲਤ ਸੀ। ਮੁਸਲਮਾਨ ਬਾਦਸ਼ਾਹ ਦੇ ਹਰਮਾਂ ਵਿਚ ਸੈਂਕੜੇ ਜ਼ਨਾਨੀਆਂ ਹੋਇਆ ਕਰਦੀਆਂ ਸਨ। ਹਿੰਦੂ ਰਾਜੇ ਮਹਾਰਾਜਿਆਂ ਵਿਚ ਵੀ ਕਈ ਵਿਆਹ ਕਰਾਉਣ ਦਾ ਰਿਵਾਜ ਰਿਹਾ। ਪੰਜਾਬ ਦੇ ਸਿੱਖ ਮਹਾਰਾਜੇ ਰਣਜੀਤ ਸਿੰਘ ਨੇ ਕਈ ਸ਼ਾਦੀਆਂ ਕੀਤੀਆਂ ਸਨ। ਦੇਸ਼ ਵੰਡ ਤੋਂ ਪਹਿਲਾ ਦੇ ਦੇਸੀ ਰਾਜਿਆਂ ਵਿਚ ਵੀ ਕਈ ਵਿਆਹ ਕਰਨ ਦਾ ਰਿਵਾਜ ਸੀ। ਪਟਿਆਲੇ ਦੇ ਮਹਾਰਾਜੇ ਭੁਪਿੰਦਰ ਸਿੰਘ ਨੇ ਅਨੇਕਾਂ ਵਿਆਹ ਕੀਤੇ ਸਨ।

ਪੰਜਾਬ ਦੀਆਂ ਕੁਝ ਜਾਤਾਂ ਖ਼ਾਸ ਤੌਰ ਤੇ ਹਰਿਆਣੇ ਦੇ ਜੱਟਾਂ ਵਿਚ ਰਿਵਾਜ ਹੈ ਕਿ ਭਰਾ ਦੀ ਮੌਤ ਤੋਂ ਮਗਰੋਂ, ਉਸ ਦੀ ਪਤਨੀ ਵਡੇ ਭਰਾ ਨਾਲ ਵੱਸਣ ਲੱਗ ਪੈਂਦੀ ਹੈ। ਇਸ ਪ੍ਰਥਾ ਕਰਕੇ ਵੀ ਕਈਆਂ ਦੀਆਂ ਇਕ ਤੋਂ ਵਧੀਕ ਪਤਨੀਆਂ ਹਨ।

ਲੋਕ-ਕਹਾਣੀਆਂ ਅਨੁਸਾਰ ਪਹਿਲਿਆਂ ਵਿਚ ਰਾਜੇ ਸੱਤ ਰਾਣੀਆਂ ਨਾਲ ਵਿਆਹ ਕਰਦੇ ਸਨ। ਸਪਤਾਹ ਦੇ ਹਰ ਵਾਰ ਲਈ ਵਖਰੀ ਰਾਣੀ ਹੁੰਦੀ। ਮੇਵਾੜ ਦੇ ਰਾਜਿਆਂ ਵਿਚ ਇਹ ਪ੍ਰਥਾ ਹੁਣ ਤਕ ਰਹੀ ਹੈ।

ਪੰਜਾਬ ਵਿਚ ਸੌਂਕਣਾਂ ਬਾਰੇ ਕਈ ਕਥਾਵਾਂ ਮਿਲਦੀਆਂ ਹਨ। ਇਕ ਆਦਮੀ ਨੇ ਦੋ ਵਿਆਹ ਕੀਤੇ, ਪਹਿਲੀ ਪਤਨੀ ਉਸ ਦੇ ਹਾਣ ਦੀ ਸੀ ਤੇ ਦੂਜੀ ਬਹੁਤ ਛੋਟੀ। ਜਦੋਂ ਆਦਮੀ ਦੇ ਵਾਲ ਚਿੱਟੇ ਹੋਣ ਲਗੇ ਤਾਂ ਉਸ ਦੀ ਛੋਟੀ ਪਤਨੀ ਹਰ ਰੋਜ਼ ਚਿੱਟੇ ਵਾਲ ਕਢ ਦਿਆ ਕਰਦੀ ਸੀ ਤਾਂ ਜੋ ਪਤੀ ਉਸ ਦੇ ਹਾਣ ਦਾ ਲਗੇ। ਵਡੀ ਪਤਨੀ ਉਸ ਦੇ ਕਾਲੇ ਵਾਲ ਖਿੱਚ ਕੇ ਕਢ ਦਿਆ ਕਰਦੀ ਸੀ ਤਾਂ ਜੋ ਪਤੀ ਉਸ ਦੇ ਹਾਣ ਦਾ ਲੱਗੇ। ਇਸ ਤਰ੍ਹਾਂ ਕਰਦਿਆਂ ਇਕ ਦਿਨ ਪਤੀ ਦੇ ਸਿਰ ਤੇ ਇਕ ਵਾਲ ਵੀ ਨਾ ਰਿਹਾ।

## (ਬ-22) ਬਹੁ-ਰੂਪਣੀ :

ਲਈ ਸੀ ਕਿ ਉਹ ਚੰਦਰਮਾ ਵਾਂਗ ਸੋਲਾਂ ਨਵੇਂ ਰੂਪ ਕਰਨ ਦੇ ਸਮਰੱਥ ਸੀ। ਸੋ ਅਪੱਛਰਾਂ ਤੋਂ ਬਚਣ ਉਸ ਨੇ ਨਿਤ ਰੂਪ ਬਦਲਣਾ ਸ਼ੁਰੂ ਕੀਤਾ, ਪਰ ਰੂਪ ਬ ਵਿਚ ਬਹੁ-ਰੂਪਣੀ ਉਸ ਤੋਂ ਵਧੇਰੇ ਸ਼ਕਤੀਵਾਨ ਅਪੱਛਰਾਂ ਹਰ ਰੋਜ਼ ਨਵਾਂ ਤੇ ਪਹਿਲਾਂ ਨਾਲੋਂ ਵਧੇਰੇ ਰੂਪ ਧਾਰਨ ਕਰਕੇ ਚੰਦਰ ਦੇ ਦੁਆਲੇ ਫੇਰੀਆਂ ਲੈਣ, ਤੇ ਅਖ਼ੀਰ ਚੰਦਰ ਦਾ ਆਪਣੇ ਮਨ 'ਤੇ ਕਾਬੂ ਨ ਅਤੇ ਉਸ ਨੇ ਇਸ ਸ਼ਰਤ ਉਤੇ ਬਹੁ-ਰੂਪਣੀ ਨੂੰ ਕੋਲ ਆਉਣ ਦਿਤਾ ਕਿ ਉਹ ਨਿਤ ਨਵਾਂ ਰੂਪ ਉਸ ਨਾਲ ਆਲਿੰਗਨ ਕਰੇਗੀ। ਚੰਦਰ ਨੇ ਬਹੁ-ਰੂਪ ਸੰਸਾਰ ਭਰ ਦੀਆਂ ਸੁੰਦਰ ਤੀਵੀਆਂ ਦੇ ਰੂਪ ਵਿਚ ਭੋ ਤੇ ਬਹੁ-ਰੂਪਣੀ ਨੇ ਚੰਦਰ ਨੂੰ ਸੋਲਾਂ ਰੂਪਾਂ ਵਿਚ। ਰਿਸ਼ੀ ਦਾ ਦਿਲ ਬਹੁ-ਰੂਪਣੀ ਤੋਂ ਭਰ ਗਿਆ ਤੇ ਸਰਾਪ ਦਿਤਾ ਕਿ ਉਹ ਅਗਲੇ ਜਨਮ ਵੇਸਵਾ ਬ ਉਸ ਦੀ ਔਲਾਦ ਬਹੁ-ਰੂਪੀਏ।

## (ਬ-23) ਬਹੁ-ਰੂਪੀਆ :

ਕਲਾਕਾਰ ਜੋ ਕਈ ਸਵਾਂਗ ਧਾਰ ਕੇ ਲੋਕ ਮਨੋਰੰਜਨ ਕਰਦੇ ਹਨ। ਇਕ ਜਾਤੀ ਜਿਸ ਦਾ ਪੇਸ਼ ਸਵਾਂਗ ਧਾਰ ਕੇ ਲੋਕਾਂ ਤੋਂ ਬਖ਼ਸ਼ੀਸ਼ ਲੈਣੀ ਹੈ। ਬਹੁ-ਰੂ ਦੇ ਸ਼ਾਬਦਿਕ ਅਰਥ ਹਨ—ਕਈ ਰੂਪ ਧਾਰਨ ਕਰਨ ਸ਼ਖ਼ਸ। ਇਹ ਇਸ ਦੀ ਕਲਾਤਮਿਕ ਬੋਧ ਦਾ ਪ੍ਰ ਨਾ ਕਿ ਕਿਸੇ ਜ਼ਾਤ ਦਾ। ਬਹੁ-ਰੂਪੀਏ ਕਿਸੇ ਇਕ ਜਾਂ ਧਰਮ ਨਾਲ ਸਬੰਧਿਤ ਨਹੀਂ। ਇਹ ਕਈ ਜ ਹਿੰਦੂ-ਮੁਸਲਮਾਨ ਸਭ ਧਰਮਾਂ ਵਿਚ ਮਿਲਦੇ ਹਨ। ਧਾਰਨਾ ਅਨੁਸਾਰ ਬਹੁ-ਰੂਪੀਏ ਇਕ ਮੁਲਾਂ ਦੇ ਗੰਢਾ ਕਬੀਲੇ ਦੀ, ਇਕ ਵਿਧਵਾ ਦੇ ਦੰਪਤੀ ਸੰਜੋਗ ਤੋਂ ਹੋਏ। ਇਕ ਹੋਰ ਰਵਾਇਤ ਅਨੁਸਾਰ ਬਹੁ- ਇਕ ਅਪੱਛਰਾਂ ਬਹੁ-ਰੂਪਣੀ ਦੀ ਔਲਾਦ ਹਨ ਜੋ ਰਿਸ਼ੀ ਦੇ ਮਨ-ਪਰਚਾਵੇ ਲਈ ਨਿਤ ਨਵਾਂ ਕਾਇਆ ਧਾਰਨ ਕਰਦੀ ਸੀ।

ਗਲਾਸਰੀ ਅਨੁਸਾਰ (ਜਿਲਦ 2/34) ਸਿਆਲਕੋ ਗੁਜਰਾਤ ਵਿਚ ਮਹਾਤਮ ਜਾਤੀ ਦੇ ਲੋਕ ਬਹੁਰੂਪੀਏ ਸਨ। ਗੁਜਰਾਤ ਦੇ ਬਹੁਰੂਪੀਏ ਤਾਂ ਆਪਣਾ ਪਿਛਾ

ਆਸ ਪਾਸ ਦੇ ਇਲਾਕੇ ਵਿਚ ਟੋਲੇ ਬਣਾ ਕੇ ਜਾਂਦੇ ਤੇ ਲੋਕਾਂ ਦਾ ਮਨ ਪਰਚਾਂਦੇ ਸਨ ।

ਬਹੁ-ਰੂਪੀਆ ਬੜਾ ਸੁਚੱਜਾ ਤੇ ਸੁਘੜ ਲੋਕ-ਕਲਾਕਾਰ ਹੈ ਅਤੇ ਇਹ ਜੋ ਰੂਪ ਧਾਰਨ ਕਰਦਾ ਹੈ, ਉਸ ਨੂੰ ਵੇਸ਼, ਰੂਪ ਤੇ ਭਾਸ਼ਾ ਦੇ ਪੱਖੋਂ ਇਤਨੀ ਕਲਾ-ਕੌਸ਼ਲਤਾ ਨਾਲ ਨਿਭਾਹੁੰਦਾ ਹੈ ਕਿ ਕਈ ਵਾਰ ਅਸਲ ਤੋਂ ਨਕਲ ਦੀ ਪਛਾਣ ਨਹੀਂ ਰਹਿੰਦੀ । ਪੁਰਾਣੇ ਵੇਲਿਆਂ ਵਿਚ ਬਹੁ-ਰੂਪੀਏ ਭੰਡਾਂ ਵਾਂਗ ਹੀ ਜਾਗੀਰਦਾਰਾਂ, ਨਵਾਬਾਂ ਤੇ ਦਰਬਾਰੀਆਂ ਦਾ ਦਿਲ ਪਰਚਾਂਦੇ ਤੇ ਉਨ੍ਹਾਂ ਤੋਂ ਇਨਾਮ ਪ੍ਰਾਪਤ ਕੀਤਾ ਕਰਦੇ ਸਨ ।

ਬਹੁ-ਰੂਪੀਆਂ ਦਾ ਤਰੀਕਾ ਇਹ ਰਿਹਾ ਹੈ ਕਿ ਇਹ ਕੋਈ ਖ਼ਾਸ ਸਵਾਂਗ ਭਰ ਕੇ, ਆਪਣੇ ਜਾਣਕਾਰ ਹਲਕੇ ਵਿਚ ਚਲੇ ਜਾਂਦੇ ਜਿਵੇਂ ਕਿ ਥਾਣੇਦਾਰ, ਸਾਹੂਕਾਰ ਜਾਂ ਸੌਦਾਗਰ ਦਾ ਰੂਪ ਧਾਰ ਕੇ ਤੇ ਫਿਰ ਜਦੋਂ ਅਗਲਾ ਪਛਾਣ ਨਹੀਂ ਸਕਦਾ ਤਾਂ ਇਹ ਆਪਣੀ ਅਸਲੀਅਤ ਦਸ ਕੇ ਇਨਾਮ ਲੈਂਦੇ ਹਨ ।

ਬਹੁ-ਰੂਪੀਏ ਤੇ ਭੰਡਾਂ ਵਿਚ ਕਾਫ਼ੀ ਅੰਤਰ ਹੈ । ਭੰਡ ਸਵਾਂਗ ਨਹੀਂ ਭਰਦੇ ਤੇ ਮਖੌਲਾਂ, ਚੁਟਕਲਿਆਂ ਤੇ ਗੱਲਾਂ ਨਾਲ ਹਸਾਉਂਦੇ ਹਨ ਪਰ ਬਹੁ-ਰੂਪੀਏ ਸਵਾਂਗ ਭਰਦੇ ਹਨ ਤੇ ਨਕਲ ਨੂੰ ਅਸਲ ਬਣਾ ਕੇ ਬਖ਼ਸ਼ੀਸ਼ ਲੈਂਦੇ ਹਨ (ਵੇਖੋ : ਸਵਾਂਗ, ਨਕਲਾਂ) ।

(ਬ-24) **ਬਹੁਲ :**

ਪੀਰ ਨੂੰ ਭੇਟ ਕੀਤਾ ਅੰਨ; ਮੁਜ਼ੱਫ਼ਰਗੜ੍ਹ ਦੇ ਇਲਾਕੇ ਵਿਚ ਹਰ ਸ਼ਖ਼ਸ ਨੇ ਕੋਈ ਨਾ ਕੋਈ ਪੀਰ ਧਾਰਨ ਕੀਤਾ ਹੁੰਦਾ ਹੈ । ਕਿਸਾਨ ਤੇ ਜ਼ਿਮੀਂਦਾਰ ਫ਼ਸਲਾਂ ਦੀ ਪੈਦਾਵਾਰ ਤੋਂ ਕੁਝ ਹਿੱਸਾ ਆਪਣੇ ਪੀਰ ਨੂੰ ਭੇਟ ਕਰਨ ਲਈ, ਵੱਖਰਾ ਰਖ ਛੱਡਦੇ ਹਨ, ਜਿਸ ਨੂੰ ਬਹੁਲ ਕਿਹਾ ਜਾਂਦਾ ਹੈ । ਪੀਰ ਜਾਂ ਤਾਂ ਖ਼ੁਦ ਜਾ ਕੇ ਇਹ ਅੰਨ ਇਕੱਤ੍ਰ ਕਰ ਲੈਂਦਾ ਹੈ ਜਾਂ ਆਪਣੇ ਮੁਰੀਦ ਭੇਜ ਕੇ ਮੰਗਵਾ ਲੈਂਦਾ ਹੈ । ਇਕ ਸਮਾਂ ਅਜਿਹਾ ਸੀ ਜਦੋਂ ਪੀਰ 'ਬਹੁਲ' ਨੂੰ ਬੜੀ ਬੇਦਰਦੀ ਨਾਲ ਉਗਰਾਹੁੰਦੇ ਸਨ ਅਤੇ ਦਿਲ-ਮਠ ਕਰਨ ਵਾਲੇ ਨੂੰ ਬਦ-ਦੁਆਵਾਂ ਦੇਂਦੇ ਸਨ ।

(ਬ-25) **ਬਹੁਲਾ :**

ਇਕ ਦੰਦ-ਕਹਾਣੀ ਗਊ, ਜਿਸ ਨੇ ਆਪਣੀ ਜਾਨ

(ਨੰਬਰ 794) ਮਿਲਦੀ ਹੈ ਜੋ ਦੇਵੀ ਦਾਸ ਨੇ 1853
ਵਿਚ ਲਿਖੀ. ਇਸ ਹੱਥ-ਲਿਖਤ ਵਿਚ ਬਹੁਲਾ ਦੀ
ਨੂੰ ਬੜੇ ਵਿਸਥਾਰ ਨਾਲ ਦਿਤਾ ਗਿਆ ਹੈ । ਮੱਧ-ਕਾਲ
ਇਹ ਕਥਾ ਸਦਾਚਾਰਕ ਸਿਖਿਆ ਦਾ ਮਾਧਿਅਮ
ਰਹੀ ।

(ਬ-26) **ਬਹੁਲਾ ਚੌਦਸ :**

ਭਾਦਰੋਂ ਦੇ ਹਨੇਰੇ ਪੱਖ ਦੀ ਚੌਦਸ ਨੂੰ 'ਬਹੁਲਾ
ਕਹਿੰਦੇ ਹਨ । ਬਹੁਲਾ ਦੀ ਕਥਾ ਪੁਰਾਣਾਂ ਵਿਚ
ਹੈ ਜੋ ਇਸ ਪ੍ਰਕਾਰ ਹੈ : ਬਿੰਦਰਾਬਨ ਦੇ ਨੇੜੇ ਜੰਗਲ
ਇਕ ਗਊ, ਬਹੁਲਾ, ਘਾਹ ਚਰ ਰਹੀ ਸੀ ਕਿ ਇਕ
ਨੇ ਇਸ ਉਤੇ ਹੱਲਾ ਬੋਲ ਦਿਤਾ । ਗਊ ਆਪਣੇ ਛੋਟੇ
ਨੂੰ ਘਰ ਛੱਡ ਕੇ ਆਈ ਸੀ । ਗਊ ਨੇ ਸ਼ੇਰ ਅਗੇ
ਕੀਤੀ ਕਿ ਉਸਨੂੰ ਇਕ ਘੜੀ ਭਰ ਦੀ ਮੁਹਲਤ ਦਿਤੀ
ਉਸ ਦਾ ਵੱਛਾ, ਘਰ ਭੁੱਖਾ ਭਾਣਾ, ਉਸ ਨੂੰ ਉਡੀਕ
ਹੋਵੇਗਾ । ਗਊ ਉਸ ਨੂੰ ਦੁੱਧ ਚੁੰਘਾ ਕੇ ਸ਼ੇਰ ਕੋਲ
ਪਰਤ ਆਵੇਗੀ । ਸ਼ੇਰ ਪਸੀਜ ਗਿਆ । ਗਊ ਨੇ
ਜਾ ਕੇ ਵੱਛੇ ਨੂੰ ਦੁੱਧ ਚੁੰਘਾਇਆ ਤੇ ਫਿਰ ਉਸ ਨੂੰ
ਮਲਾਰ ਕਰਕੇ ਜੰਗਲ ਵਲ ਨੂੰ ਬਚਨ ਪਾਲਣ ਲਈ ਤੁਰ
ਵੱਛੇ ਨੇ ਗਊ ਮਾਂ ਦੀਆਂ ਅੱਖਾਂ ਵਿਚ ਅਥਰੂ ਭਰੇ
ਉਹ ਵੀ ਉਸ ਦੇ ਪਿਛੇ ਪਿਛੇ ਤੁਰ ਪਿਆ । ਗਊ ਤੇ
ਦੋਵੇਂ ਸ਼ੇਰ ਕੋਲ ਪਹੁੰਚੇ । ਬਚਨਾਂ ਦੀ ਪਾਲਨ ਕਰਨ
ਸ਼ੇਰ ਗਊ ਤੇ ਇਤਨਾ ਪ੍ਰਸੰਨ ਹੋਇਆ ਕਿ ਉਸ ਨੇ
ਨੂੰ ਮੁਕਤ ਕਰ ਦਿਤਾ । ਇਹ ਘਟਨਾ ਪਰੰਪਰਾ ਅ
ਭਾਦਰੋਂ ਦੇ ਹਨੇਰੇ ਪੱਖ ਦੀ ਚੌਦਸ ਨੂੰ ਵਾਪਰੀ, ਜਿ
ਇਸ ਦਾ ਨਾਂ 'ਬਹੁਲਾ ਚੌਦਸ' ਪੈ ਗਿਆ ।

ਇਸ ਤਿੱਥ ਨੂੰ ਤੀਵੀਆਂ ਆਪਣੀ ਸੰਤਾਨ ਦੀ
ਲਈ ਵਰਤ ਰਖਦੀਆਂ ਹਨ ਅਤੇ ਸੰਧਿਆ ਵੇਲੇ ਗਊ
ਪੂਜਾ ਕਰਦੀਆਂ ਹਨ । ਕਈ ਸਨਾਤਨੀ ਤੀਵੀਆਂ ਘ
ਦੀਵਾਰ ਉਤੇ ਬਹੁਲਾ ਗਊ ਦਾ ਚਿਤ੍ਰ ਉਲੀਕ ਕੇ ਉ
ਪੂਜਾ ਕਰਦੀਆਂ ਹਨ ।

(ਬ-27) **ਬਹੋਰਾ :**

ਗੁੜਗਾਵਾਂ ਦੇ ਮਿਉ ਜਾਤੀ ਵਿਚ ਪ੍ਰਚਲਤ ਇਕ
ਜਦੋਂ ਦੁਲ੍ਹਨ ਗੱਡੇ ਉਤੇ (ਬਹਿਲੀ ਵਿਚ) ਵਿਦਾ

**(ਬ-28) ਬਕਰਾ :**

ਹਿੰਦੂ ਸ਼ਾਸਤਰਾਂ ਅਨੁਸਾਰ ਬਕਰਾ ਪਵਿਤ੍ਰ ਪਸ਼ੂ ਹੈ ਅਤੇ ਯੱਗ ਵਿਚ ਇਸ ਦੀ ਬਲੀ ਦੇਣ ਦੀ ਪ੍ਰਥਾ ਰਹੀ ਹੈ। ਪੰਜਾਬ ਵਿਚ ਕਈ ਖੱਤ੍ਰੀਆਂ ਵਿਚ ਮੰਗਲ ਸੰਸਕਾਰਾਂ ਵੇਲੇ ਬਕਰੇ ਦੇ ਕੰਨ ਕਟ ਕੇ ਲਹੂ ਦਾ ਤਿਲਕ ਲਗਾਉਣ ਅਥਵਾ ਛੱਟਾ ਦੇਣ ਦੀ ਰੀਤ ਪ੍ਰਚਲਤ ਹੈ, ਜੋ ਪ੍ਰਾਚੀਨ ਕਾਲ ਤੋਂ ਯੱਗ ਵਿਚ ਬਕਰੇ ਦੀ ਦਿਤੀ ਜਾਂਦੀ ਬਲੀ ਦਾ ਹੀ ਪ੍ਰਤੀਕ ਹੈ। ਗਿਲ ਗੋਤ ਦੇ ਜੱਟ ਵਿਆਹ ਦੀ ਰਸਮ ਸਮੇਂ, ਮਿਰਾਸੀਆਂ ਨੂੰ ਬਕਰਾ ਤੇ ਕੁਝ ਰੁਪਏ ਭੇਟ ਕਰਦੇ ਹਨ। ਮਿਰਾਸੀ ਬਕਰੇ ਦਾ ਕੰਨ ਕਟ ਕੇ ਲਹੂ ਦਾ ਤਿਲਕ ਵਰ ਤੇ ਹੋਰ ਸਾਕ ਸਬੰਧੀਆਂ ਦੇ ਮੱਥੇ ਉਤੇ ਲਗਾਂਦਾ ਹੈ। ਲਹਿੰਦੇ (ਮੁਲਤਾਨ ਤੇ ਉਸ ਦੇ ਨਾਲ ਲਗਦੇ ਇਲਾਕੇ) ਦੇ ਹਿੰਦੂਆਂ ਵਿਚ ਮੁੰਡਣ ਸੰਸਕਾਰ ਸਮੇਂ ਬਕਰੇ ਦੇ ਕੰਨ ਕਟ ਕੇ, ਲਹੂ ਦਾ ਤਿਲਕ ਲਗਾਉਣ ਦਾ ਆਮ ਰਵਾਜ ਸੀ।

ਬਕਰਾ ਅਮਨ ਦਾ ਪ੍ਰਤੀਕ ਵੀ ਹੈ। ਰਾਵਲਪਿੰਡੀ ਦੇ ਜ਼ਿਲੇ ਵਿਚ, ਜੇ ਦੋ ਕਬੀਲਿਆਂ ਅਥਵਾ ਧਿਰਾਂ ਵਿਚ ਜੇ ਦੁਸ਼ਮਣੀ ਹੋ ਜਾਵੇ ਜਾਂ ਕੋਈ ਝਗੜਾ ਉਠ ਖੜਾ ਹੋਵੇ ਤਾਂ ਅਮਨ ਚਾਹੁਣ ਵਾਲੀ ਧਿਰ ਦੂਜੀ ਧਿਰ ਦੇ ਘਰ ਜਾ ਕੇ ਬਕਰਾ ਭੇਟ ਕਰ ਆਉਂਦੀ। ਜੇ ਦੂਜੀ ਧਿਰ ਬਕਰੇ ਦੀ ਭੇਟ ਕਬੂਲ ਕਰ ਲਏ ਤਾਂ ਉਸੇ ਪਲ ਦੋਹਾਂ ਧਿਰਾਂ ਵਿਚ ਝਗੜਾ ਅਥਵਾ ਦੁਸ਼ਮਣੀ ਖ਼ਤਮ ਹੋ ਜਾਂਦੀ।

ਦੁਰਗਾ ਨੂੰ ਬਕਰਾ ਬਹੁਤ ਪਸੰਦ ਹੈ। ਜਿਸ ਕਰਕੇ ਇਹ ਸ਼ਿਵ ਦਾ ਪ੍ਰਿਯ ਵੀ ਹੋ ਗਿਆ। ਇਸੇ ਲਈ ਬਕਰੇ ਨੂੰ 'ਸ਼ਿਵਪ੍ਰਿਯ' ਵੀ ਕਹਿੰਦੇ ਹਨ। ਇਸ ਬਾਰੇ ਇਕ ਪੁਰਾਣਿਕ ਕਥਾ ਹੈ : ਇਕ ਵਾਰ ਦੁਰਗਾ ਦੇ ਪਿਤਾ ਤੇ ਸ਼ਿਵ ਵਿਚ ਕਿਸੇ ਵਿਸ਼ੇ ਤੇ ਵਾਦ-ਵਿਵਾਦ ਹੋ ਗਿਆ ਤੇ ਸ਼ਿਵ ਨੇ ਕਰੋਧ ਵਿਚ ਆ ਕੇ ਦੁਰਗਾ ਦੇ ਪਿਤਾ ਦਾ ਸਿਰ ਵੱਢ ਕੇ ਟੁਕੜੇ ਟੁਕੜੇ ਕਰ ਦਿਤਾ। ਦੁਰਗਾ ਦੇ ਰੋਸ ਪ੍ਰਗਟ ਕਰਨ ਤੇ ਸ਼ਿਵ ਨੇ ਬਕਰੇ ਦਾ ਸਿਰ ਧੜ ਨਾਲ ਜੋੜ ਕੇ ਦੁਰਗਾ ਦੇ ਪਿਉ ਨੂੰ ਮੁੜ ਸੁਰਜੀਤ ਕਰ ਦਿਤਾ। ਉਦੋਂ ਤੋਂ ਦੁਰਗਾ ਨੂੰ ਬਕਰੇ ਚੰਗੇ ਲਗਣ ਲਗੇ। ਜਦੋਂ ਦੁਰਗਾ ਦਾ ਪਿਉ ਬਕਰੇ ਵਾਂਗ ਬੋਲਦਾ ਤਾਂ ਸ਼ਿਵ ਜੀ ਬੜਾ ਪ੍ਰਸੰਨ ਹੁੰਦੇ। ਸੋ, ਸ਼ਿਵ ਦੇ ਉਪਾਸਕਾਂ ਵਿਚ, ਸ਼ਿਵ ਨੂੰ ਪ੍ਰਸੰਨ ਕਰਨ ਲਈ ਬਕਰੇ ਬੁਲਾਉਣ ਦੀ ਪ੍ਰਥਾ ਚਲ ਪਈ।

ਦੁੱਧ ਦੇ ਕਟੋਰੇ ਵਿਚ ਸੁਟਿਆ ਜਾਵੇ ਤਾਂ ਇਸ ਜ਼ਹਿਰ ਬਾਹਰ ਸਿੰਮ ਆਉਂਦਾ ਹੈ ਤੇ ਰੋਗੀ ਨਵਾਂ ਹੋ ਜਾਂਦਾ ਹੈ। ਜੇ ਇਸ ਨੂੰ ਦੁੱਧ ਵਿਚ ਨਾ ਪਾਇਆ ਤਾਂ ਇਹ ਮਣਕਾ ਫਟ ਕੇ ਟੁਕੜੇ ਟੁਕੜੇ ਹੋ ਜਾਂਦਾ ਹੈ

ਦੂਜਾ ਵਿਸ਼ਵਾਸ ਇਹ ਹੈ ਕਿ ਜੇ ਕਿਸੇ ਦੀ ਵਧ ਗਈ ਹੋਵੇ ਤਾਂ ਜੇ ਰੋਗੀ ਮਰਦ ਹੋਵੇ ਤਾਂ ਬਕ ਅਤੇ ਜੇ ਤੀਵੀਂ ਹੋਵੇ ਤਾਂ ਬਕਰੇ ਦੀ ਤਿਲੀ ਕਢ ਕੇ ਦੀ ਤਿਲੀ ਉਤੇ ਮੰਗਲਵਾਰ ਜਾਂ ਐਤਵਾਰ ਨੂੰ ਸੱ ਮਲੀ ਜਾਵੇ। ਫਿਰ ਇਸ ਤਿਲੀ ਨੂੰ ਕਿਕਰ ਦੇ ਨਾਲ ਛਲਣੀ ਛਲਣੀ ਕਰ ਕੇ ਬ੍ਰਿਛ ਉਤੇ ਲਟਕਾ ਜਾਵੇ ਤਾਂ ਜਿਵੇਂ ਜਿਵੇਂ ਇਹ ਤਿਲੀ ਸੁਕੇਗੀ, ਰੋ ਵਧੀ ਹੋਈ ਤਿਲੀ ਠੀਕ ਹੁੰਦੀ ਜਾਵੇਗੀ।

ਬਕਰੀ ਦੀ ਬਲੀ : ਪਹਾੜੀ ਖੇਤਰ ਵਿਚ ਉ ਨੀਵੀਆਂ ਸਭ ਜਾਤੀਆਂ ਵਿਚ ਵਿਆਹ ਸ਼ਾਦੀ, ਦੀ ਕਟਾਈ, ਹਲ ਵਾਹੁਣ ਸਮੇਂ ਤੇ ਮੇਲਿਆਂ ਉਤੇ ਦੀ ਬਲੀ ਦਾ ਰਵਾਜ ਹੈ। ਕਾਂਗੜਾ ਗਜ਼ਟੀਅਰ (ਪੰ ਅਨੁਸਾਰ ਕੁਲੂ ਵਿਚ ਤਾਂ ਇਸ ਬਲੀ ਨੂੰ ਧਾਰਮਿਕ ਪ੍ਰਾਪਤ ਹੈ ਤੇ ਸੁਧੀ ਲਈ ਬਕਰੀ ਦੀ ਬਲੀ ਜ਼ਰੂਰੀ ਜਾਂਦੀ ਹੈ, ਪਰ ਕਾਂਗੜੇ ਵਿਚ ਅਜਿਹਾ ਨਹੀਂ।

ਬਕਰੀ ਮੂੰਹਾਂ ਜਾਂ ਸਿੰਘ ਮੂੰਹਾਂ : ਬਕਰੀ ਸੁਭ ਪਖੋਂ ਨਿਮਾਣੀ ਤੇ ਹਲੀਮੀ ਵਾਲੀ ਹੈ ਜਦੋਂ ਕਿ ਅਭਿਮਾਨ ਤੇ ਆਕੜ ਵਾਲਾ। ਇਸ ਲਈ ਨਿਮਾਣ ਮੂੰਹ ਬਣਾ ਕੇ ਗੱਲ ਕਰਨ ਵਾਲੇ ਨੂੰ ਬਕਰੀ ਮੂੰਹਾਂ ਜਾਂਦਾ ਹੈ ਅਤੇ ਆਕੜ ਤੇ ਅਭਿਮਾਨ ਨਾਲ ਗੱਲ ਵਾਲੇ ਨੂੰ ਸਿੰਘ ਮੂੰਹਾਂ। ਪੰਜਾਬੀ ਵਿਚ ਅਖਾਣ ਵੀ ਹੈ

ਬਕਰੀ ਮੂੰਹਾਂ ਹੋ ਕੇ ਲੈਣਾ,  
ਮਗਰੋਂ ਸ਼ੇਰ ਮੂੰਹਾਂ ਹੋ ਬਹਿਣਾ।

ਗੁਰਪ੍ਰਤਾਪ ਸੂਰਜ ਵਿਚ ਵੀ ਇਕ ਤੁਕ ਹੈ :

ਬਕਰੀ ਮੁਖਾ ਹੋਇ ਕਰ ਮਾਂਗਤ ਲੇ ਪੁਨਹ  
ਸਿੰਘ ਮੁਖਾ ਹਵੈ ਜਾਇ

**(ਬ-29) ਬੱਕਲੀਆਂ :**

ਕਣਕ ਜਾਂ ਛੋਲਿਆਂ ਨੂੰ ਉਬਾਲ ਕੇ ਤੇ ਘਿਉ ਮਸਾਲੇ ਵਿਚ ਭੂੰਨ ਕੇ ਬਣਾਇਆ ਪਦਾਰਥ,

**(ਬ-31) ਬਕੀ :**

(ੳ) ਪੰਜਾਬ ਦੇ ਪ੍ਰਸਿੱਧ ਪ੍ਰੀਤ ਨਾਇਕ ਮਿਰਜ਼ੇ ਦੀ ਘੋੜੀ ਦਾ ਨਾਉਂ । ਇਸ ਘੋੜੀ ਉਤੇ ਮਿਰਜ਼ਾ ਸਾਹਿਬਾਂ ਨੂੰ ਉਸ ਦੀ ਮਾਸੀ ਦੇ ਘਰੋਂ ਉਧਾਲ ਕੇ ਲੈ ਗਿਆ ਸੀ। ਪੀਲੂ ਨੇ ਮਿਰਜ਼ੇ ਦੀ ਘੋੜੀ ਦਾ ਨਾਂ 'ਬਕੀ' ਲਿਖਿਆ ਹੈ ਜੋ ਬੜੀ ਨਿਡਰ ਤੇ ਤੇਜ਼ ਚਾਲ ਵਾਲੀ ਘੋੜੀ ਸੀ—

ਬਕੀ ਤੋਂ ਡਰਨ ਫ਼ਰਿਸ਼ਤੇ ਮੈਥੋਂ ਡਰੇ ਖ਼ੁਦਾ ।

ਪਰ ਹਾਫ਼ਜ਼ ਬਰਖੁਰਦਾਰ ਨੇ ਮਿਰਜ਼ੇ ਦੀ ਘੋੜੀ ਦਾ ਨਾਂ ਨੀਲੀ ਲਿਖਿਆ ਹੈ :

ਨੀਲੀ ਦੇਖ ਨਾ ਦੂਬਲੀ, ਨੀਲੀ ਦੀ ਧੁਮ ਲਾਹੌਰ
ਨੀਲੀ ਦੇ ਮਾਰੇ ਪੰਖਣੂ ਧਰਤ ਚੁਗੇਂਦੇ ਮੋਰ ।

ਸਿਵਿਨਰਟਨ ਨੇ 'ਰੋਮਾਂਟਿਕ ਟੇਲਜ਼ ਆਫ਼ ਪੰਜਾਬ' ਵਿਚ ਮਿਰਜ਼ੇ ਦੀ ਘੋੜੀ ਦਾ ਨਾਂ ਬਕੀ ਹੀ ਲਿਖਿਆ ਹੈ ।

(ਅ) ਵਕਾਸੁਰ ਦੀ ਭੈਣ ਪੂਤਨਾ, ਜਿਸ ਨੇ ਕੰਸ ਦੇ ਕਹਿਣ ਉਤੇ ਆਪਣੇ ਥਣਾਂ ਨਾਲ ਜ਼ਹਿਰ ਲਗਾ ਕੇ, ਕ੍ਰਿਸ਼ਨ ਨੂੰ ਦੁੱਧ ਚੁੰਘਾਉਣਾ ਚਾਹਿਆ ਸੀ, ਕੰਸ ਇਸ ਨੂੰ ਲਾਡ ਨਾਲ ਬਕੀ ਕਿਹਾ ਕਰਦਾ ਸੀ, ਕ੍ਰਿਸ਼ਨਾਵਤਾਰ ਵਿਚ ਪੂਤਨਾ ਲਈ ਇਹੋ ਸ਼ਬਦ ਆਇਆ ਹੈ (ਵੇਖੋ : ਪੂਤਨਾ) ।

**(ਬ-32) ਬਖਤਮਲ :**

ਉਦਾਸੀ ਸਾਧੂਆਂ ਦੀ ਇਕ ਸੰਪਰਦਾਇ ਦਾ ਮੋਢੀ, ਇਸ ਦੇ ਅਨੁਯਾਈ ਬਖਤਮਲੀਏ ਅਖਵਾਉਂਦੇ ਸਨ, ਇਹ ਸੰਪਰਦਾ ਸਮੇਂ ਨਾਲ ਖ਼ਤਮ ਹੋ ਗਈ ਹੈ। ਬਖਤਮਲ ਸਿੱਖਾਂ ਦਾ ਇਕ ਮਸੰਦ ਸੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਪਿਸ਼ਾਵਰ ਤੇ ਕਾਬਲ ਦੇ ਸਿੱਖਾਂ ਤੋਂ ਕਾਰ ਉਗਰਾਹੁੰਦਾ ਸੀ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਪ੍ਰਥਾ ਖ਼ਤਮ ਕੀਤੀ ਅਤੇ ਮਸੰਦਾਂ ਨੂੰ ਉਨ੍ਹਾਂ ਦੀਆਂ ਕਰਨੀਆਂ ਅਨੁਸਾਰ ਦੰਡ ਦਿਤੇ ਤਾਂ ਬਖਤਮਲ ਨੇ ਇਸਤ੍ਰੀ ਦਾ ਭੇਖ ਧਾਰ ਕੇ ਮਾਤਾ ਗੁਜਰੀ ਦੀ ਜਾ ਸਰਨ ਲਈ। ਇਸ ਨੇ ਨੱਕ ਵਿਚ ਨੱਥ ਤੇ ਬਾਹਵਾਂ ਵਿਚ ਵੰਗਾਂ ਪਹਿਨੀਆਂ ਹੋਈਆਂ ਸਨ ਤਾਂ ਜੋ ਕਿਸੇ ਨੂੰ ਰਤੀ ਵੀ ਸੰਦੇਹ ਨਾ ਹੋਵੇ। ਮਾਤਾ ਗੁਜਰੀ ਦੇ ਕਹਿਣ ਤੇ ਗੁਰੂ ਜੀ ਨੇ ਇਸ ਨੂੰ ਮਾਫ਼ ਕਰ ਦਿਤਾ ।

ਪਿਛੋਂ ਇਸ ਨੇ ਆਪਣੀ ਵਖਰੀ ਸੰਪਰਦਾਇ ਤੇ ਗੱਦੀ

**(ਬ-33) ਬਖੂਹਾ :**

ਪੂਰਵਜਾਂ ਅਥਵਾ ਜਠੇਰਿਆਂ ਦੀ ਸਿਮਰਤੀ ਬਣਾਈਆਂ ਥੰਮੀਆਂ ! ਧਰਤੀ ਵਿਚੋਂ ਮਿੱਟੀ ਪੁਟ ਕੇ ਜਿਹਾ ਟੋਹਾ ਬਣਾ ਦਿਤਾ ਜਾਂਦਾ ਹੈ, ਅਤੇ ਨਾਲ ਪੱਥਰ ਜਾਂ ਮਿੱਟੀ ਦੀ ਥੰਮੀ ਖੜੀ ਕਰ ਦਿਤੀ ਜਾ ਇਨ੍ਹਾਂ ਨੂੰ ਬਖੂਹੇ ਕਿਹਾ ਜਾਂਦਾ ਹੈ। ਬਖੂਹੇ ਹਮੇ ਦੂਜੇ ਦੇ ਨੇੜ ਬਣਾਏ ਜਾਂਦੇ ਹਨ—ਦੋ-ਦੋ ਤਿੰਨ- ਸਮੂਹਾਂ ਵਿਚ। ਇਨ੍ਹਾਂ ਦੀ ਪੂਜਾ ਵਿਆਹ ਸ਼ਾਦੀ ਮੰਗਲ ਕਾਰਜਾਂ ਵੇਲੇ ਕੀਤੀ ਜਾਂਦੀ ਹੈ।

ਜੀਂਦ ਵਿਚ ਬਖੂਹੇ ਕਾਫ਼ੀ ਗਿਣਤੀ ਵਿਚ ਹਨ ਅਤੇ ਇਥੋਂ ਦੇ 'ਸਰਾਉ' ਗੋਤ ਦੇ ਜੱਟ ਜਠੇਰਿਆਂ ਦੇ ਬਖੂਹੇ ਬਣਾ ਕੇ ਪੂਜਦੇ ਹਨ ।

**(ਬ-34) ਬਗਲਾ :**

ਇਕ ਚਿੱਟੇ ਰੰਗ ਦਾ ਪੰਛੀ, ਜੋ ਮੱਛੀਆਂ ਖ ਧਾਰਨਾ ਹੈ ਕਿ ਜਿਨ੍ਹਾਂ ਪ੍ਰਾਣੀਆਂ ਦੇ ਮਨ ਖੋਟੇ ਹੋ ਪਰ ਬਾਹਰੋਂ ਭਗਤਾਂ ਦਾ ਸਵਾਂਗ ਭਰਦੇ ਹਨ, ਉਹ ਜਨਮ ਬਗਲੇ ਦੀ ਜੂਨ ਪੈਂਦੇ ਹਨ। ਨੀਤੀ-ਕਥਾ ਬਗਲਾ ਪਖੰਡ ਦਾ ਪ੍ਰਤੀਕ ਹੈ ।

**(ਬ-35) ਬਗਲਾ ਮੁਖੀ :**

ਕਾਂਗੜੇ ਵਿਚ ਦੇਵੀ ਮਾਤਾ ਦੀ ਪੂਜਾ ਕਈ ਨਾ ਕੀਤੀ ਜਾਂਦੀ ਹੈ। ਨਖੰਡੀ ਵਿਚ ਗੁਲੇਰ ਦੇ ਰਾਜੇ ਦੇ ਬਣਾਏ ਮੰਦਰ ਵਿਚ ਦੇਵੀ ਨੂੰ ਬਗਲਾ ਮੁਖ ਜਾਂਦਾ ਹੈ। ਇਹ ਮੰਦਰ 1684 ਸੰਮਤ ਵਿਚ ਰਾਜੇ ਨੇ ਬਣਵਾਇਆ ਸੀ। ਇਸ ਮੰਦਰ ਦਾ ਪੁਜਾਰੀ ਸੰਨਿਆਸੀ ਹੁੰਦਾ ਹੈ। ਇਥੇ ਦੇਵੀ ਦੀ ਇਕ ਮੂਰਤੀ ਹੈ। ਸਵੇਰੇ ਮੂਰਤੀ ਨੂੰ ਇਸ਼ਨਾਨ ਕਰਵਾ ਕੇ ਭੋਗ ਜਾਂਦਾ ਹੈ, ਤ੍ਰਿਕਾਲਾਂ ਵੇਲੇ ਆਰਤੀ ਮਗਰੋਂ ਪਤਾਸਿਆਂ ਦਾ ਭੋਗ ਲਵਾਇਆ ਜਾਂਦਾ ਹੈ।

**(ਬ-36) ਬਗਲੀ :**

ਫ਼ਕੀਰਾਂ ਦੀ ਝੋਲੀ, ਜਿਸ ਵਿਚ ਉਹ ਭਿਛਿਆ ਲਿਆਂਦੇ ਹਨ। ਬਗਲ ਨਾਲ ਲਟਕਾਈ ਹੋਣ ਇਸ ਨੂੰ ਬਗਲੀ ਕਹਿੰਦੇ ਹਨ।

ਇਕ ਚਿੱਟੇ ਰੰਗ ਦੇ ਸ਼ੇਰ ਨੇ ਪੀਰ ਸ਼ੇਖ਼ ਮੁਹੰਮਦ ਤਾਇਰ ਦੇ ਗਾਵਾਂ ਦੇ ਵੱਗ ਨੂੰ ਚੋਰਾਂ ਤੋਂ ਬਚਾਇਆ ਸੀ। ਲੋਕ-ਨਿਸਚਾ ਹੈ ਕਿ ਜਦੋਂ ਪਸ਼ੂਆਂ ਦੀ ਵਬਾ ਫੈਲੀ ਹੋਵੇ ਜਿਹੜੇ ਪਸ਼ੂ ਇਸ ਅਸਥਾਨ ਦੀ ਯਾਤਰਾ ਕਰ ਲੈਣ, ਉਨ੍ਹਾਂ 'ਤੇ ਬੀਮਾਰੀ ਅਸਰ ਨਹੀਂ ਕਰਦੀ। ਇਥੇ ਸਾਵਣ ਤੇ ਭਾਦਰੋਂ ਦੇ ਹਰ ਸੋਮਵਾਰ ਤੇ ਹਰੇਕ ਈਦ ਮਗਰੋਂ ਦੇ ਸੋਮਵਾਰ ਨੂੰ ਭਾਰੀ ਮੇਲਾ ਲਗਦਾ ਹੈ।

(ਬ-38) **ਬੱਘ-ਨਖੀ** :

ਇਕ ਤਵੀਤ, ਜਿਸ ਵਿਚ ਸ਼ੇਰ ਦੇ ਨਹੁੰਆਂ ਨੂੰ ਚਾਂਦੀ/ਤਾਂਬੇ ਦੀ ਡਿੱਬੀ ਵਿਚ ਮੜ੍ਹ ਕੇ ਗਲ ਵਿਚ ਪਾਇਆ ਜਾਂਦਾ ਹੈ। ਇਸ ਨਾਲ ਬੱਚੇ ਨੂੰ ਬਦ-ਨਜ਼ਰ ਨਹੀਂ ਲਗਦੀ। ਅਤੇ ਨਾ ਹੀ ਉਹ ਬੱਚਾ ਇਕੱਲਾ ਪਿਆ ਡਰਦਾ ਹੈ। ਇਹ ਵਿਸ਼ਵਾਸ਼ ਸਮ ਤੋਂ ਸਮ ਦੀ ਉਤਪਤੀ ਤੇ ਆਧਾਰਿਤ ਹੈ।

(ਬ-39) **ਬਘਿਆੜੀ** :

ਸੋਨੇ ਜਾਂ ਚਾਂਦੀ ਦਾ ਇਕ ਗਹਿਣਾ, ਜੋ ਪਰਾਂਦੇ ਦੇ ਉਪਰ ਪਾਇਆ ਜਾਂਦਾ ਹੈ।

ਚੌਕੀਦਾਰਨੀ ਬਣੀ ਬਘਿਆੜਨੀ
ਤੀਲੀ ਬਣੀ ਟਹਿਲਦਾਰਨੀ—ਲੋਕ ਗੀਤ।

(ਬ-40) **ਬਘੇਲ** :

ਰਾਜਪੂਤਾਂ ਦੀ ਇਕ ਗੋਤ; ਇਸ ਕਬੀਲੇ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਡਿਕੇ ਨੇ ਬਾਘ ਅਥਵਾ ਸ਼ੀਂਹ ਦੇ ਰੂਪ ਵਿਚ ਜਨਮ ਲਿਆ ਸੀ। ਜਾਪਦਾ ਹੈ ਕਿ ਬਾਘ ਇਸ ਕਬੀਲੇ ਦਾ ਗੋਤ-ਚਿੰਨ੍ਹ (ਟੋਟਮ) ਸੀ, ਜਿਸ ਤੋਂ ਇਹ ਬਘੇਲ ਪ੍ਰਸਿਧ ਹੋਏ। ਬਘੇਲ ਰਾਜਪੂਤ ਸ਼ੀਂਹ ਦੀ ਰਖਿਆ ਕਰਦੇ ਹਨ ਤੇ ਇਸ ਨੂੰ ਕਦੇ ਮਾਰਦੇ ਨਹੀਂ।

(ਬ-41) **ਬਚਨ** :

ਸੁਖਨ ਵਾਂਗ ਬਚਨ ਵੀ ਕਿਸੇ 'ਸਤ ਬਚਨ' ਦੇ ਦੁਆਲੇ ਉਸਰੀ ਕਥਾ ਹੈ। ਦੋਹਾਂ ਦੀ ਪ੍ਰਕ੍ਰਿਤੀ ਅਤੇ ਰੂਪ ਰਚਨਾ (generc) ਇਕੋ ਹੈ। ਦੋਹਾਂ ਦਾ ਮੰਤਵ ਵਾਰਤਾਲਾਪ ਜਾਂ ਬ੍ਰਿਤਾਂਤ ਦੁਆਰਾ ਕਿਸੇ ਰਹੱਸ ਜਾਂ ਨੈਤਿਕ ਕੀਮਤਾਂ ਕਦਰਾਂ ਨੂੰ ਉਜਾਗਰ ਕਰਨਾ ਹੈ।

ਸੁਖਨ ਵਿਚ ਕਿਸੇ ਪੀਰ ਫ਼ਕੀਰ ਜਾਂ ਇਸ
ਪੁਰਸ਼ ਦੁਆਲੇ। ਇਕ ਵਿਚ ਹਿੰਦੂ ਰੰਗ,
ਰੁੜ੍ਹੀਆਂ ਮਿਲਦੀਆਂ ਹਨ ਅਤੇ ਦੂਜੇ ਵਿਚ
ਇਹੋ ਗੱਲ ਇਨ੍ਹਾਂ ਵਿਚ ਵਰਤੇ ਪ੍ਰੀਭਾਸ਼ਕ ਸ਼
ਕਹੀ ਜਾ ਸਕਦੀ ਹੈ। ਇਤਨਾ ਨਿਖੇੜ ਹੋਣ
ਵੀ ਸੁਖਨ ਤੇ ਬਚਨ ਕਈ ਵਾਰ ਇਕ ਦੂਜੇ
ਵਜੋਂ ਵੀ ਵਰਤ ਲਏ ਜਾਂਦੇ ਹਨ। ਅਤੇ
ਵਾਲੀ ਕਥਾ ਨੂੰ ਵੀ ਸੁਖਨ ਕਹਿ ਲਿਆ ਜਾਂਦਾ

ਬਚਨ ਦੀ ਰੂਪ-ਰਚਨਾ ਬੜੀ ਹੀ ਪ੍ਰਾਚੀਨ
ਵਿਚ ਰਿਸ਼ੀਆਂ ਮੁਨੀਆਂ ਦੇ ਬਚਨਾਂ ਨੂੰ ਮਹ
ਹੈ। ਪਰ ਬੁਧ ਕਾਲ ਤੋਂ ਮਹਾਪੁਰਸ਼ਾਂ ਦੇ ਬਚ
ਅਤੇ ਲੋਕ-ਪਰੰਪਰਾ ਵਿਚ ਇਕ ਵੱਖਰਾ ਰੂਪ ਰ
ਲਗੇ। ਬੁਧ ਦੇ ਬਚਨਾਂ ਦੁਆਲੇ ਬ੍ਰਿਤਾਂਤਕ
ਕਥਾ ਸਿਰਜਨਾ ਦੀ ਪਰੰਪਰਾ ਬੋਧੀ ਅਵਦ
ਵਿਚ ਉਜਾਗਰ ਹੋਈ। ਬੋਧੀ ਸਾਹਿਤ ਵਿਚ
ਭਾਵੇਂ ਕੋਈ ਵੱਖਰਾ ਕਥਾ-ਰੂਪ ਨਹੀਂ ਮਿਲਦ
ਦੀ ਮੌਖਿਕ ਪਰੰਪਰਾ ਵਿਚ ਅਜਿਹੇ ਬ੍ਰਿਤਾਂਤ
ਕਿਆਸ ਕੀਤਾ ਜਾ ਸਕਦਾ ਹੈ।

ਪਰ ਬਚਨ ਦੀ ਕਥਾ ਰੂਪ ਵਧੇਰੇ ਕਰਕੇ
ਦੇ ਪ੍ਰਭਾਵ ਹੇਠ ਉਭਰਿਆ ਜਦੋਂ ਸਾਧਾਂ
ਬਚਨਾਂ ਨੂੰ ਵੈਦਿਕ ਮੰਤਰਾਂ ਨਾਲੋਂ ਵੀ ਵਧੇ
ਦਿਤੀ ਜਾਣ ਲਗੀ—'ਸਾਧ ਬਚਨ ਅਟਲਾਦਾ'
ਵਿਚ ਬਚਨਾਂ ਨਾਲ ਕੁਝ ਬ੍ਰਿਤਾਂਤਕ ਤਤ ਜੋ
ਵਿਲੱਖਣ ਕਥਾ ਰੂਪ ਦੇ ਦਿਤਾ ਗਿਆ।

ਸਾਰਾ 'ਬਚਨ-ਸਾਹਿਤ' ਇਕ ਪ੍ਰਕ੍ਰਿਤੀ ਦਾ
ਬਚਨਾਂ ਵਿਚ ਬ੍ਰਿਤਾਂਤ ਦੀ ਮੂਲੋਂ ਹੀ ਅਣਹੋਂਦ
ਬ੍ਰਿਤਾਂਤ-ਮੁਕਤ ਬਚਨਾਂ ਵਿਚ ਕਿਸੇ ਕਥਨ ਨੂੰ
ਹੈ ਅਤੇ ਅਜਿਹੇ ਬਚਨ ਕਥਾ ਦੇ ਅੰਤਰਗਤ ਨਹ

ਦੂਜੀ ਕਿਸਮ ਦੇ ਬਚਨ ਵਾਰਤਾਲਾਪ
ਕਰ ਕੇ ਗੋਸ਼ਟੀ-ਬਚਨ ਕਹੇ ਜਾ ਸਕਦੇ ਹਨ।
ਵਿਚ ਵਾਰਤਾਲਾਪ ਦੁਆਰਾ ਕਿਸੇ ਰਹੱਸ ਨੂੰ ਖੋ
ਹੈ। ਇਨ੍ਹਾਂ ਬਚਨਾਂ ਵਿਚ ਰੂਪਕਾਂ ਅਤੇ ਚਿ
ਰੋਚਿਕਤਾ ਪੈਦਾ ਕੀਤੀ ਜਾਂਦੀ ਹੈ ਅਤੇ ਵਾਰਤਾ
ਨਾਟਕੀ ਰੰਗ, ਜਿਸ ਕਰਕੇ ਬ੍ਰਿਤਾਂਤ ਦਾ ਭ
ਜਾਂਦਾ ਹੈ, ਪਰ ਬ੍ਰਿਤਾਂਤਕ ਤੱਤ ਸ਼ੁਧ ਰੂਪ

ਹੋਣ ਤੋਂ ਇਲਾਵਾ ਅਖਾਣਾਂ ਵਾਂਗ ਸਾਰਗਰਭਿਤ ਅਤੇ ਸੰਜਮ ਭਰੇ ਹੁੰਦੇ ਹਨ।

ਭਾਵੇਂ 'ਬਚਨ' ਕਾਫ਼ੀ ਮਾਤਰਾ ਵਿਚ ਰਚੇ ਗਏ ਅਤੇ ਇਹ ਲੋਕ-ਸਿਮਰਤੀ ਦਾ ਅੰਗ ਬਣੇ ਹੋਏ ਹਨ, ਪਰ ਇਨ੍ਹਾਂ ਦੇ ਸੰਕਲਨ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿਤਾ ਗਿਆ। ਬਚਨਾਂ ਦਾ ਇਕੋ ਇਕ ਸੰਕਲਨ 'ਬਚਨ ਗੋਬਿੰਦ ਲੋਕਾਂ ਕੇ' ਹੱਥ-ਲਿਖਤ ਰੂਪ ਵਿਚ ਮਿਲਦਾ ਹੈ।

## (ਬ-42) ਬੱਚੇ ਦਾ ਪੁਨਰ ਜਨਮ :

ਧਾਰਨਾ ਹੈ ਕਿ ਛੋਟੇ ਬੱਚੇ ਜੋ ਦੱਬੇ ਅਥਵਾ ਜਲ-ਪ੍ਰਵਾਹ ਕੀਤੇ ਜਾਂਦੇ ਹਨ, ਉਹ ਮੁੜ ਆਪਣੇ ਪਹਿਲੇ ਮਾਪਿਆਂ ਦੇ ਘਰ ਹੀ ਜਨਮ ਲੈਂਦੇ ਹਨ। ਬੱਚੇ ਦੇ ਮਰਨ ਉਤੇ ਕਈ ਰੀਤਾਂ ਤੇ ਟੂਣੇ ਅਜਿਹੇ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਮੰਤਵ ਹੁੰਦਾ ਹੈ ਕਿ ਬੱਚਾ ਮੁੜ ਉਸੇ ਘਰ ਜਨਮ ਲਏ। ਕਈ ਲੋਕ ਆਪਣੇ ਬੱਚੇ ਦੀ ਮ੍ਰਿਤਕ ਦੇਹ ਨੂੰ ਹਵੇਲੀ ਦੀ ਸਰਦਲ ਹੇਠ, ਇਸ ਖ਼ਿਆਲ ਨਾਲ ਦੱਬ ਦੇਂਦੇ ਹਨ ਕਿ ਉਹ ਮੁੜ ਉਨ੍ਹਾਂ ਦੇ ਘਰ ਹੀ ਜਨਮ ਲਏਗਾ। ਬਿਸ਼ਨੋਈਆਂ ਵਿਚ ਮੋਏ ਬੱਚੇ ਨੂੰ ਮੁਹਾਠ ਹੇਠ ਦੱਬਣ ਦਾ ਰਵਾਜ ਹੁਣ ਤਕ ਰਿਹਾ ਹੈ।

ਜੇ ਕਿਸੇ ਤੀਵੀਂ ਦਾ ਦੁੱਧ ਚੁੰਘਦਾ ਬੱਚਾ ਮਰ ਜਾਵੇ ਤਾਂ ਉਹ ਬੱਚੇ ਦੀ ਮੜ੍ਹੀ ਉਤੇ ਸਤ ਦਿਨ ਆਪਣੇ ਦੁੱਧ ਦੀਆਂ ਧਾਰਾਂ ਮਾਰੇ ਤਾਂ ਧਾਰਨਾ ਹੈ ਕਿ ਉਹ ਬੱਚਾ ਮੁੜ ਪਹਿਲੇ ਘਰ ਹੀ ਜਨਮ ਲੈਂਦਾ ਹੈ।

ਇਕ ਧਾਰਨਾ ਅਨੁਸਾਰ ਜੇ ਕੋਈ ਗਿੱਦੜ ਜਾਂ ਕੁੱਤਾ ਮੋਏ ਬੱਚੇ ਨੂੰ ਮੜ੍ਹੀ ਵਿਚੋਂ ਕਢ ਕੇ ਧਰੀਕਦਾ ਹੋਇਆ ਉਸ ਦਿਸ਼ਾ ਵਲ ਲੈ ਜਾਵੇ, ਜਿਧਰ ਉਸ ਦੇ ਮਾਪਿਆਂ ਦਾ ਘਰ ਹੈ ਤਾਂ ਇਸ ਦਾ ਇਹ ਮਤਲਬ ਹੈ ਕਿ ਉਹ ਬੱਚਾ ਮੁੜ ਪਹਿਲੇ ਘਰ ਹੀ ਜਨਮ ਲੈ ਰਿਹਾ ਹੈ। ਜੇ ਕਿਸੇ ਹੋਰ ਦਿਸ਼ਾ ਵਲ ਧੂਹ ਕੇ ਲੈ ਜਾਵੇ ਤਾਂ ਨਹੀਂ।

ਪਹਿਲਿਆਂ ਵਿਚ, ਜਦੋਂ ਕਈ ਜਾਤੀਆਂ ਵਿਚ ਕੁੜੀਆ ਮਾਰਨ ਦਾ ਰਵਾਜ ਸੀ ਤਾਂ ਕਈ ਲੋਕੀਂ ਕੁੜੀ ਦੀ ਲਾਸ਼ ਪਹਿਲੇ ਦਿਨ ਮਰਘਟ ਦੇ ਨੇੜੇ ਕਿਸੇ ਦਰਖ਼ਤ ਹੇਠ ਰਖ ਆਉਂਦੇ ਸਨ ਅਤੇ ਅਗਲੀ ਸਵੇਰ ਉਸ ਨੂੰ ਦੱਬਣ ਲਈ ਜਾਂਦੇ ਸਨ। ਜੇ ਕੋਈ ਜੰਗਲੀ ਜਾਨਵਰ ਲਾਸ਼ ਨੂੰ ਉਸ

## (ਬ-43) ਬੱਚੇ ਨੂੰ ਦੱਬਣਾ :

ਜੇ ਬੱਚਾ ਜੰਮਣ ਤੋਂ ਛੇ ਮਹੀਨੇ ਦੇ ਅੰਦਰ ਮ
ਤਾਂ ਹਿੰਦੂ-ਸਿੱਖ ਉਸ ਨੂੰ ਦੱਬਦੇ ਜਾਂ ਜਲ-ਪ੍ਰਵਾਹ
ਹਨ। ਆਮ ਤੌਰ ਤੇ ਛੇ ਮਹੀਨੇ ਤੋਂ ਘਟ ਦੇ
ਦਬਿਆ ਜਾਂਦਾ ਤੇ ਪੰਜ ਸਾਲਾਂ ਤਕ ਦੇ ਬੱਚੇ ਨੂੰ ਜਲ-
ਕੀਤਾ ਜਾਂਦਾ ਹੈ। ਜੇ ਨਦੀ ਨਾਲਾ ਨੇੜੇ ਨਾ ਹੋਵੇ ਤ
ਸਾਲਾਂ ਤਕ ਦੇ ਬੱਚੇ ਨੂੰ ਵੀ ਦੱਬ ਦਿਤਾ ਜਾਂਦਾ ਹੈ
ਸਾਲ ਤੋਂ ਉਪਰ ਦਾ ਦਾਹ-ਸੰਸਕਾਰ ਕੀਤਾ ਜਾਂਦਾ ਹੈ

ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਜਿਸ ਪ੍ਰਾਣੀ ਨੂੰ
ਭੇਟ ਕੀਤਾ ਜਾਵੇ, ਉਸ ਦਾ ਜੀਵ ਤੇ ਪਿੰਡ ਅਗਲੇ
ਚਲਾ ਜਾਂਦਾ ਹੈ। ਅਗਨੀ ਦੇਵਤਾ ਅਮਾਨਤ ਸ
ਉਸ ਪ੍ਰਾਣੀ ਦਾ ਪਿੰਡ ਅਗਲੇ ਲੋਕ ਪਹੁੰਚਾ ਦੇਂਦਾ ਹੈ
ਜਿਸ ਜੀਵ ਨੂੰ ਦਬਿਆ ਅਥਵਾ ਜਲ ਪ੍ਰਵਾਹ ਕੀਤਾ
ਉਹ ਇਸੇ ਲੋਕ ਵਿਚ ਰਹਿੰਦਾ ਤੇ ਉਸ ਦੀ ਰੂਹ
ਮੁੜ ਜਨਮ ਲੈਂਦੀ ਹੈ।

ਛੇ ਮਹੀਨੇ ਦੇ ਛੋਟੇ ਬੱਚੇ ਨੂੰ ਆਮ ਤੌਰ ਤੇ ਕਿ
ਹੇਠ ਦਬਿਆ ਜਾਂਦਾ ਹੈ ਤਾਂ ਜੋ ਰੁੱਖ ਦੇਵਤਾ ਉ
ਰਖਿਆ ਕਰੇ ਅਤੇ ਉਸ ਦੀਆਂ ਮਰਨ ਮਗਰੋਂ ਦੀਆਂ
ਪੂਰੀਆਂ ਕਰਦਾ ਰਹੇ। ਬੇਰੀ ਦੇ ਦਰਖ਼ਤ ਹੇਠ ਬ
ਦੱਬਣਾ ਬਹੁਤ ਚੰਗਾ ਮੰਨਿਆ ਜਾਂਦਾ ਹੈ। ਦੱਬਣ
ਬੱਚੇ ਦੇ ਸਿਰ ਵਲ ਪਾਣੀ ਦਾ ਇਕ ਕਟੋਰਾ ਧਰ
ਜਾਂਦਾ ਹੈ।

ਲਹਿੰਦੇ ਵਿਚ ਜਦੋਂ ਬੱਚੇ ਦੀ ਮ੍ਰਿਤਕ ਦੇਹ ਨੂੰ
ਵਲ ਲਿਜਾਣ ਲਗਦੇ ਹਨ ਤਾਂ ਬੱਚੇ ਦੀ ਮਾਂ ਬ
ਖੱਫਣ ਨੂੰ ਫੜ ਕੇ ਆਪਣੇ ਵਲ ਖਿਚਦੀ ਹੈ ਜਿਸ ਦ
ਹੁੰਦਾ ਹੈ ਕਿ ਬੱਚਾ ਮੁੜ ਇਸੇ ਘਰ ਜਨਮ ਲਏ।
ਮਰਘਟ ਵਿਚ ਦੱਬਣ ਮਗਰੋਂ ਨਾਲ ਗਏ ਰਿ
ਬਾਹਰੋਂ ਸਾਗ ਦੇ ਪੱਤੇ ਤੋੜ ਕੇ ਘਰ ਲੇ ਆਉ
ਅਤੇ ਮਾਂ ਦੀ ਗੋਦ ਵਿਚ ਪਾਉਂਦੇ ਹਨ। ਇਸ
'ਗੋਦ ਹਰੀ ਕਰਨਾ' ਕਹਿੰਦੇ ਹਨ ਅਤੇ ਇਹ ਰੀਤ
ਉਪਜਾਇਕਤਾ ਸ਼ਕਤੀ ਵਧਾਣ ਲਈ ਕੀਤੀ ਜਾਂਦੀ ਹੈ

ਜੇ ਮਰਨ ਵਾਲੇ ਬੱਚੇ ਦਾ ਕੋਈ ਛੋਟਾ ਭਰਾ
ਉਸ ਦੀ ਮਾਂ ਮ੍ਰਿਤਕ ਬੱਚੇ ਦੀ ਦੇਹ ਨਾਲ ਮੌਲੀ ਦਾ
ਧਾਗਾ ਛੁਹਾ ਕੇ ਛੋਟੇ ਬੱਚੇ ਦੀ ਲੱਤ ਨਾਲ ਬੰਨ੍ਹ ਦੇ

ਨਾਲੋਂ ਵਿਪਰੀਤ ਹੁੰਦੀਆਂ ਹਨ । ਜੇ ਮਰ ਗਏ ਬੱਚੇ ਸਮੇਂ ਗੁੜ ਵੰਡਿਆ ਹੋਵੇ ਤਾਂ ਦੂਜੇ ਬੱਚੇ ਵਾਰੀ ਪਿਆਜ ਵੰਡੇ ਜਾਂਦੇ ਹਨ । ਉਪਰੋਂ ਉਪਰੋਂ ਉਸ ਬੱਚੇ ਵਲ ਲਾਪਰਵਾਹੀ ਵਿਖਾਈ ਜਾਂਦੀ ਹੈ ।

(ਬ-44) **ਬੱਜਰ** :

ਇੰਦਰ ਦੇਵਤੇ ਦਾ ਪ੍ਰਸਿਧ ਹਥਿਆਰ, ਗੱਦਾ (ਵੇਖੋ : ਗੱਦਾ), ਇਹ ਦਧੀਚੀ ਰਿਸ਼ੀ ਦੀਆਂ ਪੱਥਰ ਵਰਗੀ ਕਰੜੀਆਂ ਹੱਡੀਆਂ ਦਾ ਬਣਿਆ ਹੋਣ ਕਰ ਕੇ, ਬੱਜਰ ਵੀ ਅਖਵਾਉਂਦਾ ਹੈ ।

(ਬ-45) **ਬਜੰਰਗ ਬਲੀ** :

ਹਨੂਮਾਨ ਦੀ ਇਕ ਉਪਾਧੀ; ਹਨੂਮਾਨ ਦਾ ਸਰੀਰ ਪਹਾੜ ਵਾਂਗ ਕਰੜਾ ਤੇ ਉੱਚਾ ਲੰਮਾ ਸੀ, ਜਿਸ ਤੋਂ ਉਸ ਨੂੰ ਬੱਜਰ-ਅੰਗਾਂ ਵਾਲਾ ਕਿਹਾ ਜਾਣ ਲੱਗਾ । ਪਹਾੜ ਨੂੰ ਤਲੀ ਉੱਤੇ ਚੁਕ ਕੇ ਲੈ ਜਾਣ ਕਰਕੇ ਇਹ ਨਾਉਂ ਪ੍ਰਸਿਧ ਹੋਇਆ (ਵੇਖੋ : ਹਨੂਮਾਨ) ।

(ਬ-46) **ਬੱਜਰਬਟਾ, ਬਜਰਬੱਟੂ** :

ਇਕ ਪੌਦੇ ਦੇ ਬੀਜ, ਜੋ ਬੱਜਰ ਵਾਂਗ ਕਰੜੇ ਹੁੰਦੇ ਹਨ ਇਸ ਪੌਦੇ ਨੂੰ ਕੇਵਲ ਇਕੋ ਵਾਰ ਫੁੱਲ ਪੈਂਦੇ ਹਨ ਤੇ ਫਿਰ ਇਹ ਮੁਰਝਾ ਜਾਂਦਾ ਹੈ । ਇਸ ਦੀਆਂ ਕਲੀਆਂ ਜਦੋਂ ਚਟਕਦੀਆਂ ਹਨ ਤਾਂ ਜ਼ੋਰ ਦਾ ਧਮਾਕਾ ਸੁਣਾਈ ਦੇਂਦਾ ਹੈ । ਇਸੇ ਤੋਂ ਪੌਦੇ ਦਾ ਨਾਂ ਬੱਜਰਬਟਾ ਪੈ ਗਿਆ ।

ਬਜਰਬਟੇ ਦੇ ਬੀਜ ਧਾਗੇ ਨਾਲ ਬੰਨ੍ਹ ਕੇ ਬੱਚਿਆਂ ਦੇ ਗਲ ਵਿਚ ਜੰਤਰ ਵਾਂਗ ਬੰਨ੍ਹ ਦਿਤਾ ਜਾਂਦਾ ਹੈ । ਧਾਰਨਾ ਹੈ ਕਿ ਇਸ ਤਰ੍ਹਾਂ ਬਦ ਨਜ਼ਰ ਨਹੀਂ ਲਗਦੀ । ਲੋਕਾਂ ਦਾ ਨਿਸਚਾ ਹੈ ਕਿ ਜਦੋਂ ਵੀ ਬੱਚੇ ਨੂੰ ਕੋਈ ਬਦ ਨਜ਼ਰ ਨਾਲ ਵੇਖਦਾ ਹੈ ਤਾਂ ਬਜਰਬਟਾ ਸਹਿਜ ਭਾਵ ਹੀ ਫਟ ਜਾਂਦਾ ਹੈ, ਇਸ ਨੂੰ ਨਜ਼ਰਬੱਟੂ ਵੀ ਕਹਿੰਦੇ ਹਨ (ਵੇਖੋ : ਨਜ਼ਰਬੱਟੂ) ।

(ਬ-47) **ਬਜਰੇਸ਼ਵਰੀਦੇਵੀ (ਵਾਗੀਸ਼ਵਰੀ) ਦਾ ਮੰਦਰ** :

ਕਾਂਗੜੇ ਦਾ ਇਕ ਪ੍ਰਸਿਧ ਮੰਦਰ; ਕਿਹਾ ਜਾਂਦਾ ਹੈ ਕਿ ਬਜਰੇਸ਼ਵਰੀ ਦੇਵੀ ਨੇ ਪੁਰਾਣੇ ਜ਼ਮਾਨੇ ਵਿਚ ਅਸ਼ਵਮੇਧ

(ਬ-48) **ਬਜਵਾੜਾ** :

ਹੁਸ਼ਿਆਰਪੁਰ ਤੋਂ ਦੋ ਮੀਲ ਦੱਖਣ-ਪੂ
ਨਗਰ, ਜਿਸ ਦੀ ਨੀਂਹ ਪ੍ਰਸਿਧ ਗਦਦੀਏ ਬੈ
ਰਖੀ ਤੇ ਜੋ ਉਸੇ ਦੇ ਨਾਂ ਤੇ ਬਜਵਾੜਾ ਪ੍ਰਸਿ
ਰਵਾਇਤ ਹੈ ਕਿ ਇਹ ਨਗਰ ਕਿਸੇ ਵੇਲੇ ਬਾਰ
ਫੈਲਿਆ ਹੋਇਆ ਸੀ । ਜਦੋਂ ਅਕਬਰ ਦਾ ਮੰ
ਇਥੇ ਆਇਆ ਤਾਂ ਇਸ ਨਗਰ ਦੇ ਵਾਸੀਆ
ਯੋਗ ਸਤਿਕਾਰ ਨਾ ਦਿਤਾ । ਰੋਹ ਵਿਚ ਆਏ
ਇਸ ਨਗਰ ਨੂੰ ਕਈ ਟੁਕੜਿਆਂ ਵਿਚ
(ਹੁਸ਼ਿਆਰਪੁਰ ਗਜ਼ਟੀਅਰ, 215) ।

(ਬ-49) **ਬੱਟ-ਸਾਵਿਤ੍ਰੀ ਵਰਤ** :

ਇਹ ਵਰਤ ਜੇਠ ਦੀ ਮਸਿਆ ਨੂੰ ਰਖਿਆ
ਪੰਜਾਬ ਦੇ ਹਿਮਾਚਲ ਪ੍ਰਦੇਸ ਨਾਲ ਲਗਦੇ ਕਈ
ਤੇ ਉਤਰੀ ਭਾਰਤ ਵਿਚ ਇਹ ਵਰਤ ਜੇਠ ਦ
ਦੀ ਤੇਰਸ ਤੋਂ ਮਸਿਆ ਤਕ ਰਖਿਆ ਜਾਂਦ
ਦੱਖਣੀ ਭਾਰਤ ਵਿਚ ਜੇਠ ਦੇ ਚਾਨਣ ਪੱਖ ਦ
ਪੂਰਨਮਾਸ਼ੀ ਤਕ । ਪੰਜਾਬ ਵਿਚ ਬਹੁਤੇ ਹਿੰਦੂ
ਹੀ ਇਹ ਵਰਤ ਰਖਦੇ ਹਨ ।

ਤੇਰਸ ਤੋਂ ਮਸਿਆ ਤਕ ਦੀਆਂ ਤਿੰਨ
ਸਨਾਤਨੀ ਹਿੰਦੂ ਬੋਹੜ ਦੀ ਵੀ ਪੂਜਾ ਕਰਦੇ
ਅਨੁਸਾਰ ਇਸ ਦਰਖ਼ਤ ਦੀਆਂ ਜੜ੍ਹਾਂ ਵਿਚ
ਵਿਚ ਵਿਸ਼ਨੂੰ ਤੇ ਉਪਰਲੇ ਹਿੱਸੇ ਵਿਚ ਸ਼ਿਵ
ਟਹਿਣਾ ਪੱਤਿਆਂ ਵਿਚ ਸਾਵਿਤ੍ਰੀ ਦਾ ਨਿਵਾਸ

ਇਸ ਵਰਤ ਨੂੰ ਰਖਣ ਤੋਂ ਪਹਿਲਾ
ਕਿਸੇ ਨਦੀ ਜਾਂ ਸਰੋਵਰ ਦੇ ਜਲ ਵਿਚ
ਮਿਲਾ ਕੇ ਕੇਸੀ ਇਸ਼ਨਾਨ ਕੀਤਾ ਜਾਂਦਾ ਹੈ ।
ਸੰਕਲਪ ਕਰ ਕੇ ਬੋਹੜ ਦੇ ਬ੍ਰਿਛ ਨੂੰ ਪਾਣੀ
ਹੈ । ਜੇ ਵਰਤ ਤੇਰਸ ਨੂੰ ਰਖਿਆ ਜਾਵੇ ਤ
ਮਸਿਆ ਨੂੰ ਵੀ ਬੋਹੜ ਦੇ ਬ੍ਰਿਛ ਨੂੰ ਪਾਣੀ ਦਿਤ
ਬ੍ਰਿਛ ਨੂੰ ਪੂਜਣ ਮਗਰੋਂ ਬ੍ਰਿਛ ਦੇ ਸਾਹਮਣੇ
ਪਤੀ ਤੇ ਪੁੱਤਰ ਦੀ ਅਰੋਗਤਾ ਤੇ ਸਦਾ ਸੁਹ
ਲਈ ਪ੍ਰਾਰਥਨਾ ਕੀਤੀ ਜਾਂਦੀ ਹੈ । ਨਾਲ
ਸੱਤ ਪ੍ਰਕਰਮਾ ਕੀਤੀਆਂ ਜਾਂਦੀਆਂ ਹਨ । ਪ੍ਰਕ
ਸੂਤਰ ਦੇ ਧਾਗੇ ਨੂੰ ਬ੍ਰਿਛ ਦੇ ਤਨੇ ਦੁਆ

ਬਣਾ ਕੇ ਸਥਾਪਿਤ ਕੀਤੀਆਂ ਜਾਂਦੀਆਂ ਹਨ। ਧਨੀ ਲੋਕ ਵਿਤ ਅਨੁਸਾਰ ਕਿਸੇ ਧਾਤ—ਤਾਂਬੇ, ਚਾਂਦੀ ਜਾਂ ਸੋਨੇ ਦੀਆਂ ਮੂਰਤੀਆਂ ਬਣਾ ਕੇ ਸਥਾਪਿਤ ਕਰਦੇ ਹਨ। ਇਨ੍ਹਾਂ ਮੂਰਤੀਆਂ ਦੀ ਪੂਜਾ ਕੀਤੀ ਜਾਂਦੀ ਹੈ ਤੇ ਇਨ੍ਹਾਂ ਤੇ ਸੰਧੂਰ ਤੇ ਕੇਸਰ ਤਰੌਂਕਿਆ ਜਾਂਦਾ ਹੈ। ਦੁਪਹਿਰ ਢਲਣ ਮਗਰੋਂ ਕਿਸੇ ਪਾਂਧੇ ਨੂੰ ਸਦ ਕੇ ਸਾਵਿਤ੍ਰੀ ਸਤਿਆਵਾਨ ਦੀ ਕਥਾ ਸੁਣੀ ਜਾਂਦੀ ਹੈ।

ਇਹ ਵਰਤ ਕਈ ਔਰਤਾਂ ਤਿੰਨ ਦਿਨ ਰਖਦੀਆਂ ਹਨ ਤੇ ਕਈ ਕੇਵਲ ਇਕੋ ਦਿਨ। ਵਰਤ ਦੇ ਖੋਲ੍ਹਣ ਸਮੇਂ ਬ੍ਰਾਹਮਣਾਂ ਨੂੰ ਫਲ ਤੇ ਹੋਰ ਵਸਤਾਂ ਭੇਟ ਕੀਤੀਆਂ ਜਾਂਦੀਆਂ ਹਨ।

## (ਬ-50) ਬੱਟਾ-ਸੱਟਾ :

ਵਿਆਹ ਦੀ ਇਕ ਕਿਸਮ, ਜਿਸ ਵਿਚ ਦੋਵੇਂ ਧਿਰਾਂ ਬਰਾਬਰ ਦੀ ਪੱਧਰ ਉਤੇ ਨਾਤਾ ਕਰਦੀਆਂ ਹਨ। ਇਕ ਧਿਰ ਦੂਜੇ ਧਿਰ ਦੇ ਮੁੰਡੇ ਲਈ ਆਪਣੀ ਧੀ ਦਾ ਰਿਸ਼ਤਾ ਦੇ ਕੇ ਵੱਟੇ ਵਿਚ ਆਪਣੇ ਮੁੰਡੇ ਲਈ ਦੂਜੇ ਧਿਰ ਦੀ ਧੀ ਲੈਂਦੇ ਹਨ। ਇਹ, ਦੋ ਪਰਵਾਰਾਂ ਵਿਚ ਵਿਆਹ ਬਾਰੇ ਇਕ ਤਰ੍ਹਾਂ ਦਾ ਸਮਝੌਤਾ ਹੈ।

ਪਛੜੀਆਂ ਜਾਤੀਆਂ ਵਿਚ, ਇਸ ਕਿਸਮ ਦੇ ਵਿਆਹ ਆਮ ਹਨ।

## (ਬ-51) ਬਟਾਲਾ :

ਜ਼ਿਲਾ ਗੁਰਦਾਸਪੁਰ ਵਿਚ ਇਕ ਨਗਰ, ਜਿਸ ਦੀ ਨੀਂਹ ਬਹਿਲੋਲ ਲੋਧੀ ਦੇ ਰਾਜ ਸਮੇਂ 1465 ਈ: ਵਿਚ ਇਕ ਭੱਟੀ ਰਾਜਪੂਤ ਰਾਇ ਰਾਮ ਦੇਉ ਨੇ ਰਖੀ। ਰਾਇ ਰਾਮ ਦੇਉ ਨੂੰ ਇਹ ਇਲਾਕਾ ਲਾਹੌਰ ਦੇ ਸੂਬੇ ਤਤਾਰ ਨੇ ਬਖ਼ਸ਼ਿਆ ਸੀ। ਇਸ ਸ਼ਹਿਰ ਨੂੰ ਵਸਾਣ ਲਈ ਜਿਹੜੀ ਥਾਂ ਪਹਿਲਾਂ ਚੁਣੀ ਗਈ ਸੀ ਉਹ ਅਸ਼ੁਭ ਹੋਣ ਕਰ ਕੇ ਛਡ ਦਿਤੀ ਗਈ ਅਤੇ ਜੋਤਸ਼ੀਆਂ ਦੇ ਕਹਿਣ ਉਤੇ ਪੁਰਾਣੀ ਭੋਇੰ ਦਾ ਨਵੀਂ ਭੋਇੰ ਨਾਲ ਤਬਾਦਲਾ ਕਰ ਲਿਆ ਗਿਆ। ਇਸ ਤੋਂ ਇਸ ਨਗਰ ਦਾ ਨਾਂ ਬਟਾਲਾ ਪਿਆ—ਬਟਾ (ਵਟਾ) ਤੋਂ ਬਟਾਲਾ।

ਰਾਇ ਰਾਮ ਦੇਉ ਮਗਰੋਂ ਲਾਹੌਰ ਦੇ ਸ਼ੇਖ ਮੁਹੰਮਦ ਕਾਦਰੀ ਦਾ ਚੇਲਾ ਬਣ ਗਿਆ ਤੇ ਉਸਨੇ ਇਸਲਾਮ

ਜੋ ਹੁਣ ਤਕ ਮੌਜੂਦ ਹੈ।

ਸਿੱਖ ਰਾਜ ਸਮੇਂ ਇਹ ਨਗਰ ਮਹਾਰਾਜਾ ਸ਼ੇਰ ਸਿ
ਜਗੀਰ ਵਜੋਂ ਮਿਲਿਆ ਤੇ ਉਸ ਨੇ ਇਥੇ ਇਕ
ਅਨਾਰਕਲੀ ਬਣਵਾਈ।

ਬਟਾਲਾ ਕਿਸੇ ਸਮੇਂ ਵਿਦਿਆ ਦਾ ਗੜ੍ਹ ਰਿਹਾ
ਤੇ ਇਸ ਨੂੰ ਬਟਾਲਾ ਸ਼ਰੀਫ਼ ਕਿਹਾ ਜਾਂਦਾ ਸੀ ਅਤੇ
ਸਯਦ ਮੁਹੰਮਦ ਫ਼ਜ਼ਲ ਜਿਲਾਨੀ ਨੇ ਮਦਰਸਾ ਖੋ
ਹੋਇਆ ਸੀ। ਪਰ ਮਗਰੋਂ ਬੰਦਾ ਬਹਾਦਰ ਨੇ ਇਸ
ਨੂੰ ਤਬਾਹ ਕਰ ਦਿਤਾ ਤੇ ਇਸ ਦਾ ਨਾਂ ਬਟਾਲਾ
ਪੈ ਗਿਆ (ਵੇਖੋ : ਗੁਰਦਾਸਪੁਰ ਗਜ਼ਟੀਅਰ)।

ਬਟਾਲੇ ਵਿਚ ਗੁਰੂ ਨਾਨਕ ਦੇਵ ਜੀ ਦੇ ਸਹੁਰੇ
ਅਤੇ ਉਨ੍ਹਾਂ ਦੇ ਵਿਆਹ ਦੀ ਯਾਦ ਵਿਚ ਇਥੇ
ਗੁਰਦਵਾਰਾ ਕੰਧ ਸਾਹਿਬ ਹੈ। ਗੁਰੂ ਨਾਨਕ ਦੇਵ ਜੀ
ਵਿਆਹ ਸਮੇਂ ਜਿਥੇ ਲਗਨ ਦਾ ਮੰਡਪ ਬਣਾਇਆ
ਉਸ ਦੇ ਨੇੜੇ ਇਕ ਕੱਚੀ ਕੰਧ ਸੀ। ਗੁਰੂ ਨਾਨਕ ਦੇ
ਨੂੰ ਕੰਧ ਦੀ ਓਟ ਵਿਚ ਬੈਠਾ ਵੇਖ ਇਕ ਵਡਿਕੀ ਨੇ
"ਵੇਖੀਂ ਪੁਤਰਾ ! ਕਦੀ ਕੰਧ ਡਿਗ ਨਾ ਪਏ।" ਗੁ
ਦੇ ਮੂੰਹੋਂ ਸਹਿਜੇ ਹੀ ਨਿਕਲ ਗਿਆ, "ਮਾਈ ਇਹ
ਰਹਿੰਦੀ ਦੁਨੀਆਂ ਤਕ ਖੜੀ ਰਹੇਗੀ।" ਪਾਕਿਸਤਾਨ
ਤੋਂ ਪਹਿਲਾਂ ਇਸ ਕੰਧ ਨਾਲ ਇਕ ਥੜਾ ਬਣਿਆ ਹੋ
ਸੀ ਜਿਥੇ ਸ਼ਰਧਾਲੂ ਜੋਤਾਂ ਜਗਾਂਦੇ ਤੇ ਮੰਨਤਾਂ ਮੰਨਦੇ
ਪਰ ਅਜ਼ਾਦੀ ਮਗਰੋਂ ਇਥੇ ਪੱਕਾ ਗੁਰਦਵਾਰਾ ਬਣਾ
ਗਿਆ ਹੈ। ਇਥੇ ਭਾਦਰੋਂ ਸੁਦੀ ਸਤਵੀਂ ਨੂੰ
ਲਗਦਾ ਹੈ।

ਬਟਾਲੇ ਵਿਚ ਭੰਡਾਰੀ ਤੇ ਪੁਰੀ ਬਰਾਦਰੀਆ
ਗੁਰੂ ਨਾਨਕ ਦੇਵ ਜੀ ਦੀ ਬੜੀ ਲਗਨ ਨਾਲ ਸੇਵਾ
ਜਿਸ ਤੇ ਪ੍ਰਸੰਨ ਹੋ ਕੇ ਗੁਰੂ ਜੀ ਨੇ ਵਰ ਦਿਤਾ ਕਿ ਭੰ
ਭਰੇ ਰਹਿਣਗੇ ਤੇ ਪੁਰੀ ਭਰਪੂਰ ਰਹਿਣਗੇ।

ਬਟਾਲੇ ਵਿਚ ਧਰਮੀ ਹਕੀਕਤ ਰਾਏ ਦੇ ਵੀ
ਸਨ ਅਤੇ ਉਨ੍ਹਾਂ ਦੀ ਪਤਨੀ ਲਖਸ਼ਮੀ ਬਾਈ ਸਤੀ
ਸਮਾਧ ਵੀ ਹੈ। ਇਥੇ ਬਸੰਤ ਪੰਚਮੀ ਨੂੰ ਭਾਰੀ
ਲਗਦਾ ਹੈ।

ਬਟਾਲੇ ਤੋਂ ਤਿੰਨ ਮੀਲ ਦੂਰ ਜਲੰਧਰ ਵਲ
ਵਾਲੀ ਸੜਕ ਉਤੇ ਅਚਲੇਸ਼ਵਰ ਦਾ ਪੁਰਾਣਾ ਤੀਰ

ਬਟੇਰੇ ਦਾ ਜ਼ਿਕਰ ਅਖਾਣਾਂ ਤੇ ਲੋਕ-ਕਹਾਣੀਆਂ ਵਿਚ ਵੀ ਆਉਂਦਾ ਹੈ।

**(ਬ-53) ਬਟੇਰੀ, ਬਟੇਹਰੀ** :

(ੳ) ਵਿਆਹ ਨਾਲ ਸਬੰਧਿਤ ਇਕ ਰਸਮ। ਪਹਾੜੀ ਇਲਾਕੇ ਵਿਚ ਢੁਕਾਉ ਪਿਛੋਂ ਜੰਞ ਰੋਟੀ ਖਾਂਦੀ ਹੈ ਤਾਂ ਲਾੜਾ ਅੱਧੀ ਰੋਟੀ ਖਾ ਕੇ, ਬਾਕੀ ਰੋਟੀ ਆਪਣੀ ਬਣਨ ਵਾਲੀ ਪਤਨੀ ਨੂੰ ਭੇਜ ਦੇਂਦਾ ਹੈ। ਇਸ ਰੋਟੀ ਨੂੰ 'ਬਟੇਰੀ' ਕਿਹਾ ਜਾਂਦਾ ਹੈ। ਬਟੇਰੀ ਸ਼ਬਦ ਵਟ (ਬਟ) ਤੋਂ ਬਣਿਆ ਹੈ, ਜਿਸਦਾ ਭਾਵ ਇਕ ਦੂਜੇ ਨਾਲ ਕੋਈ ਚੀਜ਼ ਵਟਾਣਾ ਹੈ।

(ਅ) ਜਦੋਂ ਜੰਞ ਕੰਨਿਆਂ ਪੱਖ ਦੇ ਪਿੰਡ ਪਹੁੰਚਦੀ ਹੈ ਤਾਂ ਸ਼ਾਮ ਨੂੰ ਕੰਨਿਆਂ ਦਾ ਪਿਉ ਕੁਝ ਕੱਚੀ ਰਸਦ ਤੇ ਮਠਿਆਈ ਜੰਞ ਲਈ ਭੇਜਦਾ ਹੈ। ਲਾੜਾ ਕੁਝ ਮਠਿਆਈ ਖਾ ਕੇ ਬਾਕੀ ਵਾਪਿਸ ਘਰ ਭੇਜਦਾ ਹੈ ਜੋ ਕੰਨਿਆਂ ਨੂੰ ਖਵਾਈ ਜਾਂਦੀ ਹੈ। ਇਸ ਰਸਮ ਨੂੰ ਬਟੇਰੀ ਕਹਿੰਦੇ ਹਨ।

(ੲ) ਮਹਾਨ ਕੋਸ਼ (640) ਅਨੁਸਾਰ ਖਤ੍ਰੀ ਆਦਿ ਜਾਤੀਆਂ ਵਿਚ ਰੀਤ ਹੈ ਕਿ ਵਿਆਹ ਹੋਣ ਤੋਂ ਪਹਿਲਾ ਜੰਞ ਨੂੰ ਘਰ ਬੁਲਾ ਕੇ ਰੋਟੀ ਨਹੀਂ ਖਵਾਉਂਦੇ। ਜਿਸ ਥਾਂ ਬਰਾਤ ਦਾ ਡੇਰਾ ਹੁੰਦਾ ਹੈ, ਉਥੇ ਹੀ ਭੋਜਨ ਦੀ ਸਾਰੀ ਸਾਮਗਰੀ ਭੇਜ ਦਿੰਦੇ ਹਨ। ਇਸ ਰਸਦ ਦਾ ਨਾਉਂ ਬੇਹ ਬਟੇਹਰੀ ਹੈ ਜਿਸ ਨੂੰ ਕਈ ਬਟੇਰੀ ਆਖਦੇ ਹਨ (ਉਹੀ 624)।

**(ਬ-54) ਬੱਤਰੀ** :

ਅੰਕਾਂ ਨਾਲ ਸੰਬੰਧਿਤ ਇਕ ਰੂੜ੍ਹੀ, ਜਿਸ ਦਾ ਆਧਾਰ ਮੂੰਹ ਵਿਚਲੇ ਬੱਤੀ ਦੰਦਾਂ ਤੋਂ ਹੋਇਆ। ਇਹ ਅੰਕ ਸੰਪੂਰਨਤਾ ਦਾ ਬੋਧਿਕ ਹੈ, ਸ਼ੁਭ ਗੁਣਾਂ ਵਾਲੇ ਨੂੰ 'ਬੱਤਰੀ ਸੁਲੱਖਣਾ' ਕਿਹਾ ਜਾਂਦਾ ਹੈ। ਮਾਂ ਦੇ ਦੁੱਧ ਦੀਆਂ ਬੱਤਰੀ ਧਾਰਾਂ ਮੰਨੀਆਂ ਜਾਂਦੀਆਂ ਹਨ, ਜਿਸ ਨੂੰ ਪੀਣ ਨਾਲ ਬੱਚਾ ਬੱਤਰੀ ਚੰਗੇ ਲਛਣ (ਗੁਣ) ਧਾਰਨ ਕਰਦਾ ਹੈ। ਬੱਤਰੀ ਮੁਕੰਮਲ ਸ਼ਖ਼ਸੀਅਤ ਦਾ ਪ੍ਰਤੀਕ ਹੈ।

**(ਬ-55) ਬੱਤਰੀ ਧਾਰਾਂ** :

ਮਾਂ ਦੇ ਦੁੱਧ ਦਾ ਬੋਧਿਕ ਹੈ। ਨਿਸਚਾ ਹੈ ਕਿ ਮਾਂ ਦੀ ਛਾਤੀ ਵਿਚ, ਦੁੱਧ ਬੱਤਰੀ ਧਾਰਾਂ ਦੇ ਰੂਪ ਵਿਚ ਵਗਦਾ ਹੈ

ਉਹ ਮਾਂ ਪ੍ਰਤੀ ਆਪਣੇ ਕਰਤਵ ਦੀ ਪੂਰੀ ਪਾ
ਕਰਦਾ ਤਾਂ ਉਸ ਨੂੰ ਬੱਤੀ ਧਾਰਾਂ ਬਖ਼ਸ਼ਵਾਣੀਆਂ
ਹਨ ਨਹੀਂ ਤਾਂ ਮਾਂ ਦਾ ਦੁੱਧ ਉਸ ਨੂੰ ਕਦੇ
ਕਰਦਾ।

**(ਬ-56) ਬੱਤੀ ਸੁਲੱਖਣਾ** :

ਸ਼ਾਸਤਰਾਂ ਅਨੁਸਾਰ ਇਸਤ੍ਰੀ ਪੁਰਸ਼ ਦੇ
32 ਹਨ। ਜਿਨ੍ਹਾਂ ਵਿਚ ਇਹ ਸਾਰੇ ਲੱਛਣ ਹੋਣ,
ਸੁਲੱਖਣਾ ਹੁੰਦਾ ਹੈ। ਸਕੰਦ ਪੁਰਾਣ ਦੇ ਕਾਂਸ਼ੀ
32 ਸੁਲੱਖਣ ਇਹ ਦਿਤੇ ਹਨ :

ਪੰਜ (ਨੇਤ੍ਰ, ਜਬਾੜੇ, ਨੱਕ, ਵੱਖੀ, ਭੁਜਾਂ) ਦੀਰ

ਪੰਜ (ਤ੍ਵਚਾ, ਕੇਸ, ਉਂਗਲੀਆਂ, ਦੰਦ,
ਦੀਆਂ ਗਠਾਂ) ਸੂਖਮ।

ਸੱਤ (ਹਥੇਲੀ, ਪੈਰ ਦੇ ਤਲੇ, ਅੱਖਾਂ ਦੇ ਕੋਏ,
ਜੀਭ, ਹੋਠ, ਨਹੁੰ,) ਲਾਲ।

ਛੇ (ਕਮਰ ਦੀ ਹੱਡੀ, ਪੇਟ ਪਸਲੀ, ਮੱਥੇ
ਉਪਰਲੇ ਪਾਸੇ, ਮੁਖ) ਉਚੇ।

ਤਿੰਨ (ਮੱਥਾ, ਛਾਤੀ, ਕਮਰ) ਵਿਸਤਾਰ ਵਾਲੇ

ਤਿੰਨ (ਗਰਦਨ, ਜੰਘਾਂ, ਲਿੰਗ) ਛੋਟੇ।

ਤਿੰਨ (ਸਵਰ ਨਾਭੀ, ਸੁਭਾਵ) ਗੰਭੀਰ।

**(ਬ-57) ਬੱਤੀਆਂ ਧੁਖਾਣੀਆਂ** :

ਪਕੜ ਵਾਲੇ ਪ੍ਰਾਣੀ ਵਿਚੋਂ, ਜਿੰਨ-ਭੂਤ ਕੱ
ਚੇਲੇ ਕਈ ਤਰ੍ਹਾਂ ਦੀਆਂ ਧੂਫਾਂ ਧੁਖਾਂਦੇ ਹਨ;
ਨਿਸਚਾ ਹੈ ਕਿ ਜਿੰਨ ਭੂਤ ਧੂੰਏਂ ਤੋਂ ਬਹੁਤ
ਤੇ ਜਿਥੇ ਮਹਿਕ ਵਾਲਾ ਧੂੰਆਂ ਹੋਵੇ ਉਥੇ
ਠਹਿਰਦੇ। ਧੂਫ ਧੁਖਾਉਣ ਦੀ ਇਸ ਕਿਰਿਆ ਨੂੰ
ਧੁਖਾਣਾ ਕਿਹਾ ਜਾਂਦਾ ਹੈ।

'ਗੱਟ ਤਾਅਵੀਜ਼ ਬੰਨ੍ਹਣ ਗਲ ਡੋਲ੍ਹੇ
ਬਤੀਆਂ ਕੋਲ ਧੁਖਾਉਣ' – ਸੈਫ ਮਲੂਕ।

**(ਬ-58) ਬਦਸੀਸ** :

ਕਿਸੇ ਦੇ ਮੂੰਹੋਂ ਨਿਕਲੀ ਬਦ-ਦੁਆ
ਲੋਕ-ਨਿਸਚੇ ਅਨੁਸਾਰ ਸ਼ਬਦ ਵਿਚ ਸਹਿਜ ਸ

'ਸ਼ਕੁੰਤਲਾ' ਵਿਚ ਵੀ ਬਦਸੀਸ ਨੂੰ ਕਥਾ-ਰੂੜ੍ਹੀ ਦੇ ਰੂਪ ਵਿਚ ਵਰਤਿਆ ਗਿਆ ਹੈ। ਸ਼ਕੁੰਤਲਾ ਜਦੋਂ ਆਪਣੇ ਪ੍ਰੇਮੀ ਦੁਸ਼ਯੰਤ ਦੇ ਖ਼ਿਆਲ ਵਿਚ ਮਗਨ, ਘਰ ਆਏ ਦੁਰਬਾਸ਼ਾ ਰਿਸ਼ੀ ਵਲ ਧਿਆਨ ਨਹੀਂ ਦੇਂਦੀ ਤਾਂ ਦੁਰਬਾਸ਼ਾ ਇਸ ਨੂੰ ਆਪਣੀ ਅਨਾਦਰੀ ਸਮਝ ਕੇ, ਸ਼ਕੁੰਤਲਾ ਨੂੰ ਬਦਸੀਸ ਦੇਂਦਾ ਹੈ ਕਿ ਜਿਸ ਪ੍ਰੇਮੀ ਦੇ ਧਿਆਨ ਵਿਚ ਤੂੰ ਮਗਨ ਹੈਂ, ਉਹ ਤੈਨੂੰ ਭੁਲ ਜਾਵੇਗਾ। ਮਗਰੋਂ ਸ਼ਕੁੰਤਲਾ ਦੀ ਸਖੀ ਦੇ ਖਿਮਾਂ ਮੰਗਣ ਤੇ ਯਾਚਨਾ ਕਰਨ 'ਤੇ ਦੁਰਬਾਸ਼ਾ ਨੇ ਇਹ ਬਦਸੀਸ ਨਰਮ ਕਰ ਦਿਤੀ ਤੇ ਕਿਹਾ ਕਿ ਪ੍ਰੇਮੀ ਨੂੰ ਆਪਣੀ ਦਿਤੀ ਨਿਸ਼ਾਨੀ ਵੇਖ ਕੇ ਸਾਰੀ ਗੱਲ ਯਾਦ ਆ ਜਾਵੇਗੀ। ਸ਼ਕੁੰਤਲਾ ਨਾਲ ਇਨ ਬਿਨ ਇੰਜ ਹੀ ਹੋਇਆ।

ਬਦਸੀਸ ਪੰਜਾਬ ਵਿਚ ਪ੍ਰਚਲਤ ਕਈ ਲੋਕ-ਕਹਾਣੀਆਂ ਦੀ ਕਥਾ-ਰੂੜ੍ਹੀ ਹੈ।

### (ਬ-59) ਬਦ-ਨਜ਼ਰ :

ਲੋਕਾਂ ਦਾ ਵਿਸ਼ਵਾਸ ਹੈ ਕਿ ਜੇ ਕੋਈ ਸ਼ਖ਼ਸ ਕਿਸੇ ਖ਼ੂਬਸੂਰਤ ਚੀਜ਼ ਵਲ, ਮੰਦੀ ਭਾਵਨਾ ਨਾਲ, ਇਕਾਗਰ ਹੋ ਕੇ ਦੇਖੇ ਤਾਂ ਉਸ ਦੀ ਮੰਦ ਭਾਵਨਾ ਦਾ ਬੁਰਾ ਅਸਰ, ਉਸ ਖ਼ੂਬਸੂਰਤ ਚੀਜ਼ ਉਤੇ ਜ਼ਰੂਰ ਪਏਗਾ। ਭਾਵੇਂ ਇਹ ਵਸਤੂ ਜੜ੍ਹ ਹੋਵੇ ਤੇ ਭਾਵੇਂ ਚੇਤਨ। ਨਜ਼ਰ ਵਿਚ ਇਕ ਸਹਿਜ ਸ਼ਕਤੀ ਹੁੰਦੀ ਹੈ, ਜੋ ਹਰ ਚੀਜ਼ ਉਤੇ ਜਿਸ 'ਤੇ ਉਹ ਟਿਕਦੀ ਹੈ, ਆਪਣਾ ਸ਼ੁਭ ਜਾਂ ਅਸ਼ੁਭ ਅਸਰ ਜ਼ਰੂਰ ਛਡਦੀ ਹੈ। ਨਜ਼ਰ ਦੇ ਅਸ਼ੁਭ ਅਸਰ ਨੂੰ ਬਦ ਨਜ਼ਰ ਕਹਿੰਦੇ ਹਨ।

ਬਦ ਨਜ਼ਰ ਦਾ ਆਧਾਰ ਈਰਖਾ, ਕੀਨਾ, ਸਾੜਾ ਆਦਿ ਮੰਨੇ ਜਾਂਦੇ ਹਨ, ਜਿਸ ਪ੍ਰਾਣੀ ਕੋਲ ਕਿਸੇ ਚੀਜ਼ ਦੀ ਅਣਹੋਂਦ ਹੈ, ਉਹ ਦੂਜਿਆਂ ਕੋਲ ਉਹਾ ਚੀਜ਼ ਵੇਖ ਕੇ ਸੜੇਗਾ। ਲੂਲ੍ਹੇ, ਲੰਙੜੇ ਤੇ ਕਾਣੇ ਖ਼ੁਦ ਸਰੀਰਕ ਤੌਰ ਤੇ ਹੀਣੇ ਹੁੰਦੇ ਹਨ ਤੇ ਜਿਨ੍ਹਾਂ ਨੂੰ ਕੁਦਰਤ ਨੇ ਪੂਰੇ ਅੰਗ ਦਿਤੇ ਹੋਏ ਹਨ, ਉਨ੍ਹਾਂ ਪ੍ਰਤੀ ਇਨ੍ਹਾਂ ਦਾ ਖੁਣਸ ਖਾਣਾ ਸੁਭਾਵਿਕ ਹੈ। ਇਸ ਲਈ ਇਨ੍ਹਾਂ ਦੀ ਨਜ਼ਰ ਬੜੀ ਛੇਤੀ ਲਗਦੀ ਹੈ। ਇਸੇ ਤਰ੍ਹਾਂ ਜਿਨ੍ਹਾਂ ਦੇ ਘਰ ਸੰਤਾਨ ਨਹੀਂ ਹੁੰਦੀ, ਉਹ ਦੂਜਿਆਂ ਦੇ ਘਰ ਬਾਲ ਖੇਡਦੇ ਵੇਖ ਕੇ ਖ਼ੁਸ਼ ਨਹੀਂ ਰਹਿੰਦੇ। ਤਾਂ ਹੀ ਤਾਂ ਕਹਿੰਦੇ ਹਨ ਕਿ 'ਔਤਰਿਆਂ ਨਖਤਰਿਆਂ' ਦੀ ਨਜ਼ਰ ਛੇਤੀ ਲਗਦੀ ਹੈ। ਸੋਹਣੀ ਚੀਜ਼ ਨੂੰ ਕਿਸੇ ਦੀ ਵੀ ਨਜ਼ਰ ਲਗ ਸਕਦੀ ਹੈ ਅਤੇ ਕਈ ਵਾਰ ਆਪਣੀ ਵੀ। ਮਨੁੱਖ ਜੀਵਨ

ਇਸ ਲਈ ਬੱਚੇ ਦੇ ਬਾਲ ਅਵਸਥਾ, ਕਿਸ਼ੋਰ ਅ... ਜਵਾਨੀ ਵਿਚ ਪੈਰ ਧਰਨ ਸਮੇਂ ਅਥਵਾ ਕੁੜਮਾ... ਦੇ ਵੇਲੇ, ਨਜ਼ਰ ਲਗਣ ਦਾ ਡਰ ਜ਼ਿਆਦਾ ... ਜੀਵਨ ਦੇ ਇਨ੍ਹਾਂ ਮੌਕਿਆਂ ਉਤੇ ਜੋ ਸੰਸਕਾਰ ਤੇ ਰੀਤਾਂ ... ਜਾਂਦੀਆਂ ਹਨ, ਉਨ੍ਹਾਂ ਦਾ ਇਕ ਮੰਤਵ ਬਦ-ਨ... ਬਚਣਾ ਹੈ।

ਬਦ-ਨਜ਼ਰ ਛੋਟੇ ਬੱਚਿਆਂ ਉਤੇ ਛੇਤੀ ਅਸ... ਹੈ ਕਿਉਂ ਜੋ ਬੱਚੇ ਦੀ ਆਤਮਾ ਕੋਮਲ ਹੁੰਦੀ ਹੈ... ਕੋਮਲ ਚੀਜ਼ ਰਤਾ ਜਿਤਨੀ ਠੋਹਕਰ ਲਗਣ ... ਜਾਂਦੀ ਹੈ, ਉਸੇ ਤਰ੍ਹਾਂ ਬੱਚੇ ਦੀ ਫੁੱਲ-ਆਤਮਾ ... ਤੱਤੀ ਵਾ ਨਾਲ ਛੇਤੀ ਕੁਮਲਾ ਜਾਂਦੀ ਹੈ।

ਬਦ-ਨਜ਼ਰ ਤੋਂ ਬਚਣ ਲਈ ਕਈ ਉਪ... ਕਿਉਂਜੋ ਨਜ਼ਰ ਦੀ ਜੜ੍ਹ ਕੀਨਾ-ਸਾੜਾ ਹੈ, ... ਸੌਖਾ ਢੰਗ ਇਹ ਹੈ ਕਿ ਜਿਸ ਚੀਜ਼ ਨੂੰ ਨਜ਼ਰ ... ਬਚਾਣਾ ਹੋਵੇ ਉਸ ਨੂੰ ਪਹਿਲਾਂ ਖ਼ੁਦ ਹੀ ਵਿਗਾ... ਜੇ ਬੱਚਾ ਸੋਹਣਾ ਹੈ ਜਾਂ ਕੋਈ ਪੁਸ਼ਾਕ ਪਹਿਨ ... ਪਿਆਰਾ ਲਗ ਰਿਹਾ ਹੈ, ਤਾਂ ਉਸ ਦੇ ਮੱਥੇ ਉ... ਦਾ ਨਿਸ਼ਾਨ ਲਗਾ ਦਿਉ। ਇਸ ਤਰ੍ਹਾਂ ਸੁੰਦ... ਭੰਗ ਹੋ ਜਾਵੇਗੀ ਤੇ ਨਜ਼ਰ ਨਹੀਂ ਲਗੇਗੀ। ... ਅਧੀਨ ਕਈ ਲੋਕ, ਜਿਨ੍ਹਾਂ ਦੇ ਘਰ ਸਹਿਕਦੀ ਸੰਤ... ਉਸ ਨੂੰ ਫਟੇ ਪੁਰਾਣੇ ਕਪੜੇ ਪਹਿਨਾ ਦੇਂਦੇ ਹ... ਵਾਰ ਬੱਚੇ ਦੇ ਨਾਂ ਅਜਿਹੇ ਰਖੇ ਜਾਂਦੇ ਹਨ ਕਿ ... ਦਾ ਧਿਆਨ ਆਪਣੇ ਵਲ ਨਾ ਖਿਚ ਸਕਣ। ਜਿ... ਮੰਗਤੂ ਤੇ ਫਕੀਰਾ ਆਦਿ। ਕਈ ਲੋਕ ਬਾਲ ਨੂੰ... ਵਾਲੇ ਕਪੜੇ ਪਹਿਨਾ ਦੇਂਦੇ, ਕਿਉਂ ਜੋ ਧਾਰ... ਛੋਟੀਆਂ ਕੁੜੀਆਂ ਨੂੰ ਨਜ਼ਰ ਨਹੀਂ ਲਗਦੀ। ... ਪਹਿਲੋਂ ਹੀ ਭਾਰੀਆਂ ਹੁੰਦੀਆਂ ਹਨ।

ਕਿਸੇ ਛੋਟੇ ਬੱਚੇ ਦੇ ਗੁਣਾਂ ਦੀ ਸਿਫ਼ਤ ... ਚੰਗੀ ਨਹੀਂ ਸਮਝੀ ਜਾਂਦੀ। ਇਸ ਨਾਲ ਵੀ ਨਜ਼ਰ ... ਹੈ। ਇਸ ਲਈ ਜਦੋਂ ਕੋਈ ਬੱਚੇ ਦੀ ਸਿਫ਼ਤ ... ਹੋਵੇ ਤਾਂ ਧਨੀ ਪੋਠੋਹਾਰ ਵਿਚ ਨਜ਼ਰ ਦੇ ਅਸਰ ਨੂੰ... ਕਰਨ ਲਈ, ਇਹ ਤੁਕ ਬੋਲ ਕੇ ਟੋਕ ਦਿਤਾ ... 'ਮੂੰਹ ਆ ਕਿ ਕਮੂੰਹ ਆ, ਅੱਡੀ ਪਿਛੇ ਗੂੰਹ ... ਜਿਤਨੀ ਤੂੰ ਪ੍ਰਸੰਸਾ ਕਰ ਰਿਹਾ ਹੈਂ, ਉਸੇ ਮਾਤ੍ਰਾ ... ਤੇਰੀ ਅੱਡੀ ਨਾਲ ਲਗ ਰਿਹਾ ਹੈ।

ਚਿੱਟੀ ਚੀਜ ਨੂੰ ਨਜਰ ਛੇਤੀ ਲਗਦੀ ਹੈ। ਦੁੱਧ ਦਹੀਂ ਨੂੰ ਨਜ਼ਰ ਤੋਂ ਬਚਾਣ ਲਈ ਕਈ ਸਵਾਣੀਆਂ ਦੁੱਧ ਵਿਚ ਕੋਈ ਕਾਲੀ ਚੀਜ਼; ਛੁਹਾਰਾ ਜਾਂ ਕੋਲਾ ਸੁਟ ਦੇਂਦੀਆਂ ਹਨ। ਕਈ ਹਲਵਾਈ ਵੀ ਦੁੱਧ ਦੀ ਕੜਾਹੀ ਵਿਚ ਕੋਲਾ ਪਾ ਦੇਂਦੇ ਹਨ।

ਨਵੇਂ ਬਣਾਏ ਮਕਾਨ ਨੂੰ ਨਜ਼ਰ ਤੋਂ ਬਚਾਣ ਲਈ, ਮਕਾਨ ਦੇ ਮੱਥੇ ਉਤੇ ਕਾਲੀ ਕੁੰਨੀ ਲਟਕਾ ਦਿਤੀ ਜਾਂਦੀ ਹੈ। ਕਈ ਵਾਰ ਕੁੰਨੀ ਉਪਰ ਨੱਕ, ਅੱਖ, ਕੰਨ ਬਣਾ ਕੇ ਤੇ ਹੇਠਲੇ ਹਿੱਸੇ ਨੂੰ ਰਤਾ ਕੁ ਤੋੜ ਕੇ, ਵਿਚੋਂ ਲਕੜੀ ਦੀ ਲਾਲ ਰੰਗ ਵਿਚ ਰੰਗੀ ਜੀਭ ਲਟਕਾ ਦੇਂਦੇ ਹਨ। ਇਹ ਕਾਲੀ ਮਾਈ ਦੀ ਮੂਰਤੀ ਬਣ ਜਾਂਦੀ ਹੈ। ਇਸ ਨਾਲ ਮਕਾਨ ਨੂੰ ਨਜ਼ਰ ਲਗਣ ਵਾਲੇ ਦੀ ਨਜ਼ਰ ਖੰਡਤ ਹੋ ਜਾਂਦੀ ਹੈ।

ਨਜ਼ਰ ਨੂੰ ਖੰਡਤ ਕਰਨ ਲਈ ਕਈ ਤੀਵੀਆਂ ਫੁੱਲਕਾਰੀ ਵਿਚ ਇਕ ਅੱਧ ਫੁੱਲ ਅਧੂਰਾ ਛਡ ਦੇਂਦੀਆਂ ਹਨ। ਇਸੇ ਤਰ੍ਹਾਂ ਕਢਾਈ ਦੇ ਕਈ ਹੋਰ ਕੰਮਾਂ ਵਿਚ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਰੂਪ ਦੀ ਇਕਸਾਰਤਾ ਭੰਗ ਹੋ ਜਾਣ ਕਾਰਨ, ਨਜ਼ਰ ਨਹੀਂ ਲਗਦੀ।

ਕਈ ਲੋਕ, ਨਜ਼ਰ ਤੋਂ ਬਚਣ ਲਈ ਬੱਚੇ ਦੇ ਗਲ ਵਿਚ ਘੋਗੇ, ਸਿਪੀਆਂ ਤੇ ਕੌਡੀਆਂ ਆਦਿ ਪਾ ਦੇਂਦੇ ਹਨ। ਸਮੁੰਦਰ ਦੇ ਵਿਸ਼ਾਲ ਤੇ ਰਹੱਸ ਰੂਪ ਹੋਣ ਕਰ ਕੇ ਉਸ 'ਚੋਂ ਨਿਕਲੇ ਘੋਗੇ-ਕੌਡੇ ਬਦ-ਨਜ਼ਰ ਨੂੰ ਦੂਰ ਰਖਦੇ ਹਨ। ਧਾਰਨਾ ਹੈ ਕਿ ਜੇ ਗਲ ਵਿਚ ਕੌਡੀ ਪਾਈ ਹੋਵੇ ਤਾਂ ਉਹ ਨਜ਼ਰ ਦੀ ਸਾਰੀ ਮੰਦ ਭਾਵਨਾ ਨੂੰ ਆਪਣੇ ਵਿਚ ਰਚਾ ਲੈਂਦੀ ਹੈ ਤੇ ਟੁਟ ਜਾਂਦੀ ਹੈ। ਕਈ ਗਹਿਣੇ ਵੀ ਮੁੱਢ ਵਿਚ ਬਦ-ਨਜ਼ਰ ਤੋਂ ਬਚਣ ਲਈ ਤਵੀਤ ਜਾਂ ਤਲਿਸਮ ਵਜੋਂ ਪਹਿਨੇ ਜਾਂਦੇ ਸਨ।

ਲੋਹਾ ਵੀ ਬਦ-ਨਜ਼ਰ ਨੂੰ ਦੂਰ ਰਖਦਾ ਹੈ।

ਕਈ ਬਾਣੀਏ ਆਪਣੇ ਘਰ ਦੇ ਵਿਹੜੇ ਵਿਚ ਜਾਂ ਦੁਕਾਨ ਅਗੇ, ਪਿੰਜਰੇ ਵਿਚ ਤੋਤਾ ਪਾ ਕੇ ਲਟਕਾ ਦੇਂਦੇ ਹਨ। ਇਸ ਤਰ੍ਹਾਂ, ਬਦ-ਨਜ਼ਰ ਪਹਿਲਾਂ ਤੋਤੇ ਉਤੇ ਪੈ ਜਾਣ ਨਾਲ ਘਰ ਦੇ ਜੀਆਂ ਜਾਂ ਦੁਕਾਨ ਉਤੇ ਕੋਈ ਅਸਰ ਨਹੀਂ ਕਰਦੀ। ਤੋਤਾ ਬਦ-ਨਜ਼ਰ ਨੂੰ ਆਪਣੇ ਵਿਚ ਜੀਰ ਲੈਂਦਾ ਹੈ।

## (ਬ-60) ਬੰਦਰ :

ਹਿੰਦੂ ਧਾਰਨਾ ਅਨੁਸਾਰ ਬੰਦਰ ਪਹਿਲਾਂ ... ਸਨ। ਇਨ੍ਹਾਂ ਨੇ ਸਿਮਰਨ ਤੇ ਤਪਸਿਆ ਦੁਆ... ਅਲੌਕਿਕ ਸ਼ਕਤੀਆਂ ਪ੍ਰਾਪਤ ਕਰ ਲਈਆਂ। ... ਮਗਰੋਂ ਇਹ ਸ਼ਕਤੀਆਂ ਆਪਣੀ ਤ੍ਰਿਸ਼ਨਾ ਦੀ ... ਮਾਨਵ ਜਾਤੀ ਨੂੰ ਨੁਕਸਾਨ ਪਹੁੰਚਾਣ ਲਈ ... ਜਿਸ ਕਰਕੇ ਇਨ੍ਹਾਂ ਨੂੰ ਪ੍ਰਮਾਤਮਾ ਨੇ ਦੰਡ ਦਿਤਾ ਤੇ ... ਦਾ ਰੂਪ ਅਰਧ-ਮਾਨਵ ਤੇ ਅਰਧ-ਪਸ਼ੂ ਦਾ ਰਿਹਾ ... ਸਿਮਰਨ ਕਰ ਕੇ ਇਹ ਮਨੁੱਖ ਵਰਗੇ ਰਹੇ ਪਰ ਪਾਪ... ਪਸ਼ੂਆਂ ਵਰਗੇ। ਇਸੇ ਲਈ ਜਿਹੜਾ ਸ਼ਖ਼ਸ ਤਪ... ਨੂੰ ਤ੍ਰਿਸ਼ਨਾ ਪੂਰਤੀ ਲਈ ਵਰਤਦਾ ਹੈ, ਉਸ ਬ... ਜਾਂਦਾ ਹੈ ਕਿ ਉਹ ਅਗਲੇ ਜਨਮ ਵਿਚ ਬੰਦਰ ... ਪਏਗਾ।

ਹਨੂਮਾਨ ਬੰਦਰਾਂ ਦਾ ਸਰਦਾਰ ਸੀ ਜਿਸ ਨੇ ... ਸੈਨਾ ਨਾਲ ਰਾਵਣ ਦੇ ਵਿਰੁਧ, ਰਾਮ ਚੰਦਰ ਦੀ ... ਸਹਾਇਤਾ ਕੀਤੀ। ਇਸੇ ਕਰਕੇ ਹਿੰਦੂਆਂ ਵਿਚ ... ਆਦਰ ਯੋਗ ਸਥਾਨ ਪ੍ਰਾਪਤ ਹੋਇਆ। ਹਿੰਦੂ... ਵਿਸ਼ਵਾਸ ਹੈ ਕਿ ਬੰਦਰਾਂ ਨੂੰ ਤੰਗ ਕਰਨ ਜਾਂ ਮਾਰ... ਹਨੂਮਾਨ ਦੀ ਕਰੋਪੀ ਤੋਂ ਬਚ ਨਹੀਂ ਸਕਦਾ ਤੇ... ਘਰ ਹਮੇਸ਼ਾ ਦੁਖ-ਦਲਿਦ੍ਰ ਰਹੇਗਾ।

ਜੇ ਕਿਸੇ ਕੰਮ ਦੇ ਸ਼ੁਰੂ ਕਰਨ ਵੇਲੇ ਬੰਦਰ ... ਦੇਵੇ ਤਾਂ ਉਹ ਕੰਮ ਸਫਲਤਾ ਨਾਲ ਸਿਰੇ ਚੜ੍ਹਦਾ ... ਜਾਂਦਾ ਹੈ। ਪਰ ਜੇ ਬੰਦਰ ਕਰੋਧ ਵਿਚ ਹੋਵੇ ਜਾਂ ... ਰਿਹਾ ਹੋਵੇ ਤਾਂ ਸਫਲਤਾ ਨਹੀਂ ਮਿਲਦੀ। ਬੰ... ਕਈ ਨੀਤੀ ਕਥਾਵਾਂ, ਪਰੀ ਕਥਾਵਾਂ, ਅਖਾਣ ਤੇ ... ਪ੍ਰਚਲਤ ਹਨ। ਬੰਦਰ ਵੰਡ ਮੁਹਾਵਰੇ ਦਾ ਆਧ... ਨੀਤੀ ਕਥਾ ਹੀ ਹੈ, ਜਿਸ ਵਿਚ ਇਕ ਬੰਦਰ ਮੁਨਸ... ਦੋ ਬਿੱਲੀਆਂ ਵਿਚ ਰੋਟੀ ਵੰਡਦਾ ਹੈ ਤੇ ਬਹਾ... ਤੋੜ ਤੋੜ ਕੇ ਸਾਰੀ ਰੋਟੀ ਖੁਦ ਹੀ ਖਾ ਜਾਂਦਾ ਹੈ।

ਬੰਦਰ ਦਾ ਤਮਾਸ਼ਾ ਲੋਕਾਂ ਦੇ ਮਨੋਰੰਜਨ ... ਰਿਹਾ ਹੈ। ਮਦਾਰੀ ਡੁਗਡੁਗੀ ਵਜਾ ਕੇ ਬੰਦਰ ਤੇ... ਨੂੰ ਨਚਾਂਦਾ ਤੇ ਉਨ੍ਹਾਂ ਦਾ ਵਿਆਹ ਰਚਾ ਕੇ ਲੋਕਾਂ ... ਪਰਚਾਂਦਾ ਹੈ।

## (ਬ-61) ਬਦਰੂਹ :

(ੳ) ਭੂਤ, ਪ੍ਰੇਤ ਚੁੜੇਲ ਆਦਿ ਜੋ ਲੋਕਾਂ ... ਦੇਂਦੇ ਹਨ। ਨਿਸ਼ਚਾ ਹੈ ਕਿ ਜਿਸ ਪ੍ਰਾਣੀ ...

ਬਦਰੂਹਾਂ ਗਰਭ ਦੇ ਦਿਨਾਂ ਵਿਚ, ਕੱਚਾ ਬੱਚਾ ਖਾ ਜਾਂਦੀਆਂ ਹਨ। ਇਸ ਲੋਕ-ਵਿਸ਼ਵਾਸ ਤੋਂ ਬਚਾਉ ਲਈ ਗਰਭਵਤੀ ਇਨ੍ਹੀਂ ਦਿਨੀਂ ਆਪਣੇ ਪੱਲੇ ਦੀ ਗੰਢ ਨਾਲ ਕੁਝ ਅੰਨ ਦੇ ਦਾਣੇ ਬੰਨ੍ਹ ਕੇ ਰਖਦੀ ਹੈ ਕਿਉਂ ਜੋ ਬਦਰੂਹਾਂ ਕੱਚੇ ਅੰਨ ਦੇ ਨੇੜੇ ਨਹੀਂ ਢੁਕਦੀਆਂ। ਪ੍ਰਸੂਤ ਦੇ ਦਿਨਾਂ ਵਿਚ ਬਦਰੂਹਾਂ ਤੋਂ ਰਖਿਆ ਲਈ ਚਿਲੇ ਵਾਲੇ ਕਮਰੇ ਵਿਚ, ਜੋਤ ਜਗਾਈ ਰਖਦੇ ਹਨ। ਕੁਝ ਅੰਨ ਕੁੰਭ ਦੀ ਛੂਟੀ ਉਤੇ ਰਖਦੇ ਹਨ। ਹੋਰ ਪਕਿਆਈ ਲਈ ਬੱਚੇ ਦੇ ਸਿਰਹਾਣੇ ਲੋਹੇ ਦੀ ਛੁਰੀ ਰਖ ਦੇਂਦੇ ਹਨ। ਬਦਰੂਹਾਂ ਲੋਹੇ ਦੀ ਧਾਤ ਦੇ ਨੇੜੇ ਨਹੀਂ ਢੁਕਦੀਆਂ।

ਵਿਆਹ ਦੀ ਰਸਮ ਵੇਲੇ ਬਦਰੂਹਾਂ ਦਾ ਡਰ ਰਹਿੰਦਾ ਹੈ, ਇਸ ਲਈ ਵਿਆਹ ਤੋਂ ਕੁਝ ਦਿਨ ਪਹਿਲਾਂ ਵਰ/ਕੰਨਿਆਂ ਨੂੰ ਇਕੱਲਾ ਨਹੀਂ ਛਡਿਆ ਜਾਂਦਾ, ਉਨਾਂ ਦੇ ਨਾਲ ਸਬਾਲੇ/ਸਬਾਲੀਆਂ ਰਹਿੰਦੇ ਹਨ। ਇਨ੍ਹਾਂ ਦਿਨਾਂ ਵਿਚ ਵਰ ਤੇ ਕੰਨਿਆਂ ਮੈਲੇ ਕਪੜੇ ਪਾਈ ਰਖਦੇ ਹਨ ਤਾਂ ਜੋ ਬਦਰੂਹਾਂ ਦਾ ਉਨ੍ਹਾਂ ਵਲ ਧਿਆਨ ਨਾ ਜਾਵੇ। ਘੋੜੀ ਚੜ੍ਹਨ ਵੇਲੇ ਦੂਲ੍ਹਾ ਆਪਣੇ ਕੋਲ ਤਲਵਾਰ ਜਾਂ ਛੁਰੀ ਰਖਦਾ ਹੈ।

ਲੋਕ-ਨਿਸਚੇ ਅਨੁਸਾਰ ਬਦਰੂਹਾਂ, ਜੰਗਲਾਂ, ਉਜਾੜਾਂ ਤੇ ਉਜੜੇ ਖੋਲਿਆਂ ਵਿਚ ਰਹਿੰਦੀਆਂ ਹਨ, ਆਮ ਤੌਰ ਤੇ ਇਨ੍ਹਾਂ ਦਾ ਨਿਵਾਸ ਸਥਾਨ ਦਰਖ਼ਤਾਂ 'ਤੇ ਹੁੰਦਾ ਹੈ। ਇਨ੍ਹਾਂ ਥਾਵਾਂ ਤੋਂ ਇਕਲਿਆਂ ਲੰਘਣ ਵੇਲੇ ਸਾਵਧਾਨੀ ਵਰਤਣੀ ਚਾਹੀਦੀ ਹੈ। ਰਾਤ ਵੇਲੇ ਬਿਰਛਾਂ ਬੂਟਿਆਂ ਦੇ ਪੱਤੇ ਇਸ ਲਈ ਨਹੀਂ ਤੋੜਨੇ ਚਾਹੀਦੇ ਕਿ ਉਨ੍ਹਾਂ ਉਤੇ ਬਿਸਰਾਮ ਕਰ ਰਹੀਆਂ ਬਦਰੂਹਾਂ ਚਿੜ੍ਹ ਜਾਣ ਕਰ ਕੇ ਪਰੇਸ਼ਾਨ ਕਰਦੀਆਂ ਹਨ।

ਬਦਰੂਹਾਂ ਦਾ ਪਰਛਾਵਾਂ ਪਿਆ ਚੰਗਾ ਨਹੀਂ ਹੁੰਦਾ। ਜੇ ਕਿਸੇ ਉਤੇ ਬਦਰੂਹ ਦਾ ਪਰਛਾਵਾਂ ਪੈ ਜਾਵੇ ਤਾਂ ਉਹ ਸੁਕ ਸੁਕ ਕੇ ਮਰਦਾ ਹੈ। ਕਈ ਵਾਰ ਬਦਰੂਹਾਂ ਕਿਸੇ ਪ੍ਰਾਣੀ ਦੇ ਸਰੀਰ ਵਿਚ ਦਾਖ਼ਲ ਹੋ ਕੇ ਉਸ ਦੇ ਸਰੀਰ 'ਤੇ ਕਬਜ਼ਾ ਕਰ ਲੈਂਦੀਆਂ ਹਨ। ਇਸ ਕਿਰਿਆ ਨੂੰ 'ਪਕੜ' ਕਹਿੰਦੇ ਹਨ (ਵੇਖੋ : ਪਕੜ)।

ਚੇਲੇ ਸੋਂਗੀ ਆਦਿ ਜਾਦੂ ਟੂਣੇ ਦੇ ਕਰਮ ਕਾਂਡਾਂ ਦੁਆਰਾ ਸਰੀਰ ਜਾਂ ਪੱਕੀ ਥਾਂ ਤੋਂ ਬਦਰੂਹਾਂ ਨੂੰ ਬਾਹਰ ਕਢਦੇ ਮੰਨੇ ਜਾਂਦੇ ਹਨ।

(ਅ) ਲੋਕਾਂ ਦਾ ਵਿਸ਼ਵਾਸ ਹੈ ਕਿ ਜਿਹੜੇ ਪ੍ਰਾਣੀ

ਚਾਹੀਦਾ ਹੈ ਤੇ ਨਾਲ ਹੀ ਇਨ੍ਹਾਂ ਨੂੰ ਪ੍ਰਸੰਨ
ਚਾਹੀਦਾ ਹੈ।

ਇਨ੍ਹਾਂ ਬਦਰੂਹਾਂ ਵਿਚ ਸਭ ਤੋਂ ਵਧ ਖ਼ਤਰਨ
ਪ੍ਰਾਣੀ ਹੁੰਦੇ ਹਨ, ਜੋ ਸੰਸਾਰ ਤੋਂ ਔਂਤਰੇ ਨਖਤਰੇ ਮ
ਹਨ। ਇਨ੍ਹਾਂ ਨੂੰ ਅਗਲੇ ਜਹਾਨ ਵਿਚ ਢੋਈ ਨਹੀਂ ਮਿ
ਇਨ੍ਹਾਂ ਨੇ ਭਾਵੇਂ ਕਿਤਨੇ ਨੇਕ ਕਰਮ ਕਿਉਂ ਨਾ ਕੀ
'ਪੁ' ਨਾਂ ਦਾ ਨਰਕ ਤਰ ਕੇ ਸਵਰਗ ਲੋਕ ਵਿਚ
ਪੁਜ ਸਕਦੇ। ਇਸ ਲਈ ਉਨ੍ਹਾਂ ਦੀਆਂ ਰੂਹਾਂ
ਉਤੇ ਭਟਕਦੀਆਂ ਰਹਿੰਦੀਆਂ ਹਨ ਤੇ ਉਹ ਦੂ
ਪੁੱਤਰਾਂ ਨੂੰ ਮਾਰ ਕੇ, ਉਨ੍ਹਾਂ ਦੀਆਂ ਕੁੱਲਾਂ ਦਾ
ਨਾਸ ਕਰਨਾ ਚਾਹੁੰਦੀਆਂ ਹਨ। ਇਸ ਲਈ ਕ
ਵਿਚ ਬਾਹਰਵਾਰ ਇੱਟਾਂ ਦਾ ਨਿੱਕਾ ਜਿਹਾ ਥੜਾ
ਉਸ ਉਤੇ ਕਈ ਨਿੱਕੇ ਨਿੱਕੇ ਚੋਰਸ ਖ਼ਾਨੇ ਬਣ
ਹਨ ਜਿਨ੍ਹਾਂ ਵਿਚ ਦੀਵੇ ਬਾਲੇ ਜਾਂਦੇ ਹਨ। ਥੜੇ
ਤੇ ਹੋਰ ਵਸਤਾਂ ਭੇਟਾਂ ਵਜੋਂ ਰਖੀਆਂ ਜਾਂਦੀਆਂ
ਇਹ ਥਾਂ ਪਿੰਡ ਵਿਚ ਔਂਤਰੇ-ਨਖਤਰੇ ਮਰ ਗਏ
ਨਾਲ ਸਬੰਧਿਤ ਹੁੰਦੀ ਹੈ। ਕਈ ਮਾਵਾਂ ਚਾਂਦੀ ਦਾ
ਭੇਟਾ ਕਰ ਕੇ, ਉਸ ਨੂੰ ਬੱਚੇ ਦੇ ਗਲ ਵਿਚ ਉ
ਲਟਕਾਈ ਰਖਦੀਆਂ ਹਨ, ਜਦੋਂ ਤਕ ਉਹ ਵੱਡ
ਹੋ ਜਾਂਦਾ।

ਸੌਂਕਣ ਦੀ ਰੂਹ ਵੀ, ਬੜੀ ਖੋਰੀ ਤੇ ਖ਼ੁਣ
ਗਿਣੀ ਜਾਂਦੀ ਹੈ। ਜੇ ਉਸ ਦਾ ਪਤੀ ਦੂਜਾ ਵਿਆ
ਲਏ ਤਾਂ ਉਹ ਆਪਣੇ ਪਤੀ ਤੇ ਉਸ ਦੀ ਨਵੀਂ
ਹਾਨੀ ਪਹੁੰਚਾਣ ਦੇ ਯਤਨ ਵਿਚ ਰਹਿੰਦੀ ਹੈ। ਇ
ਨਵੀਂ ਵਹੁਟੀ ਆਪਣੇ ਗਲ ਵਿਚ ਸੌਂਕਣ-ਮੋਹਰਾ
ਰਖਦੀ ਹੈ, ਜਿਸ ਉਤੇ ਮਰ ਗਈ ਸੌਂਕਣ ਦਾ
ਉਕਰਿਆ ਹੁੰਦਾ ਹੈ। ਉਹ ਜਦ ਤਕ ਜਿਉਂਦੀ
ਸੌਂਕਣ-ਮੋਹਰਾ ਗਲ ਵਿਚ ਪਾਈ ਰਖਦੀ ਹੈ।

ਜਿਹੜੇ ਪ੍ਰਾਣੀ ਅਚਨਚੇਤ ਵਾਪਰੀ ਕਿਸੇ ਦੁਰਘਟ
ਮਰ ਜਾਂਦੇ ਹਨ,ਉਨ੍ਹਾਂ ਦੀਆਂ ਰੂਹਾਂ ਵੀ ਭਟਕਦੀਆਂ ਰ
ਹਨ ਤੇ ਕਈ ਵਾਰ ਹਾਨੀ ਪਹੁੰਚਾਂਦੀਆਂ ਹਨ। ਅ
ਰੂਹਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੀ ਯਾਦ ਵਿ
ਢੇਰੀ, ਚੂਰਾ ਜਾਂ ਕੋਈ ਥੜਾ ਆਦਿ ਬਣਾਉਣ
ਸਮਝਿਆ ਜਾਂਦਾ ਹੈ।

ਬੜੇ ਕਹਿਰਾਂ ਦੀ ਗਰਮੀ ਪਈ। ਸਾਰੀ ਧਰਤੀ ਤਾਂਬੇ ਵਾਂਗ ਤੱਪਣ ਲਗੀ। ਬਨਸਪਤੀ ਝੁਲਸ ਗਈ, ਰਿਸ਼ੀ ਖੁਲ੍ਹੇ ਆਕਾਸ਼ ਹੇਠ ਪਹਿਲਾਂ ਵਾਂਗ ਹੀ ਬੈਠਾ ਘੋਰ ਤਪਸਿਆ ਕਰਦਾ ਰਿਹਾ। ਗਰਮੀ ਨਾਲ ਉਸ ਦਾ ਸਾਰਾ ਸਰੀਰ ਲੂਠਿਆ ਗਿਆ। ਗੋਦੜੀ ਤੋਂ ਇਹ ਕਹਿਰ ਜਰਿਆ ਨਾ ਗਿਆ ਤੇ ਬੱਦਲਾਂ ਦਾ ਰੂਪ ਧਾਰ ਕੇ ਸੂਰਜ ਅਗੇ ਜਾ ਖਲੋਤੀ। ਉਸੇ ਪਲ ਸੂਰਜ ਦੀ ਤਪਸ਼ ਘਟ ਗਈ। ਉਦੋਂ ਤੋਂ ਇਹ ਗੋਦੜੀ ਆਕਾਸ਼ ਮੰਡਲ ਵਿਚ ਬੱਦਲਾਂ ਦਾ ਰੂਪ ਧਾਰ ਕੇ ਉਡਦੀ ਰਹਿੰਦੀ ਹੈ। ਪੰਜਾਬੀ ਵਿਚ ਸਭ ਤੋਂ ਵਧ ਅਖਾਣ ਬੱਦਲਾਂ ਬਾਰੇ ਹਨ : ਮੀਂਹ ਨਾ ਵਰ੍ਹੇ ਤਾਂ ਫਸਲਾਂ ਨਹੀਂ ਉਗਦੀਆਂ ਤੇ ਕਹਿਰ ਪੈਂਦਾ ਹੈ।

### (ਬ-63) **ਬੰਦੀ-ਛੋੜ** :

ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਜੀ ਦੀ ਇਕ ਉਪਾਧੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਲਈਆਂ ਸਨ। ਜਹਾਂਗੀਰ ਨੂੰ ਉਨ੍ਹਾਂ ਦੀ ਸਰਦਾਰੀ ਵਿਚ ਇਕ ਸ਼ਕਤੀਸ਼ਾਲੀ ਸਿੱਖ ਸੰਗਠਨ ਉਭਰਦਾ ਨਜ਼ਰ ਆਇਆ ਤੇ ਉਸ ਨੇ ਗੁਰੂ ਜੀ ਨੂੰ ਦਿੱਲੀ ਸੱਦ ਕੇ ਪਿਛੋਂ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿਤਾ। ਜਿਥੇ 52 ਰਾਜੇ, ਜੋ ਜਹਾਂਗੀਰ ਦੀ ਅਧੀਨਤਾ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ, ਕੈਦ ਸਨ। ਮਗਰੋਂ ਜਦੋਂ ਜਹਾਂਗੀਰ ਨੇ ਆਪਣੀ ਗ਼ਲਤੀ ਨੂੰ ਅਨੁਭਵ ਕੀਤਾ ਤਾਂ ਉਸ ਨੇ ਗੁਰੂ ਹਰਿਗੋਬਿੰਦ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿਤਾ। ਪਰ ਗੁਰੂ ਜੀ ਉਦੋਂ ਤਕ ਰਿਹਾਅ ਹੋਣ ਲਈ ਤਿਆਰ ਨਹੀਂ ਸਨ, ਜਦੋਂ ਤਕ ਗਵਾਲੀਅਰ ਦੇ 52 ਰਾਜੇ ਕੈਦੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਸੋ, ਜਹਾਂਗੀਰ ਨੇ ਆਗਿਆ ਦੇ ਦਿਤੀ ਕਿ ਜੋ ਰਾਜਾ ਗੁਰੂ ਹਰਿਗੋਬਿੰਦ ਜੀ ਦੇ ਕੁੜਤੇ ਦੀ ਚੋਲੀ ਫੜੇ ਉਸ ਨੂੰ ਵੀ ਰਿਹਾਅ ਕਰ ਦਿਤਾ ਜਾਵੇ। ਗੁਰੂ ਜੀ ਨੇ ਸਭ ਰਾਜਿਆਂ ਦੀ ਰਿਹਾਈ ਲਈ 52 ਕਲੀਆਂ ਵਾਲਾ ਚੋਲਾ ਪਹਿਨਿਆ ਤੇ ਸਭ ਰਾਜੇ ਇਕ ਇਕ ਕਲੀ ਫੜ ਕੇ ਬੰਦੀਖ਼ਾਨੇ ਵਿਚੋਂ ਬਾਹਰ ਨਿਕਲ ਆਏ। ਉਦੋਂ ਤੋਂ ਗੁਰੂ ਹਰਿਗੋਬਿੰਦ ਜੀ ਨੂੰ 'ਬੰਦੀ ਛੋੜ' ਕਿਹਾ ਜਾਣ ਲਗਾ। ਗੁਰੂ ਜੀ ਜਦੋਂ ਅੰਮ੍ਰਿਤਸਰ ਵਾਪਸ ਪਹੁੰਚੇ ਤਾਂ ਉਹ ਦੀਵਾਲੀ

ਬਲਦਾ ਰਹਿੰਦਾ ਹੈ।

### (ਬ-64) **ਬਦੂ** :

ਮੁਸਲਮਾਨਾਂ ਦੀ ਇਕ ਖ਼ਾਨਾਬਦੋਸ਼
ਦੇਸ਼ ਵੰਡ ਤੋਂ ਪਹਿਲਾਂ ਸਤਲੁਜ ਤੇ ਬਿਆਸ
ਵਿਚ ਦਰਿਆ ਦੇ ਨੇੜੇ ਟੱਪਰੀਆਂ ਵਿਚ ਰ
ਇਹ ਬਦੂ ਇਮਾਮ ਸ਼ਾਫ਼ੀ ਦੇ ਪੈਰੋਕਾਰ ਹਨ।
ਕਿ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ
ਇਮਾਮ ਅਜ਼ਮ, ਇਮਾਮ ਹਮੀਲ, ਇਮਾਮ
ਬਦੂਆਂ ਦਾ ਵਡਿਕਾ ਸ਼ੇਖ਼ ਧਮਾਰ ਸਭ ਇਮਾ
ਅਨੁਯਾਈ ਸਨ। ਇਕ ਵਾਰ ਸ਼ੇਖ਼ ਧਮਾਰ ਨੇ ਇ
ਮਾਰਿਆ, ਤ੍ਰਿੰਨਾਂ ਭਰਾਵਾਂ ਨੇ ਇਸ ਨੂੰ ਬੁਰਾ ਸਮ
ਇਮਾਮ ਸ਼ਾਫ਼ੀ ਨੇ ਇਸ ਨੂੰ ਹਲਾਲ ਦਸਿਆ,
ਨੇ ਕਛੂਕੰਮੇ ਨੂੰ ਪਕਾ ਕੇ ਖਾ ਲਿਆ। ਜਿਸ
ਇਮਾਮਾਂ ਨੇ ਉਸ ਨੂੰ ਬਦ ਕਿਹਾ। ਇਸੇ ਤੋਂ
ਦੀ ਵੰਸ਼ ਬਦੂ ਅਖਵਾਈ। ਭਾਵੇਂ ਬਦੂਆਂ ਵਿ
ਰਵਾਇਤ ਪ੍ਰਚਲਤ ਹੈ, ਪਰ ਇਤਿਹਾਸਕ
ਨਹੀਂ ਜਾਪਦੀ। ਕਿਉਂ ਜੋ ਚਾਰੇ ਇਮਾਮ ਭਰਾ
ਤੇ ਨਾ ਹੀ ਹਜ਼ਰਤ ਮੁਹੰਮਦ ਦੇ ਸਮਕਾਲੀ ਸਨ
2,33)।

ਬਦੂ ਕਛੂਕੰਮੇ, ਮਗਰਮੱਛ ਤੇ ਡੱਡੂ ਦਾ ਮਾਸ
ਮੁਸਲਮਾਨ ਇਨ੍ਹਾਂ ਨੂੰ ਅਛੂਤ ਸਮਝਦੇ ਹਨ। ਇ
ਲੋਕ ਤੀਲਾਂ ਦੀਆਂ ਪੱਛੀਆਂ ਟੋਕਰੇ ਆਦਿ ਬ
ਕੁਝ ਬੰਸਰੀਆਂ ਬਣਾਉਂਦੇ ਹਨ। ਇਨ੍ਹਾਂ ਵਿਚ
ਭਰਾਵਾਂ ਭੈਣਾਂ ਵਿਚ ਵਿਆਹ ਨਹੀਂ ਹੁੰਦਾ।
ਇਕ ਅਖਾਣ ਹੈ : 'ਮਕੇ ਦੇ ਰਾਹ ਬਦੂ'।

### (ਬ-65) **ਬੱਧਣ**।

ਗੁੜਗਾਵਾਂ ਦੇ ਮਿਊ ਜਾਤੀ ਵਿਚ ਪ੍ਰਚਲਤ
ਬਰਾਤ ਦੇ ਢੁਕਣ ਤੋਂ ਅਗਲੇ ਦਿਨ, ਦੁਪਹਿਰ
ਦੁਲ੍ਹਨ ਦੇ ਤਿੰਨ-ਚਾਰ ਅੰਗਾਂ ਸਾਕਾਂ, ਆ
ਚਾਚੇ ਤਾਏ ਨੂੰ ਨਾਲ ਲੈ ਕੇ ਬਰਾਤ ਦੇ ਠਹਿ
ਥਾਂ ਆਉਂਦਾ ਹੈ। ਉਥੇ ਦੁਲ੍ਹਨ ਪੱਖ ਦੇ ਕਈ
ਇਕਠੇ ਹੁੰਦੇ ਹਨ ਤੇ ਦੂਲ੍ਹੇ ਦਾ ਪਿਉ ਉਨ੍ਹਾਂ ਨੂੰ

ਗਲ ਵਿਚ ਬੰਨ੍ਹਿਆ ਜਾਂਦਾ ਹੈ। ਇਹ ਧਾਗਾ ਬੰਨ੍ਹਣ ਤੋਂ ਪਹਿਲਾਂ ਹਿੰਦੂ ਗਾਇਤ੍ਰੀ ਦਾ ਪਾਠ ਕਰਦੇ ਤੇ ਸੰਕਲਪ ਕਰਦੇ ਹਨ ਤੇ ਜਦੋਂ ਤਕ ਬਚਨ ਪੂਰਾ ਨਹੀਂ ਹੋ ਜਾਂਦਾ, ਇਸ ਨੂੰ ਖੋਲਦੇ ਨਹੀਂ।

(ਬ-67) **ਬਧਾਵਾ, (ਵਧਾਵਾ)** :

ਇਕ ਗਹਿਣਾ, ਜੋ ਕਿਸੇ ਸੁੱਖੀ ਸੁਖਣਾ ਪੂਰੀ ਕਰਨ ਲਈ ਬੱਚੇ ਦੇ ਗਲ ਵਿਚ ਪਾਇਆ ਜਾਂਦਾ ਹੈ। ਨਿਰਸੰਤਾਨ ਤੀਵੀਆਂ ਬੱਚੇ ਦੇ ਜੰਮਣ ਤੇ ਉਸ ਦੇ ਗਲ ਬਧਾਵਾ ਪਾਉਣ ਦੀ ਮੰਨਤ ਸੁਖਦੀਆਂ ਹਨ। ਬਧਾਵਾ ਇਕ ਤਰ੍ਹਾਂ ਦੀ ਚਾਂਦੀ ਦੀ ਹਸਲੀ ਹੁੰਦੀ ਹੈ, ਜੋ ਹਰ ਸਾਲ ਨਵੇਂ ਬੱਚੇ ਦੇ ਗਲ ਵਿਚ ਪਾਈ ਜਾਂਦੀ ਹੈ। ਕਈ ਤਾਂ ਹਮੇਲ ਤੋਂ ਹੀ ਕੰਮ ਸਾਰ ਲੈਂਦੇ ਹਨ ਤੇ ਹਰ ਸਾਲ ਹਮੇਲ ਵਿਚ ਇਕ ਰੁਪਿਆ ਹੋਰ ਜੜਵਾ ਲਿਆ ਜਾਂਦਾ ਹੈ। ਜਦੋਂ ਬੱਚਾ ਸੱਤਾਂ, ਦਸਾਂ ਜਾਂ ਬਾਰਾਂ ਸਾਲਾਂ ਦਾ ਹੁੰਦਾ ਹੈ ਤਾਂ ਸਾਰੀਆਂ ਹਸਲੀਆਂ/ਹਮੇਲਾਂ ਨੂੰ ਉਤਾਰ ਕੇ ਵੇਚ ਦਿਤਾ ਜਾਂਦਾ ਹੈ ਤੇ ਇਹ ਰੁਪਏ ਖ਼ੈਰਾਤ ਦੇ ਤੌਰ 'ਤੇ ਗ਼ਰੀਬਾਂ ਵਿਚ ਵੰਡ ਦਿਤੇ ਜਾਂਦੇ ਹਨ।

ਮੁਸਲਮਾਨਾਂ ਵਿਚ ਬਧਾਵਾ 'ਸਫਰ' ਮਹੀਨੇ ਦੇ ਅਖੀਰਲੇ ਬੁਧਵਾਰ ਨੂੰ ਬੱਚੇ ਦੇ ਗਲ ਪਹਿਨਾਇਆ ਜਾਂਦਾ ਹੈ। ਤੇ ਫਿਰ ਹਰ ਸਾਲ ਇਸੇ ਦਿਨ ਉਸ ਵਿਚ ਵਾਧਾ ਕੀਤਾ ਜਾਂਦਾ ਹੈ। ਬਧਾਵੇ ਦੇ ਕਈ ਹੋਰ ਨਾਂ ਵੀ ਹਨ। ਅੰਮ੍ਰਿਤਸਰ ਦੇ ਮੁਸਲਮਾਨ ਇਸ ਨੂੰ 'ਬਧਾਵਾ ਪੀਰ ਸਾਹਿਬ' ਕਹਿੰਦੇ ਹਨ। ਜੇ ਬਧਾਵਾ ਦਸਵੇਂ ਸਾਲ ਉਤਾਰਿਆ ਜਾਵੇ ਤਾਂ ਇਸ ਨੂੰ 'ਦਸੌਂਧ' ਕਹਿੰਦੇ ਹਨ।

ਬਧਾਵੇ ਬਾਰੇ ਭਿੰਨ ਭਿੰਨ ਇਲਾਕਿਆਂ ਵਿਚ ਸਥਾਨਕ ਰਵਾਜ ਹਨ ਸਿਆਲਕੋਟ ਤੇ ਬਹਾਵਲਪੁਰ ਵਿਚ ਹਸਲੀ/ਹਮੇਲ ਸੰਭਾਲ ਕੇ ਰਖ ਲਈ ਜਾਂਦੀ ਹੈ ਤੇ ਵਿਆਹ ਵੇਲੇ ਲੜਕੇ ਦੀ ਪਤਨੀ ਨੂੰ ਪਹਿਨਣ ਲਈ ਦਿਤੀ ਜਾਂਦੀ ਹੈ। ਕਪੂਰਥਲੇ ਵਿਚ ਇਸ ਗਹਿਣੇ ਨੂੰ ਕਈ ਲੋਕ ਕਿਸੇ ਪੀਰ ਦੀ ਮਜ਼ਾਰ 'ਤੇ ਜਿਥੇ ਸੁਖਣਾ ਸੁੱਖੀ ਹੋਵੇ, ਚੜ੍ਹਾਵਾ ਚਾੜ੍ਹ ਦੇਂਦੇ ਹਨ। ਹਿਸਾਰ ਵਿਚ ਬਧਾਵੇ ਨੂੰ ਵੇਚ ਕੇ ਬਰਾਦਰੀ ਨੂੰ ਭੋਜਨ ਖਵਾਇਆ ਜਾਂਦਾ ਹੈ। ਲੁਧਿਆਣੇ ਦੇ ਮੁਸਲਮਾਨਾਂ ਵਿਚ ਬਧਾਵੇ ਨੂੰ ਵੇਚ ਕੇ ਤੇ ਇਸ ਵਿਚ ਹੋਰ ਰੁਪਏ ਰਲਾ ਕੇ

(ਬ-68) **ਬਧੋਜ** :

(ੳ) ਵਿਆਹ ਸ਼ਾਦੀ, ਮੰਗਲ ਕਾਰਜਾਂ ਤੇ ਪ੍ਰ
ਸਾਧੂਆਂ ਫ਼ਕੀਰਾਂ, ਪਿੰਡ ਦੇ ਮੰਦਰ ਖ਼ਾਨ
ਕੰਮੀ ਕਮੀਣਾਂ ਨੂੰ ਦਾਨ ਵਜੋਂ ਦਿਤੀ ਜਾਂਦੀ ਰਕਮ
ਬਣ ਚੁਕੀ ਹੁੰਦੀ ਹੈ। ਸਾਧੂ ਤੇ ਖ਼ਾਨਗਾਹ ਦੇ
ਇਹ ਬਧੀ ਰਕਮ ਤਾਂ ਦਿਤੀ ਜਾਂਦੀ ਹੈ ਕਿ ਕੋਈ
ਵਿਆਹ ਵਿਚ ਵਿਘਨ ਨਾ ਪਾਵੇ ਤੇ ਬਲਾਵਾਂ ਟੁਟ

(ਅ) ਵਿਆਹ ਸ਼ਾਦੀ ਤੇ ਹੋਰ ਮੰਗਲ ਕਾ
ਜੋ ਰਕਮ ਪ੍ਰੋਹਿਤ ਨਾਈ ਤੇ ਹੋਰ ਲਾਗੀਆਂ ਨੂੰ ਦਿ
ਹੈ। ਇਸ ਨੂੰ 'ਲਾਗ' ਵੀ ਕਹਿੰਦੇ ਹਨ। ਇਹ
ਅਥਵਾ ਮਿਥੀ ਹੋਣ ਕਰ ਕੇ ਬੰਧਾਨ ਅਖਵਾਦੀ ਹੈ
ਦੇਣਾ ਮਰਯਾਦਾ ਹੈ।

(ਬ-69) **ਬਨਸੱਤਾ** :

ਇਸਤ੍ਰੀ ਪ੍ਰੇਤਾਤਮਾ, ਜੋ ਪਹਾੜਾਂ ਵਿਚ ਕਈ
ਵਿਚਰਦੀ ਮੰਨੀ ਜਾਂਦੀ ਹੈ। ਇਹ ਪਹਾੜਾਂ ਦੀਆ
ਚੋਟੀਆਂ ਤੇ ਰਹਿੰਦੀਆਂ ਹਨ। ਆਜੜੀ ਆਪ
ਦੀ ਰਖਿਆ ਲਈ, ਬਨਸੱਤਾ ਦੀ ਪੂਜਾ ਕ
ਬਨਸੱਤਾ ਦਾ ਸ਼ਾਬਦਿਕ ਅਰਥ 'ਵਣ ਦੀ ਸ਼ਕਤੀ

(ਬ-70) **ਬਨ ਨੋਤਨਾ** :

ਗੁੜਗਾਵਾਂ ਦੀ ਮਿਉ ਜਾਤੀ ਵਿਚ ਪ੍ਰਚਲਤ
ਇਹ ਵਿਆਹ ਤੋਂ ਦਸ ਦਿਨ ਪਹਿਲਾਂ ਸ਼ੁਰੂ ਕ
ਹੈ ਤੇ ਇਸ ਦਾ ਮੰਤਵ ਵਰ ਤੇ ਕੰਨਿਆਂ ਨੂੰ
ਪਿੰਡ, ਅੰਗਾਂ ਸਾਕਾਂ ਵਲੋਂ ਖਾਣੇ ਤੇ ਸੱਦਣਾ
ਦਸ ਕੁ ਦਿਨ ਪਹਿਲਾਂ, ਵਰ ਤੇ ਉਸ ਦੇ ਦੋਸ
ਤੋਂ ਪਹਿਲਾਂ ਵਰ ਦੀ ਮਾਂ ਭੋਜਨ ਖਵਾਂਦੀ ਹੈ
ਰੋਜ਼ ਸ਼ਾਮ ਨੂੰ, ਵਰ ਨੂੰ ਪਿੰਡ ਵਿਚ ਵਸਦੇ ਉਸਦੇ
ਤੇ ਮਿਤਰ ਖਾਣੇ 'ਤੇ ਸੱਦਦੇ ਹਨ। ਜਿਸ
ਹੁੰਦਾ ਹੈ, ਉਸ ਘਰ ਵਾਲੇ ਖਾਣੇ ਤੋਂ ਇਲਾਵਾ
ਪੰਜ ਦਸ ਕਿਲੋ ਕਾਲੇ ਛੋਲੇ ਉਬਾਲ ਲੈਂਦੇ ਹਨ
ਗੀਤ ਗਾਉਣ ਵਾਲੀਆਂ ਤੀਵੀਆਂ ਵਿਚ ਵੰਡੇ
ਪਹਿਲਾਂ ਤੀਵੀਆਂ ਰਲ ਕੇ ਉਸ ਘਰ ਜਾਂਦੀਆਂ
ਵਰ ਖਾਣੇ ਲਈ ਗਿਆ ਹੁੰਦਾ ਹੈ ਤੇ ਉਥੇ ਗੀਤ

ਅਲਾਪਦੀਆਂ ਹਨ ਜੋ ਸਰਘੀ ਤਕ ਚਲਦੇ ਹਨ । ਗੀਤ ਮੁਕਣ ਮਗਰੋਂ ਉਬਲੇ ਛੋਲੇ ਵੰਡੇ ਜਾਂਦੇ ਹਨ ।

(ਬ-71) **ਬਨਬੀਰ** :

ਜੰਗਲਾਂ ਵਿਚ, ਦਰਿਆਵਾਂ, ਪਹਾੜਾਂ ਤੇ ਰੁੱਖਾਂ ਉਤੇ ਰਹਿੰਦੀਆਂ ਅਦ੍ਰਿਸ਼ਟ ਬਦਰੂਹਾਂ ਨੂੰ ਕਾਂਗੜੇ ਵਿਚ ਬਨਬੀਰ ਕਿਹਾ ਜਾਂਦਾ ਹੈ । ਇਹ ਬਦਰੂਹਾਂ ਕਦੇ ਕਦੇ ਮਨੁੱਖੀ ਰੂਪ ਧਾਰ ਕੇ ਵੀ ਵਿਚਰਦੀਆਂ ਹਨ । ਰੋਸ (ਗਲਾਸਰੀ) ਅਨੁਸਾਰ ਬਨਬੀਰ ਦੇਵਤਵ ਪ੍ਰਾਪਤ ਕਰ ਗਏ ਨਾਇਕ ਹਨ । ਜੋ ਜੰਗਲ ਵਿਚ ਅਨਾਰ, ਨਿੰਬੂ, ਗੂਲਰ, ਸਿੰਬਲ ਤੇ ਅਖ਼ਰੋਟ ਦੇ ਦਰਖ਼ਤਾਂ ਉਤੇ ਵਸਦੇ ਹਨ ।

ਬੀਰ ਕਈ ਤਰ੍ਹਾਂ ਦੇ ਹਨ । ਸਕੰਦ ਪੁਰਾਣ ਵਿਚ ਇਨ੍ਹਾਂ ਦੀ ਗਿਣਤੀ 52 ਦਿਤੀ ਗਈ ਹੈ ਜਿਸ ਤੋਂ ਇਨ੍ਹਾਂ ਦਾ ਸਾਮੂਹਿਕ ਨਾਂ ਬਾਵਨ ਬੀਰ ਵੀ ਪ੍ਰਚਲਤ ਹੈ । ਚੰਬੇ ਤੇ ਕਾਂਗੜੇ ਵਿਚ ਪ੍ਰਚਲਤ ਬੀਰਾਂ ਦੇ ਨਾਂ ਸਕੰਦ ਪੁਰਾਣ ਦੇ ਨਾਵਾਂ ਨਾਲੋਂ ਵਖਰੇ ਹਨ । ਕਾਲਾ ਬੀਰ ਤੇ ਨਰਸਿੰਘ ਬੀਰ ਜੋ ਸਿੰਬਲ ਤੇ ਅਖ਼ਰੋਟ ਦੇ ਬੂਟਿਆਂ ਉਤੇ ਰਹਿੰਦੇ ਹਨ, ਉਨ੍ਹਾਂ ਤੀਵੀਆਂ ਦੀ ਸੇਜ ਮਾਣਦੇ ਹਨ, ਜਿਨ੍ਹਾਂ ਦੇ ਪਤੀ ਪ੍ਰਦੇਸ ਜਾਂ ਘਰੋਂ ਬਾਹਰ ਗਏ ਹੋਣ । ਇਹ ਬੀਰ ਪਤੀ ਦਾ ਰੂਪ ਧਾਰ ਕੇ ਉਸ ਦੇ ਘਰ ਜਾਂਦੇ ਹਨ ਤੇ ਪਤਨੀ ਨੂੰ ਰੱਤੀ ਜਿੰਨਾ ਵੀ ਸੰਦੇਹ ਨਹੀਂ ਹੁੰਦਾ ਕਿ ਇਹ ਇਸ ਦਾ ਪਤੀ ਨਹੀਂ । ਜੇ ਪਤੀ ਉਪਰੋਂ ਅਚਾਨਕ ਆ ਜਾਵੇ ਤਾਂ ਬੀਰ ਦੀ ਕਹਿਰੀ ਅੱਖ ਪੈਂਦੇ ਸਾਰ ਪਤੀ ਮਰ ਜਾਂਦਾ ਹੈ ।

ਚੜ੍ਹਿਆ ਬਾਵਨ ਬੀਰ ਨਾ ਘਰ ਪਾਣੀ ਨਾ ਘਰ ਖੀਰ ।

ਕੇਹਲੂ ਬੀਰ ਪਹਾੜਾਂ ਦੀਆਂ ਢਲਾਨਾਂ ਉਤੇ ਰਹਿੰਦਾ ਹੈ । ਜਦੋਂ ਇਹ ਕਰੋਧ ਵਿਚ ਆ ਜਾਵੇ ਤਾਂ ਵਡੇ ਵਡੇ ਪੱਥਰ ਤੇ ਕਈ ਵਾਰ ਪਹਾੜ ਵੀ ਥੱਲੇ ਸੁਟ ਦੇਂਦਾ ਹੈ । ਚਸ਼ਮਿਆਂ, ਨਦੀ ਨਾਲਿਆਂ ਤੇ ਦਰਿਆਵਾਂ ਵਿਚ ਖੇਤ੍ਰ ਬਤਾਲ ਦਾ ਨਿਵਾਸ ਮੰਨਿਆ ਜਾਂਦਾ ਹੈ । ਇਹ ਪਾਂਧੀਆਂ ਨੂੰ ਬੜਾ ਤੰਗ ਕਰਦਾ ਹੈ । ਇਸ ਨੂੰ ਪ੍ਰਸੰਨ ਕਰਨ ਲਈ ਖਿੱਚੜੀ ਤੇ ਘੁੰਗਣੀਆਂ ਦੇ ਚੜ੍ਹਾਵੇ ਚਾੜ੍ਹੇ ਜਾਂਦੇ ਹਨ ।

ਪਹਾੜਾਂ ਤੇ ਬਨਾਂ ਵਿਚ ਰਹਿੰਦੀਆਂ ਇਸਤ੍ਰੀ ਪ੍ਰੇਤ ਰੂਹਾਂ ਨੂੰ ਬਨਸੱਤਾ ਕਿਹਾ ਜਾਂਦਾ ਹੈ । ਜੋ ਪਹਾੜਾਂ ਦੀਆਂ ਉੱਚੀਆਂ ਚੋਟੀਆਂ 'ਤੇ ਰਹਿੰਦੀਆਂ ਹਨ । ਆਜੜੀ ਆਪਣੇ ਇਜੜਾਂ

ਸਿਹਰਾ ਬੰਨ੍ਹ ਕੇ ਪਿੰਡ ਦੀ ਚੋਪਾਲ ਦੇ ਦੋ ਚੱਕ
ਜਾਂਦੇ ਹਨ । ਦੂਲ੍ਹਾ ਵਿਆਹ ਵਾਲੇ ਕਪੜਿਆਂ ਵਿ
ਹੁੰਦਾ ਹੈ ਤੇ ਉਸ ਦੇ ਅਗੇ ਅਗੇ ਸਹਿਵਾਸਨੀ
ਦੋਹਾਂ ਹੱਥਾਂ ਵਿਚ ਆਰਤੀ ਵਾਸਤੇ ਪਿੱਤਲ
ਫੜਿਆ ਹੁੰਦਾ ਹੈ, ਜਾਂਦੀ ਹੈ । ਪਿੰਡ ਦੀ ਚੋ
ਪਹੁੰਚ ਕੇ ਤੀਵੀਆਂ ਸਿਰ ਵਾਰਨਾ ਕਰਦੀਆਂ
ਦੂਲ੍ਹੇ ਦੇ ਸਿਰ ਤੋਂ ਰੁਪਏ ਪੈਸੇ ਵਾਰ ਕੇ, ਸਹਿਵ
ਆਰਤੀ ਦੀ ਥਾਲੀ ਵਿਚ ਰਖਦੀਆਂ ਜਾਂਦੀਆਂ
ਇਹ ਰੁਪਏ ਪੈਸੇ ਮਗਰੋਂ ਗ਼ਰੀਬਾਂ ਵਿਚ ਦਾਨ
ਜਾਂਦੇ ਹਨ । ਸਿਰ ਵਾਰਨ ਮਗਰੋਂ, ਸਹਿਵਾਸਨੀ
ਉਤਾਰਦੀ ਹੈ ਤੇ ਤੀਵੀਆਂ ਲਾੜ੍ਹੇ ਦੇ ਜਸ
ਗਾਉਂਦੀਆਂ ਹਨ । ਫਿਰ ਜਲੂਸ ਵਾਪਸ ਘਰ ਮੁੜ
ਹੈ ਜਿਥੇ ਫਿਰ ਲਾੜ੍ਹੇ ਦੀ ਆਰਤੀ ਉਤਾਰੀ ਜ
ਲਾੜ੍ਹੇ ਨੂੰ ਖਾਣ ਲਈ ਕੋਈ ਮਿਠੀ ਵਸਤੂ ਦਿਤੀ ਜ
ਫਿਰ ਦੂਜਾ ਬਨਵਾੜਾ ਕੀਤਾ ਜਾਂਦਾ ਹੈ ਤੇ ਪਹਿਲੇ
ਰੀਤਾਂ ਹੀ ਦੁਹਰਾਈਆਂ ਜਾਂਦੀਆਂ ਹਨ । ਬਨਵਾੜੇ
ਦੂਲ੍ਹਾ ਘਰ ਆ ਕੇ ਸਿਹਰਾ ਉਤਾਰ ਦੇਂਦਾ ਹੈ
ਹੱਥਾਂ ਪੈਰਾਂ ਨੂੰ ਮਹਿੰਦੀ ਲਗਾਈ ਜਾਂਦੀ ਹੈ ।

(ਬ-73) **ਬੰਨੇ ਦਾ ਭਾਈ** :

ਜਿਨ੍ਹਾਂ ਦੇ ਪਿੰਡਾਂ ਦੇ ਬੰਨੇ ਅਥਵਾ ਹੱਦਾਂ
ਨਾਲ ਮਿਲਦੀਆਂ ਹੁੰਦੀਆਂ ਹਨ, ਉਨ੍ਹਾਂ ਪਿੰਡਾਂ
ਇਕ ਦੂਸਰੇ ਨੂੰ 'ਬੰਨੇ ਦਾ ਭਾਈ' ਕਹਿੰਦੇ ਹਨ
ਪਿੰਡਾਂ ਵਿਚ ਕਈ ਤਰ੍ਹਾਂ ਦੀਆਂ ਸਾਂਝਾਂ ਹੁੰਦੀਆਂ
ਦੁਖ ਸੁਖ ਵੇਲੇ ਉਹ ਪਿੰਡ ਇਕ ਦੂਜੇ ਦੇ ਭਾਈਵਾ
ਹਨ । ਬੰਨੇ ਦੇ ਪਿੰਡਾਂ ਦਾ ਆਪੋ ਵਿਚ ਕਈ
ਲੈਣ ਦੇਣ ਵੀ ਚਲਦਾ ਹੈ । ਭੀੜਾ ਜਾਂ ਆਰਥ
ਵੇਲੇ ਇਕ ਦੂਜੇ ਤੋਂ ਉਧਾਰ ਰਕਮ ਵੀ ਫੜ ਲਈ
ਹੈ । ਪਸ਼ੂ ਖ਼ਰੀਦਣ ਲਗਿਆਂ ਜੇ ਬੰਨੇ ਦੇ ਪਿੰਡ
ਮਿਲਦਾ ਹੋਵੇ ਤਾਂ ਉਸ ਨੂੰ ਪਹਿਲ ਦਿਤੀ ਜਾਂਦੀ ਹੈ,
ਉਥੇ ਧੋਖੇ ਦਾ ਸੰਸਾ ਨਹੀਂ ਹੁੰਦਾ ।

'ਬੰਨੇ ਦਾ ਭਾਈ' ਦਾ ਪੱਛਮੀ ਪੰਜਾਬ ਵਿ
ਸਤਿਕਾਰ ਕੀਤਾ ਜਾਂਦਾ ਹੈ ।

ਅਣਵਿਆਹੀ ਮਾਂ ਦਾ ਬੱਚਾ ।

ਸਨਾਤਨੀ ਹਿੰਦੂਆਂ ਵਿਚ ਇਹ ਰਸਮ ਹੁਣ ਵੀ ਕਿਧਰੇ ਕਿਧਰੇ ਕੀਤੀ ਜਾਂਦੀ ਹੈ । ਪਹਿਲਿਆਂ ਵਿਚ ਇਸ ਦਾ ਆਮ ਰਵਾਜ ਸੀ, ਇਹ ਰਸਮ ਇਉਂ ਹੈ : ਬ੍ਰਾਹਮਣ ਨੂੰ ਸੱਦ ਕੇ ਹਵਨ ਕੀਤਾ ਜਾਂਦਾ, ਫਿਰ ਇਕ ਪ੍ਰੋਹਿਤ ਆਪਣੇ ਹੱਥ ਸਾਲਗ੍ਰਾਮ ਨੂੰ ਫੜ ਲੈਂਦਾ ਹੈ ਤੇ ਦੂਜਾ ਤੁਲਸੀ ਦੇ ਪੌਦੇ ਨੂੰ । ਪਹਿਲਾ ਪ੍ਰੋਹਿਤ ਦੂਲ੍ਹੇ ਦਾ ਪ੍ਰਤੀਕ ਹੁੰਦਾ ਤੇ ਦੂਜਾ ਦੁਲਹਨ ਦਾ । ਫਿਰ ਤੁਲਸੀ ਵਾਲਾ ਪ੍ਰੋਹਿਤ ਸਾਲਗਰਾਮ ਦੇ ਪ੍ਰੋਹਿਤ ਨਾਲ ਲਾਵਾਂ ਲੈਂਦਾ ਤੇ ਉਸ ਸਥਾਨ ਦੀ ਪ੍ਰਦਖਣਾ ਕਰਦਾ, ਜਿਥੇ ਬਾਗ ਵਿਚ ਦਰਖ਼ਤ ਲਗਾਣਾ ਹੁੰਦਾ । ਤਿੰਨ ਵਾਰ ਤੁਲਸੀ ਵਾਲਾ ਪ੍ਰੋਹਿਤ ਅਗੇ ਹੁੰਦਾ ਅਤੇ ਤਿੰਨ ਵਾਰ ਸਾਲਗਰਾਮ ਵਾਲਾ ਪ੍ਰੋਹਿਤ । ਇਸ ਰਸਮ ਮਗਰੋਂ ਪ੍ਰੋਹਿਤਾਂ ਨੂੰ ਕਾਫ਼ੀ ਸਾਰੀਆਂ ਭੇਟਾਂ ਦਿਤੀਆਂ ਜਾਂਦੀਆਂ ਹਨ ।

**(ਬ–75) ਬਬੂਲ** :

ਇਕ ਕੰਡਿਆਲਾ ਬੂਟਾ ਜਿਸ ਨੂੰ ਪੀਲੇ ਰੰਗ ਦੇ ਫੁੱਲ ਪੈਂਦੇ ਹਨ । ਪੰਜਾਬ ਵਿਚ ਇਹ ਬੂਟਾ ਕਿੱਕਰ ਦੇ ਨਾਂ ਨਾਲ ਪ੍ਰਸਿਧ ਹੈ । ਬਬੂਲ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਵਿਸ਼ਵਾਸ ਜੁੜੇ ਹੋਏ ਹਨ । ਧਾਰਨਾ ਹੈ ਕਿ ਜੇ ਕਿਸੇ ਨੂੰ ਵਾਰੀ ਦਾ ਬੁਖ਼ਾਰ ਹੋਵੇ ਤਾਂ ਉਹ ਬਬੂਲ ਦੇ ਬ੍ਰਿਛ ਨਾਲ ਗਲਵਕੜੀ ਪਾ ਕੇ ਹੇਠਲਾ ਟੱਪਾ ਤਿੰਨ ਵਾਰ ਪੜ੍ਹੇ ਤੇ ਤਿੰਨ ਵਾਰ ਹੀ ਰੁੱਖ ਦੀ ਪ੍ਰਕਰਮਾ ਕਰੇ ਤਾਂ ਬੁਖ਼ਾਰ ਉਤਰ ਕੇ ਰੁੱਖ ਨੂੰ ਚੜ੍ਹ ਜਾਂਦਾ ਹੈ ।

ਅੰਗਤ ਬੰਗਤ ਬਾਹਵਾਂ ਦੇ
ਸਾਂਝੇ ਦੁਖ ਭਰਾਵਾਂ ਦੇ
ਆਪਣੀ ਵਾਰੀ ਮੈਂ ਭੁਗਤਾਈ
ਹੁਣ ਵੀਰਾ ਤੇਰੀ ਵਾਰੀ ਆਈ ।

ਬਬੂਲ ਦਾ ਬ੍ਰਿਛ ਅਸ਼ੁਭ ਮੰਨਿਆ ਜਾਂਦਾ ਹੈ । ਇਹ ਬ੍ਰਿਛ ਜਿਸ ਘਰ ਦੇ ਨੇੜੇ ਹੋਵੇ, ਉਸ ਘਰ ਵਿਚ ਹਮੇਸ਼ਾ ਸੰਕਟ ਤੇ ਦਲਿਦਰ ਰਹਿੰਦਾ ਹੈ । ਸਨਾਤਨੀ ਹਿੰਦੂ ਬਬੂਲ ਹੇਠਾਂ ਨਹੀਂ ਸੌਂਦੇ । ਧਾਰਨਾ ਹੈ ਕਿ ਇਸ ਹੇਠਾਂ ਸੌਣ ਵਾਲੇ ਨੂੰ ਬੁਖ਼ਾਰ ਚੜ੍ਹ ਜਾਂਦਾ ਹੈ । ਬਬੂਲ ਦਰਖ਼ਤਾਂ ਵਿਚੋਂ, ਕੁਮਾਰ ਗਿਣਿਆ ਜਾਂਦਾ ਹੈ । ਤੇ ਇਸ ਦੀ ਲਕੜੀ ਮੁਰਦੇ ਜਲਾਣ

ਪ੍ਰਧਾਨ ਹੈ । ਬ੍ਰਹਮਾ ਦੀ ਉਤਪਤੀ ਬਾਰੇ ਪੁਰਾਣ ਕਈ ਕਥਾਵਾਂ ਮਿਲਦੀਆਂ ਹਨ । ਇਕ ਕਥਾ ਸੰਸਾਰ ਉਤੇ ਪਹਿਲਾਂ ਪਾਣੀ ਸੀ, ਪਾਣੀ ਵਿਚੋਂ ਅੰਡਾ ਪੈਦਾ ਹੋਇਆ । ਇਸ ਅੰਡੇ ਵਿਚੋਂ ਉਪਜਿਆ । 'ਸਤਪਥ ਬ੍ਰਾਹਮਣ' ਅਨੁਸਾਰ ਸਵੈ ਨੇ ਪਾਣੀ ਪੈਦਾ ਕੀਤਾ, ਪਾਣੀ ਵਿਚ ਉਨ੍ਹਾਂ ਨੇ ਇ ਸੁਟਿਆ, ਜੋ ਸੁਨਿਹਰੀ ਅੰਡਾ ਬਣ ਗਿਆ । ਜਿ ਸ੍ਰਿਸ਼ਟੀ ਦਾ ਕਰਤਾ ਆਪ ਬ੍ਰਹਮਾ ਦੇ ਰੂਪ ਵਿਚ ਹੋਇਆ । ਪਾਣੀ (ਨਰ) ਵਿਚ ਪੈਦਾ ਹੋਣ ਕਰ ਕੇ, ਨਾਰਾਇਣ ਕਿਹਾ ਗਿਆ । ਪਹਿਲਾਂ ਨਾਰਾਇਣ ਬ੍ਰ ਬੋਧਕ ਸੀ । ਮਗਰੋਂ ਇਹ ਵਿਸ਼ਨੂੰ ਦਾ ਬੋਧਕ ਹੋ ਵਿਸ਼ਨੂੰ ਪੁਰਾਣ ਵਿਚ ਵੀ ਬ੍ਰਹਮਾ ਲਈ ਨਾਰਾਇਣ ਵਰਤਿਆ ਗਿਆ ਹੈ ।

ਇਕ ਹੋਰ ਕਥਾ ਅਨੁਸਾਰ ਬ੍ਰਹਮਾ ਵਿਸ਼ਨੂੰ ਦੀ ਵਿਚੋਂ ਉਪਜੇ ਕੰਵਲ ਤੋਂ ਪੈਦਾ ਹੋਇਆ । ਜਦੋਂ ਉਤਪੰਨ ਹੋਇਆ ਤਾਂ ਉਸ ਨੇ ਇਹ ਮੰਨਣੋਂ ਇਨਕ ਦਿਤਾ ਕਿ ਉਹ ਕੰਵਲ ਫੁੱਲ ਦੀ ਨਾਭੀ 'ਚੋਂ ਉਪਜਿ ਬ੍ਰਹਮਾ ਨੇ ਕਰੋਧ ਵਿਚ ਆ ਕੇ ਕੰਵਲ ਫੁੱਲ ਨੂੰ ਲੱ ਤਾਂ ਉਹ ਕੰਵਲ ਫੁੱਲ ਜਲ ਵਿਚ ਹੀ ਅਲੋਪ ਹੋ 18 ਯੁੱਗ ਤਕ ਨਾਭੀ ਵਿਚ ਭਟਕਦਾ ਰਿਹਾ, ਪਰ ਨਾਭੀ ਦਾ ਅੰਤਮ ਸਿਰਾ ਨਾ ਲੱਭਾ, ਅਖੀਰ ਨਾ ਵਾਪਿਸ ਨਿਕਲਣ ਵਿਚ ਉਸ ਨੂੰ ਅਠਾਰਾਂ ਯੁੱਗ ਹੋ ਇਸ ਤਰ੍ਹਾਂ 36 ਯੁੱਗਾਂ ਤਕ ਸੰਸਾਰ ਵਿਚ ਅੰਧਕਾਰ ਰਿਹਾ । ਇਹ ਕਥਾ ਵਿਸ਼ਨੂੰ ਭਗਤਾਂ ਦੀ ਰਚੀ ਜ ਜਿਨ੍ਹਾਂ ਵਿਸ਼ਨੂੰ ਨੂੰ ਬ੍ਰਹਮਾ ਤੋਂ ਵਡਾ ਦਰਸਾਣਾ ਚਾਹਿ

ਬ੍ਰਹਮਾ ਦੇ ਪਹਿਲਾਂ ਪੰਜ ਸਿਰ ਸਨ । ਇਕ ਨੇ ਕਟ ਦਿਤਾ । ਪੰਜ ਸਿਰਾਂ ਦੀ ਉਤਪਤੀ ਬਾਰੇ ਪੁਰਾਣ ਵਿਚ ਇਕ ਕਥਾ ਦਰਜ ਹੈ : ਬ੍ਰਹਮਾ ਤੋਂ ਇਕ ਕੰਨਿਆਂ ਉਤਪੰਨ ਹੋਈ—ਸਤਿਰੂਪਾ ਅੰਦਰੋਂ ਕਾਮ ਜਾਗ ਪਿਆ ਤੇ ਉਹ ਕਾਮ-ਚੇਸ਼ਟਾ ਵਲ ਵੇਖਣ ਲੱਗਾ । ਸਤਿਰੂਪਾ ਜੋ ਸੱਜੇ ਪਾਸੇ ਬ੍ਰਹਮਾ ਨੇ ਸੱਜੇ ਪਾਸੇ ਝਾਕਣਾ ਚਾਹਿਆ । ਇਸ ਬ੍ਰਹਮਾ ਦੇ ਸੱਜੇ ਪਾਸੇ ਇਕ ਸਿਰ ਉਗਮ ਪਿਆ । ਜਿਵੇਂ ਜਿਵੇਂ ਸਤਿਰੂਪਾ ਬ੍ਰਹਮਾ ਦੀਆਂ ਨਜ਼ਰਾਂ

ਕਥਾਵਾਂ ਪ੍ਰਚਲਤ ਹਨ । ਇਕ ਕਥਾ ਅਨੁਸਾਰ ਬ੍ਰਹਮਾ ਨੇ ਸੁਰਾ ਪੀ ਕੇ ਆਪਣੀ ਲੜਕੀ ਨਾਲ ਵਿਭਚਾਰ ਕਰਨਾ ਚਾਹਿਆ, ਜਿਸ ਕਰਕੇ ਸ਼ਿਵ ਨੇ ਉਸ ਦਾ ਇਕ ਸਿਰ ਕਟ ਦਿਤਾ । ਦੂਜੀ ਕਥਾ ਅਨੁਸਾਰ ਜਦੋਂ ਵਿਸ਼ਨੂੰ ਤੇ ਬ੍ਰਹਮਾ ਸ਼ਿਵਲਿੰਗ ਦਾ ਥਾਹ ਪਾਣ ਲਈ ਲਿੰਗਮ ਵਿਚ ਉਤਰੇ ਤਾਂ ਬ੍ਰਹਮਾ ਨੇ ਝੂਠ ਬੋਲਦਿਆਂ ਵਿਸ਼ਨੂੰ ਨੂੰ ਕਿਹਾ ਕਿ ਉਸ ਨੇ ਲਿੰਗਮ ਦੇ ਸਿਰੇ ਦਾ ਥਾਹ ਪਾ ਲਿਆ ਹੈ । ਸ਼ਿਵ ਨੇ ਬ੍ਰਹਮਾ ਦਾ ਸਿਰ ਵਿਚਕਾਰਲੇ ਨੇਤਰ ਨਾਲ ਭਸਮ ਕਰ ਦਿਤਾ ।

ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਤੇ ਇਹ ਸ੍ਰਿਸ਼ਟੀ ਬ੍ਰਹਮਾ ਦੇ ਇਕ ਦਿਨ ਤਕ ਕਾਇਮ ਰਹਿੰਦੀ ਹੈ । ਬ੍ਰਹਮਾ ਦਾ ਇਕ ਦਿਨ ਮਨੁੱਖ ਦੇ 2,160,000,000 ਸਾਲਾਂ ਦੇ ਬਰਾਬਰ ਹੈ । ਇਸ ਮਗਰੋਂ ਬ੍ਰਹਮਾ ਦੇ ਸੌਂ ਜਾਣ ਨਾਲ ਸ੍ਰਿਸ਼ਟੀ ਭਸਮ ਹੋ ਜਾਂਦੀ ਹੈ, ਕੇਵਲ ਦੇਵਤੇ ਰਿਸ਼ੀ ਅਤੇ ਸ੍ਰਿਸ਼ਟੀ ਦੇ ਬੀਜ ਹੀ ਜੀਵਤ ਰਹਿ ਜਾਂਦੇ ਹਨ । ਜਦੋਂ ਬ੍ਰਹਮਾ ਜਾਗਦਾ ਹੈ ਤਾਂ ਫਿਰ ਨਵੀਂ ਸ੍ਰਿਸ਼ਟੀ ਸਿਰਜ ਲੈਂਦਾ ਹੈ । ਇਹ ਪ੍ਰਕ੍ਰਿਆ ਸੌ ਸਾਲ ਤਕ ਜਾਰੀ ਰਹਿੰਦੀ ਹੈ । ਕਿਉਂ ਜੋ ਬ੍ਰਹਮਾ ਦੀ ਉਮਰ ਸੌ ਸਾਲ ਹੈ । ਇਸ ਮਗਰੋਂ ਸਭ ਕੁਝ ਬਿਨਸ ਜਾਂਦਾ ਹੈ । ਬ੍ਰਹਮਾ ਦਾ ਇਕ ਸਾਲ ਧਰਤੀ ਦੇ ਅਨੇਕਾਂ ਸਾਲਾਂ ਦੇ ਬਰਾਬਰ ਮੰਨਿਆ ਗਿਆ ਹੈ ।

ਬ੍ਰਹਮਾ ਦਾ ਰੰਗ ਲਾਲ ਹੈ । ਇਸ ਦੇ ਚਾਰ ਸਿਰ ਤੇ ਚਾਰ ਬਾਹਵਾਂ ਹਨ । ਇਸ ਦੇ ਹੱਥ ਵਿਚ ਡੰਡਾ, ਮਾਲਾ ਜਾਂ ਪਾਣੀ ਦਾ ਕਲੱਸ਼ ਫੜਿਆ ਹੋਇਆ ਹੈ । ਬ੍ਰਹਮਾ ਹੰਸ ਦੀ ਸਵਾਰੀ ਕਰਦਾ ਹੈ । ਵਿਦਿਆ ਦੀ ਦੇਵੀ ਸਰਸਵਤੀ ਇਸ ਦੀ ਪਤਨੀ ਹੈ । ਬ੍ਰਹਮਾ ਦੇ ਪੁਤਰ ਦਾ ਨਾਂ ਦਖਸ਼ ਹੈ, ਜੋ ਉਸ ਦੇ ਅੰਗੂਠੇ ਵਿਚੋਂ ਜੰਮਿਆ ।

ਬ੍ਰਹਮਾ ਸਭ ਦੇਵਤਿਆਂ ਵਿਚੋਂ ਵਿਦਵਾਨ ਮੰਨਿਆ ਜਾਂਦਾ ਹੈ । ਚਾਰੇ ਵੇਦ ਬ੍ਰਹਮਾ ਦੇ ਚਾਰ ਮੂੰਹਾਂ ਵਿਚੋਂ ਉਪਜੇ । ਇਸੇ ਲਈ ਬੁਧੀਜੀਵੀ ਬ੍ਰਹਮਾ ਦੀ ਉਪਾਸਨਾ ਕਰਦੇ ਹਨ । ਬ੍ਰਹਮਾ ਨੂੰ ਆਦਿ-ਕਵੀ ਵੀ ਮੰਨਿਆ ਜਾਂਦਾ ਹੈ ।

ਬ੍ਰਹਮਾ ਦਾ ਨਿਵਾਸ ਬ੍ਰਹਮਪੁਰੀ ਵਿਚ ਹੈ, ਜੋ ਮਹਾਂਭਾਰਤ ਅਨੁਸਾਰ 800 ਮੀਲ ਲੰਮੀ, 400 ਮੀਲ ਚੌੜੀ ਤੇ 40 ਮੀਲ ਉੱਚੀ ਹੈ । ਇਸ ਸਵਰਗ ਵਿਚ ਦੁਨੀਆਂ ਭਰ ਦੀਆਂ ਮਨੋਹਰ ਤੇ ਅਦਭੁਤ ਵਸਤੂਆਂ ਮੌਜੂਦ ਹਨ ।

ਬ੍ਰਹਮਾ ਦੇ ਕਈ ਨਾਂ ਹਨ, ਚਾਰ ਮੂੰਹ ਹੋਣ ਕਰ ਕੇ

ਵਿਚ ਪੁਸ਼ਕਰ (ਅਜਮੇਰ) ਵਿਚ ਇਥੇ ਬ੍ਰਹਮਾ ਦਾ ਮੰਦਰ ਮਿਲਦਾ ਹੈ । ਪੰਜਾਬ ਵਿਚ ਧਾਰਮਿਕ ਪੂਜਾ ਪਾਠ ਵਿਚ ਬ੍ਰਹਮਾ ਦਾ ਨਾਂ ਭਾਵੇਂ ਆ ਜਾਵੇ ਪਰ ਬ੍ਰਹਮਾ ਦਾ ਕੋਈ ਉਪਾਸਕ ਨਹੀਂ ਮਿਲਦਾ । ਹਿਮਾਚਲ ਪ੍ਰਦੇਸ਼ ਵਿਚ ਬ੍ਰ... ਕਾਂਗੜਾ ਵਿਚ ਮੰਦਰ ਹਨ ।

## (ਬ-77) ਬ੍ਰਹਮ ਪੂਜਾ :

ਪੰਜਾਬ ਦੇ ਕਈ ਹਿੱਸਿਆਂ ਵਿਚ, ਬ੍ਰਹਮਾ ਦੀ ਪੂਜਾ ਅਜੇ ਵੀ ਕੀਤੀ ਜਾਂਦੀ ਹੈ । ਪੰਜਾਬ ਦੇ ਪਹਾੜੀ ਖੇਤਰ ਕੁਲੂ ਵਿਖੇ ਟੀਹੀ ਦੇ ਸਥਾਨ ਉਤੇ ਆਦਿ ਬ੍ਰਹਮਾ ਦੀ ਪੂਜਾ ਕੀਤੀ ਜਾਂਦੀ ਹੈ । ਬ੍ਰਹਮਾ ਦੇ ਮਾਣ ਵਿਚ ਇਕ ਭਾਰੀ ਮੇਲਾ ਲਗਦਾ ਹੈ ।

ਕੁਲੂ ਵਿਚ ਖੋਖਣ ਡੇਰਾ ਦਾ ਮੰਦਰ ਹੈ । ਇਥੇ ਬ੍ਰਹਮਾ ਦੇ ਸਨਮਾਨ ਵਿਚ ਚਾਰ ਮੇਲੇ ਲਗਦੇ ਹਨ, ਜੋ ਪਹਿਲੀ ਵਿਸਾਖ, ਪਹਿਲੀ ਸਾਵਣ ਤੇ ਪਹਿਲੀ ਅਸੂ ਨੂੰ ਅਤੇ ਮੱਘਰ ਦੀ ਪੂਰਨਮਾਸ਼ੀ ਨੂੰ ਜੁੜਦੇ ਹਨ । ਹਰੇਕ ਮੇਲਾ ਚਾਰ ਦਿਨ ਲਗਦਾ ਹੈ ।

ਬ੍ਰਹਮਾ ਦਿਉਰੇ ਦੇ ਕੁਝ ਹੋਰ ਮੇਲੇ ਵੀ ਲਗਦੇ ਹਨ । ਇਹ ਮੇਲੇ ਸਾਵਣ, ਮਘਰ ਤੇ ਫਗਣ ਵਿਚ ਚੰਨ ਦੇ ਹਨੇ... ਪੱਖ ਦੀਆਂ ਤਿਥਾਂ ਵਿਚ ਐਤਵਾਰ ਤੋਂ ਵੀਰਵਾਰ ਤ... ਲਗਦੇ ਹਨ ।

ਸਰਾਜ ਵਿਖੇ ਵੀ ਬ੍ਰਹਮਾ ਦਿਉਰੇ ਦੀ ਉਪਾਸਨਾ ਕੀਤੀ ਜਾਂਦੀ ਹੈ । ਇਥੇ ਦਾ ਮੰਦਰ ਦੁਆਪਰ ਯੁਗ ਦਾ ਬਣਿਆ ਮੰਨਿਆ ਜਾਂਦਾ ਹੈ । ਇਹ ਪੱਥਰ ਦਾ ਬਣਿਆ ਹੋਇਆ ਤੇ ਇਥੇ ਇਕ ਕਾਲੇ ਪੱਥਰ ਦੀ ਮੂਰਤੀ ਹੈ, ਜੋ ਤਿੰਨ ਫੁ... ਉੱਚੀ ਤੇ ਦੋ ਫੁਟ ਚੌੜੀ ਹੈ । ਇਸ ਮੰਦਰ ਨਾਲ ਸ... ਹੋਰ ਮੰਦਰ ਸੰਬੰਧਿਤ ਹਨ । ਇਸ ਅਸਥਾਨ ਬਾਰੇ ਕ... ਪ੍ਰਚਲਤ ਹੈ ਕਿ ਇਕ ਵਾਰ ਇਕ ਪੋਂਡੂ ਨੇ ਇਕ ਬ੍ਰਾਹਮਣ ਜੰਗਲ ਦੇ ਇਕਾਂਤ ਵਿਚ ਬੈਠਾ ਵੇਖਿਆ ਤੇ ਉਸ ਨੂੰ ਪੁਛਿ... ਕਿ ਉਹ ਇਥੇ ਕੀ ਕਰ ਰਿਹਾ ਹੈ । ਬ੍ਰਾਹਮਣ ਨੇ ਕਿਹਾ ਉਹ ਦਿਉਤਾ ਹੈ ਅਤੇ ਜੇ ਲੋਕੀਂ ਉਸ ਦੀ ਮੂਰਤੀ ਬਣਾ... ਉਸ ਦੀ ਉਪਾਸਨਾ ਕਰਨ ਤਾਂ ਉਨ੍ਹਾਂ ਦੀਆਂ ਮਨਸ਼ਾਂ ਪੂਰੀ... ਹੋ ਜਾਣਗੀਆਂ । ਇਹ ਕਹਿ ਕੇ ਉਹ ਬ੍ਰਾਹਮਣ ਧਰ... ਵਿਚ ਅਲੋਪ ਹੋ ਗਿਆ ।

ਅੰਬਾਲੇ ਵਿਖੇ ਵੀ ਬ੍ਰਹਮਾ ਦਾ ਇਕ ਸਥਾਨ ਮਿਲ...

ਦੀ ਉਪਾਸਨਾ ਬਿਲਕੁਲ ਨਹੀਂ ਮਿਲਦੀ ।

**(ਬ-78) ਬ੍ਰਹਮ ਲੋਕ** :

ਬ੍ਰਹਮਾ ਦੀ ਨਗਰੀ ਜੋ ਸੁਮੇਰ ਪਰਬਤ ਉੱਤੇ ਦਸੀ ਜਾਂਦੀ ਹੈ । ਬ੍ਰਹਮਾ ਇਸੇ ਨਗਰੀ ਵਿਚ ਨਿਵਾਸ ਕਰਦਾ ਹੈ । ਮਹਾਂਭਾਰਤ ਵਿਚ ਇਸ ਨਗਰੀ ਦਾ ਵੇਰਵੇ ਨਾਲ ਵਰਣਨ ਮਿਲਦਾ ਹੈ । ਇਹ ਨਗਰੀ 800 ਮੀਲ ਲੰਮੀ, 400 ਮੀਲ ਚੌੜੀ ਤੇ 40 ਮੀਲ ਉੱਚੀ ਹੈ । ਸ੍ਰਿਸ਼ਟੀ ਤੇ ਛੋਟੇ ਛੋਟੇ ਕਿਰਮ ਤੋਂ ਲੈ ਕੇ ਵਡੇ ਤੋਂ ਵਡੇ ਪਸ਼ੂ ਤਕ, ਜੋ ਵੀ ਜੀਵ-ਜੰਤੂ ਹਨ, ਉਨ੍ਹਾਂ ਸਭਨਾਂ ਦਾ ਜੋੜਾ ਇਸ ਨਗਰੀ ਵਿਚ ਮੌਜੂਦ ਹੈ ।

ਬ੍ਰਹਮ ਲੋਕ ਸਭਨਾਂ ਸਵਰਗਾਂ ਨਾਲੋਂ ਵਧੇਰੇ ਸੁੰਦਰ ਤੇ ਮਨਮੋਹਣਾ ਹੈ । ਪੁਰਾਣਾਂ ਅਨੁਸਾਰ ਨਾਰਦ ਰਿਸ਼ੀ, ਇਸ ਨਗਰੀ ਦਾ, ਵੇਰਵੇ ਭਰਿਆ ਬਿਆਨ ਦੋ ਸੌ ਸਾਲਾਂ ਵਿਚ ਵੀ ਪੂਰੀ ਤਰ੍ਹਾਂ ਕਰਨੋਂ ਅਸਮਰਥ ਰਿਹਾ ।

**(ਬ-79) ਬ੍ਰਹਮ ਵਿਆਹ** :

ਆਰੀਆ ਜਾਤੀ ਵਿਚ ਪ੍ਰਚਲਤ ਵਿਆਹ ਦਾ ਇਕ ਢੰਗ । ਇਸ ਵਿਆਹ ਦਾ ਪ੍ਰਮੁਖ ਗੁਣ ਇਹ ਹੈ ਕਿ ਕੰਨਿਆਂ ਦਾ ਪਿਉ; ਵਰ ਨੂੰ ਕੰਨਿਆਂ ਪੁੰਨ ਰੂਪ ਵਿਚ ਦੇਂਦਾ ਹੈ । ਕੰਨਿਆਂ ਨੂੰ ਦੇਣ ਦੇ ਇਵਜ਼ ਵਿਚ ਉਹ ਕਿਸੇ ਸ਼ਕਲ ਵਿਚ ਕੁਝ ਨਹੀਂ ਲੈਂਦਾ । ਕੰਨਿਆਂ ਦਾ ਪਿਉ ਵਰ ਦੇ ਪਰਵਾਰ, ਸਿਖਸ਼ਾ, ਚਰਿਤ੍ਰ ਤੇ ਸਿਹਤ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਕੰਨਿਆਂ ਦਾ ਵਿਆਹ ਉਸ ਨਾਲ ਕਰ ਦੇਂਦਾ ਹੈ । ਇਸ ਵਿਆਹ ਦੇ ਮੌਕੇ ਉਤੇ ਕੰਨਿਆਂ ਨੂੰ ਗਹਿਣਿਆਂ ਨਾਲ ਸ਼ਿੰਗਾਰਨ ਤੋਂ ਇਲਾਵਾ ਦਾਜ ਵੀ ਦੇਂਦਾ ਹੈ । ਇਸ ਵਿਆਹ ਵਿਚ ਕੰਨਿਆਂ ਦੀ ਮਰਜ਼ੀ ਨਹੀਂ ਪੁੱਛੀ ਜਾਂਦੀ ।

**(ਬ-80) ਬਰਕਤ** :

ਬਰਕਤ ਦੇ ਸ਼ਾਬਦਿਕ ਅਰਥ ਬਹੁਲਤਾ ਤੇ ਬਖ਼ਸ਼ਿਸ਼ ਦੇ ਹਨ । ਦੁਕਾਨਦਾਰ ਕਿਸੇ ਚੀਜ਼ ਦੀ ਗਿਣਤੀ ਕਰਨ ਲਗਿਆਂ, ਜਾਂ ਕੋਈ ਵਸਤੂ ਤੋਲਣ ਲਗਿਆਂ, ਇਕ ਦੀ ਗਿਣਤੀ ਲਈ ਬਰਕਤ ਸ਼ਬਦ ਵਰਤਦੇ ਹਨ । ਧਾਰਨਾ ਹੈ ਕਿ ਇਸ ਤਰ੍ਹਾਂ ਚੀਜ਼ ਵਧਣ ਵਿਚ ਵੀ ਬਰਕਤ ਪੈਂਦੀ ਹੈ ।

ਕੁਝ ਅੰਸ਼ ਕਿਸੇ ਗੁਰੂ ਪੀਰ ਦੇ ਮੂੰਹ ਲਗ ਜਾਵੇ ਤਾਂ ਪੈਂਦੀ ਅਥਵਾ ਪ੍ਰਭੂ ਦੀ ਬਖ਼ਸ਼ਿਸ਼ ਹੁੰਦੀ ਹੈ ।

ਨਿਸਚਾ ਹੈ ਕਿ ਗਰੀਬਾਂ ਨੂੰ ਰੋਟੀ ਕਪੜਾ ਦਾਨ ਕਰਨ ਨਾਲ, ਘਰ ਦੀਆਂ ਵਸਤਾਂ ਵਿਚ ਪੈਂਦੀ ਹੈ । ਜੇ ਦਾਨ ਨਾ ਕਢਿਆ ਜਾਵੇ ਤਾਂ ਘ ਬੀਮਾਰੀ ਉਤੇ ਰੁਪਿਆ ਲਗ ਜਾਂਦਾ ਜਾਂ ਪਸ਼ ਜਾਂਦੇ ਹਨ ।

ਵਸਤਾਂ ਵਿਚ ਬਰਕਤ ਪਾਉਣ ਲਈ ਜ਼ਿ ਆਪਣੀ ਫਸਲਾਂ ਨੂੰ ਗਾਹਣ ਪਿਛੋਂ ਅੰਨ ਆਦਿ ਤੇ ਫਕੀਰਾਂ ਵਿਚ ਵੰਡਦਾ ਹੈ, ਖੂਹ ਖੁੱਦਣ ਲਗਿਆਂ, ਵਿਚ ਬਰਕਤ ਪਾਉਣ ਲਈ ਗੁੜ ਵੰਡਿਆ ਜਾਂ ਇਸੇ ਤਰ੍ਹਾਂ ਮਕਾਨ ਦੀ ਨੀਂਹ ਰਖਣ ਲਗਿਆਂ ਵੰਡਿਆ ਜਾਂਦਾ ਹੈ ।

**(ਬ-81) ਬਰਾਤ** :

ਲੜਕੇ ਦੇ ਵਿਆਹ ਸਮੇਂ, ਵਰ ਦੇ ਸਾਕ ਸੰ ਤੇ ਦੋਸਤਾਂ ਮਿਤ੍ਰਾਂ ਦਾ, ਜਲੂਸ ਦੀ ਸ਼ਕਲ ਵਿਚ, ਦੇ ਘਰ ਜਾਣਾ । ਵਿਆਹ ਦੇ ਸ਼ੁਭ ਅਵਸਰ ਤੇ ਲਾੜ੍ਹ ਉਤੇ ਸਵਾਰ ਹੁੰਦਾ ਹੈ ਤੇ ਬਾਕੀ ਬਰਾਤੀ, ਉਸ ਦੇ ਨਾ ਪੈਦਲ ਤੁਰਦੇ ਹਨ । ਅਗੇ ਢੋਲ, ਵਾਜੇ ਤੇ ਸ਼ਹਿ ਵਜ ਰਹੀਆਂ ਹੁੰਦੀਆਂ ਹਨ । ਬਰਾਤ ਵਿਚ ਸ਼ਾਮਲ ਨੱਚਦੇ ਟੱਪਦੇ ਤੇ ਭੰਗੜੇ ਪਾਉਂਦੇ ਹਨ ।

ਬਰਾਤ ਤੁਰਨ ਵੇਲੇ ਲੜਕੇ ਦੀਆਂ ਭੈਣਾਂ ਭਰ ਕਈ ਤਰ੍ਹਾਂ ਦੇ ਸ਼ਗਨ ਕਰਦੀਆਂ ਹਨ । ਵੱਡੀ ਲਾੜ੍ਹੇ ਦੀਆਂ ਅੱਖਾਂ ਵਿਚ ਸੁਰਮਾ ਪਾਉਂਦੀ ਹੈ ਅ ਘੋੜੀ ਦੀ 'ਵਾਗ' ਫੜਦੀਆਂ 'ਵਾਲ ਗੁੰਦਦੀਆਂ' ਤੇ ਦਾਲ ਚੁਗਾਂਦੀਆਂ ਹਨ । ਲਾੜ੍ਹਾ ਸਭਨਾਂ ਨੂੰ ਸ਼ਗਨ ਰੁਪਏ ਭੇਟ ਕਰਦਾ ਹੈ । ਇਸ ਮੌਕੇ ਉਤੇ ਤੀਵੀਆਂ ਦੀਆਂ ਸਵਰ ਲਹਿਰੀਆਂ ਛੇੜੀ ਰਖਦੀਆਂ ਹਨ ।

ਬਰਾਤ ਤੁਰਨ ਵੇਲੇ ਜੇ ਕਾਂ ਬੋਲੇ ਤਾਂ ਇਸ ਭਾਵ ਹੈ ਕਿ ਲਾੜ੍ਹੇ ਲਾੜ੍ਹੀ ਦੀ ਗ੍ਰਿਹਸਤੀ ਵਿਚ ਵਧੇਰੇ ਚਲੇਗੀ ਅਤੇ ਜੇ ਚਿੜੀ ਚੋਂਕੇ ਤਾਂ ਲਾੜ੍ਹੀ ਦੀ ਦਾ ਸ਼ਗਨ ਕਰਨ ਲਈ ਕੋਈ ਕੰਮੀ ਕਮੀਣ ਅਗੋਂ ਜਾ ਭਰਿਆ ਲੋਟਾ ਲੈ ਕੇ ਲੰਘਦਾ ਹੈ । ਕਈ

ਚਾਵਲ ਦਾ ਟਿੱਕਾ ਲਗਾਂਦਾ ਹੈ ਅਤੇ ਕੰਨਿਆਂ-ਪਖ ਵਾਲੇ ਲਾੜ੍ਹੇ ਨੂੰ ਕੁਝ ਮਠਿਆਈ ਤੇ ਰੁਪਏ ਭੇਟ ਕਰਦੇ ਹਨ ।

(ਬ-82) **ਬਰਾਦਰੀ :**

ਉਹ ਸਭ ਸ਼ਖ਼ਸ, ਜੋ ਆਪਣਾ ਪਿੱਛਾ ਕਿਸੇ ਇਕ ਸਾਂਝੇ ਵਡਿਕੇ ਨਾਲ ਜੋੜਦੇ ਹਨ, ਇਕੋ ਬਰਾਦਰੀ ਵਿਚ ਆਉਂਦੇ ਹਨ । ਭਾਵੇਂ ਉਨ੍ਹਾਂ ਦੀ ਰਿਸ਼ਤੇਦਾਰੀ ਕਿਤਨੀ ਵੀ ਦੂਰ ਦੀ ਹੋਵੇ । ਸਾਂਝੇ ਵਡਿਕੇ ਦੀ ਔਲਾਦ ਹੋਣ ਕਰ ਕੇ ਬਰਾਦਰੀ ਇਕੋ ਕਬੀਲੇ ਅਥਵਾ ਕੋੜਮੇ ਨਾਲ ਸੰਬੰਧਿਤ ਹੁੰਦੀ ਹੈ, ਪਰ ਕਬੀਲਾ ਸ਼ਬਦ ਵਧੇਰੇ ਵਿਸਥਾਰ ਪੂਰਵਕ ਅਰਥਾਂ ਵਿਚ ਵਰਤਿਆ ਜਾਂਦਾ ਹੈ ਤੇ ਇਹ ਸਾਂਝ ਬਹੁ-ਪੱਖੀ ਹੁੰਦੀ ਹੈ । ਪਰ ਬਰਾਦਰੀ ਕੇਵਲ ਸਮਾਜਿਕ ਸਮੂਹ ਹੈ ।

ਬਰਾਦਰੀ ਵਿਚ, ਆਮ ਤੌਰ ਉਤੇ ਦਾਦੇ-ਪੜਤਰੇ ਭਰਾ, ਚਾਚੇ ਤਾਏ ਉਨ੍ਹਾਂ ਦੇ ਪੁੱਤਰ ਧੀਆਂ ਤੇ ਭਰਾ ਭਾਈ ਸ਼ਾਮਲ ਹੁੰਦੇ ਹਨ । ਧੀਆਂ ਆਪਣੇ ਪਿਉ ਦੀ ਬਰਾਦਰੀ ਦਾ ਅੰਗ ਤਾਂ ਹੁੰਦੀਆਂ ਹਨ, ਪਰ ਵਿਆਹ ਪਿਛੋਂ ਉਹ ਆਪਣੇ ਪਤੀ ਦੀ ਬਰਾਦਰੀ ਵਿਚ ਸ਼ਾਮਲ ਹੋ ਜਾਂਦੀਆਂ ਹਨ । ਬਰਾਦਰੀ ਦੇ ਸਾਰੇ ਲੋਕਾਂ ਵਿਚ ਰਿਸ਼ਤੇ ਦੀ ਤੰਦ ਜੁੜੀ ਹੁੰਦੀ ਹੈ, ਭਾਵੇਂ ਕਿਧਰੇ ਇਹ ਬੜੀ ਪਤਲੀ ਪੈ ਜਾਂਦੀ ਹੈ, ਪਰ ਇਸਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

ਬਰਾਦਰੀ ਤੋਂ ਬਾਹਰ ਵੀ ਕੁਝ ਅੰਗ ਸਾਕ ਹੁੰਦੇ ਹਨ, ਜਿਵੇਂ ਜਵਾਈ, ਨੂੰਹ ਤੇ ਕੁੜਮ ਆਦਿ, ਇਹ ਸ਼ਰੀਕਾ ਅਖਵਾਉਂਦੇ ਹਨ । ਵਿਸ਼ਾਲ ਅਰਥਾਂ ਵਿਚ ਕਈ ਵਾਰ ਸ਼ਰੀਕੇ ਨੂੰ ਵੀ ਬਰਾਦਰੀ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ ।

ਹਰੇਕ ਬਰਾਦਰੀ ਇਕ ਅਜਿਹਾ ਸਮਾਜਿਕ ਸਮੂਹ ਹੈ, ਜਿਸ ਦੀ ਇਕੋ ਜਿਹੀਆਂ ਰੀਤਾਂ ਰਸਮਾਂ ਤੇ ਰਵਾਜ ਹੁੰਦੇ ਹਨ । ਇਨ੍ਹਾਂ ਰੀਤਾਂ ਰਸਮਾਂ ਉਤੇ ਚਲਣ ਨਾਲ ਹੀ ਬਰਾਦਰੀ ਵਿਚ ਇਜ਼ਤ ਮਾਣ ਵਧਦਾ ਹੈ । ਪੰਜਾਬੀਆਂ ਦੇ ਸਮਾਜਿਕ ਜੀਵਨ ਵਿਚ ਬਰਾਦਰੀ ਦਾ ਦਰਜਾ ਬੜਾ ਉੱਚਾ ਹੈ । ਬਹੁਤ ਸਾਰੀਆਂ ਰੀਤਾਂ ਰਸਮਾਂ ਤੇ ਵਿਖਾਵੇ, ਲੋਕੀਂ, ਬਰਾਦਰੀ ਵਿਚ, ਆਪਣਾ ਨੱਕ ਉੱਚਾ ਕਰਨ ਲਈ ਕਰਦੇ ਹਨ । ਬਰਾਦਰੀ ਹੀ ਬਾਹਵਾਂ ਹਨ, ਤੇ ਬਰਾਦਰੀ ਹੀ ਨੱਕ-ਸਮੂਹ । ਬਰਾਦਰੀ ਵਿਚ ਜੇ ਆਦਰ ਮਾਣ ਨਹੀਂ ਤਾਂ ਰੁਪਏ ਪੈਸੇ

ਵਿਚ ਵਸਦੀ ਹੈ । ਪਰ ਸਮੇਂ ਨਾਲ ਕਈ
ਆਈਆਂ । ਇਸ ਲਈ ਇਕੋ ਪਿੰਡ ਵਿਚ ਇ
ਬਰਾਦਰੀਆਂ ਵੀ ਹੁੰਦੀਆਂ ਹਨ ਤੇ ਕਈ ਬ
ਕੁਝ ਬੰਦੇ ਪਿੰਡੋਂ ਬਾਹਰ ਵੀ ਰਹਿੰਦੇ ਹਨ
ਪਿਛੋਂ ਬਰਾਦਰੀਆਂ ਦੀ ਪ੍ਰਥਾ ਨੂੰ ਕਾਫ਼ੀ ਢਾਹ

ਬਰਾਦਰੀ ਦੁੱਖ ਸੁੱਖ ਵਿਚ ਸ਼ਰੀਕ ਹੁੰ
ਦੇ ਜਨਮ, ਨਾਮ ਸੰਸਕਾਰ, ਜੰਞੂ ਧਾਰਨ, ਮੰਗਣ
ਦੀਆਂ ਰਸਮਾਂ ਰੀਤਾਂ ਤੋਂ ਇਲਾਵਾ ਦੁੱਖ-ਬੀਮ
ਮੌਤ ਸਮੇਂ ਵੀ ਬਰਾਦਰੀ ਇਕੱਠੀ ਹੁੰਦੀ ਹੈ । ਬ
ਸ਼ਾਮਲ ਹੋਣ ਨਾਲ ਇਜ਼ਤ ਵਧਦੀ ਹੈ ।

ਬਰਾਦਰੀ ਦੇ ਜਿਹੜੇ ਮੈਂਬਰ ਆਪ-ਹੁਦ
ਲਗੇ ਜਾਂ ਅਜਿਹੇ ਕੰਮ ਕਰੇ ਜਿਸ ਨਾਲ ਬਰਾਦ
ਹੁੰਦੀ ਹੋਵੇ ਤਾਂ ਉਸ ਨੂੰ ਬਰਾਦਰੀ ਵਿਚੋਂ ਛੇਕ
ਹੈ । ਪਹਿਲਿਆਂ ਵਿਚ ਬਰਾਦਰੀ ਵਿਚੋਂ ਛੇਕੇ
ਮੂੰਹ-ਮੱਥੇ ਨਹੀਂ ਸੀ ਲਗਾਂਦਾ । ਪਰ ਸਮੇਂ
ਨਾਲ ਬਰਾਦਰੀਆਂ ਦੀ ਸ਼ਕਤੀ ਕਮਜ਼ੋਰ ਪੈ
ਬਰਾਦਰੀ ਦਾ ਕੋਈ ਮੈਂਬਰ ਗ਼ਰੀਬ ਹੋਵੇ
ਬਰਾਦਰੀ ਦਾ ਕਰਤੱਵ ਹੈ ਕਿ ਉਹ ਰੁਪਏ ਪ
ਨਾਲ ਉਸ ਦੀ ਸਹਾਇਤਾ ਕਰੇ ਤੇ ਉਸ ਦੇ ਧੀਆ
ਵਿਆਹੁਣ ਵਿਚ ਉਸ ਦੀ ਮਦਦ ਕਰੇ ।

(ਬ-83) **ਬਰੌਠੀ :**

(ੳ) ਇਕ ਰਸਮ ਜਿਸ ਵਿਚ ਕੰਨਿਆ
ਲਾੜ੍ਹੇ ਦਾ ਆਦਰ ਮਾਣ ਕਰਦੇ ਹਨ । ਜਦੋਂ
ਨਾਲ ਲਾੜ੍ਹੀ ਦੇ ਘਰ ਪਹੁੰਚਦਾ ਹੈ ਤਾਂ ਕੰਨਿਆ
ਤੀਵੀਆਂ ਲਾੜ੍ਹੇ ਦਾ ਸਵਾਗਤ ਕਰਦੀਆਂ
ਗਾਉਂਦੀਆਂ ਹਨ । ਜਦੋਂ ਗੀਤ ਗਾ ਲਏ
ਕੰਨਿਆਂ, ਘਰ ਦੇ ਦਰਵਾਜ਼ੇ ਕੋਲ ਆ ਕੇ ਲਾ
ਉਤੇ ਦੋ ਮੁੱਠਾਂ ਚਾਵਲ ਸੁਟਦੀ ਹੈ । ਫਿਰ
ਲੈ ਕੇ ਲਾੜ੍ਹੇ ਦਾ ਸਵਾਗਤ ਕਰਦੀ ਹੈ ਤੇ ਲ
ਹਾਰ ਪਹਿਨਾ ਕੇ ਖ਼ੁਦ ਅੰਦਰ ਚਲੀ ਜਾਂ
ਪਿਛੋਂ ਦਰਵਾਜ਼ੇ ਅਗੇ ਚੌਕੀ ਤੇ ਖੜਾ ਕਰ
ਦੀ ਮਾਂ ਲਾੜ੍ਹੇ ਦੀ ਆਰਤੀ ਉਤਾਰਦੀ ਹੈ । ਜ
ਤਾਂ ਕੰਨਿਆਂ ਦੀ ਵਡੀ ਭੈਣ ਆਰਤੀ ਦੀ ਰਸਮ

ਰੀਤ । ਨਿਕਾਹ ਤੋਂ ਮਗਰੋਂ ਸ਼ਾਮ ਨੂੰ ਕੰਨਿਆਂ ਪੱਖ ਵਾਲਾ ਨਾਈ, ਬਰਾਤ ਨੂੰ ਖਾਣੇ ਲਈ ਸੱਦਾ ਦੇਂਦਾ ਹੈ। ਜਦੋਂ ਬਰਾਤ ਦੁਲਹਨ ਦੇ ਘਰ ਪੁਜਦੀ ਹੈ ਤਾਂ ਬਰੌਠੀ ਦੀ ਰੀਤ ਕੀਤੀ ਜਾਂਦੀ ਹੈ। ਦੁਲਹਨ ਦੀ ਭੂਆ ਆਪਣੇ ਸਿਰ ਉਤੇ ਘੜਾ ਰਖਦੀ ਹੈ ਅਤੇ ਉਸ ਦਾ ਪਤੀ ਇਕ ਥਾਲੀ ਵਿਚ ਦੋ ਬਲਦੇ ਦੀਵੇ, ਪਾਣੀ ਦੀ ਭਰੀ ਘੜੋਲੀ, ਕੁਝ ਚਾਵਲ ਤੇ ਗੁੜ ਲੈ ਕੇ ਦੂਲ੍ਹੇ ਮੀਆਂ ਤੇ ਬਰਾਤ ਨੂੰ ਮਿਲਦੇ ਹਨ। ਦੂਲ੍ਹੇ ਨੂੰ ਲਕੜੀ ਦੀ ਚੌਕੀ ਉਤੇ ਖੜਾ ਕੀਤਾ ਜਾਂਦਾ ਹੈ ਤੇ ਦੁਲਹਨ ਦਾ ਫੁੱਫੜ ਆਰਤੀ ਉਤਾਰਦਾ ਹੈ। ਦੁਲਹਨ ਦਾ ਪਿਉ/ਚਾਚਾ ਘੜੇ ਤੇ ਥਾਲੀ ਵਿਚ ਰੁਪਏ ਪਾਉਂਦੇ ਹਨ, ਜੋ ਦੁਲਹਨ ਦੀ ਭੂਆ ਤੇ ਫੁੱਫੜ ਰਖ ਲੈਂਦੇ ਹਨ। ਇਸ ਮਗਰੋਂ ਦੁਲਹਨ ਦਾ ਪਿਉ ਦੂਲ੍ਹੇ ਨੂੰ ਗਿਆਰਾਂ ਰੁਪਏ ਦੇਂਦਾ ਹੈ।

ਇਸ ਰਸਮ ਮਗਰੋਂ ਬਰਾਤ ਖਾਣਾ ਖਾਂਦੀ ਹੈ, ਸਭ ਤੋਂ ਪਹਿਲਾ ਦੂਲ੍ਹੇ ਨੂੰ ਨਾਈ ਹੱਥ ਧੁਆ ਕੇ ਖਾਣਾ ਖਵਾਂਦਾ ਹੈ ਤੇ ਫਿਰ ਬਰਾਤ ਨੂੰ ਭੋਜਨ ਖਾਣ ਲਈ ਦਿਤਾ ਜਾਂਦਾ ਹੈ। ਦੂਲ੍ਹੇ ਨੂੰ ਜੋ ਪਹਿਲਾ ਭੋਜਨ ਛਕਾਇਆ ਜਾਂਦਾ ਹੈ ਉਸ ਵਿਚ ਚਾਵਲ, ਸ਼ਕਰ ਤੇ ਘਿਉ ਹੀ ਹੁੰਦਾ ਹੈ।

## (ਬ-84) ਬੱਲ :

ਜੱਟਾਂ ਦੀ ਇਕ ਗੋਤ ਜੋ ਬਿਆਸ ਤੇ ਸਤਲੁਜ ਦੇ ਉਤਲੇਰੇ ਖੇਤਰ ਵਿਚ ਮਿਲਦੀ ਹੈ। (ਗਲਾਸਰੀ 2,450) ਅਨੁਸਾਰ ਇਨ੍ਹਾਂ ਦੇ ਵਡਿਕੇ ਦਾ ਨਾਂ ਯੋਧਾ ਬਲ ਸੀ ਜੋ ਮਾਲਵੇ ਵਲੋਂ ਆਇਆ ਸੀ। ਅੰਮ੍ਰਿਤਸਰ ਦੇ ਬਲ ਦਸਦੇ ਹਨ ਕਿ ਉਹ ਬਲਭਗੜ੍ਹ ਤੋਂ ਆ ਕੇ ਇਥੇ ਵਸੇ। ਇਥੋਂ ਦੇ ਬਲ ਢਿੱਲੋਂ ਗੋਤ ਦੇ ਜੱਟਾਂ ਵਿਚ ਵਿਆਹ ਨਹੀਂ ਕਰਦੇ।

## (ਬ-85) ਬਲੱਖ :

ਖ਼ੁਰਾਸਾਨ ਦਾ ਇਕ ਪ੍ਰਾਚੀਨ ਸ਼ਹਿਰ ਜੋ ਅਫ਼ਗਾਨੀ ਤੁਰਕਸਤਾਨ ਵਿਚ ਹੈ। ਬਲੱਖ ਕਦੇ ਬਾਲਹੀਕਾ ਜਾਤੀ ਦਾ ਮੂਲ ਨਿਵਾਸ ਅਸਥਾਨ ਸੀ। ਯੂਨਾਨੀ ਇਤਿਹਾਸਕਾਰਾਂ ਨੇ ਜਿਸ ਨੂੰ ਬਾਖਤਰ ਕਿਹਾ ਹੈ, ਉਹ ਇਹੋ ਬਲੱਖ ਹੈ। ਇਹ ਸੰਸਾਰ ਦੇ ਪ੍ਰਾਚੀਨ ਨਗਰਾਂ ਵਿਚੋਂ ਇਕ ਪ੍ਰਸਿਧ ਤੇ ਧਨਾਢ ਦੇਸ਼ ਸੀ। ਸਟਰਾਬੋ ਅਨੁਸਾਰ ਬਲੱਖ ਸਾਰੇ ਆਰੀਆਨਾ ਦਾ ਗਹਿਣਾ ਤੇ ਏਸ਼ਿਆਈ ਵਿਪਾਰ ਦੀ ਸਭ ਤੋਂ ਵਡੀ ਸੀ। ਜਦੋਂ ਹੁਆਨ ਸਾਂਗ ਇਥੇ ਆਇਆ ਤਾਂ ਉ[...] ਬੋਧੀ ਮਤ ਦਾ ਵਡਾ ਕੇਂਦਰ ਸੀ। ਮਗਰੋਂ ਇਥੇ ਅ[...] ਆਪਣਾ ਰਾਜ ਸਥਾਪਿਤ ਕਰ ਕੇ ਇਸ ਨੂੰ ਖ਼ੁਰਾਸਾ[...] ਮਿਲਾ ਲਿਆ।

ਬਲੱਖ ਦੁਨੀਆਂ ਦੇ ਅਮੀਰ ਦੇਸ਼ਾਂ ਵਿਚੋਂ ਇਕ [...] ਜਾਂਦਾ ਸੀ। ਇਥੇ ਧਨ ਦੌਲਤ ਦੀਆਂ ਨਦੀਆਂ ਵ[...] ਸਨ ਤੇ ਲੋਕ ਬੜੇ ਰਜੇ ਪੁਜੇ, ਸੁਖੀ ਤੇ ਖ਼ੁਸ਼ਹਾਲ[...] ਪੰਜਾਬੀ ਦੇ ਇਕ ਅਖਾਣ ਵਿਚ ਇਸ ਗੱਲ ਦਾ ਸੰਕੇ[...]

ਜਿਹੜਾ ਸੁੱਖ ਛੱਜੂ ਦੇ ਚੁਬਾਰੇ,<br>
ਉਹ ਨਾ ਬਲੱਖ ਨਾ ਬੁਖਾਰੇ।

## (ਬ-86) ਬਲਾਕ :

ਇਕ ਗਹਿਣਾ ਜੋ ਨੱਕ ਵਿਚ ਛੇਦ ਕਰ ਕੇ ਪ[...] ਜਾਂਦਾ ਹੈ। ਇਹ ਆਕਾਰ ਵਿਚ ਜੌਆਂ ਦੇ ਦਾਣੇ [...] ਹੁੰਦਾ ਹੈ। ਬਲਾਕ ਰੂਪ ਦੀ ਚੜ੍ਹਤ ਹੀ ਨਹੀਂ ਵ[...] ਸਗੋਂ ਨੱਕ ਦੀ ਰਖਿਆ ਕਰਦਾ ਹੈ।

## (ਬ-87) ਬਲਾਵਾਂ ਲੈਣੀਆਂ :

(ੳ) ਕਿਸੇ ਦੇ ਦੁੱਖ, ਪੀੜ ਤੇ ਸੰਕਟ ਨੂੰ ਆਪ[...] ਲੈਣਾ; ਜਦੋਂ ਕੋਈ ਸ਼ਖ਼ਸ ਕਿਸੇ ਦੂਜੇ ਦਾ ਦੁੱਖ[...] ਅਥਵਾ ਸੰਕਟ ਆਪਣੇ ਸਿਰ ਲੈਣਾ ਚਾਹੁੰਦਾ [...] ਉਸ ਦੀ ਮੰਜੀ ਦੁਆਲੇ ਤਿੰਨ ਪ੍ਰਕਰਮਾ ਕਰਦਾ [...] ਦੂਜੇ ਲਈ ਜੀਵਨ ਦਾਨ ਕਰਨ ਲਈ ਪ੍ਰਾਰਥਨਾ [...] ਰਵਾਇਤ ਹੈ ਕਿ ਜਦੋਂ ਬਾਬਰ ਦਾ ਬੇਟਾ ਹੁਮਾ[...] ਬੀਮਾਰ ਪੈ ਗਿਆ ਤੇ ਉਸ ਦੇ ਬਚਣ ਦ[...] ਆਸ ਉਮੀਦ ਨਾ ਰਹੀ ਤਾਂ ਬਾਬਰ ਨੇ ਉਸ ਦੇ ਮੰਜੇ[...] ਤਿੰਨ ਪ੍ਰਕਰਮਾ ਕੀਤੀਆਂ ਤੇ ਉਸ ਦੀਆਂ ਬਲਾਵਾਂ[...] ਸਿਰ ਲੈਣ ਦੀ ਪ੍ਰਾਰਥਨਾ ਕੀਤੀ, ਜੋ ਕਬੂਲ ਹ[...] ਅਗਲੇ ਹੀ ਪਲ ਬਾਬਰ ਬੀਮਾਰ ਪੈ ਗਿਆ ਤੇ[...] ਰਾਜ਼ੀ ਹੋ ਗਿਆ।

(ਅ) ਇਕ ਰੀਤ ਜੋ ਫ਼ਿਰੋਜ਼ਪੁਰ ਦੇ ਬਾਗ[...] ਵਿਚ ਪ੍ਰਚਲਤ ਹੈ। ਜਦੋਂ ਬੱਚਾ ਇਕ ਮਹੀਨੇ [...] ਹੈ ਤਾਂ ਉਸ ਦੀ ਕੋਈ ਭੂਆ ਅਥਵਾ ਚਾਚੀ ਜਾ [...] ਕੋਈ ਲੜਕੀ ਇਕ ਟੋਪੀ ਤੇ ਚਾਂਦੀ ਦਾ ਕੜਾ ਲਿ[...]

ਹੈ। ਧਨਾਢ ਪਿਉ ਇਸ ਮੌਕੇ ਉਤੇ ਗਊ, ਮੱਝ ਜਾਂ ਊਠ ਬਲਾਵਾਂ ਲੈਣ ਵਾਲੀ ਨੂੰ ਭੇਟ ਕਰਦਾ ਹੈ।

**(ਬ-88) ਬਲੀ** :

ਦੈਂਤਾਂ ਦਾ ਇਕ ਰਾਜਾ, ਜੋ ਹਰਨਾਕਸ਼ ਦਾ ਪੜਪੋਤਰਾ, ਪ੍ਰਹਿਲਾਦ ਦਾ ਪੋਤਰਾ ਤੇ ਵਿਰੋਚਨ ਦਾ ਪੁੱਤਰ ਸੀ। ਬਲੀ ਬੜਾ ਨੇਕ ਤੇ ਪ੍ਰਤਾਪੀ ਰਾਜਾ ਸੀ, ਜਿਸ ਨੇ ਤੱਪ ਦੀ ਸ਼ਕਤੀ ਨਾਲ ਇੰਦਰ ਨੂੰ ਜਿਤ ਕੇ ਤਿੰਨਾਂ ਲੋਕਾਂ ਵਿਚ ਆਪਣਾ ਰਾਜ ਸਥਾਪਿਤ ਕਰ ਲਿਆ। ਦੇਵਤਿਆਂ ਨੇ ਵਿਸ਼ਨੂੰ ਅਗੇ ਫਰਿਆਦ ਕੀਤੀ, ਵਿਸ਼ਨੂੰ ਨੇ ਬਲੀ ਦਾ ਦਮਨ ਕਰਨ ਲਈ ਵਾਮਨ ਅਵਤਾਰ ਧਾਰਨ ਕੀਤਾ ਅਤੇ ਬਲੀ ਤੋਂ ਢਾਈ ਅਥਵਾ ਤਿੰਨ ਕਦਮ ਜ਼ਮੀਨ ਵਰਦਾਨ ਵਜੋਂ ਮੰਗੀ। ਭਾਵੇਂ ਦੈਂਤਾਂ ਦੇ ਗੁਰੂ ਸ਼ੁਕਰ ਨੇ ਬਲੀ ਨੂੰ ਵਰਜਿਆ, ਪਰ ਬਲੀ ਵਾਮਨ ਅਗੇ ਸੰਕਲਪ ਕਰ ਬੈਠਾ। ਵਾਮਨ ਨੇ ਆਪਣੇ ਸਰੀਰ ਦਾ ਅਕਾਰ ਵਧਾ ਕੇ ਇਕ ਕਦਮ ਨਾਲ ਧਰਤੀ ਤੇ ਦੂਜੇ ਕਦਮ ਨਾਲ ਆਕਾਸ਼ ਮਿਣ ਲਿਆ। ਤੀਜਾ ਕਦਮ ਮੰਗਣ ਤੇ ਬਲੀ ਨੇ ਆਪਣਾ ਸਰੀਰ ਦਾਨ ਕਰ ਦਿਤਾ। ਪਰ ਵਾਮਨ ਨੇ ਬਲੀ ਦਾ ਸਬਰ ਸੰਤੋਖ ਤੇ ਦਾਨੀ ਸੁਭਾਵ ਵੇਖ ਕੇ, ਪਤਾਲ ਦਾ ਰਾਜ ਬਲੀ ਨੂੰ ਦੇ ਦਿਤਾ। ਵਿਸ਼ਨੂੰ ਨੇ ਬਲੀ ਦੀ ਬੇਨਤੀ ਮੰਨ ਕੇ ਉਸ ਦਾ ਦੁਵਾਰਪਾਲ ਬਣ ਕੇ ਰਹਿਣਾ ਵੀ ਕਬੂਲ ਕਰ ਲਿਆ।

ਜੌਨ ਡੌਸਨ (ਹਿੰਦੂ ਮਿਥਿਹਾਸ ਕੋਸ਼ 391) ਅਨੁਸਾਰ "ਤਿੰਨ ਕਦਮਾਂ ਵਾਲੀ ਕਹਾਣੀ ਦੇ ਮੂਲ ਬੀਜ ਰਿਗ ਵੇਦ ਵਿਚ ਵੀ ਮਿਲਦੇ ਹਨ। ਜਿਸ ਵਿਚ ਵਿਸ਼ਨੂੰ ਨੂੰ ਪ੍ਰਿਥਵੀ, ਸਵਰਗ ਅਤੇ ਪਾਤਾਲ ਵਿਚ ਤਿੰਨ ਕਦਮ ਧਰਦਿਆਂ ਵਿਖਾਇਆ ਗਿਆ ਹੈ ਅਤੇ ਸ਼ਾਇਦ ਇਸ ਨੂੰ ਸੂਰਜ ਦੇ ਉਦੇ, ਸਿਖਰ ਅਤੇ ਡੁੱਬਣ ਵੇਲੇ ਦੇ ਅਰਥ ਦਿਤੇ ਗਏ ਹਨ।"

**(ਬ-89) ਬਹੁੱਟਾ** :

(ੳ) ਇਕ ਤਰ੍ਹਾਂ ਦਾ ਤਵੀਤ, ਜੋ ਰਖਿਆ ਲਈ ਡੌਲੇ ਨਾਲ ਬੰਨ੍ਹਿਆ ਜਾਂਦਾ ਹੈ।

(ਅ) ਡੌਲੇ 'ਤੇ ਪਹਿਨਣ ਵਾਲਾ ਇਕ ਗਹਿਣਾ।

ਨਾਲ ਬੰਨ੍ਹ ਦਿਤਾ ਜਾਵੇ ਅਤੇ ਦੋ ਹਫ਼ਤਿਆਂ ਮ
ਮੰਗਲਵਾਰ ਨੂੰ ਹੀ ਖੋਲ੍ਹਿਆ ਜਾਵੇ ਅਤੇ ਮੰਗਲ
ਪ੍ਰਸ਼ਾਦਿ ਗਲੀ ਮਹੱਲੇ ਵਿਚ ਵੰਡਿਆ ਜਾਵੇ। ਕ
ਇਹ ਧਾਗਾ ਮੰਗਲਵਾਰ ਨੂੰ ਹਨੂਮਾਨ ਦੇ ਮੰਦਰ ਵਿ
ਬੰਨ੍ਹਦੇ ਤੇ ਪੰਦਰਵੇਂ ਦਿਨ ਉਥੇ ਹੀ ਜਾ ਕੇ ਖੋਲ੍ਹਦੇ ਤੇ
ਨੂੰ ਪ੍ਰਸ਼ਾਦਿ ਚੜ੍ਹਾਂਦੇ ਹਨ। ਇਸ ਤਰ੍ਹਾਂ ਦੇ ਕਈ ਹੋ
ਵੀ ਬਵਾਸੀਰ ਦੇ ਇਲਾਜ ਲਈ ਪ੍ਰਚਲਤ ਹਨ।

ਬਵਾਸੀਰ ਦਾ ਰੋਗ ਦੂਰ ਕਰਨ ਲਈ, ਕਈ
ਮੰਤ੍ਰਿਆ ਹੋਇਆ ਛੱਲਾ, ਚੀਚੀ ਉਂਗਲੀ ਵਿਚ
ਲਈ ਦੇਂਦੇ ਹਨ। ਇਸ ਛੱਲੇ ਦੀ ਕੁਝ ਧਾਤ ਦੂ
ਵਿਚ ਰਲਾ ਕੇ, ਲੋਕੀ ਨਵੇਂ ਛੱਲੇ ਘੜਵਾ ਲੈਂ
ਇਹ ਮੂਲ ਛੱਲੇ ਜਿਤਨਾ ਹੀ ਗੁਣਕਾਰੀ ਮੰਨਿਅ
ਹੈ। ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਆਧਾਰਤ

**(ਬ-91) ਬਜ਼ਾ ਤੀਰਥ ਹਰੀਪੁਰਾ** :

ਇਕ ਤੀਰਥ ਜੋ ਅਬੋਹਰ ਦੇ ਦੱਖਣ ਵਲ,
ਮੀਲਾਂ ਉਤੇ ਹਰੀਪੁਰਾ ਵਿਚ ਹੈ। ਹਰੀਪੁਰਾ ਬਿਸ਼ਨੋ
ਵਾਲਾ ਪਿੰਡ ਹੈ। ਫ਼ਿਰੋਜ਼ਪੁਰ ਗਜ਼ਟੀਅਰ (ਪੰਨ
ਅਨੁਸਾਰ ਇਸ ਪਿੰਡ ਦੇ ਤਲਾਬ ਦੇ ਕੰਢੇ ਇਕ
ਸਾਧੂ ਚਰਨ ਦਾਸ ਰਹਿੰਦਾ ਸੀ। 1876 ਈ: ਵਿ
ਪਿੰਡ ਦੀ ਇਕ ਮਿਰਾਸਣ ਮਰੀ ਤਾਂ ਉਸ ਦੇ ਸਾਕ
ਨੇ, ਤਲਾਬ ਦੇ ਨੇੜੇ ਇਕ ਵਡਾ ਭੋਜ ਦਿਤਾ। ਤ
ਪਾਣੀ ਨੂੰ, ਮਿਰਾਸੀ ਪਲੀਤ ਨਾ ਕਰ ਦੇਣ,
ਬਿਸ਼ਨੋਈਆਂ ਨੇ ਤਲਾਬ ਤੋਂ ਕੁਝ ਵਿਥ ਉਤੇ ਇ
ਪੁਟਿਆ ਤਾਂ ਜੋ ਇਸ ਵਿਚ ਮਿਰਾਸੀਆਂ ਦੇ ਪੀ
ਪਾਣੀ ਭਰ ਦਿਤਾ ਜਾਵੇ। ਟੋਹਾ ਪੁਟਦਿਆਂ ਤਿੰਨ
ਦੀ ਡੂੰਘਾਈ 'ਤੇ ਹੇਠੋਂ ਇਕ ਲੋਹੇ ਦਾ ਸੰਦੂਕ ਨਿ
ਜਿਸ ਨੂੰ ਸਾਧੂ ਚਰਨ ਦਾਸ ਨੇ ਖੋਲ੍ਹਿਆ ਤਾਂ ਵਿ
ਜੰਗ ਲਗੇ ਤੀਰ ਦੇ ਨੁਕੇ, ਇਕ ਤਲਵਾਰ, ਇਕ
ਇਕ ਮੋਹਰ, ਇਕ ਤ੍ਰਿਸੂਲ, ਇਕ ਵਿਸ਼ਨੂੰ ਦੇ
ਨਰਸਿੰਘ ਦੀ ਪਥਰ ਦੀ ਮੂਰਤੀ, ਦੋ ਚਰਨ
ਗੁਰੂ ਨਾਨਕ ਦੇਵ ਜੀ ਦੇ ਮੰਨੇ ਜਾਂਦੇ ਹਨ, ਤਿੰਨ
ਤੇ ਇਕ 24 ਪਤਰਿਆਂ ਦੀ ਪੋਥੀ ਨਿਕਲੀ, ਇ
ਵਸਤਾਂ ਲਿਜਾ ਕੇ ਸਰਸਾ ਦੇ ਗੁਰਦੁਆਰੇ ਵਿਚ

ਇਥੇ ਆਸ ਪਾਸ ਦੇ ਇਲਾਕੇ ਦੇ ਲੋਕ ਸਾਲ ਵਿਚ ਦੋ ਵਾਰ ਚੇਤਰ ਤੇ ਕੱਤਕ ਵਿਚ ਯਾਤ੍ਰਾ ਲਈ ਆਉਂਦੇ ਹਨ ਤੇ ਇਥੇ ਇਨ੍ਹੀਂ ਦਿਨੀਂ ਨਿੱਕਾ ਜਿਹਾ ਮੇਲਾ ਲਗਦਾ ਹੈ। ਯਾਤ੍ਰੀ ਤਲਾਬ ਵਿਚ ਇਸ਼ਨਾਨ ਕਰਦੇ ਤੇ ਮਿੱਟੀ ਕਢਦੇ ਹਨ।

(ਬ-92) **ਬਾਸ਼ਕ ਨਾਗ** :

ਇਕ ਪੁਰਾਣਿਕ ਨਾਗ ਜੋ ਪਤਾਲ ਵਿਚ ਵਸਦਾ ਹੈ। ਪੁਰਾਣਿਕ ਕਥਾਵਾਂ ਅਨੁਸਾਰ ਧਰਤੀ ਨੂੰ ਬਾਸ਼ਕ ਨਾਗ ਨੇ ਹੀ ਆਪਣੇ ਫਣਾਂ ਉੱਤੇ ਚੁਕਿਆ ਹੋਇਆ ਹੈ। ਸਮੁੰਦਰ ਰਿੜਕਣ ਵੇਲੇ ਦੇਵਤਿਆਂ ਨੇ ਬਾਸ਼ਕ ਨਾਗ ਦਾ ਹੀ ਨੇਤ੍ਰਾ ਬਣਾਇਆ ਸੀ। ਮਯਾ ਸਿੰਘ ਕੋਸ਼ ਅਨੁਸਾਰ ਬਾਸ਼ਕ ਨਾਗ ਧਰਤੀ ਦੁਆਲੇ ਕੁੰਡਲ ਮਾਰੀ ਬੈਠਾ ਹੈ ਤਾਂ ਜੋ ਧਰਤੀ ਫੱਟ ਨਾ ਜਾਏ।

(ਬ-93) **ਬਾਸੀਅੜਾ** :

ਸੀਤਲਾ ਦੇਵੀ ਦਾ ਇਕ ਤਿਉਹਾਰ, ਜੋ ਫੱਗਣ ਅਤੇ ਚੇਤਰ ਦੇ ਹਨੇਰੇ ਪੱਖ ਦੇ ਪਹਿਲੇ ਮੰਗਲਵਾਰ ਨੂੰ ਮਨਾਇਆ ਜਾਂਦਾ ਹੈ, ਇਸ ਦਿਨ ਤੀਵੀਆਂ ਬੇਹੇ ਗੁਲਗੁਲੇ ਤੇ ਕੜਾਹ ਆਦਿ ਸੀਤਲਾ ਨੂੰ ਚੜ੍ਹਾ ਕੇ ਮਗਰੋਂ ਖ਼ੁਦ ਖਾਂਦੀਆਂ ਹਨ। ਬੇਹੇ (ਬਾਸੀ) ਵਸਤਾਂ ਦਾ ਸੇਵਨ ਕਰਨ ਕਰਕੇ, ਇਸ ਤਿਉਹਾਰ ਦਾ ਨਾਂ ਬਾਸੀਅੜੀ ਜਾਂ ਬਾਸੀੜਾ ਪੈ ਗਿਆ। ਤੀਵੀਆਂ ਸੋਮਵਾਰ ਰਾਤ ਨੂੰ ਵਰਤ ਰਖਦੀਆਂ ਹਨ ਤੇ ਗੁਲਗੁਲੇ, ਕੜਾਹ ਤੇ ਹੋਰ ਪਦਾਰਥ ਪਕਾਂਦੀਆਂ ਹਨ, ਜੋ ਮੰਗਲਵਾਰ ਸਵੇਰੇ ਦੇਵੀ ਨੂੰ ਭੇਟ ਕੀਤੇ ਜਾਂਦੇ ਹਨ (ਵੇਖੋ : ਬਾਹੀੜਾ)।

(ਬ-94) **ਬਾਂਹ** :

(ੳ) (ਜਟਕੀ) ਉਹ ਰਿਸ਼ਤਾ ਨਾਤਾ ਜੋ ਪੈਸੇ ਲੈ ਕੇ ਜਾਂ ਵੱਟੇ ਨਾਲ ਕੀਤਾ ਗਿਆ ਹੋਵੇ।

(ਅ) ਕੁੜਮਾਈ ਜਾਂ ਵੱਟੇ ਜਾਂ ਪੈਸੇ ਲੈਣ ਕਾਰਨ, ਔਰਤ ਤੇ ਹੱਕ ਰਖਣ ਦਾ ਭਾਵ—ਜਟਕੀ (ਪੰਜਾਬੀ ਕੋਸ਼ 4,361)।

(ਬ-95) **ਬਾਂਹ ਫੜਨੀ** :

ਵਿਆਹ ਨਾਲ ਸਬੰਧਤ ਇਕ ਰੀਤ ਜਦੋਂ ਲਾੜ੍ਹਾ ਲਾੜ੍ਹੀ

2,69) ਅਨੁਸਾਰ ਬਾਹਠ ਰਦੀ ਸਾਖ਼ਾਂ ਵਿਚ ਵੰਡੇ ਹੋਏ
ਜਿਵੇਂ ਬਾਹਠ, ਢੋਲ, ਭੰਡੋਲ, ਖੈਰੇ, ਦੇਸੀ, ਅੰਜਲਾ,
ਘੁਮਾਣ ਆਦਿ ਇਹ ਸਭ ਸ਼ਾਖ਼ਾਂ ਸੈਨਪਾਲ ਦੀ ਵੰਸ਼
ਜਾਂਦੀਆਂ ਹਨ, ਜੋ 900 ਸਾਲ ਪਹਿਲਾਂ ਮਾਲਵੇ ਤੋਂ
ਆ ਕੇ ਵਸੇ ਸਨ। ਸੈਨਪਾਲ ਸਭ ਤੋਂ ਪਹਿਲਾਂ
ਵਿਚ ਉਧਯਾਰਾ ਪਿੰਡ ਵਿਚ ਵਸਿਆ।

ਬਾਹਠ ਦੀ ਇਕ ਸ਼ਾਖ਼ 'ਖੈਰ' ਦੇ ਦੋ ਜਠੇਰੇ 'ਰਾ
ਤੇ ਉਸ ਦਾ ਪੋਤਰਾ 'ਸਹਿਜ਼ਾਦਾ' ਹਨ। ਇਹ ਖਡੂਰ
ਵਿਚ ਕਾਂਗ ਜੱਟਾਂ ਨਾਲ ਲੜਦੇ ਹੋਏ ਸ਼ਹੀਦ ਹੋਏ। ਦੇ
ਤੋਂ ਪਹਿਲਾਂ ਕੁਝ ਹਿੰਦੂ ਬਾਹਠ ਮਿੰਟਗੁਮਰੀ ਵਿ
ਮਿਲਦੇ ਸਨ।

(ਬ-97) **ਬਾਹਰ ਵਧਾਉਣਾ** :

(ੳ) ਬੱਚੇ ਦੇ ਜੰਮਣ ਮਗਰੋਂ ਕੀਤੀ ਇਕ ਰੀਤ
ਵਿਚ ਜਣਨੀ ਜਣੇਪੇ ਪਿਛੋਂ ਪਹਿਲੀ ਵਾਰ ਦਲ੍ਹੀਜ ਤੋਂ
ਪੈਰ ਕਢਦੀ ਹੈ। ਇਸ ਰੀਤ ਲਈ ਬੁੱਧ ਤੇ ਸ਼ੁਕ
ਦਿਨ ਚੰਗਾ ਸਮਝਿਆ ਜਾਂਦਾ ਹੈ ਪਰ ਮੰਗਲ ਤੇ ਸ
ਦਾ ਅਸ਼ੁਭ। ਪਰ ਬੁੱਧ ਤੇ ਸ਼ੁਕਰ ਨੂੰ ਤਾਂ ਹੀ ਬਾਹ
ਵਧਾਉਣ ਦੀ ਰੀਤ ਕੀਤੀ ਜਾਂਦੀ ਹੈ ਜੇ ਮੁੰਡਾ ਹੋਵੇ।
ਵਾਰੀ ਇਹ ਰੀਤ ਬੁੱਧ ਤੇ ਸ਼ੁਕਰ ਨੂੰ ਕੀਤੀ ਜਾਵੇ ਤਾਂ
ਹੈ ਕਿ ਮੁੜ ਕੁੜੀਆਂ ਹੀ ਪੈਦਾ ਹੁੰਦੀਆਂ ਹਨ।
ਦੀਆਂ ਰੀਤਾਂ ਲਈ ਸੋਮ ਜਾਂ ਵੀਰਵਾਰ ਚੁਣਿਆ
ਹੈ। ਕੁੜੀ ਦਾ ਬਾਹਰ ਵਧਾਉਣਾ ਜੇ ਵੀਰਵਾਰ
ਜਾਵੇ ਤਾਂ ਉਪਰੋਂ ਵੀਰ ਜੰਮਦਾ ਹੈ।

ਇਸ ਦਿਨ ਬੱਚੇ ਤੇ ਮਾਂ ਦੋਹਾਂ ਨੂੰ ਇ
ਕਰਵਾਇਆ ਜਾਂਦਾ ਹੈ। ਜਿਥੇ ਜਣਨੀ ਨੇ ਨ੍ਹਾਉਣਾ
ਹੈ ਉਥੇ ਪਹਿਲਾਂ ਨਾਇਣ ਜਾਂ ਕੁੱਲ-ਪ੍ਰੋਹਿਤਣੀ, ਅ
ਕਾਰੇ ਕਢ ਕੇ ਚੌਕ ਪੂਰਦੀ ਹੈ। ਫਿਰ ਇਕ ਚੋਕੀ
ਬੱਚੇ ਦੀ ਮਾਂ ਪਹਿਲਾਂ ਗਊਤਰ ਤੇ ਫਿਰ ਦਹੀਂ
ਕੇਸੀ ਇਸ਼ਨਾਨ ਕਰਦੀ ਹੈ। ਫਿਰ ਪੇਕੇ ਘਰ ਦੀ
ਪੁਸ਼ਾਕ ਪਹਿਨਦੀ ਤੇ ਬੱਚੇ ਨੂੰ ਗੋਦ ਵਿਚ ਲੈ ਕੇ,
ਉਤੇ ਬੈਠ ਜਾਂਦੀ ਹੈ ਅਤੇ ਭਾਈਚਾਰੇ ਤੋਂ ਵਧ
ਲੈਂਦੀ ਹੈ। ਜੇ ਬਾਲਕ ਜੰਮਿਆ ਹੋਵੇ ਤਾਂ ਇਸ ਮੌਕੇ
ਜਾਣ ਕੇ, ਲਾਗੀ ਤੇ ਕਮੀਣ ਵੀ ਵਧਾਈ ਦੇਣ ਅ
ਹਨ ਤੇ ਆਪੋ ਆਪਣੇ ਕਿੱਤੇ ਦੇ ਮੁਤਾਬਕ ਕੋਈ

ਖੂਬਸੂਰਤ ਚਾਂਡਾ, ਮੋਹੀ ਬੱਚੇ ਲਈ ਜੁੱਤੀਆਂ ਦਾ ਜੋੜਾ ਤੇ ਦਾਈ ਬੱਚੇ ਲਈ ਤੜਾਗੀ ਲਿਆਉਂਦੀ ਹੈ। ਇਨ੍ਹਾਂ ਤੁਹਫ਼ਿਆਂ ਬਦਲੇ ਉਨ੍ਹਾਂ ਸਜਨਾਂ ਨੂੰ ਦਰਜੇ ਅਨੁਸਾਰ ਨਕਦੀ ਤੇ ਜਿਨਸ ਦਿਤੀ ਜਾਂਦੀ ਹੈ।

ਕਈ ਲੋਕ ਇਸ ਦਿਨ 'ਬਿੱਧਮਾਤਾ' ਦੀ ਪੂਜਾ ਵੀ ਕਰਦੇ ਹਨ। ਨੈਣ ਗੋਹੇ ਦਾ ਇਕ ਪੁਤਲਾ, ਜਿਸ ਨੂੰ 'ਬਿੱਧ' ਕਹਿੰਦੇ ਹਨ, ਬਣਾ ਕੇ ਲਿਆਉਂਦੀ ਹੈ। ਇਸ ਬਿੱਧ ਨੂੰ ਰੇਸ਼ਮੀ ਪਟੋਲਿਆਂ ਵਿਚ ਲਪੇਟ ਕੇ ਅੰਨ ਦੇ ਢੇਰ ਲਗਾ ਕੇ, ਉਸ ਵਿਚ ਗਡ ਦਿਤਾ ਜਾਂਦਾ ਹੈ। ਦਾਈ ਮੋਤੀਆਂ ਨਾਲ ਜੜੀ ਘੁੰਘਰੂਆਂ ਵਾਲੀ ਤੜਾਗੀ ਬੱਚੇ ਨੂੰ ਪਹਿਨਾਂਦੀ ਹੈ ਤੇ ਬੱਚੇ ਦੀ ਮਾਂ ਨਾਈ ਦੀ ਜੁੱਤੀ (ਨਾ ਕਿ ਨੈਣ ਦੀ) ਪਹਿਨ ਕੇ ਬਾਹਰ ਪੈਰ ਵਧਾਉਂਦੀ ਹੈ। ਫਿਰ ਉਹ ਬੱਚੇ ਨੂੰ ਗੋਦ ਵਿਚ ਲੈ ਕੇ ਬਿੱਧ-ਮਾਤਾ ਦੇ ਸਨਮੁਖ ਚੜ੍ਹਦੇ ਵਲ ਮੂੰਹ ਕਰਕੇ ਪੀੜ੍ਹੀ ਉਤੇ ਬੈਠ ਜਾਂਦੀ ਹੈ ਤੇ ਬਿੱਧ ਨੂੰ ਪੂਜਦੀ ਹੈ।

ਇਸੇ ਦਿਨ ਸੰਧਿਆ ਨੂੰ ਤਾਰਿਆਂ ਦੀ ਛਾਵੇਂ ਉਹ ਘਰ ਦੀ ਮੁਹਾਠ ਟਪਦੀ ਹੈ ਤੇ ਪਾਣੀ ਦਾ ਭਰਿਆ ਗੜਵਾ ਹੱਥ ਵਿਚ ਲੈ ਕੇ ਪਹਿਲੀ ਵਾਰ ਘਰੋਂ ਬਾਹਰ ਨਿਕਲਦੀ ਹੈ। ਪੈਰ ਬਾਹਰ ਧਰਦਿਆਂ ਸਾਰ ਉਹ ਦਰਵਾਜ਼ੇ ਤੇ ਜਵਾਰ ਦਾ ਛੱਟਾ ਚੰਨ ਤੇ ਤਾਰਿਆਂ ਦੀ ਦਿਸ਼ਾ ਵਲ ਉਲਾਰਦੀ ਹੈ। ਘਰ ਵਾਪਸ ਆਉਂਦਿਆਂ ਸ਼ਗਨ ਦੇ ਤੌਰ ਤੇ ਉਹ ਖੇਤਾਂ ਦੇ ਬੰਨਿਆਂ ਤੋਂ ਹਰਾ ਘਾਹ ਪੁਟ ਲਿਆਉਂਦੀ ਹੈ ਤੇ ਰਾਤੀਂ ਸੌਣ ਲਗਿਆਂ ਇਸ ਘਾਹ ਨੂੰ ਸਿਰਹਾਣੇ ਹੇਠ ਰਖ ਲੈਂਦੀ ਹੈ।

ਇਸ ਸਾਰੀ ਰਸਮ ਨੂੰ ਤੇਹਰਵਾਂ ਨਹਾਉਣਾ ਵੀ ਕਿਹਾ ਜਾਂਦਾ ਹੈ। ਧਨ ਤੇ ਪੱਠੋਹਾਰ ਦੇ ਖਤ੍ਰੀ ਇਸ ਰੀਤ ਨੂੰ 'ਧਮਾਣ' ਕਹਿੰਦੇ ਹਨ।

(ਅ) ਬੱਚੇ ਦੇ ਜਨਮ ਪਿਛੋਂ ਪ੍ਰਸੂਤ ਵਾਲੇ ਕਮਰੇ ਵਿੱਚੋਂ ਦੀ ਦਲ੍ਹੀਜ਼ ਤੋਂ ਬੱਚੇ ਦੀ ਮਾਂ ਨੂੰ ਬਾਹਰ ਲਿਆਉਣ ਦੀ ਵਿਸ਼ੇਸ਼ ਰੀਤ ਬਾਹਰ ਵਧਾਉਣਾ ਅਖਵਾਉਂਦੀ ਹੈ। ਸ਼ੁਕਰਵਾਰ ਵਾਲੇ ਦਿਨ ਪੁੱਤਰ ਨੂੰ ਬਾਹਰ ਕਢਣ ਦੀ ਰੀਤ ਸ਼ੁਭ ਹੈ, ਪਰ ਜੇ ਉਸ ਦਿਨ ਕੰਨਿਆਂ ਨੂੰ ਬਾਹਰ ਕਢਿਆ ਜਾਵੇ ਤਾਂ ਲੜਕੀਆਂ ਇਸ ਘਰ ਵਿਚ ਜਨਮ ਲੈਣਗੀਆਂ।

ਇਹ ਰੀਤ ਸਤਵੇਂ ਜਾਂ ਗਿਆਰਵੇਂ ਦਿਨ ਕੀਤੀ ਜਾਂਦੀ ਹੈ। ਪਹਿਲਾਂ ਪਾਣੀ ਵਿਚ ਹਰੀ ਮੇਥੀ ਜਾਂ ਚਾਰਾ ਉਬਾਲ ਕੇ, ਜੱਚਾ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ। ਇਸ਼ਨਾਨ ਲਈ ਪਟੜਾ ਜਿਥੇ ਰਖਦੇ ਹਨ ਉਥੇ ਹੇਠਾਂ ਆਟੇ ਦਾ ਚੌਕ

ਮੰਜ੍ਹਿਆਂ ਉਤੇ ਕੜਾਹ ਨੂੰ ਰਖ ਕੇ ਬੱਚੇ ਦੀ
ਵਿਚ ਰਖਿਆ ਜਾਂਦਾ ਹੈ। ਉਸ ਨੂੰ ਰਜ ਕੇ
ਕਿਹਾ ਜਾਂਦਾ ਹੈ। ਨਹੀਂ ਤਾਂ ਬੱਚਾ 'ਚਿਲ
ਅਖਵਾਏਗਾ। ਪਰ ਉਹ ਥੋੜਾ ਜਿਹਾ ਖਾ ਕੇ
ਨੂੰ ਦੇ ਦੇਂਦੀ ਹੈ। ਪੈਰਾਂ ਵਿਚ ਕਿਸੇ ਦੂਜੇ
ਖ਼ਾਸ ਤੌਰ ਤੇ ਨਾਈ ਦੀ ਪਾਈ ਜਾਂਦੀ ਹੈ। ਬਾ
ਲਗਿਆਂ ਪਹਿਲਾਂ ਸੂਰਜ ਦੀਆਂ ਕਿਰਨਾਂ ਵੇਖੀਆ
ਹਨ ਜਾਂ ਚੰਗੇ ਬੰਦੇ ਦੇ ਦਰਸ਼ਨ ਕੀਤੇ ਜਾਂਦੇ
ਗੁਆਂਢ ਵਿਚ ਹਲਵਾ ਪੂੜੀ ਵੰਡੇ ਜਾਂਦੇ
'ਮੰਡੇ ਫੇਰਨਾ' ਕਹਿੰਦੇ ਹਨ। ਇਸ ਸਮੇਂ
ਲਿਆਉਂਦੇ ਹਨ।

## (ਭ-98) ਬਾਹਰਾ :

ਪੱਠੋਹਾਰ ਵਿਚ ਬਾਰਾਂ ਪਿੰਡਾਂ ਦੇ ਸਮੂਹ
ਕਹਿੰਦੇ ਹਨ। ਪਹਿਲਿਆਂ ਵਿਚ ਇਕ ਪਿੰਡ ਵਿ
ਤੇ ਇਕ ਜ਼ਾਤ ਦੇ ਲੋਕ ਵਸਦੇ ਸਨ, ਜਿਨ੍ਹਾਂ
ਇਕੋ ਹੁੰਦਾ ਸੀ। ਇਸ ਜ਼ਾਤ ਦੇ ਲੋਕ ਆਪਣ
ਇਕ ਦੂਜੇ ਦੇ ਨੇੜੇ ਕਈ ਪਿੰਡ ਵਸਾਂਦੇ ਸਨ।
ਦੇ ਬਾਰਾਂ ਪਿੰਡਾਂ ਨੂੰ 'ਬਾਹਰਾ' ਕਿਹਾ ਜਾਂਦਾ
ਇਕ ਦੂਜੇ ਦੇ ਨਾਲ ਨਾਲ ਹੁੰਦੇ, ਪਰ ਕਈ ਵ
ਤਕ ਖਿੰਡੇ ਹੁੰਦੇ ਤਾਂ ਕਿ ਕਾਫ਼ੀ ਸਾਰਾ ਇਲ
ਜਾ ਸਕੇ।

## (ਬ-99) ਬਾਹਰੀ :

ਖਤ੍ਰੀਆਂ ਦੀ ਇਕ ਸ਼ਾਖ ਜਿਸ ਵਿਚ
ਸ਼ਾਮਲ ਹਨ। ਇਨ੍ਹਾਂ ਬਾਰਾਂ ਗੋਤਾਂ ਦੇ ਨਾਂ
ਖੰਨਾ, ਮਲਹੋਤਰਾ ਜਾਂ ਮਿਹਰਾ, ਕੱਕੜ, ਚੋਪੜ
ਸਹਿਗਲ, ਧਵਨ, ਵਧੌਣ, ਤਨੇਣ, ਵੋਹਰਾ, ਮਹਿ
ਇਨ੍ਹਾਂ ਬਾਰਾਂ ਗੋਤਾਂ ਵਿਚੋਂ ਪਹਿਲੀਆਂ
ਪਿਛਲੀਆਂ ਅੱਠ ਗੋਤਾਂ ਨਾਲੋਂ ਸ੍ਰੇਸ਼ਟ ਮੰਨੀ
ਹਨ। ਪਿੰਡੀ ਘੇਬ ਦੇ ਖਤ੍ਰੀਆਂ ਵਿਚ ਵਧੌਣ
ਦੀ ਥਾਂ ਗੰਢੋਕ, ਬਾਹੀ, ਵਾਹੀ ਤੇ ਸੋਨੀ
'ਬਾਹਰੀਆਂ' ਵਿਚ ਗਿਣੀਆਂ ਜਾਂਦੀਆਂ ਹਨ
'ਬਾਹਰੀਆਂ' ਦੀਆਂ ਗੋਤਾਂ ਚੋਂਦਾਂ ਹੋ ਜਾਂਦੀਆਂ
ਬਾਹਰੀ ਅਗੋਂ ਕਈ ਧੜਿਆਂ ਵਿਚ ਵੰਡੇ ਹੋਏ

ਲਿਆ ਜਾਂਦਾ ਹੈ ਤੇ ਢਾਈ ਘਰੇ ਨੂੰ ਬਾਹਰੀ ਜਾਤੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਬਾਹਰੀ ਧਾਮਾਂ ਨੂੰ ਵੀ। ਢਾਈ ਘਰੇ ਸਭ ਤੋਂ ਸ੍ਰੇਸ਼ਟ ਮੰਨੇ ਜਾਂਦੇ ਹਨ, ਇਹ ਆਪਣੀਆਂ ਧੀਆਂ ਕੇਵਲ ਢਾਈ ਘਰਾਂ ਅਥਵਾ ਗੋਤਾਂ ਵਿਚ ਵਿਆਹੁੰਦੇ ਹਨ। ਇਸੇ ਤਰ੍ਹਾਂ ਬਾਰ੍ਹਾਂ, ਜੋ ਕਿ ਬਾਰ੍ਹਾਂ ਘਰੇ ਸਰੀਨਦਾਰ ਬਾਰ੍ਹਾਂ, ਜੋ ਆਪਣੀ ਬਾਰਾਂ ਗੋਤਾਂ ਵਿਚ ਧੀਆਂ ਦੇਂਦੇ ਹਨ, ਇਸ ਘੇਰੇ ਤੋਂ ਬਾਹਰ ਨਹੀਂ ਦੇਂਦੇ। ਇਸ ਤਰ੍ਹਾਂ ਬਾਹਰੀ ਇਕ ਤਰ੍ਹਾਂ ਦਾ ਵਿਆਹ ਸ਼ਾਦੀ ਦੇ ਘੇਰੇ ਵਾਲੀਆਂ ਗੋਤਾਂ ਦਾ [illegible] ਹੁੰਦੇ ਹਨ।

ਪਹਿਲਾਂ ਵਿਆਹ ਬਾਰੇ ਬਾਹਰੀਆਂ ਵਿਚ ਬੜੀ ਕਠੋਰਤਾਈ ਵਰਤੀ ਜਾਂਦੀ ਸੀ, ਪਰ ਹੁਣ ਉਤਨੀ ਕਠੋਰਤਾਈ ਨਹੀਂ ਰਹੀ।

(ਬ 100) ਬਾਸੀਅੜਾ :

ਸੀਤਲਾ ਮਾਈ ਦਾ ਇਕ ਤਿਉਹਾਰ, ਜੋ ਫੱਗਣ ਤੇ ਚੇਤਰ ਦੇ ਹਨੇਰੇ ਪੱਖ ਦੇ ਪਹਿਲੇ ਮੰਗਲਵਾਰ ਨੂੰ, ਦੇਵੀ ਦੇ ਉਪਾਸ਼ਕ ਮਨਾਉਂਦੇ ਹਨ। ਇਸ ਦਿਨ ਹਿੰਦੂ ਔਰਤਾਂ ਸੀਤਲਾ ਦੇਵੀ ਦੀ ਪੂਜਾ ਕਰਦੀਆਂ ਹਨ ਅਤੇ ਬੇਹਾ ਅੰਨ ਖਾਂਦੀਆਂ ਤੇ ਬੇਹਾ ਪਾਣੀ ਪੀਂਦੀਆਂ ਹਨ। ਸੋਮਵਾਰ ਦੀ ਰਾਤ ਨੂੰ ਗੁਲਗੁਲੇ, ਚਾਵਲ, ਕੜਾਹ, ਮਿਠੀਆਂ ਰੋਟੀਆਂ ਆਦਿ ਬਣਾ ਕੇ ਰਖ ਲਈਆਂ ਜਾਂਦੀਆਂ ਹਨ। ਤੇ ਕੋਰੇ ਘੜੇ ਵਿਚ ਪਾਣੀ ਰਖ ਲਿਆ ਜਾਂਦਾ ਹੈ। ਕਈ ਤੀਵੀਆਂ ਤਾਂ ਸੋਮਵਾਰ ਦੀ ਰਾਤ ਨੂੰ ਵਰਤ ਰਖਦੀਆਂ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਬਾਸੀ ਪਦਾਰਥ ਖਾਣ ਨਾਲ ਸੀਤਲਾ ਦੇਵੀ ਪ੍ਰਸੰਨ ਹੁੰਦੀ ਹੈ। ਇਸੇ ਤਿਉਹਾਰ ਨੂੰ 'ਬਾਸੀਅੜਾ' ਵੀ ਕਿਹਾ ਜਾਂਦਾ ਹੈ।

ਕਈ ਹਿੰਦੂ ਔਰਤਾਂ ਫੱਗਣ-ਚੇਤਰ ਦੇ ਹਨੇਰੇ ਪੱਖ ਦੇ ਸਾਰੇ ਮੰਗਲਵਾਰ ਦੇਵੀ ਦੀ ਪੂਜਾ ਕਰਦੀਆਂ ਤੇ ਬਾਸੀ ਪਦਾਰਥ ਖਾਂਦੀਆਂ ਹਨ।

(ਬ-101) ਬਾਹੀ :

ਸੋਨੇ ਜਾਂ ਚਾਂਦੀ ਦਾ ਇਕ ਗਹਿਣਾ, ਜੋ ਤੀਵੀਆਂ ਬਾਂਹ ਵਿਚ ਪਹਿਨਦੀਆਂ ਹਨ।

(ਬ-102) ਬਾਹੋ ਬਾਹੀ :

ਇਕ ਤਿਉਹਾਰ, ਜੋ ਮਾਘ ਦੇ ਮਹੀਨੇ ਦੇ ਇਹਨ ਮਨਾਇਆ ਜਾਂਦਾ ਹੈ। ਮਾਘ ਮਹੀਨੇ ਦੇ ਪਹਿਲੇ ਦਿਨ ਤੋਂ [illegible] ਇਸਤਰੀਆਂ ਖ਼ੂਬ ਮਨਾਉਂਦੀਆਂ ਹਨ। ਇਹ ਤਿਉਹਾਰ ਸ ਦੇ ਪੱਛਮ ਵਲ ਵਧੇਰੇ ਮਨਾਇਆ ਜਾਂਦਾ ਹੈ।

(ਬ-103) ਬਾਂਕ :

ਚਾਂਦੀ ਦਾ ਇਕ ਗਹਿਣਾ ਜੋ ਔਰਤਾਂ ਪੈਰਾਂ ਪਹਿਨਦੀਆਂ ਹਨ। ਲੋਕ-ਗੀਤਾਂ ਵਿਚ ਇਸ ਦਾ ਵ ਮਿਲਦਾ ਹੈ :

ਤੈਨ ਅੱਖੀਆਂ ਕੂਚਦੀ ਮਰ ਗਈ
ਬਾਂਕਾਂ ਨਾ ਸੂਝੀਆਂ।

(ਬ-104) ਬਾਗ਼ :

ਇਕ ਤਰ੍ਹਾਂ ਦੀ ਫੁਲਕਾਰੀ ਜਿਸ ਵਿਚ ਕਪੜੇ ਪੱਟਾ ਪੱਟਾ ਰੇਸ਼ਮੀ ਧਾਗੇ ਨਾਲ ਕਢਿਆ ਜਾਂਦਾ ਹੈ। ਥੋੜੀ ਥਾਂ ਵੀ ਅਣ-ਕੱਢੀ ਨਹੀਂ ਰਹਿਣ ਦਿਤੀ ਜਾ ਬਾਗ਼ ਸ਼ਬਦ ਆਮ ਤੌਰ 'ਤੇ ਜਿਹਲਮ ਤੇ ਰਾਵਲਪਿੰਡੀ ਇਲਾਕੇ ਵਿਚ ਫੁਲਕਾਰੀ ਲਈ ਹੀ ਵਰਤਿਆ ਜਾਂਦਾ 'ਪੰਜਾਬ' (ਭਾਸ਼ਾ ਵਿਭਾਗ, ਪੰਨਾ 37) ਅਨੁਸਾਰ ਬਾਗ਼ ਕਢਾਈ ਆਮ ਤਰਕੇ ਦੋ ਰੰਗਾਂ ਵਿਚ ਕੀਤੀ ਜਾਂਦੀ ਹੈ ਰੰਗ-ਚੋਣ ਤੇ ਰੰਗ ਮੇਲ ਵਿਚ ਬੜਾ ਸੁਚੱਜ ਤੇ ਸੁੰਦਰ ਵਿਖਾਈ ਦੇਂਦੀ ਹੈ। ਬਾਗ਼ਾਂ ਉੱਤੇ ਕਈ ਪਰਕਾਰ ਦ ਬੂਟੀਆਂ ਤੇ ਕੰਟਦਾਰ ਜਾਂ ਗੋਲਾਕਾਰੀ ਨਮੂਨੇ ਕਢੇ ਹਨ। ਇਨ੍ਹਾਂ ਨੂੰ ਵੇਖ ਕੇ ਇਉਂ ਲਗਦਾ ਹੈ ਜਿਵੇਂ ਸੁਨਹਿ ਤੇ ਗੂੜ੍ਹੀ ਭਾਹ ਮਾਰਦੀ ਮਖ਼ਮਲ ਹੋਵੇ। ਫੁਲਕਾਰੀਆਂ ਵ ਕਈ ਬਾਗ਼ਾਂ ਦੇ ਵੱਖਰੇ ਪੱਲੇ ਨਹੀਂ ਹੁੰਦੇ ਸਗੋਂ ਬਾਗ਼ ਮੁੱਖ ਜ਼ਮੀਨ ਦੀਆਂ ਬੂਟੀਆਂ ਤੇ ਸ਼ਕਲਾਂ ਕੱਢੀਆਂ ਹੀ ਢੱ ਤਰਤੀਬ ਵਿਚ ਜਾਂਦੀਆਂ ਹਨ। ਕਈਆਂ ਦੇ ਪੱਲਿ ਉਤੇ ਬੜੀਆਂ ਖ਼ੂਬਸੂਰਤ ਤੇ ਸ਼ਾਨਦਾਰ ਜਾਮਿਤ੍ਰਕ ਸ਼ਕ ਦੀ ਕਢਾਈ ਕੀਤੀ ਜਾਂਦੀ ਹੈ। ਜਿਨ੍ਹਾਂ ਬਾਗ਼ਾਂ ਵਿਚ ਪੱ ਉੱਕਾ ਹੀ ਨਹੀਂ ਹੁੰਦਾ, ਉਨ੍ਹਾਂ ਦੇ ਸਿਰਿਆਂ ਉ ਕਿਨਾਰੀਨੁਮਾ ਬਰੀਕ ਕ੍ਰੋਪੇ ਭਰੇ ਜਾਂਦੇ ਹਨ।

ਬਾਗ਼ ਦੀ ਇਕ ਪ੍ਰਸਿਧ ਕਿਸਮ 'ਘੁੰਗਟ ਬਾਗ਼' ਇਸ ਬਾਗ਼ ਵਿਚ ਸਿਰ ਦੇ ਉਤਲੇ ਹਿੱਸੇ ਤੇ ਤਿਕੋਨੀ ਸ਼ਕ ਵਿਚ ਕਢਾਈ ਕੀਤੀ ਹੁੰਦੀ ਹੈ।

(ਬ 105) ਬਾਗ਼ :

ਅਲ੍ਹਾ ਅਕਬਰ, ਅਲ੍ਹਾ ਅਕਬਰ, ਅਲ੍ਹਾ ਅਕਬਰ, ਅਲ੍ਹਾ ਅਕਬਰ ਅਸ਼ਹਦਾਨ ਲਾ ਇਲਾ ਇਲ ਇਲਾ, ਅਸ਼ਹਦਾਨ ਲਾ ਇਲਾ, ਇਲ ਇਲਾ, ਅਸ਼ਹਦਾਨ ਮੁਹੰਮਦ ਰਸੂਲ ਅਲ੍ਹਾ, ਅਸ਼ਹਦਾਨ ਮੁਹੰਮਦ ਰਸੂਲ ਅਲ੍ਹਾ, ਹੇ ਅਲੀ ਅਲਕਲਾਹ; ਅਲ੍ਹਾ ਅਕਬਰ, ਅਲ੍ਹਾ ਅਕਬਰ, ਲਾ ਇਲਾ ਇਲ ਇਲਾ।

ਜਿਸ ਦਾ ਭਾਵ ਹੈ ਅਲ੍ਹਾ ਸਭ ਤੋਂ ਵੱਡਾ ਹੈ, ਮੈਂ ਗਵਾਹੀ ਦੇਂਦਾ ਹਾਂ ਕਿ ਅਲ੍ਹਾ ਤੋਂ ਬਗੈਰ ਹੋਰ ਕੋਈ ਪੂਜਣ ਯੋਗ ਨਹੀਂ, ਮੈਂ ਗਵਾਹੀ ਦੇਂਦਾ ਹਾਂ ਕਿ ਮੁਹੰਮਦ ਖ਼ੁਦਾ ਦਾ ਪੈਗੰਬਰ ਹੈ, ਆਓ ਨਮਾਜ਼ ਵਲ, ਆਓ ਮੁਕਤੀ ਵਲ, ਅਲ੍ਹਾ ਸਭ ਤੋਂ ਵੱਡਾ ਹੈ, ਅਲ੍ਹਾ ਬਿਨਾਂ ਕੋਈ ਪੂਜਯ ਨਹੀਂ।

ਬਾਂਗ ਨਮਾਜ਼ ਪੜ੍ਹਨ ਲਈ ਸੂਚਨਾ ਹੈ (ਵੇਖੋ: ਅਜ਼ਾਨ)।

## (ਬ-106) ਬਾਗਾਂ ਵਾਲੀ :

ਬਹਾਵਲਪੁਰ (ਪਾਕਿਸਤਾਨ) ਵਿਚ ਇਕ ਸੁੱਕਾ ਵਾਹਣ, ਜੋ ਘਾਰਾ ਤੇ ਝਨਾਂ ਦਰਿਆ ਦੇ ਨਾਲ ਨਾਲ, ਤਿੰਨ ਤੋਂ ਬਾਰਾਂ ਮੀਲ ਦੀ ਵਿਥ ਉਤੇ, ਸਮਾਨਾਂਤਰ ਵਗਦਾ ਹੈ ਤੇ ਜਿਸ ਦਾ ਢਲਵਾਨ ਉੱਤਰ ਪੂਰਬ ਤੋਂ ਦੱਖਣ ਪੱਛਮ ਦਿਸ਼ਾ ਵਲ ਹੈ। ਇਸ ਵਾਹਣ ਦੇ ਕਈ ਹੋਰ ਸਥਾਨਕ ਨਾਂ ਵੀ ਹਨ ਜਿਵੇਂ ਕਾਲੀ ਬੁੱਦੀ, ਹਰਿਯਾਰੀ, ਜਮਲਾਣਾ ਆਦਿ।

ਬਾਗਾਂ ਵਾਲੀ ਸਬੰਧੀ ਕਈ ਕਥਾਵਾਂ ਪ੍ਰਚਲਤ ਹਨ। ਇਕ ਦੰਦ ਕਥਾ ਅਨੁਸਾਰ ਪ੍ਰਾਚੀਨ ਕਾਲ ਵਿਚ ਇਕ ਅੱਗ ਵਰ੍ਹਾਉਣ ਵਾਲਾ ਅਜਗਰ ਜਮਨਾ ਵਿਚ ਰਹਿੰਦਾ ਸੀ। ਉਸ ਨੇ ਕਾਫ਼ੀ ਤਬਾਹੀ ਮਚਾਈ ਤੇ ਦੇਵਤਿਆਂ ਨੇ ਉਸ ਨੂੰ ਆਦੇਸ਼ ਦਿਤਾ ਕਿ ਉਹ ਦਰਿਆ ਛਡ ਕੇ ਸਮੁੰਦਰ ਵਿਚ ਜਾ ਵਸੇ। ਅਜਗਰ ਨੂੰ ਗੁਪਤ ਢੰਗ ਨਾਲ ਸਮੁੰਦਰ ਵਿਚ ਪਹੁੰਚਾਣ ਲਈ ਜਮਨਾ ਨੂੰ ਇਕ ਵਹਿਣ ਦੁਆਰਾ ਸਮੁੰਦਰ ਤਕ ਵਗਣ ਦਾ ਹੁਕਮ ਹੋਇਆ। ਇਹ ਸੁਕਾ ਵਾਹਣ ਜਮਨਾ ਨਦੀ ਦਾ ਉਦੋਂ ਦਾ ਬਣਿਆ ਵਾਹਣ ਮੰਨਿਆ ਜਾਂਦਾ ਹੈ।

ਇਸ ਕਥਾ ਦੇ ਆਧਾਰ ਤੇ ਆਖਿਆ ਜਾ ਸਕਦਾ ਹੈ ਕਿ ਜਮਨਾ ਦਾ ਪਾਣੀ ਕਦੇ ਪੱਛਮੀ ਦਿਸ਼ਾ ਵਲ ਵਗਦਾ ਸੀ, ਨਾ ਕਿ ਪੂਰਬੀ ਦਿਸ਼ਾ ਵਲ ਜਿਵੇਂ ਕਿ ਅੱਜ ਕਲ੍ਹ ਵਗਦਾ ਹੈ।

ਵਿਚਾਰ ਹੈ ਕਿ ਬਾਗੜੀ ਭਾਰਤ ਦੇ ਆਦਿ ਵਾਸੀ ਜਾਤੀ ਵਿਚੋਂ ਹਨ।

ਬਾਗੜੀ ਆਪਣਾ ਪਿੱਛਾ ਰਾਜਪੂਤਾਂ ਨਾਲ ਜੋੜਦੇ ਅਤੇ ਚਾਂਦ ਬਰਦਾਈ ਅਨੁਸਾਰ ਪ੍ਰਿਥਵੀ ਰਾਜ ਦੇ ਸ ਇਨ੍ਹਾਂ ਦੀ ਕਾਫ਼ੀ ਮਾਨਤਾ ਸੀ। ਪਰ ਅਜ ਕਲ੍ਹ ਬਾਗੜੀ ਨੂੰ ਜੱਟਾਂ ਦਾ ਹੀ ਇਕ ਕਬੀਲਾ ਮੰਨਿਆ ਜਾਂਦਾ ਹੈ।

(ਅ) ਪੰਜਾਬੀ ਕੋਸ਼ ਅਨੁਸਾਰ ਸ਼ੇਰ ਦੇ ਮੂੰਹ ਵਾਲੀ ਚਾਂਦੀ ਦੀਆਂ ਨਿੱਗਰ ਟਾਂਡਾਂ, ਜੋ ਇਸਤ੍ਰੀਆਂ ਅਨੰਤ ਕੂਹਣੀ ਦੇ ਉਪਰਲੇ ਪਾਸੇ ਪਹਿਨਦੀਆਂ ਹਨ।

## (ਬ-108) ਬਾਘ :

ਰਾਜਪੂਤਾਂ ਦੀ ਇਕ ਗੋਤ, ਜਿਨ੍ਹਾਂ ਦਾ ਟੋਟਮ ਬਾਘ ਸੀ।

## (ਬ-109) ਬਾਘ-ਨਖਾ :

ਇਕ ਤਰ੍ਹਾਂ ਦਾ ਖ਼ਾਸ ਤਵੀਤ; ਸ਼ੇਰ ਦਾ ਨਹੁੰ ਸੋਨੇ ਚਾਂਦੀ ਵਿਚ ਮੜ੍ਹ ਕੇ, ਬੱਚਿਆਂ ਦੇ ਗਲ ਵਿਚ ਪਾ ਜਾਂਦਾ ਹੈ। ਬਾਘ-ਨਖਾ ਪਹਿਨਣ ਨਾਲ ਬੱਚੇ ਨੂੰ ਬਦ ਨ ਨਹੀਂ ਲਗਦੀ ਤੇ ਪ੍ਰੇਤ ਰੂਹਾਂ ਉਹਦੇ ਨੇੜੇ ਨਹੀਂ ਢੁਕਦੀ ਬੱਚਾ ਮਨ ਦਾ ਬੜਾ ਦਲੇਰ ਹੁੰਦਾ ਹੈ।

## (ਬ-110) ਬਾਘ ਬੱਚਾ :

ਇਕ ਨਦੀ ਜੋ ਲਾਹੌਰ ਤੋਂ ਕੁਝ ਮੀਲਾਂ ਦੀ ਵਿ ਵਗਦੀ ਹੈ। ਇਸ ਦੇ ਪੱਛਮੀ ਕੰਢੇ ਉਤੇ ਲਾਹੌਰ ਤੋਂ ਵਲ 25 ਮੀਲ ਦੂਰ ਅੰਬਾ-ਕਪੀ ਦੀ ਸਤ ਥੇਹਾਂ ਬਾਘ ਬੱਚਾ ਨਦੀ ਦਾ ਸਬੰਧ ਪ੍ਰਸਿਧ ਦੰਦ ਕਥਾ 'ਸਤੇ ਬਾਘ ਬੱਚੇ' ਨਾਲ ਜੋੜਿਆ ਜਾਂਦਾ ਹੈ ਜਿਨ੍ਹਾਂ ਦੀ ਭੁੱਖ ਮਿ ਲਈ ਮਹਾਤਮਾ ਬੁਧ ਨੇ ਆਪਣੇ ਇਕ ਜਨਮ ਵਿਚ ਇ ਸਰੀਰ ਭੇਟ ਕੀਤਾ ਸੀ।

ਕਈ ਯੂਰਪੀਅਨ ਵਿਦਵਾਨ ਅੰਬਾ-ਕਪੀ ਦੀਆਂ ਥੇਹਾਂ ਨੂੰ ਬਾਘ ਬੱਚਿਆਂ ਦੀ ਸਤ ਥੇਹਾਂ ਹੀ ਦਸਦੇ ਇਨ੍ਹਾਂ ਥੇਹਾਂ ਦੇ ਨਾਂ ਹਨ-ਅੰਬਾ, ਸਿਰਕਪ, ਸਿਰ ਸੁਕ, ਕਲਪੀ, ਮੁੰਡਾ, ਮਾਲਦੇ ਹੈ। ਜੋ ਕਥਾ ਰਾਜਾ ਰਸਾਲੂ ਰਾਵਲਪਿੰਡੀ ਤੇ ਅਟਕ ਦੇ ਖੇਤਰ ਵਿਚ ਪ੍ਰਚਲਤ ਹੈ, ਹੀ ਇਥੋਂ ਦੀ ਇਹ ਥੇਹ ਸਿਰਕਪ ਨਾਲ ਜੁੜੀ ਹੋਈ

**(ਬ-111) ਬਾਘਾ ਨਾਚ :**

ਇਕ ਲੋਕ ਨਾਚ ਜੋ ਲਹਿੰਦੇ ਵਿਚ ਪ੍ਰਚਲਤ ਹੈ। ਇਸ ਨੂੰ ਬਾਘੀਆ ਪਾਉਣੀਆਂ ਵੀ ਕਿਹਾ ਜਾਂਦਾ ਹੈ। ਇਹ ਨਾਚ ਗੋਲ ਘੇਰੇ ਵਿਚ ਮਰਦ ਨੱਚਦੇ ਹਨ। ਨੱਚਣ ਵਾਲੇ ਦੋਹਾਂ ਬਾਹਵਾਂ ਨੂੰ ਉੱਚੀਆਂ ਫੈਲਾ ਕੇ ਤੇ ਪੈਰਾਂ ਨਾਲ ਧਮਕ ਦੇਂਦੇ ਤੇ ਕੂਟਾਂ ਵਜਾਂਦੇ ਹੋਏ ਘੇਰੇ ਵਿਚ ਘੁੰਮਦੇ ਜਾਂਦੇ ਤੇ ਮੂੰਹ ਵਿਚੋਂ ਕਈ ਤਰ੍ਹਾਂ ਦੀਆ ਅਵਾਜ਼ਾਂ ਕਢਦੇ ਹਨ।

**(ਬ-112) ਬਾਜਵਾ :**

ਜੱਟਾਂ ਦਾ ਇਕ ਕਬੀਲਾ; ਦੇਸ਼ ਵੰਡ ਤੋਂ ਪਹਿਲਾਂ ਬਾਜਵੇ ਸਿਆਲਕੋਟ, ਮੁਲਤਾਨ, ਮਿੰਟਗੁਮਰੀ ਤੇ ਅੰਮ੍ਰਿਤਸਰ ਦੇ ਇਲਾਕੇ ਵਿਚ ਅਬਾਦ ਸਨ। ਸਿਆਲਕੋਟ ਦੇ ਜ਼ਿਲੇ ਵਿਚ ਪਸਰੂਰ ਤੇ ਰਾਯਾ ਤਹਿਸੀਲ ਵਿਚ ਬਾਜਵਾ ਕਾਫ਼ੀ ਗਿਣਤੀ ਵਿਚ ਰਹਿੰਦੇ ਸਨ। ਸਿਆਲਕੋਟ ਦੇ ਦੱਖਣ ਪੂਰਬ ਵਲ ਜ਼ਫ਼ਰਵਾਲ ਦੇ ਦੱਖਣ ਪੱਛਮ ਵਲ ਕਈ ਬਾਜਵਾ ਪਿੰਡ ਦੇਸ਼ ਵੰਡ ਤੋਂ ਪਹਿਲਾਂ ਅਬਾਦ ਸਨ। (ਸਿਆਲਕੋਟ ਗਜ਼ਟੀਅਰ, ਪੰਨਾ 76) ਸਿਆਲਕੋਟ ਜ਼ਿਲੇ ਵਿਚ ਜੰਮੂ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਕਿਸੇ ਸਮੇਂ ਇਨ੍ਹਾਂ ਦੀ ਅਬਾਦੀ ਚੋਖੀ ਸੀ ਤੇ ਇਸ ਖੇਤਰ ਨੂੰ ਬਾਜਵਾਤ ਕਿਹਾ ਜਾਂਦਾ ਸੀ।

ਬਾਜੂ ਰਾਜਪੂਤ ਤੇ ਬਾਜਵਾ ਜੱਟ ਕਿਸੇ ਇਕ ਵਡਿਕੇ ਦੀ ਵੰਸ਼ ਹਨ। ਇਨ੍ਹਾਂ ਦੋਹਾਂ ਕਬੀਲਿਆਂ ਦੇ ਲੋਕਾਂ ਦਾ ਕਹਿਣਾ ਹੈ ਕਿ ਉਹ ਸੂਰਜਬੰਸੀ ਹਨ ਅਤੇ ਇਨ੍ਹਾਂ ਦਾ ਵਡਿਕਾ 'ਸ਼ਾਲਿਪ' ਸੀ ਜੋ ਸਿਕੰਦਰ ਲੋਧੀ ਦੇ ਰਾਜ ਸਮੇਂ, ਝੰਗ ਵਿਚ, ਔਜ ਵਿਖੇ ਰਹਿੰਦਾ ਸੀ। ਇਹ ਦਿੱਲੀ ਦੇ ਬਾਦਸ਼ਾਹ ਨੂੰ ਖਰਾਜ ਦਿਤਾ ਕਰਦਾ ਸੀ। ਮਗਰੋਂ ਕਿਸੇ ਝਗੜੇ ਦੇ ਕਾਰਨ ਸ਼ਾਹੀ ਫ਼ੌਜਾਂ ਨੇ ਇਸ ਉਤੇ ਧਾਵਾ ਬੋਲ ਦਿਤਾ ਤੇ ਔਜ ਦੇ ਕਿਲ਼ੇ ਨੂੰ ਘੇਰ ਲਿਆ। ਸ਼ਾਲਿਪ ਨੇ ਜ਼ਹਿਰ ਖਾ ਕੇ ਆਤਮਘਾਤ ਕਰ ਲਿਆ। (ਸਿਆਲਕੋਟ ਗਜ਼ਟੀਅਰ, ਪੰਨਾ 76) ਸ਼ਾਲਿਪ ਦੇ ਹੋਰ ਲੜਕੇ ਸਨ ਜਿਨ੍ਹਾਂ ਵਿਚੋਂ ਕੁਝ ਤਾਂ ਉਪ੍ਰੋਕਤ ਲੜਾਈ ਵਿਚ ਮਾਰੇ ਗਏ, ਪਰ ਉਸਦੇ ਦੋ ਲੜਕੇ ਕਲ ਤੇ ਯਿਸ (ਜਾਂ ਸਿਸ), ਬਾਜ਼ ਨਾਲ ਸ਼ਿਕਾਰ ਕਰਨ ਵਾਲੇ ਪੰਛੀਆਂ ਦੇ ਸ਼ਿਕਾਰੀ ਦਾ ਭੇਸ ਧਾਰ ਕੇ ਕਿਲੇ ਤੋਂ ਬਚ ਨਿਕਲੇ। ਕਲ ਨੇ ਪਸਰੂਰ ਤਹਿਸੀਲ ਦੇ ਇਕ

ਦੋਹਾਂ ਕੁਲਾਂ ਦੇ ਨਾਂ 'ਬਾਜ' ਤੋਂ ਹੀ ਵਿਗੜ ਕੇ ਬਣੇ
ਕਲ ਤੇ ਯਿਸ਼ ਦੋਵੇਂ ਭਰਾ ਬਾਜ ਕਲਾਈ ਉਤੇ ਬਿਠ
ਸ਼ਿਕਾਰੀ ਦੇ ਰੂਪ ਵਿਚ ਔਜ ਕਿਲੇ ਵਿਚੋਂ ਨਿਕਲੇ
ਗਲਾਸਰੀ ਵਿਚ ਇਨ੍ਹਾਂ ਦੋਹਾਂ ਭਰਾਵਾਂ ਦੇ ਨਾਂ ਕਲ
ਲੀਸ ਲਿਖੇ ਸਨ।

ਇਕ ਹੋਰ ਕਥਾ ਅਨੁਸਾਰ, ਇਨ੍ਹਾਂ ਦੋਹਾਂ ਕਬੀ
ਦੇ ਵਡਿਕੇ ਦਾ ਨਾਂ ਰਾਏ ਜਸ ਜਾਂ ਰਾਏ ਜੱਸਾ ਸੀ ਜਿ
ਰਾਏ ਪਿਥੌਰਾ ਨੂੰ ਦਿੱਲੀ ਵਿਚੋਂ ਕਢ ਦਿਤਾ ਤੇ
ਸਿਆਲਕੋਟ ਵਿਚ ਆ ਵਸਿਆ।

ਬਾਜਵਾ ਦਾ ਜਠੇਰਾ ਬਾਬਾ ਮੰਗਾ ਹੋਇਆ ਹੈ। ਵਿ
ਸਮੇਂ ਇਹ ਲੋਕ ਜਠੇਰਾ ਪੂਜਦੇ, ਜੰਡੀਆਂ ਤੇ ਛਤਰੇ
ਰੀਤ ਕਰਦੇ ਹਨ।

**(ਬ-113) ਬਾਜ਼ੀਗਰ :**

ਇਕ ਜਾਤੀ ਜੋ ਖੇਡ ਤਮਾਸ਼ੇ ਕਰ ਕੇ ਪੇਟ ਪਾਲਦੀ
ਬਾਜ਼ੀ ਤੋਂ ਭਾਵ ਖੇਡ ਦਾ ਹੈ ਤੇ ਬਾਜ਼ੀਗਰ ਤੋਂ ਭਾ
ਖੇਡ-ਤਮਾਸ਼ੇ ਕਰਨ ਵਾਲਾ। ਇਨ੍ਹਾਂ ਦੇ ਬਹੁਤੇ ਕਸਬ
ਨਾਲ ਮੇਲ ਖਾਂਦੇ ਹਨ। ਗਲਾਸਰੀ (2,79) ਅਨੁ
ਬਾਜ਼ੀਗਰ ਤੇ ਨੱਟਾਂ ਵਿਚ ਫ਼ਰਕ ਇਹ ਹੈ ਕਿ ਬਾਜ਼
ਮਰਦ ਤੇ ਤੀਵੀਆਂ ਦੋਵੇਂ ਹੀ ਖੇਡ ਤਮਾਸ਼ੇ ਕਰਦੇ
ਪਰ ਨੱਟਾਂ ਵਿਚ ਸਿਰਫ਼ ਮਰਦ ਹੀ ਨੱਚਦੇ ਹਨ, ਪਰ
ਅੰਤਰ ਤੱਥਾਂ ਤੇ ਆਧਾਰਤ ਨਹੀਂ। ਕਈ ਨੱਟਾਂ ਦ
ਤੀਵੀਆਂ ਵੀ, ਉਨ੍ਹਾਂ ਦੇ ਨਾਲ ਹੀ ਰੱਸੀ ਉਤੇ ਤ
ਵਿਖਾਂਦੀਆਂ ਹਨ। ਅਸਲ ਵਿਚ ਨੱਟ ਬਾਂਸਾਂ ਤੇ ਰੱਸ
ਉਤੇ ਕਰਤਬ ਵਿਖਾਂਦੇ ਹਨ ਤੇ ਬਾਜ਼ੀਗਰ ਨਿਰੋਲ
ਨਾਲ ਕਲਾਬਾਜ਼ੀਆਂ ਵਿਖਾਂਦੇ ਅਤੇ ਮਦਾਰੀ ਵਾਂਗ ਤ
ਕਰਦੇ ਹਨ। ਗਲਾਸਰੀ ਅਨੁਸਾਰ ਪੂਰਬੀ ਪੰਜਾਬ
ਬਾਜ਼ੀਗਰਾਂ ਨੂੰ ਬਾਜ਼ੀ ਵੀ ਕਿਹਾ ਜਾਂਦਾ ਹੈ।

ਫ਼ਿਰੋਜ਼ਪੁਰ ਵਿਚ ਸੰਧਿਆ ਵਾਲਾ ਵਿਖੇ, ਬਾਜ਼ੀ
ਦਾ ਇਕ ਅਸਥਾਨ ਹੈ ਜੋ ਬੁੱਢੀ ਮਾਈ ਦੀ ਸਿਮਰਤੀ
ਬਣਾਇਆ ਗਿਆ। ਇਸ ਦੀ ਕਬਰ ਉਤੇ ਇਕ ਪਿ
ਦੀ ਸ਼ਕਲ ਦਾ ਸੁਰਾਖ ਹੈ ਜਿਸ ਵਿਚ ਬਾਜ਼ੀਗਰ ਸ਼
ਪਾ ਕੇ ਪੀਂਦੇ ਹਨ। ਇਸ ਮਾਈ ਦੀ ਪੂਜਾ ਕਰਨ ਤੇ ਸ
ਰਖਣ ਵਾਲੇ ਬਾਜ਼ੀਗਰ ਆਪਣੇ ਬੱਚਿਆਂ ਦੇ ਵਿ

**(ਬ-114) ਬਾਜੂਬੰਦ :**

ਤੀਵੀਆਂ ਦਾ, ਬਾਂਹ ਵਿਚ ਪਾਉਣ ਵਾਲਾ, ਇਕ ਗਹਿਣਾ; ਬਾਜੂਬੰਦ ਬਾਂਹ ਵਿਚ ਟਾਡ ਵਾਂਗ ਕੂਹਣੀ ਤੋਂ ਉਪਰ ਪਹਿਨਿਆ ਜਾਂਦਾ ਹੈ। ਇਹ ਮਰੱਬਾ ਸ਼ਕਲ ਦੇ ਟੁਕੜਿਆਂ ਨੂੰ ਬੀੜ ਕੇ ਬਣਾਇਆ ਜਾਂਦਾ ਹੈ। ਇਕ ਬਾਜੂਬੰਦ ਵਿਚ ਵੀਹ ਪੰਝੀ ਟੁਕੜੇ ਹੁੰਦੇ ਹਨ, ਇਨ੍ਹਾਂ ਟੁਕੜਿਆਂ ਉਤੇ ਬਿੰਦੀਆਂ ਬਣਾਈਆਂ ਜਾਂਦੀਆਂ ਹਨ। ਇਸ ਦੀ ਜੰਜੀਰੀ ਹੇਠਾਂ ਕੂਹਣੀ ਤਕ ਲਟਕਦੀ ਹੈ। ਬਾਜੂਬੰਦ ਦੀਆਂ ਟੁਕੜੀਆਂ ਅੰਦਰੋਂ ਖੋਖਲੀਆਂ ਹੁੰਦੀਆਂ ਹਨ ਜਾਂ ਪੱਤਰੇ ਚਾੜ੍ਹ ਕੇ ਬਣਾਈਆਂ ਜਾਂਦੀਆਂ ਹਨ।

**(ਬ-115) ਬਾਟੀ :**

ਘਿਉ ਦੀ ਮੋਣੀ ਵਾਲੇ ਆਟੇ ਵਿਚ, ਲੂਣ ਪਾ ਕੇ ਤੇ ਦੁੱਧ ਵਿਚ ਗੁੰਨ੍ਹ ਕੇ ਪੇੜੇ ਦੀ ਸ਼ਕਲ ਦੀ ਰੋਟੀ ਜੋ ਜ਼ਮੀਨ ਨੂੰ ਤਪਾ ਕੇ ਪਕਾਈ ਜਾਂਦੀ ਹੈ। ਦਾਦੂਪੰਥੀ ਤੇ ਕਈ ਹੋਰ ਸਾਧੂ ਭੰਡਾਰਿਆਂ ਵਿਚ ਇਸੇ ਰੋਟੀ ਨੂੰ ਵੰਡਦੇ ਹਨ।

**(ਬ-116) ਬਾਣ ਗੰਗਾ :**

ਕੁਰਕਸ਼ੇਤਰ ਦੇ ਨੇੜੇ ਵਗਦੀ ਇਕ ਧਾਰਾ; ਪੁਰਾਣਾਂ ਅਨੁਸਾਰ ਜਦੋਂ ਭੀਸ਼ਮ ਪਿਤਾਮਾ ਜ਼ਖ਼ਮੀ ਹੋ ਕੇ ਪ੍ਰਾਣ ਤਿਆਗਣ ਲੱਗਾ ਤਾਂ ਉਸ ਗੰਗਾ ਦਾ ਪਾਣੀ ਪੀਣ ਦੀ ਇਛਾ ਪ੍ਰਗਟ ਕੀਤੀ। ਅਰਜਨ ਨੇ ਭੀਸ਼ਮ ਪਿਤਾਮਾ ਦੀ ਅੰਤਲੀ ਇਛਾ ਪੂਰੀ ਕਰਨ ਲਈ ਜ਼ਿਮੀਂ ਵਿਚ ਤੀਰ ਮਾਰ ਕੇ ਗੰਗਾ ਕਢੀ ਸੀ। ਇਸ ਲਈ ਇਸ ਦਾ ਨਾਂ ਬਾਣ (ਤੀਰ) ਗੰਗ ਰਖਿਆ, ਲੋਕਾਂ ਦਾ ਨਿਸਚਾ ਹੈ ਕਿ ਇਸ ਧਾਰਾ ਵਿਚ ਗੰਗਾ ਦਾ ਪਾਣੀ ਗੁਪਤ ਢੰਗ ਨਾਲ ਸਮਾਇਆ ਹੋਇਆ ਹੈ।

**(ਬ-117) ਬਾਣੀਆਂ :**

ਬਾਣੀਏਂ ਦਾ ਜ਼ਿਕਰ ਕਈ ਅਖਾਣਾਂ ਤੇ ਕਹਾਣੀਆਂ ਵਿਚ ਮਿਲਦਾ ਹੈ। ਇਹ ਆਮ ਤੌਰ ਤੇ ਸਾਹੂਕਾਰਾ ਜਾਂ ਹੱਟੀ ਦਾ ਕੰਮ ਕਰਦੇ ਹਨ।

ਬਾਣੀਆਂ ਨੇ ਅਤਿ ਚੁਕ ਲਈ,
ਸਾਰਾ ਪਿੰਡ ਕਰਜ਼ਾਈ ਕੀਤਾ।

**(ਬ-118) ਬਾਣੀਏਂ ਦਾ ਪਾਣੀ :**

ਕਈ ਤਰ੍ਹਾਂ ਦੇ ਟੂਣੇ ਟੱਪੇ ਵੀ ਕਰਦੇ ਹਨ। ਇ
ਇਸ ਪ੍ਰਕਾਰ ਹੈ : ਕੋਠੇ ਦੇ ਬਨੇਰੇ ਉਤੇ ਪੁਰਾਣੇ
ਮਾਰ ਕੇ ਰਖ ਦਿਤੇ ਜਾਂਦੇ ਹਨ ਤੇ ਉਨ੍ਹਾਂ ਦੀ ਪਿੱਠ
ਤਵੇ ਦੀ ਕਾਲਖ਼ ਲਗਾ ਦਿਤੀ ਜਾਂਦੀ ਹੈ। ਇਸ
ਭਾਵ ਹੈ ਕਿ ਜੇ ਮੀਂਹ ਵਰ੍ਹੇਗਾ ਤਾਂ ਉਸ ਦਾ ਮੂੰ
ਕੀਤਾ ਜਾਵੇਗਾ।

**(ਬ-119) ਬਾਤਾਂ (ਲੋਕ-ਕਹਾਣੀਆਂ) :**

ਬਾਤ ਦੀ ਪਰਿਭਾਸ਼ਾ, ਸਰੂਪ ਅਤੇ ਲੱਛਣ
ਕਰਨੇ ਇਤਨੇ ਸੌਖੇ ਨਹੀਂ ਜਿਤਨੇ ਪਹਿਲੀ ਨਜ਼
ਆਉਂਦੇ ਹਨ। ਰੂਪ ਅਤੇ ਵਿਸ਼ੇ ਦੇ ਪੱਖੋਂ ਬਾਤਾਂ ਵਿ
ਬਹੁ-ਬਿਧ ਤੇ ਵੰਨ-ਸੁਵੰਨੀਆਂ ਹਨ ਅਤੇ ਹਰੇਕ
ਬੁਨਿਆਦੀ ਸੁਭਾਵ, ਸੰਸਕਾਰ ਅਤੇ ਕਥਾ-ਸੰਸਾਰ ਦਿ
ਨਾਲੋਂ ਇਤਨਾ ਵੱਖਰਾ ਹੈ ਕਿ ਇਸ ਸਾਰੇ ਪਾ
ਇਕਾਈ ਵਿਚ ਬੰਨ੍ਹਣਾ ਸਹਿਜ ਨਹੀਂ। ਕਈ ਬਾ
ਇਕ ਜਾਂ ਦੂਜੇ ਧਰਮ ਦਾ ਅੰਗ ਬਣ ਗਈਆਂ ਹ
ਕਰ ਕੇ ਉਨ੍ਹਾਂ ਬਾਤਾਂ ਵਿਚ, ਇਕ ਖ਼ਾਸ ਸੰਪ੍ਰਦਾਇ
ਰਖਦੀ ਹੈ। ਕੋਈ ਬਾਤ ਨਿਰੋਲ ਕਲਪਨਾ ਉਤੇ ਅ
ਹੈ, ਕੋਈ ਕਿਸੇ ਇਤਿਹਾਸਕ ਘਟਨਾ ਦਾ ਵਿਰ
ਕਿਸੇ ਕਥਾ-ਕਹਾਣੀ ਵਿਚ, ਕਿਸੇ ਵਿਸ਼ੇਸ਼ ਸੰਕ
ਵਿਆਖਿਆ ਹੈ ਅਤੇ ਕਿਸੇ ਵਿਚ ਨੈਤਿਕ ਕਦਰਾਂ
ਨੂੰ ਉਜਾਗਰ ਕੀਤਾ ਗਿਆ ਹੈ। ਕੋਈ ਬਾਤ
ਉਪਦੇਸ਼ਾਤਮਿਕ ਹੈ। ਕੋਈ ਵਿਹਾਰਕ ਗਿਆਨ
ਅਤੇ ਕਿਸੇ ਦਾ ਮਨੋਰਥ ਨਿਰੋਲ ਮਨੋਰੰਜਨ ਹੈ, ਕੋ
ਜੀਵਨ ਦੇ ਰਹੱਸ ਖੋਲ੍ਹਦੀ ਹੈ, ਕੋਈ ਰਹੱਸ
ਹੈ। ਕਿਸੇ ਬਾਤ ਦੇ ਪਾਤਰ ਮਨੁੱਖ ਹਨ, ਕਿਸੇ
ਕਿਸੇ ਦੇ ਪਰਾਸਰੀਰਕ। ਕਿਸੇ ਬਾਤ ਵਿਚ ਜ
ਪ੍ਰਾਣਧਾਰੀ ਰੂਪ ਵਿਚ ਮਨੁੱਖਾਂ ਵਾਂਗ ਵਿਚਰ
ਕਾਰ-ਵਿਹਾਰ ਕਰਦੇ ਹਨ ਅਤੇ ਕਿਸੇ ਹੋਰ ਦੇ
ਭੂਤ-ਪ੍ਰੇਤ ਹਨ। ਕਿਸੇ ਬਾਤ ਵਿਚ ਅਮੂਰਤ
ਸਮੂਰਤ ਰੂਪ ਵਿਚ ਵਿਚਰਦੇ ਹਨ। ਇਤਨੀ ਵਿ
ਦੇ ਹੁੰਦਿਆਂ ਬਾਤਾਂ ਦੀ ਪਰਿਭਾਸ਼ਾ ਕਠਨ ਜਾਪ
ਪਰ ਜੇ ਜ਼ਰਾ ਗਹੁ ਨਾਲ ਵੇਖੀਏ ਤਾਂ ਹਰ ਬਾਤ ਵਿ
ਮੂਲ ਤੱਤ ਸਾਂਝੇ ਮਿਲ ਜਾਂਦੇ ਹਨ। ਇਹ
ਮੂਲ ਤੱਤ ਹਨ :

ਪਰੰਪਰਾਗਤ ਤੌਰ ਤੇ ਕਥਾਨਿਕ ਰੂੜ੍ਹੀਆਂ ਨਾ ਹੋਣ ਤਾਂ ਨਾ ਉਹ ਕਥਾ ਲੋਕ-ਪਰੰਪਰਾ ਦਾ ਅੰਗ ਬਣਦੀ ਹੈ ਅਤੇ ਨਾ ਉਸ ਦੀ ਸਾਮੂਹਿਕ ਹੋਂਦ ਸਥਾਪਿਤ ਹੁੰਦੀ ਹੈ। ਮੱਧਕਾਲ ਵਿਚ ਸਮੂਹ ਸਦਾ ਪਰੰਪਰਾਗਤ ਰਿਹਾ ਹੈ। ਉਸ ਨੇ ਆਪਣੀ ਵਿਅਕਤੀਗਤ ਹੋਂਦ ਤੇ ਸੁਪਨੇ ਸਧਰਾਂ ਆਦਿ ਨੂੰ ਕਬੀਲਾ ਭਾਵਨਾ ਨਾਲ ਇਕਸੁਰ ਰਖਿਆ। ਕਬੀਲਾ ਭਾਵਨਾ ਵਿਚ ਲੋਕ-ਮਨ ਆਪਣੇ ਪੂਰੇ ਰੰਗ-ਰੂਪ ਅਤੇ ਪਾਸਾਰ ਵਿਚ ਪ੍ਰਕਾਸ਼ਮਾਨ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਵਿਅਕਤੀ ਸਮੂਹ ਦਾ ਇਕ ਅੰਗ ਬਣ ਕੇ ਵਿਗਸਿਤ ਹੁੰਦਾ ਹੈ। ਜੇ ਸਮੂਹ ਅਤੇ ਵਿਅਕਤੀ ਵਿਚ ਕਦੇ ਤਣਾਉ ਪੈਦਾ ਹੋਵੇ ਤਾਂ ਵਿਅਕਤੀ ਸਮੂਹ ਨਾਲੋਂ ਟੁਟ ਕੇ ਭਾਵੇਂ ਵੱਖਰਾ ਜਾ ਖਲੋਵੇ, ਪਰ ਸਮੂਹ ਵਿਚ ਕਦੇ ਕੋਈ ਤਰੇੜ ਨਹੀਂ ਸੀ ਆਉਂਦੀ।

ਲੋਕ-ਮਨ ਬਾਤਾਂ ਵਿਚ ਆਪਣੇ ਪੂਰੇ ਪੱਖ-ਪਾਸਾਰ ਵਿਚ ਪ੍ਰਕਾਸ਼ਮਾਨ ਹੁੰਦਾ ਹੈ, ਜਦੋਂ ਬਾਤਾਂ ਵਿਚ ਜੜ੍ਹ ਅਤੇ ਅਮੂਰਤ ਵਸਤੂਆਂ ਪ੍ਰਾਣਧਾਰੀ ਅਤੇ ਸਮੂਰਤ ਰੂਪ ਵਿਚ ਵਿਚਰਦੀਆਂ ਹਨ। ਪਸ਼ੂ ਪੰਛੀ ਮਨੁੱਖਾਂ ਵਾਂਗ ਬੋਲਦੇ, ਸੋਚਦੇ ਤੇ ਵਿਵਹਾਰ ਕਰਦੇ ਹਨ। ਸੁਪਨਾ ਵਾਸਤਵਿਕ ਜੀਵਨ ਦੇ ਯਥਾਰਥ ਦਾ ਹੀ ਪਾਸਾਰ ਹੁੰਦਾ ਹੈ ਅਤੇ ਸੁਪਨੇ ਵਿਚ ਵੇਖੇ ਪ੍ਰਾਣੀ ਲਈ ਵੀ ਪ੍ਰੇਮ ਭਾਵ ਉਦੈ ਹੋ ਜਾਂਦੇ ਹਨ। ਜਦੋਂ ਮੌਤ-ਜੀਵਨ ਵਿਚ ਕੋਈ ਨਿਖੇੜ ਨਹੀਂ ਰਹਿੰਦਾ (ਮੋਇਆ ਸੁੱਤਾ ਇਕੋ ਬਰਾਬਰ—ਅਖਾਣ)। ਮੋਇਆ ਹੋਇਆ ਪ੍ਰਾਣੀ ਮੁੜ ਸੁਰਜੀਤ ਹੋ ਜਾਂਦਾ ਹੈ। ਸਮੇਂ ਸਥਾਨ ਦਾ ਕੋਈ ਵਿਗਿਆਨਕ ਬੰਧ ਨਹੀਂ ਰਹਿੰਦਾ। ਕਾਰੂੰ ਅਤੇ ਨਾਨਕ ਯੁਗਾਂ ਦੀ ਵਿਥ ਅਤੇ ਫਾਸਲੇ ਦੀ ਦੂਰੀ ਦੇ ਬਾਵਜੂਦ ਵੀ ਆਮ੍ਹੋ-ਸਾਮ੍ਹਣੇ ਬੈਠੇ ਗੱਲਾਂ ਕਰਦੇ ਹਨ। ਕਾਲ ਦੀ ਹੋਂਦ ਮੁਕ ਜਾਂਦੀ ਹੈ। ਲੋਕ ਅਤੇ ਪਰਲੋਕ ਵਿਚ ਕੋਈ ਨਿਖੇੜ ਨਹੀਂ ਰਹਿੰਦਾ। ਇਸ ਲੋਕ ਵਿਚ ਵਿਚਰਦਾ ਪ੍ਰਾਣੀ ਸਹਿਜ ਹੀ ਪਰਲੋਕ ਦੇ ਦਰਸ਼ਨ ਕਰ ਕੇ ਫਿਰ ਇਸ ਲੋਕ ਵਿਚ ਵਾਪਸ ਪਰਤ ਆਉਂਦਾ ਹੈ ਜਿਵੇਂ ਨਾਲ ਦੇ ਕਿਸੇ ਪਿੰਡ ਗਿਆ ਹੋਵੇ। ਸੁਰਮਾ ਪਾਉਣ ਨਾਲ ਨਾਇਕ ਅਦ੍ਰਿਸ਼ਟ ਹੋ ਜਾਂਦਾ ਹੈ; ਪਊਏ ਨਾਲ ਹਵਾ ਵਿਚ ਤਰਦਾ ਹੈ, ਆਦਿ... ਆਦਿ, ਤਾਂ ਲੋਕ-ਮਨ ਆਪਣੇ ਪੂਰੇ ਜਲੌ ਵਿਚ ਉਦੈ ਹੁੰਦਾ ਹੈ।

ਉਪਰੋਕਤ ਤਿੰਨਾਂ ਤੱਥਾਂ ਨੂੰ ਪੱਖ ਰਖਦਿਆਂ ਬਾਤਾਂ ਦੀ

ਕਥਾ-ਸਾਹਿਤ ਵਿਚ ਉਜਾਗਰ ਮਿਲਦੇ ਹਨ। ਦੂਜੇ ਸ਼
ਵਿਚ ਮਧਕਾਲੀਨ ਕਥਾ ਸਾਹਿਤ ਭਾਵੇਂ ਮੌਖਿਕ ਹੈ
ਭਾਵੇਂ ਲਿਪੀਬਧ, ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤ
ਅਤੇ ਪਰੰਪਰਾ ਦੇ ਪ੍ਰਵਾਹ ਦਾ ਸਜੀਵ ਅੰਗ।

ਬਾਤਾਂ ਬਾਰੇ ਇਕ ਹੋਰ ਪਖੋਂ ਵੀ ਚਰਚਾ ਕਰਨੀ ਬ
ਹੈ। ਬਾਤਾਂ ਦਾ ਕੀ ਉਦੇਸ਼ ਹੈ? ਉਹ ਕਿਸ ਆਸ਼ੇ ਨ
ਰਚੀਆਂ ਜਾਂਦੀਆਂ ਹਨ। ਆਮ ਤੌਰ ਉਤੇ ਇਸ ਪ੍ਰਸ਼ਨ
ਇਹੋ ਉਤਰ ਦਿਤਾ ਜਾਂਦਾ ਹੈ ਕਿ ਬਾਤਾਂ ਮਨੋਰੰਜਨ
ਸਾਧਨ ਹਨ, ਪਰ ਬਾਤਾਂ ਦੇ ਇਕ ਦੋ ਵਿਸ਼ੇਸ਼ ਰੂਪਾਂ
ਕੁਝ ਕੁ ਕਹਾਣੀਆਂ ਲਈ ਤਾਂ ਇਹ ਗੱਲ ਠੀਕ ਢੁਕਦੀ
ਪਰ ਸਭਨਾਂ ਲਈ ਨਹੀਂ। ਬਾਤਾਂ ਦੇ ਵਿਵਿਧ ਰੂਪਾਂ
ਵੰਨਗੀਆਂ ਨੂੰ ਮੁਖ ਰਖਿਆਂ, ਇਹ ਗੱਲ ਉਸੇ ਤ
ਅਰਥਹੀਣ ਹੋ ਜਾਂਦੀ ਹੈ ਜਿਵੇਂ ਇਹ ਕਿਹਾ ਜਾਵੇ
ਨਿੱਕੀ ਕਹਾਣੀ ਜਾਂ ਨਾਵਲ ਦਾ ਉਦੇਸ਼ ਮਨੋਰੰਜਨ
ਸਾਹਿਤ ਦਾ ਮੂਲ ਉਦੇਸ਼ ਮਨੋਰੰਜਨ ਨਹੀਂ, ਜੀਵਨ ਦ
ਹਕੀਕਤਾਂ ਤੋਂ ਜਾਣੂੰ ਕਰਵਾ ਕੇ, ਮਨੁੱਖ ਨੂੰ ਨਵੀਂ ਸ
ਦੇਣਾ ਜਾਂ ਮਨੁੱਖ ਦੇ ਅੰਦਰ ਦੀਆਂ ਸੰਭਾਵਨਾਵਾਂ ਨੂੰ ਉਜਾ
ਕਰਨ ਵਿਚ ਉਸ ਦੀ ਅਗਵਾਈ ਕਰਨਾ ਹੈ, ਇਹੋ ਮਨੋ
ਬਾਤਾਂ ਦਾ ਹੈ। ਨੀਤੀ ਕਥਾਵਾਂ ਤਾਂ ਸਪਸ਼ਟ ਰੂਪ ਵਿ
ਉਪਦੇਸ਼ਾਤਮਿਕ ਹਨ ਹੀ ਉਨ੍ਹਾਂ ਦਾ ਮਨੋਰਥ ਵਿਵਹਾ
ਗਿਆਨ ਪ੍ਰਦਾਨ ਕਰਨਾ ਹੈ। ਧਾਰਮਿਕ ਕਥਾਵਾਂ—ਸੁਖ
ਬਦਨ, ਮਸਲੇ ਆਦਿ ਦਾ ਉਦੇਸ਼ ਅਧਿਆਤਮਕ ਭਾਵ
ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨਾ
ਪੁਰਾਣ ਕਥਾਵਾਂ ਦੇਵ ਪੂਜਾ ਵਿਚ ਸ਼ਰਧਾ ਪੈਦਾ ਕਰਦੀ
ਹਨ। ਟੋਟਕਿਆਂ ਵਿਚ ਜੀਵਨ ਦੇ ਵਰਤਾਰੇ ਦਾ ਵਰ
ਹੈ। ਨਿਰੋਲ ਮਨੋਰੰਜਨ ਦਾ ਸਾਧਨ ਤਾਂ ਪਰੀ ਕਥਾਵਾਂ
ਨਹੀਂ ਕਹੀਆਂ ਜਾ ਸਕਦੀਆਂ। ਕਿਉਂ ਜੋ ਪਰੀ ਕਥ
ਵੀ ਮਨ ਵਿਚ ਨਵੀਂ ਉਤੇਜਨਾ ਅਤੇ ਸਾਹਸ ਭਰਦੀ
ਹਨ, ਅੰਦਰੋਂ ਬਾਹਰ ਵਲ ਖਿਲਰਨ ਅਤੇ ਅਸੰਭਵ
ਅਪਹੁੰਚ ਨੂੰ ਪ੍ਰਾਪਤ ਕਰਨ ਦੇ ਕਲਪਨਾਤਮਕ ਯਤਨ ਹ
ਸੰਕਟ ਸਮੇਂ ਮਨ ਨੂੰ ਟਿਕਾਣੇ ਰੱਖਣ ਅਤੇ ਮੰਤਵ ਸਿ
ਲਈ ਨਿਰੰਤਰ ਸਾਧਨਾ ਤੇ ਉੱਦਮ ਦੀ ਪ੍ਰੇਰਨਾ ਹਨ।

ਬਾਤਾਂ ਜੀਵਨ ਦੀਆਂ ਚੇਸ਼ਟਾਵਾਂ, ਸੱਧਰਾਂ ਅਤੇ ਹਕੀਕ
ਦਾ ਬ੍ਰਿਤਾਂਤ ਹਨ। ਇਹ ਸਾਨੂੰ ਸਤਈ ਜ਼ਿੰਦਗੀ ਤੋਂ

ਜਿਸ ਕਲਪਨਾ ਦੇ ਖੰਭਾਂ ਉੱਤੇ ਬਹਿ ਕੇ ਇਸ ਲੋਕ ਦੀਆਂ ਹੱਦਾਂ ਟੱਪ ਕੇ ਪਰੀਆਂ ਦੀ ਅਨੂਠੀ ਦੁਨੀਆਂ ਜਾਂ ਪਰਲੋਕ ਵਿਚ ਗਮਨ ਨਹੀਂ ਕੀਤਾ। ਜੇ ਕੋਈ ਮਨੁੱਖੀ ਕਲਪਨਾ ਅਤੇ ਸੁਪਨਿਆਂ ਦੀ ਮਿਥਿਆ ਦੁਨੀਆਂ ਨੂੰ ਭੋਗਦਾ ਹੈ, ਤਾਂ ਉਹ ਅਪਹੁੰਚ ਜਗਤ ਵੀ ਸਾਡੇ ਵਾਸਤਵਿਕਤਾ ਦਾ ਮਹੱਤਵਪੂਰਣ ਅੰਗ ਹੈ ਅਤੇ ਬਾਤਾਂ ਵਿਚ ਇਸੇ ਜਗਤ ਨੂੰ ਸਥੂਲ ਰੂਪ ਵਿਚ ਦਰਸਾਇਆ ਗਿਆ ਹੁੰਦਾ ਹੈ।

ਬਾਤਾਂ ਨੂੰ ਸੁਭਾਵ ਦੇ ਪਖੋਂ ਤਿੰਨ ਪ੍ਰਮੁਖ ਵਰਗਾਂ ਵਿਚ ਵੰਡਿਆ ਜਾਂਦਾ ਹੈ—ਮਿਥਕ-ਕਥਾ, ਦੰਦ-ਕਥਾ ਤੇ ਕਹਾਣੀ। ਭਾਵੇਂ ਇਹ ਤਿੰਨੋਂ ਵਰਗ ਲੋਕ-ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹਨ ਅਤੇ ਇਨ੍ਹਾਂ ਤਿੰਨਾਂ ਦੀ ਸਿਰਜਨਾ ਕਥਾਨਿਕ ਰੂੜ੍ਹੀਆਂ ਅਤੇ ਪਰੰਪਰਾਗਤ ਤੱਤਾਂ ਤੋਂ ਹੀ ਹੁੰਦੀ ਹੈ। ਅਤੇ ਕੋਈ ਇਕ ਰੂੜ੍ਹੀ ਕਿਸੇ ਮਿਥ, ਦੰਦ-ਕਥਾ ਜਾਂ ਕਹਾਣੀ ਵਿਚ ਵੀ ਸਾਂਝੀ ਹੋ ਸਕਦੀ ਹੈ, ਪਰ ਬੁਨਿਆਦੀ ਅੰਤਰ ਇਨ੍ਹਾਂ ਤਿੰਨਾਂ ਵੰਨਗੀਆਂ ਦੀ ਪ੍ਰਕਿਰਤੀ ਵਿਚ ਹੈ। ਮਿੱਥ ਵਿਸ਼ਵਾਸ਼ ਉਪਰ ਆਧਾਰਿਤ ਦੇਵੀ ਦੇਵਤਿਆਂ ਜਾਂ ਪੌਰਾਣਿਕ ਪਾਤਰਾਂ ਨਾਲ ਸੰਬੰਧਿਤ ਪੂਰਬ ਇਤਿਹਾਸਕ ਕਾਲ ਵਿਚ ਵਾਪਰੀ ਕੋਈ ਘਟਨਾ ਜਾਂ ਬ੍ਰਿਤਾਂਤ ਹੈ, ਦੰਦ-ਕਥਾ ਇਤਿਹਾਸਕ ਤੱਥ ਉਪਰ ਆਧਾਰਿਤ ਕਿਸੇ ਇਤਿਹਾਸਕ ਵਿਅਕਤੀ, ਘਟਨਾ ਜਾਂ ਸਥਿਤੀ ਨਾਲ ਸੰਬੰਧਿਤ ਪਰੰਪਰਾਗਤ ਬ੍ਰਿਤਾਂਤ ਹੈ, ਜਿਸ ਵਿਚ ਤੱਥ ਅਤੇ ਮਿੱਥ ਦਾ ਸੁਮੇਲ ਹੁੰਦਾ ਹੈ ਅਥਵਾ ਇਸ ਦਾ ਬ੍ਰਿਤਾਂਤ ਇਤਿਹਾਸ ਦਾ ਵਿਕ੍ਰਿਤ ਰੂਪ ਹੈ। ਤੀਜੇ ਵਰਗ ਦੀ ਕਹਾਣੀ ਨਿਰੋਲ ਕਲਪਨਾ ਉੱਤੇ ਆਧਾਰਿਤ ਪਰੰਪਰਾਗਤ ਬ੍ਰਿਤਾਂਤ ਹੈ। ਇਸ ਵਰਗ ਦੀ ਕਹਾਣੀ ਦੇ ਪਾਤਰ ਤੇ ਘਟਨਾਵਾਂ ਸਭ ਕਲਪਿਤ ਹੁੰਦੀਆਂ ਹਨ। ਇਹੋ ਬ੍ਰਿਤਾਂਤ ਜੇ ਕਿਸੇ ਦੇਵੀ ਦੇਵਤੇ ਨਾਲ ਜੋੜ ਦੇਈਏ ਤਾਂ ਮਿੱਥ ਹੋਂਦ ਵਿਚ ਆਉਂਦੀ ਹੈ। ਜੇ ਕਿਸੇ ਇਤਿਹਾਸਕ ਵਿਅਕਤੀ ਨਾਲ ਤਾਂ ਦੰਦ-ਕਥਾ, ਜੇ ਕਲਪਿਤ ਪਾਤਰ ਨਾਲ ਜੋੜ ਦੇਈਏ ਤਾਂ ਬਾਤ ਦਾ ਜਨਮ ਹੁੰਦਾ ਹੈ।

'ਬਾਤਾਂ' ਸ਼ਬਦ ਵਿਸਤ੍ਰਿਤ ਰੂਪ ਵਿਚ ਲੋਕ-ਕਹਾਣੀਆਂ ਦੇ ਸਮੂਚ ਲਈ ਵੀ ਵਰਤਿਆ ਜਾਂਦਾ ਹੈ, ਜਿਸ ਵਿਚ ਉਪਰ ਵਰਣਨ ਤਿੰਨੇ ਵਰਗ—ਮਿੱਥ, ਦੰਦ-ਕਥਾ ਤੇ ਕਹਾਣੀ ਆ ਜਾਂਦੇ ਹਨ, ਪਰ ਸੀਮਤ ਅਰਥਾਂ ਵਿਚ ਇਹ ਪਦ ਤੀਜੇ ਵਰਗ ਦੀਆਂ ਕਹਾਣੀਆਂ ਲਈ ਪ੍ਰਯੋਗ ਹੁੰਦਾ ਹੈ, ਜਿਸ

ਕੀ ਧਾਰਮਿਕ ਕਥਾ-ਸਾਹਿਤ ਸਾਖੀ, ਬਚਨ, ਅਸ
ਆਦਿ ਲੋਕ-ਕਹਾਣੀਆਂ ਅਥਵਾ ਬਾਤਾਂ ਦਾ ਹੀ
ਜਾਂ ਰੂਪ ਹਨ ? ਜਿਵੇਂ ਕਿ ਅਸੀਂ ਪਿਛੇ ਬਾਤਾਂ ਦੀ
ਕਰਦਿਆਂ ਦਸਿਆ ਹੈ ਕਿ ਜਿਸ ਰਚਨਾ ਵਿਚ
ਦਾ ਬ੍ਰਿਤਾਂਤਕ ਅਭਿਵਿਅਕਤ ਹੋਵੇ ਅਤੇ
ਪਰੰਪਰਾਗਤ ਰੂੜ੍ਹੀਆਂ ਨਾਲ ਸਿਰਜੀ ਗਈ ਹੋਵੇ,
ਸਾਖੀ ਹੋਵੇ ਭਾਵੇਂ ਨੀਤੀ-ਕਥਾ, ਉਹ ਲੋਕ-ਕਹਾਣ
ਬਾਤਾਂ ਦਾ ਹੀ ਇਕ ਰੂਪ ਹੈ। ਸਾਖੀਆਂ, ਬਚਨ, ਅ
ਗੋਸ਼ਟਾਂ ਆਦਿ ਕਥਾ-ਰੂਪ ਬੇਸ਼ਕ ਕਿਸੇ ਇਤਿਹਾਸਕ
ਨਾਲ ਸੰਬੰਧਿਤ ਹੁੰਦੇ ਹਨ, ਪਰ ਇਹ ਬ੍ਰਿਤਾਂਤ
ਜਾਂ ਵਿਕ੍ਰਿਤ ਇਤਿਹਾਸ ਹਨ, ਜੋ ਲੋਕ-ਮਨ ਵਿਚੋਂ
ਹੋ ਕੇ ਅਤੇ ਉਸ ਦੀ ਅਭਿਵਿਅਕਤੀ ਬਣ ਕੇ
ਹੋਏ ਹਨ। ਇਸ ਲਈ ਇਹ ਸਾਰਾ ਕਥਾ-ਸਾਹਿਤ
ਦੇ ਅੰਤਰਗਤ ਆਉਂਦਾ ਹੈ। ਸਾਧਾਂ, ਸੰਤਾਂ, ਪੀਰ
ਗੁਰੂ-ਵਿਅਕਤੀਆਂ, ਰਾਜਿਆਂ, ਸੂਰਮਿਆਂ ਅਤੇ
ਆਦਿ ਨਾਲ ਸੰਬੰਧਿਤ ਸਭ ਕਥਾ-ਕਹਾਣੀਆਂ
ਦੰਦ-ਕਥਾਵਾਂ ਹੀ ਹਨ।

ਬਾਤਾਂ ਦੇ ਅਨੇਕ ਰੂਪ ਹਨ ਅਤੇ ਇਨ੍ਹਾਂ
ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਮਧਕਾਲੀਨ ਕ
ਵਸਤੂ ਅਤੇ ਰੂਪ ਦੇ ਪਖੋਂ ਲੋਕ-ਸਾਹਿਤ ਦਾ ਹੀ
ਲੋਕ-ਸਾਹਿਤ ਵਿਚ ਰੂਪ ਦਾ ਆਧਾਰ ਨਾ
ਵਿਅਕਤੀਗਤ ਵਿਰਤੀ ਹੁੰਦੀ ਹੈ ਅਤੇ ਨਾ ਹੀ
ਰੂਪ ਲੋਕ-ਚੇਤਨਤਾ ਵਿਚੋਂ ਉਭਰਦਾ ਹੈ ਅਤੇ
ਰਿਸ਼ਤਿਆਂ, ਭਾਵਾਂ, ਵਿਚਾਰਾਂ, ਸੰਕਲਪਾਂ ਦਾ
ਫੈਲਾਓ ਹੁੰਦਾ ਹੈ। ਇਹ ਰੂਪ ਲੋਕ-ਸੰਸਕ੍ਰਿਤੀ
ਗ੍ਰਹਿਣ ਕਰ ਕੇ ਮੌਲਦਾ ਤੇ ਸਥਾਪਿਤ ਹੁੰਦਾ ਹੈ
ਸੰਸਕ੍ਰਿਤੀ ਵਿਚ ਇਕਾਈ ਬਣ ਕੇ ਲੀਨ ਹੋ
ਕਿਉਂ ਜੋ ਲੋਕ-ਸਾਹਿਤ ਦੀ ਸਿਰਜਨਾ ਨਿਰੋਲ
ਰੂੜ੍ਹੀਆਂ ਅਤੇ ਸਾਹਿਤਕ ਪ੍ਰਵਿਰਤੀਆਂ ਦੀ ਸੰਜੁ
ਤੋਂ ਹੁੰਦੀ ਹੈ। ਇਸ ਲਈ ਪੰਜਾਬ ਦੀ ਲੋਕ-
ਵਿਸ਼ਾਲ ਪਾਸਾਰੇ ਵਿਚੋਂ ਹੀ ਸਾਡੀਆਂ ਬਾਤਾਂ
ਸਾਹਿਤ ਨੇ ਰੂਪ ਗ੍ਰਹਿਣ ਕੀਤੇ ਹਨ। ਕ
ਲੋਕ-ਕਲਪਨਾ ਜੀਵਨ ਦੇ ਕਿਸੇ ਅਨੁਭਵ-ਖੰਡ
ਉਜਾਗਰ ਕਰਦੀ ਹੈ। ਇਸ ਲਈ ਅਜਿਹੇ ਰੂਪ-
ਸਿਰਜਨਾ ਕੀਤੀ ਗਈ ਹੈ, ਜੋ ਉਸ ਪੱਖ ਨੂੰ

ਵਸਤੂ ਵਾਂਗ ਰੂਪ ਵੀ ਲੰਮੀ ਪ੍ਰਕ੍ਰਿਆ ਵਿਚ ਢਲ ਕੇ ਲੋਕ-ਪ੍ਰਵਾਨਗੀ ਪ੍ਰਾਪਤ ਕਰਦੇ ਹੋਏ, ਸਹਿਜੇ ਸਹਿਜੇ ਸਥਪਿਤ ਹੋ ਜਾਂਦੇ ਹਨ ਅਤੇ ਕਥਾ-ਪਰੰਪਰਾ ਦਾ ਅੰਗ ਬਣ ਜਾਂਦੇ ਹਨ। ਪਰ ਜਦੋਂ ਕੋਈ ਰੂਪ ਸਥਾਪਿਤ ਹੋ ਜਾਂਦਾ ਹੈ ਤਾਂ ਵਸਤੂ ਵਾਂਗ ਉਹ ਵੀ ਪਰੰਪਰਾ ਬਣ ਜਾਂਦਾ ਹੈ ਅਤੇ ਫਿਰ ਉਸ ਰੂਪ ਦੇ ਵਸਤੂ ਦੇ ਬਣ ਚੁਕੇ ਸੰਸਕਾਰਾਂ ਦੇ ਅਨੁਕੂਲ ਲੋਣੀ ਪੈਂਦੀ ਹੈ। ਇਸ ਲਈ ਲੋਕ-ਸਾਹਿੱਤ ਵਿਚ ਰੂਪ ਅਤੇ ਵਸਤੂ ਇਕ ਦੂਜੇ ਵਿਚ ਇਤਨੇ ਵਿਲੀਨ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਸੁਤੰਤਰ ਹੋਂਦ ਨਿਖੇੜੀ ਨਹੀਂ ਜਾ ਸਕਦੀ।

ਮਧਕਾਲੀ ਕਥਾਵਾਂ ਆਕਾਰ ਵਿਚ ਲਘੂ ਵੀ ਹਨ ਅਤੇ ਦੀਰਘ ਵੀ; ਗਦ ਵਿਚ ਵੀ ਹਨ ਅਤੇ ਪਦ ਵਿਚ ਵੀ। ਪੰਜਾਬੀ ਦੀ ਸਭ ਤੋਂ ਛੋਟੀ ਬਾਤ ਚਾਰ ਸਤਰਾਂ ਦੀ ਹੈ, ਪਰ ਬ੍ਰਿਤਾਂਤ ਅਦਭੁਤ ਹੋਣ ਕਰ ਕੇ ਰੋਚਕ ਹੈ :

ਕਰ ਕਹਾਣੀ ਕੱਲ੍ਹਿਆ,
ਸੁਣ ਕਹਾਣੀ ਡੋਰਿਆ।
ਅੰਨ੍ਹੇ ਚੋਰ ਪਕੜਿਆ,
ਤੇ ਲੂਲ੍ਹਾ ਮਗਰ ਦੌੜਿਆ।

ਇਸ ਤੋਂ ਅਲੌਕਿਕ ਅਤੇ ਅਦਭੁਤ ਘਟਨਾ ਹੋਰ ਕੀ ਹੋ ਸਕਦੀ ਹੈ ਕਿ ਕੱਲ੍ਹਾ (ਥੱਥਾ) ਕਹਾਣੀ ਪਾ ਰਿਹਾ ਹੋਵੇ ਅਤੇ ਡੋਰਾ ਸੁਣ ਰਿਹਾ ਹੋਵੇ। ਕਹਾਣੀ ਦੀ ਘਟਨਾ ਵੀ ਬੜੀ ਵਚਿਤ੍ਰ ਹੈ—ਅੰਨ੍ਹੇ ਨੇ ਚੋਰ ਨੂੰ ਫੜ ਲਿਆ ਅਤੇ ਲੂਲ੍ਹਾ ਅੰਨ੍ਹੇ ਦੀ ਸਹਾਇਤਾ ਕਰਨ ਲਈ ਉਸ ਦੇ ਮਗਰ ਮਗਰ ਦੌੜਿਆ। ਹਰ ਗੱਲ ਅਲੋਕਾਰ। ਇਸ ਰਚਨਾ ਵਿਚੋਂ ਇਕ ਸੰਪੂਰਨ ਕਥਾ ਦਾ ਆਨੰਦ ਝਰਦਾ ਹੈ। ਹੈ ਤਾਂ ਇਹ ਬਾਲ-ਕਥਾ, ਪਰ ਬਾਤ ਦੀ ਪ੍ਰਕ੍ਰਿਤੀ ਦੀ ਪੂਰੀ ਸੋਝੀ ਕਰਵਾ ਦਿੰਦੀ ਹੈ।

ਕੁਝ ਕਥਾਵਾਂ ਦਾ ਵਸਤੂ ਇਕਹਿਰਾ ਹੈ ਅਤੇ ਉਨ੍ਹਾਂ ਵਿਚ ਜੀਵਨ ਦੇ ਕਿਸੇ ਤੱਥ, ਵਿਹਾਰ ਤੇ ਅਨੁਭਵ-ਖੰਡ ਦਾ ਹੀ ਪ੍ਰਕਾਸ਼ ਹੈ। ਅਜਿਹੀਆਂ ਕਥਾਵਾਂ ਆਕਾਰ ਵਿਚ ਭਾਵੇਂ ਛੋਟੀਆਂ ਹਨ, ਪਰ ਪ੍ਰਭਾਵ ਉਨ੍ਹਾਂ ਦਾ ਲੰਮੀਆਂ ਕਥਾਵਾਂ ਨਾਲੋਂ ਵੀ ਬਲਵਾਨ ਹੈ। ਚੁਟਕਲੇ, ਗੱਲਾਂ, ਹਕਾਇਤੀਆਂ, ਸੱਖਨ ਆਦਿ ਇਸੇ ਵੰਨਗੀ ਦੀਆਂ ਲਘੂ-ਕਥਾਵਾਂ ਹਨ।

ਕਥਾ ਦੇ ਹਰ ਰੂਪ ਦੀ ਆਪਣੀ ਵੱਖਰੀ ਬਣਤਰ
ਮੁੱਢੀ ਵਿਚ ਕਿਸੇ ਹੋਂਦ ਦੀ ਵਿਆਖਿਆ ਹੈ। ਇਸ
ਇਨ੍ਹਾਂ ਕਥਾਵਾਂ ਵਿਚ ਕਾਰਨ-ਕਾਰਜ ਦਾ ਵਚਿਤ੍ਰ ਸੰਬੰਧ
ਇਕਹਿਰੀ ਘਟਨਾ ਹੈ, ਮਿਸਾਲ ਲਈ 'ਮੋਰ ਪੈਰ ਵੇਖ
ਕਿਉਂ ਝੁਰਦਾ ਹੈ', ਦੀ ਮੁੱਢੀ ਲਓ। ਕਬੂਤਰ ਕਿਸੇ ਵਿਆ
ਤੇ ਜਾਣ ਵੇਲੇ ਮੋਰਾਂ ਤੋਂ ਪੈਰ ਮੰਗ ਕੇ ਲੈ ਗਏ ਤੇ
ਉਨ੍ਹਾਂ ਨੇ ਵਾਪਸ ਨਹੀਂ ਕੀਤੇ। ਸਰੀਰ ਦਾ ਕੋਈ
ਮੰਗ ਕੇ ਲੈ ਜਾਣਾ ਆਪਣੇ ਆਪ ਵਿਚ ਇਕ ਵਚਿਤ੍ਰ ਘਟ
ਹੈ ਅਤੇ ਮੰਗਾ ਕੇ ਚੀਜ਼ ਵਾਪਸ ਨਾ ਕਰਨੀ ਮਨੁੱਖੀ ਕਮਜ਼ੋਰ
ਵਰਤ ਕਥਾ ਵਿਚ ਵੀ ਕਾਰਨ-ਕਾਰਜ ਦਾ ਸਿਲਸਿ
ਜੁੜਿਆ ਹੁੰਦਾ ਹੈ, ਪਰ ਮੁੱਢੀ ਤੇ ਵਰਤ-ਕਥਾ
ਕਾਰਜ-ਕਾਰਨ ਵਿਚ ਬੜਾ ਅੰਤਰ ਹੈ। ਪਹਿਲਾ ਜਿ
ਵਚਿਤ੍ਰ ਹੁੰਦਾ ਹੈ ਦੂਜਾ ਉਤਨਾ ਹੀ ਸਾਧਾਰਨ। ਵਰਤ-ਕ
ਵਿਚ ਵਰਤ ਦੁਆਰਾ ਕਿਸੇ ਇਸ਼ਟ ਨੂੰ ਪ੍ਰਸੰਨ ਕਰਨ
ਕਥਾ ਹੁੰਦੀ ਹੈ, ਜੋ ਲੰਮੇ ਕਾਲ ਅਤੇ ਸਥਾਨ ਵਿਚ ਫੈ
ਹੁੰਦੀ ਹੈ।

ਨੀਤੀ-ਕਥਾ ਵਿਚ ਵਚਿਤ੍ਰਤਾ ਤੇ ਵਾਸਤਵਿਕਤਾ
ਪ੍ਰਭਾਵਸ਼ਾਲੀ ਸੰਜੋਗ ਹੁੰਦਾ ਹੈ। ਕਥਾ ਦੇ ਪਾਤਰ ਪਸ਼ੂ ਪੰ
ਜੜ੍ਹ ਪਦਾਰਥ, ਸੂਖਮ ਭਾਵ, ਆਦਿ ਵਸਤੂ-ਜਗਤ ਨਾ
ਵਖਰੀ ਹੋਂਦ ਦੇ ਮਾਲਕ ਹਨ। ਪਸ਼ੂ ਪੰਛੀ ਮਨੁੱਖਾਂ ਵ
ਬੋਲਦੇ, ਕਾਰਜ ਕਰਦੇ, ਰਿਸ਼ਤੇ ਬਣਾਉਂਦੇ, ਦੁਸ਼ਮਣੀ
ਪਾਲਦੇ ਅਤੇ ਦੋਸਤੀਆਂ ਨਿਭਾਉਂਦੇ ਹਨ। ਜੜ੍ਹ ਪਦਾ
ਚੇਤਨ ਮਨੁੱਖ ਵਾਂਗ, ਅਤੇ ਸੂਖਮ ਭਾਵ ਆਕਾਰ ਗ੍ਰ
ਕਰਕੇ ਵਿਚਰਦੇ ਤੇ ਕਾਰਜ ਸਾਧਦੇ ਹਨ। ਇਸ ਦੇ ਉ
ਪਰੀ ਕਥਾ ਵਖਰੇ ਚਰਿਤ੍ਰ ਦੀ ਹੈ। ਪਰੀ ਜਗਤ ਦਾ ਚ
ਵਸਤੂ-ਜਗਤ ਨਾਲੋਂ ਅਨੂਠਾ ਤੇ ਵਿਲੱਖਣ ਹੈ। ਇਸੇ
ਬਾਤਾਂ ਦੇ ਅਨੇਕਾਂ ਹੋਰ ਰੂਪ ਹਨ। ਇਹ ਕਥਾ-ਰੂਪ ਵ
ਨਾਲ ਇਕਾਗਰ ਹਨ ਅਤੇ ਇਨ੍ਹਾਂ ਦੇ ਨਾਂ ਵੀ ਵਿਸ਼ੇ-ਵ
ਕਥਾ-ਪ੍ਰਕ੍ਰਿਤੀ ਜਾਂ ਕਥਾ-ਪਾਤਰਾਂ ਤੇ ਆਧਾਰਤ ਹਨ।
ਤੇ ਅਸਲਿਆਂ ਵਿਚ ਕਿਸੇ ਜੀਵ ਵਸਤੂ ਜਾਂ ਪ੍ਰਕ੍ਰਿ
ਦ੍ਰਿਸ਼ਟੀਮਾਨ ਦੀ ਪ੍ਰਥਮ ਹੋਂਦ ਦਾ ਬ੍ਰਿਤਾਂਤ ਹੈ ਅਤੇ
ਨਾਂ ਇਨ੍ਹਾਂ ਕਥਾਵਾਂ ਦੀ ਪ੍ਰਕ੍ਰਿਤੀ ਦੇ ਅਨੁਕੂਲ
ਜਨੌਰ-ਕਥਾ, ਪ੍ਰੇਤ-ਕਥਾ, ਪਰੀ-ਕਥਾ ਆਦਿ ਰੂਪਾਂ ਦੇ
ਪ੍ਰਧਾਨ ਪਾਤਰਾਂ ਤੇ ਆਧਾਰਤ ਹਨ। ਹਰੇਕ ਰੂਪ ਦਾ ਵੱ

ਫਲ ਸਰੋਤਿਆਂ ਨੂੰ ਪ੍ਰਾਪਤ ਹੁੰਦਾ ਹੈ। ਮਹਾਤਮ ਦਾ ਫਲ ਅਧਿਆਤਮਕ ਹੈ, ਸਿਧੀ ਦਾ ਸਰੀਰਕ। ਗੱਲਾਂ, ਚੁਟਕਲੇ ਤੇ ਕਹਾਵਤਾਂ ਲਘੂ ਕਥਾਵਾਂ ਹਨ, ਜੋ ਬੋਲ-ਚਾਲ ਦੇ ਪ੍ਰਵਾਹ ਵਿਚ ਵਿਚਰਦੀਆਂ ਰਹਿੰਦੀਆਂ ਹਨ। ਹਸਾਵਣੀ ਹਾਸੇ-ਮਜ਼ਾਕ ਦੀ ਕਥਾ ਹੈ। ਗੱਪ ਵਿਚ ਗਲਪ ਅਤਿ-ਕਥਨੀ ਰੂਪ ਵਿਚ ਵਿਚਰਦੀ ਹੈ। ਫੱਕੜ ਵਿਚ ਗੱਲ ਨਿਰਸੰਕੋਚ ਕਹਿ ਲਈ ਗਈ ਹੈ, ਬੁਝਾਵਲ ਕਥਾ ਵਿਚ ਕਥਾ ਅਤੇ ਬੁਝਾਰਤ ਦੋਵੇਂ ਮਿਸ਼ਰਤ ਤੇ ਇਕਾਗਰ ਹਨ। ਇਹ ਕਥਾ ਸਿਰਫ਼ ਸੁਣੀ ਹੀ ਨਹੀਂ ਜਾਂਦੀ, ਬੁਝੀ ਵੀ ਜਾਂਦੀ ਹੈ। ਚਲਿਤਰਾਂ ਵਿਚ ਇਸਤਰੀ ਦੀ ਪ੍ਰਕ੍ਰਿਤੀ ਦਾ ਬਿਰਤਾਂਤਕ ਵਰਣਨ ਹੁੰਦਾ ਹੈ।

ਬਾਤਾਂ ਦੇ ਅਨੇਕਾਂ ਹੋਰ ਵੀ ਰੂਪ ਹਨ।

(ਬ-120) **ਬਾਂਦਰ ਕੀਲਾ** :

ਬੱਚਿਆਂ ਦੀ ਇਕ ਖੇਡ; ਇਸ ਖੇਡ ਵਿਚ ਬੱਚੇ ਜ਼ਿਮੀਂ ਵਿਚ ਇਕ ਵੱਡਾ ਸਾਰਾ ਕਿੱਲਾ ਗੱਡ ਕੇ, ਉਸ ਨਾਲ ਇਕ ਲੰਮੀ ਜਿਹੀ ਰੱਸੀ ਜਾਂ ਪੱਗ ਬੰਨ੍ਹ ਲੈਂਦੇ ਹਨ। ਕਿੱਲੇ ਦੇ ਦੁਆਲੇ ਬੱਚੇ ਆਪਣੀਆਂ ਜੁੱਤੀਆਂ ਲਾਹ ਕੇ ਰਖ ਦੇਂਦੇ ਹਨ। ਜਿਸ ਬੱਚੇ ਸਿਰ ਮੀਟੀ ਆਉਂਦੀ ਹੈ, ਉਹ ਕਿੱਲੇ ਦੀ ਰੱਸੀ ਦਾ ਦੂਜਾ ਸਿਰਾ ਫੜ ਕੇ ਕਿੱਲੇ ਦੁਆਲੇ ਘੁੰਮਦਾ ਹੈ ਤੇ ਪੁੱਗੇ ਹੋਏ ਬੱਚਿਆਂ ਨੂੰ ਜੁੱਤੀਆਂ ਚੁਕਣ ਤੋਂ ਰੋਕਦਾ ਹੈ। ਜੇ ਕੋਈ ਬੱਚਾ ਜੁੱਤੀ ਚੁਕਦਾ ਫੜਿਆ ਜਾਵੇ ਤਾਂ ਉਸ ਸਿਰ ਮੀਟੀ ਆ ਜਾਂਦੀ ਹੈ ਅਤੇ ਉਹ ਰੱਸੀ ਦਾ ਸਿਰਾ ਫੜ ਕੇ ਕਿਲੇ ਦੁਆਲੇ ਗੇੜੇ ਕੱਟਣ ਲੱਗਦਾ ਹੈ।

ਜੇ ਸਭ ਬੱਚੇ ਜੁੱਤੀਆਂ ਚੁਕ ਕੇ ਲੈ ਜਾਣ ਤੇ ਮੀਟੀ ਵਾਲਾ ਬੱਚਾ ਕਿਸੇ ਨੂੰ ਵੀ ਨਾ ਫੜ ਸਕੇ ਤਾਂ ਅਖ਼ੀਰਲੀ ਜੁੱਤੀ ਚੁਕਣ ਮਗਰੋਂ ਸਭ ਬੱਚੇ ਮੀਟੀ ਵਾਲੇ ਬੱਚੇ ਨੂੰ ਜੁੱਤੀਆਂ ਮਾਰਨ ਲੱਗਦੇ ਹਨ ਤੇ ਉਦੋਂ ਤਕ ਮਾਰਦੇ ਰਹਿੰਦੇ ਹਨ ਜਦੋਂ ਤਕ ਮੀਟੀ ਵਾਲਾ ਦਾਈ ਨੂੰ ਨਾ ਛੂਹ ਲਏ। ਇਸ ਲਈ ਮੀਟੀ ਵਾਲਾ ਅਖ਼ੀਰਲੀ ਜੁੱਤੀ ਵੇਲੇ ਬੜਾ ਸੁਚੇਤ ਰਹਿੰਦਾ ਹੈ।

(ਬ-121) **ਬਾਂਧਨ** :

ਇਕ ਤਰ੍ਹਾਂ ਦਾ ਜਾਦੂ ਟੂਣਾ, ਜਿਸ ਨਾਲ ਦੁਸ਼ਮਣ ਦੇ ਕਿਸੇ ਕੰਮ ਵਿਚ ਵਿਘਨ ਪਾਇਆ ਜਾਂਦਾ ਹੈ। ਜਦੋਂ ਤਕ ਰੱਖ ਤੇ ਤਵੀਤ ਆਦਿ ਦੁਆਰਾ ਬਾਂਧਨ ਦਾ ਰੱਦਰਾ

(ਬ-122) **ਬਾਬਾ ਅਟੱਲ** :

ਅਟੱਲ ਰਾਇ, ਜੋ ਗੁਰੂ ਹਰਿਗੋਬਿੰਦ ਜੀ ਦੇ ਸਨ, ਸਿੱਖਾਂ ਵਿਚ ਬੜੇ ਆਦਰ ਭਾਵ ਨਾਲ ਜਾਣੇ ਹਨ। ਇਨ੍ਹਾਂ ਦਾ ਜਨਮ 1619 ਈਸਵੀ ਵਿਚ ਹੋ ਅਤੇ 9 ਸਾਲਾਂ ਦੀ ਛੋਟੀ ਜਿਹੀ ਉਮਰ ਵਿਚ, 1628 ਈਸਵੀ ਵਿਚ ਜੋਤੀ ਜੋਤ ਸਮਾ ਗਏ। ਇਨ੍ਹ ਸਮਾਧ, ਅੰਮ੍ਰਿਤਸਰ ਵਿਚ, ਹਰਿਮੰਦਰ ਸਾਹਿਬ ਦੇ ਸਥਿਤ ਹੈ। ਇਸ ਸਮਾਧ ਦੀਆਂ 9 ਛੱਤਾਂ ਬਾਬਾ ਅਟੱਲ ਦੀ ਉਮਰ ਦੇ ਨੌਂ ਸਾਲਾਂ ਦੀਆਂ ਬੋਧਿਕ ਹਨ ਤੇ ਲੱਗਦਾ ਵੱਡਾ ਸਰੋਵਰ ਇਨ੍ਹਾਂ ਦੇ ਵਿਸ਼ਾਲ ਹਿਰਦੇ ਰਵਾਇਤ ਅਨੁਸਾਰ ਬਾਬਾ ਅਟੱਲ ਬੜੀ ਕਰਨੀ ਸੰਤ ਸਨ। ਲੋਕਾਂ ਨੇ ਇਨ੍ਹਾਂ ਦਾ ਪੂਜਾ ਪਾਠ ਤੇ ਭ ਵੇਖ ਕੇ ਛੋਟੀ ਉਮਰ ਵਿਚ ਹੀ ਬਾਬਾ ਜੀ ਕਹਿਣਾ ਕਰ ਦਿਤਾ। ਨਿੱਕੀ ਉਮਰ ਵਿਚ ਹੀ ਇਨ੍ਹਾਂ ਵਿਚ ਇ ਆਤਮ ਬਲ ਆ ਗਿਆ ਕਿ ਇਨ੍ਹਾਂ ਨੇ ਕਰਾਮਾਤ ਇਕ ਮ੍ਰਿਤਕ ਨੂੰ ਸੁਰਜੀਤ ਕਰ ਦਿਤਾ, ਜਿਸ 'ਤੇ ਹਰਿਗੋਬਿੰਦ ਜੀ ਇਨ੍ਹਾਂ ਨਾਲ ਸਖ਼ਤ ਨਾਰਾਜ਼ ਹੋ ਅਤੇ ਬਾਬਾ ਅਟੱਲ ਨੂੰ ਇਤਨਾ ਖੇਦ ਪਹੁੰਚਿਆ ਕਿ ਉਨ੍ਹ ਆਪਣਾ ਸਰੀਰ ਤਿਆਗ ਦਿਤਾ।

ਬਾਬਾ ਅਟੱਲ ਦੀ ਸਮਾਧੀ ਉਤੇ ਅਭਿਆਗਤਾਂ ਸਦਾ ਵਰਤ ਲੱਗਾ ਰਹਿੰਦਾ ਹੈ। ਦਾਨੀ ਇਥੇ ਆ ਕੇ ਵੰਡਦੇ ਹਨ, ਸੋ ਕਹਾਵਤ ਪ੍ਰਚਲਤ ਹੈ :

ਬਾਬਾ ਅਟੱਲ—ਪੱਕੀ ਪਕਾਈ ਘਲ।

ਮਹਾਨ ਕੋਸ਼ ਅਨੁਸਾਰ ਇਨ੍ਹਾਂ ਦੀ ਸਮਾਧੀ ਦੀ ਸੰਮਤ 1835 ਵਿਚ ਰਖੀ ਗਈ, ਜਿਸ ਉਤੇ ਸ੍ਰ: ਜੋਧ ਸਿੰਘ ਰਾਮਗੜ੍ਹੀਏ ਨੇ ਸੰਮਤ 1841 ਵਿਚ ਮੰਜ਼ਲਾਂ ਬਣਵਾਈਆਂ। ਉਦੋਂ ਤੋਂ ਹੀ ਇਥੇ ਸਾਵਣ ਦਸਵੀਂ ਤੇ ਬਾਬਾ ਜੀ ਦੀ ਸਿਮਰਤੀ ਵਿਚ ਭਾਰੀ ਜੁੜਨ ਲੱਗਾ, ਕਿਉਂ ਜੋ ਬਾਬਾ ਜੀ ਇਸੇ ਤਿੱਥ ਨੂੰ ਜੋਤ ਸਮਾਏ ਸਨ।

(ਬ-123) **ਬਾਬਾ ਸਾਂਗ** :

ਇਕ ਵਡਿਕਾ, ਜਿਸ ਨੇ ਸੰਗ ਤਹਿਸੀਲ ਫਿਲੌ ਵਸਾਇਆ। ਇਨ੍ਹਾਂ ਦੀ ਸਮਾਧ ਸੰਗ ਢੇਸੀਆ ਵਿਚ ਹੈ, ਜਿਥੇ ਹਰ ਸਾਲ ਦੋ ਮੇਲੇ ਲਗਦੇ ਹਨ, ਇਕ ਚੇਤ

ਹਰਮਨ ਪਿਆਰੇ ਸਨ । ਦੰਸਾਂਝ ਤੇ ਢੇਸੀ ਜੱਟ ਇਨ੍ਹਾਂ ਦੀ ਸਮਾਧ ਨੂੰ ਪੂਜਦੇ ਹਨ ।

(ਬ-124) **ਬਾਬਾ ਸਿੰਧ ਸੋ** :

ਇਕ ਕਰਣੀ ਵਾਲਾ ਯੋਧਾ, ਜੋ ਬਿਨਾਂ ਸੀਸ ਦੇ, ਧੜ ਨਾਲ ਹੀ ਕਾਫ਼ੀ ਦੇਰ ਤਕ ਲੜਦਾ ਤੇ ਵੈਰੀਆਂ ਦੇ ਆਹੂ ਲਾਹੁੰਦਾ ਰਿਹਾ । ਇਸ ਦੀ ਸਮਾਧ ਡੇਹਰਾ ਬਾਬਾ ਨਾਨਕ ਦੇ ਬਾਹਰ ਧੁਸੀ ਬੰਨ੍ਹ ਤੋਂ 50 ਕੁ ਗਜ਼ ਦੂਰ ਹੈ । ਬਾਬਾ ਸਿੰਧ ਸੋ ਰੰਧਾਵਿਆਂ ਦਾ ਵੱਡਾ ਵਡੇਰਾ ਸੀ । ਦੰਦ-ਕਥਾ ਹੈ ਕਿ ਬਾਬਾ ਸਿੰਧ, ਗਊ ਭਗਤ ਸੀ ਤੇ ਇਹ ਗਊ ਦੀ ਰਖਿਆ ਲਈ ਮੁਸਲਮਾਨਾਂ ਦੀ ਇਕ ਵਹੀਰ ਨਾਲ ਜੂਝਿਆ । ਮੁਸਲਮਾਨਾਂ ਦੀ ਗਿਣਤੀ ਚੋਖੀ ਸੀ, ਸੋ ਉਨ੍ਹਾਂ ਹੱਥੋਂ ਇਸ ਦਾ ਸਿਰ ਕਟਿਆ ਗਿਆ । ਪਰ ਬਾਬਾ ਸਿੰਧ ਸੋ ਧੜ ਨਾਲ ਹੀ ਮੁਸਲਮਾਨਾਂ ਦੇ ਆਹੂ ਲਾਹਦਾ ਰਿਹਾ । ਸਭ ਦੁਸ਼ਮਣ ਮੈਦਾਨ ਵਿਚੋਂ ਭਜ ਨਿਕਲੇ । ਇਕ ਤੀਵੀਂ ਉਧਰੋਂ ਲੰਘੀ ਤੇ ਬਿਨਾਂ ਸਿਰ ਦੇ, ਧੜ ਨੂੰ ਲੜਦਿਆਂ ਵੇਖ, ਹੈਰਾਨੀ ਪ੍ਰਗਟ ਕਰਨ ਲੱਗੀ । ਉਸ ਦੀ ਆਵਾਜ਼ ਸੁਣ ਕੇ ਬਾਬਾ ਜੀ ਉਥੇ ਹੀ ਡਿੱਗ ਪਏ । ਮਗਰੋਂ ਡਿੱਗਣ ਵਾਲੀ ਥਾਂ ਉਤੇ ਬਾਬੇ ਦੀ ਸਮਾਧ ਬਣਾ ਦਿਤੀ ਗਈ ।

(ਬ-125) **ਬਾਬਾ ਸ਼ਿਬੂਨ** :

ਕਾਂਗੜੇ ਦਾ ਇਕ ਪ੍ਰਸਿੱਧ ਫ਼ਕੀਰ, ਜੋ ਸੱਪਾਂ ਦੇ ਕਟੇ ਦਾ ਇਲਾਜ ਕੀਤਾ ਕਰਦਾ ਸੀ । ਇਸ ਦਾ ਸਥਾਨ ਨੂਰਪੁਰ ਦੇ ਇਲਾਕੇ ਵਿਚ ਹੈ ਜਿਥੇ ਸੱਪਾਂ ਦੇ ਕਟੇ ਰੋਗੀ ਇਲਾਜ ਵਾਸਤੇ ਆਉਂਦੇ ਹਨ । ਇਥੋਂ ਦਾ ਸਾਧ ਰੋਗੀ ਨੂੰ ਇਕ ਖ਼ਾਸ ਥਾਂ ਉਤੇ ਲਿਟਾ ਦੇਂਦਾ ਹੈ ਤੇ ਸ਼ਿਬੂ ਦਾ ਨਾਉਂ ਲੈ ਕੇ ਕੁਝ ਮੰਤ੍ਰ ਉਚਾਰਦਾ ਤੇ ਰੋਗੀ ਦੀ ਕਟੀ ਥਾਂ ਤੇ ਫੂਕ ਮਾਰਦਾ ਹੈ । ਫਿਰ ਰੋਗੀ ਦੇ ਸਰੀਰ ਉਤੇ ਸ਼ਿਬੂ ਦੇ ਪਾਣੀ ਨੂੰ, ਜੋ ਸ਼ਿਬੂ ਦੀ ਮੂਰਤੀ ਨੂੰ ਇਸ਼ਨਾਨ ਕਰਵਾਉਣ ਲਈ ਇਕ ਭਾਂਡੇ ਵਿਚ ਰਖਿਆ ਹੁੰਦਾ ਹੈ, ਪਿਲਾਇਆ ਜਾਂਦਾ ਤੇ ਕਟੀ ਥਾਂ ਉੱਤੇ ਤਰੌਂਕਿਆ ਜਾਂਦਾ ਹੈ । ਇਸ ਮਗਰੋਂ ਉਸ ਨੂੰ ਬਾਬਾ ਸ਼ਿਬੂ ਦੀ ਮਿੱਟੀ ਖਾਣ

(ਬ-126) **ਬਾਬਾ ਹੱਸੂ** :

ਬਾਬਾ ਹੱਸੂ ਤੇਲੀਆਂ ਦਾ ਵਡਿਕਾ ਹੈ, ਜਿਸ ਨੇ ਤੋਂ ਪਹਿਲਾਂ ਤੇਲ ਪੀੜਨ ਲਈ ਕੋਹਲੂ ਤਿਆਰ ਕੀ ਇਨ੍ਹਾਂ ਦੇ ਜਨਮ, ਸਥਾਨ ਤੇ ਤਿੱਥ ਬਾਰੇ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ । ਲਾਹੌਰ ਵਿਚ ਇਨ੍ਹਾਂ ਦਾ ਸਮਾਰਕ ਮਿਲਦਾ ਹੈ ।

ਮੁਸਲਮਾਨ ਤੇਲੀ ਬਾਬਾ ਹੱਸੂ ਪ੍ਰਤੀ ਆਦਰ ਭਾ ਰਖਦੇ ਹਨ ਅਤੇ ਸਵੇਰੇ ਕੋਹਲੂ ਨੂੰ ਚਲਾਉਣ ਲਈ ਸਭ ਤੋਂ ਪਹਿਲਾਂ ਬਾਬਾ ਹੱਸੂ ਤੇ ਲੁਕਮਾਨ ਨੂੰ ਧਿਆ ਹਨ ਅਤੇ ਇਹ ਸ਼ਬਦ ਉਚਾਰਦੇ ਹਨ :

ਬਿਸਮਿਲਾ-ਉਰ-ਰਹਿਮਾਨ-ਉਰ-ਰਹੀਮ
ਲੁਕਮਾਨ ਹਕੀਮ ਹਿਕਮਤ ਦੇ ਬਾਦਸ਼ਾਹ
ਬਾਬਾ ਹਸੂ ਫਿਰ ਫਿਰ ਕਸੂ
ਸ਼ਾਹ ਦੌਲਾ ਦਰਿਆਈ
ਚਰਖ ਚਲੇ ਤਾਂ ਰੋਜ਼ੀ ਆਈ
ਤੇਲੀ ਦਿਨ ਦਿਨ ਕਲਾ ਸਵਾਈ ।

(ਬ-127) **ਬਾਬਾ ਗੁਦੜ ਸ਼ਾਹ** :

ਇਕ ਕਰਣੀ ਵਾਲਾ ਫ਼ਕੀਰ, ਜੋ ਅਠਾਰਵੀਂ ਸਦ ਮੱਧ ਵਿਚ ਹੋਏ ਦਸੇ ਜਾਂਦੇ ਹਨ । ਇਨ੍ਹਾਂ ਦੀ ਸਮਾਧ ਵਡਰੁਖਾਂ ਦੀ ਬਾਹਰਲੀ ਸੀਮਾਂ ਉਤੇ ਹੈ । ਹਰ ਸਾਲ ਉਤੇ ਸ਼ਰਧਾਲੂ ਮਿਠਾ ਰੋਟ ਪਕਾ ਕੇ ਲੋਕਾਂ ਵਿਚ ਵੰਡਦੇ ਹ ਸਮਾਧ ਦੇ ਚਬੂਤਰੇ ਤੇ ਸਰਧਾਲੂ ਜੋਤਾਂ ਜਗਾਂਦੇ ਹਨ ।

ਬਾਬਾ ਗੁਦੜ ਸ਼ਾਹ ਬਾਰੇ ਕਈ ਦੰਦ-ਕਥਾਵਾਂ ਵਿਚ ਪ੍ਰਚਲਤ ਹਨ । ਰਵਾਇਤ ਹੈ ਕਿ ਇਥੋਂ ਦਾ ਗਜਪਤ ਇਨ੍ਹਾਂ ਵਿਚ ਬੜੀ ਸਰਧਾ ਰਖਦਾ ਸੀ ਅਤੇ ਲਈ ਰੋਜ਼ ਦੋਵੇਂ ਵੇਲੇ ਸ਼ਾਹੀ ਮਹਿਲਾਂ ਤੋਂ ਭੋਜਨ ਭੇ ਕਰਦਾ ਸੀ । ਇਕ ਵਾਰ ਉਨ੍ਹਾਂ ਵਲੋਂ ਆਇਆ ਬਾਬਾ ਗੁਦੜ ਸ਼ਾਹ ਨੇ, ਸਵੀਕਾਰ ਨਾ ਕੀਤਾ । ਗਜਪਤ ਸਿੰਘ ਨੇ ਬਾਬਾ ਜੀ ਦੀ ਸੇਵਾ ਵਿਚ ਖ਼ੁਦ ਹ ਹੋ ਕੇ ਇਸ ਦਾ ਕਾਰਨ ਪੁਛਿਆ । ਬਾਬਾ ਜੀ ਨੇ ਦ ਕਿ ਰਾਜੇ ਦੇ ਘਰ ਇਕ ਅਜਿਹੀ ਕੰਨਿਆਂ ਨੇ ਜਨਮ ਹੈ ਜਿਸ ਦੀ ਕੁਖੋਂ ਇਕ ਵਡਾ ਸਮਰਾਟ ਪੈਦਾ ਹੋਣ ਪਰ ਉਸ ਕੰਨਿਆਂ ਨੂੰ ਮਟਕੀ ਵਿਚ ਬੰਦ ਕਰ ਕੇ, ਧ

ਕੇ ਮਟਕਾ ਕਢਵਾ ਦਿਤਾ। ਮਟਕੇ ਵਿਚ ਕੰਨਿਆਂ ਜੀਉਂਦੀ ਸੀ ਤੇ ਅੰਗੂਠਾ ਚੂਸ ਰਹੀ ਸੀ। ਇਹੋ ਕੰਨਿਆ ਵਡੀ ਹੋ ਕੇ ਸਦਾ ਕੌਰ ਦੇ ਨਾਂ ਨਾਲ ਪ੍ਰਸਿਧ ਹੋਈ ਤੇ ਗੁਜਰਾਂਵਾਲੇ ਦੇ ਰਾਜੇ ਮਹਾਂ ਸਿੰਘ ਦੀ ਰਾਣੀ ਬਣੀ ਅਤੇ ਬਾਅਦ ਵਿਚ ਇਸੇ ਦੇ ਕੁਖੋਂ ਮਹਾਰਾਜਾ ਰਣਜੀਤ ਸਿੰਘ ਪੈਦਾ ਹੋਇਆ।

(ਬ-128) **ਬਾਬਾ ਪਰਮਾਨੰਦ :**

ਇਕ ਕਰਣੀ ਵਾਲਾ ਸਾਧ, ਜਿਨ੍ਹਾਂ ਦੀ ਸਮਾਧੀ ਸੰਗਰੂਰ ਵਿਚ, ਨਾਭਾ ਗੇਟ ਦੇ ਲਾਗੇ ਹੈ। ਇਸ ਦੀ ਸਮਾਧ ਉਤੇ ਲੋਕੀ ਸੁੱਖਣਾ ਸੁੱਖਦੇ ਤੇ ਜੋਤਾਂ ਜਗਾਂਦੇ ਹਨ। ਐਤਵਾਰ ਵਾਲੇ ਦਿਨ, ਗਊ ਮੱਝ ਦੀਆਂ ਪਹਿਲੀਆਂ ਧਾਰਾਂ ਇਨ੍ਹਾਂ ਨਮਿਤ ਭੇਟ ਕੀਤੀਆਂ ਜਾਂਦੀਆਂ ਹਨ ਅਤੇ ਵਿਆਹ ਉਤੇ ਮਠਿਆਈ ਪੂਰੀ ਆਦਿ। ਦੀਵਾਲੀ ਉਤੇ ਲੋਕ ਜੋਤ ਜਗਾਂਦੇ, ਚੜ੍ਹਾਵੇ ਚਾੜ੍ਹਦੇ ਤੇ ਬਾਬਾ ਜੀ ਦੀ ਪੂਜਾ ਕਰਦੇ ਹਨ।

ਬਾਬਾ ਪਰਮਾਨੰਦ ਰਿਧੀਆਂ-ਸਿਧੀਆਂ ਦੇ ਸਵਾਮੀ ਸਨ। ਬਾਬਾ ਜੀ ਜੰਗਲ ਵਿਚ ਪਸ਼ੂ ਚਾਰਿਆ ਕਰਦੇ ਸਨ। ਪਸ਼ੂਆਂ ਨੂੰ ਜੰਗਲ ਵਿਚ ਛੱਡ ਕੇ ਆਪ ਉਹ ਕਈ ਕਈ ਘੰਟੇ ਸਮਾਧੀ ਵਿਚ ਜੁੜੇ ਰਹਿੰਦੇ। ਰਵਾਇਤ ਹੈ ਕਿ ਇਕ ਵਾਰ ਪਿੰਡ ਦੇ ਕੁਝ ਲੋਕ ਜੰਗਲ ਵਿਚੋਂ ਲੰਘ ਰਹੇ ਸਨ ਤੇ ਉਹ ਬਾਬਾ ਜੀ ਨੂੰ ਅਜੀਬ ਦਸ਼ਾ ਵਿਚ ਵੇਖ ਕੇ ਪਾਗਲ ਪਾਗਲ ਕਹਿ ਕੇ ਬੁਲਾਉਣ ਲਗੇ। ਬਾਬਾ ਜੀ ਨੇ ਉਨ੍ਹਾਂ ਨੂੰ ਹੱਥ ਨਾਲ ਸ਼ਾਂਤ ਰਹਿਣ ਦਾ ਉਪਦੇਸ਼ ਦਿਤਾ ਤੇ ਦੋ ਬੰਦਿਆਂ ਨੂੰ ਰੂੰ ਦੀਆਂ ਦੋ ਵਟੀਆਂ ਲਿਆਉਣ ਲਈ ਕਿਹਾ। ਜਦੋਂ ਉਹ ਵਟੀਆਂ ਲੈ ਆਏ ਤਾਂ ਬਾਬਾ ਜੀ ਨੇ ਦੋਹਾਂ ਵਟੀਆਂ ਨੂੰ ਦੀਵਟ ਵਾਂਗ ਅੱਖਾਂ ਵਿਚ ਟਿਕਾ ਲਿਆ ਤੇ ਲੋਕਾਂ ਨੂੰ ਆਪਣੀਆਂ ਅੱਖਾਂ ਵਿਚ ਝਾਕਣ ਲਈ ਕਿਹਾ। ਲੋਕਾਂ ਵੇਖਿਆ ਦੋਵੇਂ ਵਟੀਆਂ ਜੋਤ ਵਾਂਗ ਬਲ ਰਹੀਆਂ ਸਨ। ਲੋਕ ਬਾਬੇ ਦੇ ਚਰਨੀਂ ਡਿਗ ਪਏ।

ਰਵਾਇਤ ਹੈ ਕਿ ਬਾਬਾ ਪਰਮਾਨੰਦ ਨੂੰ ਉਨ੍ਹਾਂ ਦੇ ਕਹਿਣ ਅਨੁਸਾਰ ਧਰਤੀ ਵਿਚ ਸਮਾਧੀ ਦੀ ਅਵਸਥਾ ਵਿਚ ਜੀਉਂਦਾ ਹੀ ਦੱਬ ਦਿਤਾ ਗਿਆ ਸੀ।

(ਬ-129) **ਬਾਬਾ ਫਤੂ :**

ਕਾਂਗੜੇ ਦਾ ਇਕ ਸਾਧ, ਜਿਸ ਦੀ ਸਮਾਧੀ ਰਾਨੀ ਤਾਲ ਦੇ ਨੇੜੇ ਇਕ ਟਿੱਲੇ ਉਤੇ ਸਥਿਤ ਹੈ। ਇਥੇ ਵਿਸਾਖੀ ਵਾਲੇ

ਹੈ ਕਿ ਇਸ ਨੇ ਰਾਜਾ ਸੰਸਾਰ ਚੰਦ ਦੇ ਭਰਾ ਫਤ
ਮਰ ਜਾਣ ਮਗਰੋਂ ਮੁੜ ਸੁਰਜੀਤ ਕਰ ਦਿਤਾ।
ਕਈ ਭਵਿਸ਼ ਬਾਣੀਆਂ ਕੀਤੀਆਂ, ਜੋ ਇੰਨ ਬਿ
ਨਿਕਲੀਆਂ।

ਬਾਬਾ ਫਤੂ ਦਾ ਲੋਕੀਂ ਬੜਾ ਸਤਿਕਾਰ ਕ
ਅਤੇ ਇਨ੍ਹਾਂ ਦੀ ਝੂਠੀ ਸਹੁੰ ਕੋਈ ਨਹੀਂ ਚੁਕਦਾ
ਕੋਈ ਝੂਠ ਬੋਲਦਾ ਫੜਿਆ ਜਾਵੇ ਤਾਂ ਲੋਕੀਂ ਸੱਚ
ਲਈ, ਉਸ ਨੂੰ 'ਬਾਬਾ ਫਤੂ ਦੀ ਸਹੁੰ' ਚੁਕਾਂਦੇ ਹਨ।

ਬਾਬਾ ਫਤੂ ਦਾਈ ਕੁ ਸੌ ਸਾਲ ਪਹਿਲਾਂ ਹ
ਜਾਂਦੇ ਹਨ ਅਤੇ ਇਹ ਸੋਢੀ ਗੁਰੂ ਗੁਲਾਬ ਸਿੰਘ
ਸਨ, ਉਨ੍ਹਾਂ ਦੇ ਪਰਲੋਕ ਸਿਧਾਰਨ ਪਿਛੋਂ ਬਾ
ਉਨ੍ਹਾਂ ਦੀ ਗੱਦੀ ਉਤੇ ਬੈਠੇ।

(ਬ-130) **ਬਾਬਾ ਫਰੀਦ ਗੌਦਰ** :

ਇਕ ਮੁਸਲਮਾਨ ਫ਼ਕੀਰ, ਜਿਸ ਦਾ ਉਰਸ ਕਾ
ਤਹਿਸੀਲ ਬਟਾਲਾ ਵਿਖੇ ਮਈ ਦੇ ਮਹੀਨੇ, ਹ
ਲਗਿਆ ਕਰਦਾ ਸੀ ਤੇ ਇਲਾਕੇ ਦੇ ਮੁਸਲਮਾਨ
ਗਿਣਤੀ ਵਿਚ ਇਕਤ੍ਰ ਹੁੰਦੇ ਸਨ। ਦੇਸ਼ ਵੰਡ ਪਿਛੋਂ
ਉਰਸ ਨਹੀਂ ਲਗਿਆ।

ਇਸ ਫ਼ਕੀਰ ਦੇ ਕਈ ਮੁਰੀਦ ਹੋਏ ਹਨ,
ਕਰਨੀ ਵਾਲੇ ਸਨ। ਬਾਬਾ ਫਰੀਦ ਦੇ ਇਕ
ਜੁਮਾ ਇਓ ਹੋਇਆ, ਜਿਸ ਬਾਰੇ ਰਵਾਇਤ ਹੈ, ਜੋ
ਦੀ ਕਟਾਈ ਵੇਲੇ ਇਸ ਦੀ ਪੂਜਾ ਨਾ ਕੀਤੀ ਜਾਵੇ
ਝੱਖੜ ਤੇ ਵਾਵਰੋਲੇ ਲਿਆਉਂਦਾ ਹੈ।

ਫਰੀਦ ਗੌਦਰ ਦੇ ਇਕ ਹੋਰ ਮੁਰੀਦ ਸ਼ਾਹ ਬੁਰਕ
ਮਜ਼ਾਰ ਕਾਹਨੂੰਵਾਨ ਵਿਚ ਹੈ।

(ਬ-131) **ਬਾਬਾ ਬੋਲਾ** :

ਬਾਬਾ ਬੋਲਾ ਮਾਨ ਜਾਤੀ ਦੇ ਜੱਟਾਂ ਦਾ ਜਠੇ
ਇਨ੍ਹਾਂ ਦੀ ਸਮਾਧ ਜੀਂਦ ਵਿਚ ਚਾਓ ਪਿੰਡ ਦੇ ਨੇ
ਮਾਨ ਗੋਤ ਦੇ ਜੱਟ ਵਿਆਹ ਸ਼ਾਦੀ ਤੇ ਖ਼ਾਸ ਦਿਨ-
ਦੀਵਾਲੀ ਆਦਿ 'ਤੇ, ਇਸ ਜਠੇਰੇ ਨੂੰ ਚੜ੍ਹਾਵੇ ਚ
ਜੋਤਾਂ ਜਗਾਂਦੇ ਹਨ।

(ਬ-132) **ਬਾਬਾ ਭੁਪਤ :**

ਅਜੀਬ ਕਿਸਮ ਦੀਆਂ ਮੁਰਾਦਾਂ ਲੈ ਕੇ ਆਉਂਦੇ ਹਨ, ਜਿਹੜੇ ਲੋਕ ਕਚਹਿਰੀ ਨਹੀਂ ਚੜ੍ਹ ਸਕਦੇ ਉਹ ਇਥੇ ਬਿਨੈ ਪਤ੍ਰ ਦੇਂਦੇ ਹਨ। ਕਾਂਗੜਾ ਗਜ਼ਟੀਅਰ ਅਨੁਸਾਰ ਇਸ ਦਰਗਾਹ ਵਿਚ ਨਿਵੇਦਨ ਪਤ੍ਰ ਲਿਖ ਕੇ ਦੇਣ ਦਾ ਰਿਵਾਜ ਪ੍ਰਚਲਤ ਹੈ। ਇਥੇ ਭੇਟਾ ਪਹਿਲੋਂ ਦੇਣੀ ਪੈਂਦੀ ਹੈ। ਜਾਂ ਫਿਰ ਸੁੱਖਣਾ ਪੂਰੀ ਹੋਣ ਤੇ ਭੇਟ ਦੇਣ ਦੀ ਮੰਨਤ ਮੰਨਣੀ ਪੈਂਦੀ ਹੈ। ਉਦਾਹਰਣ ਵਜੋਂ ਜੇ ਦੋ ਧਿਰਾਂ ਵਿਚ ਜ਼ਮੀਨ ਬਾਰੇ ਝਗੜਾ ਹੋਵੇ, ਇਕ ਧਿਰ ਇਸ ਦਰਗਾਹ ਉਤੇ ਪਹੁੰਚ ਕੇ ਸੁੱਖਣਾ ਸੁੱਖਦੀ ਹੈ, ਦੂਜੀ ਧਿਰ ਆਮ ਤੌਰ ਤੇ ਚਿੰਤਾਤੁਰ ਹੋ ਉਠਦੀ ਹੈ ਤੇ ਡਰਦੀ ਹੈ ਕਿ ਉਨ੍ਹਾਂ ਤੇ ਕੋਈ ਮੁਸੀਬਤ ਨਾ ਆ ਪਏ। ਜੇ ਦੂਜੀ ਧਿਰ ਕੋਈ ਸਮਝੌਤਾ ਨਾ ਕਰੇ ਤੇ ਉਹ ਕਿਸੇ ਸੰਕਟ ਵਿਚ ਫਸ ਜਾਵੇ ਤਾਂ ਇਸ ਸੰਕਟ ਨੂੰ 'ਭੂਪਤ ਦੀ ਕਰੋਪੀ' ਮੰਨਿਆ ਜਾਂਦਾ ਹੈ। ਸੋ, ਲੋਕੀਂ ਡਰ ਦੇ ਮਾਰੇ ਰਾਜ਼ੀਨਾਮਾ ਕਰ ਲੈਂਦੇ ਹਨ।

(ਬ-133) **ਬਾਬਾ ਮੰਨਣ** :

ਇਕ ਸਾਧ, ਜਿਸ ਦੀ ਸਮਾਧ ਪਟਿਆਲੇ ਦੇ ਜ਼ਿਲੇ ਵਿਚ, ਭੇਦਪੁਰ ਪਿੰਡ ਵਿਚ ਹੈ। ਨਰਵਾਣਾ ਕਬੀਲੇ ਦੇ ਜੱਟ, ਬਾਬਾ ਮੰਨਣ ਨੂੰ 'ਸਿਧ' ਮੰਨਦੇ ਹਨ ਤੇ ਵਿਆਹ ਸ਼ਾਦੀ ਤੇ ਖ਼ਾਸ ਖ਼ਾਸ ਤਿਥਾਂ ਉਤੇ ਇਨ੍ਹਾਂ ਦੀ ਸਮਾਧੀ ਉਤੇ ਆ ਕੇ ਪੂਜਾ ਕਰਦੇ ਹਨ। ਲੋਕਾਂ ਦਾ ਨਿਸਚਾ ਹੈ ਕਿ ਇਨ੍ਹਾਂ ਦੀ ਸਮਾਧ ਉਤੇ ਕੰਜ ਕੰਵਾਰੀਆਂ ਨੂੰ ਕੰਜਕਾਂ ਅਥਵਾ ਭੋਜਨ ਖਵਾਉਣ ਨਾਲ ਮਨੋ-ਕਾਮਨਾ ਪੂਰੀ ਹੁੰਦੀ ਹੈ। ਸ਼ਰਧਾਲੂ ਹਰ ਚੰਦਰ ਮਾਸ ਦੀ ਸੁਦੀ ਪੰਚਮੀ ਨੂੰ, ਇਥੇ ਦੁੱਧ ਦੀ ਭੇਟਾ ਚਾੜ੍ਹਦੇ ਹਨ।

(ਬ-134) **ਬਾਬਾ ਮਾਂਗਾ** :

ਬਾਜਵਾ ਕੁੱਲ ਦਾ ਜਠੇਰਾ ਜਿਸ ਦੀ ਪੂਜਾ ਇਸ ਕੁੱਲ ਦੇ ਲੋਕ ਵਿਆਹ-ਸ਼ਾਦੀ ਤੇ ਹੋਰ ਰਸਮਾਂ ਰੀਤਾਂ ਸਮੇਂ ਕਰਦੇ ਹਨ।

(ਬ-135) **ਬਾਬਾ ਮੀਣਾ** :

ਬਾਬਾ ਮੀਣਾ ਤੇਲੀਆਂ ਦੇ ਵਡਿਕੇ ਬਾਬਾ ਹੱਸੂ ਦਾ ਵੱਡਾ ਪੁੱਤਰ ਸੀ। ਤੇਲੀਆਂ ਦਾ ਵਿਸ਼ਵਾਸ਼ ਹੈ ਕਿ ਕੋਹਲੂ ਦੀ ਕਾਢ ਬਾਬਾ ਹੱਸੂ ਨੇ ਕਢੀ ਅਤੇ ਇਸ ਵਿਚ ਤੇਲ ਦੀ

ਤੇਲੀ ਬਾਬੇ ਹੱਸੂ ਦੇ ਨਾਲ ਬਾਬੇ ਮੀਣੇ ਨੂੰ ਵੀ ਹਨ। ਬਾਬੇ ਮੀਣੇ ਦੇ ਚਾਰ ਪੁੱਤਰ ਸਨ—ਤਖੱਤ, ਰਖੱਤ, ਸਖੱਤ।

(ਬ-136) **ਬਾਬਾ ਲਾਲ** :

ਬਾਬਾ ਲਾਲ ਦੇ ਨਾਉਂ ਦੇ ਫ਼ਕੀਰ ਕਈ ਹੋਏ ਹਨ

(ੳ) ਪਿੰਡ ਦਾਦਨ ਖਾਨ ਵਿਚ ਇਕ ਬਾਬਾ ਟਾਹਲੀਵਾਲਾ ਹੋਇਆ, ਜੋ ਬੈਰਾਗੀ ਸਾਧੂ ਸੀ। ਰ ਹੈ ਕਿ ਇਹ ਕਰਣੀ ਵਾਲਾ ਫ਼ਕੀਰ ਟਾਹਲੀ ਦੇ ਸੁੱਕੇ ਨੂੰ ਆਪਣੀ ਛੁਹ ਨਾਲ ਹਰਾ ਭਰਾ ਕਰ ਦੇਂਦਾ ਇਸੇ ਲਈ ਇਸ ਨੂੰ ਟਾਹਲੀ ਵਾਲਾ ਬਾਬਾ ਕਿਹਾ ਜਾਂਦ

(ਅ) ਇਕ ਬਾਬਾ ਲਾਲ ਦਾਰਾ ਸ਼ਿਕੋਹ ਦਾ ਸ ਸੀ ਤੇ ਇਨ੍ਹਾਂ ਦੋਹਾਂ ਦੀ ਗੋਸ਼ਟ ਬਾਬਾ ਲਾਲ ਤੇ ਦਾਰਾ ਦੀ ਗੋਸ਼ਟ ਦੇ ਨਾਂ ਹੇਠ ਮਿਲਦੀ ਹੈ।

(ੲ) ਇਕ ਬਾਬਾ ਲਾਲ ਗੁਰੂ ਨਾਨਕ ਦੇਵ ਜ ਮਾਸੀ ਦਾ ਪੁੱਤਰ ਸੀ, ਜਿਸ ਦੀ ਸਮਾਧ ਡੇਹਰਾ ਬਾਬਾ ਦੇ ਨੇੜੇ ਧਿਆਨਪੁਰ ਵਿਚ ਹੈ। ਇਹ ਕਸਬਾ ਬਾਬਾ ਲ ਨੇ ਹੀ ਵਸਾਇਆ। ਇਥੇ ਹਰ ਸਾਲ ਬਾਬੇ ਲ ਜਨਮ ਦਿਨ 'ਤੇ ਮੇਲਾ ਲਗਦਾ ਹੈ, ਬਾਬਾ ਲਾਲ ਸਮੇਂ ਦੇ ਮੰਨੇ ਪ੍ਰਮੰਨੇ ਫ਼ਕੀਰ ਸਨ।

(ਸ) ਇਕ ਹੋਰ ਬਾਬਾ ਲਾਲ ਭੇਰੇ (ਪਾਕਿਸਤਾਨ ਹੋਇਆ।

(ਬ-137) **ਬਾਬਾ ਲਾਲ ਦਰਿਆਈ** :

ਇਕ ਕਰਣੀ ਵਾਲਾ ਫ਼ਕੀਰ ਜਿਨ੍ਹਾਂ ਦਾ ਗੁਜਰਾਂਵਾਲਾ ਜ਼ਿਲੇ ਦੀ ਵਜ਼ੀਰਾਬਾਦ ਤਹਿਸੀਲ ਝਨਾਂ ਦਰਿਆ ਦੇ ਕੰਢੇ 'ਤੇ ਹੈ। ਇਸ ਫ਼ਕੀਰ ਦੀਆ ਕਰਾਮਾਤਾਂ ਪ੍ਰਸਿਧ ਹਨ। ਰਵਾਇਤ ਹੈ ਕਿ ਇਕ ਕਿਸੇ ਭੁਖੇ ਦੀ ਭੁਖ ਮਿਟਾਣ ਲਈ ਇਸ ਨੇ ਪਾਣੀ ਵਿਚ ਬਦਲ ਦਿਤਾ ਸੀ। ਇਨ੍ਹਾਂ ਦੇ ਅਨੁਯਾਈ ਬਾਬ ਦਰਿਆਈ ਅਖਵਾਉਂਦੇ ਹਨ।

(ਬ-138) **ਬਾਬਾ ਲਾਲ ਦਿਆਲ** :

ਇਕ ਪ੍ਰਸਿਧ ਬੈਰਾਗੀ ਜੋ 17ਵੀਂ ਸਦੀ ਵਿਚ

ਦੇ ਨੇੜੇ ਲੇਲ ਵਿਚ ਹੈ । ਜਿਸ ਦੀ ਨੀਂਹ ਪਿੰਡੋਰੀ ਦੇ ਨਰੈਣ ਦੇ ਚੇਲੇ ਸਾਗਰ ਨੇ ਰਖੀ ।

(ਬ-139) **ਬਾਂਬੀਆ** :

ਸੱਪ ਦੀ ਉਹ ਖੁੱਡ, ਜਿਸ ਨੂੰ, ਗੁੱਗੇ ਦੇ ਅਸਥਾਨ ਸਮਝ ਕੇ ਪੂਜਿਆ ਜਾਂਦਾ ਹੈ । ਗੁੱਗੇ ਦੇ ਉਪਾਸ਼ਕ ਗੁੱਗਾ ਨੌਮੀ ਵਾਲੇ ਦਿਨ ਬਾਂਬੀ ਵਿਚ ਦੁੱਧ ਪਾਉਂਦੇ ਹਨ ਅਤੇ ਚੂਰੀ ਵੰਡਦੇ ਹਨ ।

(ਬ-140) **ਬਾਬੂ**

ਦਫ਼ਤਰ ਦੇ ਕਰਮਚਾਰੀਆਂ ਲਈ ਆਦਰ ਸੂਚਕ ਸ਼ਬਦ । ਪੰਜਾਬ ਵਿਚ ਸਭ ਤੋਂ ਪਹਿਲਾਂ ਇਹ ਸ਼ਬਦ ਉਨ੍ਹਾਂ ਬੰਗਾਲੀਆਂ ਲਈ ਵਰਤਿਆ ਗਿਆ, ਜੋ ਅੰਗਰੇਜ਼ੀ ਸਰਕਾਰ ਦੇ ਦਫ਼ਤਰਾਂ ਵਿਚ ਨੌਕਰੀ ਕਰਦੇ ਸਨ, ਪਰ ਮਗਰੋਂ ਜਦੋਂ ਪੰਜਾਬੀ ਵੀ ਅੰਗਰੇਜ਼ੀ ਪੜ੍ਹ ਲਿਖ ਕੇ ਦਫ਼ਤਰਾਂ ਵਿਚ ਨੌਕਰੀ ਕਰਨ ਲਗੇ ਤਾਂ ਬਾਬੂ ਅਖਵਾਣ ਲਗੇ । ਪਰ ਹੌਲੇ ਹੌਲੇ ਇਹ ਸ਼ਬਦ ਆਦਰ ਵਾਚਕ ਨਾ ਰਿਹਾ ਤੇ ਵਿਅੰਗ ਦੇ ਤੌਰ ਤੇ ਉਨ੍ਹਾਂ ਲੋਕਾਂ ਲਈ ਵਰਤਿਆ ਜਾਣ ਲੱਗਾ, ਜੋ ਬਾਹਰਲੀ ਟਸ਼ ਮਸ਼ ਰਖਦੇ ਸਨ । ਲੋਕ ਗੀਤ :

ਚਿੱਟੇ ਕਪੜੇ ਤੇ ਜੇਬੇ ਖਾਲੀ
ਅਜ ਕਲ ਦੇ ਬਾਬੂਆਂ ਦੇ ।

(ਬ-141) **ਬਾਬੇ ਦੀ ਬੇਰ** :

ਸਿਆਲਕੋਟ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਕ ਅਸਥਾਨ, ਇਥੇ ਇਕ ਬੇਰੀ ਹੈ ਜਿਸ ਹੇਠ ਗੁਰੂ ਨਾਨਕ ਦੇਵ ਜੀ ਵਿਰਾਜੇ ਸਨ । ਇਸੇ ਥਾਂ ਤੋਂ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਸੱਚ ਤੇ ਝੂਠ ਖ਼ਰੀਦਣ ਲਈ ਸ਼ਹਿਰ ਭੇਜਿਆ ਸੀ । ਮੂਲੇ ਕਿਰਾੜ ਨੇ ਮਰਦਾਨੇ ਨੂੰ ਲਿਖ ਕੇ ਦਿਤਾ ਸੀ : ਮਰਨਾ ਸੱਚ ਤੇ ਜੀਣਾ ਕੂੜ । ਫਿਰ ਮੂਲਾ ਮਰਦਾਨੇ ਨਾਲ ਹੀ ਇਸੇ ਬੇਰ ਹੇਠ ਆ ਕੇ ਗੁਰੂ ਨਾਨਕ ਦੇਵ ਜੀ ਦੀ ਚਰਨੀਂ ਲੱਗਾ ਸੀ ।

ਦੇਸ਼ ਵੰਡ ਤੋਂ ਪਹਿਲਾਂ ਵਿਸਾਖੀ ਨੂੰ ਇਥੇ ਭਾਰੀ ਮੇਲਾ ਲਗਦਾ ਸੀ ।

(ਬ-142) **ਬਾਮੇ ਦੀ ਸਮਾਧ** :

ਮੈਦਾਨ ਵਿਚ ਨਿਤਰ ਕੇ ਵੈਰੀਆਂ ਦੇ ਚੰਗੇ ਆ
ਵੈਰੀਆਂ ਦੇ ਇਕ ਯੋਧੇ ਨੇ ਤਲਵਾਰ ਦੇ ਵਾਰ ਨ
ਦਾ ਸਿਰ ਧੜ ਨਾਲੋਂ ਵੱਖ ਕਰ ਦਿਤਾ । ਪ
ਫਿਰ ਵੀ ਸੀਸ ਬਿਨਾਂ ਧੜ ਨਾਲ ਹੀ ਵੈਰੀਆਂ ਨਾ
ਰਿਹਾ ਤੇ ਵੈਰੀ ਮੈਦਾਨ ਛੱਡ ਕੇ ਨੱਸ ਗਏ । ਜਿ
ਦਾ ਸੀਸ ਡਿੱਗਾ, ਉਥੇ ਪਿੰਡ ਦੇ ਲੋਕਾਂ ਨੇ ਉਸ
ਬਣਾਈ । ਇਸ ਸਮਾਧ ਦੇ ਨਾਲ ਲਗਦੇ ਸੇਦੋਂ ਪਿੰ
ਵਿਆਹ-ਸ਼ਾਦੀ ਸਮੇਂ, ਲਾੜਾ ਤੇ ਲਾੜੀ ਨੂੰ ਇਥੇ
ਉਤੇ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਲਿਆਉਂ
ਇਥੇ ਹਰ ਸਾਲ ਕਣਕਾਂ ਦੀ ਕਟਾਈ ਤੋਂ ਪਹਿ
ਮੇਲਾ ਲਗਦਾ ਹੈ ।

(ਬ-143) **ਬਾਰ** :

ਜਿਹਲਮ ਤੇ ਝਨਾਂ ਦੇ ਵਿਚਕਾਰ ਦਾ ਇਲਾਕਾ
ਬਾਰ ਉਸ ਧਰਤੀ ਲਈ ਵਰਤਿਆ ਜਾਂਦਾ ਸੀ, ਜੋ
ਸੀ ਤੇ ਜਿਥੇ ਦਰਿਆ ਜਾਂ ਨਦੀ ਨਾਲੇ ਦਾ ਪਾਣੀ ਵ
ਲਈ ਨਹੀਂ ਸੀ ਪਹੁੰਚ ਸਕਦਾ ਅਤੇ ਜਿਥੇ ਨਿ
ਤੇ ਝਾੜੀਆਂ ਸਨ । ਮਗਰੋਂ ਦਰਿਆ ਝਨਾਂ ਤੇ
ਵਿਚੋਂ ਨਹਿਰਾਂ ਕਢ ਕੇ ਬਾਰ ਦੇ ਇਲਾਕੇ ਨੂੰ
ਬਣਾਇਆ ਗਿਆ ਤੇ ਬਾਰਾਂ ਦੀ ਧਰਤੀ ਬੜੀ ਉ
ਗਈ ਤੇ ਲੋਕੀਂ ਕਹਿਣ ਲਗੇ :

ਬਾਰਾਂ ਘਿਉ ਦੀਆਂ ਧਾਰਾਂ ।

ਦੋ ਬਾਰਾਂ ਵਧੇਰੇ ਪ੍ਰਸਿਧ ਹਨ : ਸਾਂਦਲ ਬਾਰ
ਬਾਰ । ਸਾਂਦਲ ਬਾਰ ਦਾ ਨਾਂ ਝਨਾਂ ਦਰਿਆ ਦੇ
ਚੰਦਰਭਾਗਾ ਤੋਂ ਚੰਦਲ ਤੇ ਫਿਰ ਸੰਦਲ ਪੈ ਗਿਅ
ਬਾਰ ਨੂੰ ਝਨਾਂ ਦਰਿਆ ਸਿੰਜਦਾ ਹੈ ।

(ਬ-144) **ਬਾਰ ਰੁਕਾਈ** :

(ੳ) ਇਕ ਰਸਮ; ਜੰਞ ਚੜ੍ਹਨ ਤੋਂ ਪਹਿ
ਸਾਰੇ ਪਿੰਡ ਦੀ ਪ੍ਰਕਰਮਾ ਕਰਦਾ ਅਤੇ ਜਠੇਰਿਆਂ
ਨੂੰ ਪੂਜਦਾ ਹੈ । ਇਸ ਪ੍ਰਕਰਮਾ ਸਮੇਂ ਲਾੜੇ ਦੇ
ਤੀਵੀਆਂ ਲਾੜੇ ਉਪਰ ਫੁਲਕਾਰੀ ਦਾ ਚੰਦੋ
ਰਖਦੀਆਂ ਹਨ । ਇਥੋਂ ਵਾਪਸ ਆ ਕੇ ਭੈਣ ਦੁ
ਉਤੇ ਚੜ੍ਹਾਂਦੀ ਹੈ । ਘੋੜੀ ਦੀ ਲਗਾਮ ਭੈਣ ਦੇ

ਅੰਦਰ ਨਹੀਂ ਦਾਖਲ ਹੋਣ ਦੇਂਦੀ ਜਦੋਂ ਤਕ ਲਾੜਾ ਉਸ ਨੂੰ ਸ਼ਗਨ ਵਜੋਂ ਕੁਝ ਰੁਪਏ ਨਹੀਂ ਦਿੰਦਾ ।

**(ਬ-145) ਬਾਰਾਂ :**

ਬਾਰਾਂ ਦੀ ਸੰਖਿਆ ਰੂੜੀ ਜੋ ਕਾਫ਼ੀ ਪ੍ਰਸਿਧ ਹੈ ।

1. ਸਾਲ ਦੇ ਬਾਰਾਂ ਮਹੀਨੇ ਹਨ ।

2. ਸੂਰਜ ਦੀਆਂ ਬਾਰਾਂ ਰਾਸ਼ੀਆਂ ਹਨ ।

3. ਪਰਾਸ਼ਰ ਸੰਹਿਤਾ ਵਿਚ ਬਾਰਾਂ ਸੂਰਜ ਮੰਨੇ ਗਏ ਹਨ ਤੇ ਹਰੇਕ ਮਹੀਨੇ ਦਾ ਵਖਰਾ ਵਖਰਾ ਸੂਰਜ ਕਲਪਿਆ ਗਿਆ ਹੈ । ਇਨ੍ਹਾਂ ਦੇ ਨਾਂ ਹਨ : ਇੰਦ੍ਰ, ਧਾਤਾ, ਭਗ, ਪੂਸ਼ਾ, ਮਿਤ੍ਰ, ਵਰੁਣ, ਅਰਯਾਮਾ, ਅੰਸ਼ੁ, ਵਿਵਸਵਤ, ਤ੍ਵਸ਼ਟਾ, ਸਵਿਤਾ, ਵਿਸ਼ਨੂੰ ।

4. ਪੱਥਰ ਦੀਆਂ ਬਣੀਆਂ ਬਾਰਾਂ ਮੂਰਤੀਆਂ, ਜਿਨ੍ਹਾਂ ਨੂੰ ਦੁਆਦਸ ਸਿਲਾ ਕਿਹਾ ਜਾਂਦਾ ਹੈ । ਇਹ ਹਨ : ਵਿਸ਼ਨੂੰ, ਲੱਛਮੀ, ਸ਼ਿਵ, ਪਾਰਬਤੀ, ਬ੍ਰਹਮਾ, ਸਰਸਵਤੀ, ਗਣੇਸ਼, ਕਾਲੀ, ਭੈਰਵ, ਸੂਰਜ, ਇੰਦ੍ਰਕ ਅਤੇ ਯਮ ।

5. ਹਿੰਦੂ ਮਤ ਅਨੁਸਾਰ ਬਾਰਾਂ ਪ੍ਰਕਾਰ ਦੀ ਸੇਵਾ, ਜਿਸ ਨੂੰ ਦੁਆਦਸ਼ ਸੇਵਾ ਕਿਹਾ ਜਾਂਦਾ ਹੈ ।

6. ਵੈਦਯਨਾਥ ਮਹਾਤਮ ਅਨੁਸਾਰ ਸ਼ਿਵ ਦੇ ਬਾਰਾਂ ਜੋਤਿਰਲਿੰਗ ਪ੍ਰਸਿਧ ਹਨ ।

7. ਯੋਗੀਆਂ ਦਾ ਕਲਪਿਆ ਹੋਇਆ ਬਾਰਾਂ ਪੰਖੜੀਆਂ ਵਾਲਾ ਦੁਆਦਸ ਦਲ ਜੋ ਸਰੀਰ ਵਿਚ ਸਥਿਤ ਮੰਨਿਆ ਜਾਂਦਾ ਹੈ ।

8. ਵੈਸ਼ਨਵ ਮਤ ਅਨੁਸਾਰ ਬਾਰਾਂ ਤਿਲਕ ਜੋ ਸਰੀਰ ਦੇ ਵਖੋ ਵਖ ਅੰਗਾਂ ਉਤੇ ਲਗਾਏ ਜਾਂਦੇ ਹਨ ।

9. ਜੋਗੀਆਂ ਦੇ ਬਾਰਾਂ ਪੰਥ ਹਨ ।

10. ਇਸਤ੍ਰੀਆਂ ਦੇ ਬਾਰਾਂ ਪ੍ਰਕਾਰ ਦੇ ਭੂਸ਼ਨ ਜੋ ਸਿਰ, ਮੱਥਾ, ਨੱਕ, ਗਲ, ਛਾਤੀ, ਬਾਜ਼ੂ, ਪਹੁੰਚੇ, ਉਂਗਲਾਂ, ਲੱਕ, ਗਿੱਟੇ ਤੇ ਪੈਰਾਂ ਉਤੇ ਪਹਿਨੇ ਜਾਂਦੇ ਹਨ ।

**(ਬ-146) ਬਾਰਾਂ ਤਿਲਕ :**

**ਵੈਸ਼ਨੋ** ਮਤ ਅਨੁਸਾਰ ਸਰੀਰ ਦੇ ਬਾਰਾਂ ਅੰਗਾਂ 'ਤੇ ਲਗਾਏ ਜਾਣ ਵਾਲੇ ਤਿਲਕ । ਇਹ ਅੰਗ ਹਨ—ਮੱਥਾ, ਕੰਠ, ਉਦਰ, ਛਾਤੀ, ਦੋ ਅੱਖਾਂ, ਦੋ ਬਾਹਾਂ, ਦੋ ਕੰਨ੍ਹੇ, ਪਿੱਠ ਤੇ ਕਮਰ (ਵੇਖੋ : ਤਿਲਕ) ।

ਹਰ ਮਹੀਨੇ ਨੂੰ ਆਧਾਰ ਬਣਾ ਕੇ, ਸੰਜੋਗ ਵਿ
ਮਨੋਭਾਵਾਂ ਨੂੰ ਸਾਕਾਰ ਕੀਤਾ ਜਾਂਦਾ ਹੈ ।

ਬਾਰਾਂ ਮਾਂਹ ਦੀ ਪਰੰਪਰਾ ਬੜੀ ਪੁਰਾਣੀ ਹੈ ।
ਪਿੱਛਾ 'ਖੱਟ ਰਿਤੂ ਵਰਣਨ' ਵਿਚ ਲਭਿਆ ਜਾ ਸਕ
ਭਾਰਤੀ ਸਾਹਿਤ ਵਿਚ 'ਖੱਟ ਰਿਤੂ' ਅਥਵਾ ਛੇ ਰੁ
ਵਰਣਨ ਹਜ਼ਰਤ ਈਸਾ ਦੇ ਸਮੇਂ ਤੋਂ ਚਲਿਆ ਆ
ਕਾਲੀ ਦਾਸ ਦੀ 'ਰਿਤੂ ਸੰਹਾਰ' ਵਿਚ ਛੇ ਰੁੱਤਾਂ ਦਾ
ਬਹੁਤ ਸੁੰਦਰ ਮਿਲਦਾ ਹੈ ਤੇ 'ਖੱਟ ਰਿਤੂ' ਸਬੰ
ਸਭ ਤੋਂ ਪੁਰਾਣੀ ਰਚਨਾ ਹੈ । ਕਾਲੀ ਦਾਸ ਤੋਂ
ਮਹਾਂ-ਕਾਵਾਂ ਵਿਚ ਇਕੱਲੀ ਇਕੱਲੀ ਰੁੱਤ ਦਾ ਵਰਣ
ਪਰ ਸੁਤੰਤਰ ਰੂਪ ਵਿਚ ਰੁੱਤ ਵਰਣਨ ਦੀ
ਕਾਲੀ ਦਾਸ ਤੋਂ ਬੱਝੀ, ਜੋ ਅਗੋਂ ਪ੍ਰਕ੍ਰਿਤਾਂ ਤੇ ਅਪਭ੍ਰੰ
ਵਿਰਸੇ ਵਿਚ ਮਿਲੀ ।

ਅਪਭ੍ਰੰਸ਼ ਦੇ ਕਵੀ ਅੱਦਹ ਮਾਣ ਦੀ ਪ੍ਰਸਿਧ
'ਸਨੇਹ ਰਹਸਇ' ਦੇ ਤੀਜੇ ਕਾਂਡ ਵਿਚ ਛੇ ਰੁੱਤਾਂ ਦਾ
ਬੜਾ ਅਦਭੁਤ ਹੈ । 'ਖੱਟ ਰਿਤੂ ਵਰਣਨ' ਵਿਚ
ਲਈਆਂ ਜਾਂਦੀਆਂ ਸਨ ਤੇ ਹਰ ਰੁੱਤ ਦੇ ਦੋ ਮ
ਮੰਨੀ ਗਈ । ਇਹ ਛੇ ਰੁੱਤਾਂ ਹਨ—ਬਸੰਤ (ਚੇਤ
ਗ੍ਰੀਖਮ (ਜੇਠ ਹਾੜ), ਬਰਸਾਤ (ਸਾਉਣ ਭਾਦੋਂ)
(ਅਸੂ ਕਤਕ), ਹੇਮੰਤ (ਮਘਰ ਪੋਹ) ਤੇ ਸ਼ਿਸ
ਫੱਗਣ) ।

ਸਮੇਂ ਨਾਲ ਇਹੋ ਛੇ ਰੁੱਤਾਂ ਦਾ ਵਿਕਾਸ ਬ
ਵਿਚ ਹੋਇਆ । ਸ਼ੁਰੂ ਸ਼ੁਰੂ ਵਿਚ ਰੁਤੀ ਤੇ ਬਾਰਾਂ ਮ
ਕਾਵਿ-ਰੂਪ ਨਾਲੋਂ ਨਾਲ ਚਲਦੇ ਰਹੇ ਹੋਣੇ ਹਨ,
ਸਬੂਤ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਅ
ਵਿਚ ਜਿਥੇ ਗੁਰੂ ਅਰਜਨ ਦੇਵ ਜੀ ਦਾ ਬਾਰਾਂ ਮਾਹ
ਹੈ, ਉਥੇ ਨਾਲ ਹੀ ਇਕ ਰਚਨਾ ਰੁਤੀਂ ਸਿਰਲੇਖ
ਮਿਲਦੀ ਹੈ । ਮਲਕ ਮੁਹੰਮਦ ਜਾਇਸੀ, ਮਹ
ਪਦਮਾਵਤ (੬28 ਈ:) ਵਿਚ 'ਖੱਟ ਰਿਤੂ ਵਰ
'ਬਾਰਹ ਮਾਂਹ' ਦੋਵੇਂ ਰਚਨਾ ਮਿਲਦੀਆਂ ਹਨ ।
ਮਹਾਰਾਣੀ ਪਦਮਨੀ ਦੀਆਂ ਰੰਗਰਲੀਆਂ ਨੂੰ
ਵਰਣਨ ਹੇਠ ਬਿਆਨ ਕੀਤਾ ਗਿਆ ਹੈ ਤੇ ਬਾਅ
ਜਦੋਂ ਰਾਣੀ ਨਾਗਮਤੀ ਰਾਜਾ ਰਤਨ ਸੇਨ ਦੇ ਵਿਛੋ
ਵਿਆਕੁਲ ਹੁੰਦੀ ਹੈ ਤਾਂ ਉਸ ਦਾ ਜੀਵਨ ਚਿ
ਬਾਰਹ-ਮਾਸੇ ਵਿਚੋਂ

ਕਿਹਾ ਜਾ ਸਕਦਾ ਹੈ। ਉੱਤਰੀ ਭਾਰਤ ਦੀਆਂ ਸਾਰੀਆਂ ਪ੍ਰਾਤਕ ਭਾਸ਼ਾਵਾਂ ਵਿਚ ਬਾਰਾਂ ਮਾਂਹ ਦੇ ਕਾਵਿ ਰੂਪ ਦਾ ਪ੍ਰਚਲਤ ਹੋਣਾ, ਇਹੋ ਪ੍ਰਗਟ ਕਰਦਾ ਹੈ ਕਿ ਇਹ ਕਾਵਿ ਰੂਪ, ਲੋਕ-ਜੀਵਨ ਵਿਚ ਰਚਿਆ ਹੋਇਆ ਸੀ ਅਤੇ ਲੋਕ-ਸਾਹਿਤ ਦਾ ਅੰਗ ਬਣ ਚੁਕਾ ਸੀ।

ਪੰਜਾਬੀ ਵਿਚ, ਸਭ ਤੋਂ ਪੁਰਾਣਾ ਬਾਰਾਂ ਮਾਂਹ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ, ਜੋ ਤੁਖਾਰੀ ਰਾਗ ਵਿਚ ਹੈ। ਇਹੋ ਬਾਰਾਂ ਮਾਂਹ ਪੰਜਾਬੀ ਬਾਰਾ ਮਹਾ ਲਈ ਮਗਰੋਂ ਨਮੂਨਾ ਬਣਿਆ। ਗੁਰੂ ਅਰਜਨ ਦੇਵ ਜੀ ਦਾ ਬਾਰਾਂ ਮਾਂਹ ਮਾਝ ਰਾਗ ਵਿਚ ਹੈ। ਵਿਸ਼ੇ ਦਾ ਨਿਭਾਓ ਦੋਹਾਂ ਵਿਚ ਵਖਰਾ ਹੈ। ਪੰਜਾਬੀ ਵਿਚ ਹੁਣ ਤਕ ਅਣਗਿਣਤ ਬਾਰਾਂ ਮਾਂਹ ਲਿਖੇ ਜਾ ਚੁਕੇ ਹਨ। ਪਿਆਰਾ ਸਿੰਘ ਪਦਮ ਨੇ 'ਪੰਜਾਬੀ ਬਾਰਾ ਮਾਂਹ' ਪੁਸਤਕ ਵਿਚ ਇਕ ਸੌ ਬਾਰਾਂ-ਮਾਂਹ ਦਿਤੇ ਹਨ। ਇਨ੍ਹਾਂ ਤੋਂ ਇਲਾਵਾ 207 ਹੋਰ ਬਾਰਾਂ ਮਾਂਹਾਂ ਵਲ ਉਨ੍ਹਾਂ ਨੇ ਸੰਕੇਤ ਕੀਤਾ ਹੈ ਜੋ ਖਰੜਿਆਂ ਦੇ ਰੂਪ ਵਿਚ ਉਪਲਬਧ ਹਨ। ਇਨ੍ਹਾਂ ਬਾਰਾਂ ਮਾਂਹਾ ਦਾ ਅਧਿਐਨ ਦਸਦਾ ਹੈ ਕਿ ਪੰਜਾਬੀ ਬਾਰਾਂ ਮਾਂਹ ਵਿਚ ਪ੍ਰਧਾਨ ਭਾਵੇਂ ਬ੍ਰਿਹੋਂ ਦਾ ਰੰਗ ਰਿਹਾ ਹੈ, ਪਰ ਇਨ੍ਹਾਂ ਦੇ ਵਿਸ਼ੇ ਬਹੁ-ਪੱਖੀ ਹਨ, ਜੋ ਇਤਿਹਾਸਕ ਮਿਥਿਕ ਤੇ ਲੌਕਿਕ ਜੀਵਨ ਵਿਚੋਂ ਲਏ ਗਏ ਹਨ।

ਪੰਜਾਬੀ ਵਿਚ ਵਧੇਰੇ ਪ੍ਰਸਿਧ ਬਾਰਾਂ ਮਾਂਹ, ਬੁਲ੍ਹੇ ਸ਼ਾਹ, ਕੇਸੋ ਗੁਣੀ, ਗ਼ੁਲਾਮ ਹੁਸੈਨ, ਫਜ਼ਲ ਸ਼ਾਹ, ਭਗਵਾਨ ਸਿੰਘ, ਕਿਸ਼ਨ ਸਿੰਘ ਆਰਫ਼ ਦੇ ਲਿਖੇ ਮਿਲਦੇ ਹਨ।

ਪਿਆਰਾ ਸਿੰਘ ਪਦਮ ਨੇ ਬਾਰਾਂ ਮਾਹਿਆਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ :

1. ਪ੍ਰੇਮਾਤਮਕ, 2. ਉਪਦੇਸ਼ਾਤਮਕ, 3. ਪ੍ਰਸੰਗਾਤਮਕ, 4. ਫੁਟਕਲ। ਪ੍ਰੇਮਾਤਮਕ ਬਾਰਾਂ ਮਾਹਿਆ ਦੀ ਗਿਣਤੀ ਸਭ ਤੋਂ ਵਧ ਹੈ। ਇਨ੍ਹਾਂ ਬਾਰਾਂ ਮਾਂਹ ਵਿਚ ਬਿਰਹੋਂ ਦਾ ਵਰਣਨ ਹੈ ਤੇ ਭਾਰਤੀ ਪਰੰਪਰਾ ਅਨੁਸਾਰ ਅੰਤ ਵਿਚ ਵਿਛੜੀ ਪ੍ਰੇਮਕਾ ਦਾ ਆਪਣੇ ਪ੍ਰੇਮੀ ਨਾਲ ਮਿਲਾਪ ਹੋ ਜਾਂਦਾ ਹੈ।

ਪ੍ਰੇਮਾਤਮਕ ਬਾਰਾਂ ਮਾਂਹਾਂ ਵਿਚ ਵਧੇਰੇ ਗਿਣਤੀ ਕ੍ਰਿਸ਼ਨ ਜੀ ਦੇ ਬਾਰਾਂ ਮਾਹਿਆਂ ਦੀ ਹੈ। ਭਾਵੇਂ ਗੁਰੂ ਸਾਹਿਬਾਨ, ਹਜ਼ਰਤ ਮੁਹੰਮਦ, ਸ੍ਰੀ ਰਾਮ ਚੰਦਰ, ਹੀਰ, ਸੋਹਣੀ, ਸੱਸੀ ਤੇ ਢੋਲ ਸੰਮੀ ਆਦਿ ਦੇ ਬਾਰਾਂ ਮਾਂਹ ਵੀ ਮਿਲਦੇ ਹਨ। ਇਹ ਵਿਸ਼ਾ ਹਿੰਦੀ ਬਾਰਾਂ ਮਾਹਿਆ ਦੇ

ਬਾਰਾਂ ਮਾਹਿਆਂ ਵਿਚ ਬ੍ਰਿਹੋਂ ਦਾ ਵਰਣਨ ਹੈ ਅ
ਆਪਣੇ ਪ੍ਰੀਤਮ ਦੇ ਵਿਜੋਗ ਵਿਚ ਲੁੱਛਦੀ ਤੜਪ
ਅਖ਼ੀਰ ਉਸ ਦਾ ਆਪਣੇ ਪ੍ਰੀਤਮ ਨਾਲ ਮੇਲ ਹੋ
'ਬਾਰਾਂ ਮਾਂਹ ਹੀਰ ਕਾ' ਜੋ ਸੁਖਾ ਸਿੰਘ ਦੀ ਕ੍ਰਿਤ
ਦੇ ਵਿਆਹੇ ਜਾਣ ਮਗਰੋਂ ਖੇੜਿਆਂ ਦੇ ਘਰ
ਸ਼ੁਰੂ ਹੋ ਕੇ ਅਖ਼ੀਰ ਰਾਂਝੇ ਮਾਹੀ ਨਾਲ ਮੇਲ
ਨਿਬੜਦਾ ਹੈ। ਪਰ ਕਰੀਮ ਬਖ਼ਸ਼ ਦੇ 'ਬਾਰਾਂ ਮਾਂਹ
ਵਿਚ ਅੰਤ ਸੰਜੋਗ ਵਿਚ ਨਹੀਂ ਨਿਬੇੜਿਆ। ਸੱਸੀ
ਵਿਛੋੜੇ ਵਿਚ ਹੀ ਤੜਪਦੀ ਵਿਖਾਈ ਦੇਂਦੀ
ਸੁਖਾ ਤੇ ਅੰਤ ਵਾਲੀ ਭਾਰਤੀ ਪਰੰਪਰਾ ਨੂੰ ਕ
ਸੰਭਾਵਨਾ ਅਨੁਸਾਰ ਹੀ ਵਰਤਿਆ ਗਿਆ ਹੈ, ਕਹ
ਬਾਹਰੋਂ ਨਹੀਂ ਠੋਸਿਆ।

ਉਪਦੇਸ਼ਾਤਮਕ ਬਾਰਾਂ ਮਾਂਹ ਵਿਚ ਗਿਆਨ
ਦੀਆਂ ਸਿਖਿਆਵਾਂ ਵਧੇਰੇ ਹਨ, ਜਿਵੇਂ 'ਬਾ
ਮੋਤੀ ਰਾਮ ਦਾ'। ਇਸ ਬਾਰਾਂ ਮਾਂਹ ਵਿਚ ਸੰ
ਨਾਸਮਾਨਤਾ ਦਾ ਵਰਣਨ ਹੈ ਤੇ ਜੀਵ ਨੂੰ ਮਾ
ਮਾਣ ਨਾ ਕਰਨ ਤੇ ਨਿਮਰਤਾ ਵਿਚ ਜੀਵਨ ਗੁਜ਼ਾ
ਉਪਦੇਸ਼ ਦਿਤਾ ਹੈ। ਇਨ੍ਹਾਂ ਬਾਰਾਂ ਮਾਹਿਆਂ ਵਿ
ਜਾਂ ਪ੍ਰਕ੍ਰਿਤੀ ਦਾ ਵਰਣਨ ਨਹੀਂ। ਮਹੀਨਿਆਂ
ਕੇਵਲ ਵਿਚਾਰ ਲਈ ਕੋਈ ਟੇਕ ਲੈਣ ਲਈ ਹ
ਹਨ।

ਕੁਝ ਬਾਰਾਂ ਮਾਂਹ ਪਰਾਸਰੀਰਕ ਰੰਗ ਦੇ ਵੀ
ਗ਼ੁਲਾਮ ਰਸੂਲ ਦਾ ਬਾਰਾਂ ਮਾਂਹ 'ਮਾਲੀ ਬੁਲਬੁਲ
ਬੁਲਬੁਲ ਫੁਲ ਦੇ ਵਿਜੋਗ ਵਿਚ ਤੜਪਦੀ ਹੈ।

ਪ੍ਰਸੰਗਾਤਮਕ ਬਾਰਾਂ ਮਾਂਹ ਵਿਚ ਕੋਈ ਪ੍ਰੇਮ ਜ
ਦੀ ਕਥਾ ਦਾ ਵਰਣਨ ਹੈ, ਜਿਵੇਂ 'ਬਾਰਾਂ ਮਾਹ ਦੇ
ਦਾ'।

ਬਾਰਾਂ ਮਾਂਹ ਦਾ ਅਸਲੀ ਸਰੂਪ ਕਾਵਿ ਰੂਪ
ਕਰਮ ਅਨੁਸਾਰ ਪ੍ਰੇਮਾਤਮਕ ਬਾਰਾਂ ਮਾਂਹਾ ਵਿਚੋਂ ਹੀ
ਹੈ। ਬਾਕੀ ਤਾਂ ਨਾਂ ਦੇ ਹੀ ਬਾਰਾਂ ਮਾਂਹ ਕਹੇ ਜ
ਹਨ।

ਬਾਰਾਂ ਮਾਹਿਆਂ ਦਾ ਕੋਈ ਇਕ ਵਿਧਾਨ
ਭਿੰਨ-ਭਿੰਨ ਕਵੀਆਂ ਨੇ ਆਪਣੀ ਸਮਝ ਅਨੁਸਾਰ ਭਿੰ
ਮਹੀਨਿਆਂ ਤੋਂ ਬਾਰਾਂ ਮਾਹ ਅਰੰਭ ਕੀਤੇ ਹਨ।
ਬਾਰਾਂ ਮਾਂਹ ਚੇਤ ਮਹੀਨੇ ਤੋਂ ਹੀ ਸ਼ੁਰੂ ਹੁੰਦੇ ਹਨ,

ਦਾ ਮਹੀਨਾ ਹੈ। ਮਨ ਵਿਜੋਗ ਵਿਚ ਉਬਲ ਰਿਹਾ ਹੈ ਤੇ ਤਨ ਸੂਰਜ ਦੀ ਗਰਮੀ ਨਾਲ। ਬੁਲ੍ਹੇ ਸ਼ਾਹ ਦਾ ਬਾਰਾਂ ਮਾਂਹ ਅੱਸੂ ਤੋਂ ਸ਼ੁਰੂ ਹੁੰਦਾ ਹੈ, ਜਿਸ ਦਾ ਕਾਰਨ ਇਹ ਹੈ ਕਿ ਅਕਬਰ ਦਾ ਚਲਾਇਆ ਫ਼ਸਲੀ ਸਾਲ ਅੱਸੂ ਤੋਂ ਹੀ ਸ਼ੁਰੂ ਹੁੰਦਾ ਹੈ। ਕੁਝ ਕਵੀਆਂ ਨੇ ਬਾਰਾਂ ਮਾਂਹ ਨੂੰ ਕੱਤਕ ਤੋਂ ਅਰੰਭ ਕੀਤਾ ਹੈ। ਦੱਖਣੀ ਭਾਰਤ ਵਿਚ ਬਿਕ੍ਰਮੀ ਸੰਮਤ ਕੱਤਕ ਤੋਂ ਸ਼ੁਰੂ ਹੁੰਦਾ ਹੈ ਤੇ ਇਹ ਰੀਤ ਉਧਰੋਂ ਆਈ ਜਾਪਦੀ ਹੈ।

ਆਮ ਤੌਰ ਉਤੇ ਪੰਜਾਬੀ ਬਾਰਾਂ ਮਾਹਿਆਂ ਵਿਚ ਦੇਸੀ ਮਹੀਨਿਆਂ ਦੇ ਨਾਂ ਚੇਤ ਵਿਸਾਖ ਆਦਿ ਹੀ ਵਰਤੇ ਗਏ ਹਨ, ਪਰ ਚੰਨਣ ਦੀਨ ਨੇ ਅਰਬੀ ਮਹੀਨਿਆਂ ਨੂੰ ਆਧਾਰ ਬਣਾ ਕੇ ਬਾਰਾਂ ਮਾਂਹ ਵਿਚ ਲਿਖਿਆ। ਗੋਪਾਲ ਸਿੰਘ ਦੇ ਬਾਰਾਂ ਮਾਂਹ ਵਿਚ ਦੇਸੀ, ਅੰਗਰੇਜ਼ੀ ਤੇ ਅਰਬੀ ਤਿੰਨ ਸੰਮਤਾਂ ਦੇ ਮਹੀਨੇ ਇਕੱਠੇ ਦਿਤੇ ਮਿਲਦੇ ਹਨ।

ਬਾਰਾਂ ਮਹੀਨਿਆਂ ਵਿਚ ਕੋਈ ਖ਼ਾਸ ਛੰਦ ਨਹੀਂ ਵਰਤਿਆ ਗਿਆ। ਹਰ ਕਵੀ ਨੇ ਆਪਣੀ ਰੁਚੀ ਅਨੁਸਾਰ ਇਸ ਨੂੰ ਭਿੰਨ-ਭਿੰਨ ਛੰਦਾਂ ਵਿਚੋਂ ਵਰਤਿਆ ਹੈ। ਗੁਰਦਾਸ ਸਿੰਘ ਦੇ 'ਬਾਰਾਂ ਮਾਂਹ ਸ੍ਰੀ ਰਾਮ ਚੰਦ੍ਰ' ਵਿਚ ਹਰ ਮਹੀਨੇ ਵਿਚ ਤਿੰਨ ਛੰਦ ਵਰਤੇ ਗਏ ਹਨ—ਦੋਹਰਾ, ਛੰਦ ਤੇ ਪਉੜੀ। ਸ਼ਾਹ ਮੁਰਾਦ ਨੇ ਦੋਹਰਾ ਤੇ ਝੂਲਨਾ ਦੋ ਛੰਦਾਂ ਵਿਚ ਇਕ ਮਹੀਨਾ ਲਿਆ ਹੈ। ਬੁਲ੍ਹੇ ਸ਼ਾਹ ਨੇ ਕੇਵਲ ਦੋਹਰਾ ਹੀ ਵਰਤਿਆ ਹੈ। ਕੁਝ ਬਾਰਾਂ ਮਾਂਹ ਵਿਚ ਡਿਉਢ, ਕਾਫ਼ੀ ਤੇ ਬੈਂਤ ਛੰਦ ਵੀ ਵਰਤਿਆ ਗਿਆ ਹੈ।

ਮੁੱਖੀ ਰੂਪ ਵਿਚ ਬਾਰਾਂ ਮਾਂਹ ਸ਼ਿੰਗਾਰ ਰਸੀ ਕਾਵਿ ਹੈ ਅਤੇ ਇਸ ਵਿਚ ਪ੍ਰਕ੍ਰਿਤੀ ਚਿਤ੍ਰ ਦੇ ਪਿਛੋਕੜ ਬਿਰਹੋਂ ਦੀਆਂ ਪੀੜਾਂ ਦਾ ਵਰਣਨ ਹੁੰਦਾ ਹੈ, ਪਰ ਪੰਜਾਬੀ ਵਿਚ ਕੁਝ ਕੁ ਬਾਰਾਂ ਮਾਂਹ ਬੀਰ 'ਰਸੀ ਵੀ ਮਿਲਦੇ ਹਨ ਜਿਵੇਂ ਕਿ ਬੀਰ ਸਿੰਘ ਦਾ ਗੁਰੂ ਗੋਬਿੰਦ ਸਿੰਘ ਦਾ ਬਾਰਾਂ ਮਾਂਹ ਤੇ ਬਾਰਾਂ ਮਾਂਹ ਰਾਮ ਸਿੰਘ।

ਪੰਜਾਬੀ ਵਿਚ ਕੁਝ ਬਾਰਾਂ ਮਾਂਹ ਅਜਿਹੇ ਵੀ ਮਿਲਦੇ ਹਨ, ਜਿਨ੍ਹਾਂ ਦੀ ਸੁਤੰਤਰ ਹੋਂਦ ਨਹੀਂ ਅਤੇ ਕਿੱਸੇ ਵਿਚ ਹੀ ਨਾਇਕਾ ਦੇ ਵਿਜੋਗ ਦਾ ਵਰਣਨ ਕਰਨ ਲਈ, ਬਾਰਾਂ ਮਾਂਹ ਦੇ ਕਾਵਿ ਰੂਪ ਅਪਣਾਇਆ ਗਿਆ ਹੈ। ਜਿਵੇਂ ਭਗਵਾਨ ਸਿੰਘ ਦੇ ਬਾਰਾਂ ਮਾਂਹ।

ਮੱਧਕਾਲ ਵਿਚ ਇਕ ਸਮਾ ਅਜਿਹਾ ਵੀ ਆਇਆ

ਹੈ। ਇਥੋਂ ਤਕ ਕਿ ਪੀਰਾਂ ਦਿਤਾ ਨੇ ਵਾਰਸ ਸ਼ਾਹ ਦੀ ਵਿਚ ਵੀ ਇਕ ਬਾਰਾਂ ਮਾਂਹ ਟਾਂਕ ਦਿਤਾ।

ਬਾਰਾਂ ਮਾਂਹ ਦਾ ਕਾਵਿ ਰੂਪ 18ਵੀਂ ਤੇ 19ਵੀਂ ਵਿਚ ਹੀ ਬਹੁਤ ਪ੍ਰਸਿਧ ਰਿਹਾ, ਹਰ ਕਵੀ ਇਸ ਉ? ਅਜ਼ਮਾਣ ਦਾ ਯਤਨ ਕਰਦਾ ਰਿਹਾ।

### (ਬ-148) ਬਾਰਾਂ ਵਫ਼ਾਤਾਂ :

ਰਬੀਉਲ ਅੱਵਲ ਮਹੀਨੇ ਦੀਆਂ ਪਹਿਲੀਆਂ ਤਿੱਥਾਂ, ਜਿਨ੍ਹਾਂ ਵਿਚੋਂ ਕਿਸੇ ਇਕ ਤਿੱਥ ਨੂੰ ਹਜ਼ਰਤ ਮੁ ਸਾਹਿਬ ਨੇ ਪਰਲੋਕ ਗਮਨ ਕੀਤਾ ਸੀ। ਨਿਸ਼ਚਿਤ ਵਿਚ ਉਸ ਤਿੱਥ ਦਾ ਪਤਾ ਨਾ ਹੋਣ ਕਰਕੇ ਮੁਸਲਮਾਨ ਤਿੱਥਾਂ ਨੂੰ ਕੁਰਾਨ ਦਾ ਪਾਠ ਕਰਦੇ ਤੇ ਜ਼ਕਾਤ ਦੇਂਦੇ ਹ

### (ਬ-149) ਬਾਦੀ ਹੱਥ ਪੁਆਉਣਾ :

ਮੁਕਲਾਵੇ ਨਾਲ ਸਬੰਧਿਤ ਇਕ ਰੀਤ; ਜਦੋਂ ਮੁਕਲਾਵਾ ਲੈ ਕੇ ਘਰ ਆਉਂਦਾ ਹੈ ਤਾਂ ਉਹ ਅ ਸਜ-ਵਿਆਹੀ ਪਤਨੀ ਨੂੰ ਰੁਪਿਆਂ ਦੀ ਥੈਲੀ ਜਾਂ ਬ ਦੇਂਦਾ ਹੈ ਤੇ ਕਹਿੰਦਾ ਹੈ ਕਿ ਇਸ ਵਿਚੋਂ ਜੋ ਤੇਰੀ ਉਹ ਕਢ ਲੈ। ਇਹ ਥੈਲੀ ਆਮ ਤੌਰ ਤੇ ਪਤਨੀ ਕਰ ਦਿੰਦੀ ਹੈ ਤੇ ਕਹਿੰਦੀ ਹੈ : "ਤੁਸੀਂ ਮਿਲ ਗਏ, ਕੁਝ ਮਿਲ ਗਿਆ।" ਕਈ ਵਾਰ ਪਤੀ, ਇਸ ਮੌ ਪਤਨੀ ਨੂੰ ਕੋਈ ਗਹਿਣਾ ਭੇਟ ਕਰਦਾ ਹੈ।

### (ਬ-150) ਬਾਲਕਾ (ਉਦਾਸੀ) ਰੀਤ :

ਵਿਆਹ ਨਾਲ ਸਬੰਧਿਤ ਇਕ ਰਸਮ; ਡੇਹਰਾ ਨਾਨਕ ਦੇ ਬੇਦੀਆਂ ਵਿਚ, ਵਿਆਹ ਤੋਂ ਇਕ ਦਿਨ ਪ ਹਰ ਲਾੜੇ ਨੂੰ ਬਾਬਾ ਸ੍ਰੀ ਚੰਦ ਦਾ ਬਾਲਕਾ ਬਣਾਉ ਰੀਤ ਕੀਤੀ ਜਾਂਦੀ ਹੈ। ਉਸਨੂੰ ਸਾਧੂਆਂ ਵਾਲੀ ਮਿਰਗਸ਼ ਪਟਕਾ ਤੇ ਫੂਹੜੀ ਭੇਟ ਕੀਤੀ ਜਾਂਦੀ ਹੈ ਅਤੇ ਸਾਧੂਆਂ ਹੀ ਕੇਸ ਖੋਲ੍ਹ ਕੇ ਫੈਲਾ ਦਿਤੇ ਜਾਂਦੇ ਹਨ। ਫਿਰ ਲ ਕਿਹਾ ਜਾਂਦਾ ਹੈ ਕਿ ਉਹ ਚਾਹੇ ਤਾਂ ਉਦਾਸੀ ਭੇਖ ਕਰ ਲਏ, ਚਾਹੇ ਤਾਂ ਵਿਆਹ ਕਰਵਾ ਲਏ। ਕਈ ਵਿ ਸੁਭਾਅ ਵਾਲੇ ਇਸ ਮੌਕੇ 'ਤੇ ਉਦਾਸੀ ਬਣਨ ਦਾ ਅ ਵੀ ਕਰ ਦੇਂਦੇ ਹਨ। ਇਹ ਰਸਮ ਸਿਰਫ਼ ਡੇਹਰਾ

ਇਸ ਰਸਮ ਸਮੇਂ ਵਿਆਹੇ ਜਾਣ ਵਾਲੇ ਯੁਵਕ ਵਿਚ ਕਈ ਵਾਰ ਗ੍ਰਿਹਸਤ ਤਿਆਗਣ ਤੇ ਉਦਾਸੀ ਬਾਣਾ ਗ੍ਰਹਿਣ ਕਰਨ ਦੀ ਤੀਬਰ ਭਾਵਨਾ ਜਾਗ ਪੈਂਦੀ ਹੈ, ਇਸ ਲਈ ਉਸ ਨੂੰ ਇਸ ਦਿਨ ਇਕੱਲਿਆਂ ਨਹੀਂ ਰਹਿਣ ਦਿਤਾ ਜਾਂਦਾ।

(ਬ-151) **ਬਾਲਨਾਥ ਦਾ ਟਿੱਲਾ** :

ਜਿਹਲਮ ਸ਼ਹਿਰ ਤੋਂ ਪੱਛਮ ਵਲ, 20 ਕੁ ਮੀਲਾਂ ਦੀ ਵਿੱਥ ਉਤੇ ਇਕ ਟਿੱਲਾ ਜਿਸ ਨੂੰ 'ਗੋਰਖਨਾਥ ਦਾ ਟਿੱਲਾ' ਤੇ ਜੋਗੀਆਂ ਦੀ ਟਿੱਬੀ ਵੀ ਕਹਿੰਦੇ ਹਨ। ਇਹ ਟਿੱਲਾ ਸਮੁੰਦਰੀ ਤਲ ਤੋਂ 3200 ਫੁਟ ਦੀ ਉਚਾਈ ਉਤੇ ਹੈ। ਦੇਸ਼ ਵੰਡ ਤੋਂ ਪਹਿਲਾਂ ਇਥੇ ਸ਼ਿਵਰਾਤਰੀ ਵਾਲੇ ਦਿਨ ਭਾਰੀ ਮੇਲਾ ਲਗਦਾ ਸੀ। ਵੰਡ ਤੋਂ ਪਹਿਲਾਂ ਇਥੇ ਜੋਗੀਆਂ ਦਾ ਮੱਠ ਸੀ ਤੇ ਕੰਨ ਪਾਟੇ ਜੋਗੀ ਇਥੋਂ ਹੀ ਜੋਗ ਪ੍ਰਾਪਤ ਕਰਕੇ, ਪੰਜਾਬ ਤੇ ਹੋਰ ਪ੍ਰਾਂਤਾਂ ਵਿਚ ਵਿਚਰਦੇ ਸਨ। ਇਹ ਮੱਠ ਉਤਰੀ ਭਾਰਤ ਦੀਆਂ ਪੁਰਾਤਨ ਸੰਸਥਾਵਾਂ ਵਿਚੋਂ ਇਕ ਸੀ।

ਇਸ ਦੀ ਚੋਟੀ ਉਤੇ ਇਕ ਮੰਦਰ ਹੈ, ਜਿਥੇ ਪਹਿਲਾਂ ਬਾਲ ਨਾਥ ਦੀ ਪੂਜਾ ਹੁੰਦੀ ਸੀ, ਪਰ ਮਗਰੋਂ ਗੋਰਖ ਨਾਥ ਦੀ ਪੂਜਾ ਹੋਣ ਲੱਗੀ। ਇਸ ਟਿੱਲੇ ਦਾ ਪੁਰਾਣਾ ਨਾ ਬਾਲਨਾਥ ਦਾ ਟਿੱਲਾ ਹੈ। ਅਬੁਲ ਫਜ਼ਲ ਨੇ ਇਸ ਦਾ ਨਾ ਬਾਲ ਨਾਥ ਦਾ ਟਿੱਲਾ ਹੀ ਲਿਖਿਆ ਹੈ।

ਕਨਿੰਘਮ ਦਾ ਵਿਚਾਰ ਹੈ ਕਿ ਬਾਲਨਾਥ ਦਾ ਟਿੱਲਾ ਸਿਕੰਦਰ ਤੋਂ ਵੀ ਪਹਿਲਾਂ ਦੇ ਸਮੇਂ ਦਾ ਹੈ। ਪਲੂਟਾਰਚ ਨੇ ਆਪਣੀਆਂ ਲਿਖਤਾਂ ਵਿਚ ਇਸ ਟਿੱਲੇ ਦਾ ਜ਼ਿਕਰ ਕਰਦਿਆਂ ਇਕ ਦੰਦ-ਕਥਾ ਦਿਤੀ ਹੈ : ਜਦੋਂ 326 ਈ: ਪੂਰਬ ਵਿਚ, ਪੋਰਸ ਮਹਾਨ ਸਿਕੰਦਰ ਨਾਲ ਲੋਹਾ ਲੈਣ ਦੀ ਤਿਆਰੀ ਕਰ ਰਿਹਾ ਸੀ, ਤਾਂ ਉਦੋਂ ਕੁਝ ਸ਼ਾਹੀ ਹਾਥੀ ਇਸ ਟਿੱਲੇ ਵਲ ਦੌੜਦੇ ਗਏ। ਉਦੋਂ ਇਹ ਟਿੱਲਾ ਸੂਰਜ ਦੇਵਤੇ ਦਾ ਪਵਿਤ੍ਰ ਅਸਥਾਨ ਮੰਨਿਆ ਜਾਂਦਾ ਸੀ। ਉਨ੍ਹਾਂ ਹਾਥੀਆਂ ਨੇ ਮਨੁੱਖਾਂ ਵਾਲੀ ਭਾਸ਼ਾ ਵਿਚ ਸੂਰਜ ਦੇਵਤੇ ਅਗੇ ਹਮਲਾਵਰਾਂ ਤੋਂ ਰਖਿਆ ਲਈ ਪ੍ਰਾਰਥਨਾ ਕੀਤੀ। ਉਦੋਂ ਤੋਂ ਇਸ ਟਿੱਲੇ ਦਾ ਨਾਂ 'ਫੀਲ ਨਾਥ' ਦਾ ਟਿੱਲਾ ਪੈ ਗਿਆ। ਇਹੋ ਟਿੱਲਾ ਮਗਰੋਂ ਬਾਲਨਾਥ ਜਾਂ ਜੋਗੀਆਂ ਦਾ ਟਿੱਲਾ ਪ੍ਰਸਿਧ

(ਬ-152) **ਬਾਲਾ** :

ਤੀਵੀਆਂ ਦਾ ਕੰਨਾਂ ਦਾ ਇਕ ਗਹਿਣਾ, ਜੋ ਚ
ਵਾਲੀ ਦੀ ਸ਼ਕਲ ਦਾ ਹੁੰਦਾ ਹੈ।

(ਬ-153) **ਬਾਲੀ** :

ਕਿਸ਼ਕੰਧਯਾ ਦਾ ਬਾਂਦਰ ਰਾਜਾ, ਜੋ ਸੁਗ੍ਰੀਵ
ਭਰਾ ਸੀ। ਬਾਲੀ ਨੇ ਸੁਗ੍ਰੀਵ ਤੋਂ, ਕਿਸ਼ਕੰਧਯਾ
ਖੋਹ ਕੇ, ਉਸ ਨੂੰ ਦੇਸ਼ ਨਿਕਾਲਾ ਦੇ ਦਿਤਾ ਸੀ
ਦਿਨਾਂ ਵਿਚ ਰਾਮ ਚੰਦਰ, ਸੀਤਾ ਨੂੰ ਖੋਜਣ ਲਈ
ਦੇ ਜੰਗਲਾਂ ਵਿਚ ਭਟਕ ਰਹੇ ਸਨ, ਉਦੋਂ ਉਨ੍ਹਾਂ
ਨਾਲ ਮਿਤ੍ਰਤਾ ਗੰਢ ਲਈ ਅਤੇ ਬਾਲੀ ਨੂੰ
ਮਾਰ ਕੇ ਸੁਗ੍ਰੀਵ ਨੂੰ ਮੁੜ ਰਾਜ ਗੱਦੀ 'ਤੇ ਬਿਠਾਇਆ

ਬਾਲੀ ਬਹੁਤ ਸ਼ਕਤੀਸ਼ਾਲੀ ਬਾਂਦਰ ਸੀ।
ਸਾਧਨਾ ਦੁਆਰਾ ਅਜਿਹੀ ਸ਼ਕਤੀ ਗ੍ਰਹਿਣ ਕਰ
ਜਿਸ ਸ਼ਖਸ ਵਲ ਬਾਲੀ ਨਜ਼ਰ ਟਿਕਾ ਕੇ ਵੇਖਦਾ,
ਅੱਧੀ ਸ਼ਕਤੀ ਇਸ ਵਿਚ ਪ੍ਰਵੇਸ਼ ਕਰ ਜਾਂਦੀ। ਇ
ਕੋਈ ਵੀ ਸਾਹਮਣੇ ਹੋ ਕੇ ਬਾਲੀ ਤੇ ਵਿਜੇ ਪ੍ਰਾਪ
ਸੀ ਕਰ ਸਕਦਾ। ਰਾਮ ਚੰਦਰ ਨੇ ਇਸ ਨੂੰ
ਮਾਰਿਆ। ਰਾਮ ਚੰਦਰ ਨੇ ਸੁਗ੍ਰੀਵ ਨੂੰ ਕਿਹਾ
ਬਾਲੀ ਨੂੰ ਲੜਨ ਲਈ ਵੰਗਾਰੇ। ਆਪ ਉਹ ਇਕ
ਦੇ ਉਹਲੇ ਹੋ ਗਏ। ਜਦੋਂ ਸੁਗ੍ਰੀਵ ਦੀ ਹਾਰ
ਤਾਂ ਰਾਮ ਚੰਦਰ ਨੇ ਆਪਣੇ ਬਾਣ ਨਾਲ ਬਾਲੀ
ਦਿਤਾ। ਮਰਨ ਲਗਿਆਂ ਬਾਲੀ ਨੇ ਰਾਮ ਚੰਦਰ ਨੂੰ
ਬੁਜ਼ਦਿਲੀ ਲਈ ਕੋਸਿਆ।

ਬਾਲੀ ਵਿਚ ਇਤਨੀ ਸ਼ਕਤੀ ਸੀ ਕਿ ਉਸ
ਸਾਲਾਂ ਤਕ ਰਾਵਣ ਨੂੰ ਆਪਣੀ ਪੂਛਲ ਵਿਚ ਜਕੜ
ਸੀ। ਕਥਾ ਹੈ ਕਿ ਇਕ ਵਾਰ ਨਾਰਦ ਮੁਨੀ
ਮਿਲਣ ਗਿਆ। ਰਾਵਣ ਨੇ ਪੈਰ ਨਾਲ ਪੀੜ੍ਹੀ ਠੋ
ਨਾਰਦ ਨੂੰ ਬੈਠਣ ਲਈ ਕਿਹਾ। ਨਾਰਦ ਨੇ
ਆਪਣੀ ਅਨਾਦਰੀ ਸਮਝਿਆ। ਉਸ ਨੂੰ ਰਾਵਣ ਤੋਂ
ਅਪਮਾਨ ਦਾ ਬਦਲਾ ਲੈਣ ਦੀ ਇਕ ਚਾਲ
ਨਾਰਦ ਨੇ ਰਾਵਣ ਦੀ ਪ੍ਰਸੰਸਾ ਕਰਨੀ ਸ਼ੁਰੂ ਕ
ਅਤੇ ਉਸ ਦੀ ਬਹਾਦਰੀ ਦੇ ਜਸ ਗਾਣ ਲੱਗਾ।
ਅਭਿਮਾਨ ਵਿਚ ਆ ਕੇ ਪੁਛਿਆ ਕਿ ਕੋਈ ਉਸ

ਅਤੇ ਬਾਲੀ ਨੂੰ ਪੂਛਲੋਂ ਫੜ ਕੇ ਧਰੀਕਣ ਲੱਗਾ । ਪਰ ਬਾਲੀ ਨੇ ਰਾਵਣ ਨੂੰ ਆਪਣੀ ਪੂਛਲ ਵਿਚ ਅਜਿਹਾ ਵਲ੍ਹੇਟਿਆ ਕਿ ਬਾਰਾਂ ਸਾਲਾਂ ਤਕ ਉਹ ਹਿਲ ਨਾ ਸਕਿਆ ।

ਬਾਲੀ ਦੇ ਜਨਮ ਬਾਰੇ ਵੀ ਇਕ ਵਚਿਤ੍ਰ ਕਥਾ ਪ੍ਰਚਲਤ ਹੈ, ਜਿਸ ਕਰ ਕੇ ਬਾਲੀ ਨੂੰ ਇੰਦਰ ਦਾ ਪੁੱਤਰ ਮੰਨਿਆ ਜਾਂਦਾ ਹੈ । ਰਾਮਾਇਣ ਅਨੁਸਾਰ ਇਕ ਵਾਰ ਬ੍ਰਹਮਾ ਦੀਆਂ ਅੱਖਾਂ ਵਿਚੋਂ ਅੱਥਰੂ ਵਗੇ, ਜਿਨ੍ਹਾਂ ਤੋਂ ਇਕ ਬਾਂਦਰ 'ਰਾਜਾ' ਉਤਪੰਨ ਹੋਇਆ । ਰਾਜਾ ਇਕ ਵਾਰ ਸੁਮੇਰ ਪਰਬਤ ਦੇ ਇਕ ਸਰੋਵਰ ਵਿਚ ਇਸ਼ਨਾਨ ਕਰ ਰਿਹਾ ਸੀ ਕਿ ਉਸ ਦਾ ਸਰੀਰ ਸੁੰਦਰ ਇਸਤ੍ਰੀ ਦਾ ਹੋ ਗਿਆ, ਜਿਸ ਨੂੰ ਵੇਖ ਕੇ ਇੰਦਰ ਦਾ ਵੀਰਜ ਉਸ ਇਸਤ੍ਰੀ ਦੇ ਵਾਲਾਂ ਵਿਚ ਜਾ ਡਿੱਗਾ, ਜਿਸ ਤੋਂ ਬਾਲੀ ਦਾ ਜਨਮ ਹੋਇਆ । ਉਸੇ ਵੇਲੇ ਸੂਰਜ ਦਾ ਵੀਰਜ ਵੀ ਡਿੱਗਾ, ਜੋ ਉਸ ਇਸਤ੍ਰੀ ਨੇ, ਗ੍ਰੀਵ (ਗਰਦਨ) ਉਤੇ ਧਾਰਨ ਕਰ ਕੇ ਸੁਗ੍ਰੀਵ ਨੂੰ ਜਨਮ ਦਿਤਾ । ਬ੍ਰਹਮਾ ਨੇ ਰਾਜਾ ਨੂੰ ਕਿਸ਼ਕੰਧਯਾ ਦਾ ਰਾਜਾ ਥਾਪਿਆ ।

ਬਾਲੀ ਦੀ ਪਤਨੀ ਦਾ ਨਾਂ ਤਾਰਾ ਸੀ ਤੇ ਪੁੱਤਰ ਦਾ ਅੰਗਦ । ਰਾਵਣ ਨਾਲ ਰਾਮ ਦੇ ਯੁੱਧ ਵੇਲੇ ਅੰਗਦ ਰਾਮ ਵਲੋਂ ਹੋ ਕੇ ਲੜਿਆ ।

(ਬ-154) **ਬਾਲੂ ਬਲਾਕਾ** :

ਨੱਕ ਵਿਚ ਪਹਿਨਣ ਵਾਲਾ ਇਕ ਗਹਿਣਾ; ਇਸ ਗਹਿਣੇ ਦਾ ਗੱਦੀਆਂ ਵਿਚ ਬੜਾ ਰਿਵਾਜ ਹੈ ।

ਬਾਲੂ ਬਲਾਕਾ ਦਾ ਚਾਉ ਗਦੀਆ ਜਾਲਮਾਂ – ਲੋਕ ਗੀਤ

(ਬ-155) **ਬਾਲੋ** :

ਸਾਂਦਲ ਬਾਰ ਦੇ ਇਲਾਕੇ ਗੁਜਰਾਂਵਾਲੇ ਦੀ ਇਕ ਮੁਟਿਆਰ, ਜਿਸ ਦਾ ਇਸ਼ਕ ਇਕ ਕਸ਼ਮੀਰੀ ਗਭਰੂ ਮੁਹੰਮਦ ਅਲੀ ਮਾਹੀਆ ਨਾਲ ਹੋ ਗਿਆ ਸੀ । ਪਹਿਲਾਂ ਤਾਂ ਇਹ ਚੋਰੀ ਛੁਪੀ ਮਿਲਦੇ ਤੇ ਇਸ਼ਕ ਪਾਲਦੇ ਰਹੇ, ਪਰ ਮਗਰੋਂ ਦੋਹਾਂ ਨੇ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ । ਬਾਲੋ ਦੇ ਮਾਪੇ ਜਦੋਂ ਵਿਆਹ ਲਈ ਰਜ਼ਾਮੰਦ ਨਾ ਹੋਏ ਤਾਂ ਮੁਹੰਮਦ ਅਲੀ, ਬਾਲੋ ਨੂੰ ਉਧਾਲ ਲੈ ਗਿਆ । ਉਨ੍ਹਾਂ ਦੋਹਾਂ ਨੂੰ ਛੇਤੀ ਹੀ ਪਕੜਿਆ ਗਿਆ ਤੇ ਮੁਕੱਦਮਾ ਚੱਲਿਆ, ਜਿਸ ਵਿਚ ਮੁਹੰਮਦ ਅਲੀ ਨੂੰ ਜੇਲ੍ਹ ਦੀ ਸਜ਼ਾ ਹੋਈ ।

ਬਾਲੋ ਤੇ ਮਾਹੀਆ ਦੋਹਾਂ ਨੂੰ ਸੰਗੀਤ ਦੀ ਮੱਸ ਸੀ ਤਾਂ ਉਥੇ ਵੀ ਇਨ੍ਹਾਂ ਦੋਹਾਂ ਨੇ ਮਾਹੀਆ ਗਾ ਕੇ ... ਜਵਾਬ ਦਿਤੇ ।

ਬਾਲੋ ਤੇ ਮੁਹੰਮਦ ਅਲੀ ਦੋਹਾਂ ਦੀ ਆਵਾ... ਸੁਰੀਲੀ ਤੇ ਰਸੀਲੀ ਸੀ ਕਿ ਇਨ੍ਹਾਂ ਦੇ ਗਾਏ ... ਰਿਕਾਰਡ ਵੀ ਭਰੇ ਗਏ । ਬਾਲੋ ਤੇ ਮੁਹੰਮਦ ... ਤਰਜ਼ ਵਿਚ ਮਾਹੀਆ ਗਾਉਂਦੇ ਸਨ, ਉਹ 'ਮਾਹੀ... ਦੇ ਨਾਂ ਨਾਲ ਪ੍ਰਸਿਧ ਹੋਇਆ । ਇਕ ਸਮੇਂ ਮਾ... ਪੱਛਮੀ ਪੰਜਾਬ ਵਿਚ ਇਤਨਾ ਪ੍ਰਚਲਤ ਹੋਇਆ ... ਦੀਆਂ ਪੁਰਾਣੀਆਂ ਧੁਨਾਂ ਇਸ ਸਾਹਮਣੇ ਫਿੱਕੀ... ਲੱਗੀਆਂ (ਵੇਖੋ : ਮਾਹੀਆ) ।

(ਬ-156) **ਬਾਵਨ ਬੀਰ** :

ਤਾਰਿਆਂ ਦਾ ਇਕ ਸਮੂਹ; ਇਹ ਖਿੱਤੀ ... ਸ਼ੁਭ ਨਹੀਂ ਹੁੰਦੀ—

ਚੜ੍ਹਿਆ ਬਾਵਨ ਬੀਰ
ਘਟੇ ਮੱਝਾਂ ਗਾਈਆਂ ਦੇ ਖੀਰ (ਵੇਖੋ : ਥੰ...

(ਬ-157) **ਬਾਵਲਾ ਕੁੱਤਾ** :

ਪੰਜਾਬ ਵਿਚ ਕਈ ਖੂਹ ਜਾਂ ਤਲਾਬ ਅ... ਜਾਂਦੇ ਹਨ, ਜਿਥੇ ਇਸ਼ਨਾਨ ਕਰਨ ਨਾਲ ਬਾਵ... ਕੱਟੇ ਦਾ ਰੋਗੀ ਰਾਜ਼ੀ ਹੋ ਜਾਂਦਾ ਹੈ । ਹੁਸ਼ਿਆ... ਇਲਾਕੇ ਵਿਚ ਇਹ ਧਾਰਨਾ ਪ੍ਰਚਲਤ ਹੈ ਕਿ... ਸ਼ਖ਼ਸ ਨੂੰ ਹਲਕਾ ਕੁੱਤਾ ਲੜ ਜਾਵੇ ਤੇ ਜੇ ਉਹ ... ਪਾਣੀ ਵਿਚੋਂ ਸੌ ਵਾਰ ਲੰਘੇ, ਤਾਂ ਉਹ ਰਾਜ਼ੀ ਹੋ ... ਇਸ ਲਈ ਇਥੇ ਜੇ ਕਿਸੇ ਨੂੰ ਬਾਵਲਾ ਕੁੱਤਾ ... ਤਾਂ ਉਹ ਹੁਸ਼ਿਆਰਪੁਰ ਦੇ ਨੇੜੇ ਵਗਦੀ ਸੁ... ਜਿਸ ਦਾ ਪਾਣੀ ਪਹਾੜਾਂ ਤੋਂ ਉਤਰਦਾ ਹੈ ਤੇ ਅ... ਸਤਲੁਜ ਵਿਚ ਜਾ ਰਲਦਾ ਹੈ, ਵਿਚੋਂ ਸੌ ਵਾਰ ... ਲੰਘਦਾ ਹੈ ।

(ਬ-158) **ਬਾਵਲੀ** :

(ੳ) ਇਕ ਤਰ੍ਹਾਂ ਦਾ ਖੂਹ, ਜਿਸ ਦੇ ਪਾ... ਤਕ ਪਹੁੰਚਣ ਲਈ ਪੌੜੀਆਂ ਲਗੀਆਂ ਹੁੰਦੀ... ਪੁਰਾਣੇ ਸਮਿਆਂ ਵਿਚ ਸ਼ਾਹ ਰਾਹਾਂ ਉਤੇ, ਮੁਸਾਫ਼... ਲਈ ਬਾਵਲੀਆਂ ਬਣਾਉਣ ਦੀ ਪ੍ਰਥਾ ਸੀ । ...

ਅਤੇ ਜਿਸ ਦੀਆਂ ਚੌਰਾਸੀ ਪੌੜੀਆਂ ਹਨ। ਧਾਰਨਾ ਹੈ ਇਸ ਬਾਵਲੀ ਦੀ ਹਰੇਕ ਪੌੜੀ ਉਤੇ ਇਸ਼ਨਾਨ ਕਰਨ ਮਗਰੋਂ ਜਪੁ ਸਾਹਿਬ ਦੇ 84 ਪਾਠ ਕਰਨ ਵਾਲਾ ਪ੍ਰਾਣੀ ਮੁਕਤ ਹੋ ਜਾਂਦਾ ਹੈ ਅਥਵਾ ਉਸ ਦੀ ਚੌਰਾਸੀ ਕੱਟੀ ਜਾਂਦੀ ਹੈ।

ਕੁਝ ਹੋਰ ਪ੍ਰਸਿਧ ਬਾਵਲੀਆਂ ਇਹ ਹਨ—

ਲਾਹੌਰ ਗੁਰੂ ਅਰਜਨ ਦੇਵ ਜੀ ਦੀ ਬਣਵਾਈ ਬਾਵਲੀ, ਜੋ ਮਗਰੋਂ ਸ਼ਾਹ ਜਹਾਨ ਦੇ ਹੁਕਮ ਨਾਲ ਪੂਰ ਦਿੱਤੀ ਗਈ। ਪਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸੰਮਤ 1891 ਵਿਚ ਇਕ ਫੁਲੇਰੇ ਦੇ ਪਤਾ ਦੇਣ ਤੇ ਮੁੜ ਪ੍ਰਗਟ ਕੀਤੀ ਗਈ (ਮਹਾਨ ਕੋਸ਼, 644)।

ਡੱਲਾ ਪਿੰਡ (ਕਪੂਰਥਲਾ) ਵਿਚ ਗੁਰੂ ਅਰਜਨ ਦੇਵ ਜੀ ਦੀ ਬਣਵਾਈ ਬਾਵਲੀ, ਜੋ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਦੀ ਯਾਦ ਵਿਚ ਖੁਦਵਾਈ ਗਈ।

ਆਨੰਦਪੁਰ ਤੋਂ ਸੱਤ ਕੋਹ ਉੱਤਰ ਵਲ 'ਕਰਮਾ' ਤੇ 'ਕਟੋਰਾ' ਨਾਂ ਦੀਆਂ ਦੋ ਬਾਵਲੀਆਂ ਹਨ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਣਵਾਈਆਂ। ਸਿੱਖ ਇਤਿਹਾਸ ਅਨੁਸਾਰ ਪਹਿਲੀ ਦਾ ਜਲ ਧਰਤੀ ਵਿਚ ਬਰਛਾ ਮਾਰਨ ਤੋਂ ਨਿਕਲਿਆ ਅਤੇ ਦੂਜੀ ਦਾ ਘੋੜੇ ਦੇ ਸੁੰਮ ਮਾਰਨ ਨਾਲ।

ਤਰਨਤਾਰਨ ਦੇ ਪਿੰਡ ਖਹਿਰਾ ਤੋਂ ਉੱਤਰ ਵਲ, ਇਕ ਫ਼ਰਲਾਂਗ ਦੇ ਫ਼ਾਸਲੇ 'ਤੇ ਗੁਰੂ ਹਰਿਗੋਬਿੰਦ ਜੀ ਦਾ ਗੁਰਦੁਆਰਾ ਹੈ, ਜਿਥੇ ਪਹਿਲਾਂ ਛੋਟਾ ਜਿਹਾ ਛੱਪੜ ਸੀ ਤੇ ਮਗਰੋਂ ਸੰਗਤ ਨੇ ਬਾਵਲੀ ਬਣਾ ਦਿਤੀ। ਇਥੇ ਸਰਾਧਾਂ ਦੀ ਦਸਵੀਂ ਨੂੰ ਮੇਲਾ ਲਗਦਾ ਹੈ (ਮਹਾਨ ਕੋਸ਼, 422)।

ਘੱਗਰ ਰੇਲਵੇ ਸਟੇਸ਼ਨ ਤੋਂ ਦੋ ਮੀਲ ਦੂਰ ਸਥਿਤ ਦਕੋਲੀ ਪਿੰਡ ਦੇ ਉੱਤਰ ਵਲ, ਇਕ ਗੁਰੂ ਗੋਬਿੰਦ ਸਿੰਘ ਜੀ ਦੀ ਬਾਵਲੀ ਹੈ। ਗੁਰੂ ਜੀ ਨੇ ਪਾਉਂਟੇ ਤੋਂ ਅਨੰਦਪੁਰ ਜਾਂਦੇ ਇਕ ਬਰਛਾ ਮਾਰ ਕੇ ਪਾਣੀ ਕਢਿਆ ਸੀ (ਮਹਾਨ ਕੋਸ਼, 422)।

(ਅ) ਕਾਹਨੂੰਵਾਨ ਵਿਖੇ ਦਰਿਆ ਦੇ ਨੇੜੇ, ਇਕ ਪੁਰਾਣੀ ਬਾਵਲੀ ਹੈ, ਜਿਸ ਬਾਰੇ ਦੰਦ-ਕਥਾ ਪ੍ਰਚਲਤ ਹੈ ਕਿ ਇਕ ਰਾਜਪੂਤ ਮੁਖੀਏ ਦੀਆਂ ਦੋ ਪਤਨੀਆਂ ਸਨ, ਜੋ ਸਦਾ ਆਪੋ ਵਿਚ ਲੜਦੀਆ ਝਗੜਦੀਆਂ ਰਹਿੰਦੀਆਂ ਸਨ। ਰਾਜਪੂਤ ਉਨ੍ਹਾਂ ਤੋਂ ਬੜਾ ਦੁਖੀ ਸੀ। ਉਸ ਨੇ ਤੰਗ ਆ ਕੇ ਇਕ ਬਾਵਲੀ ਬਣਵਾਈ ਤੇ ਆਪਣੀਆਂ ਦੋਹਾਂ ਪਤਨੀਆ ਨੂੰ ਪੌੜੀਆਂ ਦੀਆਂ ਥੰਮੀਆ ਹੇਠ ਦਬ ਦਿਤਾ ਤੇ ਕਿਹਾ ਕਿ ਉਹ

(ਬ-159) **ਬਾਵਾ ਜਿਤਾ :**

ਬਾਵੇ ਜਿਤੇ ਦੀ ਸਮਾਧ ਜੰਮੂ ਜ਼ਿਲੇ ਦੇ ਸ਼ਾ
ਵਿਚ ਹੈ, ਜਿਥੇ ਹਰ ਸਾਲ ਕੱਤਕ ਦੀ ਪੂਰਨਮਾਸ਼ੀ ਨੂੰ
ਭਾਰੀ ਮੇਲਾ ਲਗਦਾ ਹੈ, ਜਿਸ ਵਿਚ ਜੰਮੂ ਤੋਂ
ਪੰਜਾਬ, ਹਰਿਆਣਾ ਤੇ ਹਿਮਾਚਲ ਦੇ ਇਲਾਕੇ ਤੋਂ
ਲੋਕ ਸ਼ਾਮਲ ਹੁੰਦੇ ਹਨ। ਇਸ ਮੇਲੇ ਨੂੰ 'ਝਿੜੀ ਦ
ਵੀ ਕਹਿੰਦੇ ਹਨ।

ਬਾਵੇ ਜਿਤੇ ਦੀ ਕਿਸਾਨਾਂ ਵਿਚ ਬੜੀ ਮਾਨਤ
ਉਹ ਉਸ ਨੂੰ ਸ਼ਹੀਦ ਮੰਨਦੇ ਹਨ। ਬਾਵਾ ਜਿਤਾ
ਪੰਜ ਸੌ ਵਰ੍ਹੇ ਪਹਿਲਾਂ ਹੋਇਆ ਮੰਨਿਆ ਜਾਂਦ
ਰਵਾਇਤਾਂ ਅਨੁਸਾਰ ਇਹ ਜੰਮੂ ਦੇ ਤ੍ਰਿਕੁਟੀ ਪਹਾੜ
ਕਟੜਾ ਦੇਵੀ ਦੇ ਨੇੜੇ ਦੇ ਖੇਤਰ ਦਾ ਰਹਿਣ ਵ
ਅਤੇ ਜ਼ਾਤ ਦਾ ਬ੍ਰਾਹਮਣ ਸੀ। ਇਸ ਦਾ ਵਿਆਹ ਬੁ
ਨਾਲ ਹੋਇਆ ਤੇ ਇਹ ਜੰਮੂ ਜ਼ਿਲੇ ਦੇ ਇਕ ਚ
ਰਹਿਣ ਲੱਗਾ। ਇਸ ਚਕ ਦਾ ਮਾਲਕ ਮਹਿਤਾ ਬੀ
ਸੀ। ਜਿਤਾ ਨੇ ਬੀਰ ਸਿੰਘ ਦੀ ਬੰਜਰ ਧਰਤੀ ਇਸ
ਤੇ ਵਾਹੁਣੀ ਸ਼ੁਰੂ ਕੀਤੀ ਕਿ ਉਹ ਫ਼ਸਲ ਦਾ ਇਕ
ਹਿੱਸਾ ਜਗੀਰਦਾਰ ਨੂੰ ਦੇਵੇਗਾ। ਜਿਤੇ ਨੇ ਲਹੂ
ਇਕ ਕਰ ਕੇ ਬੰਜਰ ਧਰਤੀ ਨੂੰ ਵਾਹਿਆ ਤੇ ਜਦੋਂ
ਫ਼ਸਲ ਕੱਟੀ ਜਾਣ ਲਗੀ ਤਾਂ ਜਗੀਰਦਾਰ ਨੇ
ਇਕ ਚੌਥਾਈ ਫ਼ਸਲ ਦੇਣੀ ਚਾਹੀ। ਜਿਤੇ ਤੋਂ
ਬੀਰ ਸਿੰਘ ਦੇ ਚੋਬਰਾਂ ਨੇ ਜ਼ਬਰਦਸਤੀ ਫ਼ਸਲ ਲੈਣੀ
ਤਾਂ ਉਸ ਨੇ ਇਸ ਵਿਰੁਧ ਰੋਸ ਪ੍ਰਗਟ ਕਰਦਿਆਂ
ਸੀਨੇ ਵਿਚ ਛੁਰਾ ਮਾਰ ਲਿਆ ਤੇ ਸ਼ਹੀਦੀ ਪ੍ਰਾਪਤ
ਬੁਆ ਰਾਣੀ ਵੀ ਜਿਤੇ ਨਾਲ ਸਤੀ ਹੋ ਗਈ। ਸਾਰੇ
ਦੇ ਕਿਸਾਨਾਂ ਵਿਚ ਬੜਾ ਰੋਸ ਪੈਦਾ ਹੋ ਗਿਆ। ਬੀ
ਨੇ ਬ੍ਰਹਮ-ਹੱਤਿਆ ਤੋਂ ਡਰਦਿਆਂ, ਉਸ ਥਾਂ ਜਿਥੇ ਜਿ
ਲਹੂ ਡੁਲ੍ਹਿਆ ਸੀ, ਇਕ ਸਮਾਧ ਬਣਾ ਦਿਤੀ ਤੇ ਉ
ਇਥੇ ਹਰ ਸਾਲ ਮੇਲਾ ਲਗਦਾ ਹੈ।

(ਬ-160) **ਬਾਵੇ :**

1. ਸਿੱਖਾਂ ਦੇ ਪਹਿਲੇ ਤਿੰਨ ਗੁਰੂਆਂ ਨਾਨਕ ਦੇ
ਬੇਦੀ ਗੋਤ ਦੇ ਸਨ, ਅੰਗਦ ਦੇਵ ਜੋ ਤ੍ਰਿਹਣ ਗੋਤ
ਅਤੇ ਅਮਰਦਾਸ ਜੀ, ਜੋ ਭੱਲਾ ਗੋਤ ਦੇ ਸਨ, ਦੀਆ
ਬੇਦੀ, ਤ੍ਰਿਹਣ ਤੇ ਭੱਲੇ, ਬਾਵੇ ਅਖਵਾਉਂਦੇ ਹਨ।

ਨਜ਼ਦੀਕੀ ਰਿਸ਼ਤੇਦਾਰ ਕੰਨਿਆਂ ਦੇ ਕੁਝ ਕਪੜੇ ਲਿਆਂਦੇ ਹਨ, ਜੇ ਇਹ ਕਮੀਜ਼ ਸਲਵਾਰ ਹੋਣ ਤਾਂ ਬਿਉਰ ਅਖਵਾਂਦੇ ਹਨ, ਜੇ ਇਨ੍ਹਾਂ ਨਾਲ ਸਿਰ ਦੀ ਚੁੰਨੀ ਵੀ ਹੋਵੇ ਤਾਂ ਤਿਉਰ ਅਖਵਾਂਦੇ ਹਨ ।

(ਬ-162) **ਬਿਆਸ** :

ਪੰਜਾਬ ਦਾ ਇਕ ਦਰਿਆ, ਜੋ ਸਮੁੰਦਰੀ ਤਲ ਤੋਂ 13326 ਫੁਟ ਉਪਰ ਲਾਹੌਲ ਦੀਆਂ ਬਰਫ਼ਾਨੀ ਚੋਟੀਆਂ ਵਿਚਾਲੇ ਰੋਹਤਾਂਗਪਾਸ ਦੀਆਂ ਦੱਖਣੀ ਢਲਵਾਨਾਂ ਵਿਚੋਂ ਨਿਕਲਦਾ ਹੈ । ਰੋਹਤਾਂਗਪਾਸ ਤੋਂ 40 ਕੁ ਮੀਲ ਦਾ ਪੈਂਡਾ ਮੁਕਾ ਕੇ ਇਹ ਦਰਿਆ ਬੜੀ ਤੇਜ਼ੀ ਨਾਲ ਪੱਛਮ ਵਲ ਵਗਦਾ ਅਤੇ ਮੰਡੀ ਤੇ ਨਦੌਣ ਦੇ ਦੁਆਲੇ ਪ੍ਰਕਰਮਾ ਕਰਦਾ ਹੋਇਆ ਸੰਘੋਲ ਦੇ ਸਥਾਨ ਉਤੇ ਜ਼ਿਲਾ ਕਾਂਗੜੇ ਵਿਚ ਦਾਖ਼ਲ ਹੁੰਦਾ ਹੈ । ਇਥੋਂ ਇਹ ਦਰਿਆ ਇਕ ਵੱਡੀ ਸਾਰੀ ਖਾੜੀ ਦਾ ਰੂਪ ਧਾਰਨ ਕਰਦਾ ਹੈ । ਇਥੋਂ ਅਗੇ ਉਤਰ ਪੱਛਮ ਵਲ 80 ਮੀਲ ਦਾ ਪੈਂਡਾ ਮੁਕਾ ਕੇ ਇਹ ਦਰਿਆ ਮੀਰ ਕੋਟ ਦੇ ਸਥਾਨ ਉਤੇ ਪੰਜਾਬ ਵਿਚ ਦਾਖ਼ਲ ਹੁੰਦਾ ਹੈ । ਹੁਸ਼ਿਆਰਪੁਰ ਜ਼ਿਲੇ ਵਿਚ, ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਦੁਆਲੇ ਪ੍ਰਕਰਮਾ ਕਰਦਾ ਹੋਇਆ, ਇਹ ਦਰਿਆ, ਪਹਿਲਾਂ ਦੱਖਣ ਵਲ ਤੇ ਫਿਰ ਦੱਖਣ-ਪੱਛਮ ਵਲ ਵਗਦਾ 80 ਕੁ ਮੀਲ ਹੋਰ ਅਗੇ ਲੰਘ ਜਾਂਦਾ ਹੈ । ਇਥੋਂ ਹੁਸ਼ਿਆਰਪੁਰ ਤੇ ਗੁਰਦਾਸਪੁਰ ਦੇ ਜ਼ਿਲਿਆਂ ਵਿਚੋਂ ਵਗਦਾ ਹੋਇਆ ਅੰਮ੍ਰਿਤਸਰ ਦੇ ਜ਼ਿਲੇ ਨੂੰ ਛੁਹੰਦਾ ਹੋਇਆ, ਅੰਮ੍ਰਿਤਸਰ ਤੋਂ 35 ਮੀਲ ਦੱਖਣ ਪੂਰਵ ਵਲ ਹਰੀ ਕੇ ਪਤਣ ਤੋਂ ਤਿੰਨ ਮੀਲ ਉਪਰ ਸਤਲੁਜ ਵਿਚ ਜਾ ਮਿਲਦਾ ਹੈ । ਆਪਣੇ ਸੋਮੇ ਤੋਂ ਲੈ ਕੇ ਇਹ ਦਰਿਆ ਸਤਲੁਜ ਵਿਚ ਸਮਾਉਣ ਤਕ 290 ਮੀਲ ਦਾ ਪੈਂਡਾ ਤੈਅ ਕਰਦਾ ਹੈ ।

ਬਿਆਸ ਦਰਿਆ ਜਿਸ ਦਾ ਮੁਲਤਾਨ ਦੇ ਜ਼ਿਲੇ ਦਾ ਸਥਾਨਕ ਨਾਂ 'ਵਿਯਾਸ' ਹੈ, ਕਿਸੇ ਸਮੇਂ ਮੁਲਤਾਨ ਜ਼ਿਲੇ ਦੇ 'ਕੇਂਦਰ' ਵਿਚੋਂ ਲੰਘਦਾ ਸੀ ਅਥਵਾ ਪੂਰਵ ਵਲ ਪਖੀ ਮੀਆਂ ਤੋਂ ਪੱਛਮ ਵਲ 'ਬੇਹ ਕਲਾਂ' ਦੇ ਨੇੜੇ ਤੇੜੇ ਵਗਦਾ ਸੀ । ਇਥੇ ਇਸ ਦਾ ਸੁਕਾ ਪਾਟ ਹੁਣ ਵੀ ਮਿਲਦਾ ਹੈ । ਇਕ ਦੰਦ-ਕਥਾ ਅਨੁਸਾਰ ਬਿਆਸ ਦਾ ਮੂਲ ਰਸਤੇ ਨੂੰ ਛੱਡ ਕੇ ਹੁਣ ਵਾਲੇ ਰਾਹ ਵਗਣ ਦਾ ਕਾਰਨ ਇਹ ਸੀ

ਇਸ ਦਰਿਆ ਦਾ ਪੁਰਾਣਿਕ ਨਾਂ ਵਿਪਾਸ਼ਾ ਹੈ
ਪੁਰਾਣ ਕਥਾ ਅਨੁਸਾਰ ਵਸ਼ਿਸ਼ਠ ਰਿਸ਼ੀ ਨੇ ਕਿ
ਆਪਣੇ ਪੁੱਤਰ ਦੇ ਦੁੱਖ ਵਿਚ ਆਤੁਰ ਹੋ ਕੇ, ਸ
ਬੰਨ੍ਹ ਕੇ ਇਸ ਦਰਿਆ ਵਿਚ ਸੁਟ ਦਿਤਾ, ਪਰ
ਉਸ ਦੇ ਬੰਧਨ ਤੋੜ ਕੇ ਉਸ ਨੂੰ ਕੰਢੇ ਤੇ ਲਿਆ
ਜਿਸ ਤੋਂ ਇਸ ਦਾ ਨਾਂ ਵਿਪਾਸ਼ (ਬੰਧਨ ਕਟ
ਪੈ ਗਿਆ ।

ਇਕ ਮਿਥਕ ਕਥਾ ਅਨੁਸਾਰ ਇਸ ਦਰਿਆ
ਪ੍ਰਸਿਧ ਰਿਸ਼ੀ ਵਿਆਸ ਦੇ ਨਾਂ ਉਤੇ ਪਿਆ । ਰਿਸ਼
ਦੇ ਉਪਾਸ਼ਕ ਅਜ ਵੀ ਬਿਆਸ ਦਰਿਆ ਨੂੰ ਪੂਜ
ਰਿਸ਼ੀ ਵਿਆਸ ਦਾ ਮੰਦਰ ਕੁਲੂ ਵਿਖੇ ਬਿਆਸ ਦ
ਕੰਢੇ ਵਸਿਸ਼ਟ ਦੇ ਨੇੜੇ ਹੀ ਸਥਿਤ ਹੈ ।

(ਬ-163) **ਬਿਆਸੇ ਵਾਲਾ ਪਿੱਪਲ** :

ਇਕ ਪਿੱਪਲ ਜੋ ਮਹਾਨ ਸਿਕੰਦਰ ਦੇ ਸਮੇਂ
ਦਰਿਆ ਦੇ ਕੰਢੇ 'ਤੇ ਸਥਿਤ ਸੀ । ਕਥਾਵਾਂ ਅਨੁਸ
ਪਿੱਪਲ ਨੂੰ ਜੀਭ ਲਗ ਜਾਂਦੀ ਸੀ ਤੇ ਮਨੁੱਖੀ ਬੋ
ਲੋਕਾਂ ਦੀਆਂ ਪੁੱਛਾਂ ਦਾ ਉਤਰ ਦੇਂਦਾ ਤੇ ਭਵਿ
ਕਰਦਾ ਸੀ ।

ਜਦੋਂ ਮਹਾਨ ਸਿਕੰਦਰ ਨੂੰ ਇਸ ਪਿੱਪਲ
ਲਗਾ ਤਾਂ ਉਹ ਪੂਰਨਮਾਸ਼ੀ ਵਾਲੀ ਰਾਤ ਤਕ
ਟਿਕਿਆ ਰਿਹਾ । ਪੂਰਨਮਾਸ਼ੀ ਵਾਲੀ ਰਾਤ ਸਿ
ਪਿੱਪਲ ਤੋਂ ਪੁਛਿਆ ਸੀ ਕਿ ਕੀ ਉਹ ਸਾਰੇ ਜੇ
ਵਿਜੇ ਪਾ ਸਕੇਗਾ ਤਾਂ ਪਿੱਪਲ ਵਿਚੋਂ ਅਵਾਜ਼ ਆ
ਦਿਨ ਥੋੜੇ ਰਹਿ ਗਏ ਨੇ ਤੇ ਤੂੰ ਆਪਣੀ ਮਾਤ-ਭੂ
ਕਦੇ ਜੀਉਂਦਾ ਵਾਪਸ ਨਹੀਂ ਜਾ ਸਕੇਂਗਾ ।"
ਇਹ ਭਵਿਸ਼ਬਾਣੀ ਸੁਣ ਕੇ ਘਬਰਾ ਗਿਆ ਤੇ
ਜਰਨੈਲਾਂ ਨੂੰ ਕਹਿਣ ਲਗਾ, "ਹੁਣੇ ਵਾਪਸ ਪਰ
ਤਾਂ ਜੋ ਪਿੱਪਲ ਦੀ ਭਵਿਸ਼ ਬਾਣੀ ਸੱਚੀ ਨਾ ਹੋ ਸਕੇ

ਪਰ ਸਿਕੰਦਰ ਰਾਹ ਵਿਚ ਹੀ ਬੀਮਾਰ ਪੈ
ਕੁਝ ਦਿਨਾਂ ਵਿਚ ਹੀ ਮਰ ਗਿਆ ।

(ਬ-164) **ਬਿਸ਼ਨਪਦੇ** :

ਬਿਸ਼ਨ (ਵਿਸ਼ਨੂੰ) ਦੇਵਤੇ ਦੀ ਉਸਤਤੀ

ਫ਼ਿਰੋਜ਼ਪੁਰ ਤੇ ਹਿਸਾਰ ਦੇ ਜ਼ਿਲਿਆਂ ਅਤੇ ਬੀਕਾਨੇਰ ਵਿਚ ਮਿਲਦੇ ਹਨ । ਇਸ ਸੰਪਰਦਾਇ ਵਿਚ ਖਤ੍ਰੀ, ਰਾਜਪੂਤ, ਜੱਟ ਤੇ ਬਨੀਏ ਆਦਿ ਸਭ ਜਾਤਾਂ ਦੇ ਲੋਕ ਮਿਲਦੇ ਹਨ । ਇਹ 'ਭੁੰਬਾ ਜੀ' ਨੂੰ ਪੂਜਦੇ ਹਨ ਜੋ ਵਿਸ਼ਨੂੰ ਦਾ ਇਕ ਅਵਤਾਰ ਮੰਨਿਆ ਜਾਂਦਾ ਹੈ ।

ਬਿਸ਼ਨ (ਵਿਸ਼ਨੂੰ) ਦੇਵਤੇ ਦੀ ਪੂਜਾ ਕਰਨ ਕਰਕੇ ਹੀ ਇਨ੍ਹਾਂ ਦਾ ਨਾਂ ਬਿਸ਼ਨੋਈ ਪੈ ਗਿਆ ਪਰ ਬਿਸ਼ਨੋਈਆਂ ਦੀ ਧਾਰਨਾ ਹੈ ਕਿ ਇਹ ਨਾਂ ਬੀਸ ਨੌਂ (ਅਥਵਾ 29) ਤੋਂ ਵਿਗੜ ਕੇ ਬਣਿਆ ਹੈ ਕਿਉਂ ਜੋ ਇਸ ਮੱਤ ਦੇ ਮੋਢੀ ਭੁੰਬਾ ਜੀ ਨੇ 29 ਸਿਧਾਂਤ ਦਸੇ ਹਨ ਜਿਨ੍ਹਾਂ ਉਤੇ ਇਕ ਬਿਸ਼ਨੋਈ ਦਾ ਚਲਣਾ ਲਾਜ਼ਮੀ ਹੈ । ਇਸੇ ਬੀਸ ਨੌਂ ਤੋਂ ਇਹ ਸ਼ਬਦ ਵਿਗੜ ਕੇ ਬਿਸ਼ਨੋਈ ਪ੍ਰਸਿਧ ਹੋਇਆ ।

ਭੁੰਬਾ ਜੀ ਦੇ ਜੀਵਨ ਬਾਰੇ ਇਕ ਦੰਦ-ਕਥਾ ਪ੍ਰਚਲਤ ਹੈ : ਬੀਕਾਨੇਰ ਦੇ ਦੱਖਣ ਵਿਚ ਇਕ ਪਿੰਡ ਪਿੰਪਸਰ ਵਿਚ ਲੋਤ ਨਾਂ ਦਾ ਇਕ ਰਾਜਪੂਤ ਰਹਿੰਦਾ ਸੀ, ਜਿਸ ਦੇ ਘਰ ਸੱਠ ਸਾਲ ਦੀ ਉਮਰ ਤਕ ਕੋਈ ਬਾਲ ਬੱਚਾ ਨਾ ਹੋਇਆ । ਇਕ ਦਿਨ ਲੋਤ ਦਾ ਕੋਈ ਗੁਆਂਢੀ ਖੇਤਾਂ ਵਿਚ ਬੀਜ ਬੀਜਣ ਜਾ ਰਿਹਾ ਸੀ ਕਿ ਉਸ ਨੂੰ ਅਗੋਂ ਲੋਤ ਮਿਲ ਗਿਆ । ਗੁਆਂਢੀ ਸਵੇਰੇ ਸਵੇਰੇ ਨਿਰਸੰਤਾਨ ਸ਼ਖ਼ਸ ਦੇ ਮਥੇ ਲਗਣ ਨੂੰ ਬਦਸ਼ਗਨੀ ਸਮਝ ਕੇ ਵਾਪਸ ਮੁੜ ਗਿਆ । ਲੋਤ ਬੜਾ ਦੁਖੀ ਹੋਇਆ ਤੇ ਜੰਗਲ ਵਿਚ ਜਾ ਕੇ ਵਿਰਲਾਪ ਕਰਨ ਲੱਗਾ । ਇਕ ਫ਼ਕੀਰ ਉਥੋਂ ਲੰਘਿਆ, ਉਸਨੇ ਇਸ ਦੀ ਦਸ਼ਾ ਉਤੇ ਤਰਸ ਖਾ ਕੇ ਵਰ ਦਿਤਾ ਕਿ ਨੌਂ ਮਹੀਨੇ ਮਗਰੋਂ ਤੇਰੇ ਘਰ ਬਾਲ ਜਨਮ ਲਏਗਾ ਤੇ ਫਿਰ ਆਪਣੇ ਕਥਨ ਦੀ ਸੱਚਾਈ ਪ੍ਰਗਟ ਕਰਨ ਲਈ ਉਸ ਫ਼ਕੀਰ ਨੇ ਬਲਦ ਦਾ ਦੁੱਧ ਚੋ ਕੇ ਵਿਖਾਇਆ । ਇਸ ਮਗਰੋਂ ਉਹ ਫ਼ਕੀਰ ਛਾਈਂ ਮਾਈਂ ਹੋ ਗਿਆ । ਲੋਤ ਦੇ ਘਰ ਨੌਂ ਮਹੀਨਿਆਂ ਮਗਰੋਂ ਇਕ ਬੱਚਾ ਬੜੇ ਅਲੌਕਿਕ ਢੰਗ ਨਾਲ ਪ੍ਰਗਟ ਹੋਇਆ । ਇਹ ਘਟਨਾ 1451 ਈਸਵੀ ਦੀ ਹੈ । ਇਸ ਬੱਚੇ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਣ ਲਗਾ । ਲੋਤ ਦੀ ਪਤਨੀ ਹੰਸ ਨੇ, ਇਸ ਬੱਚੇ ਨੂੰ, ਬੜੇ ਪਿਆਰ ਨਾਲ ਪਾਲਿਆ । ਸਤ ਸਾਲਾਂ ਤਕ ਇਹ ਬੱਚਾ ਆਪਣੇ ਮਿਤ੍ਰਾਂ ਨਾਲ ਖੇਡਦਾ ਰਿਹਾ ਤੇ ਫਿਰ 27 ਸਾਲਾਂ ਤਕ ਇਹ ਪਸ਼ੂ ਚਾਰਦਾ ਰਿਹਾ, ਪਰ 34 ਸਾਲਾਂ ਤਕ ਇਸ ਸ਼ਖ਼ਸ ਨੇ

ਚੁਟਕੀ ਮਾਰ ਕੇ ਦੀਵਾ ਬਾਲ ਦਿਤਾ ਤੇ ਪਹਿ
ਕੋਈ ਸ਼ਬਦ ਬੋਲਿਆ । ਇਸ ਮਗਰੋਂ ਉਹ ਬੀ
ਦੱਖਣ ਵਲ, 30 ਮੀਲ ਦੂਰ, ਇਕ ਟਿੱਲੇ ਤੇ ਰਹਿ
ਅਤੇ ਲੋਕਾਂ ਨੂੰ ਉਪਦੇਸ ਦੇਣ ਲਗਾ । ਭੁੰਬਾ 51
ਉਮਰ ਭੋਗ ਕੇ ਪਰਲੋਕ ਸਿਧਾਰ ਗਿਆ ।
ਦਾਹ-ਸੰਸਕਾਰ ਹਿੰਦੂ ਰੀਤ ਅਨੁਸਾਰ ਕਰਨ ਦੀ
ਦਬਿਆ ਗਿਆ । ਭੁੰਬਾ ਸਾਰੀ ਉਮਰ ਬ੍ਰਹਮਚਾਰੀ
ਭੁੰਬੇ ਦੇ 120 ਸ਼ਬਦ ਮਿਲਦੇ ਹਨ, ਜੋ ਉਸ
ਨਾਲ ਮਿਲਦੀ ਹਿੰਦੀ ਉਪਭਾਖਾ ਵਿਚ ਲਿਖੇ ।
ਇਕ ਪੋਥੀ ਵਿਚ ਅੰਕਿਤ ਹਨ ਜਿਸ ਨੂੰ ਬਿਸ਼
ਪਵਿੱਤਰ ਮੰਨਦੇ ਹਨ ।

ਭੁੰਬੇ ਨੇ ਜੋ 29 ਉਪਦੇਸ਼ ਆਪਣੇ ਅਨੁਯ
ਦਿਤੇ, ਉਹ ਇਸ ਪ੍ਰਕਾਰ ਹਨ :

ਤੀਸ ਦਿਨ ਸੂਤਕ, ਪੰਚ ਰੋਜ਼ ਰਤਵੰਤੀ ਨਾਰ
ਸਵੇਰੇ ਕਰੋ 'ਸ਼ਨਾਨ, ਸੀਲ ਸੰਤੋਖ ਸੁਚ ਪਿਆ
ਪਾਣੀ ਬਾਣੀ, ਈਦ ਨੀ ਇਤਨਾ ਲੀਜਯੋ ਛਾ
ਦਇਆ ਧਰਮ ਹਿਰਦੇ ਧਰੇ ਗੁਰੂ ਬਤਾਈ ਜ
ਚੋਰੀ, ਨਿੰਦਾ, ਝੂਠ, ਲੀਲ (ਨੀਲ) ਦੂਰ ਹੀ
ਮਦੁ ਮਾਸ ਕੋ ਦੇਖ ਕੇ ਦੂਰ ਹੀ ਭਾਗੋ
ਅਗਰ ਰਖਿਓ ਬਟ, ਬੈਲ ਤਣੀ ਨਾ ਬੰਹੇ
ਅਮਸਿਆ ਬਰਤ, ਰੂਖ ਲੀਲੰ ਨਾ ਘਾਉ
ਹੋਮ ਜਪ ਸਮਾਧ ਪੂਜਾ ਬਾਸ ਬੈਕੁੰਠੀ ਪਾਓ
ਓਨਤੀਸ ਧਰਮ ਕੀ ਅੱਖਰੀ, ਗੁਰੂ ਬਤਾਈ
ਪਾਹੁਲ ਦਿਓ ਪਰ ਚਵਿਆਂ (ਬਚਿਆਂ)
ਜਿਸਕੋ ਨਾਮ ਬਿਸ਼ਨੋਈ ਹੋਇ ।

ਬਿਸ਼ਨੋਈ ਮਾਸ ਨਹੀਂ ਖਾਂਦੇ ਤੇ ਨਾ ਹੀ ਤੰ
ਹਨ । ਉਹ ਜੀਅ ਘਾਤ ਨਹੀਂ ਕਰਦੇ । ਕਬੂਤਰ
ਪੰਛੀਆਂ ਲਈ ਬਾਜਰਾ ਤੇ ਮੋਠ ਆਦਿ ਬਿਖੇਰ
ਹਨ । ਮੱਸਿਆ ਨੂੰ ਵਰਤ ਰਖਦੇ ਤੇ ਕੋਈ
ਕਰਦੇ । ਸੰਗਰਾਂਦ ਵਾਲੇ ਦਿਨ ਮਰਦ ਹਲ ਨਹ
ਤੇ ਤੀਵੀਆਂ ਚਰਖਾ ਨਹੀਂ ਕਤਦੀਆਂ । ਬਿਸ਼ਨੋ
ਸਿਰ ਮੁੰਨਦੇ ਹਨ ਤੇ ਚੋਟੀ ਨਹੀਂ ਰਖਦੇ, ਉਹ
ਵਾਂਗ ਮ੍ਰਿਤਕਾਂ ਦਾ ਦਾਹ-ਸੰਸਕਾਰ ਨਹੀਂ ਕਰਦੇ
ਨੂੰ ਧਰਤੀ ਵਿਚ ਦਬਦੇ ਹਨ । ਮੁਰਦੇ ਉਸ

ਬਹੁਤ ਮੰਨਦੇ ਹਨ। ਇਨ੍ਹਾਂ ਬਾਰੇ ਕਹਾਵਤ ਹੈ ਕਿ ਜੇ ਕਿਸੇ ਬਿਸ਼ਨੋਈ ਦੀ ਰੋਟੀ 20 ਊਠਾਂ ਦੇ ਕਾਫ਼ਲੇ ਦੇ ਪਹਿਲੇ ਊਠ ਉੱਤੇ ਹੋਵੇ ਅਤੇ ਜੇ ਅਖੀਰਲੇ ਊਠ ਨੂੰ ਕੋਈ ਅਛੂਤ ਛੂਹ ਜਾਵੇ ਤਾਂ ਪਹਿਲੇ ਊਠ ਤੇ ਪਈ ਰੋਟੀ ਤਕ ਭਿੱਟ ਜਾਂਦੀ ਹੈ ਤੇ ਬਿਸ਼ਨੋਈ ਉਹ ਰੋਟੀ ਨਹੀਂ ਖਾਂਦਾ।

ਬਿਸ਼ਨੋਈ ਵਿਚ ਪਾਹੁਲ ਛਕਣਾ ਜ਼ਰੂਰੀ ਹੈ। ਪਾਹੁਲ ਦੀ ਰਸਮ ਇਸ ਤਰ੍ਹਾਂ ਕੀਤੀ ਜਾਂਦੀ ਹੈ: ਬਿਸ਼ਨੋਈਆਂ ਦੇ ਕੁਝ ਪੰਚ ਇਕਠੇ ਹੁੰਦੇ ਹਨ। ਉਨ੍ਹਾਂ ਦੇ ਸਾਹਮਣੇ ਸਾਧ (ਬਿਸ਼ਨੋਈ ਪੁਜਾਰੀ) ਹਵਨ ਕਰਕੇ, ਪਾਹੁਲ ਲੈਣ ਵਾਲੇ ਨੂੰ, ਇਸ ਮਤ ਦੇ ਮੁਖੀ ਸਿਧਾਂਤ ਦਸਦਾ ਹੈ। ਫਿਰ ਉਹ ਕੋਰੇ ਘੜੇ ਵਿਚੋਂ ਥੋੜਾ ਜਿਹਾ ਪਾਣੀ ਲੈਕੇ ਉਸ ਤੇ ਬਿਸ਼ਨੋ-ਗਾਇਤ੍ਰੀ ਪੜ੍ਹਦਾ ਹੈ, ਨਾਲ ਹੀ ਮਾਲਾ ਫੇਰਦਾ ਹੈ। ਫਿਰ ਪੰਚਾਂ ਤੋਂ ਆਗਿਆ ਲੈ ਕੇ ਸਾਧ ਇਹ ਜਲ ਤਿੰਨ ਵਾਰ ਪਾਹੁਲ ਲੈਣ ਵਾਲੇ ਸ਼ਖ਼ਸ ਦੀ ਬੁਕ ਵਿਚ ਪਾਉਂਦਾ ਹੈ, ਜੋ ਪੀ ਲੈਂਦਾ ਹੈ। ਫਿਰ ਪਾਹੁਲ ਲੈਣ ਵਾਲੇ ਦੀ ਚੋਟੀ ਕਟ ਦਿਤੀ ਜਾਂਦੀ ਤੇ ਸਿਰ ਮੁੰਨ ਦਿਤਾ ਜਾਂਦਾ ਹੈ। ਬਿਸ਼ਨੋਈਆਂ ਵਿਚ ਬੋਦੀ ਰੱਖਣ ਦਾ ਰਿਵਾਜ ਨਹੀਂ, ਪਰ ਉਹ ਦਾੜ੍ਹੀ ਰਖਦੇ ਹਨ। ਪਿਉ ਦੇ ਮਰਨ ਉੱਤੇ ਕੇਵਲ ਠੋਡੀ ਮੁੰਨੀ ਜਾਂਦੀ ਹੈ, ਸਾਰੀ ਦਾੜ੍ਹੀ ਨਹੀਂ। ਕਈ ਬਿਸ਼ਨੋਈ ਬੱਚੇ ਦੇ ਜੰਮਣ ਤੋਂ 30 ਦਿਨ ਮਗਰੋਂ ਬੱਚੇ ਨੂੰ ਪਾਹੁਲ ਛਕਾ ਦੇਂਦੇ ਹਨ।

ਬਿਸ਼ਨੋਈ ਆਪਣੀ ਬਰਾਦਰੀ ਵਿਚ ਹੀ ਵਿਆਹ ਕਰਦੇ ਹਨ। ਉਨ੍ਹਾਂ ਦੀਆਂ ਆਪਣੀਆਂ ਵਖਰੀਆਂ ਰਸਮਾਂ ਰੀਤਾਂ ਹਨ। ਉਹ ਅੱਗ ਦੁਆਲੇ ਹਿੰਦੂਆਂ ਵਾਂਗ ਫੇਰੇ ਨਹੀਂ ਲੈਂਦੇ। ਬਿਸ਼ਨੋਈਆਂ ਦੇ ਬ੍ਰਾਹਮਣਾਂ ਦੀ ਥਾਂ ਆਪਣੇ ਪੁਜਾਰੀ ਹਨ ਜੋ ਸਾਧ ਅਖਵਾਉਂਦੇ ਹਨ।

ਬਿਸ਼ਨੋਈ ਹੋਲੀ ਦਾ ਤਿਉਹਾਰ ਵੱਖਰੇ ਢੰਗ ਨਾਲ ਮਨਾਉਂਦੇ ਹਨ। ਹੋਲੀ ਵਾਲੇ ਦਿਨ ਸੂਰਜ ਡੁੱਬਣ ਵੇਲੇ ਵਰਤ ਰਖਦੇ ਹਨ ਜੋ ਅਗਲੇ ਦਿਨ ਦੁਪਹਿਰਾਂ ਵੇਲੇ ਖੋਲ੍ਹਦੇ ਹਨ। ਫਿਰ ਹਰਨਾਕਸ਼ ਤੇ ਪ੍ਰਹਿਲਾਦ ਦੀ ਕਥਾ ਸੁਣਦੇ ਹਨ ਅਤੇ ਪ੍ਰਹਿਲਾਦ ਦੇ ਦੁਖ ਸੁਣ ਕੇ ਸੋਗ ਮਨਾਉਂਦੇ ਹਨ। ਫਿਰ ਹੋਮ ਦੀ ਅਗਨੀ ਜਲਾਂਦੇ ਹਨ ਤੇ ਪਾਵਨ ਜਲ ਪੀਂਦੇ ਹਨ। ਇਸ ਮਗਰੋਂ ਪ੍ਰਹਿਲਾਦ ਦੇ ਅੱਗ ਤੋਂ ਬਚ ਨਿਕਲਣ ਦੀ ਖ਼ੁਸ਼ੀ ਵਿਚ ਗੁੜ ਵੰਡਦੇ ਤੇ ਵਰਤ ਖੋਲ੍ਹਦੇ ਹਨ।

ਬਿਸ਼ਨੋਈ ਤੀਰਥ ਯਾਤ੍ਰਾ ਲਈ ਜੰਭਾ ਜੀ ਦੀ ਸਮਾਧ ਉਤੇ ਜਾਂਦੇ ਹਨ ਜੋ ਬੀਕਾਨੇਰ ਦੇ ਦੱਖਣ ਵਲ ਸਥਿਤ ਹੈ। ਮੰਤ੍ਰਾਂ ਦਾ ਉਚਾਰਨ ਕਰਦੇ ਹਨ। ਪੁਜਾਰੀਆਂ ਨੂੰ ਅ ਹੋਰ ਸਾਮਗਰੀ ਦਾਨ ਦਿਤੀ ਜਾਂਦੀ ਅਤੇ ਪੰਛੀਆਂ ਚੋਗਾ ਬਿਖੇਰਿਆ ਜਾਂਦਾ ਹੈ। ਜੇ ਕਿਸੇ ਬਿਸ਼ਨੋਈ ਜੀਅ ਹੱਤਿਆ ਹੋਈ ਹੋਵੇ ਤਾਂ ਉਸ ਨੂੰ ਇਥੇ ਤਕ ਜਾਂਦਾ ਹੈ।

ਯਾਤ੍ਰਾ ਦਾ ਦੂਜਾ ਸਥਾਨ ਛਮਬੇਲਾ ਹੈ ਜੋ ਜੋ ਵਿਚ ਜਿਥੇ ਚੇਤ ਦੇ ਮਹੀਨੇ ਹਰ ਸਾਲ ਭਾਰੀ ਲਗਦਾ ਹੈ।

## (ਬ-166) ਬਿਸਮਿੱਲਾ :

ਮੁਸਲਮਾਨ ਕਿਸੇ ਕੰਮ ਨੂੰ ਸ਼ੁਰੂ ਕਰਨ ਤੋਂ ਪਹਿ ਅੱਲ੍ਹਾ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ, ਬਿਸਮਿੱਲਾ ਕਹਿ ਹਨ ਜਿਸ ਦੇ ਅਰਥ ਹਨ : ਅੱਲ੍ਹਾ ਦੇ ਨਾਂ ਨਾਲ, ਭਾਵ ਇਹ ਕੰਮ ਅੱਲ੍ਹਾ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ। ਕੁ ਦੀ ਇਕ ਆਇਤ ਦੇ ਆਰੰਭ ਵਿਚ ਬਿਸਮਿੱਲਾ ਆਉਂਦਾ ਹੈ, ਜਿਸ ਦੇ ਅਰਥ ਹਨ 'ਮੈਂ ਅੱਲ੍ਹਾ ਦੇ ਨ ਅਰੰਭ ਕਰਦਾ ਹਾਂ। ਅੱਲ੍ਹਾ ਦਿਆਲੂ ਤੇ ਕ੍ਰਿਪਾਲੂ ਹੈ।'

ਮੁਸਲਮਾਨਾਂ ਦਾ ਅਕੀਦਾ ਹੈ ਕਿ ਬਿਸਮਿੱਲਾ ਕ ਸ਼ੁਰੂ ਕੀਤੇ ਗਏ ਕੰਮ ਵਿਚ ਬਰਕਤ ਪੈਂਦੀ ਹੈ ਤੇ ਖ਼ੁਦ ਉਸ ਕੰਮ ਨੂੰ ਸਿਰੇ ਚਾੜ੍ਹਨ ਵਿਚ ਸਹਾਇਕ ਬਣਦਾ

ਮੁਸਲਮਾਨ ਬਕਰੇ ਜਾਂ ਭੇਡ ਦੀ ਕੁਰਬਾਨੀ ਲਗਿਆਂ ਬਿਸਮਿੱਲਾ ਪੜ੍ਹਦੇ ਹਨ, ਜਿਸ ਕਰ ਕੇ ਹ ਹੋਏ ਬਕਰੇ ਨੂੰ 'ਬਿਸਮਿੱਲਾ' ਕਿਹਾ ਜਾਂਦਾ ਹੈ ( ਹਲਾਲ)।

## (ਬ-167) ਬਿਸਾਖਾ :

ਸਤਾਈ ਨਛੱਤਰਾਂ ਵਿਚੋਂ ਇਕ ਨਛੱਤਰ; ਇਸ ਨ ਦੇ ਨਾਂ ਉਤੇ ਬਿਸਾਖ (ਵਿਸਾਖ) ਮਹੀਨੇ ਦਾ ਨਾਉਂ ਰ ਗਿਆ ਹੈ।

## (ਬ-168) ਬਿਹੰਗਮ :

ਪੰਛੀ ਵਰਗੀ ਬਿਰਤੀ ਵਾਲਾ ਵਿਰਕਤ ਸਾਧੂ; ਬਿ ਸਾਧਾਂ ਸੰਤਾਂ ਦਾ ਕੋਈ ਘਰ ਟਿਕਾਣਾ ਨਹੀਂ ਹੁੰਦਾ ਅਤੇ ਮੋਹ ਮਾਇਆ ਤੋਂ ਨਿਰਲੇਪ ਰਹਿੰਦੇ ਹਨ।

ਸਿੱਖਾਂ ਵਿਚ ਬਿਹੰਗਮ ਸੰਤਾਂ ਦੇ ਕੁਝ ਜੱਥੇ

ਇਹ ਆਪਣਾ ਘਰ ਬਾਹਰ ਛੱਡ ਕੇ ਮਸਤੂਆਣੇ ਦੀ ਬੀੜ ਵਿਚ ਹੋਸਾਂ ਦੇ ਦਰਖ਼ਤਾਂ ਹੇਠ ਰਹਿਣ ਲਗੇ, ਪਿਛੋਂ ਇਨ੍ਹਾਂ ਦੇ ਪਿੰਡ ਦੇ 25 ਹੋਰ ਸਾਥੀ ਇਥੇ ਆ ਰਹੇ ਤੇ ਉਹ ਸਾਰੇ ਬਿਹੰਗਮੀ ਹੋ ਗਏ। ਸੰਤ ਅਤਰ ਸਿੰਘ ਦੇ ਸਮੇਂ ਬਿਹੰਗਮਾਂ ਦੀ ਗਿਣਤੀ ਹੋਰ ਵਧਦੀ ਗਈ।

ਕੁਝ ਬਿਹੰਗਮ ਅਜਿਹੇ ਵੀ ਹਨ, ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਗੁਰਦਵਾਰਾ ਅੰਗੀਠਾ ਸਾਹਿਬ ਭੇਟ ਵਜੋਂ ਚੜ੍ਹਾ ਗਏ ਸਨ। ਜਿਹੜਾ ਬੱਚਾ ਸਖ਼ਤ ਬੀਮਾਰ ਹੋਵੇ ਤੇ ਬਚਣ ਦੀ ਆਸ ਨਾ ਰਹੇ, ਉਸ ਨੂੰ ਕਈ ਮਾਪੇ ਗੁਰੂ ਦੀ ਭੇਟ ਚੜ੍ਹਾ ਦੇਣ ਦੀ ਸੁਖਣਾ ਸੁਖਦੇ ਹਨ ਤੇ ਰਾਜ਼ੀ ਹੋਣ ਤੇ ਚੜ੍ਹਾਵੇ ਵਾਂਗ ਗੁਰਦਵਾਰੇ ਚੜ੍ਹਾ ਜਾਂਦੇ ਹਨ। ਫਿਰ ਮਾਪਿਆਂ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਰਹਿੰਦਾ।

(ਬ-169) **ਬਿਹਾ** :

ਕਰਵਾ ਚੌਥ ਨੂੰ ਵਰਤ ਰਖਣ ਵਾਲੀਆਂ ਸੁਹਾਗਣਾਂ ਦੁਪਹਿਰਾਂ ਢਲਣ ਵੇਲੇ 'ਬਿਹਾ' ਪੂਜਦੀਆਂ ਤੇ ਇਹ ਬਿਹਾ ਸੱਸ ਨੂੰ ਭੇਟ ਕਰਦੀਆਂ ਹਨ। ਬਿਹਾ ਵਿਚ ਬਦਾਮ, ਨਾਰੀਅਲ, ਛੁਹਾਰੇ, ਟਿੱਕੀਆਂ, ਕੁਝ ਫਲ ਤੇ ਨਕਦ ਰੁਪਏ ਹੁੰਦੇ ਅਤੇ ਕਈ ਨਵੇਂ ਬਸਤ੍ਰ ਵੀ ਨਾਲ ਦਿਤੇ ਜਾਂਦੇ ਹਨ।

(ਬ-170) **ਬਿਹਿੰਦਾ** :

ਇਕ ਰਸਮ, ਜਿਸ ਵਜੋਂ ਮਾਘ ਦੇ ਮਹੀਨੇ ਔਰਤਾਂ ਨੂੰ ਲੰਘਦੇ ਜਾਂਦੇ ਕੋਲੋਂ ਕੁਝ ਮੰਗ ਲੈਣ ਦੀ ਖੁਲ੍ਹ ਹੁੰਦੀ ਹੈ (ਪੰਜਾਬੀ ਕੋਸ਼ 4 394)।

(ਬ-171) **ਬਿਕਰਮੀ ਸੰਮਤ** :

ਇਕ ਦੇਸੀ ਸੰਮਤ ਜਿਸ ਦਾ ਮੁੱਢ ਹਜ਼ਰਤ ਈਸਾ ਤੋਂ 57 ਵਰ੍ਹੇ ਪਹਿਲਾਂ ਬਝਿਆ। ਇਸ ਸੰਮਤ ਦੇ ਮੁੱਢ ਬਾਰੇ ਇਤਿਹਾਸਕਾਰ ਇਕ ਮਤ ਨਹੀਂ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਸ ਸੰਮਤ ਦਾ ਮੁੱਢ ਮਾਲਵ ਜਾਤੀ ਤੋਂ ਮਾਲਵੇ ਵਿਚ ਬਝਿਆ। ਧਾਰਨਾ ਹੈ ਕਿ ਇਹ ਸੰਮਤ ਮਾਲਵ ਜਾਤੀ ਨੇ, ਅਵੰਤੀ ਦੇਸ਼ ਦੀ ਵਿਜੈ ਦੀ ਖ਼ੁਸ਼ੀ ਵਿਚ ਚਲਾਇਆ। ਵਿਦਵਾਨਾਂ ਦਾ ਮਤ ਹੈ ਕਿ ਸੰਮਤ 897 ਤਕ, ਇਸ ਸੰਮਤ ਦਾ ਨਾਉਂ ਮਾਲਵ ਸੰਮਤ ਹੀ ਰਿਹਾ, ਹੌਲੇ ਹੌਲੇ

ਮਾਲਵ ਸੰਮਤ ਵਿਚ 56 ਵਰਸ਼ ਜੋੜ ਕੇ ਉਸੇ ਨੂੰ
ਦਾ ਪੁਰਾਣਾ ਘੋਸ਼ਿਤ ਕਰ ਦਿਤਾ। ਨਾਲ ਹੀ
ਬਦਲ ਕੇ ਮਾਲਵ ਸੰਮਤ ਦੀ ਥਾਂ ਤੇ ਬਿਕਰਮ
ਦਿਤਾ। ਪਰ ਕੁਝ ਹੋਰ ਵਿਦਵਾਨ ਇਸ ਨਾਲ
ਨਹੀਂ। ਇਕ ਤਾਂ ਯਸ਼ੋਧਰਮਾ ਦੇ ਵਿਕਰਮਾ
ਉਪਾਧੀ ਗ੍ਰਹਿਣ ਕਰਨ ਦਾ ਜ਼ਿਕਰ ਕਿਧਰੇ ਨਹੀਂ
ਦੂਜਾ ਇਕ ਪ੍ਰਤਾਪੀ ਰਾਜਾ ਆਪਣਾ ਨਵਾਂ
ਚਲਾ ਕੇ, ਦੂਜੇ ਦੇ ਚਲਾਏ ਸੰਮਤ ਦਾ ਨਾਂ
ਨਾਲ ਹੀ 57 ਵਰ੍ਹੇ ਜੋੜ ਕੇ 601 ਵਰ੍ਹੇ ਦਾ ਪੁ
ਸਿਧ ਕਰਨ ਦੀ ਚੇਸ਼ਟਾ ਕਰੇ, ਇਹ ਸੰਭਵ ਪ੍ਰ
ਹੁੰਦਾ। ਤੀਜਾ, ਸੀ. ਵੀ. ਵੈਦਯ ਨੇ ਅਲਬਰੂਨੀ
ਤੇ ਕਹਿਰੋੜ ਦੇ ਯੁਧ ਦਾ ਈਸਵੀ ਸੰਨ 544
ਸੰਮਤ 601) ਤੋਂ ਬਹੁਤ ਪਹਿਲਾਂ ਹੋਣਾ ਸਿਧ
ਥੀ. ਏ. ਸਮਿਥ ਵੀ ਇਸ ਘਟਨਾ ਦਾ ਸਮਾਂ 528
ਨੇੜੇ ਮੰਨਦੇ ਹਨ।

ਡਾਕਟਰ ਫਲੀਟ ਕਨਿਸ਼ਕ ਨੂੰ ਬਿਕਰਮੀ
ਮੋਢੀ ਮੰਨਦਾ ਹੈ। ਪਰ ਇਹ ਗੱਲ ਵੀ ਤਾਂ ਅਨੁਮਾ

ਥੀ. ਏ. ਸਮਿਥ ਤੇ ਸਰ ਭੰਡਾਰਕਰ ਦਾ ਅਨੁਮ
ਗੁਪਤ ਵੰਸ਼ੀ ਚੰਦਰਗੁਪਤ ਦੂਜਾ ਨੇ, ਜਿਸ ਦ
ਵਿਕਰਮਾਦਿਤਯ ਸੀ, ਇਸ ਮਾਲਵ ਸੰਮਤ ਦਾ ਨਾਂ
ਬਿਕਰਮ ਸੰਮਤ ਰਖ ਦਿਤਾ ਸੀ। ਪਰ ਇਹ
ਠੀਕ ਨਹੀਂ, ਇਕ ਤਾਂ ਚੰਦਰਗੁਪਤ ਦੇ ਪੁਰਵਜਾਂ
ਚਲਾਇਆ ਸੰਮਤ ਉਸ ਸਮੇਂ ਤੇ ਉਸ ਤੋਂ ਬਾਅਦ
ਪ੍ਰਚਲਤ ਸੀ, ਦੂਜਾ ਚੰਦਰਗੁਪਤ ਦੂਜੇ ਦੇ ਮ
ਲਗਪਗ ਚਾਰ ਸੌ ਵਰ੍ਹੇ ਤਕ ਬਿਕਰਮ ਸੰਮਤ ਦਾ ਨ
ਸੰਮਤ ਹੀ ਲਿਖਿਆ ਜਾਂਦਾ ਸੀ।

ਫਿਰ ਚੰਦਰਗੁਪਤ ਦੂਜਾ ਵੀ ਪਹਿਲਾ ਬਿਕਰ
ਨਹੀਂ ਸੀ, ਇਸ ਤੋਂ ਪਹਿਲਾਂ ਵੀ ਬਿਕਰਮਾਦਿ
ਉਪਾਧੀ ਗ੍ਰਹਿਣ ਕੀਤੀ ਗਈ। 'ਬ੍ਰਿਹਤ ਕਥਾ' 'ਚ
ਰਾਜੇ ਬਿਕਰਮ ਸਿੰਘ ਦਾ ਉਲੇਖ ਹੈ। ਕਲਹਣ
ਰਾਜ-ਤਰੰਗਨੀ ਵਿਚ ਵੀ ਬਿਕ੍ਰਮਾਦਿਤਯ ਦ
ਮਿਲਦਾ ਹੈ।

ਇਤਿਹਾਸ ਦਸਦਾ ਹੈ ਕਿ ਸ਼ਕ ਲੋਕ ਈਸਵੀ
150 ਸਾਲ (ਬਿਕਰਮੀ ਸੰਮਤ ਤੋਂ 93 ਸਾਲ)

ਵਿਚ ਸੰਭਵ ਹੈ ਕਿ ਸਕਾਂ ਦੀ ਉਸ ਸ਼ਾਖ ਦੇ ਰਾਜ ਦੀ ਸਥਾਪਤੀ ਮਾਲਵਾ ਦੇ ਰਾਜੇ ਬਿਕਰਮਾਦਿਤਯ ਨੇ ਹੀ ਕੀਤੀ ਹੋਵੇ। ਤੇ ਉਸਦੀ ਯਾਦਗਾਰ ਵਿਚ ਆਪਣਾ ਨਵਾਂ ਸੰਮਤ ਚਲਾਇਆ ਹੋਵੇ, ਹੋ ਸਕਦਾ ਹੈ ਕਿ ਬਿਕਰਮਾਦਿਤਯ ਮਾਲਵਾ ਗਣਰਾਜ ਦਾ ਮੁਖੀਆ ਹੋਵੇ ਤੇ ਉਸ ਦਾ ਚਲਾਇਆ ਸੰਮਤ ਪਹਿਲਾਂ ਪਹਿਲ ਮਾਲਵ ਤੇ ਬਿਕਰਮ ਦੋਹਾਂ ਨਾਵਾਂ ਨਾਲ ਪ੍ਰਸਿਧ ਰਿਹਾ ਹੋਵੇ, ਪਰ ਮਗਰੋਂ ਸਮੇਂ ਦੇ ਬੀਤਣ ਨਾਲ ਮਾਲਵ ਜਾਤੀ ਦਾ ਪ੍ਰਭਾਵ ਘਟ ਜਾਣ ਤੇ, ਦੰਦ-ਕਥਾਵਾਂ ਕਾਰਨ ਬਿਕਰਮ ਦਾ ਜਸ ਫੈਲ ਜਾਣ ਨਾਲ ਲੋਕਾਂ ਇਸ ਸੰਮਤ ਨੂੰ ਮਾਲਵ ਦੀ ਥਾਂ ਬਿਕਰਮ ਸੰਮਤ ਕਹਿਣਾ ਉਚਿਤ ਸਮਝਿਆ ਹੋਵੇ। ਪਰ ਇਸ ਸਬੰਧ ਵਿਚ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਉੱਤਰੀ ਭਾਰਤ ਵਿਚ ਇਸ ਸੰਮਤ ਦਾ ਆਰੰਭ ਚੇਤ ਸੁਦੀ ਏਕਮ ਨੂੰ ਹੁੰਦਾ ਹੈ, ਪਰ ਦੱਖਣੀ ਭਾਰਤ ਵਿਚ ਕੱਤਕ ਸੁਦੀ ਏਕਮ ਨੂੰ। ਇਸ ਤਰ੍ਹਾਂ, ਉਤਰੀ ਭਾਰਤ ਵਿਚ ਦੱਖਣੀ ਭਾਰਤ ਨਾਲੋਂ ਸਤ ਮਹੀਨੇ ਪਹਿਲਾਂ ਨਵਾਂ ਬਿਕਰਮੀ ਸੰਮਤ ਸ਼ੁਰੂ ਹੋ ਜਾਂਦਾ ਹੈ। ਇਸੇ ਤਰ੍ਹਾਂ ਉਤਰੀ ਭਾਰਤ ਵਿਚ ਇਸ ਦੇ ਮਹੀਨਿਆਂ ਦਾ ਪ੍ਰਾਰੰਭ ਹਨੇਰੇ ਪੱਖ ਦੀ ਪਹਿਲੀ ਤੋਂ ਹੋ ਕੇ ਉਸ ਦਾ ਅੰਤ ਚਾਨਣ ਪੱਖ ਦੀ 15ਵੀਂ ਨੂੰ ਹੁੰਦਾ ਹੈ, ਪਰੰਤੂ ਦੱਖਣੀ ਭਾਰਤ ਵਿਚ ਮਹੀਨਿਆਂ ਦਾ ਆਰੰਭ ਚਾਨਣ ਪੱਖ ਦੀ ਪਹਿਲੀ ਨੂੰ ਤੇ ਅੰਤ ਕ੍ਰਿਸ਼ਣਾ ਪੱਖ ਦੀ 30 ਨੂੰ ਮੰਨਿਆ ਜਾਂਦਾ ਹੈ। ਇਸੇ ਤੋਂ ਉਤਰੀ ਭਾਰਤ ਦੇ ਮਹੀਨੇ ਪੂਰਣਮਾਨਤ ਤੇ ਦੱਖਣੀ ਭਾਰਤ ਦੇ ਅਮਾਨਤ ਅਖਵਾਂਦੇ ਹਨ।

ਇਸ ਤੋਂ ਬਿਨਾਂ ਦੋਹਾਂ ਸਥਾਨਾਂ ਦੇ ਹਰੇਕ ਮਹੀਨੇ ਦਾ ਚਾਨਣ ਪੱਖ ਇਕ ਹੀ ਰਹਿੰਦਾ ਹੈ, ਪਰੰਤੂ ਉਤਰੀ ਭਾਰਤ ਦਾ ਹਨੇਰਾ ਪੱਖ ਦੱਖਣੀ ਭਾਰਤ ਦੇ ਹਨੇਰੇ ਪੱਖ ਤੋਂ ਇਕ ਮਹੀਨਾ ਪੂਰਵ ਆ ਜਾਂਦਾ ਹੈ। ਅਥਵਾ ਜਦੋਂ ਉਤਰੀ ਭਾਰਤ ਵਾਲਿਆਂ ਦਾ ਵਿਸਾਖ ਵਦੀ (ਹਨੇਰਾ ਪੱਖ) ਹੁੰਦਾ ਹੈ ਤਾਂ ਦੱਖਣੀ ਭਾਰਤ ਵਾਲਿਆਂ ਦਾ ਚੇਤ ਵਦੀ ਹੁੰਦੀ ਹੈ ਪਰ ਦੱਖਣੀ ਭਾਰਤ ਵਿਚ ਮਹੀਨੇ ਦਾ ਆਰੰਭ ਚਾਨਣ ਪੱਖ ਦੀ ਏਕਮ ਨੂੰ ਮੰਨਣ ਕਾਰਨ ਚਾਨਣ ਪੱਖ ਵਿਚ ਦੋਹਾਂ ਸੰਮਤਾਂ ਦੀ ਵਿਸਾਖ ਸੁਦੀ ਆ ਜਾਂਦੀ ਹੈ।

ਰਾਜਪੂਤਾਨੇ ਤੇ ਉਦੇਪੁਰ ਵਿਚ ਬਿਕਰਮ ਸੰਮਤ ਦਾ ਆਰੰਭ ਸਾਵਣ ਵਦੀ ਪਹਿਲੀ ਤੋਂ ਮੰਨਿਆ ਜਾਂਦਾ ਹੈ।

ਇਹ ਪ੍ਰਥਾ ਅੰਗਰੇਜ਼ੀ ਰਾਜ ਦੇ ਆਰੰਭ ਤਕ ਜਾਰੀ
ਕਾਂਗੜੇ ਵਿਚ ਬਿਗਾਰ ਦੀ ਪ੍ਰਥਾ ਬਾਰੇ ਮਿਸਟਰ
ਲਿਖਦਾ ਹੈ: ਪਹਾੜਾਂ ਵਿਚ ਆਵਾਜਾਈ ਦੇ ਸਾਧਨ
ਹੁੰਦੇ ਅਤੇ ਢੋ-ਢਵਾਈ ਦਾ ਕੰਮ ਪਸ਼ੂਆਂ, ਊਠਾਂ,
ਤੇ ਦਾਂਦਾਂ ਦੀ ਪਿੱਠ ਉਤੇ ਮਾਲ ਲਦ ਕੇ ਕੀਤਾ ਜਾਂ
ਆਮ ਸਾਧਾਰਨ ਢੋ-ਢੁਆਈ ਦਾ ਕੰਮ ਪਹਾੜੀਏ ਪਿੱ
ਭਾਰ ਲਦ ਕੇ ਕਰਦੇ ਹਨ। ਇਸ ਲੋੜ ਨੂੰ ਮੁਖ ਰ
ਕਾਂਗੜੇ ਦੇ ਪਹਾੜੀ ਇਲਾਕੇ ਵਿਚ ਰਿਵਾਜ ਪੈ ਗਿ
ਸਭ ਕਾਸ਼ਤਕਾਰ ਤੇ ਕਿਸਾਨ ਖੇਤਾਂ ਵਿਚ ਕੰਮ ਕਰ
ਕੁਝ ਮੁਜ਼ਾਰੇ, ਰਾਜੇ ਦੇ ਕੰਮ ਲਈ ਸਮਾਂ ਦੇਣ। ਇਹ
ਪ੍ਰਾਚੀਨ ਕਾਲ ਤੋਂ ਚਲਿਆ ਆ ਰਿਹਾ ਹੈ। ਇਥੋਂ ਤ
ਤੋਂ ਬਾਹਰ ਕੰਮ ਕਰਨ ਵਾਲੇ ਮਜ਼ਦੂਰ ਵੀ, ਆਪਣ
ਸਮਾਂ ਰਾਜੇ ਦੀ ਬਿਗਾਰ ਕਰਦੇ ਸਨ। ਬ੍ਰਾਹਮਣ ਤੇ 
ਜਾਤੀਆਂ ਦੇ ਲੋਕ ਇਸ ਬਿਗਾਰ ਤੋਂ ਮੁਕਤ ਸਨ।

ਕਾਂਗੜੇ ਵਿਚ ਬਿਗਾਰ ਕਈ ਕਿਸਮਾਂ ਦੀ ਸੀ
ਤੋਂ ਨੀਵੇਂ ਦਰਜੇ ਦੀ ਬਿਗਾਰ 'ਪੰਡ ਬਿਗਾਰ' ਅਖਵ
ਜਿਸ ਦਾ ਅਰਥ ਹੈ: ਭਾਰ ਢੋਣ ਦੀ ਬਿਗਾਰ। ਖੇ
ਕੰਮ ਕਰਨ ਵਾਲੀਆਂ ਉਨ੍ਹਾਂ ਜਾਤੀਆਂ ਨੂੰ, ਜੋ ਜਨੇਊ
ਸਨ ਪਹਿਨਦੀਆਂ, ਉਨ੍ਹਾਂ ਨੂੰ ਇਹ ਬਿਗਾਰ
ਪੈਂਦੀ।

ਦੂਜੀ ਬਿਗਾਰ ਸਤਬਾਹਕ ਅਖਵਾਉਂਦੀ ਜਿਸ
ਕਿਸੇ ਸੁਨੇਹੇ, ਚਿੱਠੀ ਜਾਂ ਵਸਤੂ ਨੂੰ ਇਕ ਸਥਾਨ ਤੋ
ਥਾਂ ਪਹੁੰਚਾਣਾ ਹੁੰਦਾ। ਇਹ ਕੰਮ ਇਕ ਤਾਂ ਜ਼ਿਆਦ
ਹੁੰਦਾ ਤੇ ਦੂਜਾ ਇਹ ਕੰਮ ਨੀਵਾਂ ਨਹੀਂ ਸੀ ਗਿਣਿਆ
ਇਹ ਬਿਗਾਰ ਖੇਤਾਂ ਵਿਚ ਕੰਮ ਕਰਨ ਵਾਲੇ ਉਨ੍ਹਾਂ
ਤੋਂ ਕਰਵਾਈ ਜਾਂਦੀ, ਜੋ ਕਦੇ ਜਨੇਊ ਪਹਿਨਦੇ ਸਨ

ਤੀਜੀ ਤਰ੍ਹਾਂ ਦੀ ਬਿਗਾਰ, ਕੈਂਪ ਲਈ, ਲਕ
ਘਾਹ ਪਹੁੰਚਾਣ ਦੀ ਸੀ ਤੇ ਇਹ ਬਿਗਾਰ ਚਮਾਰ ਤੇ
ਜਾਤੀਆਂ ਤੋਂ ਕਰਵਾਈ ਜਾਂਦੀ।

(ਬ-173) **ਬਿਚੀ**:

ਗੁਲੀ ਡੰਡੇ ਦੀ ਖੇਡ ਵਿਚ, ਡੰਡੇ ਉਤੇ ਗੁਲੀ ਨੂੰ
ਵਾਂਗ ਉਛਾਲਣ ਦੀ ਕਿਰਿਆ; ਗੁਲੀ ਦੇ ਇਕ
ਉਛਾਲਣ ਨੂੰ, ਇਕ ਬਿਚੀ ਕਹਿੰਦੇ ਹਨ। ਵਾਰੀ

ਝਾੜਾ ਕਰਦੇ ਹਨ । ਹੇਠਾਂ ਅਠੂਏਂ ਦੇ ਡੰਗੇ ਦਾ ਮੰਤਰ ਦਿਤਾ ਜਾਂਦਾ ਹੈ :

ਕਾਲਾ ਬਿਛੂਵਾ, ਕੰਕਰ ਵਾਲਾ
ਡੰਗੋਂ ਪੁਠਾ ਪੂਛਲੋਂ ਕਾਲਾ
ਸੋਨੇ ਦੀ ਗੜਵੀ, ਰੁਪੇ ਦਾ ਪਰਨਾਲਾ
ਫ਼ਿਤ ਵੇ ਬਿਛੂਵੇ ਫ਼ਿਤ
ਆਇਆ ਗੁੱਗੇ ਦਾ ਸਾਲਾ ।

ਬਹਾਵਲਪੁਰ ਦੇ ਇਲਾਕੇ 'ਉਚ' ਵਿਚ, ਖੇਤਰਪਾਲਾ ਜੀ ਦਾ ਇਕ ਮੰਦਰ ਹੈ ਜਿਥੇ ਬਿੱਛੂ ਦੇ ਡੰਗੇ ਦਾ ਇਲਾਜ ਦੂਰੋਂ ਦੂਰੋਂ ਲੋਕ ਕਰਵਾਉਣ ਆਉਂਦੇ ਹਨ । ਰੋਗੀ ਨੂੰ ਇਥੇ ਲਿਆਉਣ ਦੀ ਲੋੜ ਨਹੀਂ ਹੁੰਦੀ । ਉਸ ਦਾ ਕੋਈ ਮੁਖਤਾਰ ਅਥਵਾ ਅੰਗ ਸਾਕ ਇਥੇ ਮੰਦਰ ਵਿਚ ਆਉਂਦਾ ਤੇ ਮੰਦਰ ਵਿਚ ਝਾੜਾ ਕਰਨ ਵਾਲਾ ਚੇਲਾ ਮੰਤ੍ਰਾਂ ਦਾ ਉਚਾਰਨ ਕਰਦਿਆਂ ਨਿਰਮਲ ਜਲ ਵਿਚ ਫੂਕਾਂ ਮਾਰਦਾ ਤੇ ਇਹ ਜਲ ਰੋਗੀ ਵਲੋਂ ਆਏ ਪ੍ਰਤੀਨਿਧੀ ਨੂੰ ਪਿਲਾ ਦਿਤਾ ਜਾਂਦਾ । ਰੋਗੀ ਘਰ ਬੈਠਿਆਂ ਹੀ ਨਰੋਆ ਹੋ ਜਾਂਦਾ । ਦੇਸ਼ ਵੰਡ ਤੋਂ ਪਹਿਲਾਂ ਇਹ ਮੰਦਰ 'ਪਕੜ' ਤੇ 'ਡੰਗੇ' ਦੇ ਰੋਗਾਂ ਦੇ ਇਲਾਜ ਲਈ ਬੜਾ ਪ੍ਰਸਿਧ ਸੀ । ਅਠੂਏਂ ਦਾ ਮੰਤਰ ਜੋ ਚੇਲਾ ਪੜ੍ਹਦਾ ਉਹ ਇਸ ਪ੍ਰਕਾਰ ਹੈ :

ਇਸਮੂੰ, ਨਿਸਮੂੰ, ਕਾਕੜ ਡੰਗਿਆ
ਉਹ ਕਾਕੜਾ ਮਰ ਜਾਏਗਾ
ਅਟਡੰਗੇ ਜੋ ਪਾਣੀ ਪਿਲਾਊਂਗਾ
ਡੰਗਾ ਬਚ ਜਾਏਗਾ ।

ਇਧਰਲੇ ਪੰਜਾਬ ਵਿਚ ਵੈਸੇ ਤਾਂ ਅਨੇਕ ਥਾਈਂ ਜ਼ਹਿਰੀਲੇ ਕੀੜਿਆਂ ਦੇ ਕਟੇ ਦਾ ਇਲਾਜ ਮੰਤ੍ਰਾਂ ਨਾਲ ਹੁੰਦਾ ਹੈ, ਪਰ ਵਡਭਾਗ ਸਿੰਘ ਦੇ ਡੇਰੇ ਕੀੜਿਆਂ ਤੋਂ ਇਲਾਵਾ ਪ੍ਰੇਤ ਕਢਣ ਦਾ ਵੀ ਦਾਅਵਾ ਕਰਦੇ ਹਨ ।

(ਬ-175) **ਬਿਛੂਆ** :

(ੳ) ਇਕ ਗਹਿਣਾ ਜੋ ਪੈਰ ਦੇ ਅੰਗੂਠੇ ਵਿਚ ਪਾਇਆ ਜਾਂਦਾ ਹੈ ।

(ਅ) ਪੈਰ ਦੀਆਂ ਉਂਗਲਾਂ ਵਿਚ ਪਹਿਨਣ ਵਾਲਾ ਇਕ ਗਹਿਣਾ ਜਿਸ ਨਾਲ ਛੋਟੇ ਛੋਟੇ ਘੁੰਘਰੂ ਲਗੇ ਹੁੰਦੇ ਹਨ । ਇਹ ਸੋਨੇ ਤੇ ਚਾਂਦੀ ਦੋਹਾਂ ਧਾਤਾਂ ਦੇ ਬਣੇ ਮਿਲਦੇ ਹਨ ।

(ਬ-176) **ਬਿਜਲੀ** :

ਅਸਮਾਨ ਵਿਚ ਗਰਜਣ ਤੇ ਚਕਾਚੂੰਦ ਪੈਦਾ ਵਾਲੀ ਬਿਜਲੀ ਬਾਰੇ ਕਈ ਤਰ੍ਹਾਂ ਦੀਆਂ ਕਥਾਵਾਂ, ਤੇ ਵਿਚਾਰ ਪ੍ਰਚਲਤ ਹਨ । ਇਕ ਮਨੌਤ ਅਨੁਸਾਰ ਆਸ ਵਿਚ ਗਰਜ ਉਦੋਂ ਹੁੰਦੀ ਹੈ, ਜਦੋਂ ਭਗਵਾਨ ਰੱਥ ਬੈਠ ਕੇ, ਸਵਰਗ ਲੋਕ ਵਿਚ ਘੁੰਮਦੇ ਹਨ, ਬਿਜਲੀ ਦੇ ਰੱਥ ਦੇ ਨੂਰੀ ਪਹੀਏ ਹਨ, ਜੋ ਕਦੇ ਕਿਧਰੇ ਤੇ ਕਿਧਰੇ ਘੜੀ ਪਲ ਲਈ ਵਿਖਾਈ ਦੇ ਕੇ ਅਲੋਪ ਜਾਂਦੇ ਹਨ ।

ਇਕ ਮਿਥਕ ਕਥਾ ਅਨੁਸਾਰ ਬਿਜਲੀ ਯਸ਼ੋਧਰਾ ਬੱਚੀ ਦਾ ਦੇਵੀ ਸਰੂਪ, ਜੋ ਯੋਗ ਮਾਇਆ ਦਾ ਅਵ ਸੀ ਤੇ ਜਿਸ ਨੂੰ ਕੰਸ ਨੇ ਦੇਵਕੀ ਦੀ ਧੀ ਸਮਝ ਕੇ ਨਾਲ ਪਟਕਾ ਕੇ ਮਾਰ ਦਿਤਾ ਸੀ । ਕੰਸ ਨੂੰ ਰਤੀ ਭਰ ਸੰਦੇਹ ਨਹੀਂ ਸੀ ਕਿ ਵਾਸੁਦੇਵ ਕ੍ਰਿਸ਼ਨ ਨੂੰ ਰਾਤੋ ਯਸ਼ੋਧਰਾ ਦੀ ਬੱਚੀ ਨਾਲ ਵਟਾ ਲਿਆਇਆ ਹੈ । ਯਸ਼ੋ ਦੀ ਬੱਚੀ ਪੱਥਰ ਨਾਲ ਟਕਰਾਂਦਿਆਂ ਸਾਰ, ਅਕਾਸ਼ ਮੰ ਵਿਚ, ਬਿਜਲੀ ਦਾ ਰੂਪ ਧਾਰ ਕੇ ਅਲੋਪ ਹੋ ਗਈ ਸਮੇਂ ਸਮੇਂ ਬੱਦਲਾਂ ਦੇ ਨਾਲ ਪ੍ਰਗਟ ਹੋਣ ਲਗੀ ।

ਕਿਉਂ ਜੋ ਇਹ ਬੱਚੀ ਕ੍ਰਿਸ਼ਨ ਦੇ ਮਾਮੇ ਕੰਸ ਹਥੋਂ ਸੀ, ਇਸ ਲਈ ਲੋਕਾਂ ਦਾ ਨਿਸਚਾ ਬਣ ਗਿਆ ਕਿ ਆਕ ਦੀ ਬਿਜਲੀ ਮਾਮੇ ਭਣੇਵੇਂ ਦੇ ਰਿਸ਼ਤੇ ਦੀ ਵੈਰਨ ਹੈ ਇਨ੍ਹਾਂ ਦੋਹਾਂ ਨੂੰ ਇਕਠਿਆਂ ਵੇਖ ਨਹੀਂ ਸੁਖਾਂਦੀ । ਜ ਬਿਜਲੀ ਅਸਮਾਨ ਵਿਚ ਲਿਸ਼ਕ ਰਹੀ ਹੋਵੇ ਤਾਂ ਮਾਮੇ ਭਣੇ ਦਾ ਇਕੋ ਛਤ ਹੇਠ ਇਕਠਾ ਬੈਠਣਾ ਠੀਕ ਨਹੀਂ ਸਮਝਿ ਜਾਂਦਾ । ਉਨ੍ਹਾਂ ਦੋਹਾਂ ਤੇ ਬਿਜਲੀ ਡਿਗਣ ਦਾ ਡਰ ਹੁੰਦਾ ਹੈ

ਜਦੋਂ ਬਿਜਲੀ ਆਕਾਸ਼ ਵਿਚ ਚਮਕ ਰਹੀ ਹੋਵੇ ਕੈਂਹ ਦੇ ਭਾਂਡੇ ਨੂੰ ਵਿਹੜੇ ਵਿਚ ਨੰਗਾ ਨਹੀਂ ਰਹਿਣ ਦੇ ਚਾਹੀਦਾ । ਕੈਂਹ ਦੇ ਭਾਂਡੇ ਨਾਲ ਬਿਜਲੀ ਦਾ ਸਖ਼ਤ ਵੈਰ ਕਿਉਂ ਜੋ ਇਸ ਧਾਤ ਦਾ ਨਾਉਂ ਬਿਜਲੀ ਦੇ ਵੈਰੀ ਨਾਲ ਮਿਲਦਾ ਹੈ ।

ਵਿਸ਼ਨੂੰ ਪੁਰਾਣ (ਅੰਸ਼ 1, ਅਧਿਆਇ 15) ਅਨੁਸ ਚੰਦਰਵੰਸ਼ੀ 'ਬਹੁ' ਦੀਆਂ ਚਾਰ ਕੰਨਿਆਵਾਂ ਵੀ ਬਿਜਲੀ ਗਈਆਂ ਸਨ ।

ਤਾਂ ਉਸ ਨੂੰ ਇਹ ਮੁਰਦਾ ਸਮਝ ਕੇ ਧੂਹ ਕੇ ਲੈ ਜਾਂਦਾ ਹੈ।

ਬਿਜੂ ਬੜਾ ਬੁਜ਼ਦਿਲ ਤੇ ਮੂਰਖ ਹੁੰਦਾ ਹੈ। ਜੇ ਇਸ ਦਾ ਮਾਸ ਕਿਸੇ ਸ਼ਖਸ ਨੂੰ ਖਵਾ ਦਿਤਾ ਜਾਵੇ ਤਾਂ ਉਹ ਬਿਜੂ ਵਾਂਗ ਹੀ ਤਾਮਸੀ, ਮੂਰਖ ਤੇ ਬੁਜ਼ਦਿਲ ਹੋ ਜਾਂਦਾ ਹੈ।

(ਬ-178) **ਬਿੰਡਾ** :

ਲਕੜੀ ਦਾ ਇਕ ਖਿਡਾਉਣਾ, ਜੋ ਘੁਮਾਉਣ ਤੇ ਕਿੜ ਕਿੜ ਦੀ ਆਵਾਜ਼ ਦਿੰਦਾ ਹੈ। ਇਸ ਦੀ ਆਵਾਜ਼ ਨੂੰ ਛੋਟੇ ਬੱਚੇ ਬੜਾ ਪਸੰਦ ਕਰਦੇ ਹਨ।

(ਬ-179) **ਬਿੱਦ** :

ਵਿਆਹ ਦੇ ਮੌਕੇ ਤੇ ਲਾੜ੍ਹੇ ਵਾਲਿਆਂ ਵਲੋਂ ਲਾੜੀ ਨੂੰ ਭੇਜੀਆਂ ਗਈਆਂ ਸੁਗਾਤਾਂ, ਜਿਸ ਵਿਚ ਨਰੇਲ ਦਾ ਖੋਪਾ, ਛੁਹਾਰੇ, ਮਖਾਣੇ, ਖੁਸ਼ਕ ਮੇਵੇ, ਮਿਸ਼ਰੀ, ਖਜੂਰਾਂ, ਬਦਾਮ, ਸੋਗੀ, ਤੇ ਮਹਿੰਦੀ ਆਦਿ ਹੁੰਦੀਆਂ ਹਨ। ਕਈ ਲੋਕ ਇਸ ਵਿਚ ਸ਼ਿੰਗਾਰ ਦੀਆਂ ਚੀਜ਼ਾਂ ਸੁਰਮਾ, ਦੰਦਾਸਾ, ਤੇ ਸੰਧੂਰ ਆਦਿ ਵੀ ਸ਼ਾਮਲ ਕਰ ਲੈਂਦੇ ਹਨ। ਮਹਿੰਦੀ ਦਾ ਬਿੱਦ ਵਿਚ ਹੋਣਾ ਬਹੁਤ ਜ਼ਰੂਰੀ ਹੈ। ਜੋ ਆਮ ਤੌਰ ਤੇ ਸਵਾ ਜਾਂ ਢਾਈ ਸੇਰ ਭੇਜੀ ਜਾਂਦੀ ਹੈ। ਕੁਝ ਜ਼ਾਤਾਂ ਵਿਚ ਬਿੱਦ ਲਾੜ੍ਹੇ ਵਾਲੇ ਬਰਾਤ ਢੁੱਕਣ ਵਾਲੇ ਦਿਨ, ਅਥਵਾ ਲਗਨ ਤੋਂ ਇਕ ਦਿਨ ਪਹਿਲਾਂ ਕੰਨਿਆਂ ਦੇ ਘਰ ਭੇਜਦੇ ਹਨ। ਜਦੋਂ ਤਕ ਬਿੱਦ ਆ ਨਹੀਂ ਜਾਂਦੀ ਕੰਨਿਆਂ ਸੁਚੇ ਮੂੰਹ ਰਹਿੰਦੀ ਹੈ ਤੇ ਬਿੱਦ ਨਾਲ ਹੀ ਵਰਤ ਤੋੜਦੀ ਹੈ। ਬਿੱਦ ਵਿਚ ਜੋ ਖਾਣ ਦੀਆਂ ਚੀਜ਼ਾਂ ਹੁੰਦੀਆਂ ਹਨ, ਉਹ ਕੰਨਿਆਂ ਦੀਆਂ ਸਹੇਲੀਆਂ ਕੰਨਿਆਂ ਨਾਲ ਰਲ ਕੇ ਖਾਂਦੀਆਂ ਤੇ ਮਸ਼ਕਰੀਆਂ ਕਰਦੀਆਂ ਹਨ।

ਮੁਸਲਮਾਨਾਂ ਵਿਚ, ਲਾੜ੍ਹੇ ਪੱਖ ਵਾਲੇ ਬਰਾਤ ਦੇ ਨਾਲ ਹੀ ਬਿੱਦ ਖੜਦੇ ਹਨ ਤੇ ਬਰਾਤ ਢੁੱਕਣ ਪਿਛੋਂ ਬਿੱਦ ਕੰਨਿਆਂ ਨੂੰ ਦੇ ਦਿਤੀ ਜਾਂਦੀ ਹੈ। ਪੱਛਮੀ ਪੰਜਾਬ ਵਿਚ ਅਜੇ ਵੀ ਇਹੋ ਪ੍ਰਥਾ ਪ੍ਰਚਲਤ ਹੈ। ਉਨ੍ਹਾਂ ਦੀ ਬਿੱਦ ਵਿਚ ਆਮ ਤੌਰ ਤੇ ਖੋਪਾ, ਛੁਹਾਰੇ, ਸੋਗੀ, ਬਦਾਮ ਤੇ ਮਹਿੰਦੀ ਹੁੰਦੀ ਹੈ।

ਇਧਰਲੇ ਪੰਜਾਬ ਵਿਚ ਪੇਕਿਆਂ ਵਲੋਂ ਧੀ ਨੂੰ ਘਲੀ ਗਈ ਮਠਿਆਈ ਅਥਵਾ ਸੁਗਾਤਾਂ ਦੀ ਗੁੱਥੀ ਨੂੰ ਵੀ ਬਿੱਦ ਕਹਿੰਦੇ ਹਨ।

ਇੱਛਾ ਅਨੁਸਾਰ ਬਣਾ ਲਿਆ ਜਾਂਦਾ ਹੈ। ਕਿ
ਸੁਰਮੇ ਦੇ ਮੱਖਣ ਦਾ ਬਣਿਆ ਲੇਪ ਲਗਾ ਦਿ
ਹੈ। ਜਦੋਂ ਜ਼ਖਮ ਭਰ ਜਾਂਦਾ ਹੈ ਤਾਂ ਬਿੰਦ ਖਟੋਲ
ਆਉਂਦਾ ਹੈ। ਇਨ੍ਹਾਂ ਨੂੰ ਤੰਦੋਲੇ ਵੀ ਕਹਿੰਦੇ ਹ
ਤੰਦੋਲੇ)।

(ਬ-181) **ਬਿੱਦਰ** :

ਵਿਦੁਰ, ਵਿਆਸ ਦਾ ਪੁਤਰ, ਜੋ ਵਿਚਿਤਰ
ਦਾਸੀ ਸੁਦੇਸ਼ਣਾ ਦੀ ਕੁਖੋਂ ਪੈਦਾ ਹੋਇਆ। ਪ੍ਰਾ
ਵਿਚ ਵਿਦੁਰ ਸ਼ਬਦ ਉਸ ਬੱਚੇ ਲਈ ਵਰਤਿਆ
ਜਿਸ ਦਾ ਪਿਤਾ ਸ਼ੂਦਰ ਹੋਵੇ ਤੇ ਮਾਂ ਬ੍ਰਾਹਮਣੀ।
ਅਨੁਸਾਰ ਧਰਮਰਾਜ ਨੇ ਅਣੀਮਾਂਡਵ ਦੇ ਸਰਾ
ਬਿੱਦਰ ਦੇ ਰੂਪ ਵਿਚ ਜਨਮ ਲਿਆ। ਅਣੀਮਾਂ
ਨੇਕ ਰਿਸ਼ੀ ਸੀ। ਇਕ ਵਾਰ ਕੁਝ ਚੋਰ ਇਸ
ਆਸ਼ਰਮ ਵਿਚ ਜਾ ਲੁਕੇ। ਜਦੋਂ ਰਾਜੇ ਦੇ
ਕਰਦੇ ਆਏ ਤਾਂ ਚੋਰ ਸਾਰਾ ਸਮਾਨ ਰਿਸ਼ੀ ਦੇ
ਵਿਚ ਹੀ ਛੱਡ ਕੇ ਨੱਸ ਗਏ। ਦੂਤਾਂ ਨੇ ਰਿ
ਚੋਰ ਸਮਝ ਕੇ ਰਾਜੇ ਦੇ ਸਾਹਮਣੇ ਪੇਸ਼ ਕੀਤਾ ਅ
ਰਿਸ਼ੀ ਨੂੰ ਕਸੂਰਵਾਰ ਸਮਝ ਕੇ ਸੂਲੀ ਚਾੜ੍ਹਨ ਦ
ਦਿਤਾ। ਜਦੋਂ ਅਣੀਮਾਂਡਵ ਧਰਮਰਾਜ ਦੇ ਦਰਬ
ਪੁਜਿਆ ਤਾਂ ਉਸ ਨੇ ਧਰਮਰਾਜ ਤੋਂ ਪੁਛਿਆ
ਕਿਸ ਕੁਕਰਮ ਬਦਲੇ ਇਹ ਸਜ਼ਾ ਦਿਤੀ ਗਈ ਹੈ।
ਨੇ ਖਾਤਾ ਵੇਖ ਕੇ ਦਸਿਆ ਕਿ ਉਸ ਨੇ ਬਚ
ਇਕ ਟਿੱਡੇ ਨੂੰ ਸੂਲ ਨਾਲ ਵਿੰਨ੍ਹਿਆ ਸੀ। ਅਣੀ
ਧਰਮਰਾਜ ਨੂੰ ਸਰਾਪ ਦਿਤਾ ਕਿ ਤੂੰ ਸ਼ੂਦਰ ਦੇ
ਲਵੇਂ।

ਬਿੱਦਰ ਬੜਾ ਬੁਧੀਮਾਨ, ਗੁਣੀ ਤੇ ਸੂਝਵਾਨ
ਸੀ। ਮਹਾਂਭਾਰਤ ਦੇ ਯੁੱਧ ਵੇਲੇ ਪਹਿਲਾਂ ਬਿੱਦਰ
ਤੇ ਪਾਂਡਵਾਂ ਦੋਹਾਂ ਨੂੰ ਲੜਾਈ ਨਾ ਕਰਨ ਲਈ ਸ
ਪਰ ਜਦੋਂ ਲੜਾਈ ਸ਼ੁਰੂ ਹੋਈ ਤਾਂ ਇਸ ਨੇ ਪ
ਸਾਥ ਦਿਤਾ।

ਬਿੱਦਰ ਦੀ ਭਗਤੀ ਭਾਵਨਾ ਤੇ ਖੁਸ਼ ਹੋ
ਰਾਜਾ ਦੁਰਯੋਧਨ ਦੇ ਮਹਿਲ ਛੱਡ ਕੇ, ਬਿੱਦਰ ਦੇ
ਤੇ ਸਾਗ ਨਾਲ ਰੋਟੀ ਖਾਧੀ।

ਬਿੰਦਰਾਬਨ ਮਥਰਾ ਤੋਂ ਛੇ ਮੀਲ ਦੂਰ ਹੈ ਅਤੇ ਇਸ ਦੇ ਤਿੰਨ ਪਾਸੇ ਜਮਨਾ ਵਗਦੀ ਹੈ। ਜਮਨਾ ਦੇ ਇਸ ਨਗਰ ਦੇ ਤਿੰਨ ਪਾਸੇ ਵਗਣ ਬਾਰੇ ਇਕ ਮਿਥਕ ਕਥਾ ਪੁਰਾਣਾਂ ਵਿਚ ਮਿਲਦੀ ਹੈ। ਜਿਸ ਅਨੁਸਾਰ ਬਲਰਾਮ ਜਮਨਾ ਨਾਲ ਕਿਸੇ ਗੱਲੋਂ ਰੁਸ ਗਿਆ ਤੇ ਉਸ ਨੇ ਇਕ ਖਾਈ ਜਿਹੀ ਬਣਾ ਦਿਤੀ, ਜਮਨਾ ਉਸ ਵਿਚ ਡਿੱਗ ਪਈ ਤੇ ਇਸ ਤਰ੍ਹਾਂ ਇਸੇ ਥਾਂ ਤਿੰਨ ਪਾਸੇ ਜਮਨਾ ਵਹਿਣ ਲਗੀ।

ਬਿੰਦਰਾਬਨ ਵਿਚ ਕ੍ਰਿਸ਼ਨ ਦੀਆਂ ਲੀਲਾਵਾਂ ਨਾਲ ਸੰਬੰਧਿਤ ਕਈ ਅਸਥਾਨ ਮਿਲਦੇ ਹਨ, ਜਿਨ੍ਹਾਂ ਨੂੰ ਕ੍ਰਿਸ਼ਨ ਦੇ ਅਨੁਯਾਈ ਤੀਰਥਾਂ ਵਾਂਗ ਪੂਜਦੇ ਹਨ। ਇਨ੍ਹਾਂ ਵਿਚ ਪੰਜ ਪਹਾੜੀਆਂ, ਗਿਆਰਾਂ ਸ਼ਿਲਾਵਾਂ, ਚਾਰ ਸਰੋਵਰ, ਚੌਰਾਸੀ ਤਲਾਬ, ਬਾਰਾਂ ਖੂਹ, ਬਾਰਾਂ ਵਣ ਅਥਵਾ ਚੌਵੀ ਉਪਬਨ ਦੀ ਤਰਤੀਬਵਾਰ ਯਾਤ੍ਰਾ 'ਬਨ ਯਾਤ੍ਰ' ਅਖਵਾਉਂਦੀ ਹੈ। ਇਸਦਾ ਬੜਾ ਮਹਾਤਮ ਹੈ।

ਵਲਬ ਸੰਪ੍ਰਦਾ ਨਾਲ ਸਬੰਧਿਤ, ਅਨੇਕਾਂ ਸਥਾਨ ਵੀ ਬਿੰਦਰਾਬਨ ਵਿਚ ਮਿਲਦੇ ਹਨ।

## (ਬ-183) ਬਿਦਾ :

ਬਰਾਤ ਨੂੰ ਵਿਦਾਇਗੀ ਦੇਣ ਦੀ ਰੀਤ ਮਿਉ ਜਾਤੀ ਵਿਚ 'ਬਿਦਾ' ਅਖਵਾਉਂਦੀ ਹੈ। ਦੂਲ੍ਹਾ ਦੁਲ੍ਹਨ ਦੇ ਘਰ ਜਾ ਕੇ, ਪ੍ਰਵਾਰ ਦੀਆਂ ਸਭ ਤੀਵੀਆਂ ਨੂੰ ਸਲਾਮ ਕਰਦਾ ਤੇ ਤੀਵੀਆਂ ਉਸ ਦੇ ਮੂੰਹ ਵਿਚ ਖਿਚੜੀ ਦੀਆਂ ਗਰਾਹੀਆਂ ਪਾਉਂਦੀਆਂ ਤੇ ਕੁਝ ਰੁਪਏ ਸ਼ਗਨ ਵਜੋਂ ਦੇਂਦੀਆਂ ਹਨ। ਬਿਦਾ ਲੈ ਕੇ ਦੂਲ੍ਹਾ ਬੈਲਾਂ ਦੇ ਗੱਡੇ ਵਿਚ ਜਾ ਬੈਠਦਾ ਹੈ। ਤੀਵੀਆਂ ਦੁਲਨ ਨੂੰ ਸੰਭਾਲਦੀਆਂ ਹੋਈਆਂ ਗੱਡੇ ਵਿਚ ਬਿਠਾ ਦੇਂਦੀਆਂ ਹਨ। ਪਹਿਲਿਆਂ ਵਿਚ ਪਹਿਲੇ ਫੇਰੇ ਨਾਇਣ ਦੁਲ੍ਹਨ ਦੇ ਨਾਲ ਜਾਇਆ ਕਰਦੀ ਸੀ, ਪਰ ਹੁਣ ਇਹ ਰਵਾਜ ਘਟ ਗਿਆ ਹੈ। ਜਦੋਂ ਗੱਡਾ ਤੁਰਨ ਲਗਦਾ ਤਾਂ ਦੁਲ੍ਹਨ ਦੀ ਸਹਿਵਾਸਨੀ (ਸਬਾਲੀ) ਅਗੇ ਵਧ ਕੇ ਗੱਡੇ ਨੂੰ ਰੋਕਣ ਦਾ ਢੌਂਗ ਰਚਦੀ ਹੈ। ਦੂਲ੍ਹੇ ਦਾ ਪਿਉ ਉਸ ਨੂੰ ਗਿਆਰਾਂ ਰੁਪਏ ਦੇਂਦਾ ਹੈ ਤਾਂ ਉਹ ਗੱਡੇ ਨੂੰ ਹਿਲਣ ਦੇਂਦੀ ਹੈ। ਇਸ ਰਸਮ ਨੂੰ 'ਬਹੋਰਾ' ਕਹਿੰਦੇ ਹਨ। ਕਈ ਵਾਰ ਕੁਝ ਕੰਮੀ ਵੀ ਗੱਡੇ ਨੂੰ ਰੋਕ ਕੇ ਖੜੇ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਤਲੀ ਉਤੇ ਵੀ ਕੁਝ ਪੈਸੇ ਧਰੇ ਜਾਂਦੇ ਹਨ।

ਪਹੁੰਚਾਂਦਾ ਹੈ, ਉਸ ਨੂੰ ਗੁੜ ਦੀ ਭੇਲੀ ਦਿਤੀ ਜਾਂਦ
ਦੂਲ੍ਹੇ ਦੀ ਮਾਂ ਕੁਝ ਤੀਵੀਆਂ ਲੈ ਕੇ ਪਿੰਡ ਦੀ
ਨਵੀਂ ਦੁਲ੍ਹਨ ਦਾ ਸਵਾਗਤ ਕਰਦੀ ਹੈ। ਦੁਲ੍ਹਨ ਨੂੰ ਬ
ਵਿਚੋਂ ਕਢ ਕੇ ਉਸ ਦਾ ਪੱਲਾ ਦੂਲ੍ਹੇ ਦੇ ਪੱਲੇ ਨਾਲ ਬੰ
ਜਾਂਦਾ ਹੈ ਤੇ ਦੂਲ੍ਹੇ ਦੀ ਸਹਿਵਸਾਨੀ ਦੁਲ੍ਹਨ ਦੇ ਸਿ
ਇਸਨੂੰ ਰਖ ਕੇ ਉਪਰ ਇਕ ਮਟਕੀ ਰਖਦੀ ਹੈ ਜਿਸ
ਪਿੱਪਲ ਦੀ ਟਹਿਣ ਹੁੰਦੀ ਹੈ। ਤੀਵੀਆਂ ਗੀਤ ਗਾਂ
ਘਰ ਵਲ ਤੁਰ ਪੈਂਦੀਆਂ ਹਨ। ਇਸ ਮੌਕੇ ਤੇ ਤੀ
ਟੋਡਰ ਮਲ ਦੇ ਗੀਤ ਗਾਂਦੀਆਂ ਹਨ, ਟੋਡਰ ਮਲ
ਜਾਤੀ ਦਾ ਇਕ ਪ੍ਰਸਿਧ ਨਾਇਕ ਹੈ।

## (ਬ-184) ਬਿੰਦੀ :

ਮੱਥੇ ਉਤੇ ਸੂਰਜ ਦੇ ਸਮਾਨ ਗੋਲ ਬਿੰਦੀ ਅਥਵਾ
ਲਗਾਉਣ ਦੀ ਪ੍ਰਥਾ ਬੜੀ ਪੁਰਾਣੀ ਹੈ। ਬਿੰਦੀ ਸੂਰਜ
ਦੀ ਪ੍ਰਤੀਕ ਹੋਣ ਕਰ ਕੇ, ਮੱਥੇ ਦੇ ਤੇਜ਼ ਤੇ ਰੂਪ ਵਿਚ
ਕਰਦੀ ਹੈ। ਮੱਥੇ ਉਤੇ ਬਿੰਦੀ ਲਗਾਉਣ ਨਾਲ ਸੂਰਜ ਦੇ
ਦੀ ਬਖ਼ਸ਼ਿਸ਼ ਰਹਿੰਦੀ ਹੈ। ਬਿੰਦੀ ਸੁਹਾਗ ਦਾ ਚਿੰਨ੍ਹ
ਸਮਝੀ ਜਾਂਦੀ ਹੈ। ਜਦੋਂ ਕੋਈ ਤੀਵੀਂ ਵਿਧਵਾ ਹੋ
ਤਾਂ ਉਸ ਦੀ ਬਿੰਦੀ, ਮੱਥੇ ਤੋਂ ਮੇਸ ਦਿਤੀ ਜਾਂਦੀ ਹੈ।

ਮੱਥੇ ਦੀ ਬਿੰਦੀ ਚੰਦਨ, ਕੇਸਰ, ਗੇਰੂ ਤੇ ਸੰਧੂਰ ਅ
ਨਾਲ ਲਗਾਈ ਜਾਂਦੀ ਹੈ।

## (ਬ-185) ਬਿੰਦੂ ਵੰਧਣਾ :

ਮੁਸਲਮਾਨਾਂ ਵਿਚ ਜਦੋਂ ਕਿਸੇ ਸ਼ਖ਼ਸ ਦੇ ਬੱਚੇ
ਅਵਸਥਾ ਵਿਚ ਹੀ ਚਲਾਣਾ ਕਰ ਜਾਂਦੇ ਹੋਣ, ਤਾਂ
ਆਪਣੇ ਅਗਲੇ ਬੱਚੇ ਦੇ ਖੱਬੇ ਕੰਨ ਵਿਚ, ਚਾਂਦੀ ਦੀ
ਤਾਰ ਦਾ ਟੁਕੜਾ ਬਿੰਦੂ ਪਹਿਨਾਂਦਾ ਹੈ।

## (ਬ-186) ਬਿੰਦੋਆ :

ਕਿਰਲੇ ਵਰਗਾ ਇਕ ਭੱਦਾ ਜਿਹਾ ਚਿਤਰ-ਮਿਤ੍ਰਾ
ਜੋ ਸ਼ਾਹਪੁਰ ਦੇ ਪਹਾੜੀ ਇਲਾਕੇ ਵਿਚ ਆਮ ਮਿਲਦਾ
ਇਸ ਦੇ ਕੱਟਣ ਨਾਲ ਝਟ ਮੌਤ ਹੋ ਜਾਂਦੀ ਹੈ। ਕਹਾਵਤ

ਲੜੇ ਬਿਦੋਆ, ਤੇ ਖਟੋ ਟੋਆ।

ਜੇ ਬਿੰਦੋਏ ਦਾ ਪਿੱਛਾ ਕੀਤਾ ਜਾਵੇ ਤਾਂ ਇਹ

ਕਈ ਬ੍ਰਹਮਾ ਦੀ ਪਤਨੀ ਮੰਨਦੇ ਹਨ। ਬ੍ਰਹਮਾ ਸੰਸਾਰ ਦੀ ਉਤਪਤੀ ਕਰਦਾ ਹੈ ਤੇ ਉਸ ਦੀ ਪਤਨੀ ਬਿੱਧ ਸਭ ਪ੍ਰਾਣੀਆਂ ਦੀ ਕਿਸਮਤ ਅੰਕਦੀ ਹੈ। ਕਈ ਹਿੰਦੂ ਬਿੱਧ ਨੂੰ ਲਖਸ਼ਮੀ ਦੇਵੀ ਦਾ ਹੀ ਇਕ ਰੂਪ ਮੰਨਦੇ ਹਨ।

ਇਕ ਮਨੌਤ ਅਨੁਸਾਰ ਬਿੱਧਮਾਤਾ ਦੇਵੀ ਜਦੋਂ ਸੰਸਾਰ ਦੇ ਜੀਵਾਂ ਦੀਆਂ ਜੋੜੀਆਂ ਬੰਨ੍ਹ ਰਹੀ ਹੁੰਦੀ ਹੈ ਅਥਵਾ ਸੰਜੋਗ ਲਿਖ ਰਹੀ ਹੁੰਦੀ ਹੈ ਤਾਂ ਉਹ ਮੂੰਹੋਂ ਚੰਗਾ ਮੰਦੀ, ਮੰਦਾ ਚੰਗੀ ਦੀ ਰਟ ਲਗਾਈ ਜਾਂਦੀ ਹੈ। ਇਸੇ ਲਈ ਸੰਸਾਰ ਵਿਚ ਬਹੁਤੇ ਦੰਪਤੀ ਜੋੜੇ ਨਰਕ ਹਨ, ਕਿਸੇ ਵਿਰਲੇ ਜੋੜੇ ਦਾ ਹੀ ਸੁਭਾ ਰਲਦਾ ਹੈ।

ਕਈ ਲੋਕ 'ਬਾਹਰ ਵਧਾਵਣ' ਦੀ ਰੀਤ ਸਮੇਂ ਬਿੱਧ ਮਾਤਾ ਦੀ ਪੂਜਾ ਵੀ ਕਰਦੇ ਹਨ। ਨਾਇਣ, ਗੋਹੇ ਦਾ ਇਕ ਪੁਤਲਾ, ਜਿਸ ਨੂੰ ਬਿੱਧ ਕਹਿੰਦੇ ਹਨ, ਬਣਾ ਕੇ ਲਿਆਉਂਦੀ ਹੈ। ਇਸ ਬਿੱਧ ਨੂੰ ਸ਼ਿੰਗਾਰ ਸੰਵਾਰ ਕੇ ਵਿਹੜੇ ਵਿਚ ਲਗਾਏ, ਅੰਨ ਦੇ ਢੇਰ ਵਿਚ ਗੱਡ ਦਿਤਾ ਜਾਂਦਾ ਹੈ। ਬੱਚੇ ਦੀ ਮਾਂ, ਨਾਈ ਦੀ ਜੁੱਤੀ ਪਹਿਨ ਕੇ ਬਾਹਰ ਪੈਰ ਵਧਾਉਂਦੀ ਹੈ। ਫਿਰ ਉਹ ਆਪਣੇ ਬੱਚੇ ਨੂੰ ਗੋਦ ਵਿਚ ਲੈ ਕੇ ਬਿੱਧਮਾਤਾ ਦੇ ਸਨਮੁਖ ਚੜ੍ਹਦੇ ਵਲ ਮੂੰਹ ਕਰ ਕੇ ਤੇ ਪੀੜ੍ਹੀ ਉਤੇ ਬੈਠ ਬਿੱਧ ਮਾਤਾ ਨੂੰ ਪੂਜਦੀ ਹੈ।

ਪੱਛਮੀ ਪੰਜਾਬ ਵਿਚ, ਬਿੱਧ ਨੂੰ ਛੱਟੀ ਵਾਲੇ ਦਿਨ ਪੂਜਦੇ ਹਨ। ਗੋਹੇ ਦੀ ਛੋਟੀ ਜਿਹੀ ਗੁੱਡੀ ਬਣਾ ਕੇ, ਉਸ ਦੇ ਨੱਕ ਵਿਚ ਪਤਲੀ ਜਿਹੀ ਨੱਥ ਪਾ ਦਿਤੀ ਜਾਂਦੀ ਹੈ। ਉਪਰ ਸਿਰ ਤੇ ਛੋਟੀ ਜਿਹੀ ਗੋਟੇ ਜੜੀ ਲਾਲ ਚੁੰਨੀ ਕਰਾ ਦਿਤੀ ਜਾਂਦੀ ਹੈ ਅਤੇ ਅੰਨ ਦੇ ਢੇਰ ਵਿਚ ਖੜਾ ਕਰ ਦਿਤਾ ਜਾਂਦਾ ਹੈ ਇਸ ਦੀ ਪੂਜਾ ਕੀਤੀ ਜਾਂਦੀ ਹੈ ਤੇ ਗੀਤ ਗਾਏ ਜਾਂਦੇ ਹਨ।

ਧਾਰਨਾ ਹੈ ਕਿ ਹਰੇਕ ਬੱਚੇ ਦੇ ਗਰਭ ਪੈਣ ਵੇਲੇ ਬਿੱਧ ਮਾਤਾ ਆਉਂਦੀ ਹੈ। ਜੇ ਇਹ ਆਪਣੇ ਪਤੀ ਨਾਲ ਨਰਾਜ਼ ਹੋ ਕੇ ਆਵੇ ਤਾਂ ਅਰਾਮ ਨਾਲ ਬੈਠ ਕੇ ਲੜਕੇ ਦੀ ਕਿਸਮਤ ਘੜਦੀ ਹੈ। ਜੇ ਪਤੀ ਨਾਲ ਰਾਜ਼ੀ ਹੋ ਕੇ ਆਵੇ ਤਾਂ ਘਰ ਜਾਣ ਦੀ ਕਾਹਲੀ ਵਿਚ ਛੇਤੀ ਹੀ ਕੁੜੀ ਦਾ ਸਰੀਰ ਘੜ ਕੇ ਚਲੀ ਜਾਂਦੀ ਹੈ। ਇਸੇ ਲਈ ਕਹਿੰਦੇ ਹਨ :

ਬਿਧਮਾਤਾ ਰੁਸੀ ਆਵੇਂ ਤੇ ਮੰਨੀ ਹੋਈ ਜਾਵੇਂ
ਬਿਧਮਾਤਾ ਰੁਸੀ ਆਈਂ ਤੇ ਮੰਨੀ ਜਾਵੀਂ।

ਬਿੱਧ ਕਿਸਮਤ ਦੇ ਲੇਖ ਹਰ ਜੀਵ ਦੇ ਮੱਥੇ ਉਤੇ ਲਿਖਦੀ ਹੈ। ਇਸ ਲਈ ਮੱਥੇ ਦੀ ਹੱਡੀ ਨੂੰ ਬਿੱਧ ਹੀ

(ਬ-188) **ਬਿਭੂਤ** ;

ਸਾਧੂ/ਜੋਗੀ ਦੀ ਧੂਣੀ ਦੀ ਰਾਖ਼ ਜਿਸ ਨੂੰ ਸ
ਸਮਝ ਕੇ ਮੱਥੇ 'ਤੇ ਲਗਾਂਦੇ ਹਨ। ਕਈ ਜੋਗੀ
ਰਾਖ਼ ਆਪਣੇ ਪਿੰਡੇ 'ਤੇ ਮਲਦੇ ਹਨ। ਧਾਰਨਾ
ਨਾਲ ਸਤੋਂ ਗੁਣ ਦਾ ਵਾਧਾ ਹੁੰਦਾ ਹੈ।

ਬਿਭੂਤੀ ਰੋਗਾਂ ਨੂੰ ਦੂਰ ਕਰਦੀ ਵੀ ਮੰਨੀ
ਕਈ ਜੋਗੀ ਬਿਭੂਤ ਉਤੇ ਮੰਤ੍ਰ ਪੜ੍ਹ ਕੇ ਸ਼ਰਧਾਲੂਆਂ
ਹਨ, ਜਿਸ ਨੂੰ, ਰੋਗੀ ਅੰਗ 'ਤੇ ਮਲਣ ਨਾਲ
ਨਵਿਰਤੀ ਹੋ ਜਾਂਦੀ ਹੈ। ਮੰਤ੍ਰੀ ਹੋਈ ਬਿਭੂਤ ਖਾ
ਨਿਰਸੰਤਾਨ ਤੀਵੀਆਂ ਦੇ ਔਲਾਦ ਹੋ ਜਾਂਦੀ ਦਸੀ

(ਬ-189) **ਬਿਭੂਤੀ** :

ਮ੍ਰਿਤਕ ਪ੍ਰਾਣੀ ਦੀ ਭਸਮ, ਜੋ ਕਿਸੇ ਨਦੀ ਨ
ਪ੍ਰਵਾਹ ਦਿਤੀ ਜਾਂਦੀ ਹੈ। ਹਿੰਦੂ, ਪ੍ਰਾਣੀ ਦੇ
ਹਰਦੁਆਰ ਤਾਰਦੇ ਹਨ, ਪਰ ਬਿਭੂਤੀ ਕਿਸੇ
ਜਲ ਵਿਚ ਪ੍ਰਵਾਹ ਦੇਂਦੇ ਹਨ। ਬਿਭੂਤੀ ਜੇ ਜਲ
ਵਿਚੋਂ ਚੁਕੀ ਜਾਵੇ, ਤਾਂ ਇਸ ਨੂੰ 'ਕੱਚਾ ਮਸਾਣ' ਵੀ
ਹਨ। ਜੇ ਇਹ ਮਸਾਣ ਕਿਸੇ ਨੂੰ ਘੋਲ ਕੇ ਪਿ
ਜਾਵੇ ਜਾਂ ਇਸ ਦੀ ਮੁੱਠ ਕਿਸੇ ਤੇ ਸੁਟੀ ਜਾਵੇ
ਪ੍ਰਾਣੀ ਘੁਲ ਘੁਲ ਕੇ ਮਰਦਾ ਹੈ।

(ਬ-190) **ਬਿਲ** :

ਇਕ ਰੁੱਖ ਜਿਸ ਦੇ ਪੱਤੇ ਬੜੇ ਪਵਿਤ੍ਰ ਮੰ
ਹਨ। ਸ਼ੈਵ ਮਤ ਵਾਲੇ ਸ਼ਿਵ ਦੀ ਪੂਜਾ ਵੇਲੇ,
ਪੱਤੇ ਚੜ੍ਹਾਂਦੇ ਹਨ। ਸ਼ਿਵ ਜੀ ਇਸ ਦਰਖਤ ਹੇਠ
ਤਪਸਿਆ ਕੀਤਾ ਕਰਦੇ ਸਨ।

(ਬ-191) **ਬਿਲਿਆਣੀ ਦਾ ਫੁੱਲ** :

ਇਕ ਤਵੀਤ (ਫੁੱਲ) ਜੋ ਕਿਸੇ ਤੀਵੀਂ ਦਾ ਦਿ
ਲਈ ਡੌਲਿਆਂ ਤੇ ਬੰਨ੍ਹਿਆ ਜਾਂਦਾ ਹੈ। ਮੁਜ਼ਫ
ਇਲਾਕੇ ਵਿਚ (ਮੁਜ਼ਫਰਗੜ੍ਹ ਗਜ਼ਟੀਅਰ, ਪੰਨਾ
ਤਵੀਤ ਬੜਾ ਪ੍ਰਸਿਧ ਹੈ ਅਤੇ ਆਸ਼ਕ ਮਿਜ਼ਾਜ
ਫਕੀਰਾਂ ਤੋਂ ਇਹ 'ਫੁੱਲ' ਬਣਵਾ ਕੇ ਬਾਹਵਾਂ
ਫਿਰਦੇ ਹਨ।

ਉਸ ਨੇ ਗਣੇਸ਼ੀ (ਗਣੇਸ਼ ਦੇ ਚੂਹੇ) ਨੂੰ ਸੱਦਿਆ, ਜਿਸ ਨੇ ਪੂਛਲ ਨਾਲ ਅਫ਼ੀਮ ਵਰਗੇ ਜਿਹੇ ਗੀਟੀਆਂ ਨੂੰ ਇੰਜ ਹਿਲਾ ਦਿਤਾ ਕਿ ਬਾਜ਼ੀ ਪਾਰਬਤੀ ਦੇ ਹੱਕ ਵਿਚ ਜਾਣ ਲੱਗੀ। ਸ਼ਿਵ ਜੀ ਨੇ ਕਰੋਧ ਵਿਚ ਆ ਕੇ, ਆਪਣੇ ਇਕ ਰਾਖਸ਼ ਨੂੰ ਬਿੱਲੀ ਦੇ ਰੂਪ ਵਿਚ ਕੋਲ ਬਿਠਾ ਲਿਆ, ਤਾਂ ਜੋ ਗਣੇਸ਼ ਉਸ ਨੂੰ ਮਾਰ ਨਾ ਦੇਵੇ। ਸੋ, ਸ਼ਿਵ ਨੇ ਬਚਨ ਦਿਤਾ ਕਿ ਬਿੱਲੀ ਨੂੰ ਕਦੇ ਕੋਈ ਨਹੀਂ ਮਾਰੇਗਾ। ਜੇ ਕੋਈ ਮਾਰੇਗਾ ਤਾਂ ਉਸ ਨੂੰ ਸੋਨੇ ਦੀ ਬਿੱਲੀ ਪੰਡਤਾਂ ਨੂੰ ਦਾਨ ਕਰਨੀ ਪਏਗੀ ਅਤੇ ਗੰਗਾ ਇਸ਼ਨਾਨ ਕਰਨਾ ਪਏਗਾ; ਨਹੀਂ ਤਾਂ ਪਾਪ ਨਹੀਂ ਧੁਲੇਗਾ। ਇਸੇ ਲਈ ਜਦੋਂ ਕਿਸੇ ਸ਼ਖ਼ਸ ਤੋਂ ਬਿੱਲੀ ਦੀ ਹਤਿਆ ਹੋ ਜਾਵੇ ਤਾਂ ਉਹ ਗੰਗਾ ਇਸ਼ਨਾਨ ਕਰਦਾ ਤੇ ਸੋਨੇ ਦੀ ਬਿੱਲੀ ਦਾਨ ਕਰਦਾ ਹੈ।

ਬਿੱਲੀ ਪੰਡਤਾਣੀ ਮੰਨੀ ਜਾਂਦੀ ਹੈ। ਨਿਸਚੇ ਅਨੁਸਾਰ ਜਿਹੜੀਆਂ ਪੰਡਤਾਣੀਆਂ ਜੀਵਨ ਵਿਚ ਕੁਕਰਮ ਕਰਦੀਆਂ ਹਨ ਉਹ ਅਗਲੇ ਜਨਮ ਬਿੱਲੀ ਦੀ ਜੂਨ ਪੈਂਦੀਆਂ ਹਨ। ਇਕ ਹੋਰ ਧਾਰਨਾ ਅਨੁਸਾਰ ਬਿੱਲੀ ਪਵਿਤ੍ਰ ਹੁੰਦੀ ਹੈ ਤੇ ਇਸ ਦੀ ਛੂਹ ਨਾਲ ਆਦਮੀ ਭਿਟਦਾ ਨਹੀਂ।

ਜੇ ਬਿੱਲੀ ਰਾਹ ਕਟ ਜਾਵੇ ਤਾਂ ਕੰਮ ਸਿਰੇ ਨਹੀਂ ਚੜ੍ਹਦਾ। ਕਾਲੀ ਬਿੱਲੀ ਦਾ ਰਾਹ ਕਟਿਆ ਤਾਂ ਹੋਰ ਵੀ ਦੁਖਦਾਈ ਹੁੰਦਾ ਹੈ, ਪਰ ਜੇ ਬਿੱਲੀ ਖੱਬੇ ਤੋਂ ਸੱਜੇ ਜਾਵੇ ਤਾਂ ਅਸ਼ੁਭ ਅਸਰ ਕੁਝ ਘਟ ਜਾਂਦਾ ਹੈ। ਬਿੱਲੀ ਦਾ ਰੋਣਾ ਅਸ਼ੁਭ ਮੰਨਿਆ ਗਿਆ ਹੈ। ਬਿੱਲੀ ਇਉਂ ਰੋਂਦੀ ਹੈ ਜਿਵੇਂ ਕੋਈ ਵੈਣ ਪਾ ਰਿਹਾ ਹੋਵੇ।

ਜੇ ਬਿੱਲੀ ਕਿਸੇ ਦੇ ਘਰ ਬੱਚੇ ਦੇਵੇ ਤਾਂ ਉਸ ਘਰ ਵਿਚ ਧਨ ਦੌਲਤ ਦਾ ਵਾਧਾ ਹੁੰਦਾ ਹੈ।

## (ਬ-193) ਬਿੱਲੀ ਸ਼ੀਂ'ਹ ਪੜ੍ਹਾਇਆ :

ਇਕ ਪ੍ਰਸਿਧ ਨੈਤਿਕ ਕਥਾ; ਇਕ ਬਿੱਲੀ ਤੇ ਸ਼ੇਰ ਦੀ ਦੋਸਤੀ ਹੋ ਗਈ। ਬਿੱਲੀ ਨੇ, ਸ਼ੀਂ'ਹ ਨੂੰ, ਸ਼ਿਕਾਰ ਫਸਾਉਣ ਦੇ ਕਈ ਦਾਅ ਪੇਚ ਤੇ ਫ਼ਰੇਬ ਸਿਖਾਏ। ਜਦੋਂ ਸ਼ੇਰ ਨੂੰ ਵਿਸ਼ਵਾਸ਼ ਹੋ ਗਿਆ ਕਿ ਬਿੱਲੀ ਨੇ ਸ਼ੇਰ ਨੂੰ ਸਭ ਕੁਝ ਸਿਖਾ ਦਿਤਾ ਹੈ ਤਾਂ ਸ਼ੇਰ ਬਿੱਲੀ ਨੂੰ ਖਾਣ ਲਈ ਲਪਕਿਆ। ਬਿੱਲੀ ਦੌੜ ਕੇ ਦਰਖ਼ਤ ਤੇ ਚੜ੍ਹ ਗਈ। ਬਿੱਲੀ ਨੇ ਸ਼ੇਰ ਨੂੰ ਦਰਖ਼ਤ ਤੇ ਚੜ੍ਹਨਾ ਨਹੀਂ ਸੀ ਸਿਖਾਇਆ। ਇਸ ਲਈ

ਹੋ ਕੇ, ਉਸ ਤੋਂ ਸਵੈ-ਰਖਿਆ ਲਈ ਉਪਾਅ
ਇਕ ਚਾਤੁਰ ਚੂਹੇ ਨੇ ਵਿਚਾਰ ਰਖੀ ਕਿ ਜੇ
ਟੱਲੀ ਬੰਨ੍ਹ ਦਿਤੀ ਜਾਵੇ ਤਾਂ ਬਿੱਲੀ ਦੇ ਆ
ਟੱਲੀ ਦੀ ਆਵਾਜ਼ ਸੁਣ ਕੇ ਸੁਚੇਤ ਹੋ ਜਾ
ਤੇ ਇਧਰ ਉਧਰ ਛੁਪ ਜਾਣਗੇ। ਇਹ
ਪਸੰਦ ਆਇਆ। ਪਰ ਇਕ ਬਿਰਧ ਚੂਹਾ
"ਭਈ ਇਹ ਦਸੋ, ਬਿੱਲੀ ਦੇ ਗਲ ਟੱਲੀ ਕੌ
ਇਹ ਗੱਲ ਸੁਣ ਕੇ ਸਾਰੇ ਚੂਹੇ ਚੁਪ ਹੋ ਗਏ।

ਬਿੱਲੀ ਦੇ ਗਲ ਟੱਲੀ ਬੰਨ੍ਹਣਾ ਮੁਹਾਵਰਾ
ਜਿਸ ਦੇ ਅਰਥ ਹਨ ਕਿਸੇ ਬੜੇ ਕਠਨ ਕੰਮ
ਕੋਸ਼ਿਸ਼ ਕਰਨੀ।

## (ਬ-195) ਬਿੱਲੀ ਮਾਸੀ :

ਛੋਟੇ ਬੱਚਿਆਂ ਦੀ ਇਕ ਖੇਡ; ਖੇਡਣ
ਪਹਿਲਾਂ ਪੁਗ ਕੇ ਦੋ ਬੱਚੇ ਚੁਣਦੇ ਹਨ।
ਇਕ ਬਿੱਲੀ ਤੇ ਦੂਜੀ ਮਾਸੀ ਬਣਦੀ ਹੈ।
ਇਕ ਦੂਜੇ ਦਾ ਹੱਥ ਫੜ ਕੇ ਇਕ ਗੋਲ ਚਕਰ
ਹਨ, ਜਿਸ ਨੂੰ ਮਾਸੀ ਦੀ ਰਸੋਈ ਕਿਹਾ
ਮਾਸੀ ਹਰੇਕ ਬੱਚੇ ਕੋਲ ਜਾ ਕੇ ਉਸਦੇ ਹੱਥ ਉ
ਕੋਈ ਚੀਜ਼ ਧਰਦੀ ਹੈ ਤੇ ਨਾਲ ਹੀ ਆਖ
'ਇਥੇ ਮੈਂ ਲੱਡੂ ਧਰਿਆ', 'ਇਥੇ ਮੈਂ ਬਰਫ਼ੀ ਧ
ਸਭ ਚੀਜ਼ਾਂ ਰਸੋਈ ਵਿਚ ਧਰ ਕੇ ਉਹ ਕਿਸੇ
ਕਪੜੇ ਧੋਣ ਦਾ ਸਵਾਂਗ ਭਰਦੀ ਹੈ। ਪਿਛੋਂ
ਲਗਾ ਕੇ ਸਭ ਬੱਚਿਆਂ ਤੋਂ ਚੀਜ਼ਾਂ ਖੋਹ ਕੇ
ਸਵਾਂਗ ਭਰਦੀ ਹੈ ਤੇ ਨਾਲੋ ਨਾਲ ਕਹਿੰਦ
'ਇਥੋਂ ਮੈਂ ਲੱਡੂ ਖਾਧਾ, ਇਥੋਂ ਮੈਂ ਬਰਫ਼ੀ ਖਾ

ਕੁਝ ਚਿਰ ਮਗਰੋਂ 'ਮਾਸੀ' ਆਉਂਦੀ ਹੈ
ਤੋਂ ਪੁਛਦੀ ਹੈ : 'ਇਥੇ ਮੈਂ ਲੱਡੂ ਧਰਿਆ
ਗਿਆ ?' ਬੱਚੇ ਇਕ ਸੁਰ ਹੋ ਕੇ ਉੱਤਰ
'ਪਾਪਣ ਬਿੱਲੀ'। ਮਾਸੀ ਬਿੱਲੀ ਨੂੰ ਫੜਨ ਲਈ
ਬਿੱਲੀ ਬੱਚਿਆਂ ਦੁਆਲੇ ਅੱਗੇ ਅੱਗੇ ਨਸਦੀ
ਮਗਰ ਮਗਰ। ਬਿੱਲੀ ਮਾਸੀ ਦੇ ਹੱਥ ਆ
ਲਈ ਬੱਚਿਆਂ ਦੇ ਹੱਥਾਂ ਦੀ ਜ਼ੰਜੀਰੀ
ਅੰਦਰੋਂ ਬਾਹਰ ਨਸਦੀ ਤੇ ਕਦੇ ਬਾਹਰੋਂ ਅੰਦ

ਵਾਰੋ ਵਾਰ ਸਾਰੇ ਬੱਚੇ ਬਿੱਲੀ ਮਾਸੀ ਬਣਦੇ ਜਾਂਦੇ ਹਨ।

(ਬ-196) **ਬੀਸਾ ਜੰਤਰ** :

ਇਕ ਜੰਤਰ ਜਿਸ ਉਤੇ ਵੀਹ ਖ਼ਾਨੇ ਮਾਰ ਕੇ ਕੁਝ ਅੰਕ ਲਿਖੇ ਹੁੰਦੇ ਹਨ। ਭੈੜੀ ਨਜ਼ਰ ਤੋਂ ਬਚਾਣ ਲਈ ਇਹ ਵੱਲ ਬੱਚੇ ਨੂੰ ਪਹਿਨਾਇਆ ਜਾਂਦਾ ਹੈ।

(ਬ-197) **ਬੀਜ ਮੰਤ੍ਰ** :

ਉਹ ਮੰਤ੍ਰ, ਜਿਸ ਵਿਚ ਕਿਸੇ ਧਰਮ ਦੇ ਮੂਲ ਸਿਧਾਂਤ, ਬੀਜ ਰੂਪ ਵਿਚ ਸਮਾਏ ਹੋਣ ਅਥਵਾ ਉਹ ਮੰਤ੍ਰ ਜੋ ਕਿਸੇ ਧਰਮ ਦਾ ਬੀਜ ਰੂਪ ਹੋਵੇ। ਜਿਵੇਂ ਹਿੰਦੂ ਧਰਮ ਦਾ ਬੀਜ ਮੰਤ੍ਰ 'ਗਾਇਤ੍ਰੀ' ਹੈ, ਜਿਸ ਦਾ ਜਾਪ ਕੇਵਲ ਦੋ-ਜਨਮੇ ਬ੍ਰਾਹਮਣ, ਖਤ੍ਰੀ ਤੇ ਵੈਸ਼ਯ ਹੀ ਕਰ ਸਕਦੇ ਹਨ। ਸਿੱਖਾਂ ਦਾ ਬੀਜ ਮੰਤ੍ਰ ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ, ਗੁਰਪ੍ਰਸਾਦਿ ਅਥਵਾ '੧ ਓ ਸਤਿਗੁਰ ਪ੍ਰਸਾਦਿ' ਇਸ ਦਾ ਸੰਖੇਪ ਹੈ।

(ਬ-198) **ਬੀਨ** :

ਇਕ ਬੰਸਰੀ ਵਰਗਾ ਸਾਜ਼, ਜੋ ਵਿਚੋਂ ਕੱਦੂ ਵਾਂਗ ਉਭਰਿਆ ਹੁੰਦਾ ਹੈ। ਬੀਨ ਨੂੰ ਸਪੇਰੇ ਫੂਕ ਮਾਰ ਕੇ ਵਜਾਉਂਦੇ ਹਨ ਤੇ ਜਿਸ ਦੀ ਆਵਾਜ਼ ਸੁਣ ਕੇ ਸੱਪ ਮਸਤ ਹੋ ਜਾਂਦਾ ਹੈ।

(ਬ-199) **ਬੀਬੀਆਂ ਦਾ ਭੋਜਨ ਕਰਨਾ** :

ਗਰਭ ਨਾਲ ਸਬੰਧਿਤ ਇਕ ਰੀਤ, ਜੋ ਸਤਵੇਂ ਮਹੀਨੇ, ਬਦ-ਰੂਹਾਂ ਤੋਂ ਬਚਾਉ ਲਈ ਕੀਤੀ ਜਾਂਦੀ ਹੈ। ਇਸ ਰੀਤ ਸਮੇਂ ਸਬੰਧਿਤ ਤੀਵੀਂ ਸਵਾ ਚਾਰ ਸੇਰ ਚਾਵਲ, ਦਸ ਥਾਲੀਆਂ ਵਿਚ ਪਾ ਕੇ, ਬੀਬੀਆਂ (ਬਦ-ਰੂਹਾਂ) ਨਮਿਤ ਦੇਂਦੀ ਹੈ। ਕੁਝ ਥਾਲੀਆਂ ਅੰਗਾਂ ਸਾਕਾਂ ਵਿਚ ਵੰਡ ਦਿਤੀਆਂ ਜਾਂਦੀਆਂ ਹਨ ਤੇ ਕੁਝ ਕਮੀਣਾਂ ਵਿਚ, ਜਿਵੇਂ ਕਿ ਇਕ ਥਾਲੀ ਡੂਮਣੀ ਨੂੰ ਦਿਤੀ ਜਾਂਦੀ ਹੈ, ਇਕ ਨਾਇਣ ਨੂੰ, ਇਕ ਗਰਭਵਤੀ ਆਪਣੇ ਲਈ ਰਖਦੀ ਹੈ ਅਤੇ ਇਕ ਥਾਲੀ ਆਪਣੇ ਪਰੀ ਲਈ।

ਈਸਵੀ ਵਿਚ ਬਣਾਇਆ ਗਿਆ। 333 ਸਾਲਾਂ ਝਨਾਂ ਦਰਿਆ ਵਿਚ ਭਾਰੀ ਹੜ੍ਹ ਆਇਆ ਤੇ ਇਸ ਅੱਧਾ ਹਿੱਸਾ ਰੋੜ੍ਹ ਕੇ ਲੈ ਗਿਆ। ਬਾਕੀ ਅੱਧਾ ਹੁਣ ਤੇ ਹੇਠਾਂ ਕਬਰ ਮੌਜੂਦ ਹੈ।

(ਬ-201) **ਬੀਬੀ ਬਾਈ ਦੀ ਪੀਂਘ** :

ਸਤਰੰਗੀ ਪੀਂਘ ਜਿਸ ਨੂੰ, ਲਹਿੰਦੇ ਵਿਚ, ਮੁਸ ਬੀਬੀ ਬਾਈ ਦੀ ਪੀਂਘ ਕਹਿੰਦੇ ਹਨ। ਰਵਾਇਤ ਅ ਬੀਬੀ ਬਾਈ, ਹਵਾ ਦੀ ਧੀ ਸੀ, ਸਾਵਣ ਦੇ ਮਹੀਨੇ ਬਾਬਾ ਆਦਮ ਨੇ ਤੀਹਾਂ ਝੂਟਣ ਲਈ ਉਸ ਨੂੰ ਅਕਾਸ਼ ਵਿਚ ਇਕ ਵਡੀ ਪੀਂਘ ਪਾ ਕੇ ਦਿਤੀ ਸੀ ਜੋ ਅ ਕਦੇ ਕਦੇ ਮੀਂਹ ਮਗਰੋਂ ਅਸਮਾਨ ਵਿਚ ਦਿਖਾਈ ਹੈ (ਵੇਖੋ : ਸਤਰੰਗੀ ਪੀਂਘ)।

(ਬ-202) **ਬੀਰ** :

ਇਕ ਤਰ੍ਹਾਂ ਦੇ ਮਿਥਕ ਪ੍ਰਾਣੀ ਜੋ ਅਦ੍ਰਿਸ਼ਟ ਰੂਪ ਘੁੰਮਦੇ ਰਹਿੰਦੇ ਹਨ ਅਤੇ ਲੋਕਾਂ ਨੂੰ ਬੜਾ ਦੁਖ ਦੇਂਦੇ ਇਨ੍ਹਾਂ ਦੀ ਗਿਣਤੀ 52 ਮੰਨੀ ਜਾਂਦੀ ਹੈ, ਜਿਸ ਇਨ੍ਹਾਂ ਦਾ ਸਾਂਝਾ ਨਾਂ 'ਬਾਵਨ ਬੀਰ' ਪੈ ਗਿਆ ਹੈ। ਪੁਰਾਣ ਅਨੁਸਾਰ ਇਨ੍ਹਾਂ ਦੇ ਨਾਉਂ ਇਹ ਹਨ : 1. 2. ਭਿੰਗੀ, 3. ਰਿਟੀ, 4. ਤੁੰਡੀ, 5. ਪ੍ਰੇਤਾਸਯ, 6. 7. ਕੁਵਲਾਸਵ, 8. ਅਸਵਕਰਣ, 9. ਨਿ 10. ਮਸਤਕਾਰੂਣ, 11. ਸੁਬਧਦੰਤ, 12. ਵਿਹ 13. ਅਮਿਤਾਸਯ, 14. ਅਸ਼ਵਵਾਹਨ, 15. 16. ਦੁੰਭਿਕ, 17. ਕਾਲਨਾਮ, 18. ਅਸੁਰਾਂਤ, 19. ਜਨ 20. ਅਲ੍ਹਾਦਕ, 21. ਯਾਮਿਕ, 22. ਚੇਭਿਕ, 23. ਚੰ 24. ਅੰਤਕਰ, 25. ਨਿਸ਼ਚਾਰ, 26. ਵੀਰਭਦ੍ਰ, ਮਣੀਮਾਨ, 28. ਚੰਡੀਸ, 29. ਨੰਦੀਸਵਰ, 30. ਵੀਰ 31. ਵਿਕਟ, 32. ਵਿਨੋਦੀ, 33. ਸੁਮੰਤ੍ਰ ਵਿਨੋਦੀ, ਸੁਰਮੰਤ੍ਰ ਵਿਨੋਦੀ, 35. ਕਾਲੀਯ, 36. ਤ੍ਰੁਟੀ, 37. ਨ 38. ਨਾਰਸਿੰਘ, 39. ਹਨੂਮਾਨ, 40. ਭੈਰਵ, 41. ਨਿ 42. ਕਾਲਸਮ, 43. ਨਰਾਦ, 44. ਨਾਸੀਰ, 45. 46. ਇਜਯ, 47. ਵਿਜਯ, 48. ਵਿਸ਼ੋਧਰੀ, 49. 50. ਕਾਮਾਖਯ, 51. ਨਿਰਾਲੰਬ, 52. ਪੁਨਯਮਯ।

ਦੇ । ਰਣਬੀਰ ਨੂੰ ਪਤਿਆਣ ਲਈ ਭੇਟਾ ਦਿਤੀਆਂ ਜਾਂਦੀਆਂ ਹਨ । ਖੜਗ ਬੀਰ ਮਰਦਾਂ ਤੇ ਪਸ਼ੂਆਂ ਦਾ ਦੋਖੀ ਹੈ ਤੇ ਉਨ੍ਹਾਂ ਵਿਚ ਰੋਗ ਉਤਪੰਨ ਕਰਦਾ ਹੈ । ਕਾਲਾ ਬੀਰ ਕਾਲੇ ਰੰਗ ਦਾ ਹੈ ਤੇ ਉਨ੍ਹਾਂ ਪਤਨੀਆਂ ਦੀ ਸੇਜ ਮਾਣਦਾ ਹੈ, ਜਿਨ੍ਹਾਂ ਦੇ ਪਤੀ ਬਾਹਰ ਗਏ ਹੋਣ । ਜੇ ਕੋਈ ਪਤੀ ਘਰ ਆ ਕੇ, ਇਸ ਬੀਰ ਨੂੰ ਆਪਣੀ ਪਤਨੀ ਨਾਲ ਵਸਦਾ ਵੇਖ ਲਵੇ ਤਾਂ ਉਹ ਪਤੀ ਅਵੱਸ਼ ਮਰ ਜਾਂਦਾ ਹੈ । ਇਸ ਬੀਰ ਨੂੰ ਪਤਿਆਉਣ ਲਈ ਕਿਸੇ ਪਸ਼ੂ ਦੀ ਬਲੀ ਦਿਤੀ ਜਾਂਦੀ ਹੈ । ਕਾਲੂ ਬੀਰ ਗਰਭਪਾਤ ਕਰਦਾ ਹੈ । ਕਾਂਗੜੇ ਦੇ ਗੱਦੀ ਕਾਲੂ ਬੀਰ ਦੀ ਪੂਜਾ ਉਸ ਦਾਤ੍ਰੀ ਦੇ ਰੂਪ ਵਿਚ ਕਰਦੇ ਹਨ ਜੋ ਗੱਦੀ ਆਜੜੀਆਂ ਕੋਲ ਹੁੰਦੀ ਹੈ । ਕਾਲੂ ਬੀਰ ਸਭ ਨਾਗ ਦਿਉਤਿਆਂ ਦਾ ਵਡਿਕਾ ਮੰਨਿਆ ਜਾਂਦਾ ਹੈ ਅਤੇ ਜੇ ਇਸ ਨੂੰ ਪੂਜਿਆ ਨਾ ਜਾਵੇ ਤਾਂ ਇਹ ਵਾਦੀ ਵਿਚ ਭਾਰੀ ਪੱਥਰ ਸੁਟਦਾ ਰਹਿੰਦਾ ਹੈ । ਸ਼ੋਧੂ ਬੀਰ ਜੋ ਸ਼ਾਂ ਸ਼ਾਂ ਦੀ ਅਵਾਜ਼ ਪੈਦਾ ਕਰਦਾ ਹੈ, ਰੁਦਰ (ਸ਼ਿਵ) ਦਾ ਇਕ ਰੂਪ ਮੰਨਿਆ ਜਾਂਦਾ ਹੈ । ਬੜਾ ਦੁਸ਼ਟ ਬੀਰ ਹੈ । ਇਹ ਝਖੜ ਹਨੇਰੀ ਦੁਆਰਾ ਘਰ ਜਲਾ ਦੇਂਦਾ ਹੈ ਤੇ ਫਸਲਾਂ ਤਬਾਹ ਕਰ ਦੇਂਦਾ ਹੈ ਅਤੇ ਜੇ ਕਰੋਧ ਵਿਚ ਆ ਜਾਵੇ ਤਾਂ ਮਨੁੱਖ ਨੂੰ ਪਾਗਲ ਬਣਾ ਦੇਂਦਾ ਹੈ (ਗਲਾਸਰੀ 1,215, 645, 2,26) । ਬੀਰ ਬਤਾਲ ਪਾਣੀ ਵਿਚ ਰਹਿੰਦਾ ਹੈ । ਬਣਾਂ ਵਿਚ ਰਹਿਣ ਵਾਲੇ ਬੀਰ ਨੂੰ ਬਣਬੀਰ ਕਿਹਾ ਜਾਂਦਾ ਹੈ ।

(ਬ-203) **ਬੀਰ ਬਹੁਟੀ** :

(ਵੇਖੋ : ਚੀਚ ਬਹੁਟੀ) ।

(ਬ-204) **ਬੀਰ ਬਤਾਲ** :

(ੳ) ਜਲ ਵਿਚ ਰਹਿਣ ਵਾਲਾ ਇਕ ਬੀਰ, ਜੋ ਦਰਿਆਵਾਂ ਤੇ ਨਦੀ ਨਾਲਿਆਂ ਵਿਚ ਰਹਿੰਦਾ ਮੰਨਿਆ ਜਾਂਦਾ ਹੈ । ਇਸੇ ਨੂੰ ਖ਼ਵਾਜਾ ਖਿਜ਼ਰ ਵੀ ਕਿਹਾ ਜਾਂਦਾ ਹੈ । ਇਸ ਬੀਰ ਨੂੰ, ਪਤਿਆਣ ਲਈ, ਪਹਾੜੀ ਇਲਾਕੇ ਵਿਚ 'ਮਿੰਜਰਾਂ ਕਾ ਮੇਲਾ' ਲਗਦਾ ਹੈ । ਚੰਬਾ ਗਜ਼ਟੀਅਰ (ਪੰਨਾ 191) ਅਨੁਸਾਰ ਜਦੋਂ ਤਕ ਬੀਰ ਬਤਾਲ ਨੂੰ ਬਲੀ ਨਾ ਦਿਤੀ ਜਾਵੇ ਉਦੋਂ ਤਕ ਪੁਲ ਸੁਰਖਿਅਤ ਨਹੀਂ ਹੁੰਦੇ ।

ਹੈ ਤੇ ਮੁਸਾਫ਼ਰਾਂ ਨੂੰ ਥਕਾ ਦੇਂਦਾ ਹੈ । ਇਸ ਨੂੰ
ਵੀ ਕਹਿੰਦੇ ਹਨ (ਵੇਖੋ : ਛਲੇਡਾ) ।

(ਅ) ਇਕ ਖ਼ਾਸ ਤਰ੍ਹਾਂ ਦਾ ਬੀਰ, ਜੋ ਮੁਰਦੇ ਵਿਚ ਪ੍ਰਵੇਸ਼ ਕਰ ਕੇ, ਉਸ ਦੇ ਸਰੀਰ ਦੁਆਰਾ ਅ ਤ੍ਰਿਸ਼ਨਾਵਾਂ ਦੀ ਪੂਰਤੀ ਕਰਦਾ ਹੈ । ਇਸ ਨੂੰ ਭੂ ਕਿਹਾ ਜਾਂਦਾ ਹੈ (ਵੇਖੋ : ਬੀਰ) ।

(ਬ-205) **ਬੀਰਬਲ** :

ਅਕਬਰ ਪਾਤਸ਼ਾਹ ਦਾ ਇਕ ਵਜ਼ੀਰ ਜੋ ਨੀਤੀਵੇਤਾ ਤੇ ਸੁਚੱਜਾ ਪ੍ਰਬੰਧਕ ਸੀ । ਇ ਦੰਦ ਕਥਾਵਾਂ ਦਾ ਇਕ ਕਥਾ ਚੱਕਰ ਪ੍ਰਚਲਤ ਹੈ ਕਹਾਣੀਆਂ ਬੀਰਬਲ ਤੇ ਅਕਬਰ ਦੀ ਆਪਸੀ ਤਾਅਣੇ ਤੋਂ ਸ਼ੁਰੂ ਹੁੰਦੀਆਂ ਹਨ ਤੇ ਵਿਅੰਗ ਵਿਚ ਮੁ ਹਨ । ਜਾਂ ਕਈ ਵਾਰ ਕਿਸੇ ਕਰੜੇ ਸੱਚ ਨੂੰ ਕਰਦੀਆਂ ਹਨ ।

(ਬ-206) **ਬੀਰਬਲੀ** :

ਮਰਦਾਂ ਦਾ ਕੰਨਾਂ ਵਿਚ ਪਾਉਣ ਵਾਲਾ ਇਕ ਗ ਲਹਿੰਦੇ ਵਿਚ ਇਸ ਦਾ ਕਾਫ਼ੀ ਰਿਵਾਜ ਰਿਹਾ ਹੈ ਅਖਾਣ ਹੈ :

ਮਾਮੇ ਕੰਨੀਂ ਬੀਰ-ਬਲੀਆ
ਭਣੇਵਾਂ ਆਕੜ ਆਕੜ ਫਿਰੇ ।

(ਬ-207) **ਬੀਰ ਬੇਤਾਲੀ** :

ਉਹ ਪੀਰ/ਚੇਲਾ, ਜਿਸ ਨੇ ਬੀਰ ਬੇਤਾਲਾਂ ਭੂਤਾਂ ਪ੍ਰੇਤਾਂ ਨੂੰ ਵਸ ਵਿਚ ਕੀਤਾ ਹੋਵੇ ਉਨ੍ਹਾਂ ਤੋਂ, ਕ ਦੇ ਅਲੌਕਿਕ ਕੰਮ ਲੈਂਦਾ ਹੋਵੇ ।

(ਬ-208) **ਬੀਰ ਬੈਰਾਗੀ** :

ਬੰਦਾ ਬੈਰਾਗੀ; ਦੰਦ-ਕਥਾਵਾਂ ਅਨੁਸਾਰ ਬੰਦਾ ਜਿਸ ਦਾ ਸਿੱਖ ਸਜਣ ਤੋਂ ਪਹਿਲਾਂ ਨਾਉਂ ਮਾਧੋ ਦ ਨੇ ਕਈ ਬੀਰ ਵਸ ਵਿਚ ਕੀਤੇ ਹੋਏ ਸਨ । ਰਵ ਕਿ ਉਸ ਦੇ ਬੈਰਾਗੀ-ਮੱਠ ਵਿਚ ਇਕ ਆਸਨ ਸ ਦੀਆਂ ਚੁਹਾਂ ਥੰਮੀਆਂ ਦੀਆਂ ਚਾਰ ਬੀਰ ਰਾਖੀ

**(ਬ-209) ਬੀਰ ਭਦ੍ਰ :**

ਬੀਰ ਭਦ੍ਰ, ਸ਼ਿਵ ਦੇ ਮੂੰਹ ਵਿਚੋਂ ਪੈਦਾ ਹੋਇਆ ਇਕ ਵਿਕਰਾਲ ਦੇਵਤਾ; ਵਾਯੂ ਪੁਰਾਣ ਅਨੁਸਾਰ ਇਸ ਦੇ ਇਕ ਹਜ਼ਾਰ ਸਿਰ, ਹਜ਼ਾਰ ਅੱਖਾਂ ਤੇ ਹਜ਼ਾਰ ਪੈਰ ਤੇ ਦੋ ਹਜ਼ਾਰ ਬਾਹਵਾਂ ਸਨ। ਇਸ ਦੇ ਇਕ ਹਜ਼ਾਰ ਹੱਥਾਂ ਵਿਚ ਗਦਾਵਾਂ ਤੇ ਬਾਕੀ ਹਜ਼ਾਰ ਹੱਥਾਂ ਵਿਚ ਤੀਰ ਸਨ। ਇਸ ਦਾ ਸਰੀਰ ਅੱਗ ਵਾਂਗ ਚਮਕਦਾ ਸੀ ਅਤੇ ਇਹ ਦੂਰੋਂ ਅਰਧ-ਚੰਦਰਮੇ ਵਾਂਗ ਵਿਖਾਈ ਦੇਂਦਾ ਸੀ। ਜਦੋਂ ਇਹ ਪ੍ਰਗਟ ਹੋਇਆ ਤਾਂ ਇਸ ਸ਼ੇਰ ਦੀ ਖੱਲ ਪਹਿਨੀ ਹੋਈ ਸੀ ਤੇ ਖ਼ੂਨ ਨਾਲ ਲੱਥ-ਪੱਥ ਸੀ। ਸ਼ਿਵ ਨੇ, ਦਖਸ਼ ਦੇ ਯੱਗ ਦਾ ਨਾਸ਼ ਕਰਨ ਲਈ, ਇਸ ਦੀ ਰਚਨਾ ਕੀਤੀ। ਇਸ ਦਾ ਵਿਕਰਾਲ ਰੂਪ ਵੇਖ ਕੇ ਦਖਸ਼ ਦੇ ਯੱਗ ਵਿਚ ਆਏ ਸਭ ਦੇਵਤੇ ਦੌੜ ਗਏ।

ਮਰਹਟੇ ਬੀਰ ਭਦ੍ਰ ਦੀ ਪੂਜਾ ਕਰਦੇ ਹਨ।

**(ਬ-210) ਬੀੜ ਭੋਜਨ :**

ਮਹੇਸ਼ਵਰੀ ਗੋਤ ਵਿਚ ਵਿਆਹ ਨਾਲ ਸਬੰਧਿਤ ਇਕ ਰੀਤ। ਮਹੇਸ਼ਵਰੀਆਂ ਦੇ ਵਿਆਹਾਂ ਵਿਚ, ਮਾਮੇ ਨੂੰ ਖ਼ਾਸ ਮਹੱਤਵ ਪ੍ਰਾਪਤ ਹੈ। ਵਿਆਹ ਦੇ ਮੌਕੇ ਉਤੇ ਲਾੜ੍ਹੇ ਦੇ ਮਾਮੇ ਨੂੰ, ਕੰਨਿਆਂ ਪੱਖ ਵਾਲੇ ਉਚੇਚਾ ਥਾਲ ਪਰੋਸ ਕੇ ਦੇਂਦੇ ਹਨ, ਜੋ ਬੀੜ ਭੋਜਨ ਅਖਵਾਉਂਦਾ ਹੈ ਤੇ ਇਸ ਦੇ ਮਗਰੋਂ ਕੰਨਿਆਂ ਆਪਣੇ ਹੋਣ ਵਾਲੇ ਵਰ ਨੂੰ ਪਾਨ ਦਾ ਬੀੜਾ ਭੇਟ ਕਰਦੀ ਹੈ।

**(ਬ-211) ਬੀੜਾ :**

(ੳ) ਚੂਨਾ ਕੱਥਾ ਆਦਿ ਲਗਾ ਕੇ ਤੇ ਉਸ ਵਿਚ ਸੁਪਾਰੀ, ਲੌਂਗ ਆਦਿ ਭਰ ਕੇ ਵਲ੍ਹੇਟਿਆ ਪਾਨ ਦਾ ਪੱਤਾ; ਪਹਿਲਿਆਂ ਵਿਚ ਰਾਜਪੂਤ ਘਰਾਣਿਆਂ ਵਿਚ ਇਹ ਪ੍ਰਥਾ ਸੀ ਕਿ ਭੀੜਾ ਵੇਲੇ ਜਾਂ ਕਿਸੇ ਮੁਹਿੰਮ ਉਤੇ ਜਾਣ ਲਗਿਆਂ ਸਭ ਰਾਜਪੂਤਾਂ ਨੂੰ ਇਕ ਥਾਂ ਸੱਦਾ ਦੇ ਕੇ, ਕਿਸੇ ਅਚਾਨਕ ਮੁਸੀਬਤ ਸਬੰਧੀ ਵਿਚਾਰ ਕੀਤੀ ਜਾਂਦੀ। ਵਿਚਕਾਰ ਇਕ ਥਾਲ ਵਿਚ ਪਾਨ ਦਾ ਬੀੜਾ ਤੇ ਤਲਵਾਰ ਰਖ ਦਿਤੀ ਜਾਂਦੀ ਸੀ। ਜਿਹੜਾ ਵੀ ਰਾਜਪੂਤ ਇਸ ਭੀੜਾ ਦਾ ਮੁਕਾਬਲਾ ਕਰਨ ਦਾ, ਆਪਣੇ ਆਪ ਨੂੰ ਸਮਰੱਥ ਸਮਝਦਾ, ਤੇ ਹੀਆ ਰਖਦਾ, ਉਹ ਤਲੀ ... ਵਿਚ ਪਾਨ ਦਾ ਬੀੜਾ ਚੁਕ

**(ਬ-212) ਬੀੜੇ ਦਾ ਮੇਲਾ :**

ਇਕ ਮੇਲਾ, ਜੋ ਸਾਵਣ ਦੇ ਮਹੀਨੇ ਦੇ ... ਦੂਜੇ ਐਤਵਾਰ ਨੂੰ, ਪੋਠੋਹਾਰ ਦੇ ਇਲਾਕੇ ਵਿਚ ... ਕਰਦਾ ਸੀ। ਪਹਿਲੇ ਐਤਵਾਰ ਨੂੰ ਪਿੰਡ ਦੀਆਂ ... ਕੰਨਾਂ ਦੇ ਧਾਗੇ, ਠੂੰਮਣੀਆਂ ਜਾਂ ਬੀੜੇ ਕਿਸੇ ਵ... ਜਾਂ ਬੰਨੀਂ ਦੇ ਕੰਢੇ ਦੱਬ ਆਉਂਦੀਆਂ ਤੇ ਦੂਜੇ ... ਉਥੋਂ ਹੀ ਮਿੱਟੀ ਖ਼ੁਦ ਖੋਦ ਕੇ ਕਢ ਲੈਂਦੀਆਂ। ... ਲੱਭ ਪੈਣਾ ਬੜਾ ਸ਼ੁਭ ਸ਼ਗਨ ਹੁੰਦਾ। ਇਸ ਮਗਰੋ... ਪੀਂਘ ਝੂਟਦੀਆਂ, ਗੀਤ ਗਾਂਦੀਆਂ ਤੇ ਕ... ਤੇ ਸੇਂਵੀਆਂ ਆਦਿ ਖਾਂਦੀਆਂ ਹਨ (ਵੇਖੋ : ਸਾਵ...

**(ਬ-213) ਬੁਹਾਰੀ :**

ਘਰ ਦੀ ਸਫ਼ਾਈ ਲਈ ਵਰਤੀ ਜਾਂਦੀ ਬੁ... ਕਈ ਤਰ੍ਹਾਂ ਦੇ ਭਰਮ ਵਹਿਮ ਜੁੜੇ ਹੋਏ ਹਨ। ... ਬਾਹਰ ਹੋਵੇ ਤਾਂ ਘਰ ਵਿਚ ਬੁਹਾਰੀ ਦੇਣ ਨਾਲ ... ਘਾਟਾ ਪੈਂਦਾ ਹੈ। ਮੰਜੀ ਅਥਵਾ ਪਲੰਘ ਤੇ, ਬੁ... ਨਾਲ, ਉਸ ਪਲੰਘ ਉਤੇ ਸੌਣ ਵਾਲੇ ਦੀ ਸਿਹਤ ... ਫਿਰ ਜਾਂਦਾ ਹੈ ਤੇ ਉਹ ਹਮੇਸ਼ਾ ਰੋਗੀ ਰਹਿੰਦਾ ਹੈ ... ਫੇਰਨ ਲਗਿਆਂ, ਸਭ ਕਾਸੇ ਤੋਂ ਕੂੜਾ ਮੇਲ ਕੇ ... ਵਲ ਲਿਆਣਾ ਸ਼ੁਭ ਹੈ। ਜੇ ਕਈ ਦਰਵਾਜ਼ੇ ਹੋਣ ... ਦਰਵਾਜ਼ੇ ਵਲ ਲਿਜਾਣਾ ਚਾਹੀਦਾ ਹੈ ਜੋ ਬ... ਖੁਲ੍ਹਦਾ ਹੋਵੇ, ਦੂਜੇ ਪਾਸੇ ਵਲ ਦਿਤੀ ਬੁਹਾਰੀ ... ਬੁਹਾਰੀ' ਕਹਿੰਦੇ ਹਨ। ਬੁਹਾਰੀ ਨੂੰ ਪੁੱਠਾ ਫੇਰ... ਹੈ, ਘਰ ਵਿਚ ਦਲਿਦਰ ਪੈਂਦਾ ਹੈ। ਛਿੱਲੇ ਵ... ਵਿਚ ਬੁਹਾਰੀ ਨਹੀਂ ਰਖੀ ਜਾਂਦੀ। ਧਾਰਨਾ ਹੈ ... ਜੰਮੇ ਬੱਚੇ ਦੀ ਕਿਸਮਤ ਦਾ ਹੂੰਝਾ ਫਿਰ ਜਾਂਦਾ ਹੈ ... ਉਤੋਂ ਟੱਪਣਾ ਚੰਗਾ ਨਹੀਂ, ਟੱਪਣ ਵਾਲੇ ਦੇ ਸਰੀ... ਰੋਗ ਚੰਬੜ ਜਾਂਦਾ ਹੈ। ਜੇ ਕਿਸੇ ਦੇ ਘਰ ਬੁਹਾਰੀ ... ਖੋਲ੍ਹਿਆ ਜਾਵੇ ਤਾਂ ਉਥੇ ਫੁਟ ਪੈਂਦੀ ਹੈ।

ਚੁੜ੍ਹੇ ਬੁਹਾਰੀ ਨੂੰ ਆਪਣੀ ਰੋਜ਼ੀ ਦਾ ਕਿ... ਹਨ ਤੇ ਇਸ ਨੂੰ ਕਦੇ ਲੇਟਵੇਂ ਦਾਅ ਜ਼ਿਮੀਂ... ਰਖਦੇ, ਘਰ ਵਿਚ ਸਦਾ ਖੜ੍ਹੇ ਦਾਅ ਰਖਦੇ ਹਨ... ਦਾਅ ਕਰਨ ਨਾਲ ਧਨ ਦਾ ਘਾਟਾ ਤੇ ਕੰਮ ਵਿਚ ... ਪੈਂਦੀ ਹੈ।

ਹਨ, ਉਸ ਨੂੰ 'ਬੁੱਖਾਰ ਮੰਗਣਾ' ਕਿਹਾ ਜਾਂਦਾ ਹੈ। ਜੇ ਇਕ ਬੁੱਖਾਰ ਦੀ ਬਲਦੀ ਅੱਗ ਵਿਚੋਂ ਚੁਆਤੀ ਲਿਜਾ ਕੇ ਕਿਸੇ ਦੂਜੇ ਬੁੱਖਾਰ ਵਿਚ ਅੱਗ ਲਗਾਈ ਜਾਵੇ ਤਾਂ ਇਸ ਨੂੰ 'ਬੁੱਖਾਰ ਵਿਆਹੁਣਾ' ਕਿਹਾ ਜਾਂਦਾ ਹੈ।

ਲੋਕ ਧਾਰਨਾ ਹੈ ਕਿ ਜੇ ਲੋਹੜੀ ਤੋਂ ਪਹਿਲਾਂ ਸਤ ਬੁੱਖਾਰ ਬਾਲੇ ਜਾਣ ਤਾਂ ਸਭ ਦੁੱਖ ਤੇ ਸੰਕਟ ਦੂਰ ਹੋ ਜਾਂਦੇ ਹਨ। ਵਿਸ਼ਨੂੰ ਦਿਉਤਾ ਉਸ ਦੀ ਰਖਿਆ ਉਸੇ ਤਰ੍ਹਾਂ ਹੀ ਕਰਦੇ ਹਨ ਜਿਵੇਂ ਉਨ੍ਹਾਂ ਨੇ ਨਰਸਿੰਘ ਦਾ ਰੂਪ ਧਾਰ ਕੇ ਪ੍ਰਹਿਲਾਦ ਦੀ ਰਖਿਆ ਕੀਤੀ ਸੀ।

**(ਬ-215) ਬੁਗੱਤੀ** :

ਚਾਂਦੀ ਦੇ ਸਿਕਿਆ ਦਾ ਬਣਿਆ ਗਲ ਦਾ ਇਕ ਹਾਰ। ਬੁਗੱਤੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪ੍ਰਚਲਤ ਸੋਨੇ ਦਾ ਇਕ ਸਿੱਕਾ ਸੀ, ਜੋ ਪੰਜ ਰੁਪਏ ਦੇ ਬਰਾਬਰ ਹੁੰਦਾ ਸੀ। ਲੋਕੀ ਇਸ ਸਿੱਕੇ ਦਾ ਹਾਰ ਬਣਾ ਕੇ ਪਹਿਨਿਆ ਕਰਦੇ ਸਨ। ਮਗਰੋਂ ਅੰਗਰੇਜ਼ੀ ਰਾਜ ਸਮੇਂ ਵੀ, ਚਾਂਦੀ ਦੇ ਸਿੱਕਿਆਂ ਦੇ ਜੋ ਹਾਰ ਬਣਾਏ ਜਾਂਦੇ, ਉਨ੍ਹਾਂ ਨੂੰ ਵੀ ਬੁਗੱਤੀ ਕਿਹਾ ਜਾਣ ਲੱਗਾ।

**(ਬ-216) ਬੁਜਲੀ** :

ਇਸਤ੍ਰੀਆਂ ਦੇ ਕੰਨਾਂ ਦਾ ਇਕ ਗਹਿਣਾ, ਜੋ ਕੰਨਾਂ ਦੀ ਲੂਲ੍ਹ ਵਿਚ ਪਾਇਆ ਜਾਂਦਾ ਹੈ।

**(ਬ-217) ਬੁੰਜਾਹੀ (ਬੁਵਿੰਜਾਈ)** :

ਖੱਤ੍ਰੀਆਂ ਦੀ ਇਕ ਉਪਵੰਡ, ਜਿਸ ਵਿਚ ਬੁਵਿੰਜਾ ਗੋਤਾਂ ਸ਼ਾਮਲ ਹਨ। ਬੁਵਿੰਜਾ ਗੋਤਾਂ ਦਾ ਸਮੂਹ ਹੋਣ ਕਰ ਕੇ, ਇਸ ਵੰਡ ਦਾ ਨਾਂ ਬੁਵੰਜਾਈ ਅਥਵਾ ਬੁੰਜਾਹੀ ਪੈ ਗਿਆ। ਮੁੱਢ ਵਿਚ, ਇਸ ਵੰਡ ਵਿਚ, 52 ਗੋਤਾਂ ਹੀ ਸ਼ਾਮਲ ਸਨ, ਪਰ ਮਗਰੋਂ ਗਿਣਤੀ ਵਧਦੀ ਘਟਦੀ ਰਹੀ, ਜਿਸ ਕਰ ਕੇ ਇਕ ਰਾਏ ਨਹੀਂ ਕਿ ਬੁੰਜਾਹੀਆਂ ਵਿਚ ਕਿਹੜੀਆਂ ਕਿਹੜੀਆਂ ਗੋਤਾਂ ਸ਼ਾਮਲ ਹਨ।

ਖਤ੍ਰੀਆਂ ਦੀ ਇਸ ਉਪ-ਵੰਡ ਦਾ ਮੁੱਢ ਅਲਾਉਦੀਨ ਖ਼ਿਲਜੀ ਦੇ ਸਮੇਂ ਬੱਝਾ। ਉਦੋਂ ਯੁਧਾਂ ਵਿਚ ਅਨੇਕਾਂ ਖਤ੍ਰੀ ਮਾਰੇ ਗਏ ਅਤੇ ਉਨ੍ਹਾਂ ਦੀਆਂ ਜਵਾਨ ਵਿਧਵਾ ਇਸਤ੍ਰੀਆਂ ਦਰ-ਦਰ ਦੀਆਂ ਠੋਹਕਰਾਂ ਖਾਣ ਲਗੀਆਂ।

ਵਿਧਵਾ ਦੇ ਪੁਨਰ-ਵਿਆਹ ਦੀ ਪ੍ਰਥਾ ਨਹੀਂ
ਇਸ ਕਾਨੂੰਨ ਦਾ ਵਿਰੋਧ ਕੀਤਾ ਤੇ ਵਖ ਵਖ
ਦੇ ਵਫ਼ਦ ਬਾਦਸ਼ਾਹ ਨੂੰ ਮਿਲੇ। ਇਨ੍ਹਾਂ ਵਿਚੋਂ
52 ਗੋਤਾਂ ਦੇ ਖਤ੍ਰੀਆਂ ਦਾ ਸੀ, ਇਸ ਵਿਚ ਸ਼
ਦਾ ਵਖਰਾ ਸਮੂਹ ਬਣ ਗਿਆ ਤੇ ਇਹ ਬੁੰਜ
ਹੋਈ।

ਬੁੰਜਾਹੀ ਅਗੋਂ ਕਈ ਉਪਸ਼ਾਖ਼ਾਂ ਵਿਚ ਵੰਡੀ
ਜਿਵੇਂ ਖੁਖਰੈਣ, ਬਾਹਰੀ ਬੁੰਜਾਹੀ, ਧਰਮੈਣ, ਬੁੰਜ

ਖੁਖਰੈਣ ਅਗੋਂ ਅੱਠ ਗੋਤਾਂ ਵਿਚ ਵੰਡੇ
ਜਿਸ ਕਰ ਕੇ ਇਹ ਅੱਠ ਜਾਤੀ ਜਾਂ ਅੱਠਘਰੇ ਵੀ
ਹਨ। ਇਹ ਚਾਰ ਥੰਮਾਂ ਵਿਚ ਵੰਡੇ ਹੋਏ ਹਨ :

1. ਅਨੰਦ, ਭਸੀਨ,
2. ਚੱਢਾ, ਸਾਹਨੀ,
3. ਸੂਰੀ, ਸੇਠੀ,
4. ਕੋਹਲੀ, ਸਭਰਵਾਲ।

ਇਨ੍ਹਾਂ ਅੱਠਾਂ ਗੋਤਾਂ ਵਿਚੋਂ ਚੱਢੇ ਤੇ ਸਾਹਨ
ਸੂਰਜਬੰਸੀ ਹਨ ਅਤੇ ਬਾਕੀ ਚੰਦ੍ਰਬੰਸੀ। ਦੋ
ਪਹਿਲਾਂ ਪਿਸ਼ਾਵਰ ਵਿਚ ਵਸਦੇ ਚੰਡੋਕ ਵੀ ਆ
ਨੂੰ ਖੁਖਰੈਣ ਬਰਾਦਰੀ ਵਿਚੋਂ ਦਸਦੇ ਹਨ।

ਦੂਜੀ ਉਪ-ਸ਼ਾਖ, ਬਾਹਰੀ ਬੁੰਜਾਹੀਆਂ ਦੀ
ਵਿਚ ਬਾਹਰਾਂ ਗੋਤਾਂ ਸ਼ਾਮਲ ਹਨ। ਇਸ ਸ਼ਾਖ ਨੂੰ
ਜਾ 'ਪਕਾ' ਵੀ ਕਿਹਾ ਜਾਂਦਾ ਹੈ। ਬਾਹਰੀ ਬੁੰਜਾ
ਸ਼ਾਖ ਨਾਲੋਂ ਵਖਰੇ ਹਨ, ਬਾਹਰੀ ਬੁੰਜਾਹੀ ਖ
ਇਕ ਉਪਵੰਡ ਹੈ। ਪਰ ਬਾਹਰੀ ਖਤ੍ਰੀ ਆਪਣੇ
ਖਤ੍ਰੀਆਂ ਦੀ ਇਕ ਮੁਖ ਵੰਡ ਹੈ।

ਤੀਜੀ ਉਪਸ਼ਾਖ ਧਰਮੈਣ ਦੇ ਨਾਂ ਨਾਲ
ਜਿਸ ਵਿਚ 40 ਜਾਤੀਆਂ ਸ਼ਾਮਿਲ ਹਨ। ਇ
ਬੁੰਜਾਹੀ' ਵੀ ਕਹਿੰਦੇ ਹਨ।

ਚੋਥੀ ਉਪਸ਼ਾਖ ਬੁੰਜਾਹੀ ਖੁਰਦ (ਆਮ)
ਜਾਣੀ ਜਾਂਦੀ ਹੈ। ਇਸ ਵਿਚ ਇਕ ਸੌ ਗੋਤਾਂ
ਇਨ੍ਹਾਂ ਨੂੰ 'ਛੋਟਾ ਬੁੰਜਾਹੀ' ਤੇ 'ਅਨੁਸਾਰ' ਵੀ
ਹੈ। ਆਇਨੇ ਅਕਬਰੀ ਵਿਚ ਖਤ੍ਰੀਆਂ ਦੀ
ਬਾਰਾਂ ਘਰੇ ਵੰਡ ਦਾ ਜ਼ਿਕਰ ਆਉਂਦਾ ਹੈ।

ਬੁੰਜਾਹੀ ਖਤ੍ਰੀ ਆਪੋ ਵਿਚ ਵਿਆਹ ਕਰਦੇ
ਖਤ੍ਰੀਆਂ ਨਾਲੋਂ ਇਨ੍ਹਾਂ ਦੀਆਂ ਕੁਝ ਹੀਤਾ ਵਖਰੀ

**(ਬ-218) ਬੁਝਾਰਤ :**

ਬੁਝਾਰਤਾਂ ਮੌਖਿਕ ਸਾਹਿਤ ਦਾ ਮਹੱਤਵਪੂਰਣ ਅੰਗ ਤੇ ਲੋਕ-ਸੰਸਕ੍ਰਿਤੀ ਦਾ ਇਕ ਕਲਾਤਮਿਕ ਪ੍ਰਗਟਾ-ਰੂਪ ਹਨ। ਜਿਥੇ ਲੋਕ-ਗੀਤ ਜਾਤੀ ਦੀ ਭਾਵੁਕਤਾ ਤੇ ਰਸਿਕਤਾ ਦੇ, ਅਖਾਣ ਜਾਤੀ ਦੇ ਜੀਵਨ ਦਰਸ਼ਨ ਤੇ ਚਰਿਤਰ ਦੇ ਪ੍ਰਮਾਣ ਹਨ, ਉਥੇ ਬੁਝਾਰਤਾਂ ਜਾਤੀ ਦੀ ਬੌਧਿਕਤਾ ਦੀਆਂ ਕਿਸੇ ਕਬੀਲੇ ਜਾਂ ਆਦਿਮ ਜਾਤੀ ਦੀ, ਕਲਪਨਾ ਦੀ ਪਕੜ ਵਿਚ ਆਏ, ਅਨੇਕਾਂ ਬਿੰਬ, ਰੂਪਕ ਤੇ ਸੰਕਲਪ-ਚਿਤ੍ਰ ਬੁਝਾਰਤਾਂ ਵਿਚ ਹੀ ਰੂਪਮਾਨ ਹਏ ਹਨ ਅਤੇ ਇਨ੍ਹਾਂ ਦੁਆਰਾ ਉਨ੍ਹਾਂ ਦੀ ਕਲਾਤਮਿਕ ਪ੍ਰਤਿਭਾ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

ਬੁਝਾਰਤ ਸ਼ਬਦ ਸਮਝਣ ਵਿਚ ਜਿਤਨਾ ਅਸਾਨ ਹੈ, ਵਿਆਖਿਆ ਕਰਨ ਵਿਚ ਉਤਨਾ ਹੀ ਕਠਿਨ ਹੈ। ਇਸ ਦੀ ਕੋਈ ਇਕ ਠੁੱਕ ਪਰਿਭਾਸ਼ਾ ਕਰਨੀ ਵੀ ਸਹਿਜ ਨਹੀਂ। ਕਿਉਂ ਜੋ ਬੁਝਾਰਤਾਂ ਵਿਸ, ਰੂਪ ਤੇ ਬਣਤਰ ਵਿਚ ਇਤਨੀਆ ਵੰਨ-ਸਵੰਨੀਆਂ ਅਤੇ ਰੂਪ ਵਿਚ ਵਿਵਧ ਹਨ ਕਿ ਇਨ੍ਹਾ ਦੇ ਸਾਂਝੇ ਪਛਾਣਨ-ਯੋਗ ਨੈਣ-ਨਕਸ਼ ਲੱਭਣੇ ਕਠਨ ਹਨ ਕੋਈ ਬੁਝਾਰਤ ਇਕ ਸਤਰੀ ਹੈ ਤੇ ਕੋਈ ਪੰਜ, ਛੇ ਸਤਰਾਂ ਵਾਲੀ ਅਤੇ ਕੋਈ ਲਘੂ-ਕਥਾ ਜਿਤਨੀ। ਕੋਈ ਬੁਝਾਰਤ ਕਾਵਿ ਵਿਚ ਹੈ ਕੋਈ ਗੱਦ ਵਿਚ ਤੇ ਕੋਈ ਨਾਟਕੀ ਵਾਰਤਾਲਾਪ ਵਿਚ। ਕੋਈ ਤੋਲ-ਤੁਕਾਂਤ ਅਤੇ ਲੈਅ ਵਿਚ ਬੱਝੀ ਤੇ ਕੋਈ ਦੋਹਾਂ ਤੋਂ ਮੁਕਤ। ਕਿਸੇ ਬੁਝਾਰਤ ਵਿਚ ਤੁਲਨਾ ਹੈ ਅਤੇ ਕਿਸੇ ਵਿਚ ਵਿਰੋਧ। ਕਿਸੇ ਬੁਝਾਰਤ ਵਿਚ ਕੋਈ ਪੂਰਾ ਬਿੰਬ ਫੈਲਿਆ ਹੋਇਆ ਹੈ ਤੇ ਕਿਸੇ ਵਿਚ ਅੰਸ਼-ਮਾਤਰ। ਕਿਧਰੇ ਮੁਕੰਮਲ ਰੂਪਕ ਹੈ ਤੇ ਕਿਧਰੇ ਜੁਚ ਮਾਤਰਾ, ਕਿਧਰੇ ਪ੍ਰਤੀਕ ਰਹੱਸਮਈ ਹੈ, ਕਿਧਰੇ ਗੂੜ੍ਹ ਤੇ ਕਿਧਰੇ ਸਪਸ਼ਟ, ਕਿਧਰੇ ਅਨਿਸਚਿਤ ਪਛਾਣ ਹੈ, ਕਿਧਰੇ ਦੂਰ-ਬੱਧ ਆਕਾਰ ਤੇ ਕਿਧਰੇ ਬਹੁ-ਅਰਥਕ ਸੰਕੇਤ। ਇਸ ਲਈ ਬੁਝਾਰਤਾਂ ਨੂੰ ਇਕੋ ਰੱਸੇ ਨਹੀਂ ਬੰਨ੍ਹਿਆ ਜਾ ਸਕਦਾ।

ਪਰ ਇਸ ਗੱਲ ਦੇ ਬਾਵਜੂਦ ਵੀ, ਸਾਰੀਆਂ ਬੁਝਾਰਤਾਂ ਵਿਚ ਕੁਝ ਅਜਿਹੇ ਸਾਂਝੇ ਤੱਤ ਹਨ, ਜੋ ਬੁਝਾਰਤ ਦੇ ਸੁਭਾਵ ਤੇ ਲੱਛਣਾਂ ਦੀ ਪਛਾਣ ਬਣ ਕੇ, ਉਸ ਦੀ ਪਰਿਭਾਸ਼ਾ ਦਾ ਆਧਾਰ ਬਣਦੇ ਹਨ।

(ੳ) ਬੁਝਾਰਤ ਵਿਚ ਕੋਈ ਗੱਲ ਪਰੰਪਰਾਗਤ ਢੰਗ

(ੲ) ਵਸਤ ਤੇ ਉਸ ਦੇ ਚਿਤਰਤ ਸਰੂਪ ਵਿ
ਮਨ ਦੀ ਕੋਈ ਅਭਿਵਿਅਕਤੀ ਹੁੰਦੀ ਹੈ,ਕਦੇ ਸਰਵ
ਦ੍ਰਿਸ਼ਟੀ, ਕਦੇ ਕਲਪਨਾ ਨੂੰ ਵਾਸਤਵਿਕ ਮੰਨਣ
ਕਦੇ ਅੰਸ਼ ਨੂੰ ਅੰਸ਼ੀ ਮੰਨਣ ਅਤੇ ਕਦੇ ਛਾਇ
ਯਥਾਰਥ ਮੰਨਣ ਦੀ ਰੁਚੀ। ਜਿਸ ਕਰਕੇ ਵਸਤੂ
ਵਿਚ ਇਕਸੁਰਤਾ ਵਿਖਾਈ ਦੇਂਦੀ ਹੈ।

ਇਨ੍ਹਾਂ ਲੱਛਣਾਂ ਦੇ ਆਧਾਰ 'ਤੇ ਅਸੀਂ
ਇਉਂ ਪਰਿਭਾਸ਼ਿਤ ਕਰ ਸਕਦੇ ਹਾਂ।

ਬੁਝਾਰਤਾਂ ਇਕ ਤਰ੍ਹਾਂ ਦੇ ਰਹੱਸਮਈ ਪ੍ਰਸ਼ਨ
ਵਿਚ, ਕਿਸੇ ਵਸਤ ਨੂੰ, ਕਦੇ ਸਿੱਧੇ ਕਦੇ ਪਰੋਖੇ
ਕਦੇ ਮੁਕੰਮਲ, ਕਦੇ ਅਧੂਰੇ ਬਿੰਬਾਂ ਤੇ ਰੂਪਕ
ਕਦੇ ਤੁਲਨਾ ਕਦੇ ਵਿਰੋਧੀ ਕਥਨਾਂ ਦੁਆਰਾ
ਸਪਸ਼ਟ ਕਦੇ ਅਬੱਧ ਚਿਤਰਾਂ ਦੁਆਰਾ, ਰਵਾ
ਨਾਲ ਪੇਸ਼ ਕੀਤਾ ਜਾਂਦਾ ਹੈ। ਇਹ ਵਰਣਨ
ਮਾਨਸਿਕਤਾ ਅਥਵਾ ਲੋਕ-ਮਨ ਦੀ ਅਭਿਵਿ
ਕਰਕੇ, ਜੋ ਸਰੂਪ ਗ੍ਰਹਿਣ ਕਰਦਾ ਹੈ, ਉਸ ਵਿਚ
ਦੀ ਪਛਾਣ ਕਿਸੇ ਨਾ ਕਿਸੇ ਰੂਪ ਵਿਚ ਕਾਇਮ

ਇਸ ਤਰ੍ਹਾਂ ਬੁਝਾਰਤਾਂ ਮੋਟੇ ਠੁਲੇ ਪ੍ਰਸ਼ਨ ਹਨ
ਆਦਮ-ਬਿੰਬਾਂ, ਰੂਪਕਾਂ ਤੇ ਸੰਕਲਪ-ਚਿੱਤਰਾਂ ਦੁ
ਆਕਾਰਾਂ ਦੇ ਝਾਵਲੇ ਪੇਸ਼ ਹੁੰਦੇ ਹਨ ਅਤੇ ਜਿਨ੍ਹਾਂ
ਕਿਸੇ ਮੂਲ ਵਸਤ ਨੂੰ ਪਛਾਣਨਾ ਹੁੰਦਾ ਹੈ ਜਾਂ ਇਉ
ਕਿ ਬੁਝਾਰਤਾਂ ਵਿਚ ਸ਼ਬਦਾਂ ਤੇ ਬਿੰਬਾਂ ਨੂੰ ਬ
ਚਿੱਤਰ ਉਕਰਿਆ ਜਾਂਦਾ ਹੈ। ਜੋ ਚਿੱਤਰ ਦਿਸ
ਮੂਲ ਨਹੀਂ ਹੁੰਦਾ, ਮੂਲ ਚਿੱਤਰ ਉਸ ਦੀ ਦੇਹ
ਵਾਂਗ ਅਦ੍ਰਿਸ਼ਟ ਰਹਿਆ ਹੁੰਦਾ ਹੈ। ਸਰੋਤੇ ਨੇ
ਚਿੱਤਰ ਨੂੰ ਉਜਾਗਰ ਕਰਨਾ ਹੁੰਦਾ ਹੈ।

* * *

ਬੁਝਾਰਤਾਂ ਸਾਰੇ ਵਿਸ਼ਵ ਵਿਚ ਹੀ ਲੋਕ
ਅਹਿਮ ਹਿੱਸਾ ਹਨ। ਹਰੇਕ ਜਾਤੀ ਨੇ ਸਹਿ
ਹੀ, ਇਸ ਵਿਧਾ ਨੂੰ ਜਨਮ ਦਿਤਾ ਹੈ। ਜਾ
ਮਨੁੱਖ ਦੇ ਅੰਦਰ, ਜੀਵਨ, ਪ੍ਰਕ੍ਰਿਤੀ ਤੇ ਬ੍ਰਹਿਮ
ਨੂੰ ਸਮਝਣ ਦੀ ਉਤਸੁਕਤਾ ਵਿਚੋਂ ਇਸ ਵਿ
ਹੋਇਆ। ਆਦਿਮ ਮਾਨਵ ਦੇ ਸਾਹਮਣੇ
ਆਪਣੇ ਅਨੇਕ ਰਹੱਸਾਂ ਸਮੇਤ ਅਣਪਛਾਤਾ
ਸੀ। ਉਸ ਵਿਚਲੀ ਅਥਾਹ ਸ਼ਕਤੀ ਉਸ ਵਿ

ਕਰਨ ਦਾ ਇਕ ਕਾਵਿਕ ਸਾਧਨ, ਇਸ ਲਈ ਇਨ੍ਹਾਂ ਦੀ ਉਤਪਤੀ ਗਿਆਨ ਪ੍ਰਾਪਤੀ ਦੀ ਕਿਸੇ ਪ੍ਰਬਲ ਲੋਚ ਵਿਚ ਹੀ ਹੋਈ।

ਬੁਝਾਰਤਾਂ ਦੀ ਮਹੱਤਾ ਕਈ ਪੱਖਾਂ ਤੋਂ ਹੈ।

ਮਨੁੱਖ ਦੀ ਪ੍ਰਤਿਭਾ ਦੇ ਵਿਕਾਸ ਵਿਚ ਬੁਝਾਰਤਾਂ ਦੀ ਭੂਮਿਕਾ ਵਰਣਨਯੋਗ ਹੈ। ਦਲੀਲ, ਤਰਕ ਤੇ ਯੁਕਤੀ ਦੀਆਂ ਪਹਿਲੀਆਂ ਗੱਲਾਂ ਮਨੁੱਖ ਨੇ ਬੁਝਾਰਤਾਂ ਦੁਆਰਾ ਹੀ ਕੀਤੀਆਂ। ਅੰਸ਼ ਤੋਂ ਅੰਸ਼ੀ ਤਕ ਦੀ ਯਾਤਰਾ ਅਤੇ ਅਨੁਰੂਪ ਤੋਂ ਮੂਲ ਤਕ ਪੁਜਣ ਦੀ ਜੋ ਵਿਧੀ ਟੂਣਾ-ਚਿੰਤਨ ਦਾ ਆਧਾਰ ਬਣੀ, ਉਸ ਦੀਆਂ ਪਹਿਲੀਆਂ ਰੂਪ-ਰੇਖਾਵਾਂ ਬੁਝਾਰਤਾਂ ਵਿਚ ਹੀ ਉਲੀਕੀਆਂ ਗਈਆਂ, ਅਬੰਧ ਅਤੇ ਦੁਰਬੰਧ ਤੋਂ ਬੰਧ ਤਕ ਦੀ ਯਾਤਰਾ ਅਨਿਸਚਿਤ ਪਸਾਰ ਵਿਚੋਂ ਕਿਸੇ ਅਕਾਰ ਦੀ ਪਛਾਣ, ਵਸਤੂਆਂ ਨੂੰ ਨਿਖੇੜਨ, ਉਸ ਵਿਚਲੇ ਸਾਂਝੇ ਤੱਤਾਂ ਨੂੰ ਵਿਰੋਲਣ ਦੀ ਰੁਚੀ ਬੁਝਾਰਤਾਂ ਨੇ ਬੰਦ ਕੀਤੀ। ਸੰਖੇਪ ਵਿਚ ਮਨੁੱਖ ਨੂੰ ਕਲਾਤਮਿਕ ਪ੍ਰਤਿਭਾ ਬਖਸ਼ਣ ਵਿਚ ਬੁਝਾਰਤਾਂ ਨੇ ਅਹਿਮ ਭੂਮਿਕਾ ਨਿਭਾਹੀ ਹੈ।

ਬੁਝਾਰਤਾਂ ਦੀ ਸਾਹਿਤਕ ਮਹੱਤਤਾ ਵੀ ਕੋਈ ਘਟ ਨਹੀਂ। ਬੁਝਾਰਤਾਂ ਦਾ ਅਲੰਕਾਰ ਸ਼ਾਸਤਰ ਨਾਲ ਬੜਾ ਡੂੰਘਾ ਤੇ ਅਨਿਖੜ ਸਬੰਧ ਹੈ। ਕਈ ਵਿਦਵਾਨ ਤਾਂ ਬੁਝਾਰਤ ਨੂੰ ਸੁਚੱਜੇ ਢੰਗ ਨਾਲ ਘੜਿਆ ਰੂਪਕ ਹੀ ਮੰਨਦੇ ਹਨ। ਦੰਡੀ ਨੇ 'ਪਹੇਲੀ' (ਬੁਝਾਰਤਾਂ) ਨੂੰ ਅਲੰਕਾਰ ਦੇ ਅੰਤਰਗਤ ਹੀ ਗਿਣਿਆ ਹੈ। ਅਰਸਤੂ ਦਾ ਵਿਚਾਰ ਹੈ ਕਿ ਜਦੋਂ ਕਿਸੇ ਗੱਲ/ਵਿਖਿਆਨ ਵਿਚ ਰੂਪਕ ਨੂੰ ਲਗਾਤਾਰ ਵਰਤਿਆ ਜਾਵੇ ਤਾਂ ਬੁਝਾਰਤ ਹੋਂਦ ਵਿਚ ਆਉਂਦੀ ਹੈ। ਭਾਵੇਂ ਹਰ ਬੁਝਾਰਤ ਦਾ ਅਲੰਕਾਰਕ ਹੋਣਾ ਜ਼ਰੂਰੀ ਨਹੀਂ, ਸੰਕੇਤਮਈ ਹੋਂਦ ਹੀ ਕਾਫ਼ੀ ਹੈ। ਪਰ ਬੁਝਾਰਤਾਂ ਵਿਚ ਪ੍ਰਧਾਨਤਾ ਰੂਪਕਾਂ ਨੂੰ ਹੀ ਹਾਸਿਲ ਰਹੀ ਹੈ।

ਬੁਝਾਰਤਾਂ ਵਿਚ ਉਪਮਾਵਾਂ ਦੀ ਥਾਂ ਰੂਪਕਾਂ ਦੀ ਵਰਤੋਂ ਕਰਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਕਾਵਿ ਵਿਧਾ ਮਨੁੱਖ ਦੀ ਮੁਢਲੀ ਸਾਹਿਤਕ ਪੱਧਰ ਦੀ ਰਚਨਾ ਨਹੀਂ। ਉਪਮਾਵਾਂ ਦਾ ਮਨੁੱਖ ਦੇ ਸਾਹਿਤਕ ਪ੍ਰਗਟਾ ਦੇ ਪਹਿਲੇ ਪੜਾਅ ਨਾਲ ਸਬੰਧ ਹੈ, ਪਰ ਰੂਪਕਾਂ ਦਾ, ਬਾਅਦ ਦੇ ਪੜਾਅ ਨਾਲ, ਜਦੋਂ ਮਨੁੱਖ ਦੀ ਸੂਝ ਇਸ ਯੋਗ ਹੋ ਚੁਕੀ ਸੀ ਕਿ ਕਲਪਨਾ ਅਤੇ ਅਨੁਭਵ ਨਾਲ ਦੋ ਬੇ-ਮੇਲ ਵਸਤੂਆਂ ਵਿਚ ਸਾਦ੍ਰਿਸ਼ਤ ਪਛਾਣ ਸਕੇ।

ਬੁਝਾਰਤਾਂ ਦੀ ਸਾਹਿਤਕ ਪਰੰਪਰਾ ਰਿਗਵੇ
ਹੀ ਪੁਰਾਣੀ ਹੈ, ਰਿਗਵੇਦ ਵਿਚ ਪ੍ਰਾਪਤ 'ਦਿ
ਦੀ ਰਿੱਚ, ਅਸਲੋਂ ਬੁਝਾਰਤਾਂ ਦੀ ਇਕ ਲੰਮੀ
ਤਾਂ ਹੈ। ਇਸ ਦੇ ਕੁੱਲ 52 ਸ਼ਲੋਕ ਹਨ। ਇ
ਇਕ ਸਲੋਕ ਛੱਡ ਕੇ ਬਾਕੀ ਸਭ ਬੁਝਾਰਤਾਂ ਹ
ਸਾਰੀ ਰਿੱਚ ਦਾ ਵਿਸ਼ੇ ਵਸਤੂ ਬ੍ਰਹਮ ਵਿਦਿਆ ਹੈ
ਵਿਚ ਬ੍ਰਹਮ ਤੇ ਬ੍ਰਹਿਮੰਡ ਦੀ ਸ਼ਕਤੀ ਤੇ ਸਮ
ਰਹੱਸਮਈ ਢੰਗ ਨਾਲ ਨਿਰਨੇ ਦਿਤੇ ਹਨ।

ਇਹ ਰਿੱਚ ਅਸ਼ਵਮੇਧ ਯੱਗ ਸਮੇਂ, ਘੋੜੇ
ਦੇਣ ਵੇਲੇ ਪੁਜਾਰੀ ਉਚਾਰਦੇ। ਇਕ ਪ੍ਰੋਹਿਤ
ਪਾਉਂਦਾ ਤੇ ਦੂਜਾ ਉਤਰ ਦਿੰਦਾ। ਧਰਮ ਦੇ
ਵਿਚ ਇਹ ਬੁਝਾਰਤਾਂ ਅਦੁੱਤੀ ਤੇ ਬੇਜੋੜ ਹਨ।

ਅਸ਼ਵਮੇਧ ਸਮੇਂ ਇਕ ਪੁਜਾਰੀ 'ਹੋਤਰ' ਦੂ
'ਅਧਵਰਯੂ' ਨੂੰ ਪੁਛਦਾ ਹੈ :

ਵਾਸਤਵ ਵਿਚ ਉਹ ਕੌਣ ਏ,
ਜੋ ਕਲ-ਮੁਕਲਾ ਘੁੰਮਦਾ ਰਹਿੰਦਾ ਏ ?
ਜੋ ਮੁੜ ਮੁੜ ਜਨਮ ਲੈਂਦਾ ਰਹਿੰਦਾ ਏ ?
ਠੰਢ ਦਾ ਦਾਰੂ ਕੀ ਏ ?
ਅਤੇ ਸਭ ਤੋਂ ਵਡੀ ਥੇਹ ਕਿਹੜੀ ਏ ?
ਅਗੋਂ 'ਅਧਵਰਯੂ' ਉੱਤਰ ਦਿੰਦਾ ਹੈ :
ਸੂਰਜ ਕਲ-ਮਕੁਲਾ ਘੁੰਮਦਾ ਫਿਰਦਾ ਏ,
ਚੰਨ ਮੁੜ ਮੁੜ ਜਨਮ ਧਾਰਦਾ ਏ,
ਅਗਨੀ ਠੰਢ ਦਾ ਦਾਰੂ ਏ,
ਅਤੇ ਧਰਤੀ ਸਭ ਤੋਂ ਵੱਡੀ ਥੇਹ ਏ।

ਇਸ ਰਿੱਚ ਵਿਚ ਬਹੁਤੀਆਂ ਬੁਝਾਰਤਾਂ ਇ
ਦੀਆਂ ਹਨ।

ਪਹਿਲਿਆਂ ਵਿਚ ਬੁਝਾਰਤਾਂ ਸਿਆਣਪ
ਮੰਨੀਆਂ ਜਾਂਦੀਆਂ ਸਨ। ਮਹਾਂਭਾਰਤ ਵਿਚ
ਹੈ—ਬਨਵਾਸ ਦੇ ਦਿਨੀਂ ਜਦੋਂ ਪੰਜੇ ਪਾਂਡੋ ਜੰ
ਵਾਸ ਕਰ ਰਹੇ ਸਨ ਤਾਂ ਇਕ ਯਖਸ਼ ਨੇ ਉਨ੍ਹਾਂ ਦ
ਲੈਣ ਲਈ, ਸਾਰਸ ਦਾ ਰੂਪ ਧਾਰ ਕੇ ਕੁਝ
ਪੁੱਛੀਆਂ। ਸਾਰਸ ਇਕ ਝੀਲ ਵਿਚ ਜਾ ਖੜਾ
ਬਟ ਕੁ ਮਗਰੋਂ ਝੀਲ ਵਿਚੋਂ ਪਾਣੀ ਭਰਨ ਲਈ
ਆਇਆ ਤਾਂ ਸਾਰਸ ਨੇ ਕਿਹਾ ਕਿ ਇਸ ਝੀਲ ਵਿ
ਬੁਧੀਮਾਨ ਹੀ ਪਾਣੀ ਭਰ ਸਕਦੇ ਹਨ। ਜੋ ਤੋ

ਦਿਤਾ । ਅਖ਼ੀਰ, ਯੁਧਿਸ਼ਟਰ ਖ਼ੁਦ ਗਿਆ ਤੇ ਉਸ ਨੇ ਯਖ਼ਸ਼ ਦੀਆਂ ਬੁਝਾਰਤਾਂ ਦੇ ਠੀਕ ਉਤਰ ਦਿਤੇ। ਫਲਸਰੂਪ ਯਖ਼ਸ਼ ਨੇ ਯੁਧਿਸ਼ਟਰ ਦੀ ਸੁਘੜਤਾ ਉਤੇ ਪ੍ਰਸੰਨ ਹੋ ਕੇ ਚਹੁੰਵਾਂ ਪਾਂਡੂਆਂ ਨੂੰ ਮੁੜ ਸੁਰਜੀਤ ਕਰ ਦਿਤਾ।

ਭਗਤੀ ਲਹਿਰ ਦੀ ਕਾਵਿ ਵਿਚ ਵੀ, ਰਿਗਵੇਦ ਵਾਂਗ ਬੁਝਾਰਤੀ ਸ਼ੈਲੀ ਵਿਚ, ਕਈ ਸਲੋਕ ਤੇ ਸ਼ਬਦ ਮਿਲਦੇ ਹਨ। ਸੂਫ਼ੀ ਕਵੀ ਫ਼ਰੀਦ ਜੀ ਦੇ ਕੁਝ ਸਲੋਕ ਬੁਝਾਰਤਾਂ ਦੇ ਸਰੂਪ ਵਿਚ ਢਲੇ ਹੋਏ ਹਨ :

ਫਰੀਦਾ ਦਹੂ ਦੀਵੀ ਬਲੰਦਿਆ
ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ,
ਦੀਵੜੇ ਗਇਆ ਬੁਝਾਇ ॥

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵੀ ਰਿਗ ਵੇਦ ਵਰਗੀ ਬੁਝਾਰਤੀ ਸਰੂਪ ਵਾਲੀ ਸ਼ੈਲੀ, ਕਈ ਥਾਈਂ ਵਰਤੀ ਮਿਲਦੀ ਹੈ। 'ਸਿਧ ਗੋਸ਼ਟ' ਵਿਚ ਇਸ ਸ਼ੈਲੀ ਦੇ ਕਈ ਵਧੀਆ ਨਮੂਨੇ ਮਿਲਦੇ ਹਨ :

(ੳ) ਮੈਣ ਕੇ ਦੰਤ ਕਿਉਂ ਖਾਈਐ ਸਾਰੁ ।
ਜਿਤ ਗਰਬ ਜਾਇ ਸੁ ਕਵਣੁ ਅਹਾਰੁ ।
ਹਿਵੈ ਕਾ ਘਰੁ ਮੰਦਰ, ਅਗਨਿ ਪਿਰਾਹਨ ।
ਕਵਨ ਗੁਫਾ ਜਿਤੁ ਰਹੈ ਅਵਾਹਨੁ ।

(ਅ) ਇਹ ਮਨ ਮੈਗਲੁ ਕਹਾ ਬਸੀਅਲੇ ।
ਕਹਾ ਬਸੈ ਇਹ ਪਵਨਾ ।
ਕਹਾ ਬਸੈ ਸੁ ਸਬਦੁ ਅਉਧੂ ।
ਤਾ ਕਉ ਚੂਕੈ ਮਨ ਕਾ ਭਵਨਾ ।

ਬੁਝਾਰਤਾਂ ਦੀ ਉਪ੍ਰੋਕਤ ਸਾਹਿਤਕ-ਅਧਿਆਤਮਕ ਪਰੰਪਰਾ ਦੇ ਨਾਲੋਂ ਨਾਲ ਲੌਕਿਕ ਪਰੰਪਰਾ ਵੀ ਵਿਗਸਦੀ ਰਹੀ। ਲੋਕ-ਬੁਝਾਰਤਾਂ ਨਿਰੀਆਂ ਸੰਕੇਤਕ ਜਿਹੀਆਂ ਪ੍ਰਸ਼ਨੋਤਰੀਆਂ ਹੀ ਨਹੀਂ, ਇਨ੍ਹਾਂ ਵਿਚ ਕਾਵਿ ਦੇ ਸਾਰੇ ਗੁਣ ਸ਼ਬਦਾਂ ਦਾ ਸੁਚੱਜਾ ਸੰਗਠਨ, ਰੂਪਕਾਂ ਤੇ ਬਿੰਬਾਂ ਦਾ ਸੁਹਜ, ਲੈਅ ਰੁਕਾਂਤ ਆਦਿ ਹਨ ਤੇ ਇਹ ਕਲਾਤਮਿਕ ਪਖੋਂ ਪ੍ਰਭਾਵਸ਼ਾਲੀ ਹਨ। ਸਰਲ ਤੇ ਸਾਦਾ ਸ਼ਬਦਾਂ ਤੇ ਬਿੰਬਾਂ ਦੁਆਰਾ ਅਸਚਰਜਤਾ ਸਿਰਜਣੀ—ਸਰੋਤੇ ਤੇ ਬਖੋਤੇ ਬੇਜੋੜ ਵਸਤੂਆਂ ਵਿਚ ਸਮਾਨਤਾ ਤੇ ਸਾਦ੍ਰਿਸ਼ਤਾ ਵੇਖ ਕੇ ਅਸਚਰਜ ਰਹਿ ਜਾਂਦੇ ਹਨ।

ਬੌਧਿਕ ਪ੍ਰੀਖਿਆ ਲਈ ਬੁਝਾਰਤਾਂ ਵਿਸ਼ੇਸ਼ ਭੂਮਿਕਾ

ਲਈ, ਉਨ੍ਹਾਂ ਤੋਂ ਅਨੇਕਾਂ ਬੁਝਾਰਤਾਂ ਦੇ
ਯੂਨਾਨੀ ਇਸ ਕਲਾ ਵਿਚ ਬੜੇ ਨਿਪੁੰਨ ਸਨ।
ਮੁਸਲਮਾਨਾਂ ਦੇ ਰਾਜ ਦੇ ਮੁਢ ਵੇਲੇ
ਵਰਗੇ ਮਹਾਨ ਕਵੀਆਂ ਨੇ 'ਬੁਝਾਰਤਾਂ' ਤੇ 'ਕ
ਰਚੀਆਂ, ਜੋ ਅੱਜ ਤਕ ਲੋਕਾਂ ਵਿਚ ਪ੍ਰਚਲਤ
ਦੀ ਹਕੂਮਤ ਵੇਲੇ ਜਦੋਂ ਦੇਸ਼ ਵਿਚ ਅਮ
ਅਕਬਰ ਤੇ ਬੀਰਬਲ ਦੀਆਂ ਪ੍ਰਸ਼ਨੋਤਰੀਆਂ,
ਇਕ ਨਵੀਂ ਸ਼ੈਲੀ ਦਾ ਮੁੱਢ ਬੰਨ੍ਹਦੀਆਂ ਹਨ,
ਲਘੂ ਕਥਾਵਾਂ ਦੇ ਰੂਪ ਵਿਚ ਪ੍ਰਚਲਤ ਹਨ
ਰਣਜੀਤ ਸਿੰਘ ਵੀ ਬੁਝਾਰਤਾਂ ਵਿਚ ਉਚੇਰੀ
ਰਖਦਾ ਸੀ। ਰਵਾਇਤ ਹੈ ਕਿ ਉਸ ਨੇ ਦੀਵਾ
ਦੀ ਸੂਝ ਬੂਝ ਪਰਖਣ ਲਈ ਇਹ ਬੁਝਾਰਤ ਪਾ
"ਬਾਰਾਂ ਵਿਚੋਂ ਦੋ ਗਏ ਬਾਕੀ ਕੀ ਰਿਹਾ
"ਕੁਝ ਵੀ ਨਾਂਹ।" ਦੀਵਾਨ ਸਾਵਣ ਮੱ
ਬੁੱਧੀ ਨੇ ਇਸ ਬੁਝਾਰਤ ਦੇ ਕਿਸਾਨੀ ਪਿਛੋਕੜ
ਕਰਦਿਆਂ ਉੱਤਰ ਦਿਤਾ। ਕਿਉਂ ਜੋ ਸ
ਮਹੀਨਿਆਂ ਵਿਚੋਂ, ਸਾਵਣ ਭਾਦਰੋਂ ਦੇ
ਬਾਰਸ਼ਾਂ ਦੇ ਹੋਣ ਕਰਕੇ ਫ਼ਸਲਾਂ ਲਈ ਲੋੜੀਂ
ਦਿਤੇ ਜਾਣ ਤਾਂ ਬਾਕੀ ਕੁਝ ਨਹੀਂ ਰਹਿੰਦਾ।
ਪੰਜਾਬ ਵਿਚ ਬੁਝਾਰਤਾਂ ਦੀ ਪਰੰਪਰਾ
ਰਹੀ ਹੈ। ਇਥੇ ਸਦੀਆਂ ਤੋਂ ਬੁਝਾਰਤਾਂ ਸੁਹ
ਤੋਂ ਇਲਾਵਾ, ਬੁਧੀ ਨੂੰ ਤੀਖਣ ਕਰਨ ਤੇ
ਪਰਖਣ ਦਾ ਸਾਧਨ ਵੀ ਰਹੀਆਂ ਹਨ।
ਕੋਈ ਸਮਾਂ ਨਿਸ਼ਚਿਤ ਨਹੀਂ, ਜਦੋਂ ਵਿਹ
ਮੌਕਾ ਬਣਿਆ, ਮਾਨਸਿਕ ਤ੍ਰਿਪਤੀ ਲਈ
ਲਈਆਂ, ਪਿੰਡਾਂ ਦੇ ਪਰ੍ਹਿਆਂ ਵਿਚ ਸਿਆਣੇ
ਦਾ ਰਿੜਕਣ ਪਾਈ ਰਖਦੇ ਤੇ ਬੁਝਾਰਤਾਂ
ਖਿਖੇਰਦੇ ਰਹਿੰਦੇ। ਕਈ ਵਾਰ ਪਿੰਡਾਂ ਦੇ
ਖੁਲ੍ਹੇ ਮੁਕਾਬਲੇ ਵੀ ਹੁੰਦੇ। ਜਾਗੀਰਦਾਰੀ
ਰਾਜ ਦਰਬਾਰ ਵਿਚ ਬੁਝਾਰਤਾਂ ਨੂੰ ਖ਼ਾਸ ਮਾ
ਸੀ, ਜਿਸ ਦੀ ਪਾਈ ਬੁਝਾਰਤ ਕੋਈ ਦੂਜਾ ਬੁ
ਉਸ ਨੂੰ ਵੱਡਾ ਬੁਧੀਮਾਨ ਸਮਝਿਆ ਜਾਂਦਾ
ਵੱਡੇ ਵੱਡੇ ਜਾਗੀਰਦਾਰ ਆਪਣੇ ਭੱਟਾਂ,
ਕਵੀਸ਼ਰਾਂ ਨੂੰ ਨਵੀਆਂ ਅਬੁੱਧ ਬੁਝਾਰਤਾਂ
ਉਤਸਾਹਿਤ ਕਰਦੇ ਰਹਿੰਦੇ ਤੇ ਉਨ੍ਹਾਂ ਬੁਝਾ

ਚਾਰਲਸ ਸਵਿਨਰਟਨ ਲਿਖਦਾ ਹੈ : ਪੰਜਾਬ ਦੇ ਪਿੰਡਾਂ ਦੇ ਖਾਨਾਂ ਦੀ ਇਕ ਦਿਲ-ਪਸੰਦ ਖੇਡ ਬੁਝਾਰਤਾਂ ਘੜਨਾ ਰਿਹਾ ਹੈ ਅਤੇ ਹਰ ਕਲਪਨਾ ਯੋਗ ਵਿਸ਼ੇ ਉਤੇ ਬੁਝਾਰਤਾਂ ਰਚੀਆਂ ਜਾਂਦੀਆਂ ਅਤੇ ਉਨ੍ਹਾਂ ਬੁਝਾਰਤਾਂ ਨੂੰ ਭੱਟਾਂ, ਮਿਰਾਸੀਆਂ ਦੁਆਰਾ ਆਂਢ ਗੁਆਂਢ ਦੇ ਇਲਾਕੇ ਦੇ ਖਾਸ ਖਾਸ ਬੰਦਿਆਂ ਨੂੰ ਭੇਜੀਆਂ ਜਾਂਦੀਆਂ, ਅਗੋਂ ਉਹ ਵੀ ਉਸੇ ਤਰ੍ਹਾਂ ਦੀ ਭਾਜੀ ਮੋੜਨੋਂ ਨਹੀਂ ਸੀ ਰਹਿੰਦੇ। ਫਲਸਰੂਪ ਬੁਝਾਰਤਾਂ ਪਾਉਣ ਤੇ ਬੁਝਣ ਦਾ, ਨਾ ਮੁਕਣ ਵਾਲਾ ਸਿਲਸਿਲਾ ਚਲਦਾ ਰਹਿੰਦਾ ਅਤੇ ਫਤਹਿ ਉਸ ਦੀ ਹੀ ਸਮਝੀ ਜਾਂਦੀ ਜੋ ਦੂਜੇ ਦੀਆਂ ਬੁਝਾਰਤਾਂ ਬੁਝ ਲੈਂਦਾ ਤੇ ਵਿਰੋਧੀ ਨੂੰ ਅਜਿਹੀਆਂ ਬੁਝਾਰਤਾਂ ਪਾਉਂਦਾ ਕਿ ਉਹ ਨਿਰ ਉੱਤਰ ਹੋ ਜਾਂਦਾ।

ਕਵੀਆਂ ਵਿਚ ਵੀ ਕਾਵਿ-ਪੱਧਰ ਉਤੇ ਬੁਝਾਰਤਾਂ ਦੇ ਮੁਕਾਬਲੇ ਹੁੰਦੇ ਰਹਿੰਦੇ। ਅਲਾਹ ਬਖ਼ਸ਼ ਪਿਆਰ ਅਤੇ ਸ਼ਾਦੀ ਕਵੀ ਵਿਚ ਹੋਏ ਇਕ ਅਜਿਹੇ ਮੁਕਾਬਲੇ ਦਾ ਵਰਣਨ ਕਰਨਾ ਇਥੇ ਜ਼ਰੂਰੀ ਹੈ।

ਸਵਾਲ : ਮੀਆਂ ਅਲਾਹ ਬਖਸ਼ ਪਿਆਰ—

ਅੱਲਫ ਅਸੀਂ ਦਿਤਾ ਤੇਰੇ ਹੱਥ ਪੈਸਾ।
ਏਹਦੀਆਂ ਲਿਆ ਖਾਂ ਚੀਜਾਂ ਤੂੰ ਚਾਰ ਮੀਆਂ
ਕਾਨਫੂਲ ਤੇ ਖੱਖੜੀ, ਪਾਨ ਬੀੜ,
ਨਾਲੇ ਲਿਆਈਂ ਖਾਂ ਫੁੱਲਾਂ ਦੇ ਹਾਰ ਮੀਆਂ,
ਪੈਸੇ ਮੋੜ ਲਿਆਈਂ ਨਾਲੇ ਦੁੱਧ ਲਿਆਵੀਂ,
ਅਤੇ ਕਰੀਂ ਨਾ ਮੂਲ ਉਧਾਰ ਮੀਆਂ।
ਪਿਆਰੇ ਯਾਰ ਨੂੰ ਦੇਵੀਂ ਜਵਾਬ ਇਸ ਦਾ
ਨਹੀਂ ਤਾਂ ਨਿਕਲ ਜਾਵੀਂ ਪਿੰਡੋਂ ਬਾਹਰ ਮੀਆਂ।

ਉੱਤਰ : ਸ਼ਾਦੀ ਕਵੀ ਵਲੋਂ :—

ਦਾਲ ਦੁਸ਼ਮਣਾਂ ਨੇ ਦਿਤਾ ਹੱਥ ਪੈਸਾ
ਜਾ ਕੇ ਲਭ ਲੀਤੀ ਜੂਹ ਵਖਰੀ ਮੈਂ।
ਦਿਨ ਅਜਬ ਅਜਾਇਬ ਸੀ ਅੱਕ ਡਿੱਠਾ।
ਉਹਦੀ ਤੋੜ ਲਿਤੀ ਸੁੱਕੀ ਲਕੜੀ ਮੈਂ।
ਪਹਿਲਾਂ ਫੁੱਲ ਤੋੜੇ, ਫੇਰ ਦੁੱਧ ਚੋਇਆ।
ਨਾਲੇ ਤੋੜ ਲਿਤੀ ਉਹਦੀ ਕੱਕੜੀ ਮੈਂ।
ਸ਼ਾਦੀ ਯਾਰ ਨੇ ਤੈਨੂੰ ਜਵਾਬ ਦਿਤਾ।
ਗੱਲ ਘੋਲ੍ਹ ਦਿਤੀ ਦਾਧੇ ਵਖਰੀ ਮੈਂ।

* * *

ਪੰਜਾਬ ਵਿਚ ਬੁਝਾਰਤਾਂ ਦੀ ਸਭਿਆਚਾਰਕ ਭੂਮਿਕਾ

ਕੰਨਿਆਂ ਦੇ ਕੋਲ, ਘੜੇ ਤੇ ਘੜੋਲੀਆਂ, ਇਕ ਦੂ
ਟਿਕਾ ਕੇ ਰਖੀਆਂ ਜਾਂਦੀਆਂ। ਕਿਸੇ ਘੜੇ ਵਿਚ
ਕਿਸੇ ਵਿਚ ਚਾਵਲ ਤੇ ਕਿਸੇ ਵਿਚ ਮਿਸ਼ਰੀ।
ਢੂਹਣੀ ਉਤੇ ਦੋ-ਮੁਖੀਆ ਦੀਵਾ ਬਾਲ ਕੇ ਧਰਿਆ
ਇਥੇ ਹੀ ਕੰਨਿਆਂ ਦੀਆਂ ਸਹੇਲੀਆਂ ਚਾਵਲ ਫੜ
ਅਤੇ ਕਾਮਣ ਪਾਉਂਦੀਆਂ। ਇਥੇ ਹੀ ਲਾੜ੍ਹੇ ਤੋਂ
ਜਾਂਦੇ ਤੇ ਬੁਝਾਰਤਾਂ ਪੁੱਛੀਆਂ ਜਾਂਦੀਆਂ। ਛੰਦਾਂ
ਕਾਵਿ-ਵਿਧੀ ਨਾਲ ਪ੍ਰਸ਼ਨ ਪੁਛੇ ਜਾਂਦੇ ਜਿਨ੍ਹਾਂ ਦ
ਲਾੜ੍ਹਾ ਛੰਦਾਂ ਦੁਆਰਾ ਹੀ ਦਿੰਦਾ। ਧਾਰਨਾ ਹੈ ਕਿ
ਉਤੇ ਜੇ ਵਰ ਬੁਝਾਰਤਾਂ ਬੁਝ ਲਏ ਤਾਂ ਦੰਪਤੀ
ਜੀਵਨ ਸੁਖਾਵਾਂ ਬੀਤਦਾ ਹੈ। ਸਭ ਜੀਵਨ ਵਿਚ
ਗੰਢਾਂ ਸਹਿਜੇ ਹੀ ਖੁਲ੍ਹਦੀਆਂ ਰਹਿੰਦੀਆਂ ਹਨ। ਜੇ
ਸਕੇ ਤਾਂ ਅਸ਼ੁਭ ਗੱਲ ਸਮਝੀ ਜਾਂਦੀ ਹੈ।

ਪੱਛਮੀ ਪੰਜਾਬ ਦੇ ਪਿੰਡਾਂ ਵਿਚ ਜਦੋਂ ਮੀ
ਸੀ ਪੈਂਦਾ ਤੇ ਸੋਕਾ ਵਰਤ ਜਾਂਦਾ ਤਾਂ ਲੋਕ ਗਲ
ਇਕਠੇ ਹੋ ਕੇ ਇਕ ਦੂਜੇ ਤੇ ਪਾਣੀ ਸੁਟਦੇ ਤੇ
ਪੁਛਿਆ ਕਰਦੇ ਸਨ। ਇਨ੍ਹਾਂ ਬੁਝਾਰਤਾਂ ਨੂੰ 'ਬੁਝੌ
ਜਾਂਦਾ ਤੇ ਇਹ ਅਰਧ-ਅਸ਼ਲੀਲ ਹੁੰਦੀਆਂ :

ਬੁਝ ਵੇ ਬੁਝੱਕਾ ਅੜਿਆ,
ਤੇਰੀ ਮਾਂ ਤੇ ਦੁੱਲਾ ਚੜ੍ਹਿਆ।

ਭਾਵ 'ਰਜਾਈ' ਜੋ ਸੌਣ ਵੇਲੇ ਉਪਰ ਲਈ ਜਾਂ

ਫਸਲਾਂ ਕਟਣ ਵੇਲੇ ਵੀ ਬੁਝਾਰਤਾ ਪੁੱਛਣ ਦ
ਕਦੇ ਰਿਹਾ ਹੈ। ਇਹ ਰੀਤ ਸੁਹਿਰਦ ਟੂਣੇ ਨਾਲ
ਸੀ। ਬੁਝਾਰਤਾਂ ਦੇ ਬੁਝਣ ਨਾਲ ਸਹਿ ਤੋਂ ਸਹਿ ਦੀ
ਦੇ ਆਧਾਰ ਤੇ ਸਭ ਸੰਕਟ ਰਫਾ ਹੋ ਜਾਂਦੇ।

ਫਰੇਜ਼ਰ ਅਨੁਸਾਰ ਜਦੋਂ ਵੀ ਕਿਸੇ ਕਬੀ
ਜਾਂ ਜਨ-ਸਮੂਹ ਉਤੇ ਕੋਈ ਭੀੜ ਬਣਦੀ ਜਾਂ ਉ
ਫੈਸਲਾਕੁਨ ਮੋੜ ਤੋਂ ਲੰਘਣਾ ਪੈਂਦਾ ਤਾਂ ਉਹ
ਤੋਂ ਬੁਝਾਰਤਾਂ ਪੁਛਦੇ ਪਛਾਂਦੇ ਜਿਨ੍ਹਾਂ ਜਾਤੀਆਂ ਦਾ
ਆਰਥਕ ਢਾਂਚਾ ਵਾਹੀ ਖੇਤੀ ਉਤੇ ਆਧਾਰਿਤ
ਦੇ ਜੀਵਨ ਵਿਚ ਮੀਂਹ ਨਾ ਵਸਣ, ਫਸਲਾਂ ਦੇ
ਵੱਢਣ ਦਾ ਸਮਾਂ ਅਤੇ ਵਿਆਹ ਤੇ ਮੌਤ ਦਾ ਵੇ
ਸੰਕਟਗ੍ਰਸਤ ਸਮਾਂ ਸਮਝਿਆ ਜਾਂਦਾ ਸੀ ਤੇ ਅਜਿ
ਉਤੇ ਉਨ੍ਹਾਂ ਦਾ ਬੁਝਾਰਤਾਂ ਪੁਛਣਾ ਪੁਛਾਣਾ
ਸੀ। ਡੱਚ ਈਸਟ ਇੰਡੀਜ਼ ਦੇ ਕਈ ਕਬੀਲਿ

ਪਰ ਉਨ੍ਹਾਂ ਕਬੀਲਿਆਂ ਵਿਚ ਵਾਢੀ ਪਿਛੋਂ ਅਗਲੀ ਬੀਜਾਈ ਤਕ ਬੁਝਾਰਤਾਂ ਪਾਉਣੀਆਂ ਨਿਸ਼ੇਧ ਹਨ। ਇਸੇ ਤਰ੍ਹਾਂ ਡੱਚ ਈਸਟ ਇੰਡੀਜ਼ ਦੇ ਇਕ ਹੋਰ ਕਬੀਲੇ ਦੇ ਲੋਕ ਕੇਵਲ ਉਦੋਂ ਹੀ ਬੁਝਾਰਤਾਂ ਪੁਛਦੇ ਹਨ ਜਦੋਂ ਪਿੰਡ ਵਿਚ ਕਿਸੇ ਦੀ ਮ੍ਰਿਤੂ ਹੋ ਗਈ ਹੋਵੇ ਤੇ ਉਸ ਦਾ ਮ੍ਰਿਤਕ ਸਰੀਰ ਅਜੇ ਪਿੰਡ ਵਿਚ ਹੀ ਪਿਆ ਹੋਵੇ। ਹੋਰ ਮੌਕਿਆਂ ਉਤੇ ਬੁਝਾਰਤਾਂ ਪਾਉਣ ਦੀ ਮਨਾਹੀ ਹੈ।

ਬੁਝਾਰਤਾਂ ਦਾ ਇਕ ਹੋਰ ਪਖੋਂ ਵੀ ਸਭਿਆਚਾਰਕ ਮਹੱਤਵ ਹੈ। ਇਨ੍ਹਾਂ ਵਿਚ ਲੋਕ ਜੀਵਨ ਤੇ ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੁੰਦੀ ਹੈ। ਪੰਜਾਬ ਦੀ ਮਿੱਟੀ ਦੀ ਮਹਿਕ ਤੇ ਅੰਨ ਦਾ ਸਵਾਦ। ਇਨ੍ਹਾਂ ਬੁਝਾਰਤਾਂ ਵਿਚ ਸਰਘੀ ਵੇਲੇ ਝੌਤੀਆਂ ਚੱਕੀਆਂ ਦੀ ਖੜਕਾਰ, ਦੁੱਧ ਵਰੋਲਦੀਆਂ ਮਧਾਣੀਆਂ ਦੀ ਘੁੰਮਕਾਰ ਖੂਹਾਂ ਉਤੇ ਖੜਕਦੀਆਂ ਟਿੰਡਾਂ ਦੀ ਗੂੰਜ ਤੇ ਤ੍ਰਿੰਞਣਾਂ ਵਿਚ ਕਤੀਂਦੇ ਚਰਖਿਆ ਦੀ ਘੂਕਰ ਤਾਲਬੱਧ ਹੈ। ਤੰਦੂਰਾਂ ਉਤੇ ਤੀਵੀਆਂ ਦੇ ਝੁਰਮਟ ਦਾ ਚਿਤਰ, ਜੋ ਆਕਾਰ ਤੋਂ ਰੂਪ ਲੈ ਕੇ ਉਭਰਿਆ ਹੈ, ਉਹ ਕਿਤਨਾ ਅਲੌਕਿਕ ਹੈ।

ਇਕ ਬਰੂਟੀ ਝੁਰਮਟ ਝੂਟੀ,
ਮੇਵਾ ਵੰਨ ਸਵੰਨਾ ਦਾ,
ਜਦੋਂ ਬਰੂਟੀ ਪਕਣ ਲਗੀ,
ਝੁਰਮਟ ਪੈ ਗਿਆ ਰੰਨਾਂ ਦਾ। (ਤੰਦੂਰ)

'ਜੁੱਤੀ' ਦਾ ਬੁਝਾਰਤੀ ਚਿਤਰ ਉਲੀਕਦਿਆਂ ਇਸਤਰੀ ਜਾਤੀ ਦੀ ਬੇ-ਕਦਰੀ ਦੀ ਸਾਰੀ ਗਾਥਾ ਦਾ ਦਿਲ-ਚੀਰਵਾਂ ਦ੍ਰਿਸ਼ ਖਿੱਚ ਧਰਿਆ ਹੈ—

ਪੇਕੇ ਸੀ ਮੈਂ ਲਾਡ ਲਡਿੱਕੀ
ਸਹੁਰੀਂ ਆ ਕੇ ਪੈ ਗਈ ਫਿੱਕੀ,
ਜਿਸ ਦੇ ਨਾਲ ਮੈਂ ਲਈਆਂ ਸੀ ਲਾਵਾਂ,
ਉਹਦੇ ਹੁਣ ਪਸੰਦ ਨਾ ਆਵਾਂ,
ਉਹਨੇ ਕੀਤਾ ਹੋਰ ਵਿਆਹ
ਮੈਨੂੰ ਦਿਤਾ ਮਗਰੋਂ ਲਾਹ।

ਸੰਸਕ੍ਰਿਤੀ ਦੀ ਸਾਰੀ ਵੰਨ-ਸੁਵੰਨਤਾ ਦਿਸ਼ਾ ਬੁਝਾਰਤਾਂ ਵਿਚ ਰੂਪਮਾਨ ਹੋਈ ਹੈ।

* * *

ਪੰਜਾਬੀ ਬੁਝਾਰਤਾਂ ਕਈ ਪ੍ਰਗਟਾ ਰੂਪਾਂ ਵਿਚ ਮਿਲਦੀਆਂ ਹਨ। ਸਾਹਿਤ ਦੇ ਲਗਭਗ ਸਭ ਵਿਧਾ ਵਿਚ :

ਉਪ੍ਰੋਕਤ ਬੁਝਾਰਤ ਵਿਚ ਕਾਵਿ ਦੀ ਇਕ ਪੰ
ਪੂਰਾ ਸਵਾਦ ਹੈ। ਵਸਤੂ ਪ੍ਰਤੀਕਾਂ ਦੁਆਰਾ ਪੇਸ਼
ਗਿਆ ਹੈ ਅਤੇ ਸਰਵ ਚੇਤਨਵਾਦ ਦੁਆਰਾ ਲੋ
ਅਭਿਵਿਅਕਤ ਹੋਇਆ ਹੈ। ਲੌਂਗ ਤੇ ਲਾਚੀ ਘਰੇਗੀ
ਪ੍ਰਾਣਧਾਰੀ ਰੂਪ ਵਿਚ ਪੇਸ਼ ਹਨ ਤੇ ਸੰਕੇਤ ਵੀ, ਦੋ
ਵਸਤਾਂ ਰੱਸੀ ਤੇ ਵਲਟੋਹੀ ਵਲ ਹੈ। ਲੌਂਗ
ਲਘੂਤਮ ਸੰਕੇਤ ਰੂਪ ਹੈ ਤੇ ਲਾਚੀ ਵਲਟੋਹੀ ਦਾ
ਤੁਕਾਂਤ ਤੇ ਲੈਅ ਤੋਂ ਇਲਾਵਾ 16–12 ਮਾਤਰ
ਛੰਦ ਹੈ। ਬਹੁਤੀਆਂ ਬੁਝਾਰਤਾਂ ਕਾਵਿ ਰੂਪ ਵਿਚ ਹੀ

(ਅ) ਗੱਦ ਰੂਪ ਵਿਚ :—

ਲੱਕ ਬੰਨ੍ਹ ਕੇ ਸਿਪਾਹੀ ਵਿਹੜੇ ਫਿਰ ਗਿਆ। (ਬ
ਸੁਕਾ ਢਿੰਗਰ ਅੰਡੇ ਦੇਵੇ। (ਚਰਖਾ
ਇਕ ਕਟੋਰੇ ਵਿਚ ਦੋ ਰੰਗਾਂ ਦਾ ਪਾਣੀ। (

ਗੱਦ ਰੂਪ ਵਿਚ ਬੁਝਾਰਤਾਂ ਬਹੁਤ ਘਟ ਮਿ
ਹਨ। ਰੂਪਕ ਤੇ ਬਿੰਧ ਅਜਿਹੀਆਂ ਬੁਝਾਰਤਾਂ ਨੂੰ ਕ
ਨੇੜੇ ਲੈ ਜਾਂਦੇ ਹਨ।

(ੲ) ਨਾਟਕੀ ਵਾਰਤਾਲਾਪ :—

"ਨੀ ਸੁੱਖ ਸੁਤੀਏ।"
"ਹਾਂ, ਢਾਹੇ ਟੰਗਿਆ।" (ਤਰ ਤੇ ਵ

ਇਸ ਕਿਸਮ ਦੀਆਂ ਬੁਝਾਰਤਾਂ ਉਂਗਲਾਂ 'ਤੇ ਗਿ
ਜਾ ਸਕਦੀਆਂ ਹਨ।

(ਸ) ਅਖਾਣ ਰੂਪ ਵਿਚ :—

ਮਾਂ ਜੰਮੇ ਨਾ ਜੰਮੇ ਪੁੱਤਰ ਫਤੇ ਨਾਲ ਪਲੰਗੇ। (
ਐਡਾ ਕਹਿਰ ਕਦੇ ਨਾ ਡਿੱਠਾ ਤੰਦੂ ਚਾਇਆ
(ਵੇਲ ਅੱਧ

ਅਖਾਣ ਤੇ ਬੁਝਾਰਤਾਂ ਵਿਚ ਵਸਤੂ, ਰੂਪ ਤੇ
ਸ਼ੈਲੀ ਦੇ ਪਖੋਂ ਕਾਫ਼ੀ ਸਾਂਝ ਹੈ। ਕਈ ਵਾਰ ਤਾਂ ਦੋਹ
ਨਿਖੇੜ ਕਰਨਾ ਮੁਸ਼ਕਲ ਹੋ ਜਾਂਦਾ ਹੈ। ਵੇਖਿਆ ਜ
ਅਖਾਣ ਤੇ ਬੁਝਾਰਤਾਂ ਦੋਵੇਂ ਇਕੋ ਸਿੱਕੇ ਦੇ ਦੋ ਪਾਸੇ
ਸਿੱਕੇ ਦੇ ਇਕ ਪਾਸੇ ਕੋਈ ਚਿੱਤਰ ਉਲੀਕਿਆ ਹੁੰਦ
ਦੂਜੇ ਪਾਸੇ ਕੁਝ ਅੱਖਰ। ਬੁਝਾਰਤਾਂ ਸਿੱਕੇ ਦਾ
ਵਾਲਾ ਪਾਸਾ ਹਨ ਤੇ ਅਖਾਣ ਖੱਤ ਵਾਲਾ ਪਾਸਾ।
ਵਿਚਲਾ ਚਿੱਤਰ ਬੋਧ ਕਰਵਾਂਦਾ ਹੈ, ਕਿਸੇ ਸਾਮਗ
ਜਾਂ ਸੰਕੇਤ ਕਰਦਾ ਹੈ, ਕਿਸੇ ਵਸਤੂ ਦਾ। ਅਖਾ
ਵਾਲੇ ਪਾਸੇ ਵਾਂਗ ਗਿਆਨ ਦਿੰਦਾ ਹੈ। ਕੋਈ ਵਿਹ

(ਹ) ਲਘੂ ਕਹਾਣੀ ਰੂਪ ਵਿਚ :—

ਕਈ ਬੁਝਾਰਤਾਂ ਲਘੂ-ਕਥਾ ਦੇ ਰੂਪ ਵਿਚ ਹੁੰਦੀਆਂ ਹਨ। ਅਜਿਹੀ ਕਹਾਣੀ ਦਾ ਮੂਲ ਆਧਾਰ ਕੋਈ ਬੁਝਾਰਤ ਹੀ ਹੁੰਦੀ ਹੈ ਤੇ ਕਹਾਣੀ ਦਾ ਸੁਹਜ ਸਵਾਦ ਉਸ ਕਥਾ ਵਿਚਲੀ ਬੁਝਾਰਤ ਦੀ ਗੰਢ ਖੁਲ੍ਹਣ ਨਾਲ ਹੀ ਉਪਜਦਾ ਹੈ। ਜਿਵੇਂ ਇਹ ਲਘੂ ਕਥਾ: ਇਕ ਤੀਵੀਂ ਆਪਣੇ ਪਤੀ ਨੂੰ ਨੌਕਰ ਹੱਥ ਰੋਟੀ ਭੇਜਿਆ ਕਰਦੀ ਸੀ। ਨੌਕਰ ਬੇਈਮਾਨ ਤੇ ਲਾਲਚੀ ਸੀ, ਰਾਹ ਵਿਚ ਹੀ ਅੱਧ-ਪਚੱਧੀ ਚੀਜ਼ ਡਕਾਰ ਜਾਂਦਾ। ਇਕ ਦਿਨ ਤੀਵੀਂ ਨੇ ਪਤੀ ਨੂੰ ਨੌਕਰ ਹੱਥ ਚਾਰ ਫੁਲਕੇ ਤੇ ਇਕ ਕਟੋਰਾ ਸ਼ੋਰਬੇ ਦਾ ਭੇਜਿਆ ਅਤੇ ਨਾਲ ਹੀ ਇਹ ਸੁਨੇਹਾ ਵੀ :

ਚੰਦ ਚੌਧਵੀਂ ਰਾਤ ਕਿ ਤਾਰੇ ਘਣੇ ਘਣੇ,
ਮਸੀਤੀ ਗੁੱਠਾਂ ਚਾਰ ਕਿ ਬੁੱਝਣ ਸੁਘੜ ਜਣੇ।

ਨੌਕਰ ਨੂੰ ਵਾਪਸੀ ਉਤੇ ਇਸ ਸੁਨੇਹੇ ਦਾ ਜੁਆਬ ਲਿਆਣ ਲਈ ਕਿਹਾ ਗਿਆ। ਨੌਕਰ ਨੇ ਹਮੇਸ਼ਾ ਵਾਂਗ ਹੀ ਰਾਹ ਵਿਚ ਇਕ ਫੁਲਕਾ ਤੇ ਮਾਸ ਦੀਆਂ ਕੁਝ ਬੋਟੀਆਂ ਹੜੱਪ ਕਰ ਲਈਆਂ।

ਨੌਕਰ ਨੇ ਮਾਲਕ ਨੂੰ ਰੋਟੀ ਦੇ ਨਾਲ ਪਤਨੀ ਦਾ ਸੁਨੇਹਾ ਵੀ ਦੇ ਦਿਤਾ। ਮਾਲਕ ਨੇ ਖਾਣ ਤੋਂ ਪਹਿਲਾਂ ਭੋਜਨ ਨੂੰ ਚੰਗੀ ਤਰ੍ਹਾਂ ਘੋਖਿਆ ਤੇ ਫਿਰ ਨੌਕਰ ਹੱਥ ਜੁਆਬ ਭੇਜਿਆ :

ਚੰਦ ਚੌਧਵੀਂ ਰਾਤ ਕਿ ਤਾਰਾ ਕੋਈ ਕੋਈ,
ਮਸੀਤੀ ਗੁੱਠਾਂ ਚਾਰ ਕਿ ਇਕ ਗੁਠ ਢੱਠੀ ਹੋਈ।

ਭਾਵ ਸ਼ੋਰਬੇ ਵਿਚ ਕੋਈ ਕੋਈ ਤਾਰਾ (ਮਾਸ ਦੀਆਂ ਬੋਟੀਆਂ) ਹੈ ਤੇ ਮਸੀਤ ਦੀ ਇਕ ਗੁੱਠ (ਫੁਲਕਾ) ਵੀ ਡਿਗ ਪਈ ਹੈ।

ਕਈ ਬੁਝਾਰਤਾਂ ਮੋਟੇ ਠੁਲੇ ਪ੍ਰਸ਼ਨਾਂ ਵਿਚ ਹਨ, ਪਰ ਉਸ ਪ੍ਰਸ਼ਨ ਵਿਚ ਕੋਈ ਘੁੰਡੀ ਹੁੰਦੀ ਹੈ। ਜਿਸ ਨੂੰ ਸਮਝੇ ਬਗ਼ੈਰ ਗੱਲ ਨਹੀਂ ਤੁਰਦੀ ਜਿਵੇਂ :

ਪੰਜ ਮੱਝਾਂ ਅਤੇ ਤਿੰਨ ਕੱਟੀਆਂ,
ਦੋ ਪੰਡਾਂ ਲਿਆਈਆਂ ਜੱਟੀਆਂ,
ਵੰਡ ਕਿਵੇਂ ਕਰੋਗੇ ?

ਇਥੇ ਕੱਟੀਆਂ ਸ਼ਬਦ ਦੋਹਰੇ ਅਰਥਾਂ ਵਿਚ ਵਰਤਿਆ ਗਿਆ ਹੈ—ਕੱਟੀਆਂ (ਮੱਝ ਦੀਆਂ ਬੱਚੀਆਂ) ਤੇ ਕੱਟੀਆਂ (ਕਟ ਦਿਤੀਆਂ)। ਇਥੇ ਕੱਟੀਆਂ ਪਿਛਲੇ ਅਰਥਾਂ ਵਿਚ ਵਰਤਿਆ ਗਿਆ ਹੈ।

ਵਿਚ ਇਕੋ ਉੱਤਰ ਸੁਈ ਧਾਗਾ ਹੈ।

ਪਰ ਕਈ ਬੁਝਾਰਤਾਂ ਵਿਚ ਇਕ ਤੋਂ
ਵਾਰ ਛੇ ਤਕ) ਉੱਤਰ ਦੇਣੇ ਪੈਂਦੇ ਹਨ, ਜਿ
ਬੁਝਾਰਤ ਛੇ ਉੱਤਰੀ ਹੈ :

ਕਲਰ ਪਿਆ ਪਟਾਕਾ—ਸੁਣਨ ਵਾਲੇ ਦੋ
ਜਿਨ੍ਹਾਂ ਸੁਣਿਆ ਉਹਨਾਂ ਵੇਖਿਆ,
ਨਾ ਵੇਖਣ ਵਾਲੇ ਦੋ ਹੋਰ ਜਣੇ।
ਜਿਨ੍ਹਾਂ ਵੇਖਿਆ, ਉਹ ਚੁਕਣ ਨਾ ਤੁਰੇ,
ਤੁਰਨ ਵਾਲੇ ਦੋ ਹੋਰ ਜਣੇ।
ਜੋ ਤੁਰ ਕੇ ਗਏ ਉਨ੍ਹਾਂ ਚੁਕਿਆ ਨਾ,
ਚੁਕਣ ਵਾਲੇ ਦੋ ਹੋਰ ਜਣੇ।
ਜਿਨ੍ਹਾਂ ਚੁਕਿਆ ਉਹਨਾਂ ਖਾਧਾ ਨਾ,
ਖਾਣ ਵਾਲੇ ਦੋ ਹੋਰ ਜਣੇ।
(ਅੰਬ, ਕੰਨ, ਅੱਖਾਂ, ਪੈਰ

ਕੁਝ ਬੁਝਾਰਤਾਂ ਸ਼ੁਧ ਹਨ, ਕੁਝ ਵਿਸ਼ੁਧ
ਸ਼ੁਧ ਬੁਝਾਰਤ ਵਿਚ ਨਿਰੋਲ ਬੁਝਾਰਤ ਹੁੰਦੀ ਹੈ,
ਵਾਧੂ ਸਾਮਗਰੀ ਨਹੀਂ।

(1) ਲੰਮ ਸਲੰਮਾ ਗਭਰੂ ਦਾੜ੍ਹੀ ਗਿੱਟਿਆਂ ਤੇ
(2) ਵਿਹੜੇ ਆਏ ਮਲੰਗ, ਹਰੀਆਂ ਟੋਪੀਆਂ ਉ

ਇਨ੍ਹਾਂ ਬੁਝਾਰਤਾਂ ਵਿਚ ਕੇਵਲ ਰੂਪਕ ਹ
ਉਧੇੜਨਾ ਹੈ। ਇਨ੍ਹਾਂ ਵਿਚ ਹੋਰ ਕੋਈ ਬਾ
ਨਹੀਂ, ਜਿਸ ਦਾ ਸਬੰਧ ਵਸਤੂ ਨਾਲ ਨਾ ਹੋਵੇ।

ਪਰ ਕੁਝ ਬੁਝਾਰਤਾਂ ਦੇ ਆਰੰਭ ਵਿਚ ਸੁ
ਹੁੰਦੀ ਹੈ। ਜਿਨ੍ਹਾਂ ਦਾ ਬੁਝਾਰਤ ਦੇ ਅੰਦਰ ਵਰਤ
ਕੋਈ ਵਾਸਤਾ ਨਹੀਂ ਹੁੰਦਾ।

ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲੱਗੀ ਚ
ਇਕ ਜਨਾਨੀ ਅਜਿਹੀ ਡਿਠੀ,ਹੁੱਕਾ ਪੀਂਦੀ ਜਾਂ

ਬੁਝਾਰਤ ਵਿਚ ਪਹਿਲੀ ਪੰਗਤੀ ਦਾ ਮੂ
ਕੋਈ ਵਾਸਤਾ ਨਹੀਂ। ਇਸ ਤਰ੍ਹਾਂ ਦੀਆਂ ਹੋ
ਵੀ ਹਨ :

ਆਰ ਡਾਂਗਾ ਪਾਰ ਡਾਂਗਾ, ਵਿਚ ਟੱਲ ਮਟ

ਜਾਂ

ਇਕ ਨਾਉਂ ਕਰਤਾਰ ਪਾਈਏ,
ਸੁਣ ਓ ਭਾਈ ਹਕੀਮਾਂ

ਇਕ ਤੀਜੀ ਕਿਸਮ ਹੋਰ ਵੀ ਹੈ, ਜਿਸ ਵਿਚ ਬੁਝਾਰਤ ਨਾ ਬੁਝਣ ਲਈ ਕੋਈ ਸਜ਼ਾ ਤੇ ਬੁਝ ਲੈਣ ਦੀ ਹਾਲਤ ਵਿਚ ਕੋਈ ਇਨਾਮ, ਬੁਝਾਰਤ ਵਿਚ ਹੀ ਨਿਸਚਿਤ ਕੀਤਾ ਹੁੰਦਾ ਹੈ ਜਿਵੇਂ :

ਚਿੱਟੀ ਮੁਰਗੀ ਹਰੇ ਪੂੰਝੇ,
ਜਿਹੜਾ ਮੇਰੀ ਬਾਤ ਨਾ ਬੁਝੇ,
ਉਹਦੀ ਮਾਂ ਕੁਤੀਆਂ ਹੂੰਝੇ ।
ਜਾਂ
ਸੁੱਕਾ ਢੀਂਗਰ ਆਂਡੇ ਦੇਵੇ,
ਜਿਹੜਾ ਬੁਝੇ ਖਾਵੇ ਮੇਵੇ ।

ਇਕ ਚੌਥੀ ਕਿਸਮ ਹੋਰ ਹੈ । ਜਿਸ ਵਿਚ ਹੀ ਬੁਝਾਰਤ ਬੁਝਾਣ ਲਈ ਕੋਈ ਬਾਹਰਵਰਤੀ ਸੰਕੇਤ ਵੀ ਹੁੰਦਾ ਹੈ ਜਿਵੇਂ :

ਅੰਬਾਂ ਦੀ ਟਹਿਣੀ ਤਿਲੀਅਰ ਬੈਠਾ,
ਗਰਦਨ ਉਸ ਦੀ ਕਾਲੀ ।
ਜਾਂ ਬੁਝੂ ਕੋਈ ਵੈਦ ਹਕੀਮ ਜਾਂ ਬੁਝੂ ਕੋਈ ਪਾਲੀ ।

ਭਾਵ 'ਕੇਸੂ ਦੇ ਫੁੱਲ' । ਸੰਕੇਤ ਹੈ ਕਿ ਇਹ ਬੁਝਾਰਤ ਜਾਂ ਤਾਂ ਕੋਈ ਵੈਦ ਹਕੀਮ ਬੁਝ ਸਕਦਾ ਹੈ, ਜਿਸਨੂੰ ਦਵਾਈਆਂ ਵਿਚ ਕੇਸੂ ਦੇ ਫੁੱਲ ਵਰਤਣੇ ਪੈਂਦੇ ਹਨ, ਜਾਂ ਫਿਰ ਕੋਈ ਡੰਗਰ ਚਾਰਨ ਵਾਲਾ ਪਾਲੀ, ਜਿਸ ਦਾ ਵਾਹ ਰੋਜ਼ ਜੰਗਲ ਵਿਚ ਇਸ ਫੁੱਲ ਨੂੰ ਵੇਖਣਾ ਹੈ ।

ਪੰਜਾਬ ਦੀਆਂ ਬੁਝਾਰਤਾਂ ਦਾ ਭੰਡਾਰ ਬੜਾ ਅਮੀਰ ਹੈ । ਇਨ੍ਹਾਂ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਪੰਜਾਬੀਆਂ ਦੇ ਸੁਭਾਵ, ਮਾਨਸਿਕ ਬਿਰਤੀਆਂ, ਸਮਾਜਿਕ ਵਾਤਾਵਰਨ ਤੇ ਲੋਕ-ਜੀਵਨ ਦੇ ਰੰਗ-ਬਰੰਗੇ ਚਿਤਰ ਨੂੰ ਪ੍ਰਤੀਬਿੰਬਤ ਕਰਦੀਆਂ ਹਨ । ਇਨ੍ਹਾਂ ਦਾ ਮਨੋਰਥ ਬੁੱਧੀ ਨੂੰ ਤੀਖਣ ਕਰਨ ਦੇ ਨਾਲ ਨਾਲ, ਸੁਹਜ-ਸੁਆਦ ਦੀ ਤ੍ਰਿਪਤੀ ਲਈ, ਪੰਜਾਬੀ ਜੀਵਨ ਦੇ ਰੰਗ-ਬਰੰਗੇ ਚਿਤਰ ਨੂੰ ਪੂਰੀ ਸਜੀਵਤਾ ਨਾਲ ਪੇਸ਼ ਕਰਨਾ ਹੈ । ਆਲੇ ਦੁਆਲੇ ਦੀ ਕੋਈ ਵਸਤੂ ਦ੍ਰਿਸ਼ਟਮਾਨ ਅਜਿਹੀ ਨਹੀਂ, ਜੋ ਬੁਝਾਰਤ ਦੀ ਪਕੜ ਤੋਂ ਬਚ ਸਕੀ ਹੋਵੇ । ਬੁਝਾਰਤਾਂ ਨੇ ਸਭ ਵਸਤੂਆਂ ਨੂੰ ਇਕ ਅਲੌਕਿਕ ਰੂਪ ਪ੍ਰਦਾਨ ਕੀਤਾ ਹੈ । ਪੰਜਾਬੀ ਬੁਝਾਰਤਾਂ ਸਮੁੱਚੀ ਸੰਸਕ੍ਰਿਤੀ ਦੇ ਵਰਤਾਰਿਆਂ ਦੇ ਆਰ ਪਾਰ ਫੈਲੀਆਂ ਹੋਈਆਂ ਹਨ ।

ਇਨ੍ਹਾਂ ਬੁਝਾਰਤਾਂ ਵਿਚਲੀ ਕਲਾਤਮਿਕ ਵਡਿਆਈ, ਵਿ
ਸਮੂਰਤੀਕਰਨ ਅਦਭੁਤ ਆਕਾਰ ਤੇ ਸਹਿਜ ਪਛਾਣ
ਠੀਕ ਅਨੁਮਾਨ ਤਾਂ ਹੀ ਲਗ ਸਕਦਾ ਹੈ, ਜੇ ਕੋਈ ਚਿ
ਬੁਝਾਰਤਾਂ ਦੇ ਮੁਹਾਵਰੇ ਦੁਆਰਾ ਪੇਸ਼ ਵਸਤੂਆਂ ਦਾ
ਬੁਝਾਰਤਾਂ ਵਿਚ ਪੇਸ਼ ਕੀਤੀ ਗਈ ਰੂਪ-ਰੇਖਾ ਦੇ ਅ
ਚਿਤਰੇ । ਪੰਜਾਬੀ ਕਲਪਨਾ ਵਿਚ ਨੀਂਦਰ 'ਪਾਣੀ
ਪਤਲੀ ਪਤਾਸੇ ਨਾਲੋਂ ਮਿੱਠੀ ਹੈ', ਸੂਰਜ 'ਚਿੱਟਾ
ਗੁਲਾਬ ਦਾ ਫੁਕ ਫੁਕ ਝੋਲੇ ਖਾਏ', ਅੱਖਾਂ 'ਸ਼ੀਸ਼ਿਆਂ
ਟੋਭਾ, ਤੇ ਕੰਡਿਆਂ ਦੀ ਵਾੜ' ਜੀਭ, 'ਆਲਾ ਭਰਿਆ ਕੌ
ਦਾ, ਵਿਚ ਤੋਤਕ ਨਚੇ ਹੈ ।' ਹਰ ਵਸਤ ਦਾ ਇਕ ਅਸ
ਨਾਟਕੀ ਜਿਹਾ ਸਰੂਪ ਹੈ ।

ਪੰਜਾਬੀ ਲੋਕ-ਜੀਵਨ ਵਿਚ ਬੁਝਾਰਤਾਂ ਨੇ ਅਜੇ
ਸਫ਼ਰ ਤੈਅ ਕਰਨਾ ਹੈ ।

## (ਬ-219) ਬੁਝਾਵਲ ਕਥਾ :

ਉਹ ਕਥਾ ਜਿਸ ਵਿਚ ਬੁਝਾਰਤ ਅਤੇ ਅੜਾਉਣ
ਮੂਲ ਤੱਤ ਬਿਰਤਾਂਤ ਦੇ ਆਧਾਰ ਤੇ ਬਣਾਏ ਜਾਣ
ਬੁਝਾਰਤ ਦੇ ਬੁਝਣ, ਅੜਾਉਣੀ ਦੇ ਸੁਲਝਣ ਅਤੇ
ਦੇ ਖੁਲ੍ਹਣ ਨਾਲ ਕੋਈ ਰਹੱਸ ਪ੍ਰਗਟ ਹੋਵੇ । ਇਸ
ਵਿਚ ਜਾਂ ਤਾਂ ਕੋਈ ਪਹੇਲੀ ਸਿਧੀ ਹੀ ਜਾਂ ਬਿਰਤਾਂਤਕ
ਵਿਚ ਪਰੋਖ ਰੂਪ ਵਿਚ ਸਮਾਈ ਹੁੰਦੀ ਹੈ, ਜਾਂ ਫਿਰ
ਗੁੰਝਲ, ਅੜਾਉਣੀ ਜਾਂ ਗੋਰਖਧੰਦਾ ਫੈਲਿਆ ਹੁੰਦਾ
ਜਾਂ ਸੰਬਾਦ-ਚਾਤੁਰੀ ਤੇ ਸੰਕੇਤ-ਜਾਲ ਦੁਆਰਾ ਰਹੱਸ ਉ
ਕੀਤਾ ਗਿਆ ਹੁੰਦਾ ਹੈ । ਬੁਝਾਵਲ ਕਥਾ ਦਾ ਬਿ
ਇਤਨਾ ਰੋਚਕ ਨਹੀਂ ਹੁੰਦਾ ਜਿਤਨਾ ਗੰਢ ਖੁਲ੍ਹਣ
ਉਪਜਿਆ ਰਹੱਸ । ਇਸ ਕਥਾ ਦੀ ਵਿਲੱਖਣਤਾ ਇਸ
ਸਿਰਜੇ ਸੰਸਾਰ ਵਿਚ ਨਹੀਂ, ਇਸ ਵਿਚਲੀ ਗੁੰਝਲ ਦੇ
ਵਿਚ ਹੈ । ਇਸ ਕਥਾ ਦੀ ਰੋਚਕਤਾ ਤੇ ਉਤਸੁਕਤਾ ਦਾ
ਇਹੋ ਮੂਲ ਗੰਢ ਹੁੰਦੀ ਹੈ ਅਤੇ ਬਾਕੀ ਕਥਾ ਇਸੇ
ਪਸਾਰ ਹੈ ।

ਬੁਝਾਵਲ ਕਥਾ ਦੀ ਬਣਤਰ ਪਹੇਲੀ ਵਾਲੀ
ਹੁੰਦੀ ਹੈ । ਪਹੇਲੀ ਵਾਂਗ ਇਸ ਵਿਚ ਸੰਕੇਤਾਂ, ਰੂਪ
ਚਿੰਨ੍ਹਾਂ ਦੁਆਰਾ ਇਕ ਰਹੱਸਮਈ ਪਾਸਾਰ ਸਿਰਜ
ਜਾਂਦਾ ਹੈ । ਬੁਝਾਰਤ ਵਿਚ ਉਹ ਸੰਕੇਤ, ਰੂਪਕ ਅਤੇ

ਪ੍ਰਾਚੀਨ ਹੈ। ਮੁੱਢ ਕਦੀਮ ਤੋਂ ਬੁਝਾਰਤ ਕਾਵਿ ਵਿਚ ਹੀ ਰਚੀ ਜਾਂਦੀ ਰਹੀ, ਗਦ ਅਤੇ ਬ੍ਰਿਤਾਂਤ ਵਿਚ ਵੀ। ਬੁਝਾਵਲ ਕਥਾ ਬੁਝਾਰਤ ਦਾ ਬ੍ਰਿਤਾਂਤਕ ਰੂਪ ਹੈ। ਪ੍ਰਾਚੀਨ ਕਥਾਵਾਂ ਵਿਚੋਂ ਬੇਤਾਲ ਕਥਾਵਾਂ ਇਸੇ ਵੰਨਗੀ ਦੀਆਂ ਕਿਰਤਾਂ ਹਨ। ਵਿਕ੍ਰਮਾਦਿਤਯ ਜਦੋਂ ਲੋਥ ਨੂੰ ਮੋਢੇ ਉਪਰ ਚੁਕ ਕੇ ਸ਼ਮਸ਼ਾਨ ਭੂਮੀ ਵਲ ਤੁਰਦਾ ਹੈ ਤਾਂ ਲੋਥ ਵਿਚ ਸਥਿਤ ਬੇਤਾਲ ਵਿਕ੍ਰਮਾਦਿਤਯ ਨੂੰ ਇਕ ਬੁਝਾਰਤ ਕਥਾ ਸੁਣਾਉਂਦਾ ਹੈ ਤੇ ਕਈ ਸ਼ੰਕਿਆਂ ਦੀ ਨਵਿਰਤੀ ਲਈ, ਵਿਕ੍ਰਮਾਦਿਤਯ ਤੋਂ ਕੁਝ ਪ੍ਰਸ਼ਨ ਪੁਛਦਾ ਹੈ। ਇਹ ਪ੍ਰਸ਼ਨ ਉਹੋ ਹੀ ਹਨ, ਜੋ ਕਥਾ ਨੂੰ ਪੜ੍ਹਦਿਆਂ ਸੁਣਦਿਆਂ ਪਾਠਕਾਂ (ਸਰੋਤਿਆਂ) ਦੇ ਮਨ ਵਿਚ ਉਪਜਦੇ ਹਨ। ਇਨ੍ਹਾਂ ਸ਼ੰਕਿਆਂ/ਪ੍ਰਸ਼ਨਾਂ ਦੀ ਨਵਿਰਤੀ/ਉੱਤਰ ਬਗੈਰ ਕਥਾ ਵਿਚ ਲੀਨ ਰਹੱਸ ਨਹੀਂ ਖੁਲ੍ਹਦਾ ਅਤੇ ਨਾ ਹੀ ਬ੍ਰਿਤਾਂਤ ਵਿਚ ਫੈਲੀ ਆਤਮਾ ਨੂੰ ਪਛਾਣਿਆ ਜਾ ਸਕਦਾ ਹੈ।

ਬੇਤਾਲ ਕਥਾ ਦੇ ਅਨੁਕਰਣ ਵਿਚ ਰਚੀਆਂ ਗਈਆਂ ਕੁਝ ਬੁਝਾਵਲ ਕਥਾਵਾਂ ਪੰਜਾਬੀ ਵਿਚ ਮਿਲਦੀਆਂ ਹਨ। ਇਕ ਬੇਤਾਲ ਕਥਾ 'ਵਹੁ ਕਿਸ ਦੀ' ਇਸ ਪ੍ਰਕਾਰ ਹੈ: ਤਿੰਨ ਬ੍ਰਾਹਮਣ ਇਕੋ ਕੰਨਿਆਂ ਮੰਦਾਰਵਤੀ ਨਾਲ ਪ੍ਰੇਮ ਕਰਦੇ ਸਨ। ਉਸ ਕੰਨਿਆਂ ਦੀ ਅਚਾਨਕ ਮ੍ਰਿਤੂ ਹੋ ਗਈ। ਦਾਹ ਸੰਸਕਾਰ ਤੋਂ ਬਾਅਦ ਉਨ੍ਹਾਂ ਵਿਚੋਂ ਇਕ ਬ੍ਰਾਹਮਣ ਨੇ ਕੰਨਿਆਂ ਦੇ ਮਸਾਣ ਦੀ ਸੁਆਹ ਇਕੱਠੀ ਕਰ ਲਈ ਅਤੇ ਸ਼ਮਸ਼ਾਨ ਘਾਟ ਵਿਚ ਹੀ ਝੁੱਗੀ ਪਾ ਕੇ ਰਹਿਣ ਲਗਾ। ਦੂਜਾ ਬ੍ਰਾਹਮਣ ਉਸ ਕੰਨਿਆਂ ਦੇ ਫੁੱਲ ਗੰਗਾ ਤਾਰਨ ਲਈ ਚਲਾ ਗਿਆ। ਤੀਜਾ ਬ੍ਰਾਹਮਣ ਸੰਨਿਆਸੀ ਬਣ ਕੇ ਦੇਸ ਪ੍ਰਦੇਸ ਦਾ ਰਟਨ ਕਰਨ ਲਗਾ। ਉਸ ਬ੍ਰਾਹਮਣ ਨੂੰ ਇਕ ਰਹੱਸਮਈ ਮੰਤਰ ਦੀ ਪ੍ਰਾਪਤੀ ਹੋਈ। ਇਸ ਮੰਤਰ ਨੂੰ ਜੇ ਕਿਸੇ ਮ੍ਰਿਤਕ ਦੇ ਮਸਾਣ ਉਪਰ ਪੜ੍ਹਿਆ ਜਾਵੇ ਤਾਂ ਉਹ ਪ੍ਰਾਣੀ ਮੁੜ ਜੀਵਤ ਹੋ ਸਕਦਾ ਸੀ। ਸੋ ਇਹ ਤੀਜਾ ਬ੍ਰਾਹਮਣ ਉਸ ਸ਼ਮਸ਼ਾਨ ਭੂਮੀ ਉਤੇ ਵਾਪਸ ਪੁਜਾ ਜਿਥੇ ਮੰਦਾਰਵਤੀ ਦਾ ਦਾਹ ਸੰਸਕਾਰ ਕੀਤਾ ਗਿਆ ਸੀ ਅਤੇ ਪਹਿਲਾ ਬ੍ਰਾਹਮਣ ਉਸ ਦੇ ਮਸਾਣਾਂ ਨੂੰ ਸੰਭਾਲੀ ਬੈਠਾ ਸੀ। ਅਗੋ ਉਥੇ ਦੂਜਾ ਬ੍ਰਾਹਮਣ ਵੀ ਫੁੱਲ ਤਾਰ ਕੇ ਪੁਜ ਚੁਕਾ ਸੀ। ਤੀਜੇ ਬ੍ਰਾਹਮਣ ਨੇ ਉਸ ਮਸਾਣ ਉਪਰ ਮੰਤਰ ਪੜ੍ਹਿਆ ਤਾਂ ਮੰਦਾਰਵਤੀ ਮੁੜ ਸੁਰਜੀਤ ਹੋ ਗਈ। ਤਿੰਨੋਂ ਪ੍ਰੇਮੀ ਉਸ ਕੰਨਿਆਂ ਉਤੇ

ਹੱਕ ਜਿਤਾਣ ਲਗੇ। ਇਹੋ ਕਥਾ ਬ੍ਰਿਜ ਦੇ ਇਲ... ਵੀ ਪ੍ਰਚਲਤ ਹੈ। ਇਸੇ ਨਾਲ ਮਿਲਦੀ ਜੁਲਦੀ ... The Far East (ਪੰਨਾ 298) ਰਚਿਤ ਆਰ. ... ਹੈ। ਚਾਰ ਚਰਵਾਹਿਆਂ ਨੇ ਰਲ ਕੇ ਇਕ ਪੁਤਲ... ਪਹਿਲੇ ਨੇ ਲਕੜੀ ਦੀ ਪੁਤਲੀ ਘੜੀ, ਦੂਜੇ ਨੇ... ਪਾਲਸ਼ ਕੀਤਾ, ਤੀਜੇ ਨੇ ਉਸ ਨੂੰ ਸੂਝ ਸਿਆਣਪ... ਕੀਤੀ, ਚੌਥੇ ਨੇ ਉਸ ਵਿਚ ਜੀਵਨ ਕਣੀ ਫੂਕੀ... ਸਭਨਾਂ ਨੇ ਉਸ ਕੰਨਿਆਂ ਉਪਰ ਆਪੋ ਆਪ... ਜਿਤਾਇਆ। ਇਕ ਡਾਕਿਨੀ ਨੇ ਇਸ ਸਮਸਿਆ ... ਹੱਲ ਦਸਿਆ—ਜਿਸ ਯੁਵਕ ਨੇ ਪੁਤਲੀ ਘੜੀ ... ਦਰਜਾ ਪਿਉ ਦਾ ਹੈ, ਜਿਸ ਨੇ ਪਾਲਸ਼ ਕੀਤੀ ... ਬਰਾਬਰ ਹੈ, ਜਿਸ ਨੇ ਸੂਝ ਸਿਆਣਪ ਪ੍ਰਦਾਨ ਕ... ਗੁਰੂ ਸਮਾਨ ਹੈ, ਪਰ ਜਿਸ ਨੇ ਜੀਵਨ ਪ੍ਰਦਾਨ ਕੀਤਾ ... ਉਸ ਦਾ ਪਤੀ ਹੋ ਸਕਦਾ ਹੈ।

ਹੋਰ ਰੂਪਾਂਤਰ ਵਿਚ ਤਿੰਨ ਦੀ ਥਾਂ ਚਾਰ ਬ੍ਰਾਹਮਣ ...

ਪੰਜਾਬੀ ਵਿਚ ਪ੍ਰਚਲਤ ਬੁਝਾਵਲ 'ਬਹੂ ... ਉਪ੍ਰੋਕਤ ਕਥਾ ਦੇ ਸਮਰੂਪ ਹੀ ਸਿਰਜੀ ਗਈ। ... ਚਾਰ ਮਿਤ੍ਰ ਤਰਖਾਣ, ਸੁਨਿਆਰਾ, ਦਰਜ਼ੀ ਅਤੇ ... ਹਨ। ਇਨ੍ਹਾਂ ਚੂਹਾਂ ਦੀ ਸਾਂਝੀ ਸ਼ਕਤੀ ਅਤੇ ਸਮਰਥ... ਕੰਨਿਆਂ ਉਤਪੰਨ ਹੋਈ ਜਿਸ ਉਪਰ ਚਾਰੇ ਆ...

'ਤੂਤੀ ਨਾਮਾ' ਵਿਚ ਵੀ ਇਸੇ ਪ੍ਰਥਾ ਦੇ ਸਮ... ਕਹਾਣੀ 'ਬਹੂ ਕਿਸ ਦੀ' ਮਿਲਦੀ ਹੈ, ਪਰ ਉਸ ... ਕੰਨਿਆਂ ਦੀ ਮ੍ਰਿਤਕ ਦੇਹ ਨੂੰ ਇਕ ਸ਼ਖ਼ਸ ਨੇ ਕਬ... ਕਢਿਆ ਦੂਜੇ ਨੇ ਡੰਡੇ ਮਾਰ ਕੇ ਉਸ ਦੇ ਪ੍ਰੇਤ ... ਦੀ ਸਲਾਹ ਦਿਤੀ ਅਤੇ ਤੀਜੇ ਨੇ ਡੰਡੇ ਮਾਰ ... ਸੁਰਜੀਤ ਕੀਤਾ।

ਉਪ੍ਰੋਕਤ ਭਾਂਤ ਦੀ ਬੁਝਾਵਲ ਕਥਾ ਦੀ ... ਇਹ ਹੈ ਕਿ ਇਸ ਦੇ ਅੰਤ ਵਿਚ ਇਕ ਅਦਭੁਤ ... ਸਮਸਿਆ ਦੇ ਰੂਪ ਵਿਚ ਉਭਰਦਾ ਹੈ, ਜਿਸ ਨੂੰ ... ਸਰੋਤੇ ਦੇ ਹਿੱਸੇ ਆਉਂਦਾ ਹੈ। ਬੁਝਾਰਤਾਂ ਵਾਂਗ... ਕਥਾ ਵਿਚ ਸਰੋਤਾ ਸਿਰਫ਼ ਸਰੋਤਾ ਹੀ ਨਹੀਂ ਰਹਿ... ਉਸ ਨੂੰ ਆਪਣੀ ਸੂਝ ਦਾ ਪ੍ਰਮਾਣ ਦੇਣ ਲਈ ... ਦਾ ਹਲ ਦੱਸਣਾ ਪੈਂਦਾ ਹੈ। ਇਸ ਤਰ੍ਹਾਂ ਸ... ਦਾ ਅੰਗ ਬਣ ਜਾਂਦਾ ਹੈ। ਅਜਿਹੀ ਕਥਾ ਵਿਚ ਸ...

ਦੀ ਕਥਾ ਇਸੇ ਵੰਨਗੀ ਦੀ ਹੈ, ਜਿਸ ਵਿਚ ਇਕ ਪਤਨੀ, ਆਪਣੇ ਪਤੀ ਨੂੰ ਨੌਕਰ ਹੱਥ ਭੱਤਾ ਭੇਜਣ ਵੇਲੇ, ਖਾਣੇ ਵਿਚ ਭੇਜੀਆਂ ਚੀਜ਼ਾਂ ਦਾ ਵੇਰਵਾ ਸੰਕੇਤ ਭਾਸ਼ਾ ਦੁਆਰਾ ਦੱਸ ਦਿੰਦੀ ਹੈ। ਉਸ ਦਾ ਪਤੀ ਵੇਖਦਾ ਹੈ ਕਿ ਇਕ ਫੁਲਕਾ ਅਤੇ ਕੁਝ ਬੋਟੀਆਂ ਘਟ ਹਨ ਤੇ ਉਹ ਵੀ ਆਪਣੀ ਪਤਨੀ ਨੂੰ ਸੰਕੇਤ ਭਾਸ਼ਾ ਦੁਆਰਾ ਇਸ ਚੋਰੀ ਦਾ ਗਿਆਨ ਕਰਵਾ ਦਿੰਦਾ ਹੈ। ਸਭ ਤੋਂ ਵਧ ਦਿਲਚਸਪ ਗੱਲ ਤਾਂ ਇਹ ਹੈ ਕਿ ਸੁਨੇਹਾ ਲਿਜਾਣ ਵਾਲਾ ਹੀ ਖ਼ੁਦ ਚੋਰ ਹੈ ਅਤੇ ਉਸ ਨੂੰ ਗਿਆਨ ਨਹੀਂ ਕਿ ਸੰਕੇਤ ਭਾਸ਼ਾ ਦੁਆਰਾ ਉਹ ਆਪਣੀ ਹੀ ਚੋਰੀ ਦਾ ਗਿਆਨ ਦੂਜੀ ਧਿਰ ਨੂੰ ਦੇ ਰਿਹਾ ਹੈ।

ਇਸ ਤਰ੍ਹਾਂ ਦੀ ਸੰਕੇਤ-ਭਾਸ਼ੀ ਕਥਾ ਦੀ ਪ੍ਰਥਾ ਵੀ ਬੜੀ ਪ੍ਰਾਚੀਨ ਹੈ। 'ਕਥਾ ਸਰਿਤ ਸਾਗਰ' ਵਿਚ ਇਕ ਥਾਂ 'ਪਦਮਾਵਤੀ' ਦੀ ਕਥਾ ਹੈ ਜਿਸ ਨੇ ਇਕ ਰਾਜਕੁਮਾਰ ਨੂੰ ਵੇਖ ਕੇ ਇਕ ਫੁੱਲ ਹੱਥਾਂ ਵਿਚ ਫੜ ਕੇ ਦੰਦਾਂ ਨਾਲ ਛੁਹਾਇਆ, ਫਿਰ ਛਾਤੀ ਨਾਲ ਲਗਾਇਆ ਅਤੇ ਫਿਰ ਪੈਰਾਂ ਨਾਲ ਛੁਹ ਕੇ ਅਤੇ ਹੱਥ ਉਪਰ ਵਲ ਕਰ ਕੇ ਪਿਛੇ ਪਾਸੇ ਵਲ ਸੁਟ ਦਿਤਾ। ਇਸ ਸੰਕੇਤ ਭਾਸ਼ਾ ਨੂੰ ਵਜ਼ੀਰ ਸਮਝ ਗਿਆ ਅਤੇ ਉਸ ਨੇ ਰਾਜਕੁਮਾਰ ਨੂੰ ਦਸਿਆ ਕਿ ਉਸ ਕੰਨਿਆਂ ਦਾ ਨਾਂ ਪਦਮਾਵਤੀ ਹੈ ਅਤੇ ਉਹ ਰਾਜੇ ਦੰਤਵਕ੍ਰ ਦੀ ਪੁੱਤਰੀ ਹੈ। ਛਾਤੀ ਨਾਲ ਲਗਾਣਾ ਪ੍ਰੇਮ ਦਾ ਪ੍ਰਗਟਾਵਾ ਹੈ। ਫੁੱਲ ਨੂੰ ਪਿਛੇ ਵਲ ਸੁਟਣ ਦਾ ਭਾਵ ਹੈ ਕਿ ਉਹ ਤੁਹਾਨੂੰ ਮਹਿਲਾਂ ਦੇ ਪਿਛਲੇ ਪਾਸੇ ਰਾਤ ਨੂੰ ਮਿਲੇਗੀ।

ਇਸੇ ਤਰ੍ਹਾਂ ਦੀਆ ਰੂੜ੍ਹੀਆਂ ਪੰਜਾਬੀ ਕਥਾਵਾਂ ਵਿਚ ਵੀ ਮਿਲਦੀਆਂ ਹਨ। ਇਕ ਕਥਾ ਵਿਚ ਇਕ ਤੀਵੀਂ ਸ਼ਾਮ ਵੇਲੇ ਕਿਸੇ ਆਸ਼ਕ ਮਜ਼ਾਜ ਯੁਵਕ ਨੂੰ ਗਲੀ ਵਿਚੋਂ ਲੰਘਦਾ ਵੇਖ, ਆਪਣੇ ਪਤੀ ਦੇ ਸਾਹਮਣੇ, ਦੀਵੇ ਵਿਚੋਂ ਦੀਵਟ ਗਲੀ ਵਿਚ ਸੁਟ ਦਿੰਦੀ ਹੈ ਅਤੇ ਉਸ ਵਿਚ ਨਵੀਂ ਦੀਵਟ ਬਾਲ ਕੇ ਜਲਾਂਦੀ ਹੋਈ, ਆਪਣੇ ਦੋਹਾ ਹੱਥਾਂ ਨਾਲ ਜੋਤ ਦੀ ਰਖਿਆ ਕਰਦੀ ਹੈ। ਜਿਸ ਵਿਚ ਸੰਕੇਤ ਇਹ ਸੀ ਕਿ ਮੇਰਾ ਪਤੀ ਪ੍ਰਦੇਸ ਜਾ ਰਿਹਾ ਹੈ, ਮਗਰੋਂ ਤੂੰ ਆਵੀਂ। ਮੈਂ ਤੇਰੇ ਪ੍ਰੇਮ ਦੇ ਆਸਰੇ ਆਪਣੇ ਜੀਵਨ ਦਾ ਦੀਵਾ ਜਗਾਵਾਂਗੀ ਅਤੇ ਤੇਰੀ ਰਖਿਆ ਕਰਾਂਗੀ।

ਕੁਝ ਕਥਾਵਾਂ ਵਿਚ ਬੁਝਾਰਤ ਕਿਸੇ ਵਸਤੂ ਦੀ ਪ੍ਰਾਪਤੀ ਲਈ ਸ਼ਰਤ ਦੇ ਰੂਪ ਵਿਚ ਆਉਂਦੀ ਹੈ। ਨਾਇਕ ਬੁਝਾਰਤ

ਬੁਝੇ। ਬੁਝਾਰਤ ਨਾ ਬੁਝਣ ਕਰ ਕੇ ਉਨ੍ਹਾਂ ਨੂੰ ਸ਼ਿ
ਮਿਲਦਾ ਹੈ। ਇਸ ਤਰ੍ਹਾਂ ਯੁਧਿਸ਼ਟਰ ਦੇ ਸਭ ਭਰਾ ਸ਼ਿ
ਕਰ ਕੇ ਮਰ ਜਾਂਦੇ ਹਨ। ਅਖ਼ੀਰ ਯੁਧਿਸ਼ਟਰ ਨੇ
ਬੁਝ ਕੇ ਸਭ ਨੂੰ ਮੁੜ ਸੁਰਜੀਤ ਕਰਵਾ ਲਿਆ।

ਬੁਝਾਵਲ ਕਥਾ ਦਾ ਇਹ ਰੂਪ ਵੀ ਅਨੇਕਾਂ ਕ
ਵਿਚ ਮਿਲਦਾ ਹੈ ਜਦੋਂ ਨਾਇਕ ਨੂੰ ਕਿਸੇ ਯੁਵ
ਵਿਆਹ ਕਰਨ ਤੋਂ ਪਹਿਲਾਂ ਉਸ ਦੀਆਂ ਬੁਝਾਰਤਾਂ
ਲਾਜ਼ਮੀ ਸ਼ਰਤ ਹੈ। ਪਰ ਇਹ ਰੂਪ ਸ਼ੁਧ ਬੁਝਾਵਲ ਨ

'ਬੁਝਾਵਲ ਕਥਾ' ਨੂੰ 'ਬੁਝੱਕਾ' ਵੀ ਕਹਿੰਦੇ
ਇਹ ਕਥਾ ਕਈ ਵਾਰ 'ਬੁਝ ਮੇਰਾ ਬੁਝੱਕਾ' ਨਾ
ਹੁੰਦੀ ਹੈ।

ਬੁਝ ਮੇਰਾ ਬੁਝੱਕਾ,
ਤੇਰੇ ਜੀਵੇ ਮਾਂ ਪਿਉ ਸਕਾ।

(ਬ-220) **ਬੁੱਢ ਮਰਨਾ :**

ਜਦੋਂ ਕੋਈ ਸ਼ਖ਼ਸ ਲੰਮੀ ਉਮਰ ਭੋਗ ਕੇ
ਉਸ ਦਾ ਬਿਬਾਣ ਬੜੀ ਸੱਜ ਧੱਜ ਨਾਲ ਕਢਿ
ਹੈ ਤੇ ਉਸ ਨੂੰ ਫੁੱਲਾਂ, ਫੱਲੂਸਾਂ, ਸੁਨਹਿਰੀ ਤੇ
ਝਾਲਰਾਂ ਤੇ ਝੰਡੀਆਂ ਆਦਿ ਨਾਲ ਸ਼ਿੰਗਾਰਿਆ ਜ
ਬਿਬਾਣ ਦੇ ਅਗੇ ਬੈਂਡ ਵਾਜੇ ਵਜਾਏ ਜਾਂਦੇ ਅ
ਉਸ ਦਾ ਪੋਤਰਾ ਚੌਰੀ ਝੁਲਾਂਦਾ ਜਾਂਦਾ ਹੈ। ਰ
ਉਸ ਦੀ ਅਰਥੀ ਤੋਂ ਮਖਾਣਿਆਂ, ਬਦਾਮਾਂ, ਛੁਹਾ
ਸਿੱਕਿਆਂ ਦੀ ਸੋਟ ਕੀਤੀ ਜਾਂਦੀ ਹੈ।

ਕੁਝ ਜਾਤਾਂ ਵਿਚ ਅਰਥੀ ਚੁੱਕਣ ਵੇਲੇ, ਮ
ਦੀਆਂ ਕੁੜਮਣੀਆਂ ਕਈ ਤਰ੍ਹਾਂ ਦੇ ਠੱਠੇ ਤੇ ਮਜ਼ਾਕ
ਤੇ ਅਰਥੀ ਨੂੰ ਰੋਕਦੀਆਂ ਤੇ ਸਿੱਠਣੀਆਂ ਦੇਂਦੀਆ
ਪਹਿਲਿਆਂ ਵਿਚ, ਕਈ ਵਾਰ ਇਹ ਮਜ਼ਾਕ ਹੱਦ
ਹੋ ਜਾਂਦੇ ਸਨ ਫਲਸਰੂਪ ਕਦੇ ਕਦੇ ਝਗੜਾ ਵੀ ਹੋ ਜਾਂ

ਕਿਰਿਆ ਕਰਮ ਵਾਲੇ ਦਿਨ ਕੜਾਹ ਪ੍ਰ
ਜਾਂਦੀ ਹੈ ਤੇ ਅੰਗਾਂ ਸਾਕਾਂ ਤੇ ਭਾਈਚਾਰੇ ਦੇ ਲੋਕਾਂ
ਦਿਤਾ ਜਾਂਦਾ ਹੈ। ਗ਼ਰੀਬਾਂ ਵਿਚ ਵੀ ਕੜਾਹ ਪ੍ਰ
ਵੰਡੀ ਜਾਂਦੀ ਹੈ। ਇਸ ਕਾਰਜ ਨੂੰ 'ਹੰਗਾਮਾ' ਵੀ
ਹਨ (ਵੇਖੋ : ਹੰਗਾਮਾ)।

ਦਾ ਬੂਟਾ ਉਗਿਆ ਤੇ ਅੱਕ ਦੀਆਂ ਕੱਕੜੀਆਂ ਦੀ ਰੂੰ ਬਿਲਕੁਲ ਚਿੱਟੇ ਝਾਟੇ ਵਰਗੀ ਬਣੀ। ਧਾਰਨਾ ਹੈ ਕਿ ਜਿਸਦੇ ਸਿਰ ਤੋਂ ਬੁੱਢੀ ਮਾਈ ਦਾ ਝਾਟਾ ਲੰਘ ਜਾਵੇ, ਉਸ ਦੀ ਉਮਰ ਲੰਮੀ ਹੋ ਜਾਂਦੀ ਹੈ ਅਤੇ ਰੋਟੀ ਖਾਂਦਿਆਂ ਜਿਸ ਦੀ ਥਾਲੀ ਵਿਚ ਝਾਟਾ ਆ ਪਏ, ਉਸ ਦੇ ਘਰ ਵੀ ਲਹਿਰ ਬਹਿਰ ਹੋ ਜਾਂਦੀ ਹੈ। ਮੁਸਲਮਾਨ ਇਸ ਨੂੰ 'ਮਾਈ ਹਵਾ ਦਾ ਝਾਟਾ' ਵੀ ਕਹਿੰਦੇ ਹਨ।

ਕੁਝ ਜਾਤਾਂ ਵਿਚ ਅੱਕ ਦੀ ਪੂਜਾ ਵੀ ਕੀਤੀ ਜਾਂਦੀ ਹੈ ਤੇ ਉਹ ਸਾਵਨ ਸੁਦੀ ਛੇਵੀਂ, ਜਿਸ ਨੂੰ 'ਅਕੋਆ ਛਟਮੀ' ਕਹਿੰਦੇ ਹਨ, ਅੱਕ ਦੀ ਉਚੇਚੇ ਰੂਪ ਵਿਚ ਪੂਜਾ ਕਰਦੀਆਂ ਹਨ (ਵੇਖੋ : ਅੱਕ)।

## (ਬ-222) ਬੁੱਢੀ ਮਾਈ ਦਾ ਮਜ਼ਾਰ :

ਫ਼ਿਰੋਜ਼ਪੁਰ ਜ਼ਿਲੇ ਵਿਚ ਪਿੰਡ ਸਾਹੋਵਾਲਾ ਵਿਖੇ ਇਕ ਮਜ਼ਾਰ; ਇਹ ਮਜ਼ਾਰ ਕਿਸੇ ਬੁੱਢੀ ਮਾਈ ਦਾ ਦਸਿਆ ਜਾਂਦਾ ਹੈ। ਇਸ ਬੁੱਢੀ ਮਾਈ ਬਾਰੇ ਲੋਕੀਂ ਬਹੁਤ ਕੁਝ ਨਹੀਂ ਜਾਣਦੇ, ਪਰ ਕਈ ਬਾਜ਼ੀਗਰ ਇਸ ਮਜ਼ਾਰ ਨੂੰ ਪੂਜਦੇ ਅਤੇ ਆਪਣੇ ਬੱਚਿਆਂ ਦਾ ਵਿਆਹ ਜਾਂ ਤਾਂ ਇਥੇ ਕਰਦੇ ਹਨ ਜਾਂ ਵਿਆਹ ਮਗਰੋਂ ਉਹ ਦੂਲ੍ਹਾ ਦੁਲ੍ਹਨ ਨੂੰ ਇਕੱਠਿਆਂ ਇਥੇ ਪੂਜਾ ਲਈ ਲਿਆਉਂਦੇ ਹਨ। ਇਸ ਮਜ਼ਾਰ ਵਿਚ ਇਕ ਪਿਆਲੇ ਦੀ ਸ਼ਕਲ ਦਾ ਸੁਰਾਖ਼ ਹੈ ਜਿਸ ਵਿਚ ਬਾਜ਼ੀਗਰ ਸ਼ਰਾਬ ਭੇਟ ਕਰਦੇ ਤੇ ਫਿਰ ਪ੍ਰਸਾਦਿ ਦੇ ਤੌਰ 'ਤੇ ਪੀਂਦੇ ਹਨ।

## (ਬ-223) ਬੁੰਦਾ :

ਕੰਨਾਂ ਦਾ ਇਕ ਗਹਿਣਾ, ਜਿਸ ਦਾ ਜ਼ਿਕਰ ਸਾਂਦਲ ਬਾਰ ਦੇ ਲੋਕ ਗੀਤਾਂ ਵਿਚ ਵਾਰ ਬਾਰ ਆਉਂਦਾ ਹੈ :

ਕੰਨਾਂ ਨੂੰ ਸੁਹਣੇ ਬੁੰਦੇ......

## (ਬ-224) ਬੁੱਧ ਗ੍ਰਹਿ :

ਨੌਂਆਂ ਗ੍ਰਹਿਆਂ ਵਿਚੋਂ ਇਕ ਗ੍ਰਹਿ, ਜਿਸ ਨੂੰ ਹਿੰਦੂ ਦੇਵਤਾ ਸਮਝ ਕੇ ਪੂਜਦੇ ਹਨ। ਇਸੇ ਗ੍ਰਹਿ ਦੇ ਨਾਂ ਤੇ ਸਪਤਾਹ ਦੇ ਇਕ ਦਿਨ ਦਾ ਨਾਂ ਬੁੱਧਵਾਰ ਹੈ।

ਪੌਰਾਣਿਕ ਕਥਾਵਾਂ ਅਨੁਸਾਰ ਬੁੱਧ ਬ੍ਰਿਹਸਪਤ ਦੀ

ਬ੍ਰਹਮਾ ਨੇ ਵਿਚ ਪੈ ਕੇ ਝਗੜਾ ਮਿਟਾਇਆ ਤੇ ਸੋ[...] ਤਾਰਾ ਨੂੰ ਵਾਪਸ ਕਰ ਦਿਤਾ। ਪਰ ਉਦੋਂ ਤਾਰਾ ਗਰਭ[...] ਸੀ, ਮਗਰੋਂ ਤਾਰਾ ਨੇ ਲੜਕੇ ਨੂੰ ਜਨਮ ਦਿਤਾ, ਜੋ ਇ[...] ਸੁੰਦਰ ਸੀ ਕਿ ਸੋਮ ਤੇ ਬ੍ਰਿਹਸਪਤੀ ਦੋਵੇਂ ਆਪਣਾ [...] ਜਿਤਾਣ ਲਗੇ। ਪਹਿਲਾਂ ਤਾਂ ਤਾਰਾ ਇਸ ਲੜਕੇ ਦੇ ਅ[...] ਪਿਤਾ ਦਾ ਨਾਂ ਦੱਸਣ ਤੋਂ ਇਨਕਾਰ ਕਰਦੀ ਰਹੀ, [...] ਜਦੋਂ ਗੱਲ ਵਧ ਗਈ ਤਾਂ ਬ੍ਰਹਮਾ ਦੇ ਕਹਿਣ ਤੇ ਤਾਰਾ[...] ਦਸਿਆ ਕਿ ਇਸ ਬਾਲਕ ਦਾ ਅਸਲ ਪਿਤਾ ਚੰਦਰਮਾ [...] ਚੰਦਰਮਾ ਨੇ ਇਸ ਨੂੰ 'ਬੁੱਧੀਮਾਨ' ਕਹਿ ਕੇ ਲਾਡ ਕੀ[...] ਜਿਸ ਤੋਂ ਇਸ ਦਾ ਨਾਂ ਬੁੱਧ ਪੈ ਗਿਆ।

ਬੁੱਧ ਨੇ ਮਨੂ ਵੈਵਸਵਤ ਦੀ ਲੜਕੀ ਇਲਾ [...] ਵਿਆਹ ਕੀਤਾ, ਜਿਸ ਤੋਂ ਇਨ੍ਹਾਂ ਦੇ ਘਰ ਪੁਰੂਰਵ ਨਾਂ[...] ਬਾਲਕ ਜੰਮਿਆ। ਪੁਰੂਰਵ ਤੇ ਉਰਵਸ਼ੀ ਦੀ ਕਥਾ ਸ਼ਤ[...] ਬ੍ਰਾਹਮਣ ਵਿਚ ਮਿਲਦੀ ਹੈ।

ਬੋਧੀ ਬੁਤ-ਕਲਾ ਵਿਚ, ਬੁੱਧ ਦੇਵਤੇ ਨੂੰ ਕੰਵਲ ਦੇ ਤ[...] ਉਤੇ ਬਿਰਾਜਮਾਨ ਵਿਖਾਇਆ ਗਿਆ ਹੈ, ਜਿਸ ਦੇ ਦੋ[...] ਹੱਥਾਂ ਵਿਚ ਤੀਰ ਕਮਾਨ ਫੜੇ ਹੋਏ ਹਨ। ਜੈਨ ਮਤ [...] ਫ਼ਿਰਕੇ ਇਸ ਬੁੱਧ ਦਾ ਆਦਰ ਕਰਦੇ ਹਨ ਤੇ ਇਸ[...] ਉੱਤਰ ਦਿਸ਼ਾ ਦਾ ਰਖਿਅਕ ਮੰਨਦੇ ਹਨ। ਦਿਗੰਬਰ [...] ਵਾਲੇ ਬੁੱਧ ਨੂੰ ਵਿਵੇਕ ਦਾ ਚਿੰਨ੍ਹ ਮੰਨਦੇ ਹਨ ਤੇ ਚਿਤ੍ਰਾਂ [...] ਇਸ ਦੇ ਹੱਥਾਂ ਵਿਚ ਗ੍ਰੰਥ ਵਿਖਾਂਦੇ ਹਨ, ਜਦੋਂ [...] ਸਵੇਤੰਬਰ ਜੈਨੀ ਇਸ ਨੂੰ ਸ਼ੇਰ/ਹੰਸ ਦੀ ਸਵਾਰੀ ਕ[...] ਵਿਖਾਂਦੇ ਹਨ।

ਬੁੱਧ ਦੇਵਤੇ ਦਾ ਮਨ-ਭਾਉਂਦਾ ਰੰਗ ਹਰਾ ਹੈ [...] ਪੰਨਾ ਜਾਂ ਸਬਜ਼ਾ ਪਹਿਨਣ ਵਾਲੇ ਉਤੇ ਇਸ ਦੇਵਤੇ [...] ਵਿਸ਼ੇਸ਼ ਬਰਕਤ ਮੰਨੀ ਜਾਂਦੀ ਹੈ।

ਬੁੱਧ ਗ੍ਰਹਿ ਦੇ ਉਪਾਸ਼ਕ ਬੁੱਧਵਾਰ ਨੂੰ ਵਰਤ ਰਖਦੇ[...] ਬੁੱਧ ਗ੍ਰਹਿ ਦੀ ਪੂਜਾ ਕਰਦੇ ਹਨ।

## (ਬ-225) ਬੁੱਧਵਾਰ :

ਬੁੱਧਵਾਰ ਦਾ ਨਾਂ ਬੁੱਧ ਗ੍ਰਹਿ 'ਤੇ ਰਖਿਆ ਗਿ[...] ਇਹ ਗ੍ਰਹਿ ਸ਼ੁਭ ਮੰਨਿਆ ਗਿਆ ਹੈ। ਧਾਰਨਾ ਹੈ [...] ਬੁੱਧਵਾਰ ਨੂੰ ਸ਼ੁਰੂ ਕੀਤਾ ਕੰਮ ਨਿਰਵਿਘਨ ਸਿਰੇ ਚੜ੍ਹਦਾ ਹੈ[...]

ਬੁੱਧ ਕੰਮ ਸੁੱਧ।

ਨਵਾਂ ਕਪੜਾ ਬੁੱਧਵਾਰ ਪਹਿਨਣ ਨਾਲ ਵਧੇਰੇ ਹੰਢਦ[...]

ਪਰ ਬੁੱਧਵਾਰ ਨੂੰ ਉੱਤਰ ਦਿਸ਼ਾ ਜਾਂ ਪਹਾੜ ਵਲ ਸਫ਼ਰ ਕਰਨਾ ਸ਼ੁਭ ਨਹੀਂ ਹੁੰਦਾ, ਅਤੇ ਕੰਮ ਵਿਗੜ ਜਾਂਦਾ ਹੈ :

ਮੰਗਲ ਬੁੱਧ ਨਾ ਜਾਈਏ ਪਹਾੜ
ਜਿੱਤੀ ਬਾਜ਼ੀ ਆਵੀਏ ਹਾਰ ।

(ਬ-226) **ਬੁੱਧਵਾਰ ਦਾ ਵਰਤ** :

ਬੁੱਧਵਾਰ ਦਾ ਵਰਤ ਬੁੱਧੀ ਨੂੰ ਪ੍ਰਜਵਲਤ ਕਰਨ ਲਈ ਤੇ ਬੁੱਧ ਗ੍ਰਹਿ ਨੂੰ ਪ੍ਰਸੰਨ ਰੱਖਣ ਲਈ ਰਖਿਆ ਜਾਂਦਾ ਹੈ। ਇਸ ਦਿਨ ਤੀਵੀਆਂ ਵਰਤ ਰੱਖਣ ਤੋਂ ਪਹਿਲਾਂ ਇਸ਼ਨਾਨ ਕਰਦੀਆਂ ਤੇ ਫਿਰ ਵਰਤ ਦਾ ਸੰਕਲਪ ਕਰਦੀਆਂ ਹਨ। ਪੂਜਾ ਸਮੇਂ ਸਫ਼ੇਦ ਫੁੱਲ ਤੇ ਹਰੇ ਰੰਗ ਦੀਆਂ ਵਸਤੂਆਂ ਦਾ ਨੈਵੇਦ ਚੜ੍ਹਾਇਆ ਜਾਂਦਾ ਹੈ। ਇਸ ਦਿਨ ਕੇਵਲ ਇਕ ਵਾਰ ਭੋਜਨ ਕੀਤਾ ਜਾਂਦਾ ਹੈ। ਇਸ ਵਰਤ ਵਿਚ ਵਰਤ ਰੱਖਣ ਵਾਲਾ ਜਿਨ੍ਹਾਂ ਵਸਤੂਆਂ ਨਾਲ ਆਪ ਭੋਜਨ ਕਰਦਾ ਹੈ, ਉਹ ਵਸਤੂਆਂ ਹੀ ਅਗੋਂ ਦਾਨ ਵਿਚ ਦੇਂਦਾ ਹੈ। ਧਨੀ ਲੋਕ ਇਸ਼ਨਾਨ ਤੇ ਸੰਕਲਪ ਮਗਰੋਂ ਬੁੱਧ ਦੀ ਸੋਨੇ ਦੀ ਮੂਰਤੀ ਕਾਂਸ਼ੀ ਦੇ ਭਾਂਡੇ ਵਿਚ ਸਥਾਪਿਤ ਕਰ ਕੇ, ਫੁੱਲਾਂ, ਧੂਪ ਤੇ ਚੰਦਨ ਨਾਲ ਪੂਜਾ ਕਰਦੇ ਹਨ। ਪੂਜਾ ਵੇਲੇ ਸਫ਼ੇਦ ਕਪੜੇ ਪਹਿਨਣੇ ਚਾਹੀਦੇ ਹਨ। ਕਈ ਗੁੜ ਦਹੀਂ ਤੇ ਚਾਵਲ ਦਾ ਨੈਵੇਦ ਅਰਪਣ ਕਰਦੇ ਹਨ।

ਬੁੱਧਵਾਰ ਨੂੰ ਜੇ ਵਿਸਾਖਾ ਨਛੱਤ੍ਰ ਦਾ ਯੋਗ ਹੋਵੇ, ਤਾਂ ਵਰਤ ਬੜਾ ਫਲਦਾਇਕ ਹੁੰਦਾ ਹੈ। ਇਸ ਵਰਤ ਦਾ ਆਰੰਭ ਵਿਸਾਖ ਦੇ ਬੁੱਧਵਾਰ ਤੋਂ ਕਰਨ ਦਾ ਵਿਧਾਨ ਹੈ। ਸੱਤ ਬੁੱਧਵਾਰ ਨਿਰੰਤਰ ਵਰਤ ਰੱਖਣ ਨਾਲ ਮਨ ਦੀਆਂ ਕਾਮਨਾਵਾਂ ਦੀ ਪੂਰਤੀ ਹੁੰਦੀ ਹੈ ਤੇ ਬੁੱਧੀ ਤੇਜ਼ ਹੁੰਦੀ ਹੈ।

ਇਸ ਵਰਤ ਬਾਰੇ ਕਈ ਕਥਾਵਾਂ ਪ੍ਰਚਲਤ ਹਨ, ਜੋ ਪੂਜਾ ਦੇ ਮਗਰੋਂ ਸੁਣਾਈਆਂ ਜਾਂਦੀਆਂ ਹਨ। ਇਕ ਕਥਾ ਅਨੁਸਾਰ ਬੁੱਧਵਾਰ ਵਾਲੇ ਦਿਨ ਜਨਮ ਲੈਣ ਵਾਲੇ ਬਾਲਕ ਦੀ ਅਥਾਹ ਸ਼ਕਤੀ ਦਾ ਵਰਣਨ ਹੈ, ਜਿਸ ਦੀ ਛੁਹ ਨਾਲ ਸਭ ਸੰਕਟ ਦੂਰ ਹੋ ਜਾਂਦੇ ਹਨ।

ਕਥਾ ਇਸ ਪ੍ਰਕਾਰ ਹੈ : ਇਕ ਸੌਦਾਗਰ ਵਪਾਰ ਕਰਨ ਲਈ ਪਰਦੇਸ ਗਿਆ, ਮਗਰੋਂ ਬੁੱਧਵਾਰ ਦੇ ਦਿਨ ਉਸ ਦੇ ਘਰ ਇਕ ਸੁੰਦਰ ਲੜਕਾ ਜੰਮਿਆ। ਲੰਮੇ ਸਮੇਂ ਮਗਰੋਂ ਗੱਡੇ ਕੋਲ ਪਹਿਰੇਦਾਰਾਂ ਨੂੰ ਛੱਡ ਕੇ ਆਪ ਪਿੰਡ ਗਿਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦਾ ਆਪਣਾ ਬਾਲਕ ਬੁੱਧਵਾਰ ਦਾ ਜੰਮਿਆ ਹੈ। ਆਪਣੇ ਬਾਲਕ ਦੀ ਛੁਹ ਨਾਲ ਗੱਡਾ ਚਿੱਕੜ ਵਿਚੋਂ ਕਢਵਾ ਕੇ ਪਿੰਡ ਮੁੜ ਆਇਆ ਤੇ ਅਨੰਦ ਨਾਲ ਰਹਿਣ ਲੱਗਾ।

ਇਸੇ ਤਰ੍ਹਾਂ ਦੇ ਹੋਣਹਾਰ ਤੇ ਬੁਧੀਮਾਨ ਲੜਕੇ ਦੀ ਮਨੋਕਾਮਨਾ ਨਾਲ ਤੀਵੀਆਂ ਬੁੱਧਵਾਰ ਵਰਤ ਰਖਦੀਆਂ ਹਨ।

ਇਕ ਹੋਰ ਕਥਾ ਵਿਚ ਬੁੱਧਵਾਰ ਵਾਲੇ ਦਿਨ, ਆਪਣੀ ਪਤਨੀ ਨੂੰ ਪੇਕੇ ਤੋਂ ਸਹੁਰੇ ਘਰ ਲਿਜਾਣਾ ਅਸ਼ੁਭ ਦਸਿਆ ਹੈ।

(ਬ-227) **ਬੁਰ** :

ਸਾਧਾਂ ਸੰਤਾਂ ਤੇ ਫ਼ਕੀਰਾਂ ਦੇ ਗਲ ਦੇ ਕਪੜੇ ਦਾ ਟੁਕੜਾ, ਜੋ ਉਹ ਆਪਣੇ ਮੁਰੀਦਾਂ ਨੂੰ ਪ੍ਰਸ਼ਾਦਿ ਵਜੋਂ ਦੇਂਦੇ ਹਨ। ਇਸ ਕਪੜੇ ਵਿਚ ਬੜੀ ਬਰਕਤ ਮੰਨੀ ਜਾਂਦੀ ਹੈ। ਤੇ ਇਸ ਨੂੰ ਕੋਲ ਰੱਖਣ ਨਾਲ ਦੁਖ-ਦਲਿਦ੍ਰ ਨੇੜੇ ਨਹੀਂ ਢੁਕਦਾ। ਕਈ ਲੋਕ ਆਪਣੇ ਨਵੇਂ ਜੰਮੇ ਬੱਚੇ ਨੂੰ ਬੁਰ ਦਾ ਚੋਲਾ ਸਿਵਾ ਕੇ ਪਹਿਨਾਂਦੇ ਹਨ। ਜੇ ਬੁਰ ਦਾ ਕਪੜਾ ਥੋੜ੍ਹਾ ਹੋਵੇ ਤਾਂ ਬੱਚੇ ਦਾ ਚੋਲਾ ਨਵਾਂ ਸਿਵਾ ਕੇ, ਉਸ ਵਿਚ ਬੁਰ ਦੀ ਟਾਕੀ ਜੋੜ ਲਈ ਜਾਂਦੀ ਹੈ। ਬੁਰ ਵਿਚ ਸਾਧ ਫ਼ਕੀਰ ਦੀ ਕਰਣੀ ਦਾ ਅੰਸ਼ ਹੋਣ ਦਾ ਵਿਚਾਰ, ਸਹਾਨੁਭੂਤੀ ਟੂਣੇ ਉਤੇ ਆਧਾਰਤ ਹੈ। ਪੰਜਾਬ ਦਾ ਅਖਾਣ ਹੈ :

ਫ਼ਕੀਰ ਦੀ ਬੁਰ ਤੇ ਅਮੀਰ ਦੀ ਦੁਰ ਇਕ ਬਰਾਬਰ ਹੈ।

(ਬ-228) **ਬੂਰਾ** ;

(ੳ) ਪਤੀ ਦੀ ਮੌਤ ਸਮੇਂ ਮੇਢੀਆਂ ਖੋਲ੍ਹਣ ਦੀ ਰੀਤ: ਜਦੋਂ ਕਿਸੇ ਤੀਵੀਂ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਦੇ ਨੱਕੋਂ ਕੰਨੋਂ ਤੇ ਹੱਥੋਂ, ਸਭ ਗਹਿਣੇ ਉਤਾਰ ਦਿਤੇ ਜਾਂਦੇ ਹਨ। ਜੇ ਤੀਵੀਂ ਸਜ-ਵਿਆਹੀ ਹੋਵੇ ਤਾਂ ਉਸ ਦਾ ਚੂੜਾ ਭੰਨ ਕੇ ਸਾੜ ਦਿਤਾ ਜਾਂਦਾ ਹੈ ਤੇ ਮੇਢੀਆਂ ਖੋਲ੍ਹ ਦਿਤੀਆਂ ਜਾਂਦੀਆਂ ਹਨ। ਵਿਧਵਾ ਤੀਵੀਂ ਮੈਲਾ ਵੇਸ ਧਾਰਨ ਕਰ ਲੈਂਦੀ ਹੈ। ਇਸ ਵਰਤਾਰੇ ਨੂੰ 'ਬੂਰਾ' ਕਿਹਾ ਜਾਂਦਾ ਹੈ।

**(ਬ-229) ਬੁਰਾਕ :**

ਸਾਖੀ ਹੈ, ਇਕ ਸਫ਼ੇਦ ਰੰਗ ਦੇ ਖੰਭਾਂ ਵਾਲਾ ਘੋੜਾ; ਹਜ਼ਰਤ ਮੁਹੰਮਦ ਨੂੰ ਬੁਰਾਕ ਤੇ ਚੜ੍ਹਾ ਕੇ, ਜਬਰਾਈਲ ਸਤਵੇਂ ਅਕਾਸ਼ ਵਿਚ, ਖ਼ੁਦਾ ਕੋਲ ਲੈ ਗਿਆ ਸੀ। ਹਜ਼ਰਤ ਮੁਹੰਮਦ ਸਾਹਿਬ ਦੇ ਇਸ ਸਫ਼ਰ ਨੂੰ 'ਮਿਅਰਾਜ' ਕਿਹਾ ਜਾਂਦਾ ਹੈ। ਕਾਦਰਯਾਰ ਨੇ ਆਪਣੇ ਮਿਅਰਾਜਨਾਮੇ ਵਿਚ ਬੁਰਾਕ ਦਾ ਜ਼ਿਕਰ ਕੀਤਾ ਹੈ।

**(ਬ-230) ਬੁਲਾਕ :**

ਇਸਤ੍ਰੀਆਂ ਦਾ ਨੱਕ ਵਿਚ ਪਹਿਨਣ ਵਾਲਾ ਇਕ ਗਹਿਣਾ।

**(ਬ-231) ਬੁਜਲੀ :**

ਮਹਾਨ ਕੋਸ਼ ਅਨੁਸਾਰ ਇਸਤ੍ਰੀਆਂ ਦੇ ਕੰਨ ਦਾ ਇਕ ਗਹਿਣਾ, ਜੋ ਕੰਨ ਦੇ ਹੇਠਲੇ ਪਾਸੇ ਵਡੇ ਛੇਕ ਵਿਚ ਪਾਈਦਾ ਹੈ। ਇਹ ਗੋਲ ਤੇ ਅੰਦਰੋਂ ਖ਼ਾਲੀ ਹੁੰਦਾ ਹੈ। ਇਸ ਵਿਚ ਵਾਲੇ ਜਾਂ ਮੋਤੀਆਂ ਦਾ ਗੁੱਛਾ ਪਹਿਰਿਆ ਜਾਂਦਾ ਹੈ।

**(ਬ-232) ਬੂਬਨਾ ਜਲਾਲ :**

ਪੰਜਾਬ ਦੀ ਇਕ ਪ੍ਰਸਿਧ ਲੋਕ-ਕਥਾ; ਦਸਮ ਗ੍ਰੰਥ ਤ੍ਰਿਆ-ਚਰਿਤ੍ਰ ਵਿਚ ਇਸ ਦਾ ਵਰਣਨ ਇਉਂ ਹੈ : ਜਿਥੇ ਅੱਠ ਨਦੀਆਂ ਦਾ ਸੰਗਮ ਹੁੰਦਾ ਹੈ, ਉਥੇ ਇਕ ਨਗਰ ਠੱਟਾ ਹੈ। ਇਥੋਂ ਦੇ ਰਾਜੇ ਦੇ ਪੁੱਤਰ ਦਾ ਨਾਂ ਜਿਲਣ ਜਾਂ ਜਲਾਲ ਸੀ। ਜਲਾਲ ਇਤਨਾ ਸੁੰਦਰ ਸੀ ਕਿ ਜਿਹੜਾ ਵੀ ਵੇਖਦਾ, ਮੋਹਿਤ ਹੋ ਜਾਂਦਾ। ਇਕ ਵਾਰ ਜਲਾਲ ਸ਼ਿਕਾਰ ਖੇਡਦਾ ਹਿਰਨਾਂ ਦਾ ਪਿੱਛਾ ਕਰਦਾ ਬੂਬਨਾ ਦੇ ਨਗਰ ਵਲ ਜਾ ਨਿਕਲਿਆ। ਥਕਿਆ ਹੋਣ ਕਰ ਕੇ, ਖੂਹ ਤੋਂ ਪਾਣੀ ਪੀ ਕੇ, ਉਹ ਬੂਬਨਾ ਦੇ ਬਾਗ਼ ਵਿਚ ਅਰਾਮ ਕਰਨ ਲਗਾ। ਸ਼ਾਮ ਨੂੰ ਜਦੋਂ ਬੂਬਨਾ ਬਾਗ਼ ਵਿਚ ਘੁੰਮਣ ਆਈ ਤਾਂ ਜਲਾਲ ਦਾ ਰੂਪ ਵੇਖ ਕੇ, ਉਹ ਵੀ ਉਸ ਉਤੇ ਮੋਹਿਤ ਹੋ ਗਈ। ਦੋਹਾਂ ਦਾ ਆਪੋ ਵਿਚ ਪ੍ਰੇਮ ਹੋ ਗਿਆ। ਬੂਬਨਾ ਨੇ ਸਾਰੀ ਗੱਲ ਮਾਂ ਨੂੰ ਜਾ ਦੱਸੀ। ਮਾਂ ਨੇ ਜਲਾਲ ਬਾਰੇ ਤਸੱਲੀ ਕਰਕੇ ਇਕ ਚਲਿਤ੍ਰ ਰਚਿਆ ਅਤੇ ਬੂਬਨਾ ਦੇ ਪਿਉ ਨੂੰ ਬੂਬਨਾ ਦਾ ਸਵੰਬਰ ਰਚਣ ਲਈ ਕਿਹਾ। ਬੂਬਨਾ ਨੇ ਜਲਾਲ ਨੂੰ

**(ਬ-233) ਬੇਈਂ :**

ਪੰਜਾਬ ਦੀ ਇਕ ਪ੍ਰਸਿਧ ਨਦੀ ਜਿਸ ਦੀਆ
ਹਨ : ਕਾਲੀ ਬੇਈਂ ਤੇ ਚਿੱਟੀ ਬੇਈਂ। ਕਾਲੀ
ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ
ਦੇ ਛੰਭ ਵਿਚੋਂ ਨਿਕਲ ਕੇ ਕਪੂਰਥਲੇ ਦੇ ਇ
ਲੰਘਦੀ ਹੋਈ ਸੁਲਤਾਨਪੁਰ ਤੋਂ ਅਗੇ ਹਰੀ
ਦਸ ਕੁ ਮੀਲ ਉਪਰ ਵਲ ਸਤਲੁਜ ਵਿਚ ਜਾ
ਬੇਈਂ ਵਿਚ ਇਸ਼ਨਾਨ ਕਰਦਿਆਂ ਗੁਰੂ ਨਾ
ਤਿੰਨ ਦਿਨ ਅਲੋਪ ਰਹੇ ਸਨ। ਸਾਖੀਆਂ ਅ
ਦਿਨੀਂ ਉਹ ਅਕਾਲ ਪੁਰਖ ਦੇ ਦਰਬਾਰ ਵਿਚ
ਉਨ੍ਹਾਂ ਨੇ ਨਿਰੰਕਾਰ ਦੀ ਬਖ਼ਸ਼ਸ਼ ਪ੍ਰਾਪਤ ਕੀਤੀ ਸ

ਚਿੱਟੀ ਬੇਈਂ ਜ਼ਿਲਾ ਹੁਸ਼ਿਆਰਪੁਰ ਦੇ ਨਗ
ਕੋਲੋਂ ਨਿਕਲਦੀ ਹੈ ਤੇ ਜ਼ਿਲਾ ਹੁਸ਼ਿਆਰਪੁਰ
ਦੀਆਂ ਹੱਦਾਂ ਕੋਲੋਂ ਲੰਘਦੀ ਹੋਈ, ਕਪੂਰਥਲੇ
ਵਿਚ ਦਾਖ਼ਲ ਹੁੰਦੀ ਹੈ ਤੇ ਜ਼ਿਲਾ ਜਲੰਧਰ
ਹੋਈ, ਸਤਲੁਜ ਵਿਚ ਜਾ ਸਮਾਂਦੀ ਹੈ।

ਬੇਈਂ ਨਦੀ ਬਾਰੇ ਕਈ ਮਨੌਤਾਂ ਮਿਲ
ਬੇਈਂ ਨਦੀ ਵਿਚ ਜਿਥੇ ਬਾਬਾ ਜੀ ਨੇ ਇਸ਼
ਸੀ, ਉਥੋਂ ਦਾ ਪਾਣੀ ਅੰਮ੍ਰਿਤ ਦਾ ਅਸਰ
ਇਥੇ ਇਸ਼ਨਾਨ ਕਰਨ ਨਾਲ ਪਾਪ ਧੁਲ ਜਾਂਦੇ ਹ

**(ਬ-234) ਬੇਸਰ :**

ਇਸਤ੍ਰੀਆਂ ਦੇ ਨੱਕ ਦਾ ਇਕ ਗਹਿਣਾ
ਸ਼ਕਲ ਦਾ ਹੁੰਦਾ ਹੈ।

**(ਬ-235) ਬੇਹੀ ਦੀ ਰੋਟੀ :**

ਵਿਆਹ ਵੇਲੇ ਕੰਨਿਆਂ ਨੂੰ ਚੂੜਾ ਚਾੜ੍ਹ
ਬਰਾਦਰੀ ਤੇ ਅੰਗਾਂ ਸਾਕਾਂ ਨੂੰ ਰੋਟੀ ਖੁਆ
ਇਸ ਨੂੰ ਧਨ ਪੋਠੋਹਾਰ ਵਿਚ 'ਬੇਹੀ ਦੀ ਰੋਟੀ'
ਇਹ ਰੋਟੀ ਨਾਨਕਿਆਂ ਵਲੋਂ ਹੁੰਦੀ ਹੈ ਅ
ਵਿਚੋਂ ਪਿੰਡ ਵਿਚ ਧਿਆਣ ਫੇਰੀ ਜਾਂਦੀ
ਧਿਆਣੀਆਂ ਵਿਚ ਰੋਟੀ ਵੰਡੀ ਜਾਂਦੀ ਹੈ
ਕਾਫ਼ੀ ਭਾਰੀ ਹੁੰਦੀ ਹੈ ਤੇ ਇਸ 'ਤੇ ਕਾਫ਼ੀ

**(ਬ-237) ਬੇਤਾਲ :**

(ੳ) ਚਸ਼ਮਿਆਂ, ਖੂਹਾਂ, ਨਦੀਆਂ ਤੇ ਦਰਿਆਵਾਂ ਵਿਚ ਵਸਦੇ ਪ੍ਰੇਤ, ਜਿਨ੍ਹਾਂ ਨੂੰ ਕਾਂਗੜੇ ਦੇ ਗਦੀ 'ਬੀਰ' ਕਰ ਕੇ ਪੂਜਦੇ ਹਨ ਅਤੇ ਅੰਨ ਅਤੇ ਹੋਰ ਸਾਮਿਗਰੀ ਭੇਟ ਕਰ ਕੇ ਪਤਿਆਣ ਦਾ ਯਤਨ ਕਰਦੇ ਹਨ (ਵੇਖੋ : **ਬੀਰ ਬਤਾਲ**)।

(ਅ) ਇਕ ਵਿਸ਼ੇਸ਼ ਕਿਸਮ ਦੇ ਭੂਤਨੇ ਜੋ ਕਿਸੇ ਮੁਰਦਾ ਸਰੀਰ ਵਿਚ ਪ੍ਰਵੇਸ਼ ਕਰ ਕੇ, ਉਸ ਨੂੰ ਮੁੜ ਸੁਰਜੀਤ ਕਰ ਲੈਂਦੇ ਤੇ ਲੋਕਾਂ ਵਿਚ ਆਮ ਮਨੁੱਖਾਂ ਵਾਂਗ ਹੀ ਵਿਚਰਦੇ ਹਨ। ਇਹ ਕਿਸੇ ਨੂੰ ਦੁੱਖ ਨਹੀਂ ਦੇਂਦੇ।

**ਬੇਤਾਲ ਪਚੀਸੀ** ਵਿਚ ਇਕ ਬੇਤਾਲ ਦੀਆਂ 25 ਕਥਾਵਾਂ ਮਿਲਦੀਆਂ ਹਨ। ਇਹ ਕਥਾਵਾਂ ਬੇਤਾਲ ਨੇ ਵਿਕਰਮਾਦਿਤਯ ਨੂੰ ਸੁਣਾਈਆਂ।

**(ਬ-238) ਬੇਤਾਲ ਪਚੀਸੀ :**

ਬੇਤਾਲ ਨਾਲ ਸਬੰਧਿਤ, ਪੱਚੀ ਪ੍ਰੇਤ ਕਹਾਣੀਆਂ ਦਾ ਇਕ ਸੰਗ੍ਰਹਿ। ਇਹ ਕਥਾਵਾਂ ਕਦੋਂ ਰਚੀਆਂ ਗਈਆਂ, ਇਸ ਬਾਰੇ ਕੋਈ ਸਬੂਤ ਨਹੀਂ ਮਿਲਦਾ। ਇਹ ਕਹਾਣੀਆਂ ਮੂੰਹੋਂ ਮੂੰਹ ਅਗੇ ਚਲਦੀਆਂ ਗਈਆਂ ਤੇ ਫਿਰ ਕਿਸੇ ਵਿਦਵਾਨ ਨੇ ਇਨ੍ਹਾਂ ਨੂੰ ਬੇਤਾਲ ਪਚੀਸੀ ਦੀ ਸ਼ਕਲ ਵਿਚ ਸੰਭਾਲ ਦਿਤਾ। ਇਸ ਦੇ ਅਨੇਕਾਂ ਰੂਪਾਂਤਰ ਮਿਲਦੇ ਹਨ।

**(ਬ-239) ਬੇਦਾਦ ਨਗਰੀ :**

ਉਹ ਨਗਰੀ ਜਿਥੇ ਕਿਸੇ ਨਾਲ ਵੀ ਇਨਸਾਫ਼ ਨਾ ਕੀਤਾ ਜਾਵੇ। ਇਸ ਬਾਰੇ ਅਖਾਣ ਵੀ ਹੈ :

ਬੇਦਾਦ ਨਗਰੀ ਅੰਨ੍ਹਾ ਰਾਜਾ<br>
ਟੱਕੇ ਸੇਰ ਭਾਜੀ ਟੱਕੇ ਸੇਰ ਖਾਜਾ।

ਬੇਦਾਦ ਨਗਰੀ ਬਾਰੇ ਇਕ ਲੋਕ-ਕਥਾ ਪ੍ਰਸਿਧ ਹੈ। ਇਕ ਮਹਾਤਮਾ ਆਪਣੇ ਚੇਲੇ ਨਾਲ ਬੇਦਾਦ ਨਗਰੀ ਦੇ ਕੋਲੋਂ ਲੰਘ ਰਿਹਾ ਸੀ। ਚੇਲੇ ਨੇ ਨਗਰੀ ਵਿਚ ਜਾਣ ਦੀ ਇਛਾ ਪ੍ਰਗਟ ਕੀਤੀ। ਮਹਾਤਮਾ ਨੇ ਵਰਜਿਆ ਕਿ ਇਹ ਬੇਦਾਦ ਨਗਰੀ ਹੈ। ਇਥੇ ਕਿਸੇ ਨਾਲ ਇਨਸਾਫ਼ ਨਹੀਂ ਹੁੰਦਾ, ਕਿਧਰੇ ਫਸ ਜਾਵੇਂਗਾ। ਪਰ ਚੇਲਾ ਮਨ੍ਹਾ ਕਰਨ ਦੇ ਬਾਵਜੂਦ ਵੀ, ਸ਼ਹਿਰ ਵੇਖਣ ਗਿਆ। ਉਥੇ ਇਕ ਨਿਆਂ ਕਿਸੇ ਆਦਮੀ ਨੂੰ ਫਾਂਸੀ ਚਾੜ੍ਹੀ ਜਾ ਰਹੀ ਸੀ, ਚੇਲਾ ਵੀ

ਦੀ ਖ਼ਬਰ ਪਹੁੰਚੀ ਤੇ ਉਸ ਨੇ ਆਪਣੇ ਚੇ
ਲਈ ਇਕ ਵਿਉਂਤ ਸੋਚੀ। ਫਾਂਸੀ ਵਾਲੀ
ਮਹਾਤਮਾ ਕਹਿਣ ਲਗੇ, "ਇਹ ਸਮਾਂ ਬੜਾ ਸ਼ੁ
ਦਾ ਯੋਗ ਬਹੁਤ ਚੰਗਾ ਹੈ, ਜਿਹੜਾ ਇਸ ਸਮੇਂ
ਉਹ ਸਵਰਗ ਲੋਕ ਵਿਚ ਰਾਜ ਕਰੇਗਾ। ਸੋ
ਚਾੜ੍ਹਿਆ ਜਾਵੇ।" ਕੁਤਵਾਲ ਨੇ ਕਿਹਾ ਕਿ
ਹੈ ਤਾਂ ਉਹ ਖ਼ੁਦ ਫਾਂਸੀ ਚੜ੍ਹੇਗਾ। ਇਹ ਖ਼ਬਰ
ਕੋਲ ਪਹੁੰਚੀ ਤਾਂ ਉਹ ਮਹਿਲਾਂ ਤੋਂ ਨੱਸਦਾ
ਕਹਿਣ ਲਗਾ, "ਜੇ ਸਮਾਂ ਸ਼ੁਭ ਹੈ ਤਾਂ ਮੈਨੂੰ ਫਾਂ
ਜਾਵੇ। ਪਹਿਲਾ ਅਧਿਕਾਰ ਮੇਰਾ ਹੈ। ਕੁਤਵਾਲ
ਫਾਂਸੀ ਚਾੜ੍ਹ ਦਿਤਾ ਅਤੇ ਮਹਾਤਮਾ ਤੇ ਚੇਲਾ
ਬਚਾ ਕੇ ਨਿਕਲੇ।

**(ਬ-240) ਬੇਦੀ (ਵੇਦੀ) :**

ਯੱਗ ਜਾਂ ਵਿਆਹ ਸ਼ਾਦੀ ਸਮੇਂ ਰਚਿਆ
ਜਿਥੇ ਯੱਗ ਕੀਤਾ ਤੇ ਫੇਰੇ ਲਏ ਜਾਂਦੇ ਹਨ।
ਬਾਂਸ ਗੱਡ ਕੇ ਬਣਾਈ ਜਾਂਦੀ ਹੈ, ਉਪਰੋਂ ਇਸ
ਜਾਂ ਕਿਸੇ ਹੋਰ ਚੀਜ਼ ਨਾਲ ਢੱਕ ਲਿਆ ਜਾਂਦ
ਵਿਚ ਆਟੇ ਨਾਲ ਚੌਕ ਪੂਰ ਕੇ ਹਵਨ ਰਖਿਆ
ਲਾੜ੍ਹਾ ਤੇ ਲਾੜ੍ਹੀ ਨੂੰ ਬੇਦੀ ਵਿਚ ਹੀ ਬ
ਬਿਠਾਇਆ ਜਾਂਦਾ ਹੈ ਮਗਰੋਂ ਅੱਗ ਦੁਆਲੇ
ਜਾਂਦੇ ਹਨ।

**(ਬ-241) ਬੇਦੀ :**

ਖਤ੍ਰੀਆਂ ਦੀ ਇਕ ਗੋਤ, ਜਿਸ ਵਿਚ ਗੁਰੂ ਨਾ
ਦਾ ਜਨਮ ਹੋਇਆ। ਵਿਚਿਤ੍ਰ ਨਾਟਕ ਅਨੁਸਾ
ਦਾ ਨਾਉਂ ਬੇਦੀ, ਵੇਦ ਪਾਠ ਕਰਨ ਤੋ
'ਜਿਨੈ ਬੇਦ ਪਠਯੋ ਸੁ ਬੇਦੀ ਕਹਾਏ।' ਵਿ
ਵਿਚ ਸੋਢੀਆਂ ਤੇ ਬੇਦੀਆਂ ਦੀ ਕਥਾ ਵੇਰਵੇ
ਹੋਈ ਹੈ।

**(ਬ-242) ਬੇਨਵਾ :**

ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕ
ਦੇਸ਼ ਵੰਡ ਤੋਂ ਪਹਿਲਾਂ ਜਲੰਧਰ, ਲੁਧਿਆਣਾ ਤੇ

ਅਤੇ ਇਕਾਂਤ ਵਿਚ ਵਾਸਾ ਕਰਦੇ ਸਨ। ਭਿਖਿਆ ਮੰਗਣ ਵੇਲੇ, ਉਹ ਅੰਨ ਤੋਂ ਬਿਨਾ ਹੋਰ ਕੋਈ ਵਸਤੂ ਕਦੇ ਨਹੀਂ ਸਨ ਲੈਂਦੇ। ਭਿਖਿਆ ਮੰਗਣ ਵੇਲੇ ਬੜੇ ਕਰੜੇ ਸਬਦਾਂ ਦੀ ਵਰਤੋਂ ਕਰਦੇ ਸਨ। ਜਿਹੜੇ ਲੋਕ ਇਨ੍ਹਾਂ ਨੂੰ ਭਿੱਛਿਆ ਨਹੀਂ ਸਨ ਦੇਂਦੇ, ਉਨ੍ਹਾਂ ਲਈ ਕਈ ਹਾਸੋ-ਹੀਣੀਆਂ ਉਪਾਧੀਆਂ ਵਰਤ ਕੇ ਉਨ੍ਹਾਂ ਦੀ ਖਿਲੀ ਉਡਾਇਆ ਕਰਦੇ ਸਨ। ਟਿਚਕਰਬਾਜ਼ੀ ਵਿਚ ਇਨ੍ਹਾਂ ਦਾ ਕੋਈ ਟਾਕਰਾ ਨਹੀਂ ਸੀ ਕਰ ਸਕਦਾ।

ਬੇਨਵਾ ਫ਼ਕੀਰ ਕੋਲ ਇਕ ਚਮੜੇ ਦਾ ਲੰਮਾ ਤਸਮਾ ਹੁੰਦਾ, ਜੋ ਉਸ ਕਮਰ ਦੁਆਲੇ ਬੰਨ੍ਹਿਆ ਹੁੰਦਾ। ਪੱਛਮੀ ਪੰਜਾਬ (ਪਾਕਿਸਤਾਨ) ਵਿਚ ਬੇਨਵਾ ਫ਼ਕੀਰ ਅੱਜ ਵੀ ਮਿਲਦੇ ਹਨ।

**(ਬ-243) ਬੇਰ :**

(ੳ) ਹਿੰਦੂ ਬੇਰ ਦੀ ਬ੍ਰਿਛ ਨੂੰ ਪਵਿਤ੍ਰ ਮੰਨਦੇ ਹਨ ਅਤੇ ਯੱਗ ਜਾਂ ਵਿਆਹ ਸਮੇਂ ਜੋ ਵੇਦੀ ਤਿਆਰ ਕੀਤੀ ਜਾਂਦੀ ਹੈ, ਉਹ ਇਸੇ ਬ੍ਰਿਛ ਦੀ ਲਕੜੀ ਦੀ ਹੁੰਦੀ ਹੈ। ਇਸੇ ਲਕੜੀ ਨੂੰ ਆਮ ਤੌਰ ਤੇ ਦਾਹ-ਸੰਸਕਾਰ ਲਈ ਵੀ ਵਰਤਿਆ ਜਾਂਦਾ ਹੈ (ਸਿਆਲਕੋਟ ਗਜ਼ਟੀਅਰ, 11)।

ਇਸਲਾਮੀ ਧਾਰਨਾ ਅਨੁਸਾਰ ਇਕ ਬੇਰੀ ਸਤਵੇਂ ਅਸਮਾਨ ਵਿਚ ਹੈ, ਜਿਸ ਨੂੰ ਬੜੇ ਮਿਠੇ ਫਲ ਪੈਂਦੇ ਹਨ। ਸ਼ੁਭ ਕਰਮਾਂ ਸਦਕਾ ਜੋ ਬਹਿਸ਼ਤ ਜਾਂਦੇ ਹਨ, ਉਨ੍ਹਾਂ ਨੂੰ ਇਸ ਬੇਰੀ ਦੇ ਫਲ ਖਾਣ ਲਈ ਮਿਲਦੇ ਹਨ।

ਲੋਕ-ਗੀਤਾਂ ਵਿਚ ਬੇਰ ਦਾ ਜ਼ਿਕਰ ਆਮ ਮਿਲਦਾ ਹੈ।—

1. ਬੇਰੀਆਂ ਨੂੰ ਬੇਰ ਪੈ ਗਏ
   ਤੈਨੂੰ ਕੁਝ ਨਾ ਲੱਗਾ ਮੁਟਿਆਰੇ।
2. ਬੇਰੀਆਂ 'ਚੋਂ ਬੇਰ ਲਿਆਂਦਾ
   ਜਾਵੀ ਤੇਰੀ ਫੁੱਲ ਵਰਗਾ।
3. ਬੇਰੀਆਂ ਦੇ ਬੇਰ ਪੱਕ ਗਏ
   ਦਸ ਕਿਹੜੇ ਬਹਾਨੇ ਆਵਾਂ।

(ਅ) ਬੇਰੀਆਂ ਦੀ ਖਿੱਚ ਪੰਜਾਬ ਲੋਕ-ਕਹਾਣੀ ਵਿਚ ਵੀ ਮਿਲਦੀ ਹੈ।

ਸ਼ਹਿਰ ਤੋਂ ਪੱਛਮ ਵਲ ਇਕ ਬੇਰ, ਜਿਸ ਹੇ... ਨਾਨਕ ਦੇਵ ਜੀ ਬੇਈਂ ਵਿਚ ਇਸ਼ਨਾਨ ਕਰਨ ਵੇਲੇ... ਉਤਾਰ ਕੇ ਰਖਦੇ ਸਨ।

2. ਬਾਬੇ ਦੀ ਬੇਰ ਸਿਆਲਕੋਟ : ਸਿਆਲਕੋ... ਇਕ ਬੇਰ, ਜਿਸ ਦੇ ਹੇਠ ਗੁਰੂ ਨਾਨਕ ਦੇਵ ਜੀ... ਸਨ। ਇਥੇ ਬੈਠ ਕੇ ਹੀ ਗੁਰੂ ਨਾਨਕ ਦੇਵ ਜੀ ਨੇ... ਨੂੰ 'ਸੱਚ' ਤੇ 'ਝੂਠ' ਖ਼ਰੀਦਣ ਲਈ, ਸਿਆਲਕੋਟ... ਭੇਜਿਆ। ਦੇਸ਼ ਵੰਡ ਤੋਂ ਪਹਿਲਾਂ ਇਥੇ ਵਿ... ਬਸੰਤ ਪੰਚਮੀ ਨੂੰ ਭਾਰੀ ਮੇਲਾ ਲੱਗਦਾ ਸੀ।

3. ਸਿਆਲਕੋਟ ਤੋਂ ਚਾਰ ਕੋਹ ਪੱਛਮ ਵਲ ਸ... ਵਿਚ ਇਕ ਬੇਰੀ, ਜਿਸ ਹੇਠ ਗੁਰੂ ਨਾਨਕ ਦੇਵ ਜੀ... ਸਨ।

4. ਲਾਹੌਰ ਵਿਚ ਬਰਕੀ ਦੇ ਲਾਗੇ ਪਿੰਡ... ਨੇੜੇ ਇਕ ਬੇਰ, ਜਿਸ ਨਾਲ ਗੁਰੂ ਹਰਿਗੋਬਿੰਦ ਸਾ... ਪਧਾਣੇ ਤੋਂ ਇਥੇ ਆਉਂਦਿਆਂ ਘੋੜਾ ਬੱਧਾ ਸੀ।... ਤੋਂ ਪਹਿਲਾਂ ਇਥੇ ਪੋਹ ਸੁਦੀ ਸਤਮੀ ਨੂੰ ਭਾਰੀ ਮੇਲਾ... ਸੀ।

5. ਜਗਰਾਉਂ ਤੋਂ ਨੌਂ ਮੀਲ ਦੱਖਣ ਪੂਰ... ਸੀਲੋਆਣਾ ਪਿੰਡ ਵਿਚ ਇਕ ਬੇਰ, ਜਿਸ ਦੇ ਹੇ... ਗੋਬਿੰਦ ਸਿੰਘ ਸਾਹਿਬ ਵਿਰਾਜੇ ਸਨ, ਇਥੇ ਹੀ ਰਾ... ਗੁਰੂ ਜੀ ਨੂੰ ਮਿਲਿਆ ਸੀ। ਇਥੇ ਗੁਰਦਵਾਰਾ ਹੈ, ਜਿ... ਪੂਰਨਮਾਸ਼ੀ ਨੂੰ ਮੇਲਾ ਲੱਗਦਾ ਹੈ।

**(ਬ-245) ਬੇਲੂਆ :**

ਇਕ ਲੋਕ-ਕਾਵਿ-ਰੂਪ ਜੋ ਪੁਣਛ ਦੇ ਇਲਾਕੇ... ਬੜਾ ਪ੍ਰਚਲਤ ਹੈ। ਬੇਲੂਆ ਸ਼ਬਦ ਬੇਲੀ (ਭਾਵ ਸਜਨ...) ਦਾ ਸਥਾਨਕ ਉਪਭਾਖਾਈ ਰੂਪ ਹੈ। ਬੇਲੂਆ ਸੰਬੋਧਨ... ਹਨ ਤੇ ਇਨ੍ਹਾਂ ਵਿਚ ਆਪਣੇ ਪ੍ਰੀਤਮ ਨੂੰ ਮਿਹਣੇ ਤ... ਗਿਲੇ ਨਿਹੋਰੇ ਦਿਤੇ ਹੁੰਦੇ ਹਨ। ਇਨ੍ਹਾਂ ਦੀ ਬੋਲੀ... ਮਿੱਠੀ ਤੇ ਸੁਰ ਪ੍ਰੇਮ-ਭਿਜੀ ਹੁੰਦੀ ਹੈ। ਇਹ ਗੀਤ ਅ... ਤੇ ਖ਼ੁਸ਼ੀ ਦੇ ਮੌਕੇ ਉਤੇ ਅਥਵਾ ਨੱਚਣ ਟੱਪਣ ਵੇਲੇ... ਜਾਂਦੇ ਹਨ :

ਹੱਲਾ ਬੇਲੂਆ ਓ, ਹੱਲਾ ਬੇਲੂਆ ਓ

**(ਬ-246) ਬੇਵਰ (ਬਿਉਰ) :**

ਵਿਆਹ-ਸ਼ਾਦੀ ਅਥਵਾ ਕਿਸੇ ਮੰਗਲ-ਕਾਰਜ ਵੇਲੇ ਦਿਤੇ ਕਪੜੇ। ਜੇ ਪਹਿਨਣ ਦੇ ਕਪੜੇ ਦੋ ਹੋਣ, ਤਾਂ ਬੇਵਰ ਅਤੇ ਜੇ ਤਿੰਨ ਹੋਣ ਤਾਂ ਤ੍ਰੇਵਰ ਅਖਵਾਉਂਦਾ ਹੈ। ਮਰਦਾਂ ਦੇ ਕਪੜੇ ਆਮ ਤੌਰ ਤੇ ਦੋ ਦਿਤੇ ਜਾਂਦੇ ਹਨ ਤੇ ਉਨ੍ਹਾਂ ਨੂੰ ਬੇਵਰ ਕਿਹਾ ਜਾਂਦਾ ਹੈ।

**(ਬ-247) ਬੇੜ੍ਹ (ਬਾਇਰ) ਬੰਨ੍ਹਣੀ :**

ਵਿਆਹ ਦੀ ਇਕ ਸਥਾਨਕ ਰਸਮ; ਪੁਆਧ ਵਿਚ ਵਿਆਹ ਦਾ ਮੁੱਢ, ਘਰ ਦੇ ਵਡੇ ਦਰਵਾਜ਼ੇ ਦੀ ਉਪਰਲੀ ਬਾਹੀ ਉਤੇ, ਹਰੇ ਘਾਹ ਦੀ ਬੇੜ੍ਹ (ਰੱਸੀ) ਬੰਨ੍ਹ ਕੇ ਕੀਤਾ ਜਾਂਦਾ ਹੈ।

**(ਬ-248) ਬੇੜੀ ਘੋੜੀ :**

ਤਲਾਗੰਗ (ਜ਼ਿਲਾ ਅਟਕ) ਦੇ ਮੁਸਲਮਾਨਾਂ ਵਿਚ ਪ੍ਰਚਲਤ ਇਕ ਰਸਮ; ਜਦੋਂ ਬਰਾਤ ਕੁੜੀ ਦੇ ਬੂਹੇ 'ਤੇ ਢੁਕਦੀ ਹੈ ਤਾਂ ਨੈਣ ਵਰ-ਪੱਖ ਦੇ ਕੁਝ ਸਕੇ ਰਿਸ਼ਤੇਦਾਰ— ਪਿਉ ਚਾਚੇ, ਭਰਾ ਤੇ ਮਾਮੇ ਆਦਿ ਦੇ ਆਟੇ ਦੇ ਪੁਤਲੇ ਬਣਾ ਕੇ ਇਕ ਥਾਂ ਰਖ ਦੇਂਦੀ ਹੈ ਤੇ ਫਿਰ ਵਰ-ਪੱਖ ਨੂੰ ਇਹ ਧਮਕੀ? ਰੇਖਲਾ ਦੇ ਕੇ ਕਿ ਉਹ ਇਨ੍ਹਾਂ ਉਤੇ ਮੰਤਰ ਮਾਰ ਕੇ ਆਪਣੇ ਵਸ ਵਿਚ ਕਰ ਲਏਗੀ ਜਾਂ ਉਨ੍ਹਾਂ ਨੂੰ ਕਸ਼ਟ ਦੇਵੇਗੀ, ਕੁਝ ਨਕਦ ਪੈਸੇ ਝਾੜ ਲੈਂਦੀ ਹੈ। ਇਸ ਰਸਮ ਨੂੰ 'ਬੇੜੀ ਘੋੜੀ' ਕਹਿੰਦੇ ਹਨ।

**(ਬ-249) ਬੇੜੀ ਦੀ ਕੜੀ :**

ਡੇਰਾ ਗ਼ਾਜ਼ੀ ਖ਼ਾਨ ਦੇ ਜ਼ਿਲੇ ਵਿਚ ਜੇ ਕਿਸੇ ਤੀਵੀਂ ਦੇ ਬੱਚੇ ਬਾਲ ਅਵਸਥਾ ਵਿਚ ਹੀ ਮਰ ਜਾਣ ਤਾਂ ਉਹ ਗਰਭ ਦੇ ਤੀਜੇ ਮਹੀਨੇ, ਆਪਣੀ ਸੱਜੀ ਲੱਤ 'ਤੇ, ਕਿਸੇ ਅਜਿਹੀ ਬੇੜੀ ਦੇ ਲੋਹੇ ਦੇ ਕੜੇ ਬਣਵਾ ਕੇ ਪਹਿਨਦੀ ਹੈ, ਜੋ ਡੁਬ ਗਈ ਹੋਵੇ। ਇਸ ਤਰ੍ਹਾਂ ਉਸ ਦੇ ਬੱਚੇ ਅਕਾਲ ਚਲਾਣਾ ਨਹੀਂ ਕਰਦੇ।

**(ਬ-250) ਬੇੜੀ ਦੀ ਘਾਸੀ :**

ਅਸਮਾਨ ਉਤੇ ਤਾਰਿਆਂ ਦੇ ਸਮੂਹ ਦਾ ਬਣਿਆ ਇਕ ਮਾਰਗ; ਇਸ ਨੂੰ ਪੰਜਾਬ ਦੇ ਮੁਸਲਮਾਨ 'ਬੇੜੇ ਦੀ ਘਾਸੀ'
ਤੇ ਅਕੀਦੇ ਅਨੁਸਾਰ ਇਸ ਤਾਰਾ ਸਮੂਹ ਨਾਲ ਕੋਈ
ਰਵਾਇਤ ਤੇ ਮਨੌਤ ਜੋੜ ਰੱਖੀ ਹੈ।

**(ਬ-251) ਬੇੜੀ ਬੰਨ੍ਹਣਾ :**

ਕਈ ਮੁਸਲਮਾਨ ਆਪਣੇ ਨਵੇਂ ਜੰਮੇ ਬ
ਬਦ-ਰੂਹਾਂ ਤੋਂ ਰਖਿਆ ਕਰਨ ਲਈ, ਬੱਚੇ ਦੇ
ਉਤੇ, ਅਜਮੇਰ ਦੇ ਪ੍ਰਸਿਧ ਪੀਰ ਮਹੀਉਦੀਨ ਚਿ
ਨਾਂ ਦੀ, ਨੀਲੇ ਰੰਗ ਦੀ ਡਰੀ ਬੰਨ੍ਹ ਦੇਂਦੇ ਹਨ।
ਦੇ ਮੁਸਲਮਾਨਾਂ ਵਿਚ ਕਾਲੇ ਰੰਗ ਦੀ ਡੋਰੀ ਬੰ
ਰਿਵਾਜ ਹੈ, ਜੋ ਬੱਚੇ ਦੇ ਦੋਹਾਂ ਪੈਰਾਂ ਉਤੇ ਬੰਨ੍ਹੀ ਜ
ਜਦੋਂ ਬੱਚਾ ਤਿੰਨ ਜਾਂ ਚਾਰ ਸਾਲਾਂ ਦਾ ਹੁੰਦਾ ਹੈ ਤ
ਅਜਮੇਰ ਚਿਸ਼ਤੀ ਦੀ ਦਰਗਾਹ ਤੇ ਲਿਜਾਇਆ
ਅਤੇ ਉਥੇ ਸਵਾ ਪੰਜ ਸੇਰ ਮਲੀਦਾ ਵੰਡਦੇ ਹਨ
ਕਪੜੇ ਤੇ ਪੈਸੇ ਦਾਨ ਕਰਦੇ ਹਨ। ਇਸ
'ਬੇੜੀ ਬੰਨ੍ਹਣਾ' ਕਹਿੰਦੇ ਹਨ।

**(ਬ-252) ਬੇਆ, ਬਇਆ :**

(ੳ) ਇਕ ਸੰਕਲਪ, ਜਿਸ ਵਿਚ ਵਰ੍ਹੇ ਭ
ਖਾਣ ਪੀਣ ਤੋਂ ਪਹਿਲਾਂ ਆਪਣੇ ਇਸ਼ਟ ਦਾ ਨਾ
ਦੂਜੇ ਤੋਂ ਸੁਣਿਆ ਜਾਂਦਾ ਹੈ। ਪੂਰਾ ਬੇਆ ਪੰਜਾ
ਵਿਚ ਸੰਪੂਰਨ ਹੁੰਦਾ ਹੈ। ਸੰਕਲਪ ਕਰਨ ਵਾਲਾ ਪ
ਤਕ ਹਰ ਵਰ੍ਹੇ ਇਕ ਨਵੇਂ ਬਇਐ ਨੂੰ ਨਿਭਾਹੁਣ
ਲੈਂਦਾ ਹੈ। ਵੈਸ਼ਨੋ ਮਤ ਵਿਚ ਕ੍ਰਿਸ਼ਨ ਭਗਤਾਂ ਵਿਚ
ਪੰਜ ਬਇਐ ਇਹ ਹਨ: ਗੰਗਾ ਬਿਸ਼ਨ, ਰਾਧੇ
ਕੇਵਲ ਕ੍ਰਿਸ਼ਨ, ਤੁਲਸੀ ਕ੍ਰਿਸ਼ਨ ਤੇ ਰਾਮ ਸਹਾਈ।

ਕਿਸੇ ਸ਼ੁਭ ਤਿੱਥ, ਸੰਗਰਾਂਦ ਅਥਵਾ ਜਨਮ
ਨੂੰ ਸਰਘੀ ਵੇਲੇ ਇਸ਼ਨਾਨ ਕਰ ਕੇ ਬਇਐ ਦਾ
ਕੀਤਾ ਜਾਂਦਾ ਹੈ ਅਤੇ ਹਰ ਵਰ੍ਹੇ ਵਾਰੋ ਵਾਰੀ ਪੰਜ
ਨਿਭਾਹੇ ਜਾਂਦੇ ਹਨ। ਵਿਧੀ ਇਸ ਤਰ੍ਹਾਂ ਹੈ—ਬੇ
ਵਾਲੇ ਨੇ ਜਦੋਂ ਵੀ ਖਾਣ ਪੀਣ ਦੀ ਕੋਈ
ਲਗਾਣੀ ਹੋਵੇ ਤਾਂ ਉਸ ਨੂੰ ਕਿਸੇ ਤੋਂ ਬਇਐ
ਸੁਣਨੇ ਜ਼ਰੂਰ ਹੁੰਦੇ ਹਨ, ਜਿਵੇਂ ਪਹਿਲੇ ਵਰ੍ਹੇ ਗੰਗ
ਦੂਜੇ ਵਰ੍ਹੇ ਰਾਧਾ ਕ੍ਰਿਸ਼ਨ ਇਤਿਆਦਿ।

ਜਦੋਂ ਇਕ ਵਰ੍ਹੇ ਦਾ ਬੇਆ ਪੂਰਾ ਹੋ ਜਾਂਦ
ਪ੍ਰੋਹਿਤ ਨੂੰ ਸੱਦ ਕੇ ਕੁਝ ਪੁਛਿਆ ਜਾਂਦਾ ਹੈ ਫਿਰ

ਥਇਆ ਰਖਣ ਵਾਲਾ, ਜੋ ਅਚੇਤ ਹੀ ਖਾਣ ਪੀਣ ਸਮੇਂ, ਉਸ ਵਰ੍ਹੇ ਦੇ ਥਇਐ ਦੇ ਸ਼ਬਦ ਕਿਸੇ ਤੋਂ ਅਖਵਾਣੋਂ ਭੁਲ ਜਾਵੇ ਤਾਂ ਪ੍ਰਾਸਚਿਤ ਵਜੋਂ ਅਗਲੇ ਦਿਨ ਜਾਂ ਤਿੱਥ ਨੂੰ ਉਸ ਲਈ ਵਰਤ ਰਖਣਾ ਜ਼ਰੂਰੀ ਹੈ। ਜੇ ਥਇਆ ਆਖਣ ਵਾਲੇ ਕੋਈ ਵੀ ਸ਼ਖਸ ਕੋਲ ਨਾ ਹੋਵੇ ਤੇ ਖਾਣ ਪੀਣ ਦੀ ਸਖ਼ਤ ਮਜਬੂਰੀ ਆ ਬਣੇ ਤਾਂ ਕਿਸੇ ਕਾਂਸ਼ੀ ਜਾਂ ਪਿੱਤਲ ਦੇ ਭਾਂਡੇ ਨੂੰ ਥੋਆ ਦੇ ਥੱਲ ਸੁਟਾ ਕੇ ਕਿਸੇ ਚੀਜ਼ ਨਾਲ ਉਸ ਨੂੰ ਖੜਕਾ ਦਿਤਾ ਜਾਂਦਾ ਹੈ ਤੇ ਅਗਲੇ ਦਿਨ ਪ੍ਰਾਸਚਿਤ ਵਜੋਂ ਵਰਤ ਰਖ ਲਿਆ ਜਾਂਦਾ ਹੈ।

ਸਨਾਤਨੀ ਹਿੰਦੂਆਂ ਵਿਚ ਥੋਆ ਰਖਣ ਦਾ ਬੜਾ ਮਹਾਤਮ ਹੈ। ਧਾਰਨਾ ਹੈ ਕਿ ਇਸ ਸੰਕਲਪ ਨੂੰ ਮਰਯਾਦਾ ਪੂਰਵਕ ਨਿਭਾਹੁਣ ਵਾਲਾ ਬੈਕੁੰਠ ਦਾ ਭਾਗੀ ਬਣਦਾ ਹੈ ਤੇ ਉਸ ਦੇ ਸਭ ਪਾਪ ਧੋਤੇ ਜਾਂਦੇ ਹਨ।

(ਅ) ਕਰਵਾ ਚੌਥ ਦੇ ਤਿਉਹਾਰ ਉਤੇ ਕੱਤਕ ਵਦੀ ਚੌਥ ਨੂੰ ਤੀਵੀਆਂ ਕਰਵੇ (ਪਾਣੀ ਨਾਲ ਭਰੇ ਘੜੇ) ਦੀ ਪੂਜਾ ਕਰਦੀਆਂ ਤੇ ਵਰਤ ਰਖਦੀਆਂ ਹਨ। ਵਰਤ ਤੇ ਕਰਵਾ ਪੂਜਣ ਮਗਰੋਂ ਸੁਹਾਗਣਾਂ ਆਪਣੀ ਸੱਸ (ਜੇ ਸੱਸ ਨਾ ਹੋਵੇ ਤਾਂ ਸਹੁਰੇ ਪ੍ਰਵਾਰ ਦੀ ਕਿਸੇ ਹੋਰ ਵਡੇਰੀ) ਨੂੰ ਮਠਿਆਈ, ਫਲ ਤੇ ਕੁਝ ਹੋਰ ਵਸਤੂਆਂ ਭੇਟ ਕਰਦੀਆਂ ਹਨ। ਇਨ੍ਹਾਂ ਪਦਾਰਥਾਂ ਨੂੰ ਥੋਆ ਜਾਂ ਪੋਹੀਆ ਕਿਹਾ ਜਾਂਦਾ ਹੈ।

## (ਬ-253) ਬੈਕੁੰਠ :

ਵਿਸ਼ਨੂੰ ਦਾ ਲੋਕ, ਇਕ ਸਵਰਗ। ਪੁਰਾਣਾਂ ਅਨੁਸਾਰ ਬੈਕੁੰਠ ਅਸੀ ਹਜ਼ਾਰ (80,000) ਮੀਲ ਦੇ ਘੇਰੇ ਵਿਚ ਫੈਲਿਆ ਹੋਇਆ ਹੈ। ਇਹ ਬਹੁਤ ਹੀ ਸੁੰਦਰ ਤੇ ਸ਼ਾਂਤ ਅਸਥਾਨ ਹੈ। ਇਥੋਂ ਦੀਆਂ ਮਾੜੀਆਂ ਹੀਰੇ ਮੋਤੀਆਂ ਦੀਆਂ ਬਣੀਆਂ ਹੋਈਆਂ ਹਨ ਤੇ ਬਸ ਕੀਮਤੀ ਪੱਥਰਾਂ—ਲਾਲ, ਜ਼ਮੁਰਦ ਤੇ ਪੰਨੇ ਆਦਿ ਦੇ ਹਨ। ਇਥੋਂ ਦੀ ਧਰਤੀ ਸੋਨੇ ਦੀ ਹੈ। ਬੈਕੁੰਠ ਵਿਚ ਪੰਜ ਸਰੋਵਰ ਹਨ ਜੋ ਲਾਲ, ਚਿੱਟੇ ਤੇ ਨੀਲੇ ਰੰਗ ਦੇ ਕੰਵਲ ਫੁੱਲਾਂ ਨਾਲ ਸੋਭਾ ਦੇ ਰਹੇ ਹਨ। ਇਸੇ ਲੋਕ ਵਿਚ ਵਿਸ਼ਨੂੰ ਚਿੱਟੇ ਰੰਗ ਦੇ ਕੰਵਲ ਫੁੱਲ ਵਿਚ ਵਿਰਾਜੇ ਰਹਿੰਦੇ ਹਨ। ਉਨ੍ਹਾਂ ਦੇ ਸੱਜੇ ਪਾਸੇ ਲਖਸ਼ਮੀ ਦੇਵੀ ਰਹਿੰਦੀ ਹੈ। ਸਾਰਾ ਬੈਕੁੰਠ ਵਿਸ਼ਨੂੰ ਦੀ ਆਭਾ ਸਦਕਾ ਜਗਮਗਾਂਦਾ ਰਹਿੰਦਾ ਹੈ ਤੇ ਲਖਸ਼ਮੀ ਦੇ ਜਿਸਮ ਦੀ ਸੁਗੰਧੀ

## (ਬ-254) ਬੈਕੁੰਠ ਚੌਦਸ :

ਕੱਤਕ ਦੀ ਚਾਨਣ ਪੱਖ ਦੀ ਚੌਦਸ ਨੂੰ
ਕਹਿੰਦੇ ਹਨ। ਇਸ ਦਿਨ ਸਨਾਤਨੀ ਹਿੰਦੂ
ਵਿਸ਼ਨੂੰ ਦੀ ਉਪਾਸ਼ਨਾ ਕਰਦੇ, ਵਰਤ ਰਖਦੇ
ਕਰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਇਸ ਦਿ
ਅਨੁਸਾਰ ਵਰਤ ਰੱਖਣ ਅਤੇ ਸ਼ਿਵ ਤੇ ਵਿ
ਕਰਨ ਨਾਲ, ਪ੍ਰਾਣੀ ਬੈਕੁੰਠ ਜਾਂਦਾ ਹੈ।

ਇਹ ਵਰਤ ਸ਼ਿਵ ਤੇ ਵੈਸ਼ਨੂੰ ਦੁਹਾਂ ਮਤਾਂ ਦੇ
ਵਿਚ ਪ੍ਰਚਲਤ ਹੈ। ਪੁਰਾਣਾਂ ਵਿਚ ਇਸ ਵਰਤ
ਬਾਰੇ ਇਕ ਕਥਾ ਪ੍ਰਚਲਤ ਹੈ : ਵਿਸ਼ਨੂੰ ਭਗਵਾਨ
ਚਾਨਣ ਪੱਖ ਦੀ ਚੌਦਸ ਨੂੰ, ਸ਼ਿਵ ਸ਼ੰਕਰ ਦੀ
ਲਈ ਬਨਾਰਸ ਦੇ 'ਮਨੀ ਕਰਣਕਾ' ਘਾਟ ਉਤੇ
ਇਸ਼ਨਾਨ ਮਗਰੋਂ ਸੌ ਕੰਵਲ ਫੁੱਲਾਂ ਨਾਲ ਸ਼ਿਵ
ਕਰਨ ਲਗੇ। ਜਦੋਂ ਫੁੱਲ ਗਿਣੇ ਤਾਂ ਇਕ
ਵਿਸ਼ਨੂੰ ਨੇ ਸ਼ਰਧਾ ਭਾਵਨਾ ਨਾਲ ਆਪਣਾ
ਕਢ ਕੇ ਕੰਵਲ ਫੁੱਲ ਦੀ ਥਾਂ ਰੱਖ ਕੇ, ਸ਼ਿਵ ਨੂੰ
ਦਿਤਾ। ਵਿਸ਼ਨੂੰ ਦੀ ਅਪਾਰ ਸ਼ਰਧਾ ਤੇ ਭਗ
ਵੇਖ ਕੇ, ਸ਼ਿਵ ਨੇ ਪ੍ਰਸੰਨ ਹੋ ਕੇ ਵਿਸ਼ਨੂੰ ਨੂੰ, ਤ੍ਰੈ
ਰਾਜ ਬਖ਼ਸ਼ਿਆ ਅਤੇ ਨਾਲ ਹੀ ਅਸੁਰਾਂ ਦੇ
ਇਕ ਹਥਿਆਰ ਵੀ ਦਿਤਾ। ਸ਼ਿਵ ਨੇ ਲੋਕ
ਲਈ ਵਰ ਬਖ਼ਸ਼ਿਆ ਕਿ ਇਸ ਪੁੰਨ-ਤਿੱਥੀ
ਸ਼ਰਧਾਵਾਨ ਮਰਯਾਦਾ ਪੂਰਵਕ ਵਰਤ ਰਖਣਗੇ,
ਨਿਵਾਸ ਬੈਕੁੰਠ ਵਿਚ ਹੋਵੇਗਾ। ਪਰ ਕੇਵਲ ਅ
ਦਾ ਹੀ ਜਿਹੜੇ ਪਹਿਲਾਂ ਵਿਸ਼ਨੂੰ ਦੀ ਤੇ ਫਿਰ
ਉਪਾਸ਼ਨਾ ਕਰਨਗੇ। ਇਹੋ ਕਾਰਨ ਹੈ ਕਿ ਇਸ
ਸ਼ੈਵ ਤੇ ਵੈਸ਼ਨਵ ਦੋਹਾਂ ਮਤਾਂ ਵਾਲੇ ਰਖਦੇ ਹਨ।

ਕੱਤਕ ਦੇ ਹਨੇਰੇ ਪੱਖ ਦੀ ਚੌਦਸ ਨੂੰ 'ਨ
ਕਿਹਾ ਜਾਂਦਾ ਹੈ ਤੇ ਇਸ ਦਿਨ ਹਿੰਦੂ ਯਮ ਦੀ ਪ
ਹਨ (ਵੇਖੋ : ਨਰਕ ਚੌਦਸ)।

## (ਬ-255) ਬੇਖਰ :

ਬੇਖਰ ਉਨ੍ਹਾਂ ਠੇਕੇਦਾਰਾਂ ਨੂੰ ਕਹਿੰਦੇ ਹਨ ਜ
ਖਜੂਰਾਂ ਦੀ ਫ਼ਸਲ ਖਰੀਦਿਆ ਕਰਦੇ ਸਨ
ਬੇ+ਖਰ; ਬੇ ਦਾ ਭਾਵ ਦੇਹਣਾ ਤੇ ਖਰ ਦਾ ਖਰ
ਖਜੂਰਾਂ ਦੇ ਪਕਣ ਤਕ ਉਹ ਖਜੂਰਾਂ ਦੀ ਰਾਖੀ

ਨੂੰ ਵੇਚ ਦਿੱਤੀ ਜਾਂਦੀ । ਖਜੂਰਾਂ ਦੀ ਰਾਖੀ, ਪਕਾਣ, ਤੋੜਨ, ਤੇ ਸੁਕਾਣ ਦਾ ਸਾਰਾ ਖਰਚਾ ਬੇਖਰਾਂ ਦੇ ਸਿਰ ਪੈਂਦਾ । ਮਿਥੀ ਗਈ ਰਕਮ ਸਰਕਾਰ ਸਖਤੀ ਨਾਲ ਉਗਰਾਉਂਦੀ ਸੀ ।

ਬਰਤਾਨਵੀ ਸਰਕਾਰ ਸਮੇਂ ਵੀ ਇਹੋ ਪ੍ਰਥਾ ਥੋੜੀ ਜਿਹੀ ਤਬਦੀਲੀ ਨਾਲ ਜਾਰੀ ਰਹੀ । ਇਹ ਵਿਪਾਰ ਬੜੇ ਲਾਹੇਵੰਦਾ ਸੀ, ਤਦੇ ਤਾਂ ਅਖਾਣ ਹੈ :

ਬੇਖਰਾਂ ਦੇ ਅਜਬ ਚਾਲੇ
ਇਕ ਮਾਂਹ ਖਟਦੇ
ਖਾਂਦੇ ਸਾਰਾ ਸਾਲੇ ।

(ਬ-256) **ਬੈਂਗਣ** :

ਬੈਂਗਣ ਨੂੰ ਪਵਿਤ੍ਰ ਨਹੀਂ ਸਮਝਿਆ ਜਾਂਦਾ । ਧਾਰਨਾ ਹੈ ਕਿ ਬੈਂਗਣ ਦੇ ਬੀਜ ਪੇਟ ਵਿਚ ਕਈ ਦਿਨ ਨਹੀਂ ਗਲਦੇ ਤੇ ਜੇ ਕੋਈ ਸ਼ਖਸ ਦਿਨਾਂ ਦੇ ਗਲਣ ਤੋਂ ਪਹਿਲਾਂ ਮਰ ਜਾਵੇ ਤਾਂ ਉਹ ਨਰਕਾਂ ਦਾ ਭਾਗੀ ਹੁੰਦਾ ਹੈ । ਇਸੇ ਲਈ ਕਈ ਹਿੰਦੂ ਬੈਂਗਣ ਖਾਣ ਤੋਂ ਪਰਹੇਜ਼ ਕਰਦੇ ਹਨ ।

ਸਹਿਗਲਾਂ ਦੀ ਗੋਤ ਵਿਚ ਬੈਂਗਣ ਖਾਣਾ ਨਿਸ਼ੇਧ ਹੈ । ਇਸ ਬਾਰੇ ਕਥਾ ਹੈ ਕਿ ਸਹਿਗਲਾਂ ਦੀ ਨੂੰਹ ਖੇਤ ਵਿਚ ਜੰਗਲ ਪਾਣੀ ਲਈ ਗਈ ਤੇ ਬੈਂਗਣ ਦੇ ਖੇਤ ਵਿਚੋਂ ਸੱਪ ਨਿਕਲ ਕੇ ਉਸ ਨੂੰ ਡਸ ਗਿਆ, ਉਦੋਂ ਤੋਂ ਉਸ ਕੁੱਲ ਵਿਚ ਬੈਂਗਣ ਖਾਣਾ ਨਿਸ਼ੇਧ ਹੋ ਗਿਆ ।

(ਬ-257) **ਬੈਜੂ ਬਾਵਰਾ** :

ਇਕ ਪ੍ਰਸਿਧ ਗਵਈਆ, ਜਿਸ ਨੇ ਭਾਰਤੀ ਕਲਾਸਕੀ ਰਾਗ ਵਿਚ, ਕੁਝ ਤਬਦੀਲੀਆਂ ਲਿਆ ਕੇ ਉਨ੍ਹਾਂ ਨੂੰ ਨਵੇਂ ਲੌਕਿਕ ਰੂਪ ਵਿਚ ਢਾਲਣ ਦੇ ਸਫਲ ਯਤਨ ਕੀਤੇ । ਇਹ ਕਛਨੀ ਦਾ ਰਹਿਣ ਵਾਲਾ ਸੀ ਤੇ ਉਥੋਂ ਆ ਕੇ ਇਹ ਹੁਸ਼ਿਆਰਪੁਰ ਦੇ ਇਲਾਕੇ ਵਿਚ ਆ ਕੇ ਵਸਣ ਲੱਗਾ, ਜਿਥੇ ਉਸ ਨੇ ਇਕ ਨਿੱਕਾ ਜਿਹਾ ਨਗਰ ਆਪਣੇ ਨਾਂ ਉਤੇ ਵਸਾਇਆ, ਇਸ ਨਗਰ ਦਾ ਨਾਂ ਬੈਜਵਾੜਾ ਹੈ ।

(ਬ-258) **ਬੈਠਕ ਦੇਣਾ** :

ਕਿਸੇ ਰੂਹ ਨੂੰ ਆਪਣੇ ਸਿਰ ਉਤੇ ਬੁਲਾ ਕੇ ਖਿਡਾਉਣ ਦੀ ਕਿਰਿਆ; ਮੁਸਲਮਾਨਾਂ ਵਿਚ ਇਸ ਨੂੰ ਬੈਠਕ ਦੇਣਾ

ਜਿਸ, ਉਹ ਤੀਵੀਂ ਦੂਜੀਆਂ ਤੀਵੀਆਂ ਨਾਲ
ਗੀਤ ਗਾਉਂਦੀ ਹੈ । ਫਿਰ ਉਹ ਰੂਹ ਨੂੰ ਸੱਦ
ਕੋਈ ਰੂਹ ਉਸ ਵਿਚ ਪ੍ਰਵੇਸ਼ ਕਰ ਜਾਂਦੀ ਹੈ
ਝੁਲਾਉਣ ਲਗਦੀ ਹੈ । ਜਦੋਂ ਉਸ ਤੀਵੀਂ
ਸੁੱਧ ਬੁਧ ਨਹੀਂ ਰਹਿੰਦੀ ਤਾਂ ਦੂਜੀਆਂ ਤੀਵ
ਪ੍ਰਸਨ ਪੁਛਦੀਆਂ ਹਨ, ਜਿਨ੍ਹਾਂ ਦਾ ਜਵਾਬ
ਭਾਵ ਵਿਚ ਦੇਂਦੀ ਜਾਂਦੀ ਹੈ । ਧਾਰਨਾ ਹੈ
ਦੇ ਉਤਰ ਉਹ ਤੀਵੀਂ ਖ਼ੁਦ ਨਹੀਂ ਦੇਂਦ
ਵਿਚ ਪ੍ਰਵੇਸ਼ ਰੂਹ ਦੇਂਦੀ ਹੈ । ਜੋ ਕਾਲ ਤੇ ਕਿ
ਹੋਣ ਕਰ ਕੇ ਸਰਬ ਗਿਆਤਾ ਮੰਨੀ ਜਾਂਦੀ ਹੈ ।

(ਬ-259) **ਬੈਠਕ ਮੌਲਾ ਅਲੀ** :

ਪਛਮੀ ਪੰਜਾਬ ਦੇ ਬਹਾਵਲਪੁਰ ਜ਼ਿਲ੍ਹੇ ਕਿ
ਬਾਹਰ ਵਲ ਇਕ ਪਵਿਤ੍ਰ ਸਥਾਨ, ਜੋ ਬੈਠਕ
ਦੇ ਨਾਂ ਨਾਲ ਪ੍ਰਸਿਧ ਹੈ । ਮੁਸਲਮਾਨਾਂ ਦਾ
ਕਿ ਆਪਣੇ ਜੀਵਨ-ਕਾਲ ਵਿਚ ਇਥੇ ਹਜ਼ਰਤ
ਸਨ ਅਤੇ ਇਸ ਅਸਥਾਨ 'ਤੇ ਇਕ ਸੰਗਮ
ਲੰਮੇ ਬੜੇ ਉਤੇ ਉਨ੍ਹਾਂ ਨੇ ਨਿਮਾਜ਼ ਪੜ੍ਹੀ ਸੀ ।
ਉਤੇ ਉਨ੍ਹਾਂ ਦੇ ਹੱਥਾਂ, ਪੱਟਾਂ ਤੇ ਪੈਰਾਂ ਦੇ ਨਿ
ਜੋ ਹੁਣ ਤਕ ਮੌਜੂਦ ਹਨ ।

ਇਥੇ ਹੀ ਇਕ ਹੋਰ ਚਿੱਟਾ ਪੱਥਰ ਹੈ,
ਰਵਾਇਤ ਹੈ ਕਿ ਇਹ ਪਹਿਲਾਂ ਊਠ ਦੇ
ਸੀ, ਜੋ ਹਜ਼ਰਤ ਅਲੀ ਨੂੰ ਸ਼ਰਧਾ ਵਜੋਂ ਭੇਟ ਕ
ਹਜ਼ਰਤ ਅਲੀ ਨੂੰ ਇਹ ਬਕਬਕਾ ਲੱਗਾ ਤੇ
ਵਿਚ ਆ ਕੇ ਇਸ ਨੂੰ ਪੱਥਰ ਹੋ ਜਾਣ ਦਾ ਸ
ਉਦੋਂ ਤੋਂ ਹੀ ਇਸ ਇਲਾਕੇ ਵਿਚ ਡਾਚੀ ਦੇ
ਨਹੀਂ ਵਰਤਿਆ ਜਾਂਦਾ ।

(ਬ-260) **ਬੈਂਤ** :

ਇਕ ਪ੍ਰਸਿਧ ਛੰਦ, ਜੋ ਫ਼ਾਰਸੀ ਕਾਵਿ ਦੇ
ਪੰਜਾਬੀ ਵਿਚ ਵਰਤਿਆ ਜਾਣ ਲਗਾ, ਪਰ
ਮਕਬੂਲ ਹੋਇਆ ਕਿ ਇਸ ਨੇ ਆਪਣਾ ਨਵੇਕਲ
ਕਰ ਲਿਆ । ਬੈਂਤ ਫ਼ਾਰਸੀ ਦਾ ਸ਼ਬਦ ਹੈ ਤੇ
ਹੈ—ਘਰ । ਫ਼ਾਰਸੀ ਵਿਚ ਬੈਂਤ ਛੰਦ
ਹੁੰਦਾ ਹੈ ।

ਦੂਸਰਾ ਆਖਿਆ ਹੈ। ਲਾਲਾ ਧਨੀ ਰਾਮ ਚਾਤ੍ਰਿਕ ਦੇ ਕਥਨ ਅਨੁਸਾਰ, ਬੈਂਤ ਨੂੰ ਵਿਸ਼ੇ ਡੇਢਕ ਛੰਦ ਕਿਹਾ ਜਾਂਦਾ ਰਿਹਾ ਤੇ ਇਸ ਦੀਆਂ 40 ਮਾਤਰਾ ਹੁੰਦੀਆਂ ਹਨ। ਵਾਰਸ ਸ਼ਾਹ ਨੇ ਆਪਣੀ ਪ੍ਰਤਿਭਾ ਇਸੇ ਛੰਦ ਨਾਲ ਪ੍ਰਗਟ ਕੀ ਤੇ ਉਸ ਦੀ ਹੀਰ ਨੇ ਇਸ ਛੰਦ ਨੂੰ ਬਹੁਤ ਮਕਬੂਲ ਕੀਤਾ।

ਬੈਂਤ ਛੰਦ ਦੇ ਬਹੁਤ ਸਾਰੇ ਰੂਪ ਹਨ। ਜਿਥੇ ਮੁਕਬਲ ਨੇ ਦਹੁ-ਕਲੀਏ ਬੈਂਤ ਵਿਚ ਹੀਰ ਲਿਖੀ ਉਥੇ ਵਾਰਸ ਸ਼ਾਹ ਨੇ ਬਹੁ-ਕਲੀਏ ਬੈਂਤਾਂ ਵਿਚ। ਇਸ ਲਈ ਬੈਂਤ ਛੰਦ ਦੇ ਚਰਨਾਂ ਦਾ ਕੋਈ ਇਕ ਰੂਪ ਨਹੀਂ। ਬੈਂਤ ਦੀ ਪ੍ਰਤਿ ਚਰਨ ਮਾਤਰਾ ਵਿਚ ਵੀ ਇਕਸਾਰਤਾ ਨਹੀਂ ਮਿਲਦੀ। ਆਮ ਤੌਰ ਤੇ ਬੈਂਤ ਵਿਚ 40 ਦੇ ਲਗਪਗ ਮਾਤਰਾ ਹੁੰਦੀਆਂ ਹਨ ਤੇ ਹਰ ਚਰਨ ਵਿਚ 20-20 ਉਤੇ ਬਿਸਰਾਮ। ਅੰਤ ਵਿਚ ਦੋ ਗੁਰੂ. ਪਰ ਕਵੀਆਂ ਨੇ ਇਸ ਮਾਤ੍ਰਿਕ ਛੰਦ ਵਿਚ ਕਾਫ਼ੀ ਖੁਲ੍ਹ ਲੈ ਲਈ ਹੈ।

ਡਾ. ਮੋਹਨ ਸਿੰਘ ਬੈਂਤ ਛੰਦ ਉਤੇ ਟਿੱਪਣੀ ਕਰਦਿਆਂ ਲਿਖਦੇ ਹਨ : "ਬੈਂਤ ਭਾਰੀ ਛਾਤੀ ਮੰਗਦਾ ਹੈ ਤੇ ਹੇਕ ਏਨੀ ਉੱਚੀ ਰਖਣੀ ਪੈਂਦੀ ਹੈ ਕਿ ਆਪਣਾ ਹੀ ਇਕ ਕੰਨ ਬੰਦ ਕਰਨਾ ਪੈਂਦਾ ਹੈ; ਤੇ ਫਿਰ ਹੇਕ ਨੂੰ ਤਰੋੜ ਕੇ 2/3 ਵਾਰੀ ਤੇ 1/3 ਦੂਜੀ ਵਾਰੀ ਗਾਉਣਾ ਪੈਂਦਾ ਹੈ। ਇਸ ਦੇ ਲੰਮੇਰੇ ਹੋਣ ਕਰ ਕੇ ਇਸ ਵਿਚ ਖ਼ੂਬੀ ਵੀ ਹੈ ਤੇ ਨੁਕਸ ਵੀ। ਲਾਭ ਇਹ ਹੈ ਕਿ ਜੀਅ ਭਰ ਕੇ, ਰੱਜ ਕੇ ਇਕੋ ਤੁਕ ਵਿਚ ਜੋ ਆਖਣਾ ਆਖ ਲੌ, ਤੇ ਲਫ਼ਜ਼ੀ ਖ਼ੂਬੀਆਂ ਭਰ ਲੌ ਤੇ ਐਬ ਇਹ ਕਿ ਭਰਤੀ ਦੇ ਸ਼ਬਦ ਵੀ ਲਿਆਉਣੇ ਪੈਂਦੇ ਹਨ" (ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 90)।

## (ਬ-261) ਬੈਤਰਨੀ :

(ੳ) ਪੁਰਾਣਾਂ ਅਨੁਸਾਰ ਇਕ ਦਰਿਆ, ਜਿਸ ਨੂੰ ਪਾਰ ਕਰ ਕੇ ਪ੍ਰਾਣੀ ਦੀ ਆਤਮਾ ਯਮਲੋਕ ਪਹੁੰਚਦੀ ਹੈ। ਇਹ ਨਦੀ ਦੋ ਯੋਜਨ ਚੌੜੀ ਹੈ ਅਤੇ ਇਸ ਦਾ ਪਾਣੀ ਲਹੂ-ਪਾਕ, ਮਿਝ ਤੇ ਮਲ-ਮੂਤਰ ਨਾਲ ਭਰਿਆ ਹੋਣ ਕਰ ਕੇ ਦੁਰਗੰਧੀ ਛੱਡਦਾ ਅਤੇ ਅੱਗ ਵਾਂਗ ਤਪਦਾ ਹੈ। ਇਸ ਨਦੀ ਦੀ ਚਾਲ ਬੜੀ ਤੇਜ਼ ਤੇ ਤੂਫ਼ਾਨੀ ਹੈ। ਇਸ ਨਦੀ ਨੂੰ ਪਾਰ ਕਰਨ ਲਗਿਆਂ, ਜੀਵਾਤਮਾ ਨੂੰ ਘੋਰ ਦੁਖ ਤੇ ਸੰਕਟ ਝਾਗਣੇ ਪੈਂਦੇ ਹਨ। ਪਰ ਇਸ ਦਰਿਆ ਨੂੰ ਗਊ ਦੀ ਪੂਛ ਫੜ ਕੇ ਸੌਖਿਆਂ

ਇਹ ਗਊ ਮੋਏ ਪ੍ਰਾਣੀ ਦੀ ਮਦਦ ਕਰਦੀ ਉਸ ਦੀ ਪੂਛ ਫੜ ਕੇ ਇਹ ਨਦੀ ਸਹਿਜੇ ਜਾਂਦਾ ਹੈ।

ਇਸ ਨਦੀ ਦੀ ਉਤਪਤੀ ਬਾਰੇ ਪੁਰਾਣ ਕਥਾ ਮਿਲਦੀ ਹੈ। ਸਤੀ ਦੇ ਵਿਜੋਗ ਵਿਚ ਸ਼ਿ ਅੱਖਾਂ ਵਿਚੋਂ ਅਥਰੂ ਤੇ ਗਿਦਾਂ ਅਤੇ ਨੱਕ ਵਿ ਵਗਿਆ, ਉਹ ਨਦੀ ਦਾ ਰੂਪ ਧਾਰ ਕੇ ਦੋਹਾਂ ਲੋ ਵੱਗਣ ਲਗਾ।

(ਅ) ਕਿਸੇ ਪ੍ਰਾਣੀ ਦੀ ਮੌਤ ਸਮੇਂ ਮਹ ਵਜੋਂ ਦਿਤੀ ਗਊ ਨੂੰ, ਬੈਤਰਨੀ ਵੀ ਕਿ ਕਿਉਂ ਜੋ ਇਹ ਗਊ ਬੈਤਰਨੀ ਨਦੀ ਨੂੰ ਪਾਰ ਸਹਾਇਕ ਹੁੰਦੀ ਹੈ।

## (ਬ-262) ਬੈਤੁਲ ਅਕਸਾ :

ਬੈਤੁਲ-ਅਕਸਾ ਦੇ ਸ਼ਾਬਦਕ ਅਰਥ ਹਨ ਘਰ। ਇਹ ਯਹੂਦੀਆਂ ਦਾ ਇਕ ਪਾਵਨ ਅਸ ਮੱਕੇ ਤੋਂ ਦੂਰ ਯਰੂਸਲਮ ਵਿਚ ਹੋਣ ਕਰ ਕੇ, ਬੈ ਦੇ ਨਾਉਂ ਨਾਲ ਪ੍ਰਸਿਧ ਹੈ। ਇਸ ਨੂੰ ਮੁਸ ਪਵਿਤ੍ਰ ਅਸਥਾਨ ਮੰਨਦੇ ਹਨ ਤੇ ਬੈਤੁਲ ਮੁਕੱਦ ਹਨ। ਕਾਦਰਯਾਰ ਦੇ 'ਮਹਿਰਾਜਨਾਮੇ' ਵਿਚ ਇ ਭਰਿਆ ਵਰਣਨ ਮਿਲਦਾ ਹੈ।

## (ਬ-263) ਬੈਤੁਲ ਅਤੀਕ :

ਇਸ ਨੂੰ ਖ਼ਾਨਾ ਕਾਅਬਾ ਵੀ ਕਿਹਾ ਜਾਂਦ ਹਜ਼ਰਤ ਆਦਮ ਨੇ, ਸਭ ਤੋਂ ਪਹਿਲੀ ਇਬਾਦਤ ਹਜ਼ਰਤ ਨੂਹ ਦੇ ਤੂਫ਼ਾਨ ਸਮੇਂ ਇਹ ਥਾਂ ਬਰਬਾ ਪਰ ਹਜ਼ਰਤ ਇਬਰਾਹੀਮ ਤੇ ਹਜ਼ਰਤ ਇਸਮਾਈ ਪਵਿਤ੍ਰ ਮੁਕਾਮ ਨੂੰ ਲੱਭ ਕੇ ਮੁੜ ਉਸਾਰਿਆ ਇਸ ਥਾਂ ਨੂੰ ਬੜਾ ਮੁਕੱਦਸ ਮੰਨਦੇ ਹਨ।

## (ਬ-264) ਬੈਤੁਲ ਮਾਮੂਰ :

ਇਕ ਮਸਜਿਦ, ਜੋ ਮੁਸਲਮਾਨਾਂ ਦੀ ਧਾਰ ਖ਼ਾਨਾ ਕਾਅਬਾ ਦੇ ਐਨ ਉਪਰ ਚੌਥੇ ਤਬਕ (ਅ ਹੈ। ਇਹ ਬੜੇ ਕੀਮਤੀ ਪੱਥਰਾਂ ਤੇ ਜ਼ਮੁਰਦ

ਵੇਲੇ ਇਸ ਉੱਤੇ ਬਾਹਾਂ ਰਖ ਕੇ ਬੈਠਦੇ ਹਨ। ਇਹ ਫੁਟ ਕੁ ਲੰਮੀ ਹੁੰਦੀ ਹੈ। ਹਰ ਬੈਰਾਗੀ ਇਸ ਨੂੰ ਕੋਲ ਰਖਣਾ ਆਪਣਾ ਫ਼ਰਜ਼ ਸਮਝਦਾ ਹੈ। ਲੱਕੜ ਦੀ ਹੋਣ ਕਰਕੇ ਇਸ ਨੂੰ ਦੇਵਤੇ ਦੀ ਰੂਹ ਪ੍ਰਾਪਤ ਹੁੰਦੀ ਹੈ, ਤੇ ਇਸ 'ਤੇ ਬਾਂਹ ਟਿਕਾਣ ਨਾਲ ਆਪਣੇ ਇਸ਼ਟ ਨਾਲ ਜੋੜਦੀ ਹੈ।

## (ਬ–266) ਬੈਰਾਗੀ :

ਵੈਸ਼ਨੋ ਸਾਧੂਆਂ ਦਾ ਇਕ ਫ਼ਿਰਕਾ; ਭਾਵੇਂ ਇਹ ਸੰਪਰਦਾਇ ਦਾ ਮੁੱਢ ਰਾਮਾਨੁਜ ਦੇ ਸਮੇਂ, ਗਿਆਰਵੀਂ ਬਾਰਵੀਂ ਸਦੀ ਵਿਚ ਹੋਇਆ, ਪਰ ਉੱਤਰ ਭਾਰਤ ਵਿਚ ਇਸ ਸੰਪਰਦਾਇ ਦਾ ਮੋਢੀ ਰਾਮਾਨੰਦ ਮੰਨਿਆ ਜਾਂਦਾ ਹੈ, ਜੋ 14ਵੀਂ ਸਦੀ ਵਿਚ ਹੋਇਆ। ਇਬਟਸਨ ਅਨੁਸਾਰ ਬੈਰਾਗੀ ਫ਼ਿਰਕੇ ਦਾ ਮੁੱਢ ਰਾਮਾਨੰਦ ਦੇ ਬਾਹਰਵੇਂ ਚੇਲੇ ਸ੍ਰੀ ਅਨੰਦ ਨੇ ਬੰਨ੍ਹਿਆ।

ਬੈਰਾਗੀ ਜਾ ਵੈਰਾਗੀ ਸੰਸਕ੍ਰਿਤ ਦੇ 'ਵੈਰਾਗਯ ਤੋਂ' ਬਣਿਆ, ਜਿਸ ਦੇ ਅਰਥ ਹਨ : ਸੰਸਾਰਕ ਪਦਾਰਥਾਂ ਨਾਲ ਪ੍ਰੇਮ (ਰਾਗ) ਨਹੀਂ, ਬੈਰਾਗੀ ਵਿਸ਼ਨੂੰ ਦੇ ਉਪਾਸ਼ਕ ਹਨ ਤੇ ਸ੍ਰੀ ਰਾਮ ਤੇ ਕ੍ਰਿਸ਼ਨ ਦੀ ਪੂਜਾ ਕਰਦੇ ਹਨ।

ਬੈਰਾਗੀ ਚਾਰ ਸ਼ਾਖਾਂ ਵਿਚ ਵੰਡੇ ਹੋਏ ਹਨ।

(1) ਰਾਮਾਨੰਦੀ (2) ਵਿਸ਼ਨੂੰ ਸਵਾਮੀ (3) ਨਿਮਾ ਨੰਦੀ (4) ਮਾਧਵਚਾਰੀ।

ਇਹ ਸ਼ਾਖਾਂ ਅਗੋਂ 52 ਦਵਾਰ ਅਥਵਾ ਉਪ-ਸ਼ਾਖਾ ਵਿਚ ਵੰਡੀਆਂ ਹੋਈਆਂ ਹਨ। ਪੰਜਾਬ ਵਿਚ ਜੋ ਬੈਰਾਗੀ ਮਿਲਦੇ ਹਨ ਉਹ ਰਾਮਾਨੰਦੀ ਤੇ ਨੀਮਾ ਨੰਦੀ ਸ਼ਾਖ ਨਾਲ ਸਬੰਧਿਤ ਹਨ।

ਰਾਮਾਨੰਦੀ ਦੇ ਛੇ ਦਵਾਰ ਹਨ। ਅਨਭੀ ਮੰਦੀ, ਟੂੰਦਾਰਾਮ, ਅਗਰਜੀ, ਟੋਲਾ ਜੀ, ਕੂਭਾ ਜੀ ਤੇ ਰਾਮਸਲੂਜੀ। ਰਾਮਾਨੰਦੀ ਰਾਮਾਨੰਦ ਦੇ ਅਨੁਯਾਈ ਹਨ ਤੇ ਰਾਮ ਚੰਦਰ ਦੀ ਉਪਾਸਨਾ ਕਰਦੇ ਹਨ। ਇਹ ਲੋਕ ਰਾਮਾਇਣ ਦਾ ਪਾਠ ਕਰਦੇ ਤੇ ਅਜੁਧਿਆ ਤੀਰਥ ਯਾਤ੍ਰਾ ਲਈ ਜਾਂਦੇ ਹਨ। ਰਾਮਨੌਮੀ ਦਾ ਪੂਰਬ ਧੂਮ ਧਾਮ ਨਾਲ ਮਨਾਂਦੇ ਹਨ। ਇਹ ਆਪਣੇ ਮੱਥੇ ਉੱਤੇ ਸਫ਼ੈਦ ਰੰਗ ਦਾ 'ਤ੍ਰਿਪੁੰਡਰੀ' ਤਿਲਕ ਧਾਰਨ ਕਰਦੇ ਹਨ।

ਦੂਜੀ ਸ਼ਾਖ ਨਿਮਾਨੰਦੀ ਹੈ ਜੋ ਮਾਧਵਚਾਰੀਆ ਵਾਂਗ ਕ੍ਰਿਸ਼ਨ ਦੇ ਉਪਾਸ਼ਕ ਹਨ। ਇਹ ਗੀਤਾ ਦਾ ਪਾਠ ਕਰਦੇ

ਦੀ ਮੂਰਤੀ ਦਾ ਪੈਰਾਂ ਦਾ ਥਾਪਾ, ਮੂਰਤੀ ਨੂੰ
ਗਰਮ ਕਰ ਕੇ, ਆਪਣੀ ਬਾਂਹ ਉੱਤੇ ਲਗਾਂਦੇ ਹਨ
ਹੈ ਕਿ ਇਸ ਤਰ੍ਹਾਂ ਕਰਨ ਨਾਲ ਸਭ ਪਾਪਾਂ
ਮਿਲਦੀ ਹੈ।

ਬੈਰਾਗੀ ਆਪਣੇ ਮ੍ਰਿਤਕਾਂ ਦਾ ਅਗਨ-ਸੰਸ
ਹਨ ਅਤੇ ਭਾਰੀ ਭੋਜ ਦੇਂਦੇ ਹਨ। ਮਾਸ ਖਾਣ
ਕਰਦੇ ਹਨ ਤੇ ਵਧੇਰੇ ਕਰ ਕੇ ਸਨਾਤਨੀ ਹਿੰਦੂ
ਚਲਦੇ ਹਨ। ਕਈ ਬੈਰਾਗੀ ਸਾਧੂ ਚੀਤੇ ਦੀ ਖ
ਹਨ। ਚੀਤਾ, ਨਰਸਿੰਘ ਅਵਤਾਰ ਦਾ, ਪ੍ਰਤੀਕ
ਜਾਂਦਾ ਹੈ। ਵਿਸ਼ਨੂੰ ਨੇ ਪ੍ਰਹਿਲਾਦ ਦੀ ਰ
ਨਰਸਿੰਘ ਦਾ ਅਵਤਾਰ ਧਾਰਨ ਕੀਤਾ ਸੀ।
ਕਰਨ ਵੇਲੇ ਬੈਰਾਗੀ ਸੱਜੀ ਬਾਂਹ ਹੇਠ ਬੈਰਾਗਣ
ਹਨ (ਵੇਖੋ : ਬੈਰਾਗਣ)।

ਸਾਰੇ ਬੈਰਾਗੀ ਵਿਰਕਤ ਨਹੀਂ ਹੁੰਦੇ। ਅਨੇ
ਘਰ ਗ੍ਰਿਹਸਤੀ ਵਾਲੇ ਵੀ ਮਿਲਦੇ ਹਨ। ਸ
ਕਈ ਬੈਰਾਗੀ ਕਿਰਸਾਨੀ ਕਰਦੇ ਹਨ। ਕਰ
ਕਈ ਬੈਰਾਗੀ ਗ੍ਰਿਹਸਤੀ ਮਿਲਦੇ ਹਨ। ਬੈਰਾ
ਸੰਪਰਦਾ ਤੇ ਮਾਂ ਦੇ 'ਦਵਾਰ' ਵਿਚ ਵਿਆਹ ਨ
ਬੈਰਾਗੀ ਭਾਵੇਂ ਮਾਸ ਤੇ ਸੁਰਾ ਨਹੀਂ ਵਰਤਦੇ,
ਬੈਰਾਗੀ ਭੰਗ ਦੀ ਵਰਤੋਂ ਖ਼ੂਬ ਕਰਦੇ ਹਨ। ਬ
ਜਟਾਂ ਰਖਦੇ, ਲੰਗੋਟੀ ਪਹਿਨਦੇ ਤੇ ਆਪਣੇ ਨਾਂ
ਉਪਾਧੀ ਵਰਤਦੇ ਹਨ।

ਬੈਰਾਗੀ ਦੇ ਧਰਮ ਦੇ ਪੰਜ ਮੁਖੀ ਕਦਮ, ਜਿ
ਹਨ :

(1) ਬੈਰਾਗੀ ਦਵਾਰਕਾਂ ਦੀ ਯਾਤ੍ਰਾ ਕਰ
ਉਥੇ ਸੱਜੀ ਬਾਂਹ 'ਤੇ ਸੰਖ, ਚਕ੍ਰ ਜਾਂ ਮੂਰਤੀ
ਛਾਪਾ ਲਗਾਂਦਾ ਹੈ, ਜਿਸ ਨੂੰ 'ਤਪਤ ਮੁਦਰਾ' ਕਿ
ਜਾਂਦਾ ਹੈ। ਧਾਰਨਾ ਹੈ ਕਿ ਵਿਸ਼ਨੂੰ ਦਾ ਕੋਈ
ਤੇ ਉਕਰਨ ਨਾਲ ਬੈਕੁੰਠ ਨਸੀਬ ਹੁੰਦਾ ਹੈ।

(2) ਬੈਰਾਗੀ ਮੱਥੇ ਉੱਤੇ ਗੋਪੀ ਚੰਦਨ
ਲਗਾਂਦਾ ਹੈ।

(3) ਬੈਰਾਗੀ ਵਿਸ਼ਨੂੰ ਦੇ ਕਿਸੇ ਇਕ ਅ
ਉਪਾਸਕ ਹੁੰਦਾ ਹੈ ਸ਼ਾਹ ਰਾਮ ਜਾਂ ਕ੍ਰਿਸ਼ਨ ਦੀ
ਪੂਜਾ ਕਰਦਾ ਹੈ।

(4) ਉਹ ਤੁਲਸੀ ਮਾਲਾ ਦੇ ਧਾਰਨੀ ਹਨ।

ਬਹੁਤਾ ਅੰਤਰ ਰਖਦੇ ਹਨ ।

ਬੰਦਾ ਬਹਾਦਰ ਬੈਰਾਗੀ ਸੰਪਰਦਾ ਨਾਲ ਹੀ ਸਬੰਧ ਰਖਦਾ ਸੀ, ਜੋ ਮਗਰੋਂ ਸਿੰਘ ਸਜ ਗਿਆ ।

**(ਬ-267) ਬੈਰਾਗੀ ਭਗਵਾਨ ਜੀ :**

ਇਕ ਪ੍ਰਸਿਧ ਬੈਰਾਗੀ, ਜੋ ਜਹਾਂਗੀਰ ਦੇ ਸਮੇਂ ਕਾਹਨੂੰਵਾਨ ਵਿਖੇ ਹੋਇਆ । ਇਨ੍ਹਾਂ ਦੀ ਲੋਕਾਂ ਵਿਚ ਬੜੀ ਮਾਨਤਾ ਸੀ । ਇਨ੍ਹਾਂ ਦੀਆਂ ਕਈ ਕਰਾਮਾਤਾਂ ਪ੍ਰਸਿਧ ਹਨ । ਗੁਰਦਾਸਪੁਰ ਗਜ਼ਟੀਅਰ (ਪੰਨਾ 61) ਅਨੁਸਾਰ ਇਕ ਵਾਰ ਜਹਾਂਗੀਰ ਬਾਦਸ਼ਾਹ, ਕਾਹਨੂੰਵਾਨ ਦੇ ਜੰਗਲਾਂ ਵਿਚ ਸ਼ਿਕਾਰ ਖੇਡਣ ਲਈ ਆਇਆ । ਉਸ ਨੇ ਬੈਰਾਗੀ ਜੀ ਨੂੰ ਮਿਲਣਾ ਚਾਹਿਆ । ਪਰ ਬੈਰਾਗੀ ਜਹਾਂਗੀਰ ਨੂੰ, ਦਰਸ਼ਨਾਂ ਨਾਲ ਨਿਹਾਲ ਨਹੀਂ ਸੀ ਕਰਨਾ ਚਾਹੁੰਦੇ । ਸੋ, ਉਹ ਜ਼ਮੀਨ ਵਿਚ ਘੁਰਨਾ ਬਣਾ ਕੇ, ਉਸ ਵਿਚ ਅਲੋਪ ਹੋ ਗਏ ਤੇ ਦਸ ਮੀਲ ਉਤਰ ਵਲ, ਪਿੰਡੋਰੀ ਵਿਚ ਜਾ ਪ੍ਰਗਟ ਹੋਏ । ਜਹਾਂਗੀਰ ਉਨ੍ਹਾਂ ਦੇ ਪਿਛੇ ਪਿਛੇ ਪਿੰਡੋਰੀ ਗਿਆ ਪਰ ਉਹ ਕਰਾਮਾਤ ਨਾਲ ਧਮਤਾਲ ਜਾ ਪਹੁੰਚੇ, ਜੋ ਚਕੀ ਦਰਿਆ ਤੋਂ ਪਾਰ ਕਾਂਗੜੇ ਵਿਚ ਹੈ । ਕਾਹਨੂੰਵਾਨ ਤੇ ਪਿੰਡੋਰੀ ਵਿਚ, ਜ਼ਿਮੀਂ ਵਿਚ ਜੋ ਘੁਰਨੇ ਮਿਲਦੇ ਹਨ । ਲੋਕੀਂ ਉਨ੍ਹਾਂ ਦਾ ਸਬੰਧ ਇਸੇ ਬੈਰਾਗੀ ਨਾਲ ਜੋੜਦੇ ਹਨ ।

ਰਵਾਇਤ ਹੈ ਕਿ ਇਕ ਵਾਰ ਫਿਰ ਜਦੋਂ ਜਹਾਂਗੀਰ ਕਾਹਨੂੰਵਾਨ ਵਿਚ ਸ਼ਿਕਾਰ ਖੇਡਣ ਆਇਆ ਤਾਂ ਪਿੰਡੋਰੀ ਵਿਚ ਭਗਵਾਨ ਜੀ ਦਾ ਚੇਲਾ ਨਰੈਣ ਰਹਿੰਦਾ ਸੀ । ਉਦੋਂ ਨਰੈਣ ਨੇ ਮੋਨ ਧਾਰਨ ਕੀਤਾ ਹੋਇਆ ਸੀ, ਇਸ ਲਈ ਉਸ ਨੇ ਜਹਾਂਗੀਰ ਨਾਲ ਕੋਈ ਗੱਲ ਨਾ ਕੀਤੀ । ਜਹਾਂਗੀਰ ਨਰੈਣ ਨੂੰ ਆਪਣੇ ਨਾਲ ਲਾਹੌਰ ਲੈ ਗਿਆ, ਜਿਥੇ ਨਰੈਣ ਨੂੰ ਸਤ ਜ਼ਹਿਰ ਦੇ ਅਜਿਹੇ ਪਿਆਲੇ ਦਿਤੇ ਗਏ ਜਿਸਨੂੰ ਜੀਭ ਨਾਲ ਛੁਹੰਦੇ ਸਾਰ ਹਾਥੀ ਮਰ ਸਕਦਾ ਸੀ, ਪਰ ਨਰੈਣ ਨੂੰ ਕੁਝ ਨਹੀਂ ਹੋਇਆ । ਜਹਾਂਗੀਰ ਨੂੰ ਬੈਰਾਗੀ ਦੀ ਕਰਾਮਾਤੀ ਸ਼ਕਤੀ ਤੇ ਯਕੀਨ ਹੋ ਗਿਆ ।

ਭਗਵਾਨ ਜੀ ਦੇ ਮੱਠ, ਪਿੰਡੋਰੀ ਵਿਚ, ਵਿਸਾਖੀ ਨੂੰ ਭਾਰੀ ਮੇਲਾ ਲਗਦਾ ਹੈ । ਭਗਵਾਨ ਜੀ ਦੀ ਗੁਫਾ ਕਾਹਨੂੰਵਾਨ ਵਿਚ ਹੈ, ਜਿਥੇ ਉਹ ਬੈਠ ਕੇ ਤਪਸਿਆ ਕੀਤਾ ਕਰਦੇ ਸਨ ।

**(ਬ-268) ਬੋਹਣੀ :**

ਵਸੇਂ ਵਸੇਂ ਦੁਕਾਨਦਾਰ ਪਹਿਲੇ ਗਾਹਕ ਨੂੰ ਸੌਦਾ ਨਹੀਂ ਜਾਣ ਦਿੰਦਾ, ਭਾਵੇਂ ਚੀਜ਼ ਸਸਤੀ ਹੀ ਜੇ ਬੋਹਣੀ ਚੰਗੀ ਹੋਵੇ ਤਾਂ ਸਾਰਾ ਦਿਨ ਗਾਹਕ ਪੈਂ ਹਨ ਤੇ ਵਟਕ ਚੰਗੀ ਹੁੰਦੀ ਹੈ । ਅਖਾਣ ਵੀ ਹੈ :

ਪਹਿਲੀ ਬੋਹਣੀ ਸਦਾ ਹੀ ਸੋਹਣੀ ।
ਚੰਗੀ ਬੋਹਣੀ ਦਿਨ ਦਾ ਗਹਿਣਾ ।

ਇਸੇ ਲਈ ਬੋਹਣੀ ਸਮੇਂ ਨਕਦ ਸੌਦਾ ਵੇਚਿ ਹੈ । ਜੇ ਉਧਾਰ ਵੇਚਿਆ ਜਾਵੇ ਤਾਂ ਸਾਰਾ ਦਿਨ ਗਾਹਕ ਹੀ ਪੈਂਦੇ ਰਹਿੰਦੇ ਹਨ । ਜੇ ਬੋਹਣੀ ਪੁਰਸ਼ ਦੀ ਹੋਵੇ ਤਾਂ ਉਸ ਦੇ ਪੈਰਾਂ ਦਾ ਸਦਕਾ ਹੁੰਦੀ ਹੈ । ਜੇ ਝਗੜਾਲੂ ਜਾਂ ਭੈੜੀ ਸ਼ੁਹਰਤ ਵਾਲੇ, ਅਥਵਾ ਦਲਿਦਰੀ ਦੀ ਬੋਹਣੀ ਹੋਵੇ ਤਾਂ ਉਸ ਦਿ ਨਾਲ ਝਗੜਾ ਰਹਿੰਦਾ ਅਥਵਾ ਵਿਕਰੀ ਘਟ ਇਹ ਵਿਚਾਰ ਸਹਾਨੁਭੂਤੀ ਟੂਣੇ ਉਤੇ ਅਧਾਰਤ ਹੈ ।

ਕਈ ਸਨਾਤਨੀ ਹਿੰਦੂ ਤਾਂ ਬੋਹਣੀ ਦੇ ਪੈ ਲਛਮੀ ਦਾ ਰੂਪ ਮੰਨ ਕੇ ਪੂਜਦੇ ਤੇ ਮੱਥੇ ਨਾਲ ਛੁਹ

**(ਬ-269) ਬੋਹੜ :**

ਪੰਜਾਬ ਦਾ ਇਕ ਰੁੱਖ, ਜੋ ਘਣਾ ਤੇ ਘੇਰੇ ਵਾ ਹੈ । ਇਸ ਦੀਆਂ ਅਨੇਕਾਂ ਦਾਹੜਾਂ ਉਪਰੋਂ ਹੇ ਲਮਕਦੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਕਈ ਵਿਚ ਜੜ੍ਹ ਪਕੜ ਕੇ ਨਵੇਂ ਤਨੇ ਦੇ ਰੂਪ ਵਿਚ ਮੁੜ ਫੁਲਦੀਆਂ ਹਨ । ਬੋਹੜ ਬ੍ਰਿਛ ਬੜੀ ਲੰਮੀ ਉਮਰ ਹੈ । ਇਸ ਲਈ ਇਹ ਦੀਰਘ ਆਯੂ ਦਾ ਪ੍ਰ ਗਿਆ ਹੈ । ਇਹ ਪਰੰਪਰਾ ਦਾ ਵੀ ਅਹਿਸਾਸ ਹੈ । ਇਸ ਨੂੰ ਸਤਿਕਾਰ ਨਾਲ 'ਬਾਬਾ ਬੋਹੜ' ਜਾਂਦਾ ਹੈ । ਤੇ ਫਲ ਨੂੰ ਗੋਹਲਾਂ ਕਹਿੰਦੇ ਹਨ ।

ਬੋਹੜ ਨਾਲ, ਕਈ ਤਰ੍ਹਾਂ ਦੇ ਵਿਚਾਰ ਜੁੜੀਆਂ ਹੋਈਆਂ ਹਨ । ਗੋਹਲਾਂ ਖਾਣ ਨਾਲ ਦੀ ਹੁੰਦੀ ਹੈ । ਜੇ ਬੱਚਾ ਬੀਮਾਰ ਹੋਵੇ ਤਾਂ ਕਈ ਮਾ ਗਲ ਵਿਚ, ਬੋਹੜ ਦੀ ਦਾਹੜ ਦਾ ਟੋਟਾ, ਪਰੋ ਕੇ ਲਟਕਾ ਦੇਂਦੀਆਂ ਹਨ, ਇਸ ਤਰ੍ਹਾਂ ਬੱਚੇ ਜੜ੍ਹ ਜੇ ਖੋਖਲੀ ਹੋ ਗਈ ਹੋਵੇ ਤਾਂ ਮੁੜ ਲਗ ਜ ਬੱਚਾ ਨਵਾਂ ਨਰੋਆ ਹੋ ਜਾਂਦਾ ਹੈ ।

ਪੁਰਾਣਾ ਅਨੁਸਾਰ ਵਿਸ਼ਨੂੰ ਬੋਹੜ ਦੇ ਦਰ

ਦਰਖ਼ਤ ਨੂੰ ਕੋਈ ਪੁਜਾ ਨਹੀਂ। ਬੋਹੜ ਦਾ ਰੁੱਖ ਸਾਡਾ ਬੜਾ ਪਵਿੱਤ੍ਰ ਰੁੱਖ ਮੰਨਿਆ ਜਾਂਦਾ ਹੈ। ਸਿਵ ਜੀ ਦਾ ਪ੍ਰਤੀਕ ਹੋਣ ਕਰ ਕੇ ਸੰਨਿਆਸੀ, ਜੋਗੀ ਤੇ ਸਾਧੂ ਇਸੇ ਰੁੱਖ ਹੇਠਾਂ ਸਮਾਧੀ ਲਗਾਂਦੇ ਹਨ।

ਪਹਿਲਿਆਂ ਵਿਚ ਬਾਣੀਏਂ ਬੋਹੜ ਦੇ ਬ੍ਰਿਛ ਹੇਠ ਨਿੱਕੇ ਨਿੱਕੇ ਮੰਦਰ ਉਸਾਰਦੇ ਸਨ। ਕਈ ਬਾਣੀਏਂ ਆਪਣਾ ਸੌਦਾ ਦਰਖ਼ਤ ਦੇ ਹੇਠਾਂ ਸਜਾ ਕੇ ਵੇਚਣ ਲਈ ਰਖਿਆ ਕਰਦੇ ਸਨ। ਇਸ ਲਈ ਕਈ ਲੋਕ ਇਸ ਨੂੰ 'ਬਾਣੀਏਂ ਦਾ ਦਰਖ਼ਤ' ਵੀ ਕਹਿਣ ਲਗ ਪਏ।

ਬੋਹੜ ਦਾ ਵਰਣਨ ਕਈ ਬੁਝਾਰਤਾਂ, ਅਖਾਣਾ ਤੇ ਗੀਤਾਂ ਵਿਚ ਮਿਲਦਾ ਹੈ। ਇਕ ਬੁਝਾਰਤ ਵਿਚ ਇਸ ਦੀ ਤੁਲਨਾ ਬਾਬੇ ਨਾਲ ਕੀਤੀ ਗਈ ਹੈ।

ਗਲੀ ਵਿਚਾਲੇ ਥੜੇ ਦੇ ਉੱਤੇ ਬਾਬਾ ਬੈਠਾ ਬੁਕਲ ਮਾਰੀ।
ਵਿਚ ਕਲਾਵੇ ਚੁਕੀ ਹੋਈ, ਪੁਤਰ ਪੋਤਰਿਆਂ ਦੀ ਖਾਰੀ।

ਬੋਹੜ ਨਰ ਤੇ ਮਾਦਾ ਹੁੰਦੇ ਹਨ। ਨਰ ਬੋਹੜ ਦੇ ਪੱਤੇ ਮਾਦਾ ਬੋਹੜ ਨਾਲੋਂ ਲੰਮੇ ਹੁੰਦੇ ਹਨ ਤੇ ਇਸ ਦੀਆਂ ਸਾਖ਼ਾਂ ਜ਼ਿਮੀਂ ਤਕ ਲਮਕਕੇ ਜ਼ਿਮੀਂ ਵਿਚ ਮੁੜ ਜੜ੍ਹ ਪਕੜ ਲੈਂਦੀਆਂ ਹਨ। ਨਰ ਬ੍ਰਿਛ ਦੇ ਪੱਤੇ ਜੇ ਸੱਤ ਪੂਰਨਮਾਸ਼ੀਆਂ ਨੂੰ ਖਾਧੇ ਜਾਣ ਤਾਂ ਬਾਂਝ ਇਸਤ੍ਰੀ ਦੇ ਘਰ ਬਾਲਕ ਜੰਮਦਾ ਹੈ।

## (ਬ-270) ਬੋਹੀਆ :

ਮਠਿਆਈ ਤੇ ਹੋਰ ਪਦਾਰਥ, ਜੋ ਤੀਜ ਤਿਉਹਾਰਾਂ ਤੇ ਪੁਰਬਾਂ ਆਦਿ ਤੇ ਮਾਪੇ ਵਿਆਹੀਆਂ ਧੀਆਂ ਨੂੰ ਭੇਜਦੇ ਹਨ।

## (ਬ-271) ਬੋਰਬੰਦ

ਇਕ ਤਵੀਤ ਜੋ ਕਪੜੇ ਉੱਤੇ ਗੰਢਾਂ ਮਾਰ ਕੇ ਬਣਾਇਆ ਜਾਂਦਾ ਹੈ। ਇਸ ਨੂੰ ਬਾਂਹ ਉੱਤੇ ਬੰਨ੍ਹਿਆ ਜਾਂਦਾ ਹੈ।

## (ਬ-272) ਬੋਘੂ ਵਜਾਣਾ :

ਛੋਟੇ ਬੱਚਿਆਂ ਦਾ ਇਕ ਖੇਡ; ਬਰਸਾਤ ਦੇ ਦਿਨਾਂ ਵਿਚ, ਨਿੱਕੇ ਬਚੇ ਗਿੱਲੀ ਮਿੱਟੀ ਦਾ ਕੁੱਪਾ ਬਣਾ ਕੇ, ਉਸ ਨੂੰ ਜ਼ਮੀਨ ਉੱਤੇ ਪਟਕਾ ਕੇ ਫੂਕ ਮਾਰਦੇ ਹਨ ਤੇ ਉਸ ਵਿਚੋਂ ਪਟ ਕੇ ਵਰਗੀ ਅਵਾਜ਼ ਨਿਕਲਦੀ ਹੈ।

ਸਿਆਲਾਂ ਤੋਂ ਫ਼ਿਰੋਜ਼ਪੁਰ ਜ਼ਿਲੇ ਤੇ ਸਤਲੁਜ ਕਿ...
ਸਨ। ਸਟਰਾਂਗ ਮਗਰੋਂ ਇਹ ਪੱਛਮੀ ਪੰਜਾਬ...
ਹਨ। ਫ਼ਿਰੋਜ਼ਪੁਰ ਗਜ਼ਟੀਅਰ (ਪੰਨਾ 96) ਅਨੁ...
ਕੁਰੈਸ਼ੀ ਹੋਣ ਦਾ ਦਾਅਵਾ ਕਰਦੇ ਹਨ ਅਤੇ ਆਪ...
ਅੱਬੂ ਬਕਰ ਸਾਦਿਕ ਨਾਲ ਜੋੜਦੇ ਹਨ। ਰਵਾਇਤ...
ਉਨ੍ਹਾਂ ਦਾ ਵਡੇਰਾ ਸ਼ਾਹਬਉਦੀਨ, ਜੋ ਸ਼ਹਾਬ...
ਦੇ ਨਾਂ ਨਾਲ ਪ੍ਰਸਿਧ ਸੀ, ਚਾਰ ਕੁ ਸਦੀਆਂ ਪਹਿ...
ਤੋਂ ਭਾਰਤ ਆਇਆ ਅਤੇ ਮੁਲਤਾਨ ਵਿਚ ਵਸ...
ਜਿਥੇ ਉਹ ਖ਼ਵਾਜਾ ਮੁਹੰਮਦ ਇਰਕ ਅਜਮੀ...
ਬਣਿਆ। ਇਕ ਦਿਨ ਖ਼ਵਾਜਾ ਸਾਹਿਬ ਨੇ ਸਹਾਬ-...
ਨੂੰ ਕਿਹਾ ਕਿ ਉਹ ਉਨ੍ਹਾਂ ਦੀ 'ਬੰਦੇ-ਦਿਲ'...
ਮਹਿਕ) ਹੈ। ਜਿਸ ਦਾ ਭਾਵ ਸੀ ਕਿ ਉਹ ਅੰ...
ਨਾਲ ਉਨ੍ਹਾਂ ਦੇ ਮਨ ਦੇ ਹਰ ਵਿਚਾਰ ਨੂੰ ਜਾਣ...
ਇਸ ਤੋਂ ਉਹ 'ਸ਼ਹਾਬ ਉਲ ਮੁਲਕ' 'ਬੰਦੇ ਦਿਲ'...
ਗਿਆ ਤੇ ਉਸ ਦੀ ਵੰਸ ਦਾ ਨਾਂ ਬੰਦਲਾ ਪੈ ਗਿਆ...

ਇਕ ਹੋਰ ਰਵਾਇਤ ਅਨੁਸਾਰ ਬੰਦਲਾ...
ਸਾਦਾ, ਲੋਹ ਅਥਵਾ ਸਿਧੇ ਸਾਦੇ ਇਨਸਾਨ ਤੋਂ...
ਸ਼ਬਦ ਬੇਪਰਵਾਹ ਫ਼ਕੀਰਾਂ ਲਈ ਵੀ ਵਰਤਿ...
ਹੈ, ਸਹਾਬ-ਉਲ-ਮੁਲਕ ਲਈ ਵੀ ਵਰਤਿਆ...
ਤੇ ਮਗਰੋਂ ਇਹੋ ਨਾਂ ਇਨ੍ਹਾਂ ਦੀ ਵੰਸ ਦਾ...
ਸਹਾਬ ਉਲ ਮੁਲਕ ਮੁਲਤਾਨ ਤੋਂ ਸਤਲੁਜ...
ਦਾਜਲਕਾ ਤੋਂ ਦੱਖਣ ਪੱਛਮ ਵਲ 'ਖਈ'...
ਲਗਾ ਤੇ ਇਥੋਂ ਹੀ ਇਸ ਦੀ ਵੰਸ ਆਲੇ ਦੁਆਲੇ...
ਵਿਚ ਫੈਲ ਗਈ।

ਗਲਾਸਰੀ (2, 114-115) ਅਨੁਸਾਰ ਬੰ...
ਰਾਜਪੂਤਾਂ ਦੀ ਹੀ ਇਕ ਸ਼ਾਖ ਹਨ। ਇਹ ਆਪ...
ਤਾਂ ਬੰਦਲਿਆਂ ਵਿਚ ਹੀ ਵਿਆਹੁੰਦੇ ਹਨ,...
ਲੜਕੇ ਵਟੂਆਂ ਦੀ ਧੀ ਧਿਆਣੀ ਨਾਲ ਵਿਆਹ...
ਬੰਦਲਿਆਂ ਦੇ ਵਡੇਰੇ ਮੁਲਤਾਨ ਤੋਂ ਬਹਾਵਲਪੁ...
ਮਿੰਟਗੁਮਰੀ ਆ ਵਸੇ। ਉਥੋਂ ਉਹ ਸਤਲੁਜ ਦੇ...
ਫੈਲ ਗਏ।

ਬੰਦਲਾ ਜਾਤੀ ਦੇ ਲੋਕਾਂ ਨਾਲ ਕਈ ਤਰ੍ਹਾਂ...
ਜੁੜੀ ਹੋਈ ਹੈ। ਕਹਿੰਦੇ ਹਨ, ਇਨ੍ਹਾਂ ਦੀ...
ਨੂੰ ਵਾਕ ਸਿਧੀ ਪ੍ਰਾਪਤ ਹੈ। ਜੋ ਇਹ ਆਪਣੇ...
ਕੋਈ ਸਰਾਪ ਦੇਣ ਤਾਂ ਉਹ ਅਵੱਸ਼ ਪੂਰਾ ਹੋ ਕੇ...

ਰਵਾਇਤ ਹੈ ਕਿ ਜਦੋਂ ਹਜ਼ਰਤ ਮੁਹੰਮਦ ਤੇ ਉਨ੍ਹਾਂ ਦੇ ਸਾਥੀ ਅਬੂ ਬਕਰ ਨੇ, ਮੱਕੇ ਤੋਂ ਹਿਜਰਤ ਕੀਤੀ ਤਾਂ ਉਹ ਰਾਹ ਵਿਚ ਇਕ ਗੁਫਾ ਵਿਚ ਜਾ ਛੁਪੇ। ਅਬੂ ਬਕਰ ਨੇ ਆਪਣੀ ਪੱਗ ਪਾੜ ਕੇ ਗੁਫਾ ਦੇ ਸਭ ਸੁਰਾਖ ਭਰ ਦਿਤੇ ਤਾਂ ਜੋ ਕੋਈ ਕੀੜਾ ਹਜ਼ਰਤ ਸਾਹਿਬ ਨੂੰ ਡੱਸ ਨਾ ਜਾਵੇ। ਇਕ ਸੁਰਾਖ ਲਈ ਪੱਗੜੀ ਦਾ ਟੋਟਾ ਨਾ ਬਚਿਆ ਤੇ ਉਸ ਵਿਚ ਅਬੂ ਬਕਰ ਨੇ ਪੈਰ ਦਾ ਅੰਗੂਠਾ ਦੇ ਦਿਤਾ, ਜਿਸ ਨੂੰ ਸੱਪ ਨੇ ਡੰਗ ਲਿਆ। ਜਦੋਂ ਹਜ਼ਰਤ ਮੁਹੰਮਦ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਜ਼ਖਮ ਵਿਚੋਂ ਜ਼ਹਿਰ ਚੂਸ ਲਿਆ ਅਤੇ ਅਬੂ ਬਕਰ ਨੂੰ ਵਰ ਦਿਤਾ ਕਿ ਉਸ ਦੀ ਵੰਸ਼ ਦੇ ਹੱਥਾਂ ਵਿਚ ਸੱਪਾਂ ਦੇ ਕੱਟੇ ਲਈ ਸ਼ਫਾ ਹੋਵੇਗੀ। ਬੱਦਲੇ ਕਹਿੰਦੇ ਹਨ ਕਿ ਉਨ੍ਹਾਂ ਵਿਚ, ਸੱਪ ਦੇ ਕੱਟੇ ਨੂੰ ਅਰੋਗ ਕਰਨ ਲਈ ਸ਼ਫਾ ਹੈ, ਇਸੇ ਦਲੀਲ ਦੇ ਆਧਾਰ ਤੇ ਉਹ ਪਹਿਲੇ ਖਲੀਫੇ ਦੀ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਦੇ ਹਨ।

(ਬ-275) **ਬੋਦੀ ਵਾਲਾ ਤਾਰਾ** :

ਇਕ ਤਾਰਾ, ਜਿਸ ਦੇ ਪਿਛੇ ਰੌਸ਼ਨੀ ਦੀ ਇਕ ਲਕੀਰ ਬੋਦੀ ਵਾਂਗ ਵਿਖਾਈ ਦੇਂਦੀ ਹੈ। ਇਸ ਨੂੰ ਪੂਛਲ ਵਾਲਾ ਤਾਰਾ ਵੀ ਕਿਹਾ ਜਾਂਦਾ ਹੈ। ਆਦਿ ਗ੍ਰੰਥ ਵਿਚ ਇਸ ਨੂੰ ਲੰਮਾ ਤਾਰਾ ਕਿਹਾ ਗਿਆ ਹੈ—'ਤਾਰਾ ਚੜ੍ਹਿਆ ਲੰਮਾ...'

ਬੋਦੀ ਵਾਲਾ ਤਾਰਾ ਅਸ਼ੁਭ ਹੁੰਦਾ ਹੈ। ਜਦੋਂ ਇਹ ਤਾਰਾ ਅਕਾਸ਼ ਵਿਚ ਵਿਖਾਈ ਦੇਵੇ ਉਦੋਂ ਲੋਕਾਂ ਦੇ ਨਿਸਚੇ ਅਨੁਸਾਰ ਧਰਤੀ ਉਤੇ ਯੁੱਧ, ਬੀਮਾਰੀ, ਭੁਖਮਰੀ ਆਦਿ ਫੈਲਦੀ ਹੈ। ਜੇ ਬੋਦੀ ਹੇਠਾਂ ਵਲ ਹੋਵੇ ਤਾਂ ਇਹ ਮਤਦਾਂ ਸਿਰ ਭਾਰਾ ਹੁੰਦਾ ਹੈ ਤੇ ਦੇਸ ਵਿਚ ਕਾਲ੍ਹ ਵਰਤਦੀ ਅਤੇ ਯੁੱਧ ਹੁੰਦੇ ਹਨ। ਜੇ ਬੋਦੀ ਉਪਰ ਵਲ ਹੋਵੇ ਤਾਂ ਪਸ਼ੂਆਂ ਲਈ ਭਾਰਾ ਹੁੰਦਾ ਹੈ ਤੇ ਪਸ਼ੂਆਂ ਵਿਚ ਬੀਮਾਰੀ ਫੈਲਦੀ ਹੈ। ਬੋਦੀ ਵਾਲੇ ਤਾਰੇ ਬਾਰੇ ਪੰਜਾਬੀ ਵਿਚ ਇਕ ਕਹਾਵਤ ਹੈ :

ਬੋਦੀ ਵਾਲਾ ਤਾਰਾ
ਜਾਂ ਚੜ੍ਹੇ ਤੇ ਹੋਏ ਉਜਾੜਾ
ਜੇ ਕਲ ਤਲੇ ਤਾਂ ਧਰਤੀ ਘਟੇ ਅਖਾੜਾ
ਜੇ ਕਲ ਉਪਰ ਤਾਂ ਉਜੜੇ ਵਾੜਾ।

ਬੋਦੀ ਵਾਲੇ ਤਾਰੇ ਨੂੰ ਅਕਾਸ਼ ਉਤੇ ਚੜ੍ਹਿਆ ਵੇਖਣਾ ਵੀ ਅਸ਼ੁਭ ਹੁੰਦਾ ਹੈ। ਇਸ ਲਈ ਤੀਵੀਆਂ ਇਹਨੇ ਕੋਲੋਂ

ਸੀ ਅਤੇ ਉਨ੍ਹੀਂ ਦਿਨੀਂ ਪੰਜਾਬ ਵਿਚ ਬੜੀ ਪਲੇਗ ਫੈਲੀ ਸੀ। ਇਸ ਦੇ ਮਗਰੋਂ 1665 ਔਰੰਗਜ਼ੇਬ ਦੇ ਰਾਜ ਸਮੇਂ ਮੁੜ ਬੋਦੀ ਵਾ ਦਿਸਿਆ। ਰਵਾਇਤ ਹੈ ਕਿ ਇਨ੍ਹੀਂ ਦਿਨੀਂ ਜੌਂ ਦੀ ਰੋਟੀ ਦਾ ਇਕ ਟੁਕੜ ਖਾਂਦਾ ਤੇ ਪਿਆਲਾ ਪਾਣੀ ਦਾ ਪੀਂਦਾ। ਇਨ੍ਹਾਂ ਦਿਨੀਂ ਉਤੇ ਸੌਂਦਾ ਸੀ ਤੇ ਉਪਰ ਕੇਵਲ ਸ਼ੇਰ ਦੀ ਕਰਦਾ। ਇਸ ਦਾ ਔਰੰਗਜ਼ੇਬ ਦੀ ਸਿਹਤ ਮੰਦਾ ਅਸਰ ਪਿਆ। 1705 ਈ: ਵਿਚ ਫਿਰ ਤਾਰਾ ਦਿਸਿਆ ਅਤੇ 15 ਦਿਨਾਂ ਤਕ ਚੜ੍ਹਿਆ

1910 ਈ: ਵਿਚ ਫਿਰ ਬੋਦੀ ਵਾਲਾ ਤਾਰ ਦਿਤਾ, ਇਨ੍ਹੀਂ ਦਿਨੀਂ ਲੋਕ ਬੜੇ ਖ਼ੁਸ਼ ਹੋ ਅੰਗਰੇਜ਼ੀ ਸਾਮਰਾਜ ਤੋਂ ਮੁਕਤੀ ਮਿਲੇਗੀ।

ਵਿਗਿਆਨੀਆਂ ਦਾ ਮਤ ਹੈ ਕਿ ਅਕਾਸ਼ ਬੋਦੀ ਵਾਲੇ ਤਾਰੇ ਹਨ, ਜੋ ਦਿਸਦੇ ਕਦੇ ਕਦਾਈਂ

(ਬ-276) **ਬੋਧੀ ਖੂਹ** :

ਜ਼ਿਲਾ ਅਟਕ ਵਿਚ ਮੋਰਾਂ ਪਿੰਡ ਦੇ ਲਾਗੇ ਦੀਆਂ ਪਹਾੜੀਆਂ ਦੇ ਪੈਰਾਂ ਵਿਚ, ਇਕ ਮਿਲਿਆ ਹੈ, ਜਿਸ ਨੂੰ 'ਬੋਧੀ ਖੂਹ' ਕਿਹਾ ਜਾਂਦਾ ਵਿਚੋਂ ਇਕ ਪੱਥਰ ਮਿਲਿਆ ਹੈ ਜਿਸ ਉਤੇ ਖਰੋ ਵਿਚ ਕੁਝ ਸ਼ਬਦ ਲਿਖੇ ਹੋਏ ਹਨ। ਕਨਿੰਘਮ ਹੈ ਕਿ ਉਸ ਨੇ ਇਸ ਪੱਥਰ ਤੇ ਉਕਰੀ ਮਿਤੀ ਪੜ੍ਹ ਲਈ ਹੈ (ਅਟਕ ਗਜ਼ਟੀਅਰ, 324)।

(ਬ-277) **ਬੋਰ** :

ਇਕ ਕਿਸਮ ਦਾ ਸੋਨੇ ਜਾਂ ਚਾਂਦੀ ਦਾ ਆਮ ਤੌਰ ਤੇ ਪੈਰਾਂ, ਲੱਕ ਅਤੇ ਬਾਹ ਤੇ ਬੰ ਹੈ। ਕਿਤੇ ਕਿਤੇ ਛਣਕਣ ਵਾਲਾ ਵੀ ਹੁੰਦਾ ਹੈ ( ਕੋਸ਼)।

(ਬ-278) **ਬੋਲ** ।

(੧) ਪ੍ਰਸੂਤ ਦੇ ਦੌਰਾਨ ਤੀਵੀਂ ਦੇ ਕੋਲ ਖ਼ਾਸ ਇਸਤ੍ਰੀ ਜਾਂ ਜਿਸ ਦਾ ਅੱਠਮਾਹਾ ਬੱਚਾ ਹੋਵੇ, ਦੋ ਬੋਲ ਨਹੀਂ ਪੈਣੇ ਚਾਹੀਦੇ, ਬੱਚੇ

ਨਹੀਂ । ਜੇ ਕੋਈ ਪਹਿਲਾਂ ਬੋਲ ਪਵੇ ਤਾਂ ਉਸ ਦੇ ਬੋਲ ਦਾ ਪਰਛਾਵਾਂ ਦੂਜੀ ਦੇ ਬੋਲੇ ਉਤੇ ਪੈ ਜਾਂਦਾ ਹੈ ਤੇ ਉਹ ਕਮਜ਼ੋਰ ਤੇ ਕਮਤੋਲ ਰਹਿੰਦਾ ਹੈ ।

**(ਬ-279) ਬੋਲੀ :**

ਪੰਜਾਬੀ ਲੋਕ-ਕਾਵਿ ਦਾ ਇਕ ਪ੍ਰਸਿਧ ਰੂਪ; ਇਹ ਰੂਪ ਇਤਨਾ ਹਰਮਨ ਪਿਆਰਾ ਹੋਇਆ ਹੈ ਕਿ ਪੰਜਾਬ ਦੇ ਲੋਕ-ਗੀਤਾਂ ਦੇ ਇਕ ਵਡੇ ਅੰਗ ਵਿਚ ਬੋਲੀਆਂ ਨੂੰ ਹੀ ਮਾਧਿਅਮ ਬਣਾਇਆ ਗਿਆ ਹੈ : ਇਸ ਕਾਵਿ ਰੂਪ ਵਿਚ, ਥੋੜੇ ਜਿਹੇ ਸ਼ਬਦਾਂ ਵਿਚ, ਬੜੇ ਸੰਜਮ ਨਾਲ, ਦਿਲ ਦੇ ਉਦਗਾਰਾਂ ਦਾ ਵਰਣਨ ਕੀਤਾ ਜਾ ਸਕਦਾ ਹੈ । 'ਬੋਲੀ' ਅਸਲੋਂ ਕਿਸੇ ਇਕਹਿਰੇ ਭਾਵ ਨੂੰ ਸਾਕਾਰ ਕਰਦੀ ਹੈ । ਭਿੰਨ ਭੰਗਰੀ ਭਾਵਾਂ ਨੂੰ ਪਕੜਨਾ ਸੌਖਾ ਨਹੀਂ ਹੁੰਦਾ । ਘੜੀ ਦੀ ਘੜੀ ਕੋਈ ਮਨੁੱਖ ਭਾਵਾਂ ਦੇ ਵੇਗ ਵਿਚ ਜਾਂ ਜਜ਼ਬੇ ਦੀ ਪਕੜ ਵਿਚ ਜਕੜਿਆ, ਕਿਸੇ ਅਵਸਥਾ ਬਾਰੇ ਕੁਝ ਕਹਿ ਜਾਂਦਾ ਹੈ । ਇਹੋ ਇਕ ਤੁਕੀ ਸਤਰ ਬੋਲੀ ਦਾ ਰੂਪ ਧਾਰਨ ਕਰ ਲੈਂਦੀ ਹੈ । ਬੋਲੀ ਦਾ ਪੁਰਾਣਾ ਨਾਂ 'ਇਕ ਤੁਕੀਆ' ਸੀ । 'ਬੋਲੀ' ਨਾਂ ਬਹੁਤ ਪੁਰਾਣਾ ਨਹੀਂ । ਵੈਸੇ ਬੋਲੀ ਦਾ ਰੂਪ ਪੰਜਾਬੀ ਲੋਕ ਕਾਵਿ ਜਿਤਨਾ ਹੀ ਪੁਰਾਣਾ ਹੈ । 'ਬੋਲੀ' ਸ਼ਬਦ ਦਾ ਮੂਲ ਬੋਲ ਤੋਂ ਜਾਪਦਾ ਹੈ, ਜਿਸ ਦਾ ਭਾਵ ਇਕ ਬਝਵੇਂ ਵਾਕ ਦਾ ਉਚਾਰਨ ਹੈ ।

ਬੋਲੀ ਸ਼ਬਦ ਪੰਜਾਬੀ ਵਿਚ ਕਿਸੇ ਅਜਿਹੇ ਵਾਕ ਲਈ ਵੀ ਵਰਤਿਆ ਜਾਂਦਾ ਹੈ, ਜਿਸ ਵਿਚ ਕਿਸੇ ਨੂੰ ਮਿਹਣੇ ਤਾਣੇ ਮਾਰੇ ਗਏ ਹੋਣ । ਜਿਵੇਂ ਮੁਹਾਵਰਾ ਵੀ ਹੈ—ਬੋਲੀਆਂ ਮਾਰਨਾ । ਇਨ੍ਹਾਂ ਇਕ ਤੁਕੀਆਂ ਵਿਚ ਮਿਹਣੇ ਤਾਣਿਆਂ ਦੀ ਵੀ ਭਰਮਾਰ ਹੁੰਦੀ ਸੀ :

(ੳ) ਅਸਾਂ ਜੇਠ ਨੂੰ ਲੱਸੀ ਨਹੀਂ ਦੇਣੀ, ਦਿਉਰ ਭਾਵੇਂ ਦੁੱਧ ਪੀ ਜਾਵੇ ।

(ਅ) ਕਾਹਨੂੰ ਕੂਪਦੇ ਦਹੀ ਦੇ ਹਾਣੀਆਂ ਘਰ 'ਚ ਸਿੰਧੂਰੀ ਅੱਖੀਆਂ ।

ਭਾਵੇਂ ਮਿਹਣੇ ਤਾਣੇ ਬੋਲੀ ਦਾ ਉਘੜਵਾਂ ਲੱਛਣ ਨਹੀਂ, ਪਰ ਅਜੋਕੀਆਂ ਬੋਲੀਆਂ ਵਿਚ ਇਹ ਝੁਕਾਉ ਮਿਲਦਾ ਹੈ । ਇਸ ਸਦਕਾ ਇਕ ਤੁਕੀਆਂ ਤੋਂ ਇਹ ਕਾਵਿ-ਰੂਪ ਬੋਲੀਆਂ ਅਖਵਾਉਣ ਲੱਗਾ ।

ਜਾਪਦਾ ਹੈ, ਕਾਵਿਮਈ ਅਖਾਣ ਜੋ ਇਕ ਤੁਕੇ ਹਨ, ਬੋਲੀ ਦੇ ਬਹੁਤ ਹੀ ਨੇੜੇ ਹਨ ਤੇ ਕਿਧਰੇ ਕਿਧਰੇ ਭਿੰਨ ਭੇਦਤਾ ਵੀ ਗੰਵਾ ਬੈਠੇ ਹਨ । ਕੁਝ ਬੋਲੀਆਂ ਅਜਿ... ਹਨ ਜੋ ਅਖਾਣਾਂ ਵਾਂਙ ਵੀ ਪ੍ਰਚਲਤ ਹਨ ਜਿਵੇਂ :

'ਲਾਈ ਲਗ ਨਾ ਹੋਵੇ ਘਰ ਵਾਲਾ, ਚੰਦਰਾ ... ਨਾ ਹੋਵੇ' ਉਂਜ 'ਬੋਲੀ' ਤੇ ਅਖਾਣ ਵਿਚ ਜੋ ਅੰਤ... ਉਸ ਦਾ ਨਿਰਨਾ ਕਠਨ ਨਹੀਂ । ਅਖਾਣ ਵਿਚ ਜੀਵ... ਕਿਸੇ ਅਨੁਭਵ ਦਾ ਰਸ ਜਾਂ ਨਚੋੜ ਹੁੰਦਾ ਹੈ, ... ਸੰਜਮ ਨਾਲ ਬਿਆਨ ਕੀਤਾ ਜਾਂਦਾ ਹੈ । ਪਰ ਬੋਲੀ... ਕਿਸੇ ਅਨਭਵ ਦੀ ਝਲਕ ਹੁੰਦੀ ਹੈ । ਇਹ ਕਿਸੇ ਇ... ਪੱਖ ਨੂੰ ਜਾਂ ਛਿਣ ਪਲ ਦੇ ਅਨੁਭਵ ਨੂੰ ਵਰਣਨ ਕਰ... ਤੱਤ ਵਲ ਨਹੀਂ ਜਾਂਦੀ । ਪਰ ਜਿਸ ਬੋਲੀ ਵਿਚ ਅ... ਦੀ ਝਲਕ ਤੇ ਤੱਤ ਦੋਵੇਂ ਗੁਣ ਆ ਜਾਂਦੇ ਹਨ, ਉਸ... ਵਿਚ ਅਖਾਣ ਵੀ ਵਿਦਮਾਨ ਹੁੰਦਾ ਹੈ । ਬੋਲੀ ਅ... ਜਿਤਨੀ ਹੀ ਪੁਰਾਣੀ ਹੋ ਸਕਦੀ ਹੈ, ਪਰ ਇਹ ਸੁ... ਕਾਵਿ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ... ਵਿਚ ਆ ਚੁਕੀ ਸੀ । ਪੁਰਾਣੇ ਲੋਕ-ਸਾਹਿਤ ਦੇ ਜੋ... ਪ੍ਰਾਚੀਨ ਗ੍ਰੰਥਾਂ ਵਿਚ ਉਪਲਬਧ ਹਨ, ਉਨ੍ਹਾਂ ਵਿਚ... ਦਾ ਸਰੂਪ ਵੀ ਵੇਖਣ ਵਿਚ ਆਇਆ ਹੈ ।

ਬੋਲੀ ਵਿਚ ਅਖਾਣ ਵਾਂਙ, ਲੈਅ ਦਾ ਹੋਣਾ ... ਹੈ । ਜੇ ਬੋਲੀ ਵਿਚ ਰਿਦਮ ਨਹੀਂ ਹੋਵੇਗਾ ਤਾਂ ਉਹ ਸਾ... ਜਿਹਾ ਫਿਕਰਾ ਬਣ ਜਾਵੇਗੀ । ਬੋਲੀ ਵਿਚ ਪਹਿਲੇ ... ਨਾਲ ਹੀ ਲੈਅ ਸ਼ੁਰੂ ਹੋ ਜਾਂਦੀ ਹੈ ਤੇ ਅਖ਼ੀਰਲੇ ਅੱ... ਜਾ ਕੇ ਮੁਕ ਜਾਂਦੀ ਹੈ । ਰਿਦਮ ਦੀ ਇਹ ਇਕਾਈ ... ਆਪ ਵਿਚ ਸੰਪੂਰਨ ਹੈ ਤੇ ਸਿਧਾ ਮਨ ਨੂੰ ਟੁੰਬਦੀ ਹੈ ।

ਬੋਲੀਆਂ ਦੇ ਕਈ ਰੂਪ ਹਨ । ਮੁਖ ਤੌਰ 'ਤੇ ... ਦੋ ਰੂਪਾਂ ਵਿਚ ਵੰਡ ਸਕਦੇ ਹਾਂ । ਇਕਤੁਕੀਆਂ ਬੋ... ਤੇ ਬਹੁ-ਤੁਕੀਆਂ ਅਥਵਾ ਲੰਮੀਆਂ ਬੋਲੀਆਂ । ਇਕ-ਤੁ... ਬੋਲੀਆਂ ਵਿਚ ਇਕੋ ਤੁਕ ਹੁੰਦੀ ਹੈ ਤੇ ਇਧੇ ਇਕਾਈ... ਰੂਪ ਤੇ ਲੈਅ ਦੇ ਪਖੋਂ ਸੰਪੂਰਨ ਹੁੰਦੀ ਹੈ, ਪਰ ਲੰ... ਬੋਲੀਆਂ ਵਿਚ ਇਕ ਤੋਂ ਵਧੀਕ ਦੋ ਤੁਕਾਂ ਹੁੰਦੀਆਂ ਹ... ਦੋ ਤੋਂ ਅਠ ਤੁਕਾਂ ਹੁੰਦੀਆਂ ਹਨ । ਇਹ ਲੰਮੀਆਂ ਬੋ... ਵੀ ਦੋ ਤਰ੍ਹਾਂ ਦੀਆਂ ਹਨ । ਕਈਆਂ ਵਿਚ ਤਾਂ ਹਰ...

ਗਿੱਧੇ ਦੀ ਬੋਲੀ ਸਾਰੀਆਂ ਕੁੜੀਆਂ ਰਲ ਕੇ ਪਾਂਦੀਆਂ ਤੇ ਨਾਲ ਨਾਲ ਨੱਚਦੀਆਂ ਤੇ ਤਾੜੀ ਮਾਰਦੀਆਂ ਹਨ ਪਰ ਭੰਗੜੇ ਦੀ ਬੋਲੀ ਇਕ ਲੜਕਾ ਸੁਰ ਨਾਲ ਗਾਂਦਾ ਤੇ ਬਾਕੀ ਚੁਪ ਸੁਣਦੇ ਤੇ ਅੰਤਲੇ ਤੁਕ ਦੀ ਉਡੀਕ ਕਰਦੇ ਹਨ, ਅੰਤਲੀ ਤੁਕ ਸਾਰੇ ਰਲ ਕੇ ਗਾਂਦੇ ਤੇ ਨਚਦੇ ਹਨ ।

ਬੋਲੀ ਦਾ ਵਿਸ਼ਾ ਪੰਜਾਬੀ ਜੀਵਨ ਦੇ ਖੇਤਰ ਜਿਤਨਾ ਹੀ ਵਿਸ਼ਾਲ ਤੇ ਬਹੁਰੰਗਾ ਹੈ। ਇਨ੍ਹਾਂ ਵਿਚ ਸਮੁੱਚਾ ਸਭਿਆਚਾਰ ਉਲੀਕਿਆ ਪਿਆ ਹੈ ।

(ਬ-280) **ਬੋੜਾ ਖੂਹ :**

ਬੱਚਿਆਂ ਦੀ, ਟਹਿਣਾਂ ਨਾਲ ਮਿਲਦੀ ਜੁਲਦੀ ਇਕ
ਖੇਡ, ਜਿਸ ਨੂੰ ਜ਼ਮੀਨ ਉੱਤੇ ਖ਼ਾਨੇ ਬਣਾ ਕੇ
ਖੇਡਿਆ ਜਾਂਦਾ ਹੈ । ਜ਼ਮੀਨ ਉੱਤੇ ਤੀਲੇ ਨਾਲ
ਖ਼ਾਨਾ ਬਣਾ ਲਿਆ ਜਾਂਦਾ ਹੈ, ਜਿਸ ਦੀ ਇ
ਮੇਲੀ ਜਾਂਦੀ, ਇਸ ਦੀਆਂ ਚਾਰੇ ਨੁਕਰਾਂ ਲ
ਮਿਲਾ ਦਿਤੀਆਂ ਜਾਂਦੀਆਂ ਹਨ, ਜਿਸ ਨਾ
ਬਣ ਜਾਂਦੇ ਹਨ । ਇਸ ਖੇਡ ਨੂੰ ਦੋ ਬੱਚੇ
ਨਾਲ ਖੇਡਦੇ ਹਨ । ਦੋਹਾਂ ਬੱਚਿਆਂ ਦੀਆਂ
ਵਖਰੇ ਰੰਗ ਦੀਆਂ ਹੁੰਦੀਆਂ ਹਨ ਤਾਂ ਜੋ ਇਕ
ਰਲਣ । ਫਿਰ ਵਾਰੋ ਵਾਰੀ ਚਾਲ ਚੱਲੀ ਜਾ
ਖੇਡ ਉਦੋਂ ਤਕ ਜਾਰੀ ਰਹਿੰਦੀ ਹੈ ਜਦੋਂ ਤ
ਦੀਆਂ ਸਾਰੀਆਂ ਗੀਟੀਆਂ ਮਰ ਨਾ ਜਾਣ ।

### (ਭ-1) ਭਉਣ :

ਕੀੜਿਆ ਦੇ ਭਉਣ ਦੇ ਆਲੇ ਦੁਆਲੇ, ਸਵੇਰੇ ਸ਼ਾਮੀਂ ਤਿਲ ਚੌਲੀ ਤੇ ਆਟਾ ਬਿਖੇਰਨਾ ਪੁੰਨ ਕਰਮ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਦਾ ਦਾਨ ਅਨੇਕਾਂ ਜੀਵਾਂ ਦੇ ਮੂੰਹ ਲਗਦਾ ਹੈ। ਨਿਸਚਾ ਹੈ ਕਿ ਅਗਲੇ ਲੋਕ ਵਿਚ, ਕੀੜੀਆਂ ਦੇ ਮੂੰਹ ਪਿਆ ਅੰਨ ਤੇ ਸਾਮਗਰੀ, ਹਜ਼ਾਰ ਗੁਣਾਂ ਵਧ ਹੋ ਕੇ ਦਾਨੀ ਨੂੰ ਪ੍ਰਾਪਤ ਹੁੰਦੀ ਹੈ।

### (ਭ-2) ਭਉਰੀ :

ਸਰੀਰ ਦੇ ਕਿਸੇ ਭਾਗ ਉਤੇ ਰੇਖਾਵਾਂ, ਵਾਲਾਂ ਜਾਂ ਰੋਮਾਂ ਦਾ ਬਣਿਆ ਭੰਵਰ ਦੀ ਸ਼ਕਲ ਦਾ ਚੱਕਰ, ਜਿਸ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆ ਹਨ। ਸਮੁਦ੍ਰ ਰਿਸ਼ੀ ਭਉਰੀ ਦੀ ਵਿਦਿਆ ਵਿਚ ਬੜਾ ਨਿਪੁੰਨ ਸੀ ਜਿਸ ਤੋਂ ਰਿਸ਼ੀ ਦੇ ਨਾਂ 'ਤੇ ਹੀ ਇਸ ਵਿਦਿਆ ਦਾ ਨਾਂ ਸਾਮੁਦ੍ਰਕ ਪੈ ਗਿਆ (ਵੇਖੋ : ਸਾਮੁਦ੍ਰਕ)।

ਹਰ ਮਨੁੱਖ ਦੀਆਂ ਉਂਗਲਾਂ ਉਤੇ ਰੇਖਾਂ ਦੀਆਂ ਭਉਰੀਆਂ ਹੁੰਦੀਆਂ ਹਨ, ਜੋ ਕਿਸੇ ਦੋਹਾਂ ਮਨੁੱਖਾਂ ਦੀਆਂ ਆਪਸ ਵਿਚ ਮੇਲ ਨਹੀਂ ਖਾਂਦੀਆਂ। ਇਹੋ ਕਾਰਨ ਹੈ ਕਿ ਸ਼ਨਾਖਤ ਲਈ ਕੀਮਤੀ ਦਸਤਾਵੇਜ਼ ਉਤੇ ਅੰਗੂਠੇ ਦੇ ਨਿਸ਼ਾਨ ਲਗਾ ਲਏ ਜਾਂਦੇ ਹਨ। ਜੋਤਿਸ਼ ਵਿਦਿਆ ਅਨੁਸਾਰ ਇਨ੍ਹਾਂ ਭੰਵਰੀਆਂ ਤੋਂ ਮਨੁੱਖ ਦੇ ਸੁਭਾਵ ਤੇ ਭਵਿੱਖ ਬਾਰੇ ਗਿਆਨ ਮਿਲ ਸਕਦਾ ਹੈ।

ਵਾਲਾਂ ਦੀਆਂ ਭਉਰੀਆਂ ਦਾ ਵੀ ਮਹੱਤਵ ਹੈ ਅਤੇ ਇਨ੍ਹਾਂ ਦੀ ਸ਼ਕਲ, ਅਕਾਰ ਤੇ ਕਿਸਮਾਂ ਦੇ ਕਈ ਤਰ੍ਹਾਂ ਦੇ ਸ਼ੁਭ ਅਸ਼ੁਭ ਫਲ ਮੰਨੇ ਗਏ ਹਨ। ਧਾਰਨਾ ਅਨੁਸਾਰ ਜੇ ਕਿਸੇ ਬੱਚੇ ਦੇ ਸਿਰ ਉਤੇ ਭਉਰੀ ਹੋਵੇ ਤਾਂ ਉਸ ਪਿਛੋਂ ਜਿਹੜਾ ਅਗਲਾ ਬੱਚਾ ਜੰਮਦਾ ਹੈ ਉਹ ਲੜਕਾ ਹੁੰਦਾ ਹੈ।

ਘੋੜੇ ਦੇ ਸਰੀਰ ਉਤੇ ਵੀ ਕਈ ਤਰ੍ਹਾਂ ਦੀਆਂ ਵਾਲਾਂ ਦੀਆਂ ਭਉਰੀਆਂ ਹੁੰਦੀਆ ਹਨ ਅਤੇ ਇਨ੍ਹਾਂ ਦੀ ਬਨਾਵਟ ਤੇ ਦਿਸ਼ਾ ਨੂੰ ਮੁਖ ਰਖ ਕੇ ਇਨ੍ਹਾਂ ਦੇ ਕਈ ਤਰ੍ਹਾਂ ਦੇ ਚੰਗੇ ਮੰਦੇ ਫੁਲ ਮੰਨੇ ਗਏ ਹਨ।

### (ਭ-3) ਭਈਆ ਦੂਜ :

ਕੱਤਕ ਦੇ ਚਾਨਣ ਪੱਖ ਦੀ ਦੂਜੀ ਤਿ
ਦੀਵਾਲੀ ਤੋਂ ਦੋ ਦਿਨ ਮਗਰੋਂ ਦੀ ਤਿੱਥ ਨੂੰ 'ਭ
ਕਹਿੰਦੇ ਹਨ। ਇਸ ਨੂੰ ਭੈਣ ਭਰਾ ਦਾ ਪੁਰਬ
ਜਾਂਦਾ ਹੈ। ਇਸ ਦਿਨ ਭੈਣਾਂ ਆਪਣੇ ਭਰਾ
ਉਤੇ ਟਿੱਕਾ ਲਗਾਂਦੀਆਂ ਹਨ। ਜਿਸ ਕਰਕੇ ਇ
ਨੂੰ 'ਟਿੱਕਾ' ਜਾਂ 'ਤਿਲਕ' ਵੀ ਕਿਹਾ ਜਾਂਦਾ
ਵਾਂਙ ਇਹ ਪੁਰਬ ਵੀ ਭੈਣ ਭਰਾ ਦੇ ਆਪਸੀ
ਪ੍ਰਤੀਕ ਹੈ ਤੇ ਇਸ ਦਾ ਮਨੋਰਥ ਵੀ ਭੈਣ ਭਰਾ
ਸਾਂਝ ਤੇ ਸਦਭਾਵਨਾ ਦਾ ਪ੍ਰਵਾਹ ਜਾਰੀ ਰਖਣਾ ਹੈ

ਭਈਆ ਦੂਜ ਨੂੰ ਸਨਾਤਨੀ ਵਿਚਾਰ ਵਾ
ਮੂੰਹ-ਝਾਖਰੇ ਇਸ਼ਨਾਨ ਕਰ ਕੇ, ਭਰਾ ਦੀ ਦ
ਤੇ ਸੁੱਖ ਲਈ, ਆਟੇ ਜਾਂ ਕੁਕੂਮ ਦਾ ਅਸ਼ਟ
ਬਣਾ ਕੇ ਵਰਤ ਦਾ ਸੰਕਲਪ ਕਰਦੀਆਂ ਹਨ।
ਭਰਾ/ਭਰਾਵਾਂ ਨੂੰ ਘਰ ਸੱਦ ਕੇ ਜਾਂ ਫਿਰ ਉ
ਜਾ ਕੇ ਟਿੱਕਾ ਲਗਾਂਦੀਆਂ ਹਨ। ਟਿੱਕਾ ਸੁੱਚੇ ਮੂੰਹ
ਜਾਂਦਾ ਹੈ। ਟਿੱਕਾ ਲਗਾਉਣ ਮਗਰੋਂ ਭੈਣ,
ਵਿਚ, ਮਠਿਆਈ ਪਾਉਂਦੀ ਹੈ ਅਤੇ ਭਰਾ
ਰੁਪਏ ਭੇਟ ਕਰਦਾ ਹੈ। ਜਿਹੜੀਆਂ ਭੈਣਾਂ ਦੇ
ਰਹਿੰਦੇ ਹੋਣ, ਉਹ ਘਰ ਦੀ ਕਿਸੇ ਕੰਧ ਉਤੇ ਭ
ਦੀ ਮੂਰਤੀ, ਗੇਰੂ ਮਿੱਟੀ ਨਾਲ ਉਲੀਕ ਕੇ, ਉ
ਧੂਪ, ਦੀਵੇ ਤੇ ਨਵੇਦ ਆਦਿ ਨਾਲ ਕਰ
ਮਠਿਆਈ ਦਾ ਭੋਗ ਲਗਾਂਦੀਆਂ ਹਨ।

ਸਕੰਦ ਪੁਰਾਣ ਅਨੁਸਾਰ ਜੋ ਭੈਣ ਭਈਅ
ਦਿਨ ਭਰਾ ਨੂੰ ਟਿੱਕਾ ਲਗਾ ਕੇ, ਉਸ ਨੂੰ ਭੋਜ
ਉਹ ਕਦੇ ਵਿਧਵਾ ਨਹੀਂ ਹੁੰਦੀ ਤੇ ਉਸ ਦ
ਲੰਮੀ ਉਮਰ ਭੋਗਦਾ ਹੈ।

ਇਸ ਤਿੱਥ ਬਾਰੇ, ਪੁਰਾਣਾਂ ਵਿਚ ਇਕ
ਹੈ। ਇਕ ਵਾਰ ਕੱਤਕ ਦੀ ਚਾਨਣ ਪੱਖ
ਯਮਰਾਜ ਆਪਣੀ ਭੈਣ ਯਮੁਨਾ ਦੇ ਘਰ ਆਇਆ

ਨੇ ਉਸ ਦਾ ਆਦਰ ਭਾਉ ਕਰਨ ਉਪ੍ਰੰਤ, ਉਸ ਦੇ ਮੱਥੇ ਉਤੇ ਟਿੱਕਾ ਲਗਾਇਆ ਤੇ ਪ੍ਰਸ਼ਾਦ ਖਵਾਇਆ। ਯਮਰਾਜ ਨੇ ਪ੍ਰਸੰਨ ਹੋ ਕੇ ਭੈਣ ਨੂੰ ਕੁਝ ਦਾਤਾਂ ਦਿਤੀਆਂ। ਫਿਰ ਕੁਝ ਮੰਗਣ ਲਈ ਕਿਹਾ। ਭਾਵਨਾ ਵਿਚ ਡੁੱਬੀ ਭੈਣ ਨੇ ਕਿਹਾ ਕਿ ਉਹ ਇਸ ਤਿੱਥ ਨੂੰ ਹਰ ਸਾਲ ਆ ਕੇ ਉਸ ਦਾ ਘਰ ਪਵਿਤ੍ਰ ਕਰਿਆ ਕਰੇ। ਉਦੋਂ ਤੋਂ ਇਸ ਤਿੱਥ ਦਾ ਨਾਂ ਭਈਆ ਦੂਜ' ਪੈ ਗਿਆ ਤੇ ਇਸ ਤਿੱਥ ਨੂੰ ਭੈਣਾਂ ਭਰਾਵਾਂ ਦੇ ਮੱਥੇ ਟਿੱਕਾ ਲਗਾਣ ਲਗੀਆਂ।

ਇਸ ਤਿੱਥ ਨੂੰ, ਕਈ ਸਨਾਤਨੀ ਘਰਾਂ ਵਿਚ ਯਮਰਾਜ, ਚਿਤ੍ਰਗੁਪਤ ਤੇ ਯਮੁਨਾ ਦੀ ਪੂਜਾ ਵੀ ਕੀਤੀ ਜਾਂਦੀ ਹੈ। ਯਮ ਦੀ ਪੂਜਾ ਕਰਨ ਵਾਲੇ ਸਨਾਤਨੀ ਇਸ ਨੂੰ 'ਯਮ ਦੂਜ' ਵੀ ਕਹਿੰਦੇ ਹਨ। ਕਈ ਸਨਾਤਨੀ ਲੋਕ, ਇਸ ਦਿਨ ਕਲਮ ਦਵਾਤ ਜੋ ਚਿਤਰ-ਗੁਪਤ ਦੀ ਬੋਧਿਕ ਹੈ, ਦੀ ਪੂਜਾ ਕਰਦੇ ਤੇ ਧੂਪ ਦੀਪ ਜਗਾ ਕੇ ਆਰਤ੍ਰੀ ਉਤਾਰਦੇ ਹਨ।

ਇਸ ਦਿਨ ਯਮੁਨਾ ਦੇ ਇਸ਼ਨਾਨ ਦਾ ਵੀ ਬੜਾ ਮਹੱਤਵ ਹੈ। ਇਕ ਕਥਾ ਅਨੁਸਾਰ ਇਸ ਤਿੱਥ ਨੂੰ ਯਮੁਨਾ ਨੇ ਯਮਰਾਜ ਨੂੰ ਭੋਜਨ ਖਵਾ ਕੇ ਇਹ ਵਰ ਮੰਗਿਆ ਸੀ ਕਿ ਜੋ ਭਰਾ ਮੇਰੇ ਜਲ ਵਿਚ ਆਪਣੀ ਭੈਣ ਦੇ ਨਾਂ ਦਾ ਇਸ਼ਨਾਨ ਕਰੇਗਾ, ਉਹ ਲੰਮੀ ਉਮਰ ਭੋਗੇਗਾ ਤੇ ਨਰਕ ਨਹੀਂ ਸਿਧਾਰੇਗਾ।

## (ਭ-4) ਭਸਮ :

ਲੱਕੜੀ ਜਾਂ ਗੋਹਿਆਂ ਦੀ ਸਵਾਹ ਜਿਸ ਨਾਲ ਕਈ ਤਰ੍ਹਾਂ ਦੇ ਵਿਸ਼ਵਾਸ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਭਸਮ ਨੂੰ ਸਦਾ ਪਵਿਤ੍ਰ ਸਮਝਿਆ ਜਾਂਦਾ ਹੈ, ਕਿਉਂ ਜੋ ਲਕੜੀ ਜਾਂ ਗੋਹੇ ਅਗਨ-ਪ੍ਰੀਖਿਆ ਵਿਚੋਂ ਲੰਘ ਕੇ, ਭਸਮ ਦਾ ਰੂਪ ਧਾਰਨ ਕਰਦੇ ਹਨ। ਅਗਨੀ ਜਿਸ ਚੀਜ਼ ਨੂੰ ਛੂਹ ਜਾਵੇ, ਉਹ ਪਵਿਤ੍ਰ ਹੋ ਜਾਂਦੀ ਤੇ ਉਸ ਦੀ ਸਾਰੀ ਮਲੀਨਤਾ ਨਸ਼ਟ ਹੋ ਜਾਂਦੀ ਹੈ।

ਚੁੱਲ੍ਹੇ ਦੀ ਸਵਾਹ ਨੂੰ ਵੀ ਬੜਾ ਪਵਿਤ੍ਰ ਮੰਨਿਆ ਜਾਂਦਾ ਹੈ। ਇਸੇ ਕਰਕੇ ਰਸੋਈ ਦੇ ਜੂਠੇ ਭਾਂਡੇ ਸਵਾਹ ਨਾਲ ਮਾਂਜਣ ਦਾ ਰਵਾਜ ਹੈ। ਧੂਣੀ ਦੀ ਸਵਾਹ ਵਿਚ ਅਧਿਆਤਮਕ ਅੰਸ਼ ਵਿਦਮਾਨ ਮੰਨਿਆ ਗਿਆ ਹੈ, ਕਿਉਂ ਜੋ

ਇਸ ਨਾਲ ਅਨੇਕਾਂ ਅਸਾਧ ਰੋਗ, ਦਲਿਦਰ
ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜੋਗੀ
ਸ਼ਰਧਾਲੂਆਂ ਨੂੰ ਹਰ ਬੀਮਾਰੀ ਲਈ ਚੁਟਕੀ
ਭਸਮ ਦੇਂਦੇ ਹਨ। ਦੁੱਖਦੇ ਅੰਗਾਂ 'ਤੇ ਭਸ
ਜਾਂ ਚੁਟਕੀ ਭਰ ਖਾ ਲੈਣ ਨਾਲ, ਰੋਗ
ਮੰਨਦੇ ਹਨ।

ਜੋਗੀ ਤੇ ਸਾਧ-ਸੰਤ ਸਵਾਹ ਨੂੰ, ਪ
ਆਪਣੇ ਸਰੀਰ ਉਤੇ ਵੀ ਮਲਦੇ ਹਨ। ਇਸ
ਮਲਣ ਨਾਲ ਕਾਇਆ ਕਲਪ ਹੋ ਜਾਂਦਾ ਹੈ
ਪਵਿਰਤੀਆਂ ਉਭਰਦੀਆਂ ਤੇ ਕਾਮਾਦਿਕ
ਹੋ ਜਾਂਦੀਆਂ ਹਨ। ਕਈ ਸਾਧੂ ਤੇ ਜੋਗੀ
ਸ਼ਿਵਲਿੰਗ ਦੇ ਉਪਾਸ਼ਕ ਤਾਂ ਪਵਿਤ੍ਰਤਾ ਲਈ
ਕਰਦੇ ਹਨ। ਬ੍ਰਾਹਮਣ ਵੀ ਧਾਰਮਿਕ ਸੰਸਕਾ
ਸਮੇਂ, ਕੁਝ ਭਸਮ ਮੱਥੇ ਉਤੇ ਮਲ ਲੈਂਦੇ
ਭਬੂਤ)।

ਲੋਹੜੀ ਦੀ ਧੂਣੀ ਦੀ ਸਵਾਹ ਨੂੰ ਵੀ ਬੜ
ਮੰਨਿਆ ਜਾਂਦਾ ਹੈ। ਸਨਾਤਨੀ ਵਿਚਾਰਾਂ
ਲੋਹੜੀ ਦੀ ਸਵਾਹ ਤੇ ਕੋਲੇ ਘਰ ਦੀ ਚੁ
ਦੇਂਦੇ ਹਨ। ਲੋਹੜੀ ਦੀ ਸਵਾਹ ਨੂੰ ਕਈ
ਲਈ ਔਸ਼ਧੀ ਵੀ ਮੰਨਿਆ ਜਾਂਦਾ ਹੈ। ਲੋਕ
ਰੋਗਾਂ ਲਈ ਵਰਤਦੇ ਹਨ।

ਸਵਾਹ ਭਸਮ ਨੂੰ ਟੂਣੇ ਟੱਪੇ ਲਈ
ਜਾਂਦਾ ਹੈ। ਟੂਣੇ-ਹਾਰੀਆਂ ਮੰਤਰ ਦੀ ਸਿ
ਚੁਲ੍ਹਿਆਂ ਦੀ ਸਵਾਹ ਇਕੱਠੀ ਕਰ ਕੇ, ਉ
ਫੂਕਦੀਆਂ ਤੇ ਭਸਮ ਚੌਰਾਹੇ ਵਿਚ ਰੱਖ ਦੇ ਟੂ
ਹਨ। ਸੱਤ ਚੁਲ੍ਹਿਆਂ ਦੀ ਸਵਾਹ ਇਕੱਠੀ
ਕਿਸੇ ਦੇ ਸਿਰ ਉਤੇ ਪਾ ਦਿਤੀ ਜਾਵੇ ਤਾਂ ਉਹ
ਨਿਰਬਲ, ਰੋਗੀ ਤੇ ਦਲਿਦਰੀ ਰਹਿੰਦਾ ਹੈ
ਸਵਾਹ ਦੁਆਰਾ ਵੀ ਟੂਣੇ ਟੱਪੇ ਕੀਤੇ ਜਾਂਦੇ
'ਕੱਚਾ ਮਸਾਣ' ਕਹਿੰਦੇ ਹਨ। 'ਕੱਚਾ ਮਸਾਣ'
ਜਾਂ ਇਸ ਦੀ ਮੁੱਠ ਕਿਸੇ ਦੁਸ਼ਮਣ ਉਤੇ ਸੁਟਣ
ਘੁਲ ਘੁਲ ਕੇ ਮਰ ਜਾਂਦਾ ਹੈ। ਸੱਤਾਂ ਸ਼ਿਵਿ
ਇਕੱਠੀ ਕਰ ਕੇ, ਜੇ ਕਿਸੇ ਦੇ ਵਿਹੜੇ ਸੁਟ ਦਿ
ਮੌਤ ਉਸ ਘਰ ਡੇਰਾ ਪਾ ਲੈਂਦੀ ਹੈ।

**(ਭ-5) ਭਸਮਾਸੁਰ :**

ਇਕ ਅਸੁਰ, ਜਿਸ ਨੇ ਸ਼ਿਵ ਦੀ ਉਪਾਸਨਾ ਕਰ ਕੇ, ਉਸ ਤੋਂ ਇਹ ਵਰ ਪ੍ਰਾਪਤ ਕਰ ਲਿਆ ਸੀ ਕਿ ਜਿਸ ਸ਼ਖ਼ਸ ਦੇ ਸਿਰ ਤੇ ਉਹ ਹੱਥ ਰਖੇਗਾ, ਉਹ ਉਸੇ ਛਿਣ ਭਸਮ ਹੋ ਜਾਵੇਗਾ। ਭਸਮਾਸੁਰ ਦੀ ਕਥਾ ਭਾਗਵਤ (ਸਕੰਧ 10, ਅ:88) ਅਤੇ ਦਸਮ ਗ੍ਰੰਥ (ਉਪਾਖਾਨ ਚਰਿਤ੍ਰ 141) ਵਿਚ ਮਿਲਦੀ ਹੈ।

ਸ਼ਿਵ ਤੋਂ ਵਰ ਪ੍ਰਾਪਤ ਕਰਨ ਮਗਰੋਂ ਭਸਮਾਸੁਰ ਦੀ ਨੀਅਤ, ਪਾਰਬਤੀ ਦੀ ਸੁੰਦਰਤਾ ਵੇਖ ਕੇ, ਖੋਟੀ ਹੋ ਗਈ ਤੇ ਉਸ ਨੇ ਪਾਰਬਤੀ ਨੂੰ ਪ੍ਰਾਪਤ ਕਰਨ ਲਈ ਸ਼ਿਵ ਨੂੰ ਭਸਮ ਕਰ ਦੇਣਾ ਚਾਹਿਆ। ਸ਼ਿਵ ਜਾਨ ਬਚਾਣ ਲਈ ਲੁਕਦਾ ਫਿਰਿਆ ਅਤੇ ਕ੍ਰਿਸ਼ਨ ਨੇ ਸ਼ਿਵ ਦੀ ਸਹਾਇਤਾ ਕਰਨ ਲਈ ਭਸਮਾਸੁਰ ਨੂੰ ਕਿਸੇ ਢੰਗ ਨਾਲ ਆਪਣੇ ਸਿਰ ਉਤੇ ਹੱਥ ਰੱਖਣ ਲਈ ਵਰਗਲਾ ਲਿਆ। ਫਲਸਰੂਪ ਭਸਮਾਸੁਰ ਖ਼ੁਦ ਸਵਾਹ ਹੋ ਗਿਆ।

ਦਸਮ ਗ੍ਰੰਥ ਵਿਚ ਇਸ ਦਾਨਵ ਦਾ ਨਾਉਂ ਭਸਮਾਂਗਦ ਲਿਖਿਆ ਹੈ ਅਤੇ ਚਰਿਤ੍ਰ 141 ਅਨੁਸਾਰ ਪਾਰਬਤੀ ਨੇ ਸ਼ਿਵ ਨੂੰ ਬਚਾਉਣ ਲਈ ਭਸਮਾਸੁਰ ਨੂੰ ਕਿਹਾ ਕਿ ਉਸ ਦੀ ਇਹ ਸ਼ਕਤੀ ਖੀਣ ਹੋ ਗਈ ਹੈ ਤੇ ਜੇ ਉਸ ਨੂੰ ਵਿਸ਼ਵਾਸ਼ ਨਹੀਂ ਤਾਂ ਆਪਣੇ ਸਿਰ ਉਤੇ ਹੱਥ ਰਖ ਕੇ ਵੇਖੇ, ਇਕ ਰੋਮ ਵੀ ਨਹੀਂ ਜਲੇਗਾ। ਪਾਰਬਤੀ ਦੀ ਸੁੰਦਰਤਾ ਦੇ ਪ੍ਰਭਾਵ ਹੇਠ ਭਸਮਾਸੁਰ ਨੇ ਆਪਣੇ ਸਿਰ ਉਤੇ ਹੱਥ ਰਖਿਆ ਤੇ ਉਸੇ ਵੇਲੇ ਸਵਾਹ ਹੋ ਗਿਆ।

**(ਭ-6) ਭਸੀਣ :**

ਖਤ੍ਰੀਆਂ ਦੀ ਇਕ ਗੋਤ, ਜੋ ਖੁਖਰਾਣ ਭਾਈਚਾਰੇ ਨਾਲ ਸੰਬੰਧਿਤ ਹਨ। ਇਨ੍ਹਾਂ ਦੇ ਬਹੁਤੇ ਰੀਤ ਰਵਾਜ ਖੁਖਰਾਣਾਂ ਵਾਲੇ ਹੀ ਹਨ।

**(ਭ-7) ਭਹੋਕਾ ਚੜ੍ਹਨਾ :**

ਪਹਿਲੇ ਗਰਭ ਨਾਲ ਸਬੰਧਿਤ ਇਕ ਰੀਤ, ਜੋ ਗਰਭ ਦੇ ਸਤਵੇਂ ਮਹੀਨੇ ਕੀਤੀ ਜਾਂਦੀ ਹੈ। ਸਬੰਧਿਤ ਤੀਵੀਂ ਦੇ ਪੇਕੇ ਉਸ ਲਈ ਕੁਝ ਕਪੜੇ, ਮਠਿਆਈ ਤੇ ਹੋਰ ਚੀਜ਼ਾਂ ਭੇਜਦੇ ਹਨ। ਏਕਮ ਵਾਲੇ ਦਿਨ ਉਹ ਰਸਮੀ ਢੰਗ ਨਾਲ

ਜਾਂਦਾ ਹੈ।

**(ਭ-8) ਭੱਗ :**

ਪੁਰਾਣਿਕ ਕਥਾਵਾਂ ਅਨੁਸਾਰ ਇੰਦਰ ਨੇ ਗੌਤਮ
ਦਾ ਰੂਪ ਧਾਰ ਕੇ ਅਹਿਲਿਆ ਨਾਲ ਆਪਣੀ ਕਾਮ
ਪੂਰੀ ਕੀਤੀ ਤਾਂ ਰਿਸ਼ੀ ਦੇ ਸਰਾਪ ਨਾਲ ਇੰਦਰ ਦੇ ਸ
ਉਤੇ ਸਹੰਸਰ ਭੱਗ ਉਭਰ ਆਏ। ਫਲਸਰੂਪ ਇੰਦਰ ਆ
ਮੂੰਹ ਛੁਪਾਂਦਾ ਫਿਰਦਾ ਸੀ।

**(ਭ-9) ਭੰਗ :**

ਨਸ਼ਾ ਦੇਣ ਵਾਲੀ ਇਕ ਬੂਟੀ; ਇਸ ਦੀ ਉਤਪਤੀ
ਇਕ ਮਿੱਥ ਪ੍ਰਚਲਤ ਹੈ : ਇਕ ਵਾਰ ਸ਼ਿਵ ਸਮਾਧੀ
ਲੀਨ ਸਨ ਕਿ ਉਨ੍ਹਾਂ ਦੇ ਮੂੰਹ ਵਿਚੋਂ ਇਕ ਰਾਲ਼ ਦ
ਭੋਇੰ ਤੇ ਜਾ ਪਈ। ਭੋਇੰ ਨੇ ਆਦਰ ਨਾਲ ਉ
ਆਪਣੀ ਹਿੱਕ ਵਿਚ ਸਮਾ ਲਿਆ ਤੇ ਉਥੋਂ ਭੰਗ ਦਾ
ਉਗਿਆ। ਸ਼ਿਵ ਨਾਲ ਸਬੰਧਿਤ ਹੋਣ ਕਰ ਕੇ ਸ਼ਿ
ਉਪਾਸਕ ਜੋਗੀ, ਸੰਨਿਆਸੀ ਤੇ ਅਵਧੂਤ ਭੰਗ ਦਾ ਸ
ਕਰਦੇ ਹਨ। ਭੰਗੀਆਂ ਬਾਰੇ ਬੇਸ਼ੁਮਾਰ ਤੁਕਾਂ ਤੇ ਵਿ
ਪ੍ਰਚਲਤ ਹਨ (ਵੇਖੋ : ਭੰਗੀ)।

**(ਭ-10) ਭਗਤ :**

ਜ਼ਾਹਿਰ ਪੀਰ ਦੇ ਉਹ ਪੈਰੋਕਾਰ, ਜੋ ਪੀਰ ਦਾ
ਖਤਾ ਕਰਨ ਦੇ ਅਧਿਕਾਰੀ ਹੁੰਦੇ ਹਨ। ਭਗਤ ਲਈ ਪਹਿ
ਜ਼ਾਹਿਰ ਪੀਰ ਦੀ ਮਾੜੀ ਦੀ ਜ਼ਿਆਰਤ ਕਰਨੀ ਜ਼ਰੂਰੀ
ਇਹ ਮਾੜੀ ਬਾਗੜ ਵਿਚ ਹੈ। ਇਥੋਂ ਹੀ ਇਨ੍ਹਾਂ ਨੂੰ
ਫੇਰਨ ਦਾ ਅਧਿਕਾਰੀ ਥਾਪਿਆ ਜਾਂਦਾ ਹੈ ਤੇ ਪੀਰ ਦਾ
ਸਿਰੋਪੇ ਵਜੋਂ ਦਿਤਾ ਜਾਂਦਾ ਹੈ।

ਜਦੋਂ ਕੋਈ ਮਿਹਤਰ ਬਾਗੜ ਦੀ ਯਾਤ੍ਰਾ ਲਈ ਜਾਂਦ
ਤਾਂ ਉਸ ਦੇ ਪ੍ਰਵਾਰ ਦੇ ਲੋਕ, ਖ਼ਾਸ ਤੌਰ ਤੇ ਤੀਵੀਆਂ
ਜ਼ਬਤ ਵਿਚ ਰਹਿੰਦੀਆਂ ਹਨ ਤੇ ਕਰੜਾ ਸੰਜਮੀ ਜੀ
ਬਤੀਤ ਕਰਦੀਆਂ ਹਨ। ਯਾਤ੍ਰਾ ਉਤੇ ਗਏ ਸ਼ਖ਼ਸ
ਤੀਵੀਂ ਦਿਨ ਵਿਚ ਤਿੰਨ ਵਾਰ ਜ਼ਾਹਿਰ ਪੀਰ ਦੇ ਢੁੰ
ਮਨ ਵਿਚ ਚਿਤਵਦੀ ਤੇ ਅਰਾਧਨਾ ਕਰਦੀ ਹੈ ਅਤੇ
ਹੀ ਘਰ ਤੋਂ ਬਾਹਰ ਉਸ ਰਾਹ ਵਲ ਜ਼ਿਮੀਂ ਉਤੇ

ਫੜਿਆ ਹੁੰਦਾ ਹੈ । ਉਸ ਦੇ ਸੱਜਣ ਮਿੱਤਰ ਉਸ ਦਾ ਸਵਾਗਤ ਕਰਨ ਲਈ ਇਕੱਠੇ ਹੁੰਦੇ ਹਨ ਤੇ ਉਸ ਨੂੰ ਆਦਰ ਮਾਣ ਨਾਲ ਘਰ ਲਿਆਉਂਦੇ ਹਨ । ਉਹ ਭਗਤ ਬਣ ਚੁਕਾ ਹੁੰਦਾ ਹੈ ਤੇ ਜ਼ਾਹਿਰ ਪੀਰ ਦਾ ਹਰ ਪੈਰੋਕਾਰ, ਆਦਰ ਨਾਲ ਉਸ ਨੂੰ ਪ੍ਰਣਾਮ ਕਰਦਾ ਹੈ । ਜੇ ਭਗਤਾਂ ਵਿਚੋਂ ਕੋਈ ਬੇਨੇਮੀ ਕਰੇ ਤਾਂ ਬਾਂਗਰ ਦਾ ਮੁਖੀ ਪ੍ਰਬੰਧਕ ਉਸ ਨੂੰ ਤਾੜਨਾ ਕਰਦਾ ਹੈ ।

(ਭ-11) **ਭਗਤ ਪੰਥੀ** :

(ੳ) ਨਾਨਕ ਪੰਥੀਆਂ ਦੀ ਇਕ ਸੰਪਰਦਾਇ; ਇਸ ਸੰਪਰਦਾਇ ਦੇ ਲੋਕ ਦੇਸ਼ ਵੰਡ ਤੋਂ ਪਹਿਲਾਂ ਡੇਰਾ ਇਸਮਾਈਲ ਖ਼ਾਨ ਦੀ ਤਹਿਸੀਲ ਤੇ ਬੰਨੂ ਦੇ ਜ਼ਿਲੇ ਵਿਚ ਕਾਫ਼ੀ ਗਿਣਤੀ ਵਿਚ ਮਿਲਦੇ ਸਨ ।

ਇਹ ਫ਼ਿਰਕਾ ਬ੍ਰਾਹਮਣਵਾਦ ਦੇ ਸਖ਼ਤ ਵਿਰੁਧ ਹੈ । ਭਗਤ ਪੰਥੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਹਨ ਅਤੇ ਕਰਮ ਕਾਂਡਾਂ ਵਿਚ ਵਿਸ਼ਵਾਸ਼ ਨਹੀਂ ਰਖਦੇ । ਉਹ ਨਿਤਨੇਮ ਤੇ ਜਾਪ 'ਤੇ ਜ਼ੋਰ ਦਿੰਦੇ ਹਨ । ਦਿਨ ਵਿਚ ਛੇ ਵਾਰ ਬਾਣੀ ਦਾ ਪਾਠ ਕਰਦੇ ਹਨ; ਸਰਘੀ ਵੇਲੇ, ਦੁਪਹਿਰ ਤੋਂ ਰਤਾ ਪਹਿਲਾਂ, ਦੁਪਿਹਰਾਂ ਤੋਂ ਬਾਅਦ, ਸ਼ਾਮ ਨੂੰ ਸੂਰਜ ਢਲਣ ਤੋਂ ਪਹਿਲਾਂ, ਤ੍ਰੰਘੀਆਂ ਤ੍ਰਿਕਾਲਾਂ ਵੇਲੇ ਤੇ ਰਾਤੀਂ ਸੌਣ ਵੇਲੇ । ਉਪਾਸਨਾ ਸਮੇਂ ਇਹ ਅੱਠ ਵਾਰ ਬੈਠਦੇ, ਅੱਠ ਵਾਰ ਉਠਦੇ ਤੇ ਅੱਠ ਵਾਰ ਡੰਡਉਤ ਕਰਦੇ ਹਨ ।

ਭਗਤ ਪੰਥੀਆਂ ਵਿਚ ਵਿਆਹ ਉਤੇ ਕੋਈ ਰੀਤ ਰਸਮ ਨਹੀਂ ਕੀਤੀ ਜਾਂਦੀ । ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਨੰਦ ਰੀਤੀ ਨਾਲ ਵਿਆਹ ਕਰਦੇ ਹਨ । ਵਿਆਹ ਦੀ ਰਸਮ ਧਰਮਸਾਲ ਵਿਚ ਹੀ ਕੀਤੀ ਜਾਂਦੀ ਹੈ ।

ਭਗਤ ਪੰਥੀ ਮੁਰਦਿਆਂ ਨੂੰ ਦਬਦੇ ਹਨ । ਸਿੱਖਾਂ ਵਾਂਙ 'ਦਾਹ-ਸੰਸਕਾਰ' ਨਹੀਂ ਕਰਦੇ । ਮਰਨ ਵਾਲੇ ਨਮਿਤ ਕੋਈ ਰੀਤ ਮਰਯਾਦਾ ਨਹੀਂ ਕੀਤੀ ਜਾਂਦੀ । ਹਾਂ, ਮੌਤ ਤੋਂ ਕੁਝ ਕੁ ਦਿਨ ਪਿਛੋਂ ਤਕ ਗੁਰੂ ਗ੍ਰੰਥ ਸਾਹਿਬ ਦਾ ਪਾਠ ਤੇ ਕੀਰਤਨ ਕੀਤਾ ਜਾਂਦਾ ਹੈ । ਸ਼ਰਾਧਾਂ ਤੇ ਪਿੰਡ-ਪੱਤਲਾਂ ਵਿਚ ਵਿਸ਼ਵਾਸ਼ ਨਹੀਂ ਰਖਦੇ ।

ਭਗਤ ਪੰਥੀਆਂ ਲਈ ਸਭ ਮਨੁੱਖ ਇਕ ਸਮਾਨ ਹਨ । ਉਹ ਛੂਤ ਛਾਤ ਤੇ ਸੂਤਕ ਪਾਤਕ ਨੂੰ ਨਹੀਂ ਮੰਨਦੇ । ਉਹ ਨਾ ਤੀਰਥਾਂ ਦੀ ਯਾਤ੍ਰਾ ਕਰਦੇ ਹਨ ਤੇ ਨਾ ਹੀ ਮੂਰਤੀਆਂ

ਗੋਬਿੰਦ ਸਾਸਤਰ ਆਪਣੇ ਭਗਤਾਂ ਦੀ ਅਗਵ
ਲਿਖਿਆ, ਇਸ ਪੰਥ ਦੇ ਪੈਰੋਕਾਰ ਆਦਿ ਗ੍ਰੰਥ ਨੂੰ
ਗੁਰੂ ਮੰਨਦੇ ਹਨ ।

ਇਸ ਸੰਪਰਦਾਇ ਦੀ ਮੁਖ ਵਿਸ਼ੇਸ਼ਤਾ
ਇਕ ਬੰਦਨਾ ਜੋ ਭਗਤ ਨੇ ਰਚੀ ਹੈ, ਦਿਨ ਵਿ
ਪੂਰਬ ਵਲ ਮੂੰਹ ਕਰ ਕੇ, ਮੁਸਲਮਾਨਾਂ ਵਾਂਗ ਹੀ
ਹੈ ਅਤੇ 'ਹਰੀ ਰਾਮ ਜੀ' 'ਹਰੀ ਗੋਬਿੰਦ ਜੀ'
ਭਗਵਾਨ ਜੀ' ਸ਼ਬਦ ਦੋਹਰਾਏ ਜਾਂਦੇ ਹਨ ।
ਵਾਂਙ ਬੰਦਨਾ ਤੋਂ ਪਹਿਲਾਂ ਪੰਜ ਇਸ਼ਨਾਨਾ ਜ਼ਰੂਰੀ

ਇਸ ਸੰਪਰਦਾਇ ਦੇ ਲੋਕ, ਗੋਤ ਦੇ ਅੰਦਰ
ਕਰਦੇ ਹਨ ਤੇ ਵਿਆਹ ਸਮੇਂ ਇਕੋ ਰੀਤ
ਮਠਾਈ ਵੰਡਣ ਦੀ ਕੀਤੀ ਜਾਂਦੀ ਹੈ । ਹਿੰਦੂ
ਪ੍ਰਚਲਤ, 'ਝੰਡ' ਦੀ ਰੀਤ ਵੀ ਇਸ ਸੰਪਰਦਾਇ ਵ
ਕਰਦੇ । ਪਰ ਜੰਞੂ ਪਹਿਨਣ ਦੀ ਰਸਮ ਜ਼ਰੂਰੀ
ਭਗਤ ਜੰਞੂ ਦਰਬਾਰ ਸਾਹਿਬ, ਅੰਮ੍ਰਿਤਸਰ ਜਾ ਕੇ
ਹਨ । ਮੌਤ ਨਾਲ ਸਬੰਧਿਤ ਕੋਈ ਰੀਤ ਨਹੀਂ ।
ਦੱਬ ਦਿਤਾ ਜਾਂਦਾ ਹੈ, ਸਾੜਿਆ ਨਹੀਂ ਜਾਂਦਾ
ਸਮੇਂ ਆਦਮੀ ਨੂੰ ਜੋਗੀ ਦੇ ਆਸਨ ਵਿਚ ਬੈਠ
ਜਾਂਦਾ ਹੈ ਤੇ ਮੌਤ ਪਿਛੋਂ ਜਾਂ ਤਾਂ ਲਾਸ਼ ਨੂੰ ਪਾਲ
ਬਿਠਾ ਕੇ ਸਮਾਧ ਬਣਾ ਦਿਤੀ ਜਾਂਦੀ ਹੈ ਜਾਂ ਦਰਿ
ਪ੍ਰਵਾਹ ਦਿਤਾ ਜਾਂਦਾ ਹੈ । ਮ੍ਰਿਤੂ ਤੋਂ ਪਿਛੋਂ
ਤਕ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ,
ਕੋਈ ਰੀਤ ਨਹੀਂ ਕੀਤੀ ਜਾਂਦੀ ।

ਇਸ ਸੰਪਰਦਾ ਵਿਚ ਵਿਧਵਾ ਵਿਆਹ ਕਰਨ
ਹੈ । ਇਹ ਬੁੱਤਾਂ ਨੂੰ ਨਹੀਂ ਪੂਜਦੇ ਤੇ ਨਿਰਗੁਣ
ਦੇ ਧਾਰਨੀ ਹਨ । ਪਰ ਜੂਨੀਆਂ ਵਿਚ ਵੀ ਵਿਸ਼ਵ
ਹਨ । ਇਸ ਸੰਪਰਦਾਇ ਦੇ ਪੈਰੋਕਾਰ 'ਰਾਮ
ਅਖਵਾਉਂਦੇ ਹਨ, ਇਹ ਨਾਂ ਦੂਜੇ ਲੋਕਾਂ ਨੇ ਇਨ੍ਹਾਂ
ਕਿਉਂ ਜੋ ਇਹ ਰਾਮ ਨੂੰ ਨਿਮਾਜ਼ ਦੀ ਸ਼ਕਲ ਵਿਚ
ਕਰਦੇ ਹਨ । ਇਸ ਮਤ ਦਾ ਮੋਢੀ, ਬ੍ਰਾਹਮਣਾਂ
ਵਿਰੁਧ ਸੀ ਤੇ ਉਸ ਨੇ ਹਿੰਦੂ, ਸਿੱਖ ਤੇ ਮੁਸਲਮ
ਧਰਮਾਂ ਨੂੰ ਰਲਾ ਕੇ ਨਵੀਂ ਸੰਪਰਦਾਇ ਸ਼ੁਰੂ ਕੀਤੀ
ਲੋਕ ਵੈਸ਼ਨੋ ਹੁੰਦੇ ਹਨ ।

ਨਹੀਂ ਕਿ ਭਗਤੀ ਭਾਵਨਾ ਵਾਲੇ ਭਜਨ ਹੀ ਗਾਣ ।

ਭੱਗਤੀਆਂ ਦੇ ਫਿਰਕੇ ਦਾ ਮੁੱਢ ਕਾਂਸੀ ਰਾਮ ਨੇ ਬੰਨ੍ਹਿਆ । ਪਹਿਲਾਂ ਉਹ ਸਾਧਾਂ ਦਾ ਜੀਵਨ ਬਤੀਤ ਕਰਦੇ ਤੇ ਕੇਵਲ ਮੰਦਰਾਂ ਵਿਚ ਹੀ ਭਗਤੀ ਭਾਵਨਾ ਨਾਲ ਭਰੇ ਭਜਨ ਗਾ ਕੇ ਸੁਣਾਉਂਦੇ ਤੇ ਨੱਚਦੇ ਸਨ । ਹੌਲੇ ਹੌਲੇ ਇਨ੍ਹਾਂ ਨੇ ਨੱਚਣ ਗਾਉਣ ਨੂੰ ਪੇਸ਼ੇ ਦੇ ਤੌਰ ਤੇ ਅਪਣਾ ਲਿਆ ਤੇ ਮੰਦਰਾਂ ਤੋਂ ਬਾਹਰ ਪਿੰਡ ਦੇ ਪਰਿਆਂ ਵਿਚ ਵੀ ਗਾਉਣ ਲਗੇ । ਹੌਲੇ ਹੌਲੇ ਇਹ ਰਾਸਧਾਰੀਆਂ ਨਾਲ ਰਲ ਗਏ । ਰਾਸਧਾਰੀਏ ਮੁੰਡੇ ਨਿਰਤਿਆ ਕਰਦੇ ਤੇ ਭੱਗਤੀਏ ਭਜਨ ਗਾਇਆ ਕਰਦੇ । ਹੌਲੇ ਹੌਲੇ ਲੋਕੀਂ ਇਨ੍ਹਾਂ ਨੂੰ ਵਿਆਹ, ਸ਼ਾਦੀ ਤੇ ਹੋਰ ਮੰਗਲ ਕਾਰਜਾਂ ਉਤੇ ਨੱਚਣ ਗਾਣ ਲਈ ਵੀ ਸੱਦਣ ਲਗੇ ।

ਬਹਾਵਲਪੁਰ ਰਿਆਸਤ ਵਿਚ ਵੰਡ ਤੋਂ ਪਹਿਲਾਂ ਕਾਫ਼ੀ ਗਿਣਤੀ ਵਿਚ ਭੱਗਤੀਏ ਮਿਲਦੇ ਸਨ, ਜੋ ਵਿਆਹ ਸ਼ਾਦੀਆਂ ਤੇ ਹੋਰ ਮੌਕਿਆਂ ਉਤੇ ਨਚਿਆ ਗਾਇਆ ਕਰਦੇ ਸਨ । ਉਥੇ ਭੱਗਤੀਏ ਦੋ ਤਰ੍ਹਾਂ ਦੇ ਸਨ । ਇਕ 'ਖੜੇ ਭੱਗਤੀਏ' ਤੇ ਦੂਜੇ 'ਬੈਠੇ ਭੱਗਤੀਏ' । ਖੜੇ ਭੱਗਤੀਏ ਖਲੋ ਕੇ ਗਾਉਂਦੇ ਤੇ ਨਚਿਆ ਵੀ ਕਰਦੇ ਸਨ ਪਰ ਬੈਠੇ ਭੱਗਤੀਏ ਕੇਵਲ ਬੈਠ ਕੇ ਭਜਨ ਗਾਉਂਦੇ ਸਨ । ਬਹਾਵਲਪੁਰ ਵਿਚ ਭੱਗਤੀਏ ਹਮੇਸ਼ਾ ਹਿੰਦੂ ਹੁੰਦੇ ਸਨ । ਉਹ ਕਾਫ਼ੀ ਤੇ ਦੋਹਰੇ ਵੀ ਗਾਇਆ ਕਰਦੇ ਸਨ ।

## (ਭ-13) ਭਗ ਦੇਵਤਾ ।

ਇਕ ਵੈਦਿਕ ਦੇਵਤਾ, ਜਿਸ ਦਾ ਜ਼ਿਕਰ ਰਿਗਵੇਦ ਵਿਚ ਆਉਂਦਾ ਹੈ । ਜੌਨ ਡੌਸਨ (ਹਿੰਦੂ ਮਿਥਿਹਾਸ ਕੋਸ਼) ਲਿਖਦਾ ਹੈ : ਇਸ ਦੇਵਤੇ ਦਾ ਵਿਅਕਤਿਤਵ ਤੇ ਸ਼ਕਤੀਆਂ ਬੜੀਆਂ ਅਸਪਸ਼ਟ ਹਨ । ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਧਨ ਪ੍ਰਦਾਨ ਕਰਨ ਵਾਲਾ ਅਤੇ ਵਿਆਹਾਂ ਦੀਆਂ ਰਸਮਾਂ ਦੀ ਪ੍ਰਧਾਨਤਾ ਕਰਨ ਵਾਲਾ ਹੈ । ਇਸ ਨੂੰ ਆਦਿਤਯ ਤੇ ਵਿਸ਼ਵਦੇਵਾਂ ਨਾਲ ਸ਼੍ਰੇਣੀਬੱਧ ਕੀਤਾ ਜਾਂਦਾ ਹੈ ।

## (ਭ-14) ਭੰਗੜਾ :

ਪੰਜਾਬ ਦੇ ਲੋਕ-ਨਾਚਾਂ ਵਿਚ ਸਭ ਤੋਂ ਵਧ ਦਿਲ-ਟੁੰਬਵਾਂ ਤੇ ਪਿਆਰਾ ਨਾਚ ਭੰਗੜਾ ਹੈ । ਪੰਜਾਬ ਦੇ ਅਲਬੇਲੇ ਗਭਰੂਆਂ

ਵਿਚ ਇਕ ਬੀਰ-ਰਸੀ ਘੂਕਰ ਹੈ, ਇਕ ਨਾਚ
'ਵਾਰ' ਦੀ ਭਾਵਨਾ ਸਮਾਈ ਹੋਈ ਹੈ । ਜੋਸ਼ ਤੇ
ਘੂਕਵੀਂ ਚਾਲ ਦੇ ਪੱਖੋਂ ਭਾਰਤ ਦਾ ਕੋਈ ਵੀ
ਇਸ ਦਾ ਮੁਕਾਬਲਾ ਨਹੀਂ ਕਰ ਸਕਦਾ । ਇ
ਆਪਣੇ ਆਪ ਵਿਚ ਇਕ ਮਹਾਂ ਕਾਵਿ ਹੈ । ਮ
ਵਾਲੀ ਸਾਰੀ ਵਿਲੱਖਣਤਾ ਤੇ ਸੁਹਜ ਇਸ ਵਿਚ ਹੈ
ਨੱਚਣ ਲਈ ਤਕੜੇ ਜੁੱਸੇ, ਚੌੜੀ ਛਾਤੀ ਤੇ ਸਾਹਸ
ਹੈ । ਇਸੇ ਲਈ ਇਹ ਨਾਚ ਇਕ ਸਾਧਨਾ ਹੈ,
ਪੂਰੇ ਵੇਗ ਨਾਲ ਨੱਚਣ ਦੀ ਸ਼ਕਤੀ ਕੇਵਲ
ਵਿਚ ਹੀ ਹੈ । ਪੰਜਾਬੀ ਸਦਾ ਇਸ ਨਾਚ ਨੂੰ ਸਹਿਜ
ਮਾਣ ਨਾਲ ਨੱਚਦੇ ਹਨ ।

ਇਹ ਲੋਕ-ਨਾਚ, ਪੰਜਾਬ ਦੀ ਕਿਰਸਾਨੀ
ਜਿਤਨਾ ਹੀ ਪ੍ਰਾਚੀਨ ਹੈ । ਪਹਿਲਾਂ ਪਹਿਲ ਜਦੋਂ
ਨੇ ਹਰੀਆਂ ਫ਼ਸਲਾਂ ਨੂੰ ਸੁਨਹਿਰੀ ਸਿੱਟੇ ਪੈਂਦੇ
ਉਨ੍ਹਾਂ ਦਾ ਮਨ ਹੁਲਾਰੇ ਵਿਚ ਆ ਕੇ ਨੱਚ ਖਲੋਤਾ ।

ਲੰਮੀ ਘਾਲਨਾ ਤੇ ਕਰੜੀ ਮਿਹਨਤ ਨੂੰ ਸੁਨਿ
ਲਗਿਆ ਵੇਖ, ਕਿਸ ਦਾ ਦਿਲ ਨਹੀਂ ਨੱਚ
ਮੁੱਢ ਵਿਚ ਇਹ ਨਾਚ, ਫ਼ਸਲਾਂ ਦੀ ਉਪਜਾਉ
ਵਧਾਉਣ ਲਈ ਕੀਤੀਆਂ ਰੀਤਾਂ ਰਸਮਾਂ ਸਮੇਂ
ਵਿਚ ਨਚਿਆ ਜਾਂਦਾ ਸੀ । ਸਮੇਂ ਦੇ ਵਹਿਣ ਵਿਚ
ਨਿਖਰਦਾ ਇਹ ਅਜੋਕਾ ਰੂਪ ਧਾਰਨ ਕਰ ਗਿਆ ।
ਤੇ ਇਹ ਨਾਚ ਪੰਜਾਬੀ ਗਭਰੂ ਕਣਕਾਂ ਦੀ ਵਾਢੀ
ਵਿਸਾਖੀ ਉਤੇ ਨੱਚਦੇ ਹਨ । ਉਂਜ ਇਹ ਨਾਚ
ਮੰਗਲ ਕਾਰਜ ਸਮੇਂ ਬੇਕਾਬੂ ਹੋਏ ਜਜ਼ਬਿਆਂ ਦੇ ਵੇ
ਨੱਚ ਲਿਆ ਜਾਂਦਾ ਹੈ ।

ਭੰਗੜੇ ਦੇ ਨਾਚ ਦਾ ਕੋਈ ਖ਼ਾਸ ਪਹਿਰਾਵਾ
ਹੋਇਆ ਨਹੀਂ । ਕਿਸੇ ਪੁਸ਼ਾਕ ਵਿਚ ਹੀ ਦਿਲ
ਭੰਗੜੇ ਰਾਹੀਂ ਪ੍ਰਗਟ ਕਰ ਲਈਆਂ ਜਾਂਦੀਆਂ ਹਨ
ਵਾਰ ਸੁਹਜ ਤੇ ਇਕਸਾਰਤਾ ਲਈ, ਗਭਰੂ
ਖੁਲ੍ਹੀਆਂ ਬਾਹਵਾਂ ਵਾਲੇ ਚੁਸਤ ਕੁੜਤੇ, ਤੇੜ
ਲੱਠੇ ਦੀਆਂ ਪੰਜ ਪੰਜ ਗਜ਼ੀਆਂ ਖੜਕਵੀਆਂ
ਬੰਨ੍ਹ ਲੈਂਦੇ ਹਨ । ਕੁੜਤਿਆਂ ਉਤੇ ਲਾਲ, ਨਸ
ਕਾਲੇ ਰੰਗ ਦੀਆਂ ਵਾਸਕਟਾਂ ਸਜਾ ਲਈਆਂ
ਹਨ । ਸਿਰ ਉਤੇ ਤੁੱਰੇਦਾਰ ਪੱਗ, ਜਿਸ ਦੇ ਉ

ਢੱਗਾ ਮਾਰਦਾ ਹੈ ਤੇ ਨਚਾਰ ਢੋਲੀ ਦੇ ਆਲੇ ਦੁਆਲੇ ਘੇਰਾ ਪਾ ਲੈਂਦੇ ਹਨ ਤੇ ਤਾਲ ਉਤੇ ਨੱਚਣਾ ਸ਼ੁਰੂ ਕਰਦੇ ਹਨ। ਉਨ੍ਹਾਂ ਦੀ ਗਤੀ ਤਾਲ ਦੀ ਘਟਦੀ ਵਧਦੀ ਘੂਕਰ ਨਾਲ ਹੀ ਮੱਧਮ ਪੈਂਦੀ ਜਾਂ ਤੇਜ਼ੀ ਫੜਦੀ ਹੈ। ਨਚਾਰ ਤਾਲ ਨਾਲ ਇਕਸੁਰ ਹੋ ਕੇ ਸਰੀਰ ਨੂੰ ਹਲੂਣੇ ਦੇਂਦੇ, ਮੌਢਿਆਂ ਨੂੰ ਹਿਲੋਰਦੇ, ਬਾਹਵਾਂ ਨੂੰ ਲਹਿਰਾਂ ਵਾਂਗ ਉਛਾਲਦੇ, ਕਦੇ ਘੋੜੇ ਵਾਂਗ ਅੱਡੀਆਂ ਛੰਡਦੇ, ਕਦੇ ਪੈਰਾਂ ਨਾਲ ਧਮਕ ਦੇਂਦੇ ਤੇ ਕਦੇ ਠੁੱਮਕ ਠੁੱਮਕ ਨੱਚਦੇ ਹਨ। ਮੁੱਢ ਵਿਚ ਚਾਲ ਦੀ ਗਤੀ ਹੋਲੀ ਹੁੰਦੀ ਹੈ ਤੇ ਸਿਖਰ ਉਤੇ ਪਹੁੰਚ ਕੇ ਸਾਗਰ ਦੀਆਂ ਤੂਫ਼ਾਨੀ ਲਹਿਰਾਂ ਵਾਂਗ ਸ਼ੂਕਦੀ। ਨਚਾਰ, ਢੋਲੀ ਦੇ ਤਾਲ ਉਤੇ ਮਸਤੀ ਵਿਚ ਆ ਕੇ ਝੂਮਦੇ ਹੋਏ ਸਰੀਰ ਨੂੰ ਕਦੀ ਛੱਬੀਆਂ ਵਿਚ ਹਲੂਣੇ ਦੇਂਦੇ ਹਨ। ਹੋਲੀ ਹੋਲੀ ਢੋਲੀ ਆਪਣੇ ਤਾਲ ਨੂੰ ਤੇਜ਼ ਕਰਦਾ ਹੈ ਤੇ ਇਕ ਖ਼ਾਸ ਅੰਦਾਜ਼ ਵਿਚ ਕੁੜਕੁਟਵਾਂ ਢੋਲ ਮਾਰਦਾ ਹੈ। ਅਤੇ ਬੀਰ ਰਸੀ ਜਿਹੇ ਅਲਾਪ ਨਾਲ ਭੰਗੜਾ ਕਈ ਘੁੰਮਰੀਆਂ ਤੇ ਚੱਕਰੀਆਂ ਕਢਦਾ, ਸਿਖਰ ਉਤੇ ਪੁਜਦਾ ਹੈ। ਇੰਜ ਜਾਪਦਾ ਹੈ ਨਚਾਰਾਂ ਦਾ ਅੰਗ ਅੰਗ, ਢੋਲ ਦੇ ਤਾਲ ਉਤੇ ਹਿਲੋਰੇ ਲੈ ਰਿਹਾ ਹੋਵੇ ਤੇ ਤਾਲ ਦੀਆਂ ਸਵਰ-ਲਹਿਰੀਆਂ ਸਰੀਰ ਵਿਚ ਜਜ਼ਬ ਹੋ ਕੇ ਮੁੜ ਅੰਗਾਂ ਵਿਚੋਂ ਪ੍ਰਗਟ ਹੋ ਰਹੀਆਂ ਹੋਣ। ਨਚਾਰ 'ਹੋਏ', 'ਹੋਏ' 'ਬੱਲੇ' 'ਬੱਲੇ' ਜਾਂ 'ਹੂ ਵਾਊ' ਦੀਆਂ ਅਵਾਜ਼ਾਂ ਇਕ ਸਵਰ ਹੋ ਕੇ ਕਢਦੇ ਹਨ। ਢੋਲ ਦਾ ਡੱਗਾ, ਪੈਰਾਂ ਵਿਚਲੇ ਘੁੰਘਰੂਆਂ ਦੇ ਤਾਲਬਧ ਟੁਣਕਾਰ, 'ਹੋਏ ਹੋਏ' ਤੇ 'ਬੱਲੇ ਬੱਲੇ' ਦੀ ਬੀਰ ਰਸੀ ਧੁਨੀ ਸਭੇ ਰਲ ਕੇ ਇਕ ਅਨੂਠਾ ਵਾਤਾਵਰਨ ਰਚ ਧਰਦੇ ਹਨ।

ਝੱਟ ਕੁ ਪਿਛੋਂ ਨਚਾਰ ਰੁਕ ਜਾਂਦੇ ਹਨ ਅਤੇ ਉਨ੍ਹ ਵਿਚੋਂ ਕੋਈ ਇਕ ਗਭਰੂ, ਘੇਰੇ ਦੇ ਅੰਦਰ ਖਲੋ ਕੇ, ਇਕ ਹੱਥ ਕੰਨ ਉਤੇ ਅਤੇ ਦੂਜਾ ਉੱਚਾ ਚੁੱਕ ਕੇ ਬੋਲੀ ਪਾਉਂਦਾ ਹੈ:

ਅਸੀਂ ਗਭਰੂ ਦੇਸ ਪੰਜਾਬ ਦੇ
ਹਿੱਕਾਂ ਰਖਦੇ ਤਣੀਆਂ
ਕੱਠੇ ਹੋ ਕੇ ਪਾਈਏ ਬੋਲੀਆਂ
ਮੁੱਛਾਂ ਰਖਦੇ ਖੜ੍ਹੀਆਂ।
ਰਲ ਮਿਲ ਕੇ ਭੰਗੜਾ ਪਾਉਂਦੇ
ਕਦੇ ਨਾ ਸਹਿੰਦੇ ਤੜੀਆਂ।

ਮੁੱਕਣ ਉਤੇ ਢੋਲੀ ਫਿਰ ਨਾਚ ਵਾਲਾ ਤਾਲ
ਹੈ ਤੇ ਨਾਚ ਫਿਰ ਸ਼ੁਰੂ ਹੋ ਜਾਂਦਾ ਹੈ। ਨੱਚਣ
ਜ਼ਰੂਰੀ ਹੈ ਕਿ ਉਹ ਢੋਲ ਦੇ ਤਾਲ
ਅੰਗ-ਲਹਿਰੀਆਂ ਉਤੇ ਤ੍ਰੇੜੀ ਪੈਂਦਸ਼ ਨਹੀਂ,
ਚਾਹੇ ਪਿਆ ਕਰੇ। ਜਦੋਂ ਢੋਲ ਦਾ ਤਾਲ ਤੇਜ਼
ਹੋਵੇ, ਉਦੋਂ ਪੈਰ ਦੀ ਚਾਪ ਵੀ ਉਸੇ ਤੀਬਰ
ਹੋਣੀ ਚਾਹੀਦੀ ਹੈ।

ਕਈ ਵਾਰ ਨਾਚ ਦੇ ਦੌਰਾਨ ਠੁਮਕਦੇ ਹੋਏ
ਜੋਟੇ ਬਣਾ ਕੇ ਘੇਰੇ ਵਿਚ ਆ ਜਾਂਦੇ ਹਨ
ਆਹਮੋ-ਸਾਹਮਣੇ ਹੋ ਕੇ ਤੇ ਇਕ ਦੂਜੇ ਨਾ
ਸਰੀਰ ਨੂੰ ਝਟਕਦੇ, ਹਿਲੋਰਦੇ ਅਤੇ ਵਲਿਅਸ
ਇਨ੍ਹਾਂ ਹਰਕਤਾਂ ਤੋਂ ਉਨ੍ਹਾਂ ਦਾ ਜੋਸ਼, ਸਾਹਸ ਤੇ
ਝਲਕਦੀ ਹੈ। ਇਹ ਹਰਕਤਾਂ ਬਹੁਤੇ ਲੰਮੇ
ਕਰਨੀਆਂ ਕਠਨ ਹੁੰਦੀਆਂ ਹਨ। ਥੱਕ ਜਾਣ
ਠੁਮਕਦੇ ਹੋਏ ਮੁੜ ਘੇਰੇ ਵਿਚ ਜਾ ਰਲਦੇ ਹਨ
ਗਭਰੂ ਪਿੜ ਵਿਚ ਨਿਤਰ ਕੇ ਅਲਬੇਲੀਆਂ ਹ
ਕਰ ਦੇਂਦੇ ਹਨ। ਇਸ ਤਰ੍ਹਾਂ ਇਹ ਨਾਚ ਲਗ
ਕਈ ਘੰਟੇ ਤਕ ਨੱਚਿਆ ਜਾਂਦਾ ਹੈ।

ਭੰਗੜੇ ਦੀ ਸ਼ੈਲੀ ਵਿਚ, ਦੇਸ਼ ਦੇ ਸੁਤੰਤਰ
ਭਾਰੀ ਤਬਦੀਲੀ ਆਈ ਹੈ। ਭੰਗੜੇ ਦੀ
ਸੁਭਾਵਕਤਾ ਨੂੰ ਅੰਗਾਂ ਦੀਆਂ ਕੋਮਲ ਅਦਾਵਾਂ ਤੇ
ਦੀ ਬਰੀਕੀ ਵਿਚ ਬਦਲਿਆ ਜਾ ਰਿਹਾ ਹੈ ਅ
ਕਈ ਕਲਾਤਮਿਕ ਛੁਹਾਂ ਦੇ ਕੇ ਗੁੰਝਲਦਾਰ ਬਣ
ਰਿਹਾ ਹੈ। ਇਹ ਗਣਰਾਜੀਆ ਪੁਰਬ ਦੀ ਮੌਰ
ਖ਼ੁਸ਼ੀ ਵੇਲੇ ਨੱਚਿਆ ਜਾਂਦਾ ਹੈ। ਫ਼ਿਲਮਾਂ ਵਿਚ
ਜਾਂਦਾ ਭੰਗੜਾ, ਬਹੁਤ ਹੱਦ ਤਕ ਆਪਣੀ
ਸੁਭਾਵਿਕਤਾ ਗੰਵਾ ਚੁਕਾ ਹੈ ਅਤੇ ਪਿੰਡਾਂ ਵਿਚ
ਭੰਗੜੇ ਨਾਲੋਂ ਕਾਫ਼ੀ ਵੱਖਰਾ ਹੈ।

## (ਭ-15) ਭੰਗੀ :

ਭੰਗ ਦਾ ਨਸ਼ਾ ਕਰਨ ਵਾਲਾ। ਪੰਜਾਬ ਵਿਚ
ਤੇ ਅਫ਼ੀਮਚੀਆਂ ਵਾਂਗ ਭੰਗੀਆਂ ਬਾਰੇ ਵੀ ਅ
ਸਿੱਠਾਂ ਤੇ ਲਘੂ-ਕਥਾਵਾਂ ਪ੍ਰਚਲਤ ਹਨ। ਇ
ਬਹੁਤੇ ਟੱਪੇ ਤੇ ਕਥਾਵਾਂ ਭੰਗ ਪੀਣ ਵਾਲਿਆਂ

(ਅ) ਭੰਗ ਕਹੇ ਮੈਂ ਰੰਗਾਬਰੰਗੀ
ਪੋਸਤ ਕਹੇ ਮੈਂ ਸ਼ਾਹ ਜਹਾਨ
ਹਫ਼ੀਮ ਕਹੇ ਮੈਂ 'ਹਿਮਨੀ ਬੇਗਮ'
ਮੁਝੇ ਛੋਡ ਕੇ ਜਾਏ ਕਹਾਂ।

(ਏ) ਗੰਗ ਭੰਗ ਦੋ ਭੈਣਾਂ, ਰਹਿਣ ਸ਼ਿਵ ਕੇ ਸੰਗ
ਹੱਡੀ ਖਾਣੀ ਗੰਗਾ ਹੈ, ਲੱਡੂ ਖਾਣੀ ਭੰਗ।
ਗੰਗ ਭੰਗ ਦੋ ਭੈਣਾਂ, ਪਰਬਤ ਵਿਚ ਵੱਸਣ,
ਉਸ ਨਹਾਤਿਆਂ ਮਲ ਉਤਰੇ,
ਉਸ ਪੀਤਿਆਂ ਪਾਪ ਝੜਨ।

ਇਹ ਤਾਂ ਭੰਗ ਪੀਣ ਵਾਲਿਆਂ ਦੀ ਭੰਗ ਸੰਬੰਧੀ ਰਾਇ ਹੈ, ਉਨ੍ਹਾਂ ਦੀ ਨਜ਼ਰ ਵਿਚ ਭੰਗ ਗੰਗਾ ਦੀ ਭੈਣ ਹੈ, ਗੰਗਾ ਸ਼ਿਵ ਦੀਆਂ ਲਿਟਾਂ ਵਿਚੋਂ ਨਿਕਲੀ ਹੈ। ਤੇ ਭੰਗ ਸ਼ਿਵ ਦੇ ਗਲੇ ਵਿਚੋਂ। ਜੇ ਗੰਗਾ ਵਿਚ ਨਹਾਤਿਆਂ ਮੈਲ ਉਤਰਦੀ ਹੈ ਤਾਂ ਭੰਗ ਪੀਤਿਆਂ ਪਾਪ ਝੜਦੇ ਹਨ। ਇਸ ਤਰ੍ਹਾਂ ਭੰਗ ਦਾ ਦੈਵੀਕਰਣ ਵੀ ਕਰ ਦਿਤਾ ਗਿਆ ਹੈ।

ਭੰਗੀ ਜਦੋਂ ਭੰਗ ਘੋਟਦੇ ਹਨ ਤਾਂ ਭੰਗ ਦੇ ਪੱਤਿਆਂ ਨੂੰ ਰਗੜਦਿਆਂ, ਕਈ ਤਰ੍ਹਾਂ ਦੇ ਟੱਪੇ ਬੋਲਦੇ ਹਨ, ਜਿਨ੍ਹਾਂ ਵਿਚ ਭੰਗ ਦੀ ਕੀਰਤੀ ਹੁੰਦੀ ਹੈ ਤੇ ਭੰਗ ਦਾ ਵਿਰੋਧ ਕਰਨ ਵਾਲੇ 'ਮੂਚੀਆਂ' ਦੀ ਨਿੰਦਿਆ :

(ੳ) ਭੰਗ ਨਹੀਂ ਇਹ ਸਾਵਾ ਸਾਵਾ ਘਾਹ ਈ
ਆਸ਼ਕ ਨੂੰ ਮੁਵਾਹ ਈ, ਮੂਚੀ ਨੂੰ ਗੁਨਾਹ ਈ
ਦੋ ਚਾਰ ਮੁਲਾਂ ਬ੍ਰਾਹਮਣ ਮਰ ਗਏ ਤਾਂ ਕੀ ਹੋਇਆ
ਇਕ ਭੰਗੀ ਮਰ ਗਿਆ ਤਾਂ ਸਾਰਾ ਮੁਲਕ ਫ਼ਨਾਹ ਈ।

(ਅ) ਘੋਟਿਓ, ਗੁਟੱਕ ਗੁਟੱਕ
ਛਾਣਿਉਂ ਛਟੱਕ ਛਟੱਕ
ਪੀਵਿਓ ਘੁਟੱਕ ਘੁਟੱਕ
ਚਲਿਉ ਲਟੱਕ ਲਟੱਕ।

(ੲ) ਲਾਲਾਂ ਸੰਗ ਪੀਵੀਏ ਘੋਟਾ
ਸੰਗਮਰਮਰ ਦੀ ਦੌਰੀ ਮੰਗਾ ਦੇ
ਤੇ ਤੇਜਫਲ ਦਾ ਸੋਟਾ।

ਭੰਗ ਦਾ ਪਿਆਲਾ ਪੀਣ ਲਗਿਆਂ, ਲੋਕਾਂ ਦੀਆਂ ਚੰਦਰੀਆਂ ਨਜ਼ਰਾਂ ਤੋਂ ਬਚਣ ਲਈ ਭੰਗੀ ਇਹ ਸਤਰਾਂ ਪੜ੍ਹਦੇ ਹਨ :

ਪਿਆਲੀ ਪੂਰ ਤੇ ਲੂੰਡੀ ਬੁੱਚੀ ਸਭ ਦੂਰ
ਤੇਰੇ ਆਸ਼ਕਾਂ ਦੇ ਮਗਨ ਪੂਰ।

## (ਭ-16) ਭੰਗੀ :

(ੳ) ਉਹ ਨਸ਼ਈ ਜੋ ਭੰਗ ਪੀ ਕੇ ਝੱਸ ਪੂਰਾ ਕ
ਹਨ।

(ਅ) ਇਕ ਪਛੜੀ ਜਾਤੀ, ਜੋ ਘਰਾਂ ਵਿਚ ਸਫ਼
ਕਰਦੀ ਤੇ ਗੰਦਗੀ ਹੂੰਜਦੀ ਹੈ। ਪੁਰਾਣਾਂ ਅਨੁਸਾਰ ਇਨ੍
ਉਤਪਤੀ ਸੂਦਰ ਦੀ ਬ੍ਰਾਹਮਣ ਵਿਧਵਾ ਨਾਲ ਸੰਜੋਗ
ਹੋਈ। ਇਹ ਜਾਤੀ ਕਈ ਨਾਵਾਂ ਨਾਲ ਪ੍ਰਸਿਧ
ਭੰਗੀ, ਲਾਲ ਬੇਗੀ, ਹਲਾਲਖੋਰ, ਖ਼ਾਕ ਰੋਬ ਤੇ ਮਿਹਤ
ਭੰਗੀ ਇਸ ਲਈ ਕਿ ਇਨ੍ਹਾਂ ਵਿਚ ਭੰਗ ਪੀਣ ਦੀ,
ਆਦਤ ਹੈ। ਲਾਲ ਬੇਗ ਦੀ ਪੂਜਾ ਕਾਰਨ ਇਹ ਲਾਲ
ਅਖਵਾਏ। ਲਾਲ ਬੇਗ ਅਸਲ ਵਿਚ ਲਾਲ ਗੁਰੂ ਹੈ,
ਇਕ ਰਾਖਸ਼ ਅਹੰਨਾ ਦਾ ਨਾਂ ਸੀ ਪਰ ਪਿਛੋਂ ਇਸ
ਮੁਸਲਮਾਨੀਕਰਣ ਕਰ ਕੇ ਲਾਲ ਬੇਗ ਬਣਾ ਲਿਆ ਗਿ
ਖ਼ਾਕਰੋਬ ਦਾ ਭਾਵ ਹੈ ਮਿੱਟੀ ਹੂੰਜਣ ਵਾਲੇ, ਇਹ ਫ਼ਾ
ਸ਼ਬਦ ਹੈ, ਹਲਾਲਖੋਰ ਇਸ ਲਈ ਕਿ ਸਭ ਵਸਤੂਆਂ
ਲਈ ਹਲਾਲ ਹਨ। 'ਮਿਹਤਰ' ਫ਼ਾਰਸੀ ਦਾ ਸ਼ਬ
ਜਿਸ ਦੇ ਅਰਥ ਸ਼ਹਿਜ਼ਾਦੇ ਦੇ ਹਨ, ਜੋ ਆਦਰ ਵਜੋਂ
ਜਾਂਦਾ ਹੈ।

ਭੰਗੀ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਵਿਚ ਮਿ
ਹਨ। ਭਾਵੇਂ ਧਰਮ ਕੋਈ ਵੀ ਹੋਵੇ ਇਹ ਆਪਣੇ ਮੁਰਦੇ ਦੱ
ਹਨ, ਸਾੜਦੇ ਨਹੀਂ। ਲਾਲਬੇਗ ਦੇ ਨਾਂ ਉਤੇ ਇਹ ਕਦੇ
ਮੁਰਗੇ ਦੀ ਬਲੀ ਦੇਂਦੇ ਹਨ ਤੇ ਮੁਸਲਮਾਨਾਂ ਵਾਂਙ ਮੁ
ਹਲਾਲ ਕਰਦੇ ਹਨ। ਇਹ ਪ੍ਰਾਣੀ ਦੀ ਮੌਤ ਪਿਛੋਂ 'ਹ
ਕਰਦੇ ਹਨ, ਜੋ ਮੂਲ ਵਿਚ ਮੁਸਲਮਾਨੀ ਰੀਤ ਹੈ।

## (ਭ-17) ਭਗੀਰਥ :

ਇਕ ਰਾਜਾ, ਜਿਸ ਦੇ ਕਰੜੇ ਤੱਪਾਂ ਸਦਕਾ ਅਕਾਸ਼
ਵਗਦੀ ਗੰਗਾ ਨੂੰ, ਧਰਤੀ ਉਤੇ ਉਤਰਨਾ ਪਿਆ।
ਰਾਜੇ ਦੇ ਨਾਉਂ ਉਤੇ ਗੰਗਾ ਨਦੀ ਨੂੰ ਭਗੀਰਥੀ ਵੀ ਕਿ
ਜਾਂਦਾ ਹੈ। ਮਹਾਂਭਾਰਤ ਵਿਚ ਇਸ ਦੀ ਪੂਰੀ ਕਥਾ ਦਿ
ਹੋਈ ਹੈ।

ਭਗੀਰਥ, ਅਜੁਧਿਆ ਦੇ ਸੂਰਜਵੰਸ਼ੀ ਰਾਜੇ ਦਲ
ਦਾ ਪੁੱਤਰ ਸੀ।

## (ਭ-18) ਭਗੌੜੀ :

ਸ਼ਕਤੀ ਹੈ, ਜੋ ਅਨੇਕ ਰੂਪਾਂ ਵਿਚ ਵਿਦਮਾਨ ਹੈ। ਇਸ ਸ਼ਕਤੀ ਦੇ ਦੋ ਰੂਪ ਹਨ। ਇਕ 'ਅਫੁਰ' ਤੇ ਦੂਜਾ 'ਸਫੁਰ' ਅਫੁਰ ਅਵਸਥਾ ਵਿਚ ਇਸ ਮਹਾਂ ਸ਼ਕਤੀ ਵਿਚ ਸਭ ਕਿਰਿਆਵਾਂ ਲੁਪਤ ਰੂਪ ਵਿਚ ਕੇਂਦਰਤ ਹੁੰਦੀਆਂ ਹਨ ਤੇ ਇਸਨੂੰ ਨਿਰੰਕਾਰ ਕਿਹਾ ਜਾਂਦਾ ਹੈ, ਪਰ 'ਸਫੁਰ' ਅਵਸਥਾ ਵਿਚ ਇਹ ਸ਼ਕਤੀ ਕ੍ਰਿਆਸ਼ੀਲ ਹੁੰਦੀ ਹੈ ਤੇ ਇਸ ਨੂੰ ਈਸ਼ਵਰ ਅਥਵਾ ਸੰਸਾਰ ਦੀ ਰਚਨਾ ਕਰਨ ਵਾਲੀ ਮੰਨਿਆ ਜਾਂਦਾ ਹੈ। ਦੁਨੀਆਂ ਦੀ ਸਮਾਪਤੀ ਉਤੇ ਇਹੋ ਸ਼ਕਤੀ ਸਭ ਸੰਸਾਰ ਨੂੰ ਆਪਣੇ ਵਿਚ ਸਮੋ ਕੇ ਫਿਰ ਅਵਿਅਕਤ ਰੂਪ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਮਹਾਨ ਸ਼ਕਤੀ ਨੂੰ ਭਗੌਤੀ ਕਿਹਾ ਹੈ।

ਇਕ ਧਾਰਨਾ ਹੈ ਕਿ ਭਗੌਤੀ ਸ਼ਬਦ ਦੁਰਗਾ ਦੇਵੀ ਲਈ ਵੀ ਵਰਤਿਆ ਗਿਆ ਹੈ, ਪਰ ਭਗੌਤੀ ਦੀ ਵਾਰ ਦੂਜੀ ਪਉੜੀ ਵਿਚ ਗੁਰੂ ਜੀ ਨੇ ਸਾਫ਼ ਸ਼ਬਦਾਂ ਵਿਚ ਕਿਹਾ ਹੈ ਕਿ ਇਸੇ ਭਗੌਤੀ (ਸ਼ਕਤੀ) ਤੋਂ ਹੀ ਸਾਰਾ ਸੰਸਾਰ ਪੈਦਾ ਹੋਇਆ ਤੇ ਇਸੇ ਸ਼ਕਤੀ ਨੇ ਹੀ ਦੁਰਗਾ ਨੂੰ ਸਿਰਜ ਕੇ ਦੈਂਤਾਂ ਦਾ ਨਾਸ ਕਰਵਾਇਆ।

## (ਭ-19) ਭੱਟ :

ਵਿਲਸਨ ਅਨੁਸਾਰ ਭੱਟ ਵੈਸ਼ ਜਾਤੀ ਦੇ ਮਰਦ ਅਤੇ ਖੱਤਰੀ ਜਾਤੀ ਦੀ ਇਸਤ੍ਰੀ ਦੇ ਸੰਜੋਗ ਤੋਂ ਪੈਦਾ ਹੋਏ। ਪਰ ਭੱਟ ਆਮ ਤੌਰ ਤੇ ਖੱਤਰੀ ਤੇ ਬ੍ਰਾਹਮਣ ਵਿਧਵਾ ਦੇ ਸੰਜੋਗ ਤੋਂ ਉਪਜੇ।

ਇਕ ਮਿਥਕ ਕਥਾ ਅਨੁਸਾਰ ਭੱਟ ਸ਼ਿਵ ਦੇ ਮੱਥੇ ਦੇ ਪਸੀਨੇ ਦੇ ਤੁਪਕਿਆਂ ਵਿਚੋਂ, ਪਾਰਬਤੀ ਦੇ ਮਨੋਰੰਜਨ ਲਈ ਪੈਦਾ ਕੀਤੇ ਗਏ, ਪਰ ਭੱਟਾਂ ਨੇ ਪਾਰਬਤੀ ਦੀ ਥਾਂ ਸ਼ਿਵ ਦੀ ਮਹਿਮਾ ਗਾਉਣੀ ਸ਼ੁਰੂ ਕਰ ਦਿਤੀ। ਸੋ ਉਨ੍ਹਾਂ ਨੂੰ ਸਵਰਗ ਲੋਕ ਤੋਂ ਕੱਢ ਦਿਤਾ ਗਿਆ ਤੇ ਉਨ੍ਹਾਂ ਨੂੰ, ਧਰਤੀ ਤੇ ਤੁਰ ਫਿਰ ਕੇ ਗਾਉਣ ਦਾ ਸਰਾਪ ਦੇ ਦਿਤਾ।

ਭੱਟਾਂ ਦੇ ਮੁੱਢ ਬਾਰੇ ਪ੍ਰਚਲਤ ਕਥਾ ਅਨੁਸਾਰ, ਮਹਾਦੇਵ ਨੇ ਆਪਣੇ ਸ਼ੇਰ ਤੇ ਬਲਦ ਦੀ ਰਾਖੀ ਲਈ ਭੱਟ ਪੈਦਾ ਕੀਤੇ। ਪਰ ਸ਼ੇਰ ਬਲਦ ਨੂੰ ਖਾ ਗਿਆ, ਸੋ ਸ਼ਿਵ ਨੂੰ ਹਰ ਰੋਜ਼ ਖਿਝ ਚੜ੍ਹਦੀ ਤੇ ਨਵਾਂ ਬਲਦ ਪੈਦਾ ਕਰਨਾ ਪੈਂਦਾ। ਸੋ ਮਹਾਦੇਵ ਨੇ 'ਚਰਨ' ਪੈਦਾ ਕੀਤੇ, ਜੋ ਭੱਟ ਜਿਤਨੇ ਹੀ ਸ਼ਰਧਾਲੂ ਸਨ, ਪਰ ਉਨ੍ਹਾਂ ਵਿਚ ਸਾਹਸ ਤੇ ਦਲੇਰੀ ਜ਼ਿਆਦਾ

ਉਤੇ ਗਾਉਂਦੇ ਹਨ ਅਤੇ ਆਪਣੀ ਲਾਗ ਲੈਂਦੇ
ਕੋਈ ਇਨ੍ਹਾਂ ਨੂੰ ਲਾਗ ਨਾ ਦੇਵੇ ਤਾਂ ਇਹ ਉ
ਬਣਾ ਕੇ ਸਾੜਦੇ ਹਨ।

ਸ਼ਹਾਬ ਉਦੀਨ ਗੌਰੀ ਦੇ ਸਮੇਂ ਅਨੇਕਾਂ ਭੱਟ
ਬਣ ਗਏ ਤੇ ਇਹ ਸਿਲਸਿਲਾ ਮੁਗ਼ਲੀਆ ਰਾਜ
ਚਲਦਾ ਰਿਹਾ। ਇਹ ਲੋਕ 'ਰਾਏ' ਅਖਵਾਏ।

## (ਭ-20) ਭੱਟਕਈਆ :

ਇਕ ਬੂਟੀ ਜਿਸ ਨੂੰ 'ਕਟਾਈ' ਵੀ ਕਹਿ
ਜਿਸ ਦੇ ਫੁੱਲ ਗੁੱਲ-ਖਾਰ ਅਖਵਾਉਂਦੇ ਹਨ।
ਨੂੰ ਉਟ-ਬੂਟੀ (ਜਵਾਸਾਂ) ਵੀ ਕਹਿੰਦੇ ਹਨ।

ਲੋਕ ਧਾਰਨਾ ਹੈ ਕਿ ਭੱਟਕਟੀਆ ਦੀਅ
ਕਿਸੇ ਸੱਪ ਦੇ ਕੱਟੇ ਰੋਗੀ ਨੂੰ ਖਿਲਾਈਆਂ ਜਾਣ
ਝੱਟ ਰਾਜ਼ੀ ਹੋ ਜਾਂਦਾ ਹੈ।

## (ਭ-21) ਭੰਡ :

ਭੰਡ, ਲੋਕਾਂ ਨੂੰ ਨਕਲਾਂ ਰਾਹੀਂ ਜਾਂ ਹਾਸੇ ਠੱ
ਗੱਲਾਂ ਅਥਵਾ ਲਘੂ ਕਥਾਵਾਂ ਸੁਣਾ ਕੇ ਲੋਕਾਂ
ਪਰਚਾਦੇ ਹਨ। ਪੁਰਾਣੇ ਸਮੇਂ ਵਿਚ ਰਾਜਿਆਂ, ਜ
ਤੇ ਪਿੰਡ ਦੇ ਧਨੀ ਲੋਕਾਂ ਦੇ ਮਨ-ਪਰਚਾਵੇ ਵਿਚ
ਹਿੱਸਾ ਪਾਉਂਦੇ ਸਨ ਤੇ ਹਰ ਵੱਡੇ ਜਾਗੀਰਦ
ਭੰਡ ਰਖੇ ਹੋਏ ਸਨ। ਇਨ੍ਹਾਂ ਨੂੰ ਮਸਖਰਾ ਜਾਂ
ਕਿਹਾ ਜਾਂਦਾ ਸੀ। ਭੰਡ ਇਨ੍ਹਾਂ ਦਾ ਨਾਂ ਤ
ਕਿਉਂਕਿ ਇਹ ਕਿਸੇ ਦੀ ਕੋਈ ਕਮਜ਼ੋਰੀ,
ਜ਼ੁਲਮ ਦਾ ਹਾਸੋ ਹੀਣੇ ਢੰਗ ਨਾਲ, ਭੰਡੀ ਪ
ਉਡਾਂਦੇ ਹਨ। ਕਈ ਭੰਡ ਤਾਂ ਘੁੰਮ-ਫਿਰ ਕੇ
ਮਨ-ਪਰਚਾਵਾ ਕਰਦੇ ਹਨ।

ਇਹ ਵੀ ਧਾਰਨਾ ਹੈ ਕਿ ਭੰਡ ਇਕ ਪੇਸ਼ਾ
ਲੋਕ ਜ਼ਿਆਦਾ ਕਰ ਕੇ ਮਿਰਾਸੀ ਜਾਤੀ ਵਿਚੋਂ ਹੁ

## (ਭ-22) ਭੰਡਾ ਭੰਡਾਰੀਆ :

ਬੱਚਿਆਂ ਦੀ ਇਕ ਖੇਡ, ਜੋ ਧਨੀ-ਪੋ
ਬੜੀ ਪ੍ਰਸਿਧ ਹੈ। ਭਾਰਤੀ ਪੰਜਾਬ ਵਿਚ ਵੀ
ਖੇਡ ਨੂੰ ਖੇਡਦੇ ਹਨ। ਪਹਿਲਾਂ ਬੱਚੇ ਪੁੱਗਦੇ ਹ
ਅਖ਼ੀਰ ਨਹੀਂ ਪੁੱਗਦਾ, ਉਸ ਸਿਰ ਦਾਈ ਆ ਜ

ਉਪਰ ਹੁੰਦੀਆਂ ਹਨ. ਉਹ ਦਾਈ ਦੇਣ ਵਾਲੇ ਬੱਚੇ ਨੂੰ ਕਹਿੰਦਾ ਹੈ :

ਭੰਡਾ ਭੰਡਾਰੀਆ ਕਿਤਨਾ ਕੁ ਭਾਰ ?

ਅਗੋਂ ਦਾਈ ਦੇਣ ਵਾਲਾ ਬੱਚਾ ਉਤਰ ਦੇਂਦਾ ਹੈ :

ਇਕ ਮੁੱਠ ਚੁਕ ਲੈ ਦੂਜੀ ਤਿਆਰ ।

ਫਿਰ ਉਹ ਦੋਵੇਂ ਮੁੱਠਾਂ ਚੁਕ ਲੈਂਦਾ ਹੈ, ਇੰਜ ਵਾਰੋ ਵਾਰੀ ਸਭ ਬੱਚੇ ਕਰਦੇ ਹਨ। ਅਖ਼ੀਰਲਾ ਬੱਚਾ ਮੁੱਕੀ ਚੁੱਕਣ ਲਗਿਆਂ ਥੱਪੜ ਮਾਰ ਜਾਂਦਾ ਹੈ ਤੇ ਸਭ ਬੱਚੇ ਨੱਠ ਪੈਂਦੇ ਹਨ। ਦਾਈ ਦੇਣ ਵਾਲਾ ਉਨ੍ਹਾਂ ਬੱਚਿਆਂ ਨੂੰ ਫੜਨ ਦਾ ਯਤਨ ਕਰਦਾ ਹੈ। ਜਿਸ ਬੱਚੇ ਨੂੰ ਫੜ ਲਿਆ ਜਾਵੇ, ਫਿਰ ਉਹ ਦਾਈ ਬਣਦਾ ਹੈ, ਇਉਂ ਇਹ ਖੇਡ ਚਲਦੀ ਰਹਿੰਦੀ ਹੈ।

ਕਈ ਵਾਰ ਖੇਡ ਨੂੰ ਹੋਰ ਸਵਾਦਲੀ ਬਣਾਉਣ ਲਈ, ਬਾਕੀ ਬੱਚੇ ਦਾਈ ਦੇਣ ਵਾਲੇ ਨੂੰ ਪੁਛਦੇ ਹਨ ਕਿ ਧੁੱਪ ਲੈਣੀ ਆਂ ਕਿ ਛਾਂ। ਜੇ ਉਹ ਧੁੱਪ ਮੁਲਕ ਲਏ ਤਾਂ ਉਹ ਕੇਵਲ ਧੁੱਪ ਵਿਚ ਖੜੋਤੇ ਬੱਚੇ ਹੀ ਫੜ ਸਕਦਾ ਹੈ, ਛਾਂ ਵਿਚ ਖੜਿਆਂ ਨੂੰ ਨਹੀਂ। ਪਰ ਜੇ ਛਾਂ ਮੰਗ ਲਏ ਤਾਂ ਇਸ ਦੇ ਉਲਟ ਹੁੰਦਾ ਹੈ। ਇਸ ਦੇ ਮੱਲੇ ਹੋਏ ਹਿੱਸੇ ਵਿਚ ਬੱਚੇ ਉਛਲਦੇ ਹਨ ਤੇ ਕਹਿੰਦੇ ਹਨ—ਤੇਰੀ ਧੁੱਪਾਂ/ਛਾਂਆਂ ਉਤੇ ਪਤ ਪਤ ਹਗਿਆ। ਤੇ ਉਹ ਉਨ੍ਹਾਂ ਬੱਚਿਆਂ ਨੂੰ ਫੜਨ ਦਾ ਯਤਨ ਕਰਦਾ ਹੈ। ਇੰਜ ਇਹ ਖੇਡ ਚਲਦੀ ਰਹਿੰਦੀ ਹੈ।

ਇਹ ਖੇਡ ਗ੍ਰਿਹਸਤੀ ਜੀਵਨ ਦੇ ਬੋਝ ਵਲ ਸੰਕੇਤ ਕਰਦੀ ਹੈ, ਜਿਸ ਦਾ ਨਿਤ ਬੋਝ ਵਧਦਾ ਰਹਿੰਦਾ ਹੈ।

ਅਖਾਣ ਰੂਪ ਵਿਚ ਇਹ ਤੁਕਾਂ ਪ੍ਰਚਲਤ ਹਨ :

ਭੰਡਾ ਭੰਡਾਰੀਆ ਕਿਤਨਾ ਕੁ ਭਾਰ ?

ਇਕ ਪੰਡ ਚੁਕ ਲੈ, ਦੂਜੀ ਤਿਆਰ ।

## (ਭ-23) ਭੰਡਾਰੀ

ਖੱਤਰੀਆਂ ਦੀ ਇਕ ਉਪ-ਜਾਤੀ। ਇਸ ਸ਼ਬਦ ਦਾ ਮੂਲ 'ਭੰਡਾਰ' ਹੈ। ਇਨ੍ਹਾਂ ਦਾ ਕੋਈ ਵਡਿਕਾ ਰਾਜੇ ਦੇ ਭੰਡਾਰੇ ਦਾ ਰਖਿਅਕ ਸੀ, ਜਿਸ ਕਰ ਕੇ ਉਸ ਦਾ ਨਾਂ ਭੰਡਾਰੀ ਪੈ ਗਿਆ ਤੇ ਉਸ ਦੀ ਵੰਸ਼ ਇਸੇ ਉਪਨਾਮ ਨਾਲ ਜਾਣੀ ਜਾਣ ਲੱਗੀ।

ਇਕ ਹੋਰ ਦੰਦ-ਕਥਾ ਅਨੁਸਾਰ ਇਕ ਵਾਰ ਭੰਡਾਰੀਆਂ ਇਹ ਕੁੱਲ ਭੰਡਾਰੀ ਅਖਵਾਣ ਲੱਗੀ।

ਭੰਡਾਰੀਆਂ ਵਿਚ ਜਨੇਊ ਦੀ ਰਸਮ 8 ... ਦੀ ਉਮਰ ਵਿਚ ਕੀਤੀ ਜਾਂਦੀ ਹੈ। ਰਸਮ ... ਤੋਂ ਇਕ ਦਿਨ ਪਹਿਲਾਂ ਪ੍ਰੋਹਿਤ, ਇੱਲ ਨੂੰ, ... ਭੋਜ ਦਾ ਨਿਉਤਾ ਦੇਂਦਾ ਹੈ। ਰੀਤ ਸ਼ੁਰੂ ਹੋਣ ... ਖੀਰ ਪੂੜੀ ਆਦਿ ਇੱਲ ਨੂੰ ਭੇਟਾ ਕੀਤੀ ਜਾਂਦੀ ... ਬ੍ਰਾਹਮਣਾਂ ਨੂੰ ਭੋਜ ਦਿਤਾ ਜਾਂਦਾ ਹੈ ਤੇ ਇਸ ਪਿ... ਰੋਟੀ ਖਾਂਦੀ ਹੈ।

ਭੋਜ ਖਾਣ ਪਿਛੋਂ ਲੜਕੇ ਦਾ ਮੁੰਨਣ ਕੀਤਾ ... ਵਾਲਾਂ ਦੀ ਪਹਿਲੀ ਲਿਟ ਪ੍ਰੋਹਿਤ ਕਟਦਾ ਹੈ ... ਦੀਆਂ ਨਾਈ। ਫਿਰ ਬਾਲਕ ਇਸ਼ਨਾਨ ਕਰਦਾ ... ਪਹਿਨਦਾ ਹੈ। ਇਸ ਉਪਰੰਤ ਜੰਡੀ ਕੱਟਣ ਦੀ ਰ... ਜਾਂਦੀ ਹੈ। ਅਜੇ ਬਾਲਕ ਜੰਡੀ ਕੱਟਣ ਗਿਆ ... ਕਿ ਪਿਛੋਂ ਉਸ ਦੀ ਮਾਂ, ਜਿਸ ਨੂੰ ਉਸ ਦਾ ... ਮਾਰ ਕੇ ਘਰੋਂ ਕੱਢ ਦੇਂਦਾ ਹੈ, ਰੁਸ ਕੇ ਪੇਕੇ ਚਲੀ ... ਜੰਡੀਆਂ ਕੱਟ ਕੇ ਆਏ ਬਾਲਕ ਨੂੰ ਪਤਾ ਲੱਗ... ਮਾਂ ਰੁਸ ਗਈ ਹੈ, ਫਿਰ ਤਾਂ ਬਾਲਕ ਆਪਣੇ ... ਬਰਾਦਰੀ ਨਾਲ ਉਸ ਨੂੰ ਮਨਾਣ ਜਾਂਦਾ ਹੈ। ... ਉਸ ਨੂੰ ਰਾਜ਼ੀ ਕਰਨ ਲਈ ਗਹਿਣਾ ਦਿਤਾ ... ਇਹ ਰਸਮ ਢੁੰਜਾਹੀ ਖੱਤਰੀਆਂ ਵਿਚ ਆਮ ਪ੍ਰਚਲ...

## (ਭ-24) ਭੱਤਾ :

ਜੱਟ ਤੇ ਹੋਰ ਖੇਤਾਂ ਵਿਚ ਕੰਮ ਕਰਨ ਵਾ... ਸਵੇਰੇ ਹਲਕੀ ਜਿਹੀ ਖ਼ੁਰਾਕ ਖਾ ਕੇ ਖੇਤਾਂ ਨੂੰ ਚਲੇ ... ਤੇ ਕੰਮ ਵਿਚ ਜੁਟੇ ਰਹਿੰਦੇ ਹਨ। ਦੁਪਹਿਰ ਵੇ... ਜਾਂ ਬਚੇ ਜਾ ਘਰ ਦਾ ਕੋਈ ਹੋਰ ਜੀਵ, ਉਸ ਲਈ ... ਵਾਸਤੇ ਕੁਝ ਚੀਜ਼ਾਂ ਤਿਆਰ ਕਰ ਕੇ ਖੇਤਾਂ ਨੂੰ ਲੈ ... ਜਿਸ ਵਿਚ ਰੋਟੀ, ਪਿਆਜ਼, ਲੱਸੀ ਆਦਿ ਹੋਰ ਖ... ਚੀਜ਼ਾਂ ਹੁੰਦੀਆਂ ਹਨ। ਇਸੇ ਨੂੰ 'ਭੱਤਾ' ਕਿਹਾ ... ਕਿਸਾਨ ਭੱਤੇ ਦੀ ਉਡੀਕ ਬੜੀ ਰੀਝ ਨਾਲ ਕ... ਅਨੇਕਾਂ ਗੀਤਾਂ ਵਿਚ ਭੱਤੇ ਦਾ ਵਰਣਨ ਮਿਲ... ਇਹ ਪਰੰਪਰਾ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ... ਤੀਵੀਆਂ ਬੜੇ ਚਾਅ ਨਾਲ ਨਿਭਾਹੁੰਦੀਆਂ ਹਨ।

## (ਭ-25) ਭੰਦਣ, ਭਦੂ :

ਤੇਹਰਵੇਂ ਦਿਨ ਤਕ ਉਸ ਲਈ ਪਵਿਤ੍ਰ ਰਹਿਣਾ ਲਾਜ਼ਮੀ ਹੈ, ਤਾਂ ਜੋ ਉਸ ਦੇ ਕੀਤੇ ਕਰਮ ਕਾਂਡਾਂ ਦਾ ਫਲ ਉਸ ਦੇ ਪਿਉ ਨੂੰ ਮਿਲੇ। ਇਨ੍ਹੀਂ ਦਿਨੀਂ ਉਹ ਸਿਰ ਦੇ ਵਾਲ ਮੁੰਨਵਾ ਕੇ ਰਖਦਾ ਹੈ, ਸੰਨਿਆਸੀਆਂ ਵਾਲੇ ਕਪੜੇ ਪਹਿਨਦਾ ਹੈ ਤੇ ਰਾਤ ਨੂੰ ਜ਼ਿਮੀਂ 'ਤੇ ਸੌਂਦਾ ਹੈ ਅਤੇ ਪਤਨੀ ਦੀ ਸੰਗਤ ਨਹੀਂ ਕਰਦਾ।

ਹਿੰਦੂਆਂ ਵਿਚ ਬਚੇ ਦੇ ਪਹਿਲੇ ਮੁੰਡਣ ਨੂੰ ਵੀ ਭੱਦਣ ਜਾਂ ਭਦ੍ਰ ਕਿਹਾ ਜਾਂਦਾ ਹੈ। ਪਹਿਲੀ ਵਾਰ ਬਚੇ ਦਾ ਸਿਰ ਰਸਮੀ ਢੰਗ ਨਾਲ ਮੁੰਨਿਆ ਜਾਂਦਾ ਹੈ। ਮੁੰਡਣ ਦੀ ਰਸਮ ਬਰਾਦਰੀ ਨੂੰ ਸੱਦ ਕੇ ਕੀਤੀ ਜਾਂਦੀ ਹੈ। ਇਹ ਰੀਤ ਬਚੇ ਦੇ ਜੰਮਣ ਤੋਂ ਪਿਛੋਂ ਆਮ ਤੌਰ ਤੇ ਤੀਜੇ ਸਾਲ ਕੀਤੀ ਜਾਂਦੀ ਹੈ। ਭੱਦਣ ਸੰਸਕਾਰ ਸਮੇਂ ਪ੍ਰੋਹਿਤ ਨੂੰ ਸਦਿਆ ਜਾਂਦਾ ਹੈ ਤੇ ਹਵਨ ਕੀਤਾ ਜਾਂਦਾ ਹੈ। ਵਾਲਾਂ ਦੀ ਪਹਿਲੀ ਲਿਟ ਕੁਲ-ਪ੍ਰੋਹਿਤ ਆਪਣੇ ਹੱਥਾਂ ਨਾਲ ਮੰਤਰ ਦਾ ਉੱਚਾਰਣ ਕਰਦਿਆਂ ਕਟਦਾ ਹੈ।

(ਭ-26) **ਭੱਦਰ** :

ਸ੍ਰੀ ਰਾਮਚੰਦਰ ਦੇ ਰਾਜ-ਦਰਬਾਰ ਦਾ ਇਕ ਮਖੌਲੀਆ ਭੰਡ; ਇਸੇ ਨੇ ਸ੍ਰੀ ਰਾਮਚੰਦਰ ਜੀ ਨੂੰ ਦਸਿਆ ਸੀ ਕਿ ਅਜੁਧਿਆ ਦੇ ਲੋਕੀਂ ਉਨ੍ਹਾਂ ਦੀ ਇਸ ਗੱਲੋਂ ਬਦਨਾਮੀ ਕਰਦੇ ਹਨ ਕਿ ਉਨ੍ਹਾਂ ਨੇ ਸੀਤਾ ਨੂੰ ਰਾਵਣ ਦੇ ਘਰ ਰਹਿਣ ਦੇ ਬਾਵਜੂਦ ਵੀ, ਮੁੜ, ਆਪਣੇ ਘਰ ਵਸਾ ਲਿਆ ਹੈ। ਭੱਦਰ ਦੀ ਗੱਲ ਸੁਣ ਕੇ ਰਾਮਚੰਦਰ ਨੇ ਸੀਤਾ ਨੂੰ ਘਰੋਂ ਕੱਢ ਦਿਤਾ ਸੀ।

(ਭ-27) **ਭਦ੍ਰਕਾਲੀ** :

ਹਿੰਦੂਆਂ ਦੀ ਇਕ ਦੇਵੀ, ਕਈ ਇਸ ਨੂੰ ਦੁਰਗਾ ਦਾ ਹੀ ਵਿਕਰਾਲ ਰੂਪ ਮੰਨਦੇ ਹਨ। ਪਰ ਕਈ ਮਿਥਕ ਕਥਾਵਾਂ ਅਨੁਸਾਰ ਭਦ੍ਰਕਾਲੀ ਕੋਈ ਵੱਖਰੀ ਦੇਵੀ ਹੈ। ਇਸ ਦੇਵੀ ਨੂੰ ਭਦ੍ਰਕਾ ਵੀ ਕਿਹਾ ਜਾਂਦਾ ਹੈ, ਪਰ ਇਕ ਧਾਰਨਾ ਇਹ ਵੀ ਹੈ ਕਿ ਭਦ੍ਰਕਾ ਤੇ ਭਦ੍ਰਕਾਲੀ ਦੋ ਅੱਡੋ ਅੱਡ ਦੇਵੀਆਂ ਹਨ। ਭਦ੍ਰਕਾਲੀ ਨੂੰ ਦੁਰਗਾ ਦੀ ਇਕ ਉਪਾਧੀ ਵੀ ਮੰਨਿਆ ਗਿਆ ਹੈ ਅਤੇ ਭਦ੍ਰਕਾ ਦਾ ਚੰਡੀ ਦੇਵੀ ਦਾ ਇਕ ਨਾਂ ਮੰਨਦੇ ਹਨ। ਭਦ੍ਰਕਾਲੀ ਨੇ ਚੁੰਡ ਮੁੰਡ ਨਾਂ ਦੇ ਦੋ ਰਾਖਸ਼ ਮਾਰੇ ਸਨ। ਚੁੰਡ ਮੁੰਡ ਨੂੰ ਦੁਰਗਾ ਨੇ ਹੀ ਮਾਰਿਆ ਸੀ, ਜਿਸ ਕਰ ਕੇ

ਹਨ ਅਤੇ ਮਹਿਖਾਸੁਰ ਵਰਗਾ ਮਹਾਂ ਬਲੀ
ਉਪਾਸਨਾ ਕੀਤਾ ਕਰਦਾ ਸੀ।

ਭਦ੍ਰਕਾਲੀ ਇਕਾਦਸੀ ਨੂੰ ਕਈ ਹਿੰਦੂ
ਹਨ। ਭਦ੍ਰਕਾਲੀ ਦਾ ਇਕ ਮੰਦਰ ਡੇਹਰਾ
ਵਿਖੇ ਹੈ, ਜੋ ਦੇਵੀ ਦਵਾਰੇ ਦੇ ਨਾਂ ਨਾਲ ਪ੍ਰ
ਮੰਦਰ ਵਿਚ ਭਦ੍ਰਕਾਲੀ ਦੀ ਇਕ ਪੱਥਰ
ਸਵਾ ਦੋ ਫ਼ੁਟ ਉੱਚੀ ਹੈ। ਭਦ੍ਰਕਾਲੀ ਦਾ
ਅੰਮ੍ਰਿਤਸਰ ਵਿਚ ਵੀ ਸਥਿਤ ਹੈ, ਜਿਥੇ ਹਰ
ਲੱਗਦਾ ਹੈ।

ਦੇਸ਼ ਵੰਡ ਤੋਂ ਪਹਿਲਾਂ ਲਾਹੌਰ ਤੋਂ ਸੱਤ
ਵਿੱਥ 'ਤੇ ਨਿਆਜ਼ ਬੇਗ ਪਿੰਡ ਦੇ ਲਾਗੇ, ਹਰ
ਭਾਰੀ ਮੇਲਾ ਲਗਿਆ ਕਰਦਾ ਸੀ, ਜਿਸ ਵਿ
ਉਪਾਸਕ ਦੂਰੋਂ ਦੂਰੋਂ ਆ ਕੇ ਸ਼ਾਮਲ ਹੁੰਦੇ
ਇਕ ਮੰਦਰ ਹੈ, ਜਿਥੇ ਦੇਵੀ ਦੀ ਮੂਰਤੀ
ਇਸ ਮੰਦਰ ਦੇ ਨੇੜੇ ਇਕ ਹੋਰ ਕਲਸਦਾਰ
ਹੋਇਆ ਹੈ। ਰਵਾਇਤ ਹੈ ਕਿ ਦੇਵੀ ਦੀ
ਸਥਾਪਨਾ ਇਸ ਨਵੇਂ ਮੰਦਰ ਵਿਚ ਕੀਤੀ ਜਾ
ਮੰਦਰ ਦੇ ਪੁਜਾਰੀ ਨੂੰ ਸੁਪਨੇ ਵਿਚ ਦੇਵੀ ਪ੍ਰ
ਕਿਹਾ ਕਿ ਉਸ ਦੀ ਥਾਂਉਂ ਨਾ ਬਦਲੀ ਜਾਵੇ।
ਥਾਂ ਹੀ ਦੇਵੀ ਦਾ ਮੰਦਰ ਸਥਾਪਤ ਹੈ।

(ਭ-28) **ਭੰਬਰ ਤਾਰੇ ਖੇਡਣਾ** :

ਬਚਿਆਂ ਦੀ ਇਕ ਖੇਡ; ਭੈਣਾਂ ਛੋਟੇ
ਵਿਰਚਾਣ ਲਈ, ਬਾਹਵਾਂ ਤੋਂ ਫੜ ਕੇ ਆ
ਭੁਆਂਟਣੀਆਂ ਦੇਂਦੀਆਂ ਹਨ ਤੇ ਜਦੋਂ ਉਸ ਨੂੰ
ਦਿੱਸਣ ਲੱਗ ਪੈਂਦੇ ਹਨ ਤਾਂ ਛੱਡ ਦੇਂਦੀਆਂ
ਸ਼ਰਾਬੀਆਂ ਵਾਂਗ ਲੜਖੜਾਂਦਾ ਤੇ ਪੁੱਠੀਆਂ ਸਿੱਧੀ
ਲੈਂਦਾ ਹੈ ਤੇ ਭੈਣ ਉਸ ਨੂੰ 'ਭੌਂ ਬਿਲੀਆਂ'
ਇਸ ਤਰ੍ਹਾਂ ਬਚਾ ਵਿਰਚ ਜਾਂਦਾ ਹੈ।
'ਭੌਂ ਬਿਲੀਆਂ' ਵੀ ਕਹਿੰਦੇ ਹਨ।

(ਭ-29) **ਭੰਬੀਰੀ** :

1. ਤੀਵੀਆਂ ਦਾ ਇਕ ਗਹਿਣਾ।

2. ਛੋਟੇ ਬਚਿਆਂ ਦੇ ਖੇਡਣ ਦਾ ਇ
ਭੰਬੀਰੀ ਨੂੰ ਹੱਥ ਨਾਲ ਭੁਆਂਟੀ ਦਿਤੀ ਜਾਂਦੀ

**(ਭ-30) ਭਰਤੀ ਦੇ ਗੀਤ** :

ਪਹਿਲੀ ਤੇ ਦੂਜੀ ਵਿਸ਼ਵ ਯੁੱਧ ਦੇ ਵੇਲੇ ਅੰਗਰੇਜ਼ਾਂ ਨੇ, ਅਨੇਕਾਂ ਪੰਜਾਬੀ ਗਭਰੂਆਂ ਨੂੰ ਪਿੰਡਾਂ ਵਿਚੋਂ ਭਰਤੀ ਕਰ ਕੇ, ਬਦੇਸ਼ਾਂ ਵਿਚ ਲੜਨ ਲਈ ਭੇਜਿਆ। ਪਿੰਡਾਂ ਵਿਚ ਗਭਰੂਆਂ ਨੂੰ ਇਕੱਠਾ ਕਰਨ ਲਈ ਅਧਿਕਾਰੀ ਨਾਚ ਤੇ ਗਾਣੇ ਦੀਆਂ ਮਹਿਫਲਾਂ ਲਗਾਂਦੇ ਸਨ, ਜਿਨ੍ਹਾਂ ਵਿਚ ਭਰਤੀ ਹੋ ਜਾਣ ਲਈ ਪ੍ਰੇਰਨਾ ਹੁੰਦੀ। ਭਰਤੀ ਬਾਰੇ ਅਨੇਕਾਂ ਗੀਤ ਪ੍ਰਚਲਤ ਸਨ, ਜੋ ਹੁਣ ਤਕ ਲੋਕ-ਸਿਮਰਤੀ ਨੇ ਸਾਂਭੇ ਹੋਏ ਹਨ। ਇਕ ਲੋਕ ਗੀਤ ਹੈ :

(1) ਜੀਵੇ ਪੰਜਾਬੀ
ਜੀਵੇ ਪੰਜਾਬ ਦੀ ਧਰਤੀ
ਮੌਜਾਂ ਉਨ੍ਹਾਂ ਹੀ ਮਾਣਨੀਆਂ
ਜਿਹੜੇ ਹੋਣਗੇ ਭਰਤੀ।

(2) ਸਾਹਿਬ ਕਰੇ ਰੰਗਰੂਟ
ਭਰਤੀ ਹੋ ਜਾਵਾਂ।
ਇਥੇ ਤਾਂ ਮਿਲਦੇ ਖੂਥੇ ਪਲਾਣੇ
ਉਥੇ ਮਿਲਣਗੇ ਸੂਟ, ਭਰਤੀ ਹੋ ਜਾਵਾਂ।
ਇਥੇ ਤਾਂ ਮਿਲਦੇ ਫਟੇ ਤੁੱਪੜ
ਉਥੇ ਮਿਲਣਗੇ ਬੂਟ, ਭਰਤੀ ਹੋ ਜਾਵਾਂ।
ਇਥੇ ਤਾਂ ਮਿਲਦੀ ਡਾਂਗ ਜਾਂ ਸੋਟੀ
ਉਥੇ ਮਿਲੇ ਬੰਦੂਕ, ਭਰਤੀ ਹੋ ਜਾਵਾਂ।

**(ਭ-31) ਭਰਥਰੀ ਹਰੀ** :

ਭਰਥਰੀ ਹਰੀ ਸਬੰਧੀ ਅਨੇਕਾਂ ਲੋਕ-ਗੀਤ ਤੇ ਦੰਦ-ਕਥਾਵਾਂ ਪ੍ਰਚਲਤ ਹਨ। ਰਾਜਾ ਭਰਥਰੀ ਹਰੀ ਇਕ ਇਤਿਹਾਸਕ ਵਿਅਕਤੀ ਹੈ। ਪਰ ਇਨ੍ਹਾਂ ਦੇ ਜੀਵਨ ਵਿਚ ਤੱਥ ਤੇ ਮਿੱਥ ਦਾ ਸੰਜੋਗ ਹੋ ਗਿਆ ਤੇ ਲੋਕ-ਮਨ ਨੇ ਇਨ੍ਹਾਂ ਨੂੰ ਵਿਲੱਖਣ ਸਰੂਪ ਦੇ ਦਿਤਾ। ਇਨ੍ਹਾਂ ਨੇ 'ਸ਼ਿੰਗਾਰ ਸ਼ਤਕ' 'ਨੀਤੀ ਸ਼ਤਕ' ਤੇ 'ਵੈਰਾਗ ਸ਼ਤਕ' ਦੀ ਰਚਨਾ ਕੀਤੀ। ਭਰਥਰੀ ਹਰੀ ਉਜੈਨ ਦਾ ਰਾਜਾ ਸੀ ਤੇ ਕੁਝ ਚਿਰ ਬਾਅਦ ਹੀ ਇਨ੍ਹਾਂ ਦੇ ਮਨ ਵਿਚ ਵੈਰਾਗ ਪੈਦਾ ਹੋਇਆ ਤੇ ਗੋਰਖਨਾਥ ਦਾ ਚੇਲਾ ਬਣ ਗਿਆ। ਇਨ੍ਹਾਂ ਨੇ ਹੀ ਵੈਰਾਗ ਪੰਥ ਦਾ ਮੁੱਢ ਬੰਨ੍ਹਿਆ।

ਰਵਾਇਤਾਂ ਅਨੁਸਾਰ ਭਰਥਰੀ ਬਿਕਰਮਾਦਿਤਯ ਦਾ ਭਰਾ ਸੀ, ਜਦੋਂ ਭਰਥਰੀ ਨੇ ਸੰਸਾਰ ਦਾ ਤਿਆਗ ਕੀਤਾ ਤਾਂ

ਮਿਲਦੇ ਹਨ ਉਹ, ਲੋਕ-ਗਾਥਾ ਵਿਚ ਪ੍ਰਚਲਤ
ਦੇ ਹੀ ਹਨ ਜਾਂ ਕਿਸੇ ਹੋਰ ਭਰਥਰੀ ਹਰੀ ਦੇ
ਹਜ਼ਾਰੀ ਪ੍ਰਸਾਦ ਦਿਵੇਦੀ ਦਾ ਵਿਚਾਰ ਹੈ ਕਿ
ਰਚਨਹਾਰ ਭਰਥਰੀ ਹਰੀ ਤੇ ਗੋਰਖ ਪਰੰ
ਭਰਥਰੀ ਹਰੀ ਦੋ ਭਿੰਨ ਭਿੰਨ ਵਿਅਕਤੀ ਸਨ
ਸ਼ਤਕਾਂ ਦਾ ਕਰਤਾ ਵੀ ਗੋਰਖ ਨਾਥ ਦਾ ਚੇਲਾ ਭ
ਤਾਂ ਵੈਰਾਗ ਸ਼ਤਕ ਵਿਚ ਨਾਥ ਪੰਥ ਦਾ ਜ
ਹੁੰਦਾ ਤੇ ਕਿਧਰੇ ਨਾ ਕਿਧਰੇ ਗੋਰਖ ਦਾ ਵੀ
ਜਾਂਦਾ। ਅਚਾਰੀਆ ਹਜ਼ਾਰੀ ਪ੍ਰਸਾਦ ਦਿਵੇਦੀ
ਹਨ ਕਿ ਸ਼ਤਕ ਦੇ ਰਚਨ ਵਾਲੇ ਭਰਥਰੀ ਹ
ਕਿਸੇ ਰਾਣੀ ਦੇ ਅਨੁਚਿਤ ਆਚਰਣ ਕਾਰਨ
ਸਨ ਤੇ ਉਨ੍ਹਾਂ ਅਖੀਰ ਵੈਰਾਗ ਸ਼ਤਕ ਦੀ ਰਚਨਾ

ਲੋਕ-ਗੀਤਾਂ ਤੇ ਲੋਕ-ਕਥਾਵਾਂ ਵਿਚ ਜਿਸ ਭ
ਦਾ ਜ਼ਿਕਰ ਮਿਲਦਾ ਹੈ, ਉਹ ਉਜੈਨ ਦਾ
'ਭਰਥਰੀ ਚਰਿਤਰ' ਵਿਚ ਭਰਥਰੀ ਨੂੰ ਉਜੈਨ
ਇੰਦਰ ਸੇਨ ਦਾ ਪੋਤਰਾ ਤੇ ਚੰਦਰ ਸੇਨ ਦਾ ਪੁੱਤ
ਗਿਆ ਹੈ। ਇਤਿਹਾਸ ਵਿਚ ਭਰਥਰੀ ਹਰੀ
ਕਿਧਰੇ ਜ਼ਿਕਰ ਨਹੀਂ ਮਿਲਦਾ। ਹੋ ਸਕਦਾ ਹੈ
ਦਾ ਸਬੰਧ ਉਜੈਨ ਨਾਲ ਨਾ ਹੋਵੇ ਤੇ ਉਜੈਨ
ਨਗਰ ਹੋਣ ਕਰਕੇ ਭਰਥਰੀ ਨੂੰ ਲੋਕ-ਸਿਮਰਤ
ਨਗਰੀ ਦਾ ਰਾਜਾ ਬਣਾ ਦਿਤਾ ਹੋਵੇ।

ਭਰਥਰੀ ਹਰੀ ਦਾ ਸਬੰਧ ਰਾਜਾ ਵਿ
ਨਾਲ ਵੀ ਜੋੜਿਆ ਜਾਂਦਾ ਹੈ। ਭਰਥਰੀ ਵਿ
ਨੂੰ ਰਾਜ ਭਾਗ ਸੌਂਪ ਕੇ ਗੋਰਖ ਦਾ ਚੇਲਾ
ਇਤਿਹਾਸ ਅਨੁਸਾਰ ਉਜੈਨ ਵਿਚ ਇਕ ਵਿ
ਨਾਂ ਦਾ ਰਾਜਾ 1076 ਤੋਂ 1226 ਤਕ ਹ
ਰਿਹਾ ਹੈ।

'ਭਰਥਰੀ ਚਰਿਤਰ' ਵਿਚ ਰਾਜਾ ਭਰਥਰੀ
ਦਾ ਮਾਮਾ ਦਸਿਆ ਗਿਆ ਹੈ। ਗੋਪੀ ਚੰਦ
ਬੰਗਾਲ ਦੇ ਪਾਲ ਵੰਸ਼ ਰਾਜਿਆਂ ਨਾਲ ਦਸਿਆ

ਰਾਜਾ ਭਰਥਰੀ ਨਾਲ ਸਬੰਧਿਤ ਕਥਾਵਾਂ
ਭਾਰਤ ਵਿਚ ਬੜੀਆਂ ਪ੍ਰਸਿਧ ਹਨ।

ਇਕ ਕਥਾ ਅਨੁਸਾਰ ਰਾਜਾ ਭਰਥਰੀ ਦੀ
ਨਾਂ ਪਿੰਗਲਾ ਸੀ। ਇਕ ਵਾਰ ਰਾਜਾ ਸ਼ਿਕਾਰ ਖੇ
ਉਥੇ ਉਸ ਵੇਖਿਆ ਕਿ ਕਿਸੇ ਸ਼ਿਕਾਰੀ ਨੇ ਸੱਪ

ਹੀ ਸਤੀ ਹੋ ਜਾਵਾਂਗੀ । ਕੁਝ ਦਿਨ ਪਿਛੋਂ ਭਰਥਰੀ ਮ੍ਰਿਗ ਸ਼ਿਕਾਰ ਖੇਡਣ ਗਏ । ਭਰਥਰੀ ਨੇ ਝੂਠੀ ਖਬਰ ਭੇਜ ਦਿਤੀ ਕਿ ਉਹ ਮਰ ਗਏ ਹਨ । ਰਾਣੀ ਪਿੰਗਲਾ ਖਬਰ ਸੁਣਦਿਆਂ ਹੀ ਚਿਤਾ ਵਿਚ ਸੜ ਗਈ । ਘਰ ਜਾ ਕੇ ਭਰਥਰੀ ਨੇ ਸੜਦੀ ਚਿਤਾ ਵੇਖੀ ਤਾਂ ਉਹ ਬੜੇ ਦੁਖੀ ਹੋਏ । ਉਦੋਂ ਉਥੇ ਗੋਰਖਨਾਥ ਪਹੁੰਚੇ ਉਨ੍ਹਾਂ ਜਾਣ ਕੇ ਹੱਥੋਂ ਚਪਣੀ ਛੱਡ ਦਿਤੀ, ਜੋ ਹੇਠਾਂ ਡਿਗ ਕੇ ਟੁਟ ਗਈ ਤੇ ਗੋਰਖ ਨਾਥ ਭਰਥਰੀ ਵਾਂਗ ਹੀ ਰੋਣ ਲਗੇ । ਭਰਥਰੀ ਨੇ ਇਹ ਵੇਖ ਕੇ ਕਿਹਾ, ਜੇ ਚਪਣੀ ਟੁਟ ਗਈ ਹੈ ਤਾਂ ਮੈਂ ਹੋਰ ਮੰਗਵਾ ਦੇਂਦਾ ਹਾਂ, ਰੋਣ ਦਾ ਕੀ ਲਾਭ ! ਗੋਰਖਨਾਥ ਨੇ ਕਿਹਾ, 'ਫਿਰ ਤੂੰ ਕਿਉਂ ਰੋਂਦਾ ਹੈਂ ਪਿੰਗਲਾ ਵੀ ਮੁੜ ਜੀਅ ਸਕਦੀ ਹੈ ।' ਗੋਰਖਨਾਥ ਨੇ ਜਲ ਤਰੌਂਕਿਆ ਤੇ ਪਿੰਗਲਾ ਜੀ ਉਠੀ । ਭਰਥਰੀ ਇਹ ਵੇਖ ਕੇ ਹੈਰਾਨ ਰਹਿ ਗਏ ਤੇ ਗੋਰਖਨਾਥ ਨੂੰ ਗੁਰੂ ਧਾਰਨ ਕਰ ਲਿਆ ।

(ਭ-32) **ਭਰਮ ਵਹਿਮ :**

(ਵੇਖੋ : ਲੋਕ ਵਹਿਮ) ।

(ਭ-33) **ਭਰਾਈ** :

ਪੰਜਾਬ ਵਿਚ ਢੋਲ ਵਜਾਉਣ ਵਾਲਿਆਂ ਨੂੰ ਭਰਾਈ ਕਿਹਾ ਜਾਂਦਾ ਹੈ । ਸਖੀ ਸਰਵਰ ਦੇ ਭਗਤ ਹੋਣ ਦੇ ਨਾਤੇ ਇਨ੍ਹਾਂ ਨੂੰ ਪੀਰਹਿਨ ਵੀ ਕਹਿੰਦੇ ਹਨ ।

ਭਰਾਈ ਦੇ ਮੁੱਢ ਬਾਰੇ ਕਈ ਕਥਾਵਾਂ ਪ੍ਰਚਲਤ ਹਨ । ਇਕ ਦੰਦ ਕਥਾ ਅਨੁਸਾਰ, ਸਖੀ ਸੱਯਦ ਅਹਿਮਦ ਧੌਂਕਲ ਨੂੰ ਛੱਡ ਕੇ ਮੁਲਤਾਨ ਗਏ ਤੇ ਕੁਝ ਚਿਰ ਸਾਹ ਕੋਟ ਦੇ ਦੱਖਣ ਵਲ ਆਪਣੇ ਨਾਨਕੇ ਪੀਰਹਿਨ ਦੇ ਸਥਾਨ ਉਤੇ ਠਹਿਰੇ । ਮੁਲਤਾਨ ਵਿਚ ਇਕ ਅਫ਼ਗਾਨ ਰਹਿੰਦਾ ਸੀ, ਜਿਸ ਦੀ ਧੀ ਬੜੀ ਜਵਾਨ ਤੇ ਖ਼ੂਬਸੂਰਤ ਸੀ ਅਤੇ ਸ਼ਾਹ ਕੋਟ ਦੇ ਅਨੇਕਾਂ ਗਭਰੂ ਉਸ ਨਾਲ ਵਿਆਹ ਕਰਨ ਦੀ ਲਾਲਸਾ ਰਖਦੇ ਸਨ । ਅਫ਼ਗਾਨ ਨੇ ਸੱਯਦ ਅਹਿਮਦ ਨੂੰ ਇਕ ਭੋਜ ਉਤੇ ਸੱਦਿਆ ਤੇ ਉਸ ਨੂੰ ਬਿਨੈ ਕੀਤੀ ਕਿ ਉਹ ਉਸ ਦੀ ਲੜਕੀ ਨਾਲ ਵਿਆਹ ਕਰ ਲਏ । ਇਹ ਗੱਲ ਪ੍ਰਵਾਨ ਕਰ ਲਈ ਗਈ । ਵਿਆਹ ਦੀਆਂ ਰਸਮਾਂ ਸਮੇਂ ਮਿਰਾਸੀ ਨਾ ਆਏ ਤੇ ਅਖੀਰ ਜਦੋਂ ਉਹ ਆਏ ਤਾਂ ਸਵਾ ਗਜ ਦਾ ਨੀਲਾ ਕਪੜਾ ਉਨ੍ਹਾਂ ਨੂੰ ਦਾਨ ਵਜੋਂ ਦਿਤਾ ਗਿਆ, ਜੋ ਉਨ੍ਹਾਂ ਕਬੂਲ ਨਾ ਕੀਤਾ ।

ਦੁਆਲੇ ਬੰਨ੍ਹ ਕੇ ਢੋਲ ਵਜਾਉ, ਸਾਨੂੰ ਮਿਰਾਸੀਆ
ਨਹੀਂ । ਤੇ ਜਦੋਂ ਅੱਕੜ ਬਣੇ ਤਾਂ ਇਨ੍ਹਾਂ ਸ਼
ਉਚਾਰਨ ਕਰਨਾ ।

ਦਿਆ ਜੀ ਰੱਬ ਦਿਆ ਸਵਾਰਿਆ
ਬੋਹਤ ਕਾਲੀ ਕਕੀ ਵਾਲਿਆ ।

ਇਸ ਤਰ੍ਹਾਂ ਤੁਹਾਨੂੰ ਸਾਡੀ ਪਨਾਹ ਮਿਲੇਗੀ
'ਪਨਾਹੀ' ਕਿਹਾ ਜਾਵੇਗਾ । ਇਹੋ ਪਨਾਹੀ ਸ਼ਬ
ਪੀਰਹਿਨ ਬਣ ਗਿਆ ।

(ਭ-34) **ਭਰਾਵਾਂ ਦਾ ਵਿਸ਼ਵਾਸ਼ਘਾਤ** :

ਪੰਜਾਬ ਦੀਆਂ ਲੋਕ ਕਹਾਣੀਆਂ ਦੀ ਇਕ
ਰੂੜ੍ਹੀ । ਕਈ ਪ੍ਰੀਤ ਕਿੱਸਿਆਂ ਵਿਚ ਨਾਇਕ ਦੇ ਭ
ਨਾਲ ਵਿਸ਼ਵਾਸ਼-ਘਾਤ ਕਰਦੇ ਹਨ । ਯੂਸਫ਼ ਜ਼ੁਲੇਖਾਂ
ਵਿਚ ਯੂਸਫ਼ ਦੇ ਭਰਾ ਧੋਖੇ ਨਾਲ ਉਸ ਨੂੰ ਖੂਹ ਵਿ
ਦੇਂਦੇ ਹਨ ।

ਦਮੋਦਰ ਅਨੁਸਾਰ ਰਾਂਝੇ ਦੇ ਭਰਾ ਵੀ ਉਸ
ਮੁਕਾਉਣ ਦੀਆਂ ਵਿਉਂਤਾਂ ਬਣਾਉਂਦੇ ਹਨ ਤੇ ਭਰਾ
ਸਤਾਇਆ ਰਾਂਝਾ ਘਰੋਂ ਨਿਕਲ ਤੁਰਦਾ ਹੈ :

ਖੋਟੀ ਜਾਲ ਭਰਾਵਾਂ ਸੰਦੀ ਨੀਯਤ ਭਲੀ ਨਾਹੀਂ
ਆਖ ਦਮੋਦਰ ਟਲੀ ਨਾ ਟਾਲੀ ਬਣੀ ਜ਼ਬਾਬ ਤਿ
ਕਰਨ ਪਸੰਦ ਬੈਠ ਕਰ ਤ੍ਰਾਹੇ ਕੀਕਣ ਇਸ ਮਰੀਹ
ਹਿੱਕੇ ਤਾਂ ਮਾਰੇ ਰਾਤੀ ਸੁਤਿਆ
ਹਿੱਕੇ ਤਾਂ ਮੁਹਰਾਂ ਦੀਹਾਂ ।

(ਭ-35) **ਭੱਲਾ** :

ਖੱਤਰੀਆਂ ਦੀ ਇਕ ਉਪ-ਜਾਤੀ । ਕਈ
ਭੱਲਾ ਸ਼ਬਦ ਦਾ ਮੂਲ 'ਭੱਲ' ਦਸਦੇ ਹਨ, ਜਿਸ ਦੇ
ਭਾਲਾ ਜਾ ਬਰਛਾ ਹੈ । ਇਸ ਵੰਸ਼ ਦੇ ਵਡਿਕੇ ਬਰ
ਵਾਰ ਕਰਨ ਤੇ ਕਰਤੱਬ ਵਿਖਾਣ ਵਿਚ ਬੜੀ ਨਿ
ਰਖਦੇ ਸਨ, ਜਿਸ ਲਈ ਇਹ ਭੱਲੇ ਪ੍ਰਸਿਧ ਹੋਏ ।

ਪਰਸ਼ੂਰਾਮ ਨੇ ਜਦੋਂ ਖੱਤਰੀਆਂ ਦਾ ਸੰਘਾਰ
ਤਾਂ ਇਕ ਚੂਹੜੇ ਨੇ ਇਨ੍ਹਾਂ ਦੇ ਵਡਿਕੇ ਦੀ ਰਖਿਆ ਕ
ਇਸ ਲਈ ਕਈ ਭੱਲੇ, ਖ਼ਾਸ ਤੌਰ ਉਤੇ ਹੁਸ਼ਿਆਰਪੁ
ਨਿਵਾਸੀ ਵਿਆਹ ਦੀ ਰੀਤ ਸਮੇਂ, ਇਕ ਚੂਹੜੇ ਨੂੰ

**(ਭ-37) ਭੰਵਰਾ** :

ਰਾਜੇ ਰਸਾਲੂ ਦਾ ਪ੍ਰਸਿਧ ਘੋੜਾ, ਜਿਸ ਨੂੰ ਭੰਵਰਾ ਇਰਾਕੀ ਵੀ ਕਹਿੰਦੇ ਹਨ। ਇਰਾਕੀ ਮਧ-ਏਸ਼ੀਆ ਦੇ ਘੋੜਿਆਂ ਦੀ ਇਕ ਪ੍ਰਸਿਧ ਨਸਲ ਹੈ। ਦੰਦ-ਕਥਾਵਾਂ ਅਨੁਸਾਰ ਜਦੋਂ ਰਾਜਾ ਰਸਾਲੂ ਮਾਂ ਦੇ ਪੇਟ ਪਿਆ ਉਦੋਂ ਹੀ ਭੰਵਰਾ ਮਾਂ ਘੋੜੀ ਦੇ ਗਰਭ ਵਿਚ ਪਿਆ। ਫਲਸਰੂਪ ਰਾਜਾ ਰਸਾਲੂ ਤੇ ਭੰਵਰਾ ਇਕੋ ਦਿਨ, ਇਕੋ ਘੜੀ ਜੰਮੇ। ਇਸੇ ਲਈ ਇਨ੍ਹਾਂ ਦਾ ਯੋਗ ਹਮੇਸ਼ਾ ਸਿਧ ਰਿਹਾ। ਰਾਜਾ ਰਸਾਲੂ ਨੇ ਇਸ ਘੋੜੇ ਦੀ ਪਿੱਠ ਉਤੇ ਬੈਠ ਕੇ, ਜਿਤਨੇ ਵੀ ਯੁੱਧ ਲੜੇ, ਉਨ੍ਹਾਂ ਸਭਨਾਂ ਵਿਚ ਉਸ ਨੂੰ ਫਤਹਿ ਪ੍ਰਾਪਤ ਹੋਈ। ਜਦੋਂ ਰਾਜਾ ਰਸਾਲੂ, ਸਿਰਕਪ ਨਾਲ ਚੌਪਟ ਖੇਡਦਿਆਂ, ਸੰਕਟ ਵਿਚ ਫਸ ਗਿਆ ਸੀ ਤੇ ਲਗਭਗ ਬਾਜ਼ੀ ਹਾਰ ਚੁਕਾ ਸੀ ਤਾਂ ਭੰਵਰੇ ਨੇ ਹੀ ਸੰਕੇਤਾਂ ਦੁਆਰਾ ਉਸ ਨੂੰ ਗੁਪਤ ਭੇਦ ਸਮਝਾਏ ਸਨ।

ਰਾਜੇ ਰਸਾਲੂ ਦੀ ਇਕ ਹੋਰ ਘੋੜੀ ਦਾ ਨਾਉਂ ਛੋਲਾਦੀ ਸੀ, ਜੋ ਬੜੀ ਫੁਰਤੀਲੀ ਸੀ ਤੇ ਹਵਾ ਦੀ ਤੋਰ ਤੁਰਦੀ ਸੀ। ਇਸ ਦਾ ਰੰਗ ਬੱਗਾ ਸੀ, ਜਿਸ ਤੋਂ ਇਸ ਨੂੰ 'ਬੱਗੀ' ਵੀ ਕਿਹਾ ਜਾਂਦਾ ਸੀ।

**(ਭ-38) ਭਠਭੂੰਜਾ** :

ਭੜਭੂੰਜਾ ਦਾਣੇ ਭੁੰਨਣ ਵਾਲੇ ਭਠਿਆਰ ਨੂੰ ਕਹਿੰਦੇ ਹਨ। ਇਸ ਕਬੀਲੇ ਦੇ ਲੋਕ ਆਮ ਤੌਰ ਉਤੇ ਮੁੱਢੋਂ ਹੀ ਇਹੋ ਕੰਮ ਕਰਦੇ ਆਏ ਹਨ। ਰਵਾਇਤ ਹੈ ਕਿ ਇਸ ਕਬੀਲੇ ਦੀ ਉਤਪਤੀ ਕਹਾਰ ਮਰਦ ਦੀ ਸ਼ੂਦਰ ਤੀਵੀਂ ਨਾਲ ਸੰਜੋਗ ਤੋਂ ਹੋਈ।

ਇਨ੍ਹਾਂ ਦੇ ਸਤ ਕਬੀਲੇ ਹਨ ਜਿਨ੍ਹਾਂ ਵਿਚ ਵਧੇਰੇ ਪ੍ਰਸਿਧ ਕਨੌਜੀਆ, ਸੁਖਸੈਨ, ਤੇ ਉਤਰਾਹਾ ਹਨ। ਇਹ ਆਪੋ ਵਿਚ ਵਿਆਹ ਨਹੀਂ ਕਰਦੇ। ਸੱਤ ਕਬੀਲਿਆ ਦੇ ਨਾਂ ਤੋਂ ਕੋਈ ਵੀ ਜਾਣੂ ਨਹੀਂ, ਜਿਸ ਤੋਂ ਸੰਦੇਹ ਹੋ ਸਕਦਾ ਹੈ ਕਿ ਇਹ ਗਿਣਤੀ ਮਿੱਥਕ ਹੈ।

**(ਭ-39) ਭਾਈ ਪੰਚਮੀ** :

ਇਸ ਨੂੰ 'ਰਿਸ਼ੀ ਪੰਚਮੀ' ਵੀ ਕਿਹਾ ਜਾਂਦਾ ਹੈ। ਇਹ ਤਿੱਥ ਗਣੇਸ਼ ਚਤੁਰਥੀ ਤੋਂ ਅਗਲੇ ਦਿਨ ਆਉਂਦੀ ਹੈ। ਮਹੇਸ਼ਵਰੀ ਜਾਤੀ ਵਾਲੇ ਰਖਸ਼ਾ ਬੰਧਨ ਵਾਲੇ ਦਿਨ ਰਾਖੀ

ਸਰਵਰ ਦਾ ਚੇਲਾ ਸੀ ਤੇ ਜਾਤ ਦਾ ਬ੍ਰਾਹਮਣ।
ਭਾਈ ਫੇਰੂ ਨੂੰ ਇਕ ਜ਼ਿਲੇ ਦਾ ਅਧਿਕਾਰੀ ਬਣਾ
ਰਾਜ ਦੇ ਨਸ਼ੇ ਵਿਚ ਇਸ ਸਖੀ ਸਰਵਰ ਦੀ
ਦਿਤੀ। ਕੁਝ ਚਿਰ ਬਾਅਦ ਇਸ ਨੂੰ ਕੋਹੜ ਹੋ
ਇਸ ਨੂੰ ਕਿਸੇ ਨੇ, ਮੰਤਰ ਕੇ ਮਿੱਟੀ ਦਿਤੀ ਜਿ
ਇਸ ਦਾ ਕੋਹੜ ਦੂਰ ਹੋ ਗਿਆ ਅਤੇ ਇਹ ਸਖ
ਦਾ ਮੁਤ ਜਿਸ ਬਣ ਗਿਆ। ਇਸ ਦੀ ਮੌਤ ਉਤੇ
ਖ਼ਾਨਗਾਹ ਮਿਆਨਕੀ ਜ਼ਿਲਾ ਲਾਹੌਰ ਵਿਚ ਬਣਾਈ

ਜਦੋਂ ਦਾ ਵਰੋਲੇ ਝੁਲਦੇ ਹਨ ਤਾਂ ਹਿੰਦੂ
ਅਰਾਧਨਾ ਕਰਦੇ ਹਨ ਤੇ ਕਹਿੰਦੇ ਹਨ, 'ਭਾਈ
ਕਾਰ' ਇਸ ਤਰ੍ਹਾਂ ਦੀ ਬੇਨਤੀ ਕਰਨ ਵਾਲੇ ਦੀ
ਭਾਈ ਫੇਰੂ ਕਰਦਾ ਹੈ।

**(ਭ-41) ਭਾਈ ਬਹਿਲੋ** :

ਗੁਰੂ ਅਰਜਨ ਦੇਵ ਜੀ ਦਾ ਇਕ ਸਿੱਖ ਜਿ
ਗੁਰੂ ਸਾਹਿਬ ਨੇ ਆਖਿਆ ਸੀ, 'ਬਹਿਲੋ ਸਭ ਤੋਂ' ਪ
ਇਹ ਸਿਧੂ ਗੋਤ ਦਾ ਸੀ ਅਤੇ ਮਾਲਵੇ ਦੇ ਪਿ
ਫਫੜੇ ਦਾ ਰਹਿਣ ਵਾਲਾ ਸੀ। ਭਾਈ ਬਹਿਲੋ
ਸਖੀ ਸਰਵਰ ਦਾ ਉਪਾਸਕ ਸੀ, ਪਿਛੋਂ ਗੁਰੂ ਅਰਜਨ
ਦੀ ਮਹਿਮਾ ਸੁਣ ਕੇ ਉਨ੍ਹਾਂ ਦਾ ਸ਼ਰਧਾਲੂ ਹੋ
ਜਿਨ੍ਹੀਂ ਦਿਨੀਂ ਅੰਮ੍ਰਿਤਸਰ ਸਾਹਿਬ ਕਾਰ ਸੇਵਾ
ਭਾਈ ਬਹਿਲੋ ਇੱਟਾਂ ਦੇ ਆਵਿਆਂ ਦੀ ਰੂੜੀ ਪ
ਸੇਵਾ ਕਰਦਾ ਸੀ। ਜਿਸ ਆਵੇ ਵਿਚ ਭਾਈ ਬਹਿ
ਪਾਉਂਦੇ ਸਨ, ਉਸ ਦੀਆਂ ਇੱਟਾਂ ਪੱਕੀਆਂ ਨਿ
ਸਨ। ਕਿਹਾ ਜਾਂਦਾ ਹੈ ਕਿ ਇਹ ਗੁਰੂ ਜੀ ਦੇ ਲੰਗਰੋ
ਨਹੀਂ ਸਨ ਛਕਦੇ ਸਗੋਂ ਪੇਟ ਭਰਨ ਲਈ ਵਿ
ਕਿਸੇ ਦੀ ਚੱਕੀ ਪੀਹ ਕੇ ਰੋਟੀ ਲਈ ਕੁਝ ਕਮਾ ਕੇ
ਗੁਰੂ ਅਰਜਨ ਦੇਵ ਜੀ ਨੇ ਭਾਈ ਬਹਿਲੋ ਦੀ
ਪ੍ਰਸੰਨ ਹੋ ਕੇ, ਇਨ੍ਹਾਂ ਨੂੰ ਸੰਗਤ ਦੇ ਸਾਹਮਣੇ 'ਬ
ਤੋਂ ਪਹਿਲੋਂ' ਕਹਿ ਕੇ ਨਿਵਾਜਿਆ, ਇਕ ਦਸਤਾ
ਤੇ ਪ੍ਰਚਾਰ ਦਾ ਕੰਮ ਸੌਂਪਿਆ।

**(ਭ-42) ਭਾਈ ਬਿਧੀ ਚੰਦ** :

ਇਹ ਗੁਰੂ ਅਰਜਨ ਦੇਵ ਜੀ ਦੇ ਇਕ ਸਿੱਖ
ਅੰਮ੍ਰਿਤਸਰ ਦੇ ਇਕ ਪਿੰਡ ਛੀਨਾ ਦੇ ਰਹਿਣ ਦਾ

ਵੇਖ ਕੇ ਛੇਵੇਂ ਗੁਰੂ ਜੀ ਨੇ ਇਹ ਬਚਨ ਉਚਾਰਿਆ ਸੀ :

ਬਿਧੀ ਚੰਦ ਛੀਨਾ, ਗੁਰੂ ਦਾ ਸੀਨਾ ।

**(ਭ-43) ਭਾਈ ਮੰਝ ਜੀ :**

ਭਾਈ ਮੰਝ ਸਖੀ ਸਰਵਰ ਦੇ ਚੇਲੇ ਤੇ ਉਪਾਸਕ ਸਨ ਅਤੇ ਪਿਛੋਂ ਗੁਰੂ ਅਰਜਨ ਦੇਵ ਜੀ ਦੇ ਸਿੱਖ ਬਣੇ । ਇਨ੍ਹਾਂ ਦਾ ਅਸਲੀ ਨਾਂ ਤੀਰਥਾ ਸੀ । ਮੰਝ ਰਾਜਪੂਤ ਹੋਣ ਦੇ ਨਾਤੇ ਮੰਝ ਦੇ ਨਾਂ ਨਾਲ ਪ੍ਰਸਿਧ ਹੋਏ । ਭਾਈ ਮੰਝ, ਦੁਆਬੇ ਵਿਚ, ਮੰਜਕੀ ਦੇ ਰਹਿਣ ਵਾਲੇ ਸਨ ਅਤੇ ਇਹ ਹਰ ਸਾਲ ਨਿਗਾਹੇ ਜਾਂਦੇ ਸਨ ਅਤੇ ਘਰ ਵਿਚ ਵੀ ਇਨ੍ਹਾਂ ਨੇ ਸਖੀ ਸਰਵਰ ਦਾ ਪੀਰਖਾਨਾ ਬਣਾਇਆ ਹੋਇਆ ਸੀ ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਖੀ ਸਰਵਰ ਦੀ ਉਪਾਸਨਾ ਚੋਖੀ ਸੀ । ਭਾਈ ਮੰਝ, ਭਾਈ ਬਹਿਲੋ ਸਿੱਖ ਸਜਣ ਤੋਂ ਪਹਿਲਾਂ ਸਖੀ ਸਰਵਰ ਦੇ ਉਪਾਸਕ ਸਨ । ਇਕ ਵਾਰ ਨਿਗਾਹੇ ਤੋਂ ਵਾਪਸ ਆਉਂਦਿਆਂ ਇਨ੍ਹਾਂ ਦਾ ਮੇਲ ਗੁਰੂ ਅਰਜਨ ਦੇਵ ਜੀ ਨਾਲ ਅੰਮ੍ਰਿਤਸਰ ਹੋ ਗਿਆ ਤੇ ਉਨ੍ਹਾਂ ਨਾਲ ਗਿਆਨ-ਗੋਸ਼ਟ ਹੋਈ, ਜਿਸ ਤੋਂ ਪ੍ਰਭਾਵਤ ਹੋਕੇ ਭਾਈ ਮੰਝ ਗੁਰੂ ਜੀ ਦੇ ਸਿੱਖ ਬਣੇ ਤੇ ਮਨੋਂ ਤਨੋਂ ਸੇਵਾ ਵਿਚ ਰੁਝ ਗਏ । ਆਪ ਲੰਗਰ ਲਈ ਬਾਹਰੋਂ ਲਕੜੀਆਂ ਕਟ ਕੇ ਲਿਆ ਰਹੇ ਸਨ ਕਿ ਘੁਪ ਹਨੇਰੇ ਕਰਕੇ, ਰਾਹ ਵਿਚ ਇਕ ਖੂਹ ਵਿਚ ਡਿਗ ਪਏ । ਪਰ ਲਕੜੀਆਂ ਦਾ ਭਾਰ ਸਿਰ ਉਤੇ ਉੱਚਾ ਚੁਕੀ ਰਖਿਆ ਤਾਂ ਜੋ ਲਕੜਾਂ ਗਿੱਲੀਆਂ ਨਾ ਹੋਣ । ਗੁਰੂ ਜੀ ਨੂੰ ਜਦੋਂ ਖਬਰ ਹੋਈ ਤਾਂ ਉਨ੍ਹਾਂ ਇਨ੍ਹਾਂ ਨੂੰ ਖੂਹ ਵਿਚੋਂ ਬਾਹਰ ਕਢਿਆ, ਪਰ ਇਨ੍ਹਾਂ ਪਹਿਲਾਂ ਲਕੜੀਆਂ ਬੰਨ੍ਹ ਕੇ ਬਾਹਰ ਭੇਜੀਆਂ ਤਾਂ ਜੋ ਗਿੱਲੀਆਂ ਨਾ ਹੋ ਜਾਣ ਤੇ ਸਭ ਤੋਂ ਅਖੀਰ ਆਪ ਨਿਕਲੇ । ਗੁਰੂ ਜੀ ਨੇ ਮੰਝ ਨੂੰ ਛਾਤੀ ਨਾਲ ਲਗਾ ਕੇ ਕਿਹਾ :

ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ
ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣਹਾਰਾ ।

**(ਭ-44) ਭਾਗਵਤ ਪੁਰਾਣ :**

ਭਾਗਵਤ ਮੌਜੂਦਾ ਪੁਰਾਣਾਂ ਵਿਚੋਂ ਸਭ ਤੋਂ ਵਧ ਪ੍ਰਸਿਧ ਪੁਰਾਣ ਹੈ ਤੇ ਇਹ 'ਭਾਗਵਤ' ਫ਼ਿਰਕੇ ਨਾਲ ਸੰਬੰਧਿਤ ਹੈ । ਇਸ ਦੇ 12 ਸਕੰਧ ਜਾਂ ਭਾਗ ਹਨ ਜਿਨ੍ਹਾਂ ਵਿਚ ਬ੍ਰਹਿਮੰਡ, ਰਚਨਾ, ਵਿਭਿੰਨ ਘਰਾਣਿਆਂ ਦੇ ਸ਼ਜਰੇ ਇਤਿਹਾਸਕ ਕਥਾਵਾਂ

ਅਲਬਰੂਨੀ ਨੇ ਆਪਣੀਆਂ ਲਿਖਤਾਂ ਵਿਚ ਭਾ... ਵਾਯੂ ਦੇਵ ਪੁਰਾਣ ਦਾ ਵਰਣਨ ਕੀਤਾ ਹੈ, ... ਦਾ ਸੂਚਕ ਹੈ ਕਿ ਅਲਬਰੂਨੀ ਦਾ ਮੰਤਵ ਏ... ਪੁਰਾਣ ਤੋਂ ਹੀ ਸੀ ਤੇ ਇਸ ਨੁਕਤੇ ਨੂੰ ਮੁਖ ... ਪੁਰਾਣ 800 ਈਸਵੀ ਤੋਂ ਬਾਅਦ ਦਾ ਨਹੀਂ ।

ਵਿਲਸਨ ਦਾ ਵਿਚਾਰ ਹੈ ਕਿ ਕਿਸੇ ... ਲੋਕਾਂ ਦੇ ਵਿਚਾਰਾਂ ਉਤੇ ਇਤਨਾ ਡੂੰਘਾ ... ਪਾਇਆ ਜਿਤਨਾ ਇਕੱਲੇ ਭਾਗਵਤ ਪੁਰਾਣ ਨੇ... ਭਾਗਵਤ ਜਾਂ ਵਿਸ਼ਨੂੰ ਦੀ ਮਹਿਮਾ ਦਾ ਕ... ਇਸ ਲਈ ਇਸ ਨੂੰ ਭਾਗਵਤ ਪੁਰਾਣ ਕਿਹਾ ਜ...

ਭਾਗਵਤ ਪੁਰਾਣ ਦਾ ਦਸਵਾਂ ਸਕੰਧ ਬੜਾ ... ਹੈ । ਇਸ ਵਿਚ ਕ੍ਰਿਸ਼ਨ ਜੀਵਨ-ਚਰਿਤ੍ਰ ਬ... ਪੂਰਵਕ ਦਿਤਾ ਗਿਆ ਹੈ ।

ਵਿਦਵਾਨਾਂ ਦੀ ਰਾਏ ਹੈ ਕਿ ਇਹ ਪੁਰਾਣ... ਦੇ ਵਿਆਕਰਣੀ ਦੀ ਰਚਨਾ ਹੈ ਜੋ ਦੇਵਗਿਰੀ... ਦਰਬਾਰੀ ਸੀ ।

**(ਭ-45) ਭਾਗੀਰਤ :**

ਓਡ ਜਾਤੀ ਦਾ ਇਕ ਵਡਿਕਾ । ਭਾਗੀ... ਕੀਤਾ ਹੋਇਆ ਸੀ ਕਿ ਉਹ ਇਕੋ ਖੂਹ ਤੋਂ ... ਪਾਣੀ ਨਹੀਂ ਪੀਵੇਗਾ । ਸੋ ਉਹ, ਹਰ ਰੋਜ਼ ... ਲਈ ਨਵਾਂ ਖੂਹ ਖੋਦਿਆ ਕਰਦਾ । ਇਕ ਦਿਨ ... ਖੋਦਦਾ ਹੋਇਆ ਆਪ ਵਿਚੇ ਹੀ ਸਮਾ ਗਿ... ਘਟਨਾ ਦੇ ਸੋਗ ਵਿਚ ਓਡ ਜਾਤੀ ਦੇ ਲੋਕ ... ਪਹਿਨਦੇ ਹਨ । ਹਰੇਕ ਓਡ ਨੇ ਘਟੋ ਘਟ ... ਕਪੜਾ ਜ਼ਰੂਰ ਪਹਿਨਿਆ ਹੁੰਦਾ ਹੈ । ਓਡ ... ਧਰਮ ਦੇ ਅਨੁਯਾਈ ਹੋਣ ਪਰ ਆਪਣੇ ਮੁਰਦੇ ... ਦੀ ਯਾਦ ਵਿਚ ਧਰਤੀ ਵਿਚ ਦਬਦੇ ਹਨ । ... ਭਾਗੀਰਤ ਮੁੜ ਪ੍ਰਗਟ ਨਹੀਂ ਹੋ ਜਾਂਦਾ, ਉਹ ਉਨ੍ਹ... ਅਨੁਸਾਰ ਪਤਿਤ ਹੀ ਰਹਿਣਗੇ ।

**(ਭ-46) ਭਾਜੀ :**

ਵਿਆਹ ਸ਼ਾਦੀ, ਬੱਚੇ ਦੇ ਜਨਮ ਤੇ ਅ... ਸਮਾਗਮਾਂ ਉਤੇ ਜੋ ਰੁਪਏ ਲਈ ਦਿਤੇ ਜਾਂਦੇ ਹ...

ਕੋਈ ਸਮਾਗਮਾਂ ਉੱਤੇ ਲੈਣ ਦੇਣ ਨਾ ਹੋਵੇ ਤੇ ਪਹਿਲੀ ਵਾਰ ਇਹ ਸਿਲਸਿਲਾ ਚਲ ਰਿਹਾ ਹੋਵੇ ਤਾਂ ਇਸ ਨੂੰ ਨਵੀਂ ਭਾਜੀ ਕਿਹਾ ਜਾਂਦਾ ਹੈ । ਜਦੋਂ ਦਾਰੀ ਕਿਸੇ ਪ੍ਰਵਾਰ ਨਾਲ ਲੈਣ ਦੇਣ ਦਾ ਲੇਖਾ ਜੋ ਬਰਾਬਰ ਹੋ ਗਿਆ ਹੋਵੇ, ਭਾਵ ਵਿਆਹ ਸ਼ਾਦੀ ਜਾਂ ਹੋਰ ਸਮਾਗਮਾਂ ਉੱਤੇ ਜਿਤਨਾ ਰੁਪਿਆ ਪੈਸਾ ਇਕ ਧਿਰੋਂ ਦਿਤਾ ਗਿਆ ਹੋਵੇ, ਉਤਨਾ ਹੀ ਦੂਜੀ ਧਿਰੋਂ ਵੀ, ਤਾਂ ਇਸ ਪਿਛੋਂ ਜੋ ਲੈਣ ਦੇਣ ਹੁੰਦਾ ਹੈ, ਉਸ ਨੂੰ ਨਵੀਂ ਭਾਜੀ ਕਿਹਾ ਜਾਂਦਾ ਹੈ ।

ਜ਼ਰੂਰੀ ਨਹੀਂ ਕਿ ਭਾਜੀ ਰੁਪਏ ਪੈਸੇ ਦੀ ਹੀ ਹੋਵੇ, ਇਹ ਕੜਾਹ, ਸ਼ੀਰਾ, ਲੱਡੂ, ਮੱਠੀਆਂ, ਪੰਜੀਰੀ ਆਦਿ ਖਾਧ ਪਦਾਰਥਾਂ ਦੀ ਵੀ ਹੋ ਸਕਦੀ ਹੈ ਅਤੇ ਕਪੜੇ ਲੱਤੇ ਦੀ ਵੀ ।

ਬੱਚੇ ਦੇ ਜਨਮ ਉੱਤੇ ਕੜਾਹ ਜਾਂ ਪੰਜੀਰੀ ਵੰਡੀ ਜਾਂਦੀ ਹੈ ਤੇ ਜਿਨ੍ਹਾਂ ਘਰਾਂ ਵਿਚ ਇਹ ਭਾਜੀ ਭੇਜੀ ਜਾਂਦੀ ਹੈ, ਉਹ ਬੱਚੇ ਦੀ ਤਲੀ ਉੱਤੇ ਅਠਾਨੀ/ਰੁਪਿਆ ਜਾਂ ਵੱਧ ਆਪਣੀ ਹੈਸੀਅਤ ਅਨੁਸਾਰ ਧਰ ਜਾਂਦੇ ਹਨ । ਇਹ ਨਿੱਕੀਆਂ ਭਾਜੀਆਂ ਹਨ ਜਿਨ੍ਹਾਂ ਦਾ ਕੋਈ ਲੇਖਾ ਨਹੀਂ ਰਖਦਾ, ਪਰ ਮੰਗਣੀ ਤੇ ਵਿਆਹ ਉੱਤੇ ਵੱਡੀ ਰਕਮ ਲੈਣ ਦੇਣ ਹੁੰਦੀ ਹੈ ਤੇ ਇਸ ਦੇ ਮੋੜਵੇਂ ਮਿਲਣ ਦਾ ਵੀ ਧਿਆਨ ਹੁੰਦਾ ਹੈ । ਧਨ-ਪੋਠੋਹਾਰ ਵਿਚ ਵਿਆਹ ਉੱਤੇ ਜਦੋਂ ਕਿਸੇ ਨੂੰ ਸੱਦਾ-ਪੱਤਰ ਭੇਜਿਆ ਜਾਂਦਾ ਸੀ ਤਾਂ ਨਾਲ ਭਾਜੀ ਵੀ ਭੇਜੀ ਜਾਂਦੀ ਸੀ, ਗੁੜ ਦੀ । ਜੇ ਕੋਈ ਦੂਰ ਰਹਿੰਦਾ ਹੋਵੇ ਤਾਂ ਚਵਾਨੀ ਨਕਦ ਨਾਈ ਹੱਥ ਭੇਜ ਦਿਤੀ ਜਾਂਦੀ ਸੀ । ਜੇ ਕੋਈ ਦੂਰ ਬੈਠਾ ਹੋਵੇ ਤਾਂ ਉਸ ਨੂੰ ਵਿਆਹ ਦੀ ਚਿੱਠੀ ਦੇ ਨਾਲ ਨਾਲ ਚਾਰ/ਅੱਠ ਆਨੇ/ਰੁਪਿਆ ਆਦਿ ਭੇਜਣਾ ਹੋਵੇ ਤਾਂ ਚਿੱਠੀ ਵਿਚ ਚਵਾਨੀ, ਅਠਾਨੀ ਦੀਆਂ ਟਿਕਟਾਂ ਪਾ ਦੇਂਦੇ ਸਨ ।

## (ਭ-47) ਭਾਟ :

ਵਰ ਅਥਵਾ ਕੰਨਿਆ ਨੂੰ ਵਿਆਹ ਸਮੇਂ ਦਿਤੇ ਕਪੜੇ । ਹਰਿਆਣੇ ਵਿਚ ਇਨ੍ਹਾਂ ਨੂੰ 'ਭਾਟ' ਕਿਹਾ ਜਾਂਦਾ ਹੈ । ਵਿਆਹ ਸਮੇਂ ਕੰਨਿਆ ਦੇ ਮਾਮੇ, ਕੰਨਿਆ ਲਈ ਫੇਰਿਆਂ ਵੇਲੇ ਪਹਿਨਣ ਦੇ ਕਪੜੇ, ਚੂੜਾ ਤੇ ਕੁਝ ਹੋਰ ਸੁਗਾਤਾਂ ਲਿਆਂਦੇ ਹਨ । ਜੇ ਮਾਮੇ ਅਮੀਰ ਹੋਣ, ਤਾਂ ਕੰਨਿਆ ਲਈ

ਇਬਟਸਨ ਅਨੁਸਾਰ ਕਈ ਵਾਰ ਕੰਨਿਆ
ਵੇਲੇ ਪਹਿਨਣ ਲਈ ਦੋ ਜੋੜੇ ਆ ਜਾਂਦੇ, ਇ
ਦਾ ਮਾਮਾ ਦੇਂਦਾ ਹੈ ਤੇ ਦੂਜੇ ਵਰ ਦਾ ਮਾਮਾ
ਹਾਲਤ ਵਿਚ ਕੰਨਿਆ ਵਿਆਹ ਵੇਲੇ ਦੋ
ਪਹਿਨਦੀ ਹੈ ।

ਜਦੋਂ ਮਾਮੇ ਭਾਟ ਲੈ ਕੇ ਆਉਂਦੇ ਹਨ
ਉਨ੍ਹਾਂ ਦਾ ਆਦਰ ਭਾਵ ਨਾਲ ਸਵਾਗਤ ਕਰਦੀ
ਦੇ ਵੱਡੇ ਦਰਵਾਜ਼ੇ ਅਗੇ ਆਟੇ ਦਾ ਚੌਕ ਪੂ
ਵਰ/ਕੰਨਿਆ ਦੀ ਮਾਂ ਆਪਣੇ ਭਰਾ ਨੂੰ ਖੜਾ
ਉਸ ਦੀ ਆਰਤੀ ਉਤਾਰਦੀ ਤੇ ਮੱਥੇ 'ਤੇ ਤਿਲਕ
ਹੈ । ਤੀਵੀਆਂ ਗੀਤ ਗਾਉਂਦੀਆਂ ਹਨ ।
ਅਨੁਸਾਰ ਇਸ ਮੌਕੇ 'ਤੇ ਸੇਵਲ ਦੀ ਰਸਮ ਕੀਤੀ
ਜਿਸ ਵਿਚ ਭੈਣ ਆਪਣਾ ਘੱਘਰਾ ਉੱਚਾ ਛੁੰਗ ਕੇ
ਜਿਸਮ ਨਾਲ ਛੁਹਾਂਦੀ ਹੈ । ਜਿਸ ਦਾ ਭਾਵ ਹੈ
ਦੋਵੇਂ ਇਕੋ ਕੁਖ ਦੇ ਜਾਏ ਹਾਂ ਤੇ ਸਾਡਾ ਪਿਆਰ
ਬਣਿਆ ਰਹੇ ।

## (ਭ-48) ਭਾਟੜੇ :

ਬ੍ਰਾਹਮਣਾਂ ਦੀ ਇਕ ਉਪ-ਜਾਤੀ, ਜੋ ਹਰ ਤ
ਭੇਟਾਂ ਕਬੂਲ ਕਰ ਲੈਂਦੇ ਹਨ । ਗ੍ਰਹਿਣ ਦੇ ਸਮੇਂ
ਇਹ ਦਾਨ ਮੰਗਦੇ ਹਨ ।

ਭਾਟੜੇ ਨਲ ਮਾਧਵ ਮਲ ਦੀ ਵੰਸ਼ ਵਿਚੋਂ
ਹਨ, ਜੋ ਵਿਕਰਮਾਦਿਤਯ ਦੇ ਕਾਲ ਵਿਚ
ਸੰਗੀਤਕਾਰ ਸੀ ਤੇ ਜਿਸ ਨੇ ਇਕ ਨਾਚੀ ਕਾ
ਨਾਲ ਵਿਆਹ ਕੀਤਾ ਸੀ । ਭਾਟੜੇ ਤੇ ਡਕੋਤ
ਦੋਵੇਂ ਅਸ਼ੁਧ ਵੰਸ਼ ਦੇ ਗਿਣੇ ਜਾਂਦੇ ਹਨ ।

## (ਭ-49) ਭਾਨ :

ਲੁਬਾਣਿਆਂ ਵਿਚ ਕੁੜਮਾਈ ਤੋਂ ਪਹਿਲਾਂ,
ਪਿਉ ਲੜਕੀ ਦੇ ਘਰ ਜਾ ਕੇ ਲੜਕੀ ਦੇ ਪਿ
ਰਿਸ਼ਤੇ ਲਈ ਕੁਝ ਰਕਮ ਚੁਕਾਂਦਾ ਹੈ, ਜੋ
ਅਖਵਾਉਂਦੀ ਹੈ । ਪਰ ਜਦੋਂ ਕੁੜਮਾਈ ਹੁੰਦੀ
ਚੁਕਾਈ ਹੋਈ ਰਕਮ ਵਿਚੋਂ ਅੱਧੀ ਰਕਮ ਸ
ਦਿਤੀ ਜਾਂਦੀ ਹੈ, ਜੋ ਭਾਨ ਅਖਵਾਉਂਦੀ ਹੈ ।

ਬੜੀ ਪ੍ਰਾਚੀਨ ਮੰਨੀ ਗਈ ਹੈ, ਕਿਉਂ ਜੋ ਭਾਬੜਾ ਸ਼ਬਦ ਅਸ਼ੋਕ ਦੇ ਇਕ ਕੁਤਬੇ ਉੱਤੇ ਵੀ ਲਿਖਿਆ ਮਿਲਦਾ ਹੈ ।

ਭਾਬੜੇ ਜੈਨੀਆਂ ਦੇ ਦੋ ਫ਼ਿਰਕੇ ਹਨ : ਢੂੰਡੇਰਾ ਤੇ ਪੁਜੇਰਾ । ਢੂੰਡੇਰਾ ਮੂਰਤੀਆਂ ਦੀ ਪੂਜਾ ਨਹੀਂ ਕਰਦੇ, ਇਸ ਲਈ ਇਨ੍ਹਾਂ ਦੇ ਮੰਦਰ ਨਹੀਂ ਹੁੰਦੇ । ਇਹ 24 ਤੀਰਥੰਕਰਾਂ ਵਿਚ ਵਿਸ਼ਵਾਸ ਰਖਦੇ ਹਨ ਤੇ ਉਨ੍ਹਾਂ ਦੇ ਨਾਵਾਂ ਦਾ ਹੀ ਜਾਪ ਕਰਦੇ ਹਨ ।

ਪੁਜੇਰਾ ਮੰਦਰ ਉਸਾਰਦੇ ਹਨ ਤੇ ਉਨ੍ਹਾਂ ਵਿਚ ਤੀਰਥੰਕਰਾਂ ਦੀਆਂ ਮੂਰਤੀਆਂ ਸਥਾਪਤ ਕਰਦੇ ਹਨ । ਤੀਰਥੰਕਰਾਂ ਵਿਚ ਪਾਰਸਨਾਥ ਵਧੇਰੇ ਪ੍ਰਸਿਧ ਹੈ ਤੇ ਉਸ ਦੀ ਮੂਰਤੀ ਥਾਂ-ਥਾਂ ਮਿਲਦੀ ਹੈ ।

ਭਾਬੜਿਆਂ ਵਿਚ ਤਿੰਨ ਤਰਾਂ ਦੇ ਪੁਜਾਰੀ ਮਿਲਦੇ ਹਨ— ਢੂੰਡੇਰਿਆਂ ਦੇ ਪੁਜਾਰੀ ਢੂੰਡੇਰੇ ਸਾਧੂ ਅਖਵਾਂਦੇ ਹਨ ਅਤੇ ਪੁਜੇਰਿਆਂ ਦੇ ਸਾਮਬੇਗੀ ਸਾਧ । ਪਰ ਇਕ ਹੋਰ ਸ਼੍ਰੇਣੀ ਵੀ ਹੈ ਜੋ 'ਜਤੀ' ਅਖਵਾਉਂਦੀ ਹੈ । ਇਹ ਪੱਕੇ ਪੂਰੇ ਜੈਨੀ ਨਹੀਂ । ਇਹ ਮਕਾਨਾਂ ਤੇ ਜਾਇਦਾਦਾਂ ਦੇ ਸਵਾਮੀ ਹਨ, ਜਦੋਂ ਕਿ ਪਹਿਲੀਆਂ ਦੋਹਾਂ ਸ਼੍ਰੇਣੀਆਂ ਨੂੰ ਇਹ ਅਧਿਕਾਰ ਨਹੀਂ ।

ਜਤੀ ਪੂਜ ਵਾਂਙ ਕਪੜੇ ਪਹਿਨਦਾ ਹੈ ਤੇ ਸੰਪਰਦਾਇ ਵਲੋਂ ਇਹ ਪੁਜੇਰੇ ਹਨ ।

ਢੂੰਡੀਆ ਸਾਧੂ ਚਿੱਟੇ ਕਪੜੇ ਪਹਿਨਦੇ ਤੇ ਮੂੰਹ ਉਤੇ ਚਿੱਟੇ ਰੰਗ ਦਾ ਕਪੜਾ, ਜੋ ਮੂੰਹ-ਪੱਟੀ ਅਖਵਾਉਂਦਾ ਹੈ, ਬੰਨ੍ਹਦੇ ਹਨ, ਤਾਂ ਜੋ ਕਿਰਮ ਸੁਆਸ ਦੁਆਰਾ ਅੰਦਰ ਨਾ ਜਾਣ ।

ਸਾਮਬੇਗੀ ਗੇਰੂਆ ਰੰਗ ਦੇ ਕਪੜੇ ਪਹਿਨਦੇ ਤੇ ਆਪਣੇ ਨਾਲ ਇਕ ਡੰਡਾ ਰਖਦੇ ਹਨ । ਉਨ੍ਹਾਂ ਕੋਲ ਮੂੰਹ-ਪੱਟੀ ਹੁੰਦੀ ਹੈ । ਜਦੋਂ ਬੋਲਦੇ ਜਾਂ ਪੜ੍ਹਦੇ ਹਨ ਤਾਂ ਮੂੰਹ-ਪੱਟੀ ਮੂੰਹ ਅਗੇ ਰਖ ਲੈਂਦੇ ਹਨ । ਦੋਹਾਂ ਸ਼੍ਰੇਣੀਆਂ ਦੇ ਸਾਧ ਆਪਣੇ ਨਾਲ ਬੁਹਾਰੀ ਰਖਦੇ ਹਨ ਤੇ ਜਦੋਂ ਬੈਠਣ ਲਗਦੇ ਹਨ ਤਾਂ ਬੁਹਾਰੀ ਮਾਰ ਕੇ ਕੀੜੇ ਹੂੰਜ ਦੇਂਦੇ ਹਨ । ਇਹ ਸਾਧੂ ਆਪਣਾ ਸਿਰ ਤੇ ਪੈਰ ਨੰਗੇ ਰਖਦੇ ਹਨ । ਰਾਤ ਵੇਲੇ ਨਾ ਪਾਣੀ ਪੀਂਦੇ ਹਨ ਤੇ ਨਾ ਰੋਟੀ ਖਾਂਦੇ ਹਨ, ਤਾਂ ਜੋ ਕਿਰਮ ਅੰਦਰ ਨਾ ਲੰਘ ਜਾਣ । ਇਹ ਸਾਧੂ ਨਾ ਵਿਆਹ ਕਰਦੇ ਤੇ ਨਾ ਹੀ ਤੀਵੀਂ ਨੂੰ ਛੂੰਹਦੇ ਹਨ । ਇਹ ਸਾਧੂ ਲਕੜੀ ਦੇ ਬਰਤਨ ਵਰਤਦੇ ਤੇ ਆਪਣੀ ਰੋਟੀ ਖੁਦ ਮੰਗ ਕੇ ਖਾਂਦੇ ਹਨ ।

ਪੰਜਾਬੀ ਵਿਚ ਅਨੇਕਾਂ ਲੋਕ-ਗੀਤ ਦੇਵਰ ਭਾਬੀ
ਮਿਲਦੇ ਹਨ, ਜਿਨ੍ਹਾਂ ਵਿਚ ਹਾਸਾ-ਠੱਠਾ,
ਟਿਚਕਰਬਾਜ਼ੀ ਹੈ ।

ਪੰਜਾਬ ਦੇ ਕਈ ਕਬੀਲਿਆਂ ਵਿਚ ਜਦੋਂ
ਦੀ ਮੌਤ ਹੋ ਜਾਂਦੀ ਹੈ ਤਾਂ ਉਹ, ਜੇ ਉਸ ਦਾ
ਜੀਉਂਦਾ ਹੋਵੇ ਤਾਂ ਉਸ ਨਾਲ ਭਰਜਾਈ ਦਾ ਪੁਨ
ਕਰ ਦਿਤਾ ਜਾਂਦਾ ਹੈ ।

ਰਾਂਝੇ ਦੇ ਕਿੱਸੇ ਵਿਚ ਭਾਬੀਆਂ ਦਾ ਵਰਨ
ਰੰਗਾਂ ਵਿਚ ਆਉਂਦਾ ਹੈ, ਉਹ ਰਾਂਝੇ ਤੋਂ ਵਾ
ਵੀ ਜਾਂਦੀਆਂ ਹਨ ਤੇ ਉਸ ਨੂੰ ਮਿਹਣੇ ਤਾਹਨੇ
ਦੇਂਦੀਆਂ ਹਨ ।

### (ਭ-52) ਭਾਮ :

ਹੁਸ਼ਿਆਰਪੁਰ ਜ਼ਿਲੇ ਵਿਚ ਮਾਹਿਲਪੁਰ ਦੇ
ਸੱਤ ਮੀਲਾਂ ਦੀ ਵਿੱਥ ਉਤੇ ਇਕ ਸਥਾਨ, ਜਿਥੇ
ਦੇਸ-ਨਿਕਾਲੇ ਦੇ ਦਿਨ ਗੁਜ਼ਾਰੇ ਸਨ । ਇਥੇ
ਦੀ ਯਾਦ ਵਿਚ ਇਕ ਸ਼ਿਵਾਲਾ ਹੈ ।

### (ਭ-53) ਭਿਛਿਆ :

ਲੋਕ-ਧਰਮ ਵਿਚ ਭਿਛਿਆ ਪਾਉਣ ਦਾ ਬੜ
ਹੈ । ਘਰੋਂ ਫ਼ਕੀਰ/ਸਾਧ ਸੰਤ ਨੂੰ ਖ਼ਾਲੀ ਭੇਜਣ
ਸਮਝਿਆ ਜਾਂਦਾ ਹੈ । ਧਾਰਨਾ ਹੈ ਕਿ ਇਸ
ਭਿਛਿਆ ਦੇਣ ਨਾਲ ਅਗਲੇ ਲੋਕ ਵਿਚ ਦਸ
ਹੋ ਕੇ ਪ੍ਰਾਪਤ ਹੁੰਦਾ ਹੈ ।

ਭਿਛਿਆ ਦਲ੍ਹੀਜ ਤੋਂ ਬਾਹਰ ਪੈਰ ਰਖ
ਜਾਂਦੀ ਹੈ । ਇਸ ਤਰ੍ਹਾਂ ਉਸ ਦਾ ਪੂਰਾ ਫਲ ਮਿ
ਦਲ੍ਹੀਜ ਅੰਦਰੋਂ ਦੇਣ ਨਾਲ ਫਲ ਘਟਦਾ ਹੈ ।

### (ਭ-54) ਭਿੱਟ :

ਜਿਸ ਘਰ ਵਿਚ ਕੋਈ ਮ੍ਰਿਤੂ ਹੋਈ ਹੋ
13 ਦਿਨਾਂ ਲਈ ਭਿੱਟ ਮੰਨੀ ਜਾਂਦੀ ਹੈ ਅਤੇ
ਇਸ ਘਰ ਦਾ ਕੁਝ ਖਾਂਦੇ ਪੀਂਦੇ ਨਹੀਂ । ਬ
ਰਿਆਸਤ ਤੇ ਨਾਲ ਲਗਦੇ ਇਲਾਕੇ ਵਿਚ ਤਾਂ
ਅਸਰ ਮ੍ਰਿਤਕ ਦੇ ਸਾਂਝੇ ਵਡਿਕੇ ਦੀਆਂ, ਪੰਜ ਪੀ
ਸਾਰੀ ਵੰਸ਼ 'ਤੇ ਪੈਂਦਾ ਹੈ ਤੇ ਇਹ ਸਾਰੇ

ਬੀਰ-ਕਾਵਿ ਵਿਚ ਮਿਲਦੀਆਂ ਹਨ ।

ਮਹਾਂਭਾਰਤ ਅਨੁਸਾਰ, ਭ੍ਰਿਗੂ ਨੇ ਇਕ ਵਾਰ ਇਕ ਤੀਵੀਂ, ਜਿਸ ਦੀ ਮੰਗਣੀ ਇਕ ਅਸੁਰ ਨਾਲ ਤੈਅ ਹੋਈ ਸੀ, ਚੁਕ ਕੇ ਲੈ ਗਿਆ । ਇਹ ਅਸੁਰ ਅਗਨੀ ਦੇਵਤੇ ਕੋਲ ਉਸ ਇਸਤ੍ਰੀ ਦਾ ਪਤਾ ਪੁਛਣ ਲਈ ਗਿਆ, ਕਿਉਂ ਜੋ ਅਗਨੀ ਸਭ ਥਾਈਂ ਪਹੁੰਚਣ ਦੀ ਸਮਰੱਥ ਹੈ । ਅਗਨੀ ਨੇ ਅਸੁਰ ਨੂੰ ਦਸ ਦਿਤਾ ਕਿ ਉਹ ਤੀਵੀਂ ਕਿਥੇ ਹੈ ਤੇ ਅਸੁਰ ਉਸ ਨੂੰ ਵਾਪਸ ਲੈ ਆਇਆ । ਭ੍ਰਿਗੂ ਨੂੰ ਜਦੋਂ ਪਤਾ ਲਗਾ, ਕਿ ਅਗਨੀ ਨੇ ਉਸ ਅਸੁਰ ਨੂੰ ਤੀਵੀਂ ਦਾ ਥਹੁ-ਪਤਾ ਦਸਿਆ ਹੈ ਤਾਂ ਉਸ ਕਰੋਧ ਵਿਚ ਆ ਕੇ ਅਗਨੀ ਨੂੰ ਸਰਾਪ ਦਿਤਾ ਕਿ ਉਹ ਭੱਖ-ਅਭੱਖ ਸਭ ਕੁਝ ਖਾਵੇਗਾ । ਪਿਛੋਂ ਅਗਨੀ ਨੇ ਭ੍ਰਿਗੂ ਨੂੰ ਵਿਸ਼ਵਾਸ਼ ਦਿਵਾਇਆ ਕਿ ਦੇਵਤਾ ਹੋਣ ਦੇ ਨਾਤੇ, ਉਸ ਜੋ ਕੀਤਾ ਹੈ, ਠੀਕ ਹੀ ਕੀਤਾ ਹੈ ਤਾਂ ਭ੍ਰਿਗੂ ਨੇ ਅਗਨੀ ਨੂੰ ਅਸੀਸ ਦਿਤੀ ਕਿ ਉਹ ਭੱਖ-ਅਭੱਖ ਖਾ ਕੇ ਵੀ ਪਵਿਤ੍ਰ ਰਹੇਗਾ ਤੇ ਕਦੇ ਅਪਵਿਤ੍ਰ ਨਹੀਂ ਹੋਵੇਗਾ ।

ਕੁਝ ਪੁਰਾਣਾਂ ਅਨੁਸਾਰ ਲਖਸ਼ਮੀ ਭ੍ਰਿਗੂ ਦੀ ਧੀ ਸੀ । ਰਿਸ਼ੀ ਨੇ ਕਿਸੇ ਗੱਲੋਂ ਇੰਦਰ ਨੂੰ ਸਰਾਪ ਦਿਤਾ ਤੇ ਸਭ ਦੇਵਤੇ ਇੰਦਰਪੁਰੀ ਨੂੰ ਛੱਡ ਕੇ ਕਿਤੇ ਹੋਰ ਰਹਿਣ ਲਗੇ । ਉਦੋਂ ਤਕ ਲਖਸ਼ਮੀ ਨੇ ਖੀਰ ਸਾਗਰ ਵਿਚ ਜਾ ਪਨਾਹ ਲਈ, ਅਤੇ ਜਦੋਂ ਸਾਗਰ ਮੱਥਿਆ ਗਿਆ ਤਾਂ ਇਸ ਨੂੰ ਮੁੜ ਦੇਵਤਿਆਂ ਦੇ ਹਵਾਲੇ ਕਰ ਦਿਤਾ ਗਿਆ ।

ਭ੍ਰਿਗੂ ਦਸ ਪਰਜਾਪਤੀਆਂ ਵਿਚੋਂ ਇਕ ਗਿਣਿਆ ਜਾਂਦਾ ਹੈ ।

ਭ੍ਰਿਗੂ ਦੀ ਚਿਤਰਾਂ ਵਿਚ ਦਾਹੜੀ ਨਹੀਂ ਵਿਖਾਈ ਜਾਂਦੀ । ਇਕ ਵਾਰ ਦਖਸ਼ ਦੇ ਮਹਿਲ ਵਿਚ ਝਗੜਾ ਹੋ ਗਿਆ । ਭ੍ਰਿਗੂ ਆਪਣੇ ਭਰਾ ਵਲ ਹੋ ਕੇ ਲੜਿਆ ਤੇ ਸ਼ਿਵ ਨੇ ਉਸ ਦੀ ਦਾਹੜੀ ਨੋਚ ਲਈ ।

ਭ੍ਰਿਗੂ ਸੰਹਿਤਾ : ਇਕ ਪ੍ਰਾਚੀਨ ਦਸਤਾਵੇਜ਼ਾਂ ਦਾ ਸੰਗ੍ਰਹਿ, ਜੋ ਰਿਸ਼ੀ ਭ੍ਰਿਗੂ ਦਾ ਲਿਖਿਆ ਮੰਨਿਆ ਜਾਂਦਾ ਹੈ । ਇਸ ਗ੍ਰੰਥ ਵਿਚ, ਵਿਸ਼ਵਾਸ ਅਨੁਸਾਰ, ਹਰੇਕ ਜੀਵ ਦਾ ਜੀਵਨ-ਇਤਿਹਾਸ ਅਗਲੇ ਪਿਛਲੇ ਸਭ ਜਨਮਾਂ ਦਾ ਦਰਜ ਹੈ । ਸਿਰਫ਼ ਇਹ ਲੱਭਣ ਦੀ ਲੋੜ ਹੈ ਕਿ ਕਿਹੜਾ ਬਿਆਨ ਉਸ ਉਤੇ ਢੁਕਦਾ ਹੈ । ਇਹ ਗ੍ਰੰਥ ਨਾ ਸਿਰਫ਼ ਵਰਤਮਾਨ ਜਨਮ ਬਾਰੇ ਹੀ ਦਸਦਾ ਹੈ, ਸਗੋਂ ਅਗਲੇ ਪਿਛਲੇ ਜਨਮਾਂ

ਤੇ ਭੀਸ਼ਮ ਪਿਤਾਮਾ ਨਮਿਤ ਤਰਪਣ ਕ
ਮਹਾਤਮ ਦਸਿਆ ਜਾਂਦਾ ਹੈ । ਭੀਸ਼ਮ
ਵਿਆਹ ਨਹੀਂ ਸੀ ਕੀਤਾ ਅਤੇ ਆਪਣ
ਲੋਕ-ਸੇਵਾ ਵਿਚ ਗੁਜ਼ਾਰਿਆ । ਇਸ ਲਈ
ਅਨੁਸਾਰ ਜੋ ਸ਼ਖਸ ਇਸ ਤਿੱਥੀ ਨੂੰ ਤਿ
ਗੰਗਾ ਜਲ ਤੇ ਕੁੱਸਾ ਘਾਹ ਨਾਲ ਭੀਸ਼ਮ
ਤਰਪਣ ਕਰਦਾ ਹੈ ਉਸ ਨੂੰ ਮੁਕਤੀ ਮਿਲਦੀ

ਭੀਸ਼ਮ ਦੀ ਕਥਾ ਇਸ ਪ੍ਰਕਾਰ ਹੈ :
ਰਾਜੇ ਸ਼ਾਨਤਨੂ ਦੀ ਇਸਤ੍ਰੀ ਗੰਗਾ ਦੀ
ਭੀਸ਼ਮ ਜਦੋਂ ਜਵਾਨ ਸੀ ਤਾਂ ਇਕ ਵਾਰ
ਸ਼ਿਕਾਰ ਖੇਡਦੇ ਖੇਡਦੇ ਜੰਗਲ ਵਿਚ ਬਾਕੀ
ਨਿਖੜ ਗਏ । ਗੰਗਾ ਪਾਰ ਕਰਨ ਲਗਿਆਂ
ਇਕ ਮੱਲਾਹ ਦੀ ਕੰਨਿਆਂ ਸਤਯਗੰਧਾ ਤੇ
ਸੁੰਦਰ ਸੀ । ਰਾਜਾ ਉਸ ਦੇ ਰੂਪ ਉਤੇ ਮੋਹਿ
ਮੱਲਾਹ ਤੋਂ ਉਸ ਲੜਕੀ ਦੀ ਬਾਂਹ ਮੰਗ
ਮੰਨਿਆ ਕਿਉਂ ਜੋ ਉਸ ਦਾ ਖ਼ਿਆਲ ਸੀ
ਰਾਣੀ ਬਣ ਵੀ ਗਈ ਤਾਂ ਕੀ ਲਾਭ ਜ
ਔਲਾਦ ਰਾਜਾ ਨਹੀਂ ਬਣ ਸਕਦੀ ।

ਰਾਜਾ ਬੜਾ ਦੁਖੀ ਹੋਇਆ । ਇਕ
ਸਾਰੀ ਗੱਲ ਆਪਣੇ ਪੁੱਤਰ ਭੀਸ਼ਮ ਨੂੰ ਦੱ
ਆਪਣੇ ਪਿਤਾ ਨਾਲ ਬੜਾ ਪ੍ਰੇਮ ਸੀ ਤੇ
ਮੱਲਾਹ ਕੋਲ ਗਏ ਤੇ ਕੰਨਿਆਂ ਦਾ ਵਿ
ਕਰਨ ਲਈ ਜ਼ੋਰ ਪਾਇਆ । ਪਰ ਮੱਲ
ਉਤੇ ਜ਼ੋਰ ਦਿਤਾ ਕਿ ਉਸ ਦੀ ਕੰਨਿਆਂ
ਦੀ ਉਤਰਾਧਿਕਾਰੀ ਨਹੀਂ ਬਣ ਸਕੇਗੀ
ਵੇਲੇ ਪ੍ਰਤਿਗਿਆ ਲਈ ਕਿ ਉਹ ਸਾਰੀ
ਨਹੀਂ ਕਰੇਗਾ ਤੇ ਉਸ ਦੀ ਕੰਨਿਆਂ ਦੀ
ਦੇ ਮਰਨ ਉਪਰੰਤ ਗੱਦੀ ਦੀ ਅਧਿਕਾਰੀ
ਕੰਨਿਆਂ ਦਾ ਵਿਆਹ ਕਰਨਾ ਮੰਨ
ਪ੍ਰਤਿਗਿਆ ਪੂਰੀ ਕਰਨ ਲਈ ਭੀਸ਼ਮ
ਵਿਆਹ ਨਹੀਂ ਕਰਵਾਇਆ । ਰਾਜਾ ਸ਼ਾ
ਨੂੰ ਵਰ ਦਿਤਾ ਕਿ ਉਹ ਕਿਸੇ ਦੇ ਮਾ
ਮਰੇਗਾ ਸਗੋਂ ਆਪਣੀ ਇੱਛਾ ਨਾਲ
ਹੋਵੇਗੀ ।

ਮਹਾਂਭਾਰਤ ਦੇ ਯੁੱਧ ਵਿਚ ਭੀਸ਼ਮ ਨੇ

ਸੀ ਕਿ ਉਹ ਕ੍ਰਿਸ਼ਨ ਦੀ ਇਸ ਪ੍ਰਤਿਗਿਆ ਨੂੰ ਭੰਗ ਕਰਾ ਕੇ ਰਹੇਗਾ। ਭੀਸ਼ਮ ਨੇ ਪਾਂਡਵਾਂ ਦੇ ਅਜਿਹੇ ਆਹੂ ਲਾਹੇ ਕਿ ਅਖ਼ੀਰ ਕ੍ਰਿਸ਼ਨ ਨੂੰ ਹਥਿਆਰ ਚੁਕਣਾ ਹੀ ਪਿਆ ਤੇ ਉਹਨਾਂ ਕ੍ਰਿਸ਼ਨ ਚੱਕਰ ਨਾਲ ਭੀਸ਼ਮ ਨੂੰ ਮਾਰਨਾ ਚਾਹਿਆ। ਭੀਸ਼ਮ ਕੇਵਲ ਕ੍ਰਿਸ਼ਨ ਦੀ ਪ੍ਰਤਿਗਿਆ ਹੀ ਭੰਗ ਕਰਨੀ ਚਾਹੁੰਦਾ ਸੀ, ਸੋ ਉਸ ਨੇ ਉਸੇ ਖਿਣ ਯੁਧ ਬੰਦ ਕਰ ਦਿਤਾ।

ਮਹਾਂਭਾਰਤ ਦੇ ਯੁੱਧ ਦੀ ਸਮਾਪਤੀ ਪਿਛੋਂ ਵੀ ਭੀਸ਼ਮ ਯੁਧਿਸ਼ਟਰ ਨੂੰ ਰਾਜਨੀਤੀ ਤੇ ਸਦਾਚਾਰ ਨੀਤੀ ਅਤੇ ਲੋਕ-ਵਿਵਹਾਰ ਦੀ ਅਮੁਲ ਸਿਖਸਾਵਾਂ ਦੇਂਦੇ ਰਹੇ।

### (ਭ-57) ਭੀਸ਼ਮਸਰ :

ਅਲਾਵਲਪੁਰ ਦੇ ਨੇੜੇ ਮੁਹੰਮਦਪੁਰ ਵਿਖੇ ਇਕ ਪੱਕਾ ਸਰੋਵਰ ਹੈ ਜਿਸ ਨੂੰ ਭੀਸ਼ਮਸਰ ਕਹਿੰਦੇ ਹਨ, ਕਿਹਾ ਜ ਦਾ ਹੈ ਕਿ ਇਹ ਪਾਂਡਵਾਂ ਦੇ ਦਾਦੇ ਭੀਸ਼ਮ ਪਿਤਾਮਾ ਨੇ ਬਣਵਾਇਆ ਸੀ। ਹਿੰਦੂ ਇਸ ਅਸਥਾਨ ਨੂੰ ਬੜਾ ਪਾਵਨ ਮੰਨਦੇ ਹਨ ਅਤੇ ਇਥੇ ਹਰ ਸਾਲ, ਹੋਲੀ, ਚੇਤ ਚੌਦਸ, ਬਿਸਾਖੀ ਤੇ ਦਿਵਾਲੀ ਉਤੇ ਮੇਲੇ ਲਗਦੇ ਹਨ।

### (ਭ-58) ਭੀਸ਼ਮਾ ਦੇ ਦੀਵੇ :

ਕੱਤਕ ਦੇ ਮਹੀਨੇ ਤੀਵੀਆਂ ਮਹਾਂਭਾਰਤ ਦੇ ਪ੍ਰਸਿਧ ਯੋਧੇ ਭੀਸ਼ਮ ਦੀ ਯਾਦ ਵਿਚ ਇਕ ਪੰਜ ਦਿਨਾਂ ਦਾ ਉਤਸਵ ਮਨਾਂਦੀਆਂ ਹਨ। ਤੀਵੀਆਂ ਬ੍ਰਾਹਮਣਾਂ ਦੇ ਘਰ ਦੀਵੇ ਲੈ ਕੇ ਜਾਂਦੀਆਂ ਹਨ। ਬ੍ਰਾਹਮਣ ਦੀ ਪਤਨੀ ਇਸ ਉਤਸਵ ਦੇ ਦਿਨੀਂ ਕਿਸੇ ਨਵੇਕਲੇ ਥਾਂ ਗੋਹੇ ਦਾ ਪੋਚਾ ਦੇ ਕੇ ਤੇ ਕੋਲ ਦੀਵੇ ਬਾਲ ਕੇ ਰਖਦੀ ਹੈ ਤੇ ਲੰਮੀ ਪਈ ਰਹਿੰਦੀ ਹੈ। ਦੀਵਿਆਂ ਵਿਚ ਸਰਹੋਂ ਦਾ ਤੇਲ ਪਾਇਆ ਜਾਂਦਾ ਹੈ। ਦੀਵੇ ਵਿਚ ਲਾਲ ਰੰਗ ਦੀਆਂ ਵਟੀਆਂ, ਜੋ ਸਰਹੋਂ ਦੀਆਂ ਟਹਿਣਾਂ ਦੁਆਲੇ ਲਪੇਟੀਆਂ ਹੁੰਦੀਆਂ ਹਨ ਰਖੀਆਂ ਜਾਂਦੀਆਂ ਹਨ। ਸੂਰਜ ਢਲਣ ਸਮੇਂ ਤੀਵੀਆਂ ਦੀਵਿਆਂ ਦੀ ਪ੍ਰਕਰਮਾ ਕਰ ਕੇ ਪ੍ਰਨਾਮ ਕਰਦੀਆਂ ਹਨ।

ਇਨ੍ਹੀਂ ਦਿਨੀਂ, ਹਿੰਦੂ ਤੀਵੀਆਂ ਹਰ ਰੋਜ ਸਵੇਰੇ ਜਾਗ ਕੇ ਇਸ਼ਨਾਨ ਕਰਦੀਆਂ ਹਨ। ਦਿਨ ਵਿਚ ਕੇਵਲ ਇਕੋ ਵਾਰ ਭੋਜਨ ਖਾਧਾ ਜਾਂਦਾ ਹੈ। ਜਿਸ ਵਿਚ ਕੁਝ ਤਰਲ ਪਦਾਰਥ ਦੁੱਧ ਤੇ ਧਰਤੀ ਅੰਦਰ ਉਗੀਆਂ ਸਬਜ਼ੀਆਂ

ਬੁਝ ਜਾਣ ਤਾਂ ਦੀਵੇ ਦੀ ਕਾਲਖ ਨੂੰ ਅੱਖਾਂ ਤੇ ਉ
ਉਤੇ ਮਲਿਆ ਜਾਂਦਾ ਹੈ ਤੇ ਦੀਵੇ ਵਿਚਲਾ ਤੇਲ ਹ
ਉਤੇ ਲਗਾਇਆ ਜਾਂਦਾ ਹੈ। ਇਸ ਰੀਤ ਦਾ ਮੰਤਵ
ਹੈ ਕਿ ਭੀਸ਼ਮ ਨੂੰ ਪ੍ਰੇਰਿਆ ਜਾਵੇ ਕਿ ਉਹ ਬਦ-ਰੂ
ਇਸ ਘਰ ਤੋਂ ਪਰੇਡੇ ਰਖੇ।

ਇਸ ਰੀਤ ਦੇ ਸਬੰਧ ਵਿਚ ਇਕ ਦੰਦ-ਕਥ
ਪ੍ਰਚਲਤ ਹੈ : ਇਕ ਵਾਰ ਇਕ ਰਾਜਾ, ਜਿਸ ਦੇ
ਔਲਾਦ ਨਹੀਂ ਸੀ ਹੁੰਦੀ, ਨੇ ਆਪਣੀਆਂ ਸੱਤਾਂ ਰਾਣੀ
ਮਾਰ ਦੇਣ ਦੀ ਧਮਕੀ ਦਿਤੀ ਜੇ ਉਨ੍ਹਾਂ ਵਿਚੋਂ ਕਿਸੇ
ਬੱਚੇ ਨੂੰ ਜਨਮ ਨਾ ਦਿਤਾ। ਇਕ ਰਾਣੀ ਨੇ, ਬਿੱਲੀ
ਬੱਚਾ ਲਿਆ ਕੇ ਆਪਣੀ ਗੋਦ ਲੈ ਲਿਆ ਤੇ ਕਿਹ
ਉਸ ਦੇ ਘਰ ਲੜਕੀ ਨੇ ਜਨਮ ਲਿਆ ਹੈ ਜਿਸ ਨੇ 12
ਮੂੰਹ ਨਹੀਂ ਲਗਣਾ ਸੋ ਉਸ ਨੂੰ ਭੋਰੇ ਵਿਚ ਪਾ ਦਿਤਾ।
ਜਦੋਂ ਵਿਆਹ ਦਾ ਸਮਾਂ ਆਇਆ ਤਾਂ ਉਹ ਰਾਣੀ
ਵਿਚ ਡੁਬ ਗਈ ਪਰ ਭੀਸ਼ਮ ਜੋ ਬਿੱਲੀ ਉਤੇ ਇਸ
ਪ੍ਰਸੰਨ ਸੀ ਕਿ ਉਸ ਨੇ ਭੀਸ਼ਮ ਦਿਵਸ ਉਤੇ ਦੀਵਿਆਂ
ਰਾਖੀ ਕੀਤੀ ਸੀ, ਫਲਸਰੂਪ ਉਸ ਬਿੱਲੀ ਨੂੰ ਸੁੰਦਰ ਲ
ਵਿਚ ਬਦਲ ਦਿਤਾ ਗਿਆ। ਦੀਵਿਆਂ ਦੀ ਕਾਲਖ
ਤੇਲ ਨੂੰ, ਮੁਟਿਆਰਾਂ ਆਪਣੇ ਰੂਪ ਨੂੰ ਚਮਕਾਣ
ਵਰਤਦੀਆਂ ਹਨ।

### (ਭ-59) ਭੀਲਣੀ :

ਭੀਲ ਜਾਤੀ ਦੀ ਇਕ ਤੀਵੀਂ; ਰਵਾਇਤ ਹੈ
ਇਸ ਦੇ ਜੂਠੇ ਬੇਰ ਸ੍ਰੀ ਰਾਮ ਚੰਦਰ ਨੇ ਖਾਧੇ ਸਨ। ਇ
ਅਸਲੀ ਨਾਂ ਸ਼ਬਰੀ ਸੀ। ਇਹ ਮਤੰਗ ਰਿਸ਼ੀ ਦੀ
ਸੀ ਤੇ ਪੰਪਾਸਰ ਦੇ ਕੰਢੇ ਰਹਿੰਦੀ ਸੀ। ਬਨਬਾਸ ਦੇ
ਸ੍ਰੀ ਰਾਮ ਚੰਦਰ ਜੀ ਕੁਝ ਚਿਰ, ਸ਼ਬਰੀ ਦੇ ਆ
ਵਿਚ ਠਹਿਰੇ ਅਤੇ ਇਥੇ ਹੀ ਉਨ੍ਹਾਂ ਨੇ ਭੀਲਣੀ ਦੇ
ਬੇਰ, ਪਿਆਰ ਵਿਚ ਮੁਗਧ ਹੋ ਕੇ ਖਾਧੇ ਸਨ। ਇਥੇ
ਸ੍ਰੀ ਰਾਮ ਚੰਦਰ ਜੀ ਦੇ ਸਾਹਮਣੇ ਭੀਲਣੀ ਆਪਣੀ
ਬਣਾ ਕੇ ਭਸਮ ਹੋ ਗਈ।

### (ਭ-60) ਭੁੱਗੇ ਦਾ ਵਰਤ :

ਪੋਹ ਦੇ ਮਹੀਨੇ ਭੁੱਗੇ ਦਾ ਵਰਤ ਰਖਿਆ ਜਾਂਦ

(ਭ-61) **ਭੁੰਜੇ ਸੌਣਾ** :

ਸਮਾਜਕ ਤੇ ਧਾਰਮਿਕ ਮੌਕਿਆਂ ਉਤੇ ਕਈ ਹਿੰਦੂ ਰੀਤ ਵਜੋਂ ਭੁੰਜੇ ਸੌਂਦੇ ਹਨ, ਤੀਰਥ ਯਾਤਰਾ ਸਮੇਂ ਸਨਾਤਨੀ ਵਿਚਾਰਾਂ ਵਾਲੇ ਹਿੰਦੂ ਭੋਇੰ ਉਤੇ ਹੀ ਰਾਤ ਨੂੰ ਬਿਸਤਰ ਵਿਛਾ ਕੇ ਲੇਟਦੇ ਹਨ। ਮੰਜੇ ਉਤੇ ਸੌਣ ਨਾਲ, ਦੇਵਤੇ ਦੀ ਪੂਰੀ ਮਾਣ-ਪ੍ਰਤਿਸ਼ਟਾ ਨਹੀਂ ਹੋਈ ਮੰਨੀ ਜਾਂਦੀ ਤੇ ਤੀਰਥਾਂ ਦਾ ਪੂਰਾ ਮਹਾਤਮ ਨਹੀਂ ਮਿਲਦਾ। ਫਿਰ ਧਰਤੀ ਮਾਤਾ ਵੀ ਹੈ ਤੇ ਦੇਵੀ ਵੀ। ਤੀਰਥਾਂ ਦੇ ਭਰਮਣ ਸਮੇਂ ਧਰਤੀ ਉਤੇ ਸੌਣ ਦਾ ਦੂਹਰਾ ਮਹਾਤਮ ਹੈ, ਇੰਜ ਧਰਤੀ ਮਾਤਾ ਦੀ ਵੀ ਬਖ਼ਸ਼ਿਸ਼ ਰਹਿੰਦੀ ਹੈ।

ਕਈ ਹਿੰਦੂ ਜਾਤੀਆਂ ਵਿਚ, ਬੱਚੇ ਦੇ ਜਨਮ ਸਮੇਂ ਸੂਤਕ ਦੇ ਦਿਨੀਂ ਭੁੰਜੇ ਸੌਣ ਦੀ ਰੀਤ ਹੈ।

(ਭ-62) **ਭੁੱਟਾ ਵਾਹਣ** :

ਇਹ ਬਹਾਵਲਪੁਰ ਜ਼ਿਲੇ ਦਾ ਇਕ ਪ੍ਰਾਚੀਨ ਕਸਬਾ ਹੈ। ਇਥੇ ਕਦੇ ਭੱਟੀਆਂ ਦੀ ਕੋਈ ਸ਼ਾਖ ਭੁੱਟਾ ਵਸਿਆ ਕਰਦੀ ਸੀ, ਜਿਸ ਤੋਂ ਇਸ ਦਾ ਨਾਂ 'ਭੁੱਟਾ ਵਾਹਣ' ਪੈ ਗਿਆ। ਵਾਹਣ ਦੇ ਅਰਥ ਸਿੰਧੀ ਵਿਚ ਵਸੇਂਦੇ ਹਨ।

ਇਕ ਦੰਦ-ਕਥਾ ਅਨੁਸਾਰ ਜੋ ਭੁੱਟਾ ਵਾਹਣ ਵਿਚ ਪ੍ਰਚਲਤ ਹੈ, ਸੱਸੀ ਇਥੋਂ ਦੇ ਵਸਨੀਕ, ਬਾਣੀ ਬ੍ਰਾਹਮਣ ਦੀ ਧੀ ਸੀ, ਅਤੇ ਜਦੋਂ ਬ੍ਰਾਹਮਣ ਨੇ ਇਸ ਦੀ ਪਤ੍ਰੀ ਬਣਾਈ ਤਾਂ ਪਤਾ ਲਗਾ ਕਿ ਇਸ ਦਾ ਇਸ਼ਕ ਇਕ ਮੁਸਲਮਾਨ ਬਲੋਚ ਨਾਲ ਹੋਵੇਗਾ। ਆਪਣੀ ਕੁੱਲ ਨੂੰ ਬਦਨਾਮੀ ਤੋਂ ਬਚਾਣ ਲਈ ਬ੍ਰਾਹਮਣ ਨੇ ਸੱਸੀ ਨੂੰ ਇਕ ਸੰਦੂਕ ਵਿਚ ਬੰਦ ਕਰ ਕੇ, ਪਹਿਲੀ ਚੇਤਰ ਨੂੰ, ਮੰਗਲਵਾਰ ਦੀ ਰਾਤ ਦਰਿਆ ਵਿਚ ਰੋੜ੍ਹ ਦਿਤਾ ਸੀ। ਇਹ ਦੰਦ-ਕਥਾ ਸਾਰੇ ਪੰਜਾਬ ਵਿਚ ਪ੍ਰਚਲਤ ਹੈ। ਪਰ ਭੁੱਟਾ ਵਾਹਣ ਦੀਆਂ ਸਨਾਥਕ ਰਵਾਇਤਾਂ ਅਨੁਸਾਰ ਸੱਸੀ ਭੁੱਟਾ ਵਾਹਣ ਵਿਖੇ ਹੀ ਜੰਮੀ।

ਸੱਸੀ ਨੂੰ ਸੰਦੂਕ ਵਿਚ ਬੰਦ ਕਰ ਕੇ ਜਿਸ ਥਾਂ ਤੇ ਦਰਿਆ ਵਿਚ ਰੋਹੜਿਆ ਗਿਆ ਸੀ, ਉਸ ਨੂੰ 'ਤਿਰਮੂੰਹੀ' ਕਹਿੰਦੇ ਹਨ ਅਤੇ ਉਹ ਸਥਾਨ ਅਜੇ ਵੀ ਭੁੱਟਾ ਵਾਹਣ ਦੇ ਲੋਕ ਪੂਜਦੇ ਹਨ।

ਇਥੇ ਭੁੱਟਾ ਵਾਹਣ ਵਿਖੇ ਇਕ ਥਾਂ ਬੜੀ ਪਵਿਤਰ

ਮੁਬਾਰਕ ਦੇ ਪੁੱਤਰ ਸਨ, ਇਸੇ ਭੁੱਟਾ ਵਾਹਣ ਵਿਚੋਂ ਮੰਨੇ ਜਾਂਦੇ ਹਨ।

(ਭ-63) **ਭੁੱਲਰ** :

ਜੱਟਾਂ ਦੀ ਇਕ ਜਾਤੀ। 'ਭੁੱਲਰ' 'ਹੇਰ' ਤੇ 'ਮ... ਕਬੀਲਿਆਂ ਵਾਲੇ ਆਪਣੇ ਆਪ ਨੂੰ 'ਅਸਲ' ... ਅਖਵਾਉਂਦੇ ਹਨ ਤੇ ਕਹਿੰਦੇ ਹਨ ਕਿ ਉਹ ਮਹਾਂ... ਦੀਆਂ ਜਟਾਵਾਂ ਵਿਚੋਂ ਉਪਜੇ। ਇਹ ਤਿੰਨ ਕਬੀਲੇ ਆ... ਆਪ ਨੂੰ ਵਾਈ ਗਿਣਦੇ ਹਨ, ਹੇਰ ਕਬੀਲੇ ਨੂੰ ... ਗਿਣਿਆ ਜਾਂਦਾ ਹੈ। ਭੁੱਲਰ ਮਾਲਵੇ ਨੂੰ ਆਪਣਾ ... ਅਸਥਾਨ ਦਸਦੇ ਹਨ।

ਮਾਨ ਕਬੀਲੇ ਦੇ ਜੱਟਾਂ ਅਨੁਸਾਰ 'ਮਾਨ', 'ਭੁੱਲਰ... 'ਹੇਰ' ਰਾਜਪੂਤੀ ਕਬੀਲੇ ਉਨ੍ਹਾਂ ਮੁਢਲੇ ਕਸ਼ਤਰੀਆਂ 'ਚੋਂ... ਜੋ ਰਾਜਸਥਾਨ ਤੋਂ ਪੰਜਾਬ ਵਿਚ ਆ ਕੇ ਵਸੇ। ਮਾ... ਮਾਲਵੇ ਵਿਚ, ਭੁੱਲਰ ਕਾਫ਼ੀ ਗਿਣਤੀ ਵਿਚ ਵਸਦੇ ਹਨ...

ਜੀਂਦ ਵਿਚ ਭੁੱਲਰ ਜਾਤੀ ਦਾ 'ਸਿਧ ਕੁਲੰਜਰ'... ਜਿਸ ਦੀ ਸਮਾਧ ਮਾੜੀ ਵਿਖੇ ਹੈ। ਇਥੇ ਇਹ ਹਰ ਮ... 14 ਵਧੀ ਨੂੰ ਦੁੱਧ ਭੇਟ ਕਰਦੇ ਹਨ ਤੇ ਵਿਆਹ ਜਾਂ ... ਦੇ ਜਨਮ ਉਤੇ ਕਪੜਾ ਚਾੜ੍ਹਦੇ ਹਨ।

ਸਿਆਲਕੋਟ ਵਿਚ ਇਨ੍ਹਾਂ ਦਾ ਸਿਧ ਭੌਰਾ ਹੈ, ਜਿਸ... ਖ਼ਾਨਗਾਹ ਉਤੇ ਵਿਆਹ ਸਮੇਂ ਇਹ ਆਸ਼ੀਰਵਾਦ ... ਜਾਂਦੇ ਹਨ।

ਭੁੱਲਰ ਹਿੰਦੂ ਤੇ ਮੁਸਲਮਾਨ ਦੋਹਾ ਜਾਤੀਆਂ ... ਮਿਲਦੇ ਹਨ।

(ਭ-64) **ਭੁਚਾਲ** :

ਲੋਕ-ਚਿੰਤਨ ਅਨੁਸਾਰ ਧੌਲੇ ਬਲਦ ਨੇ ਸਾਰੀ ਧ... ਨੂੰ ਆਪਣੇ ਸਿੰਙਾਂ ਉਤੇ ਚੁਕਿਆ ਹੋਇਆ ਹੈ। ਜਦੋਂ... ਬੋਝ ਹੇਠਾਂ ਥੱਕ ਜਾਂਦਾ ਹੈ ਤੇ ਆਪਣੇ ਇਕ ਸਿੰਙ ਤੋਂ... ਸਿੰਙ ਉਤੇ ਬੋਝ ਬਦਲਦਾ ਹੈ ਤਾਂ ਧਰਤੀ ਕੰਬਦੀ... ਆਦਿ ਗ੍ਰੰਥ ਵਿਚ ਹਿੰਦੂਆਂ ਦੇ ਇਸ ਮਿਥਕ ਵਿਸ਼ਵਾਸ਼... ਖੰਡਨਾ ਕੀਤੀ ਹੈ :

ਜੇ ਕੋ ਬੁਝੈ ਹੋਵੈ ਸਚਿਆਰ
ਧਵਲੈ ਉਪਰ ਕੇਤਾ ਭਾਰ

ਸਜ਼ਾ, ਲੋਕਾਂ ਨੂੰ ਦੇਣਾ ਚਾਹੁੰਦਾ ਹੈ, ਤਾਂ ਇਕ ਬਿੱਛੂ ਉਸ ਧੌਲੇ ਬਲਦ ਨੂੰ ਡੰਗ ਮਾਰਦਾ ਹੈ, ਜਿਸ ਦੇ ਸਿਰ ਉੱਤੇ ਪ੍ਰਿਥਵੀ ਹੈ, ਤੇ ਬਲਦ ਦੇ ਹਲੰਬਣ ਨਾਲ ਧਰਤੀ ਕੰਬਦੀ ਹੈ।

ਕਈਆਂ ਦਾ ਵਿਸ਼ਵਾਸ ਹੈ ਕਿ ਧਰਤੀ ਉੱਤੇ ਜਦੋਂ ਬਹੁਤ ਅਪਰਾਧ ਹੋਣ ਅਤੇ ਧਰਤੀ ਉਨ੍ਹਾਂ ਅਪਰਾਧਾਂ ਦਾ ਭਾਰ ਸੰਭਾਲ ਨਾ ਸਕੇ, ਤਾਂ ਉਹ ਚੇਤਾਵਨੀ ਲਈ ਹੇਠੋਂ ਕੰਬ ਕੇ ਲੋਕਾਂ ਨੂੰ ਜਾਣੂ ਕਰਾਂਦੀ ਹੈ ਕਿ ਉਹ ਹੋਰ ਪਾਪ ਨਾ ਕਰਨ।

(ਭ-65) **ਭੂਤ ਸ਼ਿਲਾ** :

ਧਰਮਸਾਲਾ ਤੋਂ ਪੂਰਬ ਵਲ, ਚਾਰ ਮੀਲ ਦੀ ਵਿਥ ਉੱਤੇ ਚੱਟਣ ਨਦੀ ਦੇ ਕੰਢੇ ਕਨਿਆਰ ਨਾਂ ਦਾ ਨਗਰ ਹੈ, ਜੋ ਬੜਾ ਪੁਰਾਤਨ ਸਥਾਨ ਮੰਨਿਆ ਜਾਂਦਾ ਹੈ। ਇਥੇ ਕੁਝ ਸ਼ਿਲਾ ਲੇਖ ਮਿਲੇ ਹਨ, ਜੋ ਦੂਜੀ ਸਦੀ ਈਸਵੀ ਦੇ ਹਨ। ਇਹ ਸ਼ਿਲਾ ਲੇਖ ਬ੍ਰਹਮੀ ਤੇ ਖਰੋਸ਼ਟੀ ਲਿਪੀ ਵਿਚ ਹਨ।

ਇਥੇ ਹੀ ਸ਼ਮਸ਼ਾਨ ਘਾਟ ਵਿਚ, ਇਕ ਚੌੜਾ ਪੱਥਰ ਮਿਲਦਾ ਹੈ, ਜਿਸ ਨੂੰ ਭੂਤ ਸ਼ਿਲਾ ਕਿਹਾ ਜਾਂਦਾ ਹੈ ਤੇ ਜਿਸ ਬਾਰੇ ਇਕ ਦੰਦ ਕਥਾ ਇਉਂ ਪ੍ਰਚਲਤ ਹੈ :

ਇਕ ਬ੍ਰਾਹਮਣ ਚੇਲੇ ਨੇ ਇਕ ਭੂਤ ਅਥਵਾ ਬੇਤਾਲ ਨੂੰ ਮੰਤਰਾਂ ਨਾਲ ਕਾਬੂ ਕੀਤਾ ਹੋਇਆ ਸੀ ਤੇ ਉਸ ਤੋਂ ਆਪਣੇ ਖੇਤਾਂ ਵਿਚ ਹਲ ਵਾਹੁੰਦਾ ਤੇ ਹੋਰ ਨਿੱਕੇ ਵੱਡੇ ਕੰਮ ਕਰਵਾਂਦਾ ਸੀ। ਬ੍ਰਾਹਮਣ ਭੂਤ ਨੂੰ ਮਲ ਆਦਿ ਖਾਣ ਨੂੰ ਦੇਂਦਾ ਸੀ ਤੇ ਪੀਣ ਲਈ ਦਰਿਆ ਦੀ ਝੱਗ। ਇਕ ਦਿਨ ਜਦੋਂ ਉਹ ਬਾਹਰ ਤਿਉਹਾਰ ਉੱਤੇ ਗਿਆ ਹੋਇਆ ਸੀ ਉਸ ਦੀ ਪਤਨੀ ਨੇ ਤਿਉਹਾਰ ਵਾਲੇ ਦਿਨ, ਤਿਆਰ ਸਵਾਦੀ ਭੋਜਨ ਖਵਾਏ ਜੋ ਭੂਤ ਲਈ ਜ਼ਹਿਰ ਸਨ, ਸੋ ਉਹ ਭੂਤਸ਼ਿਲਾ ਉੱਤੇ ਜਾ ਕੇ ਬਹਿ ਗਿਆ ਤੇ ਹਰੇਕ ਜਿਊਂਦੀ ਚੀਜ਼ ਨੂੰ ਜੋ ਉਧਰੋਂ ਲੰਘਦੀ ਖਾ ਜਾਂਦਾ। ਜਦੋਂ ਬ੍ਰਾਹਮਣ ਆਇਆ ਤਾਂ ਉਸ ਨੇ ਮੇਖ ਮਾਰ ਕੇ ਭੂਤ ਨੂੰ ਪੱਥਰ ਨਾਲ ਹੀ ਜੜ ਦਿਤਾ। ਇਸ ਪੱਥਰ ਉੱਤੇ ਜੋ ਅੱਖਰ ਉਕਰੇ ਮਿਲਦੇ ਹਨ, ਉਹ ਮੰਤਰ ਹਨ, ਜੋ ਉਹ ਬ੍ਰਾਹਮਣ ਪੜ੍ਹਦਾ ਸੀ। ਉਸ ਥਾਂ ਉੱਤੇ ਹੁਣ ਇਹ ਇੰਦਰੂ ਨਾਗ ਦਾ ਸਥਾਨ ਹੈ। ਇੰਦਰੂ ਨਾਗ ਅੰਤ ਦੇ ਸਮੇਂ ਕਨਿਆਰਾਂ ਵਿਚ ਮੀਂਹ ਵਸਾਇਆ ਕਰਦਾ ਸੀ।

ਕਈ ਦਿਨ ਦੁੱਧ ਨਾ ਦਿਤਾ। ਗਊ ਦੇ ਮਾ
ਗਊ ਨੂੰ ਆਪਣੀ ਨਿਗਰਾਨੀ ਹੇਠ ਰਖਿਆ
ਇਸ ਦਾ ਦੁੱਧ ਕਿਧਰ ਜਾਂਦਾ ਹੈ ਤਾਂ ਉਸ ਨੂੰ
ਕਿ ਇਹ ਦੁੱਧ ਇਕ ਪੱਥਰ ਨੂੰ ਦੇ ਦੇਂਦੀ ਹੈ।
ਸਾਰੇ ਇਲਾਕੇ ਵਿਚ ਫੈਲ ਗਈ ਤੇ ਰਾਜਾ
ਕੋਲ ਵੀ ਪਹੁੰਚੀ। ਰਾਜੇ ਨੂੰ ਸੁਪਨੇ ਵਿਚ ਮਿ
ਪੱਥਰ ਵਾਲੀ ਥਾਂ ਨੂੰ ਖੋਦਣ ਦਾ ਹੁਕਮ ਦਿ
ਇਹ ਪੱਥਰ ਵਾਲੀ ਥਾਂ ਖੋਦੀ ਗਈ ਤਾਂ ਹੇਠਾਂ
ਮਿਲੀ ਜਿਸ ਨੂੰ ਮੰਦਰ ਵਿਚ ਸਥਾਪਿਤ ਕੀ
ਇਹ ਸ਼ਹਿਰ ਇਸੇ ਮੰਦਰ ਦੇ ਆਲੇ ਦੁਆਲੇ ਬ

(ਭ-67) **ਭੂਤ ਪ੍ਰੇਤ** :

ਆਮ ਲੋਕਾਂ ਦਾ ਭੂਤ ਪ੍ਰੇਤ ਵਿਚ ਪੂਰਾ ਵਿ
ਜਿਹੜੇ ਪ੍ਰਾਣੀ ਕਿਸੇ ਦੁਰਘਟਨਾ ਨਾਲ ਅਚ
ਜਾਂਦੇ ਹਨ ਜਾਂ ਜਿਨ੍ਹਾਂ ਦਾ ਮਰਨ ਉਪਰੰਤ ਕਿ
ਰੀਤੀ ਅਨੁਸਾਰ ਨਹੀਂ ਕੀਤਾ ਜਾਂਦਾ, ਉਹ
ਭੂਤ-ਪ੍ਰੇਤ ਬਣਦੇ ਹਨ। ਆਤਮਘਾਤੀ, ਵੱਬ
ਜਾਂ ਸੂਲੀ ਤੇ ਚਾੜ੍ਹੇ ਪ੍ਰਾਣੀ ਵੀ ਮਰਨ ਉਪਰੰਤ
ਮੰਨੇ ਜਾਂਦੇ ਹਨ।

ਭੂਤ ਕਈ ਪ੍ਰਕਾਰ ਦੇ ਹਨ। ਜਿਨ੍ਹਾਂ ਦੇ ਘ
ਨਹੀਂ ਹੁੰਦੀ ਤੇ ਸੰਸਾਰ ਤੋਂ ਨਿਪੁੱਤੇ ਵਿਦਾ ਹੋ
ਉਹ ਸੰਸਾਰ ਤੋਂ ਨਿਰਾਸ ਜਾਣ ਕਰ ਕੇ ਭੂਤ ਬ
ਕਿਉਂ ਜੋ ਉਨ੍ਹਾਂ ਦਾ ਅੰਤਮ ਸੰਸਕਾਰ ਤੇ ਕਿ
ਕਰਨ ਵਾਲਾ ਕੋਈ ਨਹੀਂ ਹੁੰਦਾ। ਮਨੂ ਅਨੁਸਾਰ
ਪੁੱਤਰ ਇਸ ਲਈ ਕਿਹਾ ਜਾਂਦਾ ਹੈ ਕਿਉਂ ਜੋ
ਦੇ ਨਰਕ ਤੋਂ ਤੁਰਾਂਦਾ ਹੈ, ਅਥਵਾ ਪੁ-ਤਰ।

ਜਿਹੜੇ ਪ੍ਰਾਣੀ ਮਰਨ ਉਪਰੰਤ ਦੇਖੇ ਜਾਂ
ਜਾਂਦੇ ਅਤੇ ਉਨ੍ਹਾਂ ਦੀਆਂ ਲਾਸ਼ਾਂ ਰੁਲਦੀਆਂ
ਹਨ, ਉਨ੍ਹਾਂ ਦੀ ਜੀਵਾਤਮਾ ਵੀ ਭੂਤ ਪ੍ਰੇਤ
ਜਾਂਦੀ ਹੈ। ਇਸ ਲਈ ਕਈ ਜਾਤੀਆਂ ਵਿਚ
ਕਿ ਜੇ ਮਰੇ ਪ੍ਰਾਣੀ ਦੀ ਲਾਸ਼ ਨਾ ਮਿਲੀ ਹੋ
ਉਸ ਪ੍ਰਾਣੀ ਦਾ ਪੁਤਲਾ ਬਣਾ ਕੇ, ਉਸ ਦਾ
ਸੰਸਕਾਰ ਕਰਦੇ ਹਨ। ਹਮਾਰਾ ਵਿਚ ਰਵਾਜ
ਕਈ ਘਰੋਂ ਦੂਰ ਮਰ ਜਾਵੇ ਤਾਂ ਉਸ ਦੇ ਮਿ

ਮ੍ਰਿਤੂ ਕਿਸੇ ਹਿੰਸਾਤਮਕ ਕਿਰਿਆ ਦੁਆਰਾ ਹੋਈ ਹੋਵੇ। ਰਾਮ ਚੰਦਰ ਨੇ ਜਦੋਂ ਰਾਵਨ ਨੂੰ ਜਾਨੋਂ ਮਾਰਿਆ ਤਾਂ ਰਾਵਨ ਦੇ ਪ੍ਰੇਤ ਨੇ ਬ੍ਰਾਹਮਣ ਭੂਤ ਦਾ ਰੂਪ ਧਾਰ ਕੇ ਰਾਮ ਚੰਦਰ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਜਿਸ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਰਾਮ ਚੰਦਰ ਨੂੰ ਅਨੇਕਾਂ ਤੀਰਥਾਂ ਦੀ ਯਾਤ੍ਰਾ ਕਰਨੀ ਪਈ।

ਭੂਤਾਂ ਦਾ ਵਾਸਾ ਮਰਘਟ, ਝਾਣੀਆਂ ਤੇ ਕਬਰਾਂ ਵਿਚ ਮੰਨਿਆ ਜਾਂਦਾ ਹੈ। ਝਾਣੀਆਂ ਤੇ ਕਬਰਸਤਾਨਾਂ ਵਿਚ ਵਸਦੇ ਭੂਤ ਕਈ ਤਰ੍ਹਾਂ ਦੇ ਰੂਪ ਬਦਲਦੇ ਮੰਨੇ ਜਾਂਦੇ ਹਨ। ਉਜਾੜਾਂ ਤੇ ਇਕੱਲੀਆਂ ਥਾਵਾਂ ਵਿਚ ਵੀ ਭੂਤਾਂ ਦਾ ਵਾਸਾ ਮੰਨਿਆ ਜਾਂਦਾ ਹੈ। ਪੁਰਾਣੇ ਉਜੜੇ ਮਕਾਨਾਂ ਤੇ ਥੇਹਾਂ ਵਿਚ ਵੀ ਭੂਤਾਂ ਦਾ ਵਾਸਾ ਦਸਿਆ ਜਾਂਦਾ ਹੈ।

ਨਵੀਂ ਥਾਂ ਉਤੇ ਜਦੋਂ ਮਕਾਨ ਬਣਾਇਆ ਜਾਂਦਾ ਹੈ ਤਾਂ ਉਸ ਥਾਂ ਤੋਂ ਭੂਤ ਪ੍ਰੇਤ ਦੂਰ ਰਖਣ ਲਈ, ਕਈ ਤਰ੍ਹਾਂ ਦੀਆਂ ਰੱਖਾਂ ਤੇ ਰੀਤੀਆਂ ਕੀਤੀਆਂ ਜਾਂਦੀਆਂ ਹਨ। ਸਿੱਖ ਆਦਿ ਗ੍ਰੰਥ ਦਾ ਪਾਠ ਕਰਵਾਂਦੇ ਹਨ। ਹਿੰਦੂ ਵੇਦ ਮੰਤ੍ਰ ਦਾ ਪਾਠ ਤੇ ਮੁਸਲਮਾਨ ਮੁੱਲਾ ਨੂੰ ਬੁਲਾ ਕੇ ਕੁਝ ਰਸਮਾਂ ਕਰਦੇ ਹਨ। ਪਰ ਨਵੇਂ ਘਰ ਵਿਚ ਪਹਿਲਾਂ ਕੁੰਭ ਪੂਰ ਕੇ ਰਖਿਆ ਜਾਂਦਾ ਹੈ। ਇਕ ਘੜੇ ਨੂੰ ਪਾਣੀ ਨਾਲ ਭਰ ਕੇ ਉਪਰ ਨਾਰੀਅਲ ਰਖ ਕੇ ਕੋਲ ਦੀਵਾ ਬਾਲ ਦਿਤਾ ਜਾਂਦਾ ਹੈ। ਜਲ ਦੀ ਪਵਿਤਰਤਾ ਤੇ ਦੀਵੇ ਦੀ ਰੋਸ਼ਨੀ ਕਾਰਨ ਕਰੂਰ ਤਾਕਤਾਂ ਉਥੋਂ ਨਸ ਜਾਂਦੀਆਂ ਮੰਨੀਆਂ ਜਾਂਦੀਆਂ ਹਨ। ਬੂਹੇ ਦੇ ਬਾਹਰ ਸਰ੍ਹੋਂ ਦਾ ਤੇਲ ਚੋਟ ਕੇ ਫਿਰ ਅੰਦਰ ਕਦਮ ਰਖਿਆ ਜਾਂਦਾ ਹੈ।

ਭੂਤਾਂ ਦੀ ਵੱਡੀ ਨਿਸ਼ਾਨੀ ਇਹ ਹੈ ਕਿ ਇਸ ਦਾ ਪਰਛਾਵਾਂ ਨਹੀਂ ਹੁੰਦਾ ਅਤੇ ਇਨ੍ਹਾਂ ਦੇ ਪੈਰ ਪਿਛੇ ਵਲ ਮੁੜੇ ਹੁੰਦੇ ਹਨ। ਭੂਤ-ਪ੍ਰੇਤ ਮੂੰਹ ਜਾਂ ਨੱਕ ਰਾਹੀਂ ਸਰੀਰ ਵਿਚ ਦਾਖ਼ਲ ਹੋ ਕੇ ਸਰੀਰ ਉਤੇ ਵਸੀਕਾਰ ਪ੍ਰਾਪਤ ਕਰ ਲੈਂਦੇ ਹਨ। ਇਸ ਲਈ ਉਬਾਸੀ ਲੈਣ ਸਮੇਂ ਜਦੋਂ ਮੂੰਹ ਖੁਲ੍ਹ ਜਾਂਦਾ ਹੈ ਤਾਂ ਲੋਕੀਂ ਝਟ ਅਗੇ ਹੱਥ ਧਰ ਲੈਂਦੇ ਹਨ। ਨਿੱਛ ਦਾ ਸਬੰਧ ਵੀ ਭੂਤ ਪ੍ਰੇਤ ਨਾਲ ਦਸਿਆ ਜਾਂਦਾ ਹੈ। ਇਸ ਲਈ ਜਦੋਂ ਨਿੱਛ ਆਉਂਦੀ ਹੈ ਤਾਂ ਝਟ ਮਾਂ ਕਹਿੰਦੀ ਹੈ: 'ਚੰਗੀ ਚੰਗੀ ਹੀ ਆਵੇ, ਰੱਬ ਸੁੱਖ ਰਖੇ।'

ਨੱਕ ਵਿਚ ਨੱਥ ਪਾਣ ਨਾਲ ਭੂਤ ਨੱਕ ਰਾਹੀਂ ਸਰੀਰ

ਕਰੇ। ਧੂਪ ਦੀ ਖ਼ੁਸ਼ਬੋ ਤੋਂ ਭੂਤ ਪ੍ਰੇਤ ਪਰੇ ਦੌੜ

ਭੂਤ ਪ੍ਰੇਤ ਦਰਖ਼ਤਾਂ ਉਤੇ ਜਾਂ ਘਰਾਂ ਵਿਚ ਹਨ। ਇਸ ਲਈ ਦਰਖ਼ਤ ਹੇਠਾਂ ਪਿਸ਼ਾਬ ਨ ਚਾਹੀਦਾ। ਹੋ ਸਕਦਾ ਹੈ ਕਿ ਉਸ ਦਰਖ਼ਤ ਪ੍ਰੇਤ, ਇਸ ਨੂੰ ਆਪਣਾ ਅਪਮਾਨ ਸਮਝ ਕੇ ਉ ਚੰਮੜ ਜਾਵੇ। ਜੇ ਘਰ ਵਿਚ ਭੂਤ ਦੀ ਹੋਂਦ ਹੋਵੇ ਤਾਂ ਰਾਤ ਵੇਲੇ ਪਲੰਘ ਉਤੇ ਨਹੀਂ ਸੌਣਾ ਧਰਤੀ ਉਤੇ ਲੇਟੇ ਬੰਦੇ ਨੂੰ ਪ੍ਰੇਤ ਕੁਝ ਨ ਕਿਉਂ ਜੋ ਧਰਤੀ ਦੀ ਪੱਧਰ ਤੋਂ ਉਪਰ ਦੀ ਹੀ ਉਹ ਹਾਨੀ ਪਹੁੰਚਾ ਸਕਦਾ ਹੈ।

ਜੇ ਕਿਸੇ ਨੂੰ ਭੂਤ ਪ੍ਰੇਤ ਚੰਮੜ ਜਾਵੇ ਰਾਹੀਂ ਪ੍ਰੇਤ ਨੂੰ ਕਢਵਾਇਆ ਜਾਂਦਾ ਹੈ। ਚੇਲੇ ਪੀਰ ਫ਼ਕੀਰ ਹੁੰਦੇ ਹਨ, ਜਿਨ੍ਹਾਂ ਕਬਰਾਂ ਜਾਂ ਝਾ ਚਿਲ੍ਹੇ ਕਟ ਕੇ ਭੂਤਾਂ ਨੂੰ ਵਸ ਵਿਚ ਕੀਤਾ ਹੁੰਦ ਪ੍ਰਾਣੀ ਨੂੰ ਭੂਤ ਪ੍ਰੇਤ ਚੰਬੜਿਆ ਹੋਵੇ, ਉਸ ਨੂੰ ਹਨ। ਲੋਹੇ ਦੀਆਂ ਸਲਾਖ਼ਾਂ ਨਾਲ ਉਸ ਦਾ ਪਛ ਦੇਂਦੇ ਹਨ ਤੇ ਜਦੋਂ ਉਹ ਪ੍ਰਾਣੀ ਦਰਦ ਨਾ ਹੈ, ਤਾਂ ਲੋਕਾਂ ਦਾ ਵਿਚਾਰ ਹੈ ਕਿ ਇਹ ਸਰੀਰ ਦੇ ਵਿਚਲੇ ਪ੍ਰੇਤ ਨੂੰ ਪੀੜ ਹੋ ਰਹੀ ਹੈ ਪ੍ਰਾਣੀ ਨੂੰ ਮਾਰ ਦਾ ਅਸਰ ਨਹੀਂ ਹੁੰਦਾ।

ਜਦੋਂ ਕਿਸੇ ਪ੍ਰਾਣੀ ਵਿਚੋਂ ਭੂਤ ਪ੍ਰੇਤ ਤਾਂ ਉਹ ਘਰ ਦੀ ਕੋਈ ਚੀਜ਼ ਭੰਨ ਤੋੜ ਕੇ ਇਸ ਟੁਟੀ ਭੱਜੀ ਵਸਤ ਤੋਂ ਹੀ ਅਨੁਮਾਨ ਜਾਂਦਾ ਹੈ ਕਿ ਪ੍ਰੇਤ ਸਰੀਰ ਜਾਂ ਘਰ ਛੱਡ ਗਿਆ

ਜਿਸ ਘਰ ਦੇ ਕਮਰੇ ਵਿਚ ਭੂਤ ਪ੍ਰੇਤ ਕਮਰੇ ਵਿਚ ਦੀਵੇ ਬਾਲੇ ਜਾਂਦੇ ਹਨ ਤੇ ਜਾਂਦੀ ਹੈ। ਰਾਤ ਵੇਲੇ ਉਸ ਕਮਰੇ ਵਿਚ ਨਹੀਂ ਸਮਝਿਆ ਜਾਂਦਾ। ਦਿਨ ਵੇਲੇ ਪ੍ਰੇਤ ਕਹਿੰਦੇ।

(ਭ-68) ਭੂਮੀਆ :

ਪਿੰਡ ਦਾ ਇਕ ਦਿਉਤਾ, ਜੋ ਭੂਮੀ ਵਿਚ ਸ਼ਕਤੀ ਦਾ ਪ੍ਰਤੀਕ ਹੈ। ਇਸ ਦੀ ਪੂਜਾ ਕਟਾਈ ਵੇਲੇ, ਵਿਆਹ ਸ਼ਾਦੀ ਸਮੇਂ, ਲੜਕੇ ਦੇ

ਪਹਿਲੀਆਂ ਇਕ ਦੋ ਧਾਰਾਂ ਧਰਤੀ ਉਤੇ ਮਾਰੀਆਂ ਜਾਂਦੀਆਂ ਹਨ ਤੇ ਭੂਮੀਏ ਨੂੰ ਭੇਟਾ ਕੀਤੀਆਂ ਜਾਂਦੀਆਂ ਹਨ। ਐਤਵਾਰ ਦਾ ਦਿਨ ਭੂਮੀਆ ਦਾ ਪਵਿੱਤਰ ਦਿਨ ਗਿਣਿਆ ਜਾਂਦਾ ਹੈ।

ਹਰ ਪਿੰਡ ਦਾ ਭੂਮੀਆ ਵੱਖਰਾ ਹੁੰਦਾ ਹੈ। ਕਈ ਭੂਮੀਏ ਚਿੜਚਿੜੇ ਸੁਭਾ ਦੇ ਹਨ, ਜੇ ਕੋਈ ਆਦਮੀ ਭੂਮੀਏ ਦੇ ਸਥਾਨ ਦੇ ਨੇੜੇ ਅਨਜਾਣੇ ਸੌਂ ਜਾਏ, ਉਹ ਆਪਣੀ ਛਾਤੀ ਉਤੇ ਬੋਝ ਅਨੁਭਵ ਕਰਦਾ ਹੈ। ਭੂਮੀਏ ਦੇ ਸਥਾਨ ਦੇ ਨੇੜੇ ਕੋਈ ਡਰਦਾ ਦਾਤਨ ਨਹੀਂ ਕਰਦਾ। ਥੁੱਕਾਂ ਸੁਟਣ ਨਾਲ ਭੂਮੀਏ ਦਾ ਅਪਮਾਨ ਹੁੰਦਾ ਹੈ, ਕਿਉਂ ਜੋ ਅਜਿਹਾ ਕਰਨ ਵਾਲੇ ਨੂੰ, ਕੋਈ ਨਾ ਕੋਈ ਰੋਗ ਚੰਮੜ ਜਾਂਦਾ ਹੈ। ਅਜਿਹੇ ਭੈੜੇ ਸੁਭਾਵ ਵਾਲੇ ਭੂਮੀਏ ਦਾ ਆਦਰ ਸਤਿਕਾਰ ਤੇ ਪੂਜਾ ਕੀਤੀ ਜਾਂਦੀ ਹੈ।

ਪੂਰਬੀ ਪੰਜਾਬ ਦੇ ਕੁਝ ਹਿੱਸਿਆਂ ਵਿਚ ਭੂਮੀਏ ਦੀ ਥਾਂ 'ਭਾਈਏ' ਦਿਉਤੇ ਦੀ ਪੂਜਾ ਕੀਤੀ ਜਾਂਦੀ ਹੈ, ਜੋ ਸਾਕੇਦਾਰੀ ਦੀ ਪ੍ਰਤੀਨਿਧਤਾ ਕਰਦਾ ਹੈ। ਜਦੋਂ ਵੀ ਕਿਸੇ ਨਵੇਂ ਪਿੰਡ ਦੀ ਨੀਂਹ ਰੱਖੀ ਜਾਂਦੀ ਹੈ ਤਾਂ ਪਹਿਲੇ ਵਾਲੇ ਪਿੰਡ ਦੇ 'ਭਾਈਏ' ਦੇ ਸਥਾਨ ਤੋਂ ਕੁਝ ਇੱਟਾਂ ਲਿਆ ਕੇ ਇਥੇ ਟਿਕਾਈਆਂ ਜਾਂਦੀਆਂ ਹਨ, ਤਾਂ ਜੋ ਪਹਿਲੇ ਭੂਮੀਏ ਦਿਉਤੇ ਦੀ ਬਰਕਤ ਇਥੇ ਨਵੀਂ ਥਾਂ ਵੀ ਮਿਲਦੀ ਰਹੇ।

ਪੰਜਾਬ ਦੇ ਕਈ ਪਿੰਡਾਂ ਵਿਚ 'ਖੇੜਾ ਦਿਉਤੇ' ਦੀ ਪੂਜਾ ਵੀ ਕੀਤੀ ਜਾਂਦੀ ਹੈ, ਜੋ ਮੂਲ ਵਿਚ ਪਿੰਡ ਦੀ ਥੇਹ ਦਾ ਮਾਨਵੀਕਰਣ ਹੈ ਅਤੇ ਕਈ ਥਾਈਂ ਭੂਮੀਏ ਨਾਲ ਰਲਗਡ ਕਰ ਦਿਤੀ ਜਾਂਦੀ ਹੈ। ਕਈ ਥਾਈਂ ਜਠੇਰਿਆਂ ਦੀ ਪੂਜਾ ਵੀ ਕੀਤੀ ਜਾਂਦੀ ਹੈ (ਵੇਖੋ : ਜਠੇਰੇ)।

ਜਦੋਂ ਕਿਸੇ ਪਿੰਡ ਦੀ ਨੀਂਹ ਰਖੀ ਜਾਂਦੀ ਹੈ ਤਾਂ ਇਕ ਮਿੱਟੀਲਾ ਜਿਹਾ ਖੜਾ ਕਰ ਦਿਤਾ ਜਾਂਦਾ ਹੈ ਅਤੇ ਨਾਲ ਹੀ ਇਕ ਜੰਡ ਦਾ ਬ੍ਰਿਛ ਗੱਡ ਦਿਤਾ ਜਾਂਦਾ ਹੈ, ਪਿੰਡ ਵਿਚ ਜਿਹੜਾ ਆਦਮੀ ਪਹਿਲਾਂ ਮਰਦਾ ਹੈ, ਭਾਵੇਂ ਉਹ ਕਿਸੇ ਜਾਤ ਦਾ ਹੋਵੇ, ਉਸ ਮਿੱਟੀਲੇ ਵਿਚ ਦਬਿਆ ਜਾਂ ਸਾੜਿਆ ਜਾਂਦਾ ਹੈ।

## (ਭ-69) ਭੇਟਾ ਦੇਵੀ ਦੀਆਂ :

ਭੇਟਾਂ ਦਾ ਨਮੂਨਾ :

ਬਸਣਾ ਰਾਣੀ ਦੇ ਕਿਨਾਰੇ ਬੇ,
ਭਲਿਆ ਬਸਣਾ ਰਾਣੀ ਦੇ ਕਿਨਾਰੇ।
ਨੈਣਾਂ ਦੇਵੀ ਤੇਰਾ ਥਾਕਰੂ ਰਹਿੰਦੇ ਮਾਂ
ਜੁਆਲਾਮੁਖੀ ਤੇਰਾ ਫੇਲੂ
ਚਿੰਤਪੁਰਨੀ ਤੇਰੇ ਦਰਸਨ ਆਸਾਂ ਚਰਨ ਬ
ਬੇ ਭਲਿਆ ਬਸਣਾ ਰਾਣੀ ਦੇ ਕਿਨਾਰੇ।

## (ਭ-70) ਭੈਰਵ ਅਸ਼ਟਮੀ :

ਮੱਘਰ ਦੇ ਮਹੀਨੇ ਦੀ ਕ੍ਰਿਸ਼ਨ ਪੱਖ ਦੀ ਅ
ਨੂੰ ਭੈਰਵ ਅਸ਼ਟਮੀ ਕਹਿੰਦੇ ਹਨ। ਇਸੇ ਤਿ
ਦਾ ਜਨਮ ਹੋਇਆ ਸੀ। ਪੁਰਾਣਿਕ ਕਥਾ ਅਨੁ
ਵਾਰ ਬ੍ਰਹਮਾ, ਵਿਸ਼ਨੂੰ, ਸ਼ੰਕਰ ਤੇ ਇੰਦਰ ਵਿਚ ਵਾ
ਹੋ ਗਿਆ ਕਿ ਇਨ੍ਹਾਂ ਵਿਚੋਂ ਕਿਹੜਾ ਸਰੇਸ਼ਟ
ਦੇਵਤੇ ਆਪੋ ਆਪਣੀ ਮਹਿਮਾ ਵਧ ਚੜ੍ਹ ਕੇ ਦਸ
ਤੇ ਦੂਜੇ ਦੀ ਨਿੰਦਿਆ ਕਰ ਰਹੇ ਸਨ। ਬ੍ਰਹ
ਦੀ ਨਿੰਦਿਆ ਵਿਚ ਕੁਝ ਅਪਮਾਨਜਨਕ ਗਾਲ੍ਹਾਂ
ਜੋ ਸ਼ਿਵ ਸੁਣ ਕੇ ਕਰੋਧ ਵਿਚ ਆ ਗਏ। ਉਨ੍ਹਾਂ
ਆਪਣੀ ਸ਼ਕਤੀ ਨਾਲ ਉਤਪੰਨ ਕੀਤਾ ਤੇ ਉਸ
ਦਾ ਇਕ ਮੁਖ ਕੱਟਣ ਦਾ ਹੁਕਮ ਦਿਤਾ। ਭੈਰਵ
ਦੇ ਪੰਜ ਮੁਖਾਂ ਵਿਚੋਂ ਇਕ ਮੁਖ ਕਟ ਕੇ, ਉਨ੍ਹਾਂ ਨੂੰ
ਤੋਂ ਚਤੁਰਮੁਖ ਬਣਾ ਦਿਤਾ। ਉਦੋਂ ਤੋਂ ਭੈਰੋਂ
ਦੇਵੀ ਦੇਵਤੇ ਭੈ ਖਾਂਦੇ ਹਨ। ਭੈਰੋਂ ਕੇਵਲ ਸ਼
ਦੀ ਹੁਕਮ ਦੀ ਪਾਲਣਾ ਕਰਦਾ ਹੈ।

ਭੈਰਵ ਦੇ ਕਈ ਮੰਦਰ ਪੰਜਾਬ ਵਿਚ ਮਿ
ਪਛੜੀਆਂ ਜਾਤੀਆਂ ਦੇ ਕਈ ਲੋਕ ਇਨ੍ਹਾਂ ਦੇ
ਹਨ, ਜੋ 'ਭੈਰਵ ਅਸ਼ਟਮੀ' ਨੂੰ ਵਰਤ ਰਖਦੇ ਹਨ
ਦੇ ਮੁਖੀ ਮੰਦਰ ਕਾਸ਼ੀ ਵਿਚ ਹਨ। ਉਥੇ ਕ
ਆਨੰਦ ਭੈਰਵ, ਆਸ਼ਾ ਭੈਰਵ ਆਦਿ ਕਈ ਮੰ
ਭੈਰੋ ਦਾ ਵਾਹਨ ਕੁੱਤਾ ਹੈ। ਭੈਰਵ ਦੇ ਹੱਥ ਵਿ
ਖੜਗ ਤੇ ਡੰਡਾ ਹੁੰਦਾ ਹੈ। ਇਹ ਦੇਵਤਾ ਬੜਾ
ਤੇ ਹਮੇਸ਼ਾ ਲਹੂ ਦਾ ਪਿਆਸਾ ਰਹਿੰਦਾ ਹੈ।

ਭੈਰਵ ਦਾ ਵਰਤ ਰਖਣ ਨਾਲ, ਕਿਸੇ ਸੁ
ਵਿਚ ਵਿਘਨ ਨਹੀਂ ਪੈਂਦਾ। ਰੋਗ ਤੇ ਬੀਮਾਰ

(ਭ-71) **ਭੋਹਰਾ** :

ਜ਼ਮੀਨ ਦੇ ਅੰਦਰ ਬਣਾਇਆ ਇਕ ਕਮਰਾ ; ਕਈ ਲੋਕ-ਕਹਾਣੀਆਂ ਵਿਚ ਭੋਹਰੇ ਦਾ ਵਰਣਨ ਆਉਂਦਾ ਹੈ। ਪੁਰਾਣੇ ਜ਼ਮਾਨੇ ਵਿਚ ਜਿਹੜੇ ਬੱਚੇ ਚੰਗੇ ਨਖਸ਼ਤਰ ਜਾਂ ਸ਼ੁਭ ਘੜੀ ਵਿਚ ਪੈਦਾ ਨਹੀਂ ਹੁੰਦੇ ਸਨ ਤੇ ਮਾਂ ਪਿਉ ਉਤੇ ਭਾਰੇ ਸਮਝੇ ਜਾਂਦੇ ਸਨ, ਉਨ੍ਹਾਂ ਨੂੰ ਮਾਂ ਪਿਉ ਤੋਂ ਉਹਲੇ ਰੱਖਣ ਲਈ ਭੋਹਰੇ ਪਾ ਦਿੱਤਾ ਜਾਂਦਾ ਸੀ। ਜਿਥੇ ਦਾਈਆਂ ਨਿਸ਼ਚਤ ਸਮੇਂ ਲਈ ਉਸ ਨੂੰ ਪਾਲਦੀਆਂ ਪੋਸਦੀਆਂ ਸਨ।

ਪੂਰਨ ਭਗਤ ਮੂਲ ਨਖਸ਼ਤ੍ਰ ਵਿਚ ਪੈਦਾ ਹੋਇਆ ਸੀ ਤੇ ਉਸ ਨੂੰ 12 ਸਾਲਾਂ ਲਈ ਭੋਹਰੇ ਵਿਚ ਰਖਿਆ ਗਿਆ। ਜੋਤਸ਼ੀਆਂ ਨੇ ਰਾਜੇ ਰਸਾਲੂ ਨੂੰ ਵੀ 12 ਵਰ੍ਹੇ ਤਕ ਮਾਂ ਪਿਉ ਦੇ ਮੱਥੇ ਨਹੀਂ ਲੱਗਣ ਦਿਤਾ, ਕਿਉਂ ਜੋ ਉਨ੍ਹਾਂ ਅਨੁਸਾਰ ਉਹ ਰਾਜੇ ਜਾਂ ਰਾਣੀ ਲਈ ਅਸ਼ੁਭ ਹੈ। ਉਸ ਨੂੰ ਭੋਹਰੇ ਵਿਚ ਰਖਿਆ ਗਿਆ।

ਬਾਰਾਂ ਸਾਲਾਂ ਪਿਛੋਂ, ਜਦੋਂ ਪੂਰਨ ਭਗਤ ਰਾਜੇ ਸਲਵਾਹਨ ਨੂੰ ਭੋਹਰੇ ਤੋਂ ਨਿਕਲ ਮਿਲਣ ਲਈ ਗਿਆ ਤਾਂ ਉਹ ਆਪਣੇ ਨਾਲ ਪਾਨ ਲੈ ਕੇ ਗਿਆ। ਪਾਨ ਦਾ ਪੱਤਾ ਪ੍ਰੇਮ ਦੀ ਭੇਟ ਮੰਨੀ ਜਾਂਦੀ ਹੈ। 'ਪੂਰਨ ਪੁਤ੍ਰ ਰਾਜੇ ਸਲਵਾਹਨ ਤਾਈਂ, ਪਾਨ ਲੈ ਕੇ ਮਿਲਣ ਤਿਆਰ ਹੋਇਆ'—ਕਿੱਸਾ ਪੂਰਨ ਭਗਤ ਪਹਿਲੀ ਸੀਹਰਫ਼ੀ)।

(ਭ-72) **ਭੋਗ ਬਿਲਾਸ** :

ਧਰਮ ਸੂਤਰਾਂ ਤੇ ਸਿਮਰਤੀਆਂ ਅਨੁਸਾਰ ਗਰਭ ਲਈ ਰਾਤ ਵੇਲੇ ਭੋਗ ਬਿਲਾਸ ਕਰਨਾ ਚਾਹੀਦਾ ਹੈ। ਦਿਨ ਵੇਲੇ ਭੋਗ ਕਰਨਾ ਵਿਵਰਜਤ ਹੈ। (ਯਗਨਵਾਲਕਯ ਸਿਮਰਤੀ)। ਦਿਨ ਵੇਲੇ ਪਤਨੀ ਨਾਲ ਭੋਗ ਬਿਲਾਸ ਕਰਨ ਨਾਲ ਪ੍ਰਾਣ ਵਾਯੂ ਦੇ ਬਾਹਰ ਨਿਕਲ ਜਾਣ ਦਾ ਡਰ ਹੁੰਦਾ ਹੈ। ਰਾਤ ਵੇਲੇ ਭੋਗ ਬਿਲਾਸ ਕਰਨ ਵਾਲਾ ਬ੍ਰਹਮਚਾਰੀ ਰਹਿੰਦਾ ਹੈ। ਸੂਰਜ ਡੁਬਿਆ ਹੋਣ ਕਰ ਕੇ ਇਹ ਭੋਗ ਉਹ ਵੇਖ ਨਹੀਂ ਸਕਦਾ।

ਦਿਨ ਵੇਲੇ ਭੋਗ ਕਰਨ ਨਾਲ ਅਭਾਗੇ, ਕਮਜ਼ੋਰ ਤੇ ਥੋੜ੍ਹੀ ਆਯੂ ਭੋਗਣ ਵਾਲੇ ਬੱਚੇ ਜਨਮ ਲੈਂਦੇ ਹਨ। ਕੁਝ ਸੂਤਰਾਂ ਅਨੁਸਾਰ ਕੇਵਲ ਉਹ ਹੀ ਦਿਨ ਵੇਲੇ ਭੋਗ ਕਰ ਸਕਦੇ ਹਨ, ਜੋ ਵਧੇਰੇ ਕਰ ਕੇ ਬਾਹਰ ਰਹਿੰਦੇ ਹੋਣ ਤੇ ਚਿਰ ਤਕ ਆਪਣੀ ਪਤਨੀ ਤੋਂ ਵਿਛੜ ਕੇ ਰਹੇ ਹੋਣ।

ਠਹਿਰਿਆ ਬੱਚਾ ਅਲਪ ਆਯੂ ਭੋਗਦਾ ਹੈ ਤੇ
ਬੜੀ ਥੋੜ ਰਹਿੰਦੀ ਹੈ। ਪੰਜਵੀਂ ਰਾਤ ਦੀ
ਕੁੜੀਆਂ ਨੂੰ ਜਨਮ ਦੇਂਦੀ ਹੈ। ਛੇਵੀਂ ਰਾਤ ਨੂੰ
ਬੱਚਾ ਸਾਧਾਰਨ ਬੁੱਧੀ ਦਾ ਹੁੰਦਾ ਹੈ, ਸਤਵੀਂ ਰ
ਵਿਚ ਪਈ ਬੱਚੀ ਬਾਂਝ ਰਹਿੰਦੀ ਹੈ। ਅਠਵ
ਗਰਭ ਪਿਆ ਬੱਚਾ ਬੜਾ ਖ਼ੁਸ਼ਹਾਲ ਹੁੰਦਾ ਹੈ।
ਨੂੰ ਜੇ ਗਰਭ ਠਹਿਰ ਜਾਵੇ ਤਾਂ ਸੁਭਾਗੀ ਕੰ
ਹੁੰਦੀ ਹੈ। ਦਸਵੀਂ ਰਾਤ ਨੂੰ ਗਰਭਿਆ ਬੱਚਾ
ਦਾਨਾ ਹੁੰਦਾ ਹੈ। ਗਿਆਰਵੀਂ ਰਾਤ ਨੂੰ ਗਰਭ ਪ
ਬੜੀ ਅਧਾਰਮਕ ਰੁਚੀਆਂ ਦੀ ਮਾਲਕ ਹੁੰਦੀ ਹੈ
ਰਾਤ ਨੂੰ ਗਰਭ ਠਹਿਰੇ ਤੇ ਬੜਾ ਉੱਤਮ ਪੁਰਸ਼
ਹੈ। ਤੇਰਵੀਂ ਰਾਤ ਨੂੰ ਭ੍ਰਿਸ਼ਟੀ ਕੰਨਿਆਂ ਦਾ
ਹੈ। ਚੌਦਵੀਂ ਰਾਤ ਨੂੰ ਗਰਭਿਆ ਲੜਕਾ ਬ
ਭਾਵ ਵਾਲਾ, ਸਵੈ-ਚੇਤਨਾ ਤੇ ਦ੍ਰਿੜ੍ਹ ਇਰਾਦੇ
ਹੁੰਦਾ ਹੈ। ਪੰਦਰਵੀਂ ਰਾਤ ਨੂੰ ਗਰਭ ਵਿਚ ਪ
ਕਈ ਬੱਚਿਆਂ ਦੀ ਮਾਂ ਬਣਦੀ ਹੈ ਤੇ ਆਪਣੇ
ਬੜੀ ਵਫ਼ਾਦਾਰ ਹੁੰਦੀ ਹੈ। ਸੋਲਵੀਂ ਰਾਤ ਨੂੰ
ਬੱਚਾ ਵਿਦਵਾਨ, ਸੁਭਾਗਾ, ਸਚਾਈ-ਪਸੰਦ, ਸੰ-
ਤੇ ਸਭ ਨੂੰ ਸ਼ਰਣ ਦੇਣ ਵਾਲਾ ਹੁੰਦਾ ਹੈ। ਭਾ
ਕਿ ਰਿਤੂ ਤੋਂ ਜਿਤਨਾ ਦੂਰ ਗਰਭ ਠਹਿਰੇਗਾ, ਚੰ
ਪੈਦਾ ਹੋਵੇਗੀ। ਕਿਉਂਕਿ ਰਿਤੂ ਨੂੰ ਸੂਤਕ ਮੰਨਿ
ਸੀ ਤੇ ਸੂਤਕ ਦੇ ਨੇੜੇ ਦੇ ਦਿਨੀਂ ਜੰਮੇ ਬੱਚੇ
ਹੋਣ ਕਰ ਕੇ, ਚੰਗੇ ਨਹੀਂ ਮੰਨੇ ਜਾਂਦੇ। ਬੱਚੇ ਦੇ
ਨਿਰਣਾ ਇੰਜ ਕੀਤਾ ਜਾਂਦਾ ਹੈ ; ਰਿਤੂ ਪਿਛੋਂ ਜਿ
ਵਿਚ ਠਹਿਰਿਆ ਗਰਭ ਲੜਕਾ ਹੁੰਦਾ ਤੇ ਤਾਕ
ਗਰਭ ਪਿਆ ਬੱਚਾ ਲੜਕੀ। ਅਠਵੀਂ, ਗਿ
ਪੰਦਰਵੀਂ ਰਾਤ ਅਥਵਾ ਪੂਰਨਮਾ ਵਿਚ ਠਹਿਰਿ
ਠੀਕ ਔਲਾਦ ਨਹੀਂ ਪੈਦਾ ਹੁੰਦੀ। ਸੋ, ਇਹ
ਬਿਲਾਸ ਲਈ ਅਸ਼ੁਭ ਹਨ।

ਜਿਹੜਾ ਦੋ-ਜਨਮਾ ਉਪ੍ਰੋਕਤ ਗੱਲਾਂ ਨੂੰ ਧਿ
ਰਖਦਾ ਹੈ, ਉਹ ਹਮੇਸ਼ਾ ਬ੍ਰਹਮਚਾਰੀ ਸਮਝਿਆ ਜਾ

(ਭ-73) **ਭੋਗ ਭਰਨੇ ਕੀ** :

ਫ਼ਿਰੋਜ਼ਪੁਰ ਇਲਾਕੇ ਵਿਚ ਪ੍ਰਚਲਤ
ਉਪਜਾਇਕਤਾ ਨਾਲ ਸਬੰਧਿਤ ਇਕ ਰੀਤੀ

ਭੇਜਦੇ ਹਨ । ਜਿਸ ਦਿਨ ਨਵਾਂ ਚੰਨ ਦਿਖਾਈ ਦੇਂਦਾ ਹੈ, ਉਸ ਦਿਨ ਸਬੰਧਤ ਤੀਵੀਂ ਬਰਾਦਰੀ ਦੇ ਲੋਕਾਂ ਦੇ ਘਰੀਂ ਜਾ ਕੇ ਚਾਵਲ ਦੇ ਆਉਂਦੀ ਹੈ ਤੇ ਅਗਲੇ ਦਿਨ ਆਉਣ ਦਾ ਸੱਦਾ ਵੀ ਦੇ ਆਉਂਦੀ ਹੈ ।

ਘਰ ਦੀ ਕਿਸੇ ਗੁੱਠੇ, ਪੂਰਬੀ ਤੰਰ ਵਾਲੇ ਪਾਸੇ, ਗੋਹੇ ਦਾ ਪੋਚਾ ਦਿਤਾ ਜਾਂਦਾ ਹੈ ਤੇ ਚਾਵਲਾਂ ਦਾ ਆਟਾ ਗੁੰਨ੍ਹ ਕੇ ਸੱਤ ਪੰਜੇ ਦੇ ਨਿਸ਼ਾਨ ਲਾਏ ਜਾਂਦੇ ਹਨ । ਦੀਵਾਰ ਦੇ ਨਾਲ ਲਕੜੀ ਦਾ ਫੱਟਾ ਜੋੜ ਕੇ ਦੀਵਾ ਜਲਾ ਕੇ ਰਖਿਆ ਜਾਂਦਾ ਹੈ । ਬਰਾਦਰੀ ਦੇ ਲੋਕ ਜਦੋਂ ਆਉਂਦੇ ਹਨ ਤਾਂ ਰੰਗ ਕਿਹੋ ਉਹ ਚਾਵਲ, ਜੋ ਸੰਬੰਧਿਤ ਤੀਵੀਂ ਉਨ੍ਹਾਂ ਦੇ ਘਰ ਵੰਡ ਆਈ ਸੀ, ਤੇ ਅੰਨ ਵੀ ਨਾਲ ਲੈ ਆਉਂਦੇ ਹਨ ਤੇ ਚਾਵਲਾਂ ਨੂੰ ਦੀਵੇ ਕੋਲ ਬਖੇਰ ਦੇਂਦੇ ਹਨ ਤੇ ਅੰਨ ਨੂੰ ਇਕ ਥਾਂ ਇਕੱਠਾ ਕਰਦੇ ਜਾਂਦੇ ਹਨ । ਫਿਰ ਘਿਉ-ਖੰਡ ਪਾ ਕੇ ਮਿੱਠੇ ਚਾਵਲ ਰਿੰਨ੍ਹੇ ਜਾਂਦੇ ਹਨ । ਕਿਸੇ ਸਮੇਂ ਢਾਈ ਸੇਰ ਚਾਵਲ, ਪੰਜ ਸੇਰ ਖੰਡ ਤੇ ਢਾਈ ਸੇਰ ਘਿਉ ਰਲਾ ਕੇ, ਚਾਵਲ ਰਿੰਨ੍ਹੇ ਜਾਂਦੇ ਸਨ । ਇਨ੍ਹਾਂ ਚਾਵਲਾਂ ਨੂੰ ਥਾਲੀਆਂ ਵਿਚ ਇਕੋ ਜਿਹਾ ਪਾ ਕੇ ਬਰਾਦਰੀ ਵਿਚ ਵੰਡ ਦਿਤਾ ਜਾਂਦਾ ਸੀ । ਜੇ ਕਿਸੇ ਨੂੰ ਵਧ ਘਟ ਚਾਵਲ ਮਿਲਣ, ਤਾਂ ਉਹ ਇਤਰਾਜ਼ ਕਰਦੇ ਸਨ, ਇਹ ਰੀਤ ਉਪਜਾਇਕਤਾ ਨਾਲ ਸਬੰਧਿਤ ਹੈ ।

ਇਸ ਮਗਰੋਂ ਸਬੰਧਿਤ ਤੀਵੀਂ ਆਪਣੇ ਪੇਕਿਆਂ ਵਲੋਂ ਆਏ ਕਪੜੇ ਪਹਿਨਦੀ ਹੈ ਅਤੇ ਉਸ ਦੇ ਕਪੜੇ ਦਾ ਪੱਲਾ ਕਿਸੇ ਕੰਵਾਰੇ ਮੁੰਡੇ ਨਾਲ ਬੰਨ੍ਹ ਕੇ ਥਾਲੀਆਂ ਦੇ ਦੁਆਲੇ ਸੱਤ ਗੇੜੇ ਦਿਤੇ ਜਾਂਦੇ ਹਨ ਤੇ ਦੀਵੇ ਅਗੇ ਪ੍ਰਨਾਮ ਕਰਨ ਲਈ ਕਿਹਾ ਜਾਂਦਾ ਹੈ ਇਸ ਤਰ੍ਹਾਂ ਲੋਕਾਂ ਦਾ ਨਿਸਚਾ ਹੈ ਕਿ ਲੜਕਾ ਛੇਤੀ ਵਿਆਹਿਆ ਜਾਂਦਾ ਹੈ ।

ਸਬੰਧਿਤ ਤੀਵੀਂ ਦੇ ਅਗੇ ਇਕ ਭਾਂਡਾ ਰਖਿਆ ਜਾਂਦਾ ਹੈ, ਜਿਸ ਵਿਚ ਬਰਾਦਰੀ ਦੇ ਸਭ ਲੋਕ ਆਪੋ ਆਪਣੀ ਥਾਲੀ ਵਿਚ ਕੁਝ ਚਾਵਲ ਪਾਉਂਦੇ ਹਨ, ਜਿਸ ਵਿਚੋਂ ਉਹ ਖਾਂਦੀ ਹੈ । ਇਸ ਪਿਛੋਂ ਉਸ ਦੀ ਸੱਸ ਨੂੰ ਵਧਾਈ ਦਿਤੀ ਜਾਂਦੀ ਹੈ । ਦਾਣੇ ਜੋ ਬਰਾਦਰੀ ਦੇ ਲੋਕ ਲਿਆਉਂਦੇ ਹਨ, ਉਹ ਕਮੀ ਕਮੀਣ ਤੇ ਪ੍ਰੋਹਿਤ ਲੈ ਜਾਂਦਾ ਹੈ ।

(ਭ-74) **ਭੰਛਟ** :

ਮਿਲਦਾ ਹੈ :

ਬੰਦੇ ਦੀ ਛਾਉਂ ਮੇਰਾ ਭੰਛਟ ਅੜਿਆ
ਹਾਥੋਂ ਆਣ ਛੁੜਾਇਆ ।

(ਭ-75) **ਭੋਜਕੀ** :

ਕਾਂਗੜੇ ਤੇ ਸ਼ਿਮਲੇ ਦੀਆਂ ਪਹਾੜੀਆਂ ਵਿਖੇ ਅਸਥਾਨਾਂ ਦੇ ਪੁਜਾਰੀ ਭੋਜਕੀ ਅਖਵਾਉਂਦੇ ਹਨ ਦੀ ਵੱਖਰੀ ਜਾਤੀ ਹੋਂਦ ਵਿਚ ਆ ਚੁਕੀ ਹੈ ਜਵਾਲਾਮੁਖੀ ਤੇ ਭਵਨ ਦੇ ਵੱਡੇ ਮੰਦਰਾਂ ਵਿਚ ਆ ਹਨ । ਇਹ ਸਭ ਦੇਵੀਆਂ ਦੀ ਪੂਜਾ ਕਰਦੇ ਇਨ੍ਹਾਂ ਦਾ ਨਾਂ ਪੂਜਕੀ ਤੋਂ ਵਿਗੜ ਕੇ ਭੋਜ ਗਿਆ ।

ਧਾਰਨਾ ਅਨੁਸਾਰ ਭੋਜਕੀ ਬ੍ਰਾਹਮਣ ਜਾਤੀ ਭਾਵੇਂ ਇਹ ਪ੍ਰਸਿਧ ਮੰਦਰਾਂ ਦੇ ਕਈ ਪੁਸ਼ਤਾਂ ਤੋਂ ਚਲੇ ਆ ਰਹੇ ਹਨ । ਇਹ ਸਭ ਜਨੇਊ ਪਹਿਨ ਆਪਣੀ ਬਰਾਦਰੀ ਵਿਚ ਹੀ ਵਿਆਹ ਕਰਦੇ ਹਨ ਮਾਸਾਹਾਰੀ ਹਨ ਤੇ ਸ਼ਰਾਬ ਦਾ ਸੇਵਨ ਵੀ ਕਰਦੇ ਹ

ਭੋਜਕੀ ਸ਼ਬਦ ਦਾ ਮੂਲ ਸੰਸਕ੍ਰਿਤ ਦਾ ਭੋਜ ਜਿਸ ਦੇ ਅਰਥ ਖਾਣ ਦੇ ਪਦਾਰਥਾਂ ਤੋਂ ਹੈ ।

ਦੇਵੀ ਦੇ ਮੰਦਰਾਂ ਜਾਂ ਅਸਥਾਨਾਂ ਦੇ ਪੁਜਾ ਭੋਜਕੀ ਕਿਹਾ ਜਾਂਦਾ ਹੈ । ਭੋਜਕੀ ਦੇਵੀ ਨੂੰ ਭੋ ਖਾਧ ਪਦਾਰਥ ਤੇ ਹੋਰ ਵਸਤੂਆਂ ਪ੍ਰਾਪਤ ਕਰਦੇ ਹ

ਇਹ ਆਪਣੇ ਆਪ ਨੂੰ ਸਾਰਸਵਤ ਬ੍ਰਾਹਮ ਹਨ, ਪਰ ਸਾਧਾਰਨ ਬ੍ਰਾਹਮਣ ਇਨ੍ਹਾਂ ਤੋਂ 'ਕੱਚੀ ਨਹੀਂ ਲੈਂਦਾ ।

ਚਿੰਤਪੁਰਨੀ ਦੇ ਭੋਜਕੀ ਬ੍ਰਾਹਮਣ ਹਨ ਬ੍ਰਾਹਮਣਾਂ ਨਾਲ ਵਿਆਹ ਕਰਦੇ ਹਨ ।

(ਭ-76) **ਭੋੜੇ ਚੜ੍ਹਨਾ** :

ਜਦੋਂ ਕਿਸੇ ਤੀਵੀਂ ਨੂੰ ਵਿਆਹ ਪਿਛੋਂ ਪਹਿ ਠਹਿਰਦਾ ਹੈ ਤਾਂ ਹਿੰਦੂਆਂ ਵਿਚ ਇਸ ਸਮੇਂ ਮਨਾਇਆ ਜਾਂਦਾ ਹੈ । ਜਿਸ ਨੂੰ 'ਰੀਤ ਚੜ੍ਹਾਉ 'ਭੋੜੇ ਚੜ੍ਹਨਾ' ਕਹਿੰਦੇ ਹਨ । ਭੋੜੇ ਚੜ੍ਹਨਾ ਵਰਤਿਆ ਜਾਂਦਾ ਹੈ । ਇਸ ਸਮੇਂ ਬਰਾਦ

ਮ

(ਮ-1) **ਮਉਲੀ** :

ਲਾਲ-ਪੀਲੇ ਰੰਗ ਦੇ ਸੂਤ੍ਰ ਦੇ ਧਾਗੇ, ਜੋ ਮੰਗਲਮਈ ਵਸਤੂ ਜਾਣ ਕੇ, ਹਿੰਦੂ ਵਿਆਹ ਆਦਿ ਸ਼ੁਭ ਕਾਰਜਾਂ ਵਿਚ, ਬਾਂਹ ਤੇ ਬੰਨ੍ਹਦੇ ਹਨ। ਇਹ ਧਾਗਾ ਬਦਰੂਹਾਂ ਨੂੰ ਦੂਰ ਰੱਖਣ ਵਾਲਾ ਤੇ ਖੁਸ਼ੀ ਵਿਚ ਵਾਧਾ ਕਰਨ ਵਾਲਾ ਅਥਵਾ ਖੁਸ਼ੀ ਨੂੰ ਪ੍ਰਫੁਲਤ ਕਰਨ ਵਾਲਾ ਮੰਨਿਆ ਜਾਂਦਾ ਹੈ, ਜਿਸ ਤੋਂ ਇਸ ਦਾ ਨਾਂ ਮਉਲੀ ਪੈ ਗਿਆ। ਲਾਲ ਧਾਗਾ ਮੁਹੱਬਤ ਦਾ ਪ੍ਰਤੀਕ ਹੈ ਤੇ ਪੀਲਾ 'ਬਸੰਤੀ ਬਹਾਰ ਦਾ'।

(ਮ-2) **ਮਈਅਤ** :

ਮੁਸਲਮਾਨਾਂ ਵਿਚ ਮ੍ਰਿਤਕ ਸਰੀਰ ਅਥਵਾ ਮੜ੍ਹੇ ਨੂੰ ਮਈਅਤ ਕਹਿੰਦੇ ਹਨ। ਜਦੋਂ ਕੋਈ ਪ੍ਰਾਣੀ ਮਰ ਜਾਂਦਾ ਹੈ, ਤਾਂ 'ਫ਼ਕੀਰ' ਨੂੰ ਸੱਦਿਆ ਜਾਂਦਾ ਹੈ, ਜੋ ਮਈਅਤ ਦੀ ਅੰਤਮ ਸਫ਼ਰ ਲਈ ਤਿਆਰੀ ਕਰਵਾਉਂਦਾ ਹੈ। ਗੁੜਗਾਵਾਂ ਦੀ ਮਿਉ ਜਾਤੀ ਵਿਚ 16 ਗਜ਼ ਲੰਮਾ ਸਫ਼ੇਦ ਕਪੜਾ ਲੈ ਕੇ, ਉਸ ਦੀਆਂ ਤਿੰਨ ਚਾਦਰਾਂ ਬਣਾ ਲਈਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਇਕ ਟੋਪੀ, ਦੋ ਤਹਿਮਤਾਂ, ਇਕ ਅਲਫ਼ੀ, ਇਕ ਜਾ ਨਮਾਜ਼ (ਚਾਦਰ ਜਿਸ ਨੂੰ ਫ਼ਰਸ਼ ਤੇ ਵਿਛਾ ਕੇ ਨਮਾਜ਼ ਪੜ੍ਹੀ ਜਾਂਦੀ ਹੈ), ਇਕ ਤੌਲੀਆ, ਇਕ ਥੈਲਾ ਤੇ ਤਿੰਨ ਚੌੜੇ ਫੀਤੇ, ਜਿਨ ਨਾਲ ਮਈਅਤ ਨੂੰ ਬੰਨ੍ਹਿਆ ਜਾਂਦਾ ਹੈ। ਮਈਅਤ ਨੂੰ ਲਕੜੀ ਦੇ ਫੱਟੇ ਉਤੇ ਰਖ ਕੇ, ਮੁਸਲਮਾਨੀ ਪਰੰਪਰਾ ਅਨੁਸਾਰ, ਪਵਿਤਰ ਕੀਤਾ ਜਾਂਦਾ ਹੈ। ਪੁਰਾਣੇ ਕਪੜੇ ਉਤਾਰ ਦਿਤੇ ਜਾਂਦੇ ਹਨ ਤੇ ਤਹਿਮਤ ਪਹਿਨਾਈ ਜਾਂਦੀ ਹੈ। ਪੰਜ ਮਿੱਟੀ ਦੇ ਢੇਲਿਆਂ ਨਾਲ ਗੁਦਾ, ਤੇ ਦੋ ਢੇਲਿਆਂ ਨਾਲ ਇੰਦਰੀ ਸਾਫ਼ ਕੀਤੀ ਜਾਂਦੀ ਹੈ। ਫਿਰ ਵਜ਼ੂ ਕਰਵਾਇਆ ਜਾਂਦਾ ਹੈ ਅਤੇ ਗਰਮ ਪਾਣੀ, ਜਿਸ ਵਿਚ ਬੇਰ ਦੇ ਪੱਤੇ ਪਾ ਕੇ ਪਹਿਲਾਂ ਹੱਥ, ਫਿਰ ਮੂੰਹ, ਫਿਰ ਬਾਹਾਂ, ਫਿਰ ਚਿਹਰਾ ਤੇ ਫਿਰ ਸੱਜੀ ਤੇ ਖੱਬੀ ਬਾਂਹ ਕੂਹਣੀ ਤਕ ਤੇ ਅਖ਼ੀਰ ਵਿਚ ਸੱਜਾ ਤੇ ਖੱਬਾ ਪੈਰ ਧੋਤਾ ਜਾਂਦਾ ਹੈ। ਫਿਰ ਸਾਰੇ ਜਿਸਮ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ।

ਤੇ ਫਿਰ ਮਈਅਤ ਨੂੰ ਇਕ ਮੰਜੀ ਉਤੇ ਦੋ ਚਾਦਰਾਂ
'ਅਲਫ਼ੀ' ਵਿਛਾ ਕੇ ਲਿਟਾ ਦਿਤਾ ਜਾਂਦਾ ਹੈ। ਇਸ
ਕਪੜੇ ਪਹਿਨਾਏ ਜਾਂਦੇ ਹਨ। ਉਪਰ ਦੋ ਚਾਦ
ਦਿਤੀਆਂ ਜਾਂਦੀਆਂ ਹਨ ਤੇ ਤਿੰਨ ਫੀਤਿਆਂ
ਇਕ ਸਿਰ ਵਲ, ਇਕ ਕਮਰ ਦੁਆਲੇ ਤੇ ਇਕ ਪੈਰ
ਮਈਅਤ ਨੂੰ ਮਜ਼ਬੂਤੀ ਨਾਲ ਬੰਨ੍ਹ ਦਿਤਾ ਜਾਂਦਾ ਹੈ।
ਸੁਗੰਧੀਆਂ ਛਿੜਕੀਆਂ ਜਾਂਦੀਆਂ ਹਨ। ਤੀਜੀ
ਇਸ ਤਰ੍ਹਾਂ ਉਪਰ ਦਿਤੀ ਜਾਂਦੀ ਹੈ ਕਿ ਮਈਅਤ ਦੇ
ਮੰਜੀ ਵੀ ਸਾਰੀ ਢੱਕੀ ਜਾਂਦੀ ਹੈ।

ਇਸ ਉਪਰੰਤ ਕਲਮਾ ਪੜ੍ਹਦਿਆਂ, ਚਾਰ ਸ਼
ਪ੍ਰਾਣੀ ਦੇ ਚਚੇਰੇ, ਮਮੇਰੇ ਜਾਂ ਮਸੇਰੇ ਭਰਾ ਹੁੰਦੇ ਹਨ,
ਮੋਢਿਆਂ ਤੇ ਚੁਕਦੇ ਹਨ ਤੇ ਕਬਰਸਤਾਨ ਵਲ ਤੁ
ਹਨ। ਜਦੋਂ ਵੀ ਕੋਈ ਦੂਜਾ ਸ਼ਖ਼ਸ ਮੋਢਾ ਦੇਂਦਾ ਹੈ
ਪਹਿਲਾਂ ਕਲਮਾ ਪੜ੍ਹਦਾ ਹੈ। ਮੋਢਾ ਦੇਣ ਵਾਲਿਆਂ
ਕੱਜੇ ਹੁੰਦੇ ਹਨ। ਕਬਰਸਤਾਨ ਵਿਚ ਜਾ ਕੇ ਕਬਰ
ਮੰਜੀ ਰਖ ਦਿਤੀ ਜਾਂਦੀ ਹੈ ਤੇ ਚਾਦਰ ਵਿਛਾਕੇ ਮੁੱਲਾਂ
ਪੜ੍ਹਦਾ ਹੈ, ਜਿਸ ਵਿਚ ਦੂਜੇ ਲੋਕ ਵੀ ਸ਼ਾਮਲ ਹੁੰਦੇ
ਫਿਰ ਮਈਅਤ ਦਾ ਮੂੰਹ ਮੱਕੇ ਵਲ ਕਰ ਕੇ ਉਸ ਨੂੰ
ਵਿਚ ਲਿਟਾ ਦਿਤਾ ਜਾਂਦਾ ਹੈ।

(ਮ-3) **ਮਈਆ** :

ਹਿੰਦੂ ਦੇਵੀ ਨੂੰ ਆਦਰ ਨਾਲ ਮਈਆ ਕਹਿੰ
ਜੋ ਮਾਤਾ ਦਾ ਬੋਧਿਕ ਹੈ। ਗੰਗਾ ਤੇ ਜਮਨਾ ਦੇ
ਇਨ੍ਹਾਂ ਦੋਹਾਂ ਨਦੀਆਂ ਨੂੰ ਆਦਰ ਨਾਲ ਤਰਤ
ਗੰਗਾ ਮਈਆ ਤੇ ਜਮਨਾ ਮਈਆ ਕਹਿੰਦੇ ਹਨ।

ਦੁਰਗਾ ਅਥਵਾ ਭਵਾਨੀ ਲਈ ਵੀ ਮਈਆ ਸ਼
ਪ੍ਰਯੋਗ ਕੀਤਾ ਜਾਂਦਾ ਹੈ।

(ਮ-4) **ਮਸਜਿਦ** :

ਸਿਜਦਾ ਕਰਨ ਦਾ ਅਸਥਾਨ; ਮੁਸਲਮਾਨਾਂ ਦਾ ਪੂ

ਅਥਵਾ ਨਿਮਾਜ਼ ਪੜ੍ਹਨ ਲਈ ਬਣਿਆ ਅਸਥਾਨ; ਮੁਸਲਮਾਨ ਨਿਮਾਜ਼ ਪੜ੍ਹਨ ਵੇਲੇ ਝੁਕ ਕੇ ਸਿਜਦਾ ਕਰਦੇ ਹਨ, ਜਿਸ ਤੋਂ ਉਨ੍ਹਾਂ ਦੇ ਧਾਰਮਿਕ ਅਸਥਾਨ ਦਾ ਨਾਂ ਮਸਜਿਦ ਪੈ ਗਿਆ। ਜਦੋਂ ਅਰਬੀ ਮੁਸਲਮਾਨ ਸਿੰਧ ਦੇ ਰਸਤੇ ਭਾਰਤ ਵਿਚ ਆਏ ਤਾਂ ਉਨ੍ਹਾਂ ਨਾਲ ਹੀ ਉਨ੍ਹਾਂ ਦਾ ਧਰਮ, ਗ੍ਰੰਥ ਤੇ ਪੂਜਾ ਪਾਠ ਦੀਆਂ ਵਿਧੀਆਂ ਵੀ ਇਥੇ ਨਾਲ ਹੀ ਆਈਆਂ ਅਤੇ ਉਨ੍ਹਾਂ ਨੇ ਆਪਣੇ ਅਕੀਦੇ ਅਨੁਸਾਰ ਮਸਜਿਦਾਂ ਬਣਵਾਈਆਂ। ਆਰੰਭ ਵਿਚ ਤਾਂ ਮੁਸਲਮਾਨ ਧਾੜਵੀਆਂ ਨੇ ਹਿੰਦੂ ਮੰਦਰਾਂ ਨੂੰ ਹੀ ਮਸਜਿਦਾਂ ਵਿਚ ਬਦਲਿਆ, ਪਰ ਤੇਰ੍ਹਵੀਂ ਸਦੀ ਤੋਂ ਬਾਕਾਇਦਾ ਸੁੰਦਰ ਤੇ ਆਲੀਸ਼ਾਨ ਮਸਜਿਦਾਂ ਉਸਾਰੀਆਂ ਜਾਣ ਲੱਗੀਆਂ। ਭਾਰਤ ਵਿਚ ਸਭ ਤੋਂ ਪੁਰਾਣੀ ਮਸਜਿਦ, ਜੋ ਹੁਣ ਤਕ ਮੌਜੂਦ ਹੈ, ਕੁਤਬ ਦੀ ਲਾਠ ਨਾਲ ਲੱਗਦੀ ਮਸਜਿਦ ਹੈ, ਜੋ ਬਾਰ੍ਹਵੀਂ ਸਦੀ ਵਿਚ ਬਣਾਈ ਗਈ। ਇਹ ਤੇ ਅਜਮੇਰ ਕਨੌਜ ਤੇ ਅਹਿਮਦਾਬਾਦ ਆਦਿ ਦੀਆਂ ਕਈ ਮਸਜਿਦਾਂ ਹਿੰਦੂ ਜਾਂ ਜੈਨ ਮੰਦਰਾਂ ਨੂੰ ਤੋੜ ਕੇ ਬਣਾਈਆਂ ਗਈਆਂ।

ਇਕ ਸਾਧਾਰਨ ਮਸਜਿਦ ਦੀ ਉਸਾਰੀ ਬੜੀ ਸਿਧੀ ਸਾਧੀ ਹੁੰਦੀ ਹੈ। ਆਕਾਰ ਮੁਸਤਤੀਲ ਦਾ ਹੁੰਦਾ ਹੈ। ਮਸਜਿਦ ਅੰਦਰ, ਖੁਲ੍ਹਾ ਦਾਲਾਨ ਅਥਵਾ ਵਿਹੜਾ ਹੁੰਦਾ ਹੈ। ਭਾਵੇਂ ਛੋਟੀਆਂ ਮਸਜਿਦਾਂ ਵਿਚ ਇਹ ਨਾਂ-ਮਾਤਰ ਹੀ ਹੁੰਦਾ ਹੈ, ਪਰ ਮਸਜਿਦ ਲਈ ਜ਼ਰੂਰੀ ਹੈ ਕਿ ਇਥੋਂ ਖੁਲ੍ਹਾ ਆਕਾਸ਼ ਵਿਖਾਈ ਦੇਵੇ, ਕਿਉਂ ਜੋ ਮੁਸਲਮਾਨੀ ਅਕੀਦੇ ਅਨੁਸਾਰ ਅੱਲ੍ਹਾ ਸਤਵੇਂ ਆਕਾਸ਼ ਵਿਚ ਤਖ਼ਤ ਉਤੇ ਬਿਰਾਜਮਾਨ ਹੈ। ਇਸ ਲਈ ਨਿਮਾਜ਼ ਮਸਜਿਦ ਵਿਚ ਖੁਲ੍ਹੇ ਆਕਾਸ਼ ਹੇਠ ਹੀ ਪੜ੍ਹੀ ਜਾਂਦੀ ਹੈ। ਮਸਜਿਦ ਵਿਚ ਪਾਣੀ ਦਾ ਛੋਟਾ ਜਿਹਾ ਤਾਲ ਜਾਂ ਹੌਜ਼ ਦਾ ਹੋਣਾ ਜ਼ਰੂਰੀ ਹੈ। ਕਿਉਂ ਜੋ ਹੱਥ ਪੈਰ ਧੋਣ ਅਥਵਾ ਵਜ਼ੂ ਕਰੇ ਬਗ਼ੈਰ ਮੁਸਲਮਾਨ ਨਿਮਾਜ਼ ਨਹੀਂ ਪੜ੍ਹਦੇ।

ਨਿਮਾਜ਼ ਪੜ੍ਹਨ ਵੇਲੇ ਮੁਸਲਮਾਨ ਕਾਅਬੇ ਵਲ ਮੂੰਹ ਕਰਦੇ ਹਨ। ਇਸ ਲਈ ਮਸਜਿਦ ਵਿਚ ਪੱਛਮ ਦਿਸ਼ਾ ਵਲ ਇਕ ਮਿਹਰਾਬ ਬਣੀ ਹੁੰਦੀ ਹੈ, ਜਿਸ ਦੇ ਸਾਹਮਣੇ ਖੜੇ ਹੋ ਕੇ ਮੁਸਲਮਾਨ ਨਿਮਾਜ਼ ਪੜ੍ਹਦੇ ਹਨ। ਕਈ ਥਾਈਂ ਮਿਹਰਾਬ ਦੀ ਕੰਧ ਵਿਚ ਇਕ ਆਲਾ ਬਣਿਆ ਹੁੰਦਾ ਹੈ, ਜੋ ਕਾਅਬੇ ਦੀ ਠੀਕ ਦਿਸ਼ਾ ਦਾ ਬੋਧਿਕ ਹੁੰਦਾ ਹੈ।

ਮਸਜਿਦ ਵਿਚ ਕਾਅਬੇ ਦੀ ਤਸਵੀਰ ਦੇ ਇਲਾਵੇ

(ਮ-5) **ਮਸਤਕ** :

ਮਸਤਕ ਦਾ ਲੇਖਾ ਨਾਲ ਬੜਾ ਗਹਿਰਾ ਸ
ਜਾਂਦਾ ਹੈ। ਕਈ ਜੋਤਸ਼ੀ ਮੱਥੇ ਦੀਆਂ ਰੇਖਾ
ਦੇ ਟੋਟਿਆਂ ਤੋਂ ਕਿਸੇ ਪ੍ਰਾਣੀ ਦੇ ਭਵਿੱਖ, ਮਾ
ਤੇ ਯੋਗਤਾ ਦਾ ਅਨੁਮਾਨ ਲਗਾ ਲੈਂਦੇ ਮੰਨੇ
ਚੌੜੇ ਮਸਤਕ ਵਾਲਾ ਸ਼ਖ਼ਸ ਬੜਾ ਭਾਗਵ
ਜਾਂਦਾ ਹੈ। ਜਿਸ ਦੇ ਮੱਥੇ ਤੇ ਆਭਾ ਅਥ
ਤੇਜ ਹੋਵੇ, ਉਹ ਸ਼ਖ਼ਸ ਬੜਾ ਪ੍ਰਾਕਰਮੀ ਹੁੰਦਾ
ਅਧਿਕਾਰੀ ਬਣਦਾ ਹੈ। ਜਿਸ ਬੱਚੇ ਦੇ ਮੱ
ਬਲਦੀ ਹੋਵੇ, ਉਹ ਬਹੁਤ ਦੇਰ ਜੀਉਂਦਾ ਨ
ਹਾਂ, ਜੇ ਇਹ ਲਾਟ (ਜੋਤ) ਕਿਸੇ ਦੀ
ਤਾਂ ਕੋਈ ਡਰ ਨਹੀਂ। ਜੇ ਇਹ ਜਵਾਨੀ ਤ
ਰਹੇ ਤਾਂ ਬੜਾ ਪ੍ਰਾਕਰਮੀ ਤੇ ਤੇਜਵਾਨ ਹੁੰਦਾ ਹੈ

ਸਿਰ ਦੇ ਵਾਲਾਂ ਦੀਆਂ ਭੌਰੀਆਂ ਤੋਂ
ਜਾਣਿਆ ਜਾਂਦਾ ਹੈ। ਜਿਸ ਬੱਚੇ ਦੇ ਸਿਰ ਵਿ
ਹੋਵੇ (ਵੇਖੋ : ਪਗ ਵਲ), ਉਸ ਮਗਰੋਂ ਉਸ
ਕੁਖੋਂ ਅਗਲੀ ਵਾਰ ਲੜਕਾ ਜੰਮਦਾ ਹੈ। ਜਿ
ਸਿਰ ਦੇ ਵਾਲ ਖੜੇ ਰਹਿਣ, ਉਹ ਬਹੁਤੀ
ਜੀਉਂਦਾ।

(ਮ-6) **ਮਸਤਾਨੀ ਫ਼ਕੀਰ** :

ਫ਼ਕੀਰਾਂ ਦਾ ਇਕ ਫਿਰਕਾ, ਜੋ ਪੈਰਾਂ
ਬੰਨ੍ਹ ਕੇ, ਗਲੀਆਂ ਬਜ਼ਾਰਾਂ ਵਿਚ ਨਚਦੇ ਅਤੇ
ਪੈਸਾ ਪੈਸਾ ਉਗਰਾਉਂਦੇ ਹਨ।

(ਮ-7) **ਮਸਲੇ** :

ਮਹਾਨ ਕੋਸ਼ ਅਨੁਸਾਰ ਮਸਲਾ ਪਦ ਦ
ਵਿਚਾਰ ਯੋਗ ਬਾਤ, ਧਰਮ ਦੀ ਬਾਤ ਜੋ
ਲਾਇਕ ਹੋਵੇ। ਮਸਲੇ ਵਿਚ ਕਿਸੇ ਉਪਦੇ
ਨੈਤਿਕ ਵਿਚਾਰ, ਅਕੀਦੇ ਅਤੇ ਧਾਰਨਾ ਦੀ
ਬ੍ਰਿਤਾਂਤ ਦੁਆਰਾ ਕੀਤੀ ਗਈ ਹੁੰਦੀ ਹੈ।
ਸੁਖਨ ਭਾਵੇਂ ਕਈ ਗੱਲਾਂ ਵਿਚ ਮੇਲ ਰਖਦ
ਦੋਹਾਂ ਦੀ ਪ੍ਰਕ੍ਰਿਤੀ ਵਿਚ ਕਾਫ਼ੀ ਅੰਤਰ ਹੈ।
ਬ੍ਰਿਤਾਂਤਕ ਤੱਤ ਕਿਸੇ ਸਤਿ ਕਥਨ ਦੀ ਵਿਆ
ਹੁੰਦਾ ਹੈ, ਪਰ ਮਸਲੇ ਵਿਚ ਕਿਸੇ ਪੀਰ

ਮੁਸਲਮਾਨੀ ਕਥਾਵਾਂ ਦੀ ਲੋਕਿਕ ਪਰੰਪਰਾ ਤਾਂ ਹੋਰ ਪੰਜਾਬੀਆਂ ਨਾਲ ਇਕ ਰੂਪ ਹੋ ਕੇ ਸਾਂਝੀ ਰਹੀ, ਪਰ ਧਾਰਮਿਕ ਕਥਾਵਾਂ ਹਿੰਦੂ-ਸਿੱਖ ਪਰੰਪਰਾ ਨਾਲੋਂ ਨਿਖੜਵੇਂ ਰੂਪ ਵਿਚ ਵਿਗਸਿਤ ਹੋਈਆਂ ਅਤੇ ਦੋਹਾਂ ਸੰਪ੍ਰਦਾਵਾਂ ਦੀਆ ਅਧਿਆਤਮਕ, ਰਹੱਸਮਈ ਅਤੇ ਧਾਰਮਿਕ ਵਸਤੂ-ਪਰਕ ਕਥਾਵਾਂ ਇਕ ਦੂਜੇ ਤੋਂ ਨਿਖੜ ਕੇ ਯਾਤ੍ਰਾ ਕਰਦੀਆਂ ਰਹੀਆਂ । ਜਿਵੇਂ ਇਕੋ ਰੂਪ-ਰਚਨਾ ਹੁੰਦਿਆਂ ਵੀ ਬਚਨ ਅਤੇ ਸੁਖਨ ਦੋ ਨਿਖੜਵੀਆਂ ਕਥਾ-ਪਰੰਪਰਾ ਬਣੀਆਂ, ਉਸੇ ਤਰ੍ਹਾਂ ਹਿੰਦੂਆਂ ਨੇ ਸਿਧਾਂਤ ਤੇ ਸੰਕਲਪਾਂ ਦੀ ਵਿਆਖਿਆ ਲਈ ਪ੍ਰਮਾਰਥ ਜਾਂ ਸੰਕਲਪ-ਕਥਾ ਰਚੀਆਂ, ਪਰ ਮੁਸਲਮਾਨਾ ਨੇ ਮਸਲੇ ।

ਮਸਲਿਆਂ ਦਾ ਪੁਰਸ਼ ਤਾਂ ਇਸਲਾਮੀ ਪੁਰਾਣ ਸ਼ਾਸਤ੍ਰ ਵਿਚੋਂ ਲਿਆ ਗਿਆ ਕੋਈ ਪੈਗੰਬਰ ਹੁੰਦਾ ਹੈ ਜਾਂ ਕੋਈ ਪੀਰ-ਫ਼ਕੀਰ । ਮਸਲੇ ਬੁਨਿਆਦੀ ਰੂਪ ਵਿਚ ਇਕ ਤਰ੍ਹਾਂ ਦੀਆਂ ਸਾਖੀਆਂ ਹੀ ਹਨ, ਜਿਨ੍ਹਾਂ ਦੁਆਰਾ ਕੋਈ ਸਿਧਾਂਤ ਸਿਧ ਕੀਤਾ ਗਿਆ ਹੈ । ਪੰਜਾਬੀ ਵਿਚ ਹੱਥ-ਲਿਖਤ ਰੂਪ ਵਿਚ 'ਮਸਲੇ ਹਜ਼ਰਤ ਰਸੂਲ ਦੇ', 'ਮਸਲੇ ਮੂਸੇ ਪੈਗੰਬਰ ਕੇ', 'ਮਸਲਾ ਹਸਨ ਹੁਸੈਨ ਕਾ', 'ਮਸਲੇ ਸ਼ੇਖ਼ ਫ਼ਰੀਦ ਕੇ' ਆਦਿ ਮਿਲਦੇ ਹਨ । ਪਰ ਇਨ੍ਹਾਂ ਵਿਚੋਂ ਸਭ ਤੋਂ ਵਧ ਮਹੱਤਵਸ਼ੀਲ ਰਚਨਾ 'ਮਸਲੇ ਸ਼ੇਖ਼ ਫ਼ਰੀਦ ਕੇ' ਹੈ, ਜੋ ਪ੍ਰਕਾਸ਼ਿਤ ਰੂਪ ਵਿਚ ਵੀ ਮਿਲਦੀ ਹੈ ।

## (ਮ-8) ਮਸਾਣ :

1. ਇਕ ਪ੍ਰੇਤ, ਜੋ ਸਮਸ਼ਾਨ ਭੂਮੀ ਦਾ ਮਾਨਵੀਕਰਣ ਹੈ । ਮਸਾਣ ਦੇ ਪ੍ਰੇਤ ਨੂੰ ਵਸ ਵਿਚ ਕਰਨ ਲਈ, ਕਈ ਚੇਲੇ/ਜੋਗੀ/ਫ਼ਕੀਰ ਸ਼ਮਸ਼ਾਨਾਂ ਵਿਚ ਜਾ ਕੇ ਚਿਲੇ ਕਟਦੇ ਤੇ ਮੰਤ੍ਰਾਂ ਦਾ ਜਾਪ ਕਰਦੇ ਹਨ । ਕਾਲਾ ਜਾਦੂ ਕਰਨ ਵਾਲਾ, ਮਸਾਣ ਉਤੇ ਕਾਬੂ ਪਾਉਣ ਲਈ, ਰਾਤ ਵੇਲੇ, ਕਿਸੇ ਨਵੀਂ ਜਲੀ ਚਿਖਾ ਦੀ ਕੋਈ ਹੱਡੀ, ਸਵਾਹ ਤੇ ਜਲੇ ਹੋਏ ਕੋਲੇ ਇਕੱਠੇ ਕਰ ਕੇ, ਉਨ੍ਹਾਂ ਉਤੇ ਮੰਤ੍ਰ ਪੜ੍ਹਦਾ ਹੈ । ਜਦੋਂ ਕਿਸੇ ਪ੍ਰੇਤ ਉਤੇ ਉਸ ਦਾ ਵਸੀਕਾਰ ਹੋ ਜਾਂਦਾ ਹੈ, ਤਾਂ ਉਹ ਉਸ ਪ੍ਰੇਤ ਦੁਆਰਾ ਆਪਣੇ ਮੰਤਵ ਦੀ ਸਿਧੀ ਕਰਦਾ ਹੈ ।

ਮਸਾਣ ਦੀ ਸਵਾਹ ਨਾਲ ਕਈ ਟੂਣੇ-ਟੱਪੇ ਕੀਤੇ ਜਾਂਦੇ ਹਨ । ਜੇ ਮਸਾਣ ਦੀ ਸਵਾਹ, ਜਿਸ ਨੂੰ ਕੱਚਾ ਮਸਾਣ

ਟਪਦਾ ਹੈ, ਉਹ ਘੁਲ ਘੁਲ ਕੇ ਮਰਦਾ ਹੈ (ਵੇਖੋ
ਮਸਾਣ) । ਮਸਾਣ ਨੂੰ ਮੁਠ ਵਿਚ ਬੰਦ ਕਰ ਕੇ ਦੁਸ਼ਮਣ
ਲੈ ਕੇ, ਉਸ ਦਿਸ਼ਾ ਵਲ ਸੁਟਿਆ ਜਾਂਦਾ ਹੈ,
ਦੁਸ਼ਮਣ ਦਾ ਘਰ ਹੋਵੇ, ਇਸ ਨੂੰ 'ਮੁਠ ਸੁਟਣਾ'
ਹਨ । ਇਸ ਟੂਣੇ ਨਾਲ ਦੁਸ਼ਮਣ ਸਦਾ ਰੋਗੀ ਰਹਿੰਦਾ

ਜੇ ਕੋਈ ਬੱਚਾ ਮਸਾਣ ਦੇ ਅਸਰ ਹੇਠਾਂ ਸੁ
ਮਰ ਜਾਵੇ ਤਾਂ ਕਈ ਜਾਤੀਆਂ (ਰੋਸ, ਗਲਾਸਰੀ
ਵਿਚ ਰਵਾਜ ਹੈ ਕਿ ਉਸ ਬੱਚੇ ਦਾ ਖਫਣ ਮ
ਵਾਪਸ ਘਰ ਲੈ ਆਉਂਦੇ ਹਨ ਅਤੇ ਉਸ ਨੂੰ
ਸੰਭਾਲ ਕੇ ਰਖ ਦਿਤਾ ਜਾਂਦਾ ਹੈ ਅਤੇ ਜਦੋਂ
ਬੱਚਾ ਜੰਮਦਾ ਹੈ ਤਾਂ ਉਸ ਦੇ ਹੇਠ ਵਿਛਾਇਆ ਜਾ
ਇਸ ਤਰ੍ਹਾਂ ਉਹ ਬੱਚਾ ਮਸਾਣ ਦੀ ਬੀਮਾਰੀ ਤੋਂ
ਰਹਿੰਦਾ ਹੈ ।

ਮਸਾਣ ਨੂੰ ਕਈ ਬੱਚੇ ਦੀ ਪ੍ਰੇਤ-ਆਤਮਾ ਮੰਨ
ਪੰਜਾਬ ਦੇ ਪਹਾੜੀ ਇਲਾਕੇ ਕਾਂਗੜੇ ਵਿਚ ਲੋ
ਵਿਸ਼ਵਾਸ ਹੈ ਕਿ ਮਸਾਣ ਰਿੱਛ ਦੇ ਰੂਪ ਵਿਚ ਵਿਚਰਦ

2. ਮਸਾਣ ਸਿਰ ਪਾਉਣਾ : ਇਕ ਟੂਣਾ; ਚਿ
ਕੋਈ ਹੱਡੀ ਪੀਸ ਕੇ ਜਾਂ ਰਾਖ ਲੈ ਕੇ ਉਸ ਉਤੇ ਮ
ਦਾ ਜਾਪ ਕਰ ਕੇ ਦੁਸ਼ਮਣ ਦੇ ਸਿਰ ਉਤੇ ਸੁਟ
ਦੁਸ਼ਮਣ ਦੀ ਮੱਤ ਮਾਰੀ ਜਾਂਦੀ ਹੈ । ਜੇ ਦੁਸ਼ਮ
ਸਾਹਮਣੇ ਮਸਾਣ ਸੁਟਣਾ ਮੁਸ਼ਕਲ ਹੋਵੇ, ਤਾਂ ਮ
ਮੁੱਠੀ ਵਿਚ ਰਖ ਕੇ ਵੈਰੀ ਦਾ ਨਾਮ ਲੈ ਕੇ ਉ
ਵਗਾ ਦਿਤੀ ਜਾਂਦੀ ਹੈ । ਇਸ ਨੂੰ ਮੁੱਠ ਚਲਾਉਣੀ
ਹਨ, ਇਸ ਦੇ ਅਸਰ ਨਾਲ ਵੈਰੀ ਨਸ਼ਟ ਹੋ ਜਾਂਦਾ ਹੈ

3. ਮਸਾਣ ਜਗਾਉਣਾ : ਮੰਤ੍ਰ ਸ਼ਕਤੀ ਨਾਲ
ਮ੍ਰਿਤਕ ਦੇ ਪ੍ਰੇਤ ਨੂੰ, ਚਿਖਾ ਵਿਚੋਂ ਉਠਾ ਕੇ, ਆਪ
ਕਰਨਾ । ਕਈ ਚੇਲੇ, ਜੋਗੀ ਜਾਂ ਫ਼ਕੀਰ ਮਰਘ
ਜਾ ਕੇ ਚਿਲੇ ਕਟਦੇ ਤੇ ਮੰਤ੍ਰਾਂ ਦੇ ਜਾਪ ਦੁਆਰਾ ਕਿ
ਨੂੰ ਜਗਾ ਕੇ ਆਪਣੇ ਵਸ ਕਰ ਲੈਂਦੇ ਹਨ ਤੇ ਫਿ
ਪ੍ਰੇਤ ਦੁਆਰਾ ਆਪਣੇ ਮੰਤਵ ਦੀ ਸਿਧੀ ਪ੍ਰਾਪਤ
ਹਨ ।

## (ਮ-9) ਮਸਾਣੀ :

ਇਕ ਦੇਵੀ ਜੋ ਮਰਘਟ ਵਿਚ ਰਹਿੰਦੀ ਮੰਨ
ਹੈ । ਇਹ ਸੀਤਲਾ ਦੇਵੀ ਦੀ ਭੈਣ ਹੈ ਅਤੇ ਬੱਚਿ

[illegible] ਦਾ ਆਕਾਰ ਹੁੰਦਾ ਹੈ (ਦੇਖੋ : [illegible]) । [illegible] ਵਿਚ ਅਨੇਕਾਂ [illegible] ਨੂੰ [illegible] । ਸਭ ਤੋਂ ਪ੍ਰਸਿੱਧ [illegible] ਹੈ, ਜਿਸ ਵਿਚ ਆਲੇ ਦੁਆਲੇ ਦੇ [illegible] ਹੋਏ ਹਨ । ਲੋਕਾਂ ਦਾ ਵਿਸ਼ਵਾਸ ਹੈ ਕਿ [illegible] ਵਿਚ [illegible] ਕਿ । [illegible] ਦੇ [illegible] ਹਨ ।

## (ਮ-11) ਮਹਰ :

ਇਸਲਾਮ ਮੱਤ ਅਨੁਸਾਰ ਨਿਕਾਹ ਸਮੇਂ ਇਕ ਨਿਸ਼ਚਿਤ ਕੀਤੀ ਰਕਮ, ਜੋ ਤਲਾਕ ਦੇਣ ਵੇਲੇ ਪਤੀ ਉਸ ਹਾਲਤ ਵਿਚ ਪਤਨੀ ਨੂੰ ਦੇਣ ਦੀ ਪ੍ਰਤਿਗਿਆ ਕਰਦਾ ਹੈ, ਜਦੋਂ ਮਰਦ ਮਗਰੋਂ ਉਸ ਨੂੰ ਤਲਾਕ ਦੇਣਾ ਚਾਹੇ । ਨਿਕਾਹ ਵੇਲੇ ਇਸ ਰਕਮ ਦਾ ਐਲਾਨ ਕੀਤਾ ਜਾਂਦਾ ਹੈ । ਇਹ ਰਕਮ ਮਿੱਥਣ ਲਗਿਆਂ ਪਤੀ ਆਪਣੀ ਹੈਸੀਅਤ, ਰੁਤਬਾ ਤੇ ਘਰਾਣੇ ਦੇ ਨਾਲ ਪਤਨੀ ਦੀ ਹੈਸੀਅਤ ਤੇ ਰੂਪ ਨੂੰ ਮੁੱਖ ਰਖਦਾ ਹੈ । ਹਰ ਪਤਨੀ ਦਾ ਮਹਰ ਵਖੋ ਵਖਰਾ ਹੁੰਦਾ ਹੈ, ਪਰ ਮੁਸਲਮਾਨੀ ਪਰੰਪਰਾ ਅਨੁਸਾਰ ਮਹਰ ਦਸ ਦਿਰਹਮ ਤੋਂ ਘਟ ਨਹੀਂ ਹੋ ਸਕਦਾ । ਤਲਾਕ ਦੀ ਹਾਲਤ ਵਿਚ ਪਤਨੀ ਕਾਨੂੰਨੀ ਤੌਰ ਉਤੇ ਮਹਰ ਦੀ ਰਕਮ ਪ੍ਰਾਪਤ ਕਰ ਸਕਦੀ ਹੈ ।

## (ਮ-12) ਮਹਰਾਵਣ :

ਇਕ ਸਹਸਰਮੁਖ ਰਾਵਣ, ਜਿਸ ਦਾ ਜ਼ਿਕਰ ਵਾਲਮੀਕਿ ਰਿਸ਼ੀ ਨੇ 'ਅਦਭੁਤ ਰਾਮਾਇਣ' ਵਿਚ ਕੀਤਾ ਹੈ । ਲੰਕਾ ਦੇ ਰਾਵਣ ਦੇ ਦਸ ਸਿਰ ਸਨ, ਪਰ ਮਹਰਾਵਣ ਦੇ ਸਹੰਸਰ । ਸੀਤਾ ਨੇ ਇਸ ਨੂੰ ਕਾਲੀ ਮਾਈ ਦਾ ਰੂਪ ਧਾਰ ਕੇ ਮਾਰਿਆ ਸੀ ।

ਕਥਾ ਹੈ ਕਿ ਇਕ ਵਾਰ ਅਜੁਧਿਆ ਵਿਚ ਬੈਠਿਆਂ ਰਾਮ ਚੰਦਰ ਨੇ ਰਾਵਣ ਵਰਗੇ [illegible] ਨੂੰ ਮਾਰਨ ਕਾਰਨ 'ਹਉਂ' ਪ੍ਰਗਟ ਕੀਤੀ । ਸੀਤਾ ਨੇ ਕਹਿਆ ਕਿ ਰਾਵਣ ਤੋਂ ਵੀ ਵੱਡੇ ਰਾਵਣ, ਜਿਸ ਦੇ ਹਜ਼ਾਰ ਸਿਰ ਹਨ, ਨੂੰ ਮਾਰ ਲਓ ਤਾਂ ਜਾਣਾਂ । ਰਾਮ ਚੰਦਰ ਆਪਣੀ ਸੈਨਾ ਨਾਲ, ਉਸ ਦੇਸ਼

[illegible] ਨੂੰ ਉਨ੍ਹਾਂ ਦੇ [illegible] ਵਿਚ [illegible] । [illegible] ਹੈ :

[illegible]

[illegible] ।

## (ਮ-13) ਮਹਲਾ :

ਆਦਿ ਗ੍ਰੰਥ ਵਿਚ, ਗੁਰੂ ਅਰਜਨ ਦੇਵ … ਗੁਰੂਆਂ ਦੀ ਬਾਣੀ ਦਾ ਨਿਖੇੜ ਕਰਨ ਲਈ … ਵਰਤਿਆ ਹੈ । ਮਹਲੇ ਦੇ ਅਗੇ ਜੋ ਅੰਕ ਲਿ… ਹੈ, ਉਹ ਗੁਰੂ ਦੇ ਨਾਂ ਦਾ ਬੋਧਕ ਹੈ, ਜਿ… ਤੋਂ ਭਾਵ ਗੁਰੂ ਨਾਨਕ ਦੇਵ ਜੀ ਦੀ ਰਚਨਾ … ਤੋਂ ਭਾਵ ਗੁਰੂ ਅੰਗਦ ਦੇਵ ਜੀ ਦੀ ।

ਮਹਲਾ ਸ਼ਬਦ ਦੇ ਅਰਥਾਂ ਤੇ ਉ… ਵਿਦਵਾਨਾਂ ਵਿਚ ਕਾਫ਼ੀ ਮਤਭੇਦ ਰਿਹਾ … ਇਹ ਰਿਹਾ ਹੈ, ਮਹਲਾ ਸ਼ਬਦ ਦਾ ਉਚਾਰਨ … ਜਿਸ ਦੇ ਅਰਥ ਗਲੀ ਕੂਚੇ ਦੇ ਹੁੰਦੇ ਹਨ … ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਸਚਖੰਡ … 'ਮਹੱਲੇ', 'ਘਰ', ਤੇ 'ਪਉੜੀਆਂ' ਹੋਣੀਆਂ … ਪਰ ਪ੍ਰੋ: ਸਾਹਿਬ ਸਿੰਘ ਨੇ ਆਪਣੇ ਲੇਖਾਂ … ਦਾ ਖੰਡਨ ਕੀਤਾ ਹੈ (ਦੇਖੋ—'ਮਹਲਾ ਦਾ … ਗੁਰੂ ਗ੍ਰੰਥ ਸਾਹਿਬ ਦਰਪਣ, ੧, ੨੦) … 'ਮਹਲਾ ਦਾ ਉਚਾਰਨ' ਮਹੱਲਾ ਨਹੀਂ ਹੈ … ਸੰਬੰਧ ਘਰ ਸ਼ਬਦ ਨਾਲ ਨਹੀਂ ।

ਦੂਜੇ ਮਤ ਅਨੁਸਾਰ 'ਮਹਲਾ' ਸੰਸਕ੍ਰਿ… ਮਹਿਲਾ ਹੈ, ਜਿਸ ਦੇ ਅਰਥ ਇਸਤ੍ਰੀ ਦੇ ਹਨ … ਗਿਆਨੀ ਇਸੇ ਮਤ ਦੀ ਪੁਸ਼ਟੀ ਕਰਦੇ … ਅਨੁਸਾਰ ਸਿੱਖ ਗੁਰੂ ਸਾਹਿਬਾਨ ਨੇ ਆਪਣੇ … ਪਤੀ ਦੀ ਇਸਤ੍ਰੀ ਮੰਨ ਕੇ, ਬਾਣੀ ਰਚੀ … ਆਪਣੇ ਆਪ [illegible] ਉਨ੍ਹਾਂ ਨੇ 'ਮ… ਵਰਤਿਆ ਹੈ ।

ਪ੍ਰੋ: ਸਾਹਿਬ ਸਿੰਘ ਅਨੁਸਾਰ ਮਹਲਾ ਦੇ…

ਸੰ. ਉਨ੍ਹਾਂ ਅਨੁਸਾਰ ਮਹਲਾ ਇਸਤ੍ਰੀ ਵਾਚਕ ਨਹੀਂ। ਪੁਰਸ਼ ਵਾਚਕ ਹੈ ਜਿਵੇਂ 'ਆਸਾ ਦੀ ਵਾਰ' ਦਾ ਸਿਰਲੇਖ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ'।

ਪ੍ਰੋ: ਸਾਹਿਬ ਸਿੰਘ ਅਨੁਸਾਰ 'ਮਹਲਾ' ਦੇ ਅਰਥ ਸਰੀਰ ਅਥਵਾ ਕਾਇਆ ਦੇ ਹਨ। ਗੁਰੂਆਂ ਦੀ ਬਾਣੀ ਵਿਚ ਕੇਵਲ 'ਨਾਨਕ' ਨਾਮ ਦੀ ਮੋਹਰ ਹੈ ਤੇ ਇਹ ਨਿਰਨਾ ਕਰਨ ਲਈ ਕਿ ਕਿਹੜੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ, ਲਫ਼ਜ਼ 'ਮਹਲਾ' ਵਰਤਿਆ ਗਿਆ ਹੈ ਜਿਸ ਦੇ ਅਰਥ 'ਸਰੀਰ' ਹਨ। ਗੁਰਬਾਣੀ ਵਿਚ 'ਮਹਲਾ' ਸ਼ਬਦ ਕਈ ਥਾਂ ਸਰੀਰ ਲਈ ਵਰਤਿਆ ਗਿਆ ਹੈ।

### (ਮ-14) ਮਹੱਲਾ :

ਉਹ ਜਲੂਸ, ਜੋ ਸਿੱਖ ਅਨੰਦਪੁਰ ਸਾਹਿਬ ਵਿਚ, ਹੋਲੇ ਮਹੱਲੇ ਵਾਲੇ ਦਿਨ ਇਕ ਗੁਰਧਾਮ ਤੋਂ ਦੂਜੇ ਗੁਰਧਾਮ ਤਕ, ਫ਼ੌਜੀ ਢੰਗ ਨਾਲ ਕਢਦੇ ਹਨ, ਜਲੂਸ ਦੇ ਅਗੇ ਨਗਾਰਾ ਵਜ ਰਿਹਾ ਹੁੰਦਾ ਹੈ ਤੇ ਜਲੂਸ ਵਿਚ ਸ਼ਾਮਲ ਸਿੱਖ ਅਸਤ੍ਰਾਂ ਸ਼ਸਤ੍ਰਾਂ ਨਾਲ ਸਜੇ ਹੁੰਦੇ ਹਨ। ਰਾਹ ਵਿਚ ਉਹ ਆਪਣੇ ਸ਼ਸਤ੍ਰਾਂ ਨਾਲ ਕਰਤਬ ਵਿਖਾਦੇ ਜਾਂਦੇ ਹਨ।

ਮਹੱਲਾ ਕੱਢਣ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਬਝਿਆ। ਗੁਰੂ ਜੀ ਨੇ ਖ਼ਾਲਸਾ ਦਲ ਨੂੰ ਯੁਧ ਵਿਦਿਆ ਵਿਚ ਨਿਪੁੰਨ ਕਰਨ ਲਈ ਨਕਲੀ ਯੁਧ ਦਾ ਅਭਿਆਸ ਕਰਵਾਂਦੇ ਸਨ, ਖ਼ਾਲਸਾ ਦਲ ਦੋ ਧਿਰਾਂ ਵਿਚ ਵੰਡਿਆ ਜਾਂਦਾ ਤੇ ਅਸਤ੍ਰਾਂ ਸ਼ਸਤ੍ਰਾਂ ਨਾਲ ਬਾਕਾਇਦਾ ਨਕਲੀ ਯੁਧ ਕੀਤਾ ਜਾਂਦਾ. ਮਗਰੋਂ ਹੋਲੇ ਵਾਲੇ ਦਿਨ ਜਲੂਸ ਕਢਿਆ ਜਾਂਦਾ। (ਵੇਖੋ : ਹੋਲਾ ਮਹੱਲਾ)।

### (ਮ-15) ਮਹਾ ਕਲਪ :

ਸਮੇਂ ਦਾ ਇਕ ਪ੍ਰਮਾਣ; ਚੂਹਾਂ ਯੁਗਾਂ ਦੇ ਸਮੇਂ ਨੂੰ ਮਿਲਾ ਕੇ ਇਕ ਮਹਾਂ ਯੁਗ ਜਾਂ ਮਨਵੰਤਰ ਬਣਦਾ ਹੈ। ਇਹ 4,320,000 ਸਾਲ ਬੈਠਦਾ ਹੈ। ਦੋ ਹਜ਼ਾਰ ਮਹਾਂ ਯੁਗ ਜਾਂ 8,640,000,000 ਸਾਲਾਂ ਦਾ ਇਕ ਕਲਪ ਜਾਂ ਬ੍ਰਹਮਾ ਦਾ ਇਕ ਦਿਨ ਅਤੇ ਇਕ ਰਾਤ ਬਣਦੀ ਹੈ। ਇਸ ਸਮੇਂ ਮਗਰੋਂ ਸ੍ਰਿਸ਼ਟੀ ਦੀਆਂ ਸਾਰੀਆਂ ਵਸਤਾਂ ਸੜ ਕੇ ਨਸ਼ਟ ਹੋ ਜਾਂਦੀਆਂ ਹਨ। ਕੇਵਲ ਦੇਵਤੇ, ਰਿਸ਼ੀ ਅਤੇ ਸ੍ਰਿਸ਼ਟੀ

### (ਮ-16) ਮਹਾਕਾਲ :

(1) ਪਾਰਬ੍ਰਹਮ, ਜੋ ਕਾਲ ਤੋਂ ਵੀ
ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ
ਦੀ ਸੰਗਿਆ ਵਰਤੀ ਹੈ, ਉਹ ਕਾਲ ਜਿਸ
ਸਭ ਕੁਝ ਲੈ ਹੋ ਜਾਂਦਾ ਹੈ।

(2) ਵਿਨਾਸ਼ਕਾਰੀ ਸਰੂਪ ਵਿਚ ਸ਼ਿਵ ਦ

(3) ਬਾਰਾਂ ਸ਼ਿਵ ਲਿੰਗਾਂ ਵਿਚੋਂ ਇਕ ਜੋ
ਸਥਾਪਿਤ ਹੈ।

(4) ਸ਼ਿਵ ਦਾ ਇਕ ਪੁੱਤਰ; ਕਾਲਿਕਾ ਪੁ
ਸ਼ਿਵ ਨੇ ਇਕ ਵਾਰ ਆਪਣਾ ਵੀਰਜ ਅ
ਕੀਤਾ, ਉਦੋਂ ਦੋ ਬੂੰਦਾਂ ਬਾਹਰ ਡਿਗ ਪ
ਬੂੰਦ ਤੋਂ ਮਹਾਕਾਲ ਤੇ ਦੂਜੀ ਤੋਂ ਭ੍ਰਿੰਗੀ ਰਿਸ਼ੀ

(5) ਗਣ ਜਾਂ ਸ਼ਿਵ ਜੀ ਦੇ ਸੇਵਾਦਾਰਾਂ

### (ਮ-17) ਮਹਾਜਨ :

ਮਹਾਜਨ ਦੇ ਸ਼ਾਬਦਿਕ ਅਰਥ ਹਨ
ਇਹ ਸ਼ਬਦ ਸ਼ਾਹੂਕਾਰ ਜਾਂ ਬਾਣੀਏਂ ਲਈ ਵ
ਹੈ। ਪੰਜਾਬ ਦੇ ਪਿੰਡਾਂ ਵਿਚ ਮਹਾਜਨ ਦੀ
ਦੁਕਾਨਦਾਰਾਂ ਤੇ ਬਾਣੀਏਂ ਲਈ ਵਰਤੀ ਜਾਂ
ਸ਼ਬਦ ਸ਼ਾਹ ਦਾ ਵੀ ਸਮਅਰਥੀ ਹੈ, ਪਰ ਪ
ਵਿਚ ਇਹ ਸ਼ਬਦ ਜਾਤੀ ਵਾਚਕ ਹੈ।
ਦੇਸ਼ ਵੰਡ ਤੋਂ ਪਹਿਲਾਂ ਮਹਾਜਨ ਬ੍ਰਾਹਮਣ
ਜੋ ਹਰ ਤਰ੍ਹਾਂ ਦੇ ਕਿੱਤੇ ਨੌਕਰੀ, ਵਾਹੀ, ਦ
ਪ੍ਰੋਹਿਤੀ ਕਰ ਲੈਂਦੇ ਸਨ, ਗੁਰਦਾਸਪੁਰ ਵਿਚ
ਕਿਰਾੜ ਵੀ ਕਿਹਾ ਜਾਂਦਾ ਹੈ।

ਧਨੀ ਪੋਠੋਹਾਰ ਵਿਚ ਮਹਾਜਨ ਨੂੰ ਮ
ਕਿਰਾੜ ਕਿਹਾ ਜਾਂਦਾ ਹੈ। ਕਿਰਾੜ ਬਾਰੇ
ਵੀ ਪ੍ਰਚਲਤ ਹਨ।

### (ਮ-18) ਮਹਾਤਮ :

ਮਹਾਤਮ ਇਕ ਵਿਸ਼ੇਸ਼ ਪ੍ਰਕਾਰ ਦੀ
ਜਿਸ ਵਿਚ ਕਿਸੇ ਧਾਰਮਿਕ ਕਰਮ ਕਾਂਡ, ਵ
ਦਾਨ ਪੁੰਨ ਦੀ ਵਡਿਆਈ, ਕਿਸੇ ਧਰਮ
ਯਾਤ੍ਰਾ ਜਾਂ ਇਸ਼ਨਾਨ ਦੇ ਪੁੰਨ ਫਲ ਦਾ

ਸਤਿ ਗੁਣ ਜਾਂ ਉਹ ਕ੍ਰਿਤ ਜੋ ਅਜਿਹੇ ਦੇਵ-ਪੁਰਸ਼ ਜਾਂ ਅਸਥਾਨ ਦੀ ਵਡਿਆਈ ਦਾ ਵਰਣਨ ਕਰਦੀ ਹੋਵੇ ।

'ਮਹਾਤਮ' ਦੀ ਰੂਪ-ਰਚਨਾ ਪ੍ਰਾਚੀਨ ਹੈ । ਇਸ ਦੀ ਉਤਪਤੀ ਦਾ ਆਧਾਰ ਲੋਕ-ਮਨ ਦੀ ਇਕ ਵਿਸ਼ੇਸ਼ ਬਿਰਤੀ ਹੈ ਕਿ ਕਿਸੇ ਸਥਾਨ, ਵਿਅਕਤੀ ਅਤੇ ਕਰਮ ਕਾਂਡ ਨਾਲ ਜੁੜੀ ਦੈਵੀ ਸ਼ਕਤੀ, ਉਸ ਅਸਥਾਨ ਦੀ ਯਾਤ੍ਰਾ ਕਰਨ ਵਾਲੇ ਯਾਤ੍ਰੀ, ਵਿਅਕਤੀ ਨਾਲ ਸੰਬੰਧਿਤ ਵਸਤੂ ਦਾ ਸਪਰਸ਼ ਕਰਨ ਵਾਲੇ ਸਰਧਾਲੂ, ਅਤੇ ਕਰਮ ਕਾਂਡ ਦਾ ਪ੍ਰਪੰਚ ਰਚਣ ਵਾਲੇ ਕਰਮਕਾਂਡੀ ਨੂੰ ਸਹਿਜ ਰੂਪ ਵਿਚ ਹੀ ਪ੍ਰਾਪਤ ਹੋ ਜਾਂਦੀ ਹੈ । ਟੂਣਾ-ਚਿੰਤਨ ਅਨੁਸਾਰ ਅੰਸ਼ ਅਤੇ ਅੰਸ਼ੀ ਵਿਚ ਕੋਈ ਅੰਤਰ ਨਹੀਂ ਅਤੇ ਅੰਸ਼ ਤੋਂ ਮੂਲ ਵਲ ਯਾਤ੍ਰਾ ਇਕ ਸੁਭਾਵਕ ਕਰਮ ਹੈ । ਮਹਾਂਪੁਰਸ਼ਾਂ ਨਾਲ ਸੰਬੰਧਿਤ ਅਸਥਾਨਾਂ ਦੀ ਵਡਿਆਈ ਦਾ ਆਧਾਰ ਇਹੋ ਸੰਕਲਪ ਹੈ । ਜਿਵੇਂ ਗੰਗਾ ਸ਼ਿਵ ਜੀ ਦੀਆਂ ਲਿਟਾਂ ਵਿਚੋਂ ਨਿਕਲੀ, ਇਸ ਲਈ ਸ਼ਿਵ ਦੀ ਸ਼ਕਤੀ ਅੰਸ਼ ਮਾਤਰ ਗੰਗਾ ਵਿਚ ਵਿਦਮਾਨ ਹੈ । ਗੰਗਾ ਸਵਰਗ ਲੋਕ ਵਿਚੋਂ ਧਰਤੀ ਉਪਰ ਉਤਰੀ, ਇਸ ਲਈ ਇਸ ਵਿਚ ਦੈਵੀ ਅੰਸ਼ ਵਿਦਮਾਨ ਹੈ ਜੋ ਇਸ਼ਨਾਨ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ।

ਪਰ 'ਮਹਾਤਮ ਕਥਾ' ਵਿਚ ਕੋਈ ਬ੍ਰਿਤਾਂਤ ਹੁੰਦਾ ਹੈ ਜਿਸ ਦੁਆਰਾ ਇਹ ਦਰਸਾਇਆ ਜਾਂਦਾ ਹੈ ਕਿ ਅਮੁਕੇ ਕਰਮ-ਕਾਂਡ, ਵਰਤ, ਪੂਜਾ ਅਨੁਸ਼ਠਾਨ ਤੇ ਤੀਰਥ ਯਾਤ੍ਰਾ ਸਦਕਾ ਅਮੁਕ ਪ੍ਰਾਣੀ ਨੂੰ ਫਲ ਮਿਲਿਆ ਅਤੇ ਇਹ ਫਲ ਉਹੋ ਕਰਮ ਕਾਂਡ ਕਰਨ ਵਾਲੇ ਕਿਸੇ ਵੀ ਪ੍ਰਾਣੀ ਨੂੰ ਮਿਲ ਸਕਦਾ ਹੈ । ਲੋਕ-ਮਨ ਦੀ ਧਾਰਨਾ ਹੈ ਕਿ ਕਥਾ ਵਿਚਲੇ ਨਾਇਕ ਉਤੇ ਜੋ ਬਖ਼ਸ਼ਿਸ਼ ਕਿਸੇ ਇਸ਼ਟ ਵਲੋਂ ਹੋਈ ਉਹੋ ਬਖ਼ਸ਼ਿਸ਼ ਉਸ ਕਥਾ ਦੇ ਸੁਣਨ ਮਾਤਰ ਨਾਲ ਸਰੋਤੇ ਉਪਰ ਵੀ ਉਸੇ ਰੂਪ ਤੇ ਮਾਤਰਾ ਵਿਚ ਹੋ ਸਕਦੀ ਹੈ । ਲੋਕ-ਮਨ ਲਈ ਨਾਇਕ ਅਤੇ ਸਰੋਤਾ ਦੀ ਅਵਸਥਾ ਵਿਚ ਵੀ ਕੋਈ ਅੰਤਰ ਨਹੀਂ । ਨਾਇਕ ਨੇ ਕਰਮ ਦੁਆਰਾ ਜੋ ਫਲ ਪ੍ਰਾਪਤ ਕੀਤਾ ਸੀ, ਸਰੋਤਾ ਕੇਵਲ ਉਸ ਕਰਮ ਦਾ ਬ੍ਰਿਤਾਂਤ ਸ਼ਰਧਾ ਪੂਰਵਕ ਸੁਣ ਕੇ ਹੀ ਉਸ ਦਾ ਫਲ ਗ੍ਰਹਿਣ ਕਰ ਸਕਦਾ ਹੈ ।

ਮਹਾਤਮ ਦੀ ਪਰੰਪਰਾ ਪੌਰਾਣਿਕ ਹੈ । ਪੌਰਾਣਾਂ ਵਿਚ ਅਨੇਕਾਂ ਪਵਿਤ੍ਰ ਅਸਥਾਨਾਂ ਦੀ ਯਾਤ੍ਰਾ ਤੇ ਇਸ਼ਨਾਨ, ਵਰਤ ਤੇ ਪੁੰਨ-ਦਾਨ ਦੇ ਮਹਾਤਮ ਬ੍ਰਿਤਾਂਤ ਮਿਲਦੇ ਹਨ । ਲਗਪਗ ਹਰੇਕ ਤੀਰਥ ਅਸਥਾਨ, ਵਿਸ਼ੇਸ਼ ਵਰਤ (ਇਕਾਦਸ਼ੀ,

ਅਤੇ ਪ੍ਰੋਹਿਤਣੀਆਂ ਆਪਣੀਆਂ ਜਜਮਾਨਣੀਆਂ
ਵਾਲੇ ਦਿਨ ਸੰਬੰਧਿਤ ਮਹਾਤਮ ਦੀ ਕਥਾ
ਕਰਦੀਆਂ ਸਨ, ਜਿਸ ਕਰਕੇ ਇਹ ਮਹਾਤਮ
ਅਨੇਕਾਂ ਵਾਰ ਦੁਹਰਾਏ ਜਾਣ ਕਰਕੇ ਪੌਰਾਣਿਕ
ਤੋਂ ਇਕ ਵਖਰਾ ਅਤੇ ਸੁਤੰਤਰ ਲੌਕਿਕ ਰੂਪ ਗ੍ਰਹਿ
ਨਵੀਂ ਰਚਨਾ ਦੀ ਸ਼ਕਲ ਵਿਚ ਵਿਚਰਨ ਲਗੇ ।

ਗੁਰ-ਵਿਅਕਤੀਆਂ ਨੇ ਪੰਜਾਬ ਦੇ ਧਰਮ-ਜ
ਕਾਫ਼ੀ ਪ੍ਰੀਵਰਤਨ ਲਿਆਂਦੇ । ਨਵੇਂ ਤੀਰਥਾਂ ਦ
ਹੋਈ ਅਤੇ ਸਨਾਤਨੀ ਪਰੰਪਰਾ ਉਤੇ ਹੀ ਏ
ਉਨ੍ਹਾਂ ਨਾਲ ਨਵੇਂ ਮਹਾਤਮ ਸਿਰਜ ਕੇ ਜੋੜੇ.
ਮਹਾਤਮ ਕਥਾਵਾਂ ਨੂੰ ਨਵੀਂ ਸ਼ਕਤੀ ਮਿਲੀ ।
ਬਾਰੇ ਪ੍ਰਚਲਤ 'ਸੁਧਾਸਰ ਮਹਾਤਮ' ਇਸ ਕਥਾ ਪ
ਪ੍ਰਤਿਨਿਧ ਵੰਨਗੀ ਹੈ । ਕਈ ਹੋਰ ਗੁਰਧਾਮਾਂ
ਮਹਾਤਮ ਮਿਲਦੇ ਹਨ ਜਿਵੇਂ ਗੋਇੰਦਵਾਲ ਦ
ਦੀਆਂ ਚੌਰਾਸੀ ਪੌੜੀਆਂ ਦਾ ਮਹਾਤਮ । ਇਸ ਬ
ਹਰੇਕ ਪੌੜੀ ਉਤੇ ਹਰ ਵਾਰ ਇਸ਼ਨਾਨ ਕਰਕੇ
ਦਾ ਪਾਠ ਕਰਨ ਨਾਲ ਚੌਰਾਸੀ ਲੱਖ ਜੂਨੀਆਂ ਤੋਂ
ਮਿਲ ਜਾਂਦਾ ਹੈ । ਇਸ ਤਰ੍ਹਾਂ ਦੇ ਮਹਾਤਮ
ਅਸਥਾਨਾਂ ਤੇ ਸਤਿ ਕਰਮਾਂ ਬਾਰੇ ਵੀ ਪ੍ਰਚਲਤ ਹਨ

ਵਰਤ-ਕਥਾ, ਇਕਾਦਸ਼ੀ-ਕਥਾ, ਵਾਰ-ਕਥਾ,
ਆਦਿ ਕਥਾਵਾਂ ਮਹਾਤਮ ਕਥਾ ਦੇ ਅੰਤਰਗਤ ਹੀ
ਹਨ । ਰੂਪ ਦੇ ਪੱਖੋਂ, ਵਰਤ, ਵਾਰ ਤੇ ਤਿਥ
ਆਦਿ) ਮਹਾਤਮ ਦੀ ਬਣਤਰ ਇਕ ਸਮਾਨ
ਸਭਨਾਂ 'ਮਹਾਤਮਾਂ' ਵਿਚ ਨਾਇਕ/ਨਾਇਕਾ
ਭਾਗਦਾ ਹੋਇਆ ਕਿਸੇ ਰਿਸ਼ੀ ਮੁਨੀ ਤੋਂ ਸੰਕਟ
ਦਾ ਉਪਾਅ ਪੁਛਦਾ ਹੈ, ਜੋ ਕਿਸੇ ਵਰਤ ਜਾਂ ਕਰ
ਮਹਾਤਮ ਦਸ ਕੇ, ਵਿਧੀ ਵਿਧਾਨ ਨਾਲ ਵਰਤ
ਕੋਈ ਸਤਿ ਕਰਮ ਕਰਨ ਲਈ ਪ੍ਰੇਰਣਾ ਦਿੰਦਾ ਹੈ,
ਨਾਇਕ/ਨਾਇਕਾ ਦੇ ਸਭ ਦੁਖ ਦੂਰ ਹੋ ਜਾਂਦੇ ਹਨ

'ਬ੍ਰਹਿਮਾਂਡ ਪੁਰਾਣ' ਵਿਚ 24 ਇਕਾਦ
ਬ੍ਰਤ-ਮਹਾਤਮਾਂ ਦਾ ਉਲੇਖ ਹੈ । ਇਸ ਦਾ ਅ
ਰੂਪ ਵਿਚ ਮਿਲਦਾ ਹੈ ਜਿਸ ਦਾ ਇਕ ਨੁਸਖ਼
ਪਬਲਿਕ ਲਾਇਬਰੇਰੀ (ਨੰਬਰ 2139) ਵਿਚ
ਇਕਾਦਸ਼ੀਆਂ ਦੇ ਇਹੋ ਮਹਾਤਮ ਥੋੜੇ ਬਹੁਤੇ
ਵਿਚ ਪੰਜਾਬ ਵਿਚ ਪ੍ਰਚਲਤ ਹਨ । ਇਸੇ ਤਰ੍ਹਾਂ

### (ਮ-19) ਮਹਾਂਪ੍ਰਲਯ :

ਸਾਰੀ ਸ੍ਰਿਸ਼ਟੀ ਦਾ ਸਰਵਨਾਸ਼ ਹੋ ਜਾਣਾ; ਪੁਰਾਣਾਂ ਅਨੁਸਾਰ ਬ੍ਰਹਮਾ ਇਸ ਸ੍ਰਿਸ਼ਟੀ ਨੂੰ ਸਿਰਜਦਾ ਹੈ ਅਤੇ ਬ੍ਰਹਮਾ ਦਾ ਇਕ ਦਿਨ ਅਥਵਾ 2,160,000,000 ਸਾਲਾਂ ਤਕ ਕਾਇਮ ਰਹਿੰਦੀ ਹੈ। ਇਸ ਮਗਰੋਂ ਸਾਰੀ ਸ੍ਰਿਸ਼ਟੀ ਤੇ ਜੀਵ-ਜੰਤ ਪ੍ਰਲਯ ਦੀ ਅੱਗ ਨਾਲ ਨਸ਼ਟ ਹੋ ਜਾਂਦੇ ਹਨ। ਕੇਵਲ ਸ੍ਰਿਸ਼ਟੀ ਦੇ ਬੀਜ ਤੇ ਦੇਵਤੇ ਹੀ ਜੀਵਤ ਰਹਿੰਦੇ ਹਨ। ਬ੍ਰਹਮਾ ਜਾਗ ਕੇ ਮੁੜ ਸ੍ਰਿਸ਼ਟੀ ਰਚ ਦੇਂਦਾ ਹੈ। ਇਹ ਪ੍ਰਕ੍ਰਿਆ 'ਬ੍ਰਹਮਾ ਦੇ ਸੌ ਸਾਲ' ਤਕ ਜਾਰੀ ਰਹਿੰਦੀ ਹੈ। ਸੌ ਸਾਲ ਮਗਰੋਂ ਬ੍ਰਹਮਾ ਦੇ ਨਾਲ ਹੀ ਸਭ ਕੁਝ ਬਿਨਸ ਜਾਂਦਾ ਹੈ ਅਤੇ ਸਾਰੇ ਦੇਵਤੇ, ਸ੍ਰਿਸ਼ਟੀ ਤੇ ਸਮੁਚਾ ਬ੍ਰਹਿਮੰਡ ਮੂਲ ਤੱਤ ਵਿਚ ਲੈ ਹੋ ਜਾਂਦਾ ਹੈ।

### (ਮ-20) ਮਹਾਰਾਜਾ ਰਣਜੀਤ ਸਿੰਘ :

ਮਹਾਰਾਜਾ ਰਣਜੀਤ ਸਿੰਘ ਸੰਬੰਧੀ ਅਨੇਕਾਂ ਦੰਦ-ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ। ਕੁਝ ਕਥਾਵਾਂ ਵਿਚ ਤਾਂ ਪਰਾ-ਸਰੀਰਕ ਅੰਸ਼ ਵੀ ਮਿਲਦਾ ਹੈ। ਆਮ ਕਥਾਵਾਂ ਮਹਾਰਾਜੇ ਦੀ ਸੁਹਿਰਦਤਾ ਦਾ ਵਰਣਨ ਕਰਦੀਆਂ ਹਨ।

ਰਵਾਇਤ ਹੈ ਕਿ ਮਹਾਰਾਜਾ ਰਣਜੀਤ ਸਿੰਘ ਪਿਸ਼ਾਵਰ ਦਾ ਕਿਲਾ ਫਤਹ ਕਰਨ ਲਈ ਆਪਣੀ ਫੌਜਾਂ ਨਾਲ ਜਾ ਰਹੇ ਸਨ। ਰਾਹ ਵਿਚ ਅਟਕ ਦਰਿਆ ਜੁੜਿਆ ਹੋਇਆ ਸੀ। ਉਸ ਉਤੇ ਬੇੜੀਆਂ ਦਾ ਪੁਲ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਕ ਸੋਨੇ ਦੇ ਥਾਲ ਵਿਚ ਨਰੇਲ ਤੇ ਰੁਪਏ ਆਦਿ ਰਖ ਕੇ ਦਰਿਆ ਨੂੰ ਭੇਟਾ ਕੀਤੇ ਤੇ ਦਰਿਆ ਤੋਂ ਰਾਹ ਮੰਗਿਆ। ਮਹਾਰਾਜੇ ਨੇ ਦਰਿਆ ਵਿਚਕਾਰ ਆਪਣਾ ਘੋੜਾ ਜਾ ਖੜਾ ਕੀਤਾ ਤੇ ਸਾਰੀ ਫੌਜ ਪਾਰ ਲੰਘ ਗਈ। ਮਹਾਰਾਜਾ ਰਣਜੀਤ ਸਿੰਘ ਦੇ ਦਰਿਆ ਵਿਚੋਂ ਬਾਹਰ ਨਿਕਲਣ ਦੀ ਦਿਲ ਸੀ ਕਿ ਦਰਿਆ ਫਿਰ ਪਹਿਲਾਂ ਵਾਂਗ ਹੀ ਚੜ੍ਹ ਗਿਆ।

ਇਕ ਹੋਰ ਰਵਾਇਤ ਅਨੁਸਾਰ ਇਕ ਵਾਰ ਇਕ ਮਿਰਾਸੀ ਮਹਾਰਾਜਾ ਸਾਹਿਬ ਦੇ ਦਰਸ਼ਨਾਂ ਲਈ ਦਰਬਾਰ ਵਿਚ, ਆਗਿਆ ਲੈ ਕੇ, ਪੇਸ਼ ਹੋਇਆ। ਮਿਰਾਸੀ ਦੇ ਹੱਥ ਵਿਚ ਲੋਹੇ ਦੀ ਇਕ ਨਿੱਕੀ ਜਿਹੀ ਸਲਾਖ ਸੀ ਤੇ ਮਹਾਰਾਜੇ ਨੂੰ ਸਲਾਮ ਕਰ ਕੇ ਉਨ੍ਹਾਂ ਵਲ ਵਧਣ ਲਗਾ। ਦਰਬਾਰੀਆਂ ਨੇ ਰੋਕ ਲਿਆ। ਮਹਾਰਾਜੇ ਦੇ ਪੁੱਛਣ 'ਤੇ ਕਿ ਉਹ ਕੀ

ਕਿ ਮਿਰਾਸੀ ਨੂੰ ਲੋਹੇ ਦੇ ਟੁਕੜੇ ਦੇ ਬਰਾਬਰ ਸੋ
ਦਿਤਾ ਜਾਵੇ।

ਇਕ ਵਾਰ, ਮਹਾਰਾਜਾ ਰਣਜੀਤ ਸਿੰਘ
ਵਿਚੋਂ ਲੰਘ ਰਹੇ ਸਨ ਕਿ ਕੁਝ ਬੱਚੇ ਬੇਰੀ
ਮਾਰ ਕੇ ਬੇਰ ਢਾਹ ਕੇ ਖਾ ਰਹੇ ਸਨ। ਇਕ ਪੱਥ
ਦੇ ਮੱਥੇ ਉਤੇ ਜਾ ਲਗਾ। ਉਨ੍ਹਾਂ ਬੱਚਿਆਂ
ਬੜੀ ਬੇਰਹਿਮੀ ਨਾਲ ਧੂਹ ਕੇ ਮਹਾਰਾਜੇ ਕੋਲ
ਬੱਚਿਆਂ ਮਹਾਰਾਜੇ ਨੂੰ ਦਸਿਆ ਕਿ ਉਨ੍ਹਾਂ ਬੇ
ਲੈਣ ਲਈ ਪੱਥਰ ਮਾਰਿਆ ਸੀ, ਮਹਾਰਾਜੇ
ਸੋਨੇ ਦੇ ਕੰਙਣ ਬੱਚਿਆਂ ਨੂੰ ਦੇਂਦਿਆਂ ਕਿਹਾ, "ਜੇ
ਪੱਥਰ ਮਾਰਨ ਨਾਲ ਬੇਰ ਦੇ ਸਕਦੀ ਹੈ ਤਾਂ ਮੈਂ
ਪੱਥਰ ਖਾ ਕੇ ਤੁਹਾਨੂੰ ਸਜ਼ਾ ਕਿਉਂ ਦੇਵਾਂ, ਸੋਨਾ
ਦੇਵਾਂ।"

ਇਸ ਤਰ੍ਹਾਂ ਦੀਆਂ ਕਈ ਦੰਦ-ਕਥਾਵਾਂ ਪ੍ਰਚ
ਜੋ ਸਮੇਂ ਦੇ ਮੁਹਾਵਰੇ ਦਾ ਫਲ ਹਨ।

### (ਮ-21) ਮਹਾ ਲਖਸ਼ਮੀ ਵਰਤ :

ਲਖਸ਼ਮੀ ਦੇਵੀ ਦਾ ਵਰਤ, ਜੋ ਭਾਦਰੋਂ
ਪੱਖ ਦੀ ਅਸ਼ਟਮੀ ਤੋਂ ਸ਼ੁਰੂ ਕਰਕੇ ਅਸੂ ਦੇ
ਦੀ ਅਸ਼ਟਮੀ ਤਕ 16 ਦਿਨ ਰਖਿਆ ਜਾਂਦਾ ਹੈ
ਬੜਾ ਮਹਾਤਮ ਮੰਨਿਆ ਜਾਂਦਾ ਹੈ। ਜਿਵੇਂ ਤੀ
ਪ੍ਰਯਾਗਰਾਜ ਅਤੇ ਦਰਿਆਵਾਂ ਵਿਚੋਂ ਗੰਗਾ
ਸਭ ਤੋਂ ਵਧ ਹੁੰਦੀ ਹੈ, ਇਸ ਤਰ੍ਹਾਂ ਵਰਤ
ਮਹਾ ਲਖਸ਼ਮੀ ਦਾ ਵਰਤ ਸਰਵ ਸਰੇਸ਼ਟ ਹੈ।
ਨੂੰ ਰਖਣ ਵਾਲੇ ਦੀਆਂ ਸਭ ਇੱਛਾਵਾਂ ਦੀ ਪੂਰਤੀ

ਇਸ ਵਰਤ ਦੀ ਵਿਧੀ ਆਮ ਵਰਤਾਂ
ਵੱਖਰੀ ਹੈ। ਭਾਦਰੋਂ ਦੇ ਚਾਨਣ ਪੱਖ ਦੀ ਅਸ਼ਟਮੀ
16 ਵਾਰ ਮੂੰਹ ਹੱਥ ਧੋ ਕੇ, 16 ਧਾਗਿਆਂ ਦਾ
ਲੈ ਕੇ, ਮਹਾ ਲਖਸ਼ਮੀ ਦੀ ਮੂਰਤੀ ਨੂੰ ਪ੍ਰਨਾਮ ਕ
ਵਿਚ 16 ਗੰਢਾਂ ਮਾਰੀਆਂ ਜਾਣ ਫਿਰ ਇਸ
ਧੂਪ, ਦੀਪ ਤੇ ਫੁੱਲਾਂ ਨਾਲ ਪੂਜਾ ਕਰਕੇ,
ਹਥ ਵਿਚ ਧਾਰਨ ਕੀਤਾ ਜਾਵੇ। ਇਸ ਮਗਰੋਂ
ਦੀ ਕਥਾ ਸੁਣੀ ਜਾਵੇ। ਇਹ ਕਿਰਿਆ 16 ਦਿਨ
ਹਰ ਰੋਜ਼ ਦੁਹਰਾਈ ਜਾਵੇ ਤੇ ਅਖੀਰਲੇ ਦਿਨ
ਹਨੇਰੀ ਅਸ਼ਟਮੀ ਨੂੰ ਇਸ਼ਨਾਨ ਮਗਰੋਂ ਮਹਾ ਲ

ਛਕਾਇਆ ਜਾਵੇ। ਅਖੀਰਲੇ ਦਿਨ ਰਾਤ ਨੂੰ ਜਗਰਾਤਾ ਕਟਿਆ ਜਾਵੇ।

ਵਰਤ ਦੇ ਦਿਨਾਂ ਵਿਚ ਇਕ ਅਹਾਰ ਜਾਂ ਫਲਾਹਾਰ ਕੀਤਾ ਜਾਵੇ ਤੇ ਸਦਾਚਾਰਕ ਬੰਧਨ ਵਿਚ ਰਿਹਾ ਜਾਵੇ। ਇਹ ਵਰਤ 16 ਵਰ੍ਹੇ ਰਖਣ ਨਾਲ ਮਨ ਦੀਆਂ ਸਭ ਇਛਾਵਾਂ ਦੀ ਪੂਰਤੀ ਹੁੰਦੀ ਹੈ।

(ਮ-22) **ਮਹਾਵਰੁਣੀ** :

ਇਕ ਪੁਰਬ, ਜੋ ਚੇਤ ਵਦੀ ਤੇਹਰਵੀਂ ਨੂੰ ਪੈਂਦਾ ਹੈ। ਇਸ ਤਿੱਥ ਨੂੰ ਜੇ ਸਨਿਚਰਵਾਰ ਪਏ ਅਤੇ ਸਤਭਿਖਾ ਨਛਤ੍ਰ ਦਾ ਯੋਗ ਹੋਵੇ ਤਾਂ ਇਸ ਤਿੱਥ ਦਾ ਬੜਾ ਮਹਾਤਮ ਹੁੰਦਾ ਹੈ। ਇਸ ਦਿਨ ਹਿੰਦੂ ਗੰਗਾ ਦਾ ਇਸ਼ਨਾਨ ਕਰਦੇ ਤੇ ਵਰਤ ਰਖਦੇ ਹਨ।

(ਮ-23) **ਮਹਿਖਾਸੁਰ** :

(ੳ) ਝੋਟੇ ਦੀ ਸ਼ਕਲ ਦਾ ਇਕ ਅਸੁਰ ਜਿਸ ਨੂੰ ਦੁਰਗਾ ਨੇ ਯੁੱਧ ਵਿਚ ਬੱਧ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੀ, ਚੰਡੀ ਦੀ ਵਾਰ ਵਿਚ, ਇਸ ਯੁੱਧ ਦਾ ਵਰਣਨ ਮਿਲਦਾ ਹੈ। ਇਹ ਦੈਂਤ ਰੰਭ ਰਾਖਸ਼ ਦੇ ਵੀਰਜ ਤੋਂ ਮੱਝ ਦੇ ਪੇਟ ਤੋਂ ਪੈਦਾ ਹੋਇਆ।

(ਅ) ਇਕ ਮਹਿਖਾਸੁਰ ਦੈਂਤ ਦਾ ਜ਼ਿਕਰ ਮਹਾਂਭਾਰਤ ਵਿਚ ਵੀ ਆਉਂਦਾ ਹੈ। ਜਿਸ ਨੂੰ ਸ਼ਿਵ ਦੇ ਪੁਤਰ ਸਕੰਦ ਨੇ ਮਾਰਿਆ ਸੀ।

(ਮ-24) **ਮਹਿੰਘ** :

ਇਕ ਪਛੜੀ ਜਾਤੀ, ਜੋ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਵਧੇਰੇ ਕਰਕੇ ਮਿਲਦੀ ਹੈ। ਦੇਸ ਦੀ ਵੰਡ ਤੋਂ ਪਹਿਲਾਂ ਸਿਆਲਕੋਟ 'ਚ ਇਨ੍ਹਾਂ ਦੀ ਕਾਫ਼ੀ ਗਿਣਤੀ ਸੀ। ਸਿਆਲਕੋਟ ਵਿਚ ਇਨ੍ਹਾਂ ਦੇ ਮੁਢ ਬਾਰੇ ਇਕ ਰਵਾਇਤ ਪ੍ਰਚਲਤ ਸੀ— ਪ੍ਰਾਚੀਨ ਕਾਲ ਵਿਚ, ਇਨ੍ਹਾਂ ਦਾ ਵਡਿਕਾ, ਜੋ ਬ੍ਰਾਹਮਣ ਸੀ, ਕਾਂਸ਼ੀ ਵਿਚ ਰਿਹਾ ਕਰਦਾ ਸੀ। ਉਸ ਦੇ ਦੋ ਪੁੱਤਰ ਸਨ। ਇਕ ਬੜਾ ਵਿਦਵਾਨ ਪੰਡਿਤ ਤੇ ਦੂਜਾ ਬਿਲਕੁਲ ਅਨਪੜ੍ਹ ਸੀ। ਪਿਉ ਨੇ ਵੱਡੇ ਪੁੱਤਰ ਨੂੰ, ਛੋਟੇ ਪੁੱਤਰ ਨੂੰ ਪੜ੍ਹਾਣ ਲਈ ਕਿਹਾ, ਪਰ ਉਸ ਪ੍ਰਵਾਹ ਨਾ ਕੀਤੀ। ਪਿਉ ਨੇ ਗੁੱਸੇ ਵਿਚ

ਬੇਰੁਰੰਸਗੀ ਤੇ ਨਫ਼ਰਤ ਦੀ ਦ੍ਰਿਸ਼ਟੀ ਨਾਲ ਵੇਖਕ... ਆਪਣੇ ਪਿਉ ਨੂੰ ਬੁਲਾ ਭੇਜਿਆ, ਜਿਸ ਦੇ ਮੰਤ੍... ਮੁੜ ਸੁਰਜੀਤ ਹੋ ਗਈ। ਪਰੰਤੂ ਉਸ ਦੇ ਪਿਉ... ਕੁਝ ਚਿਰ ਲਈ ਆਪਣੇ ਨਾਲ ਭੋਜਨ ਕਰਨੋਂ... ਪਰ ਉਸ ਬਚਨ ਦਿਤਾ ਕਿ ਕੁਝ ਸਮਾਂ ਲੰ... ਉਹ ਇਸ ਮਨਾਹੀ ਨੂੰ ਖ਼ਤਮ ਕਰ ਦੇਵੇਗਾ... ਨਰਾਜ਼ ਹੋ ਗਿਆ। ਉਸ ਪਿਉ ਨਾਲ ਸਾਰੇ... ਲਏ। ਅਤੇ ਇਸ ਤਰ੍ਹਾਂ ਉਹ ਇਕ ਨਵੀਂ ਜਾ... ਬਣਿਆ, ਜਿਸ ਦੇ ਉਤਰ-ਅਧਿਕਾਰੀ ਮਹਿੰਘ...

ਮਹਿੰਘ ਆਪਣੇ ਆਪ ਨੂੰ ਬ੍ਰਾਹਮਣ ਮੂ... ਹਨ। ਇਸ ਦੀ ਪ੍ਰੋੜਤਾ ਵਿਚ ਮਹਿੰਘੇ ਕਹਿ... ਉਨ੍ਹਾਂ ਵਿਚ ਬ੍ਰਾਹਮਣਾਂ ਵਾਂਗ ਹੀ ਕਿਰਿਆ... ਦਿਨ ਹੈ। ਜਦੋਂ ਕਿ ਬਾਕੀ ਹਿੰਦੂ ਜਾਤੀਆਂ ਵਿ... ਦਿਨ ਨਿਯਤ ਹਨ।

ਮਹਿੰਘ ਮ੍ਰਿਤਕ ਪਸ਼ੂਆਂ ਦਾ ਮਾਸ ਖਾ... ਪਰ 1879 ਵਿਚ ਇਸ ਜਾਤੀ ਦੇ ਗੁਰੂ ਵ... ਫ਼ੈਸਲੇ ਅਨੁਸਾਰ, ਮਹਿੰਘਾਂ ਨੇ ਮ੍ਰਿਤਕ ਪਸ਼ੂਆਂ ਦ... ਛਡ ਦਿਤਾ ਹੈ। ਇਸ ਜਾਤੀ ਦੇ ਲੋਕ ਗੁਰੂ ਨੂੰ... ਜਿਸ ਦੀ ਗੱਦੀ ਜੰਮੂ ਤੋਂ ਤਿੰਨ ਮੀਲਾਂ ਦੀ... ਕੇਰਨ ਵਿਚ ਹੈ। ਉਹ ਅੰਤਰ-ਜਾਤੀ ਝ... ਨਿਪਟਾਰਾ ਵੀ ਕਰਦਾ ਹੈ ਤੇ ਉਸ ਦਾ ਫ਼ੈ... ਹੁੰਦਾ ਹੈ।

ਵਿਆਹ ਸ਼ਾਦੀ ਬਾਰੇ ਰਸਮਾਂ ਵੀ ਕੁਝ ਵਖ... ਲੜਕੇ ਦੀ ਸ਼ਾਦੀ ਸਮੇਂ ਮਹਿੰਘ ਕੋਈ ਰਸਮ-ਰ... ਘਰ ਵਿਚ ਨਹੀਂ ਕਰਦੇ। ਬਰਾਦਰੀ ਦੇ... ਲਾੜ੍ਹੇ ਨੂੰ ਨਾਲ ਲੈ ਕੇ, ਉਹ ਲੜਕੀ ਵਾਲਿਆਂ... ਹਨ। ਉਥੇ ਹੀ ਉਹ ਕੁਝ ਜ਼ਰੂਰੀ ਰੀਤਾਂ ਕਰਦੇ... ਦਿਨ ਲੜਕੀ ਘਰ ਲੈ ਆਉਂਦੇ ਹਨ।... ਬਰਾਦਰੀ ਦੇ ਲੋਕ ਲਾੜ੍ਹਾ ਤੇ ਲਾੜ੍ਹੀ ਨੂੰ ਬੇਰੀ... ਹੇਠ ਬੈਠਾ ਦੇਂਦੇ ਹਨ। ਮੌਲੀ ਦਾ ਇਕ... ਦਰਖ਼ਤ ਦੀ ਜੜ੍ਹ ਦੇ ਦੁਆਲੇ ਵਲਿਆ ਜਾਂਦਾ... ਹਾਜ਼ਰ ਸੱਜਨ, ਜੋੜੀ ਸਮੇਤ ਸੱਤ ਵਾਰ ਪ੍ਰਕਰਮਾ... ਇਸ ਪਿਛੋਂ ਚੂਰਮਾ ਵੰਡਿਆ ਜਾਂਦਾ ਹੈ। ਇ... ਆ ਕੇ ਸਭਨਾਂ ਨੂੰ ਭੋਜ ਛਕਾਇਆ ਜਾਂਦਾ ਹੈ।

ਪਤੀ ਦੀ ਗੋਤ ਦੇ ਕਿਸੇ ਸੱਜਣ ਨਾਲ ਵਿਆਹ ਰਚਾ ਸਕਦੀ ਹੈ। ਪਰ ਜੇ ਉਹ ਆਪਣੇ ਪਤੀ ਦੀ ਗੋਤ ਤੋਂ ਬਾਹਰ ਵਿਆਹ ਕਰੇ ਤਾਂ ਉਸ ਨੂੰ ਜਾ ਤਾਂ ਵਿਆਹ ਦਾ ਸਾਰਾ ਖਰਚ ਦੇਣਾ ਪੈਂਦਾ ਹੈ ਜਾਂ ਉਹ ਆਪਣੀ ਜਾਂ ਧੀ ਵਿਧਵਾ ਦੇ ਪਰਵਾਰ ਨੂੰ ਵਟੇ ਵਿਚ ਦੇਂਦਾ ਹੈ।

ਮਹਿੰਘ ਜਾਤੀ ਦੇ ਬਹੁਤੇ ਲੋਕ ਜੁਲਾਹੇ ਦਾ ਕੰਮ ਕਰਦੇ ਰਹੇ ਹਨ ਅਤੇ ਉਨ੍ਹਾਂ ਅਨੁਸਾਰ ਇਹ ਕੰਮ ਉਨ੍ਹਾਂ ਨੇ ਕਬੀਰ ਭਗਤ ਤੋਂ ਸਿਖਿਆ। ਕੁਝ ਮਹਿੰਘ ਖੇਤਾਂ ਵਿਚ ਕਾਮੇ ਦਾ ਕੰਮ ਵੀ ਕਰਦੇ ਹਨ।

(ਮ-25) **ਮਹਿਤਮ** :

ਆਰਥਿਕ ਤੌਰ ਤੇ ਪਛੜੀ ਹੋਈ ਇਕ ਜਾਤੀ; ਜੋ ਰੱਸੀਆਂ ਵਟ ਕੇ ਤੇ ਸਿਰਕੀਆਂ ਬਣਾ ਕੇ ਉਦਰ ਪੂਰਦੀ ਹੈ। ਰੱਸੀਆਂ ਵੱਟਣ ਕਾਰਨ ਇਨ੍ਹਾਂ ਨੂੰ 'ਰੱਸੀ ਵਟ' ਕਿਹਾ ਜਾਂਦਾ ਹੈ ਤੇ ਸਿਰਕੀਆਂ ਬਨਾਉਣ ਕਾਰਨ 'ਸਿਰਕੀ ਬੰਦ'। ਇਹ ਹਿੰਦੂ, ਸਿੱਖ ਤੇ ਮੁਸਲਮਾਨ ਆਦਿ ਕਈ ਧਰਮਾਂ ਵਿਚ ਮਿਲਦੇ ਹਨ। ਦੇਸ਼ ਵੰਡ ਤੋਂ ਪਹਿਲਾਂ ਇਹ ਲਾਹੌਰ ਤੋਂ ਪੱਛਮ ਵਲ ਡੇਹਰਾ ਗਾਜ਼ੀ ਖ਼ਾਨ ਤਕ ਫੈਲੇ ਹੋਏ ਸਨ।

ਲਾਹੌਰ ਦੇ ਮਹਿਤਮਾਂ ਵਿਚ, ਪ੍ਰਚਲਤ ਰਵਾਇਤਾਂ ਅਨੁਸਾਰ ਮਹਿਤਮ ਜੇਮਲ ਫਤਹ ਦੀ ਔਲਾਦ ਹਨ ਅਤੇ ਉਹ ਦਿੱਲੀ ਤੋਂ ਲਾਹੌਰ ਆ ਕੇ ਵਸੇ। ਮਹਿਤਮਾਂ ਦੇ ਕੁਝ ਸਥਾਨਕ ਰੀਤ ਰਵਾਜ ਵਖਰੇ ਹਨ। ਡੇਹਰਾ ਗਾਜ਼ੀ ਖ਼ਾਨ ਵਿਚ ਵਸਦੇ ਹਿੰਦੂ ਮਹਿਤਮ ਮੁਰਦੇ ਦਾ ਨਾ ਤਾਂ ਸੰਸਕਾਰ ਕਰਦੇ ਹਨ ਤੇ ਨਾ ਹੀ ਦਬਾਂਦੇ ਹਨ। ਸਗੋਂ ਇਹ ਮ੍ਰਿਤਕ ਦੇਹ ਨੂੰ ਨਦੀ ਵਿਚ ਪ੍ਰਵਾਹ ਦੇਂਦੇ ਹਨ। ਮ੍ਰਿਤਕ ਦੇ ਜਲ ਵਿਚ ਪ੍ਰਵਾਹ ਕਰਨ ਵੇਲੇ ਤਿੰਨ ਰੇਤ ਦੇ ਭਰੇ ਹੋਏ ਘੜੇ ਤਰਤੀਬਵਾਰ ਗਰਦਨ, ਛਾਤੀ ਤੇ ਲੱਕ ਦੁਆਲੇ ਬੰਨ੍ਹ ਦਿਤੇ ਜਾਂਦੇ ਹਨ। ਦੂਜੇ ਇਲਾਕਿਆਂ ਵਿਚ ਵਸਦੇ ਹਿੰਦੂ ਮਹਿਤਮ ਵਿਚੋਂ ਕਈ ਮ੍ਰਿਤਕ ਨੂੰ ਦਬਾਂਦੇ ਹਨ ਤੇ ਕਈ ਦਾਹ ਸੰਸਕਾਰ ਕਰਦੇ ਹਨ।

ਮਹਿਤਮਾਂ ਵਿਚ ਵਿਧਵਾ ਵਿਆਹ ਦਾ ਵੀ ਰਵਾਜ ਹੈ। ਪਰ ਕਈ ਮਹਿਤਮਾਂ ਵਿਚ ਵਿਧਵਾ ਵਿਆਹ ਕੇਵਲ, ਉਸ ਦੇ ਦੇਵਰ ਨਾਲ ਕਰਨਾ ਹੀ ਯੋਗ ਸਮਝਿਆ ਜਾਂਦਾ ਹੈ। ਵਿਧਵਾ ਦਾ ਪੁਨਰ-ਵਿਆਹ ਕੇਵਲ ਚਾਦਰ ਪਾ ਕੇ ਹੀ ਕੀਤਾ ਜਾਂਦਾ ਹੈ ਤੇ ਇਸਨੂੰ 'ਚਾਦਰ ਡਾਲਣੀ' ਕਹਿੰਦੇ ਹਨ।

(ਮ-26) **ਮਹਿੰਦਰੂ** :

ਖਤ੍ਰੀਆਂ ਦੀ ਇਕ ਗੋਤ ਜੋ ਬੁੰਜਾਹੀ ਸ਼ਾਖ ਵਿ
ਇਨ੍ਹਾਂ ਵਿਚ ਜਨੇਉ ਪਹਿਨਣ ਤੇ ਜੰਡੀਆਂ ਦੀ ਰੀਤ ਵਿ
ਢੰਗ ਨਾਲ ਕੀਤੀ ਜਾਂਦੀ ਹੈ। ਜਨੇਉ ਪਹਿਨਾ
ਬਾਲਕ ਦਾ ਸਿ੦ ਸਫਾਚਟ ਮੁੰਨ ਦਿਤਾ ਜਾਂਦਾ ਹੈ
ਬਾਲਕ ਨੂੰ ਫਕੀਰਾਂ ਵਾਲਾ ਬਾਣਾ ਪਹਿਨਾਇਆ ਜ
ਪੈਰਾਂ ਵਿਚ ਖੜਾਵਾਂ, ਲੱਕ ਮੁੰਜ ਦੀ ਤੜਾਗੀ, ਹੱ
ਲਕੜੀ ਦੀ ਫਹੌੜੀ, ਬਗਲ ਵਿਚ ਮ੍ਰਿਗਸ਼ਾਲ ਤੇ ਲੱਕ
ਮੁੰਜ ਦਾ ਜੰਞੂ। ਇਕ ਝੋਲੀ ਬਾਲਕ ਦੇ ਸੱਜੇ ਹੱ
ਹੁੰਦੀ ਹੈ ਤੇ ਦੂਜੀ ਖੱਬੀ ਬਗਲ ਵਿਚ। ਫਿਰ
ਭਾਈਚਾਰੇ ਤੋਂ ਭਿਛਿਆ ਮੰਗਦਾ ਹੈ, ਜੋ ਕੁਝ ਬ
ਪਹਿਲੀ ਵਾਰ ਝੋਲੀ ਵਿਚ ਮਿਲਦਾ ਹੈ, ਉਸ ਨੂੰ ਉਹ
ਗੁਰੂ ਨੂੰ ਦੇਂਦਾ ਹੈ, ਜੋ ਉਸ ਨੂੰ ਜਨੇਉ ਪਹਿਨਾਂਦਾ
ਵਿਚ ਮੰਤ੍ਰ ਫੂਕਦਾ ਹੈ। ਦੂਜੀ ਝੋਲੀ ਵਿਚਲੇ ਰੁਪ
ਪ੍ਰੋਹਿਤ ਨੂੰ ਦੇ ਦੇਂਦਾ ਹੈ। ਇਸ ਰਸਮ ਨੂੰ 'ਗੁਰੂ
ਦੇਣਾ ਜਾਂ ਸੰਸਕਾਰ ਦੇਣਾ ਕਹਿੰਦੇ ਹਨ। ਇਸ
ਦੇਵ ਪੂਜਾ ਵੀ ਕੀਤੀ ਜਾਂਦੀ ਹੈ।

ਜੰਡੀਆਂ ਦੀ ਰੀਤ ਸਮੇਂ ਇੱਲ ਦੀ ਪੂਜਾ ਕੀਤ
ਹੈ। ਜਦੋਂ ਬਾਲਕ ਤਿੰਨ ਤੋਂ ਪੰਜਾਂ ਵਰ੍ਹਿਆਂ ਦਾ
ਤਾਂ ਕਿਸੇ ਤਲਾਬ ਜਾਂ ਛੱਪੜ ਦੇ ਕੰਢੇ ਇਹ ਰੀਤ
ਜਾਂਦੀ ਹੈ ਬਾਲਕ ਦਾ ਪਿਉ ਭਾਈਚਾਰੇ ਨਾਲ
ਛੱਪੜ ਦੇ ਕੰਢੇ ਪ੍ਰੋਹਿਤ ਨਾਲ ਜਾਂਦਾ ਹੈ। ਪ੍ਰੋਹਿਤ ਨੇ
ਪਿੱਤਲ ਦੀ ਪਰਾਤ ਚੁਕੀ ਹੁੰਦੀ ਹੈ, ਜਿਸ ਵਿ
ਹੁੰਦੀ ਹੈ। ਖੀਰ ਨੂੰ ਛੱਪੜ ਦੇ ਕੰਢੇ ਰਖ ਕੇ
ਛੱਪੜ ਦੇ ਦੁਆਲੇ ਉਦੋਂ ਤਕ ਪ੍ਰਕਰਮਾ ਕਰਦਾ
ਹੈ ਜਦੋਂ ਤਕ ਕਿ ਇੱਲ ਖੀਰ ਨੂੰ ਭੋਗ ਨਹੀਂ ਲਾ
ਕਈ ਵਾਰ ਤਾਂ ਦੋ ਦਿਨ ਇਸੇ ਤਰ੍ਹਾਂ ਬੀਤ ਜਾਂਦੇ
ਪ੍ਰਵਾਰ ਵਰਤ ਨਹੀਂ ਤੋੜਦਾ। ਜਦੋਂ ਇੱਲ ਖੀਰ
ਲਾ ਲੈਂਦੀ ਹੈ ਤਾਂ ਬਾਲਕ ਦੇ ਪਿਉ ਨੂੰ ਵਧਾਈਆਂ
ਜਾਂਦੀਆਂ ਹਨ। ਛੱਪੜ ਤੇ ਬਕਰਾ ਵੀ ਲਿਜਾਇਆ
ਹੈ ਅਤੇ ਜੇ ਕੋਈ ਇੱਲ ਖੀਰ ਨੂੰ ਭੋਗ ਨਾ ਲਾਵੇ, ਤ
ਡੁੱਬਣ 'ਤੇ ਬਕਰਾ ਵਢਿਆ ਜਾਂਦਾ ਹੈ। ਜੇ ਇੱਲ ਬ
ਮਾਸ ਲੈ ਜਾਵੇ ਤਾਂ ਭੋਗ ਲਗ ਗਿਆ ਸਮਝਿਆ
ਅਤੇ ਬਕਰੇ ਦੇ ਕੰਨਾਂ ਵਿਚੋਂ ਲਹੂ ਲੈ ਕੇ ਬਾਲ ਦੇ ਮੱ
ਟਿੱਕਾ ਲਗਾਇਆ ਜਾਂਦਾ ਹੈ। ਨਾਈ ਨੂੰ ਬਕਰੇ ਦਾ

ਪਈ ਤਾਂ ਇਸ ਗੋਤ ਦੀ ਕੁਲ ਦੇ ਸਾਰੇ ਬੰਦੇ ਮਾਰੇ ਗਏ। ਇਕ ਗਰਭਵਤੀ ਤੀਵੀਂ ਖੁਸ਼ਾਬ ਤੋਂ ਆਪਣੇ ਪੇਕੇ ਗਈ। ਰਾਹ ਵਿਚ ਉਸ ਨੂੰ ਬੱਚਾ ਹੋ ਗਿਆ। ਜੋ ਉਸ ਨੇ ਉਥੇ ਹੀ ਲਿਟਾ ਦਿਤਾ। ਮਗਰੋਂ ਕੁਲ ਪ੍ਰੋਹਿਤ ਨੂੰ ਪਤਾ ਲਗਾ ਤੇ ਉਹ ਬੱਚੇ ਨੂੰ ਲੈਣ ਗਿਆ ਤਾਂ ਇਕ ਇੱਲ ਉਸ ਉਤੇ ਖੰਭ ਫੈਲਾ ਕੇ ਛਾਂ ਕਰ ਰਹੀ ਸੀ, ਉਦੋਂ ਤੋਂ ਇਸ ਗੋਤ ਵਿਚ ਇੱਲ ਦੀ ਪੂਜਾ ਸ਼ੁਰੂ ਹੋ ਗਈ।

ਮਹਿੰਦਰੂ ਸੰਗਿਆ ਬਾਰੇ ਵੀ ਇਕ ਕਥਾ ਪ੍ਰਚਲਤ ਹੈ। ਇਕ ਵਾਰ ਭਿਆਨਕ ਕਾਲ ਪਿਆ। ਇਕ ਧਨਾਢ ਖਤ੍ਰੀ ਨੇ ਆਪਣੇ ਅੰਨ ਦੇ ਭੰਡਾਰੇ ਪਿੰਡ ਦੇ ਲੋਕਾਂ ਵਾਸਤੇ ਖੋਲ੍ਹ ਦਿਤੇ। ਬ੍ਰਾਹਮਣਾਂ ਨੇ ਖ਼ੁਸ਼ ਹੋ ਕੇ ਉਸ ਖਤ੍ਰੀ ਨੂੰ ਮਹਾਂ ਇੰਦਰ ਦੀ ਉਪਾਧੀ ਬਖ਼ਸ਼ੀ। ਇਸ ਖਤ੍ਰੀ ਦੀ ਵੰਸ਼ 'ਮਹਿੰਦਰੂ' ਅਖਵਾਈ।

(ਮ–27) **ਮਹਿੰਦੀ :**

ਇਕ ਬੂਟਾ ਜਿਸ ਦੇ ਪੱਤਿਆਂ ਨੂੰ ਪੀਹ ਕੇ ਹੱਥਾਂ ਪੈਰਾਂ ਉਤੇ ਲਗਾਇਆ ਜਾਂਦਾ ਹੈ। ਇਸ ਨਾਲ ਹੱਥਾਂ ਪੈਰਾਂ ਦੀ ਤ੍ਵਚਾ ਲਾਲ ਹੋ ਜਾਂਦੀ ਹੈ। ਮਹਿੰਦੀ ਦਾ ਰਵਾਜ ਵਧੇਰੇ ਕਰ ਕੇ ਅਰਬ ਦੇਸ਼ਾਂ ਵਿਚ ਸੀ। ਮੁਸਲਮਾਨਾਂ ਦੇ ਭਾਰਤ ਆਉਣ ਨਾਲ ਮਹਿੰਦੀ ਦਾ ਤਵਾਜ ਇਥੇ ਵੀ ਪ੍ਰਚਲਤ ਹੋ ਗਿਆ। ਵਿਆਹ ਸ਼ਾਦੀ ਉਤੇ ਵਰ ਤੇ ਕੰਨਿਆਂ ਦੇ ਹੱਥਾਂ ਪੈਰਾਂ ਨੂੰ ਰਸਮੀ ਢੰਗ ਨਾਲ ਮਹਿੰਦੀ ਲਗਾਈ ਜਾਂਦੀ ਹੈ। ਵਿਆਹ ਦੀ ਪੂਰਵ-ਸੰਧਿਆ ਨੂੰ ਦੋਹਾਂ ਘਰਾਂ ਵਿਚ ਗੀਤ ਗਾਏ ਜਾਂਦੇ ਹਨ। ਗੀਤਾਂ ਮਗਰੋਂ ਕੰਨਿਆਂ ਦੇ ਹੱਥਾਂ ਪੈਰਾਂ ਨੂੰ ਮਹਿੰਦੀ ਲਗਾਈ ਜਾਂਦੀ ਹੈ। ਕੰਨਿਆਂ ਨੂੰ ਪੂਰਬ ਦਿਸ਼ਾ ਵਲ ਮੂੰਹ ਕਰ ਕੇ ਇਕ ਚੌਂਕੀ ਉਤੇ ਬਿਠਾ ਦਿਤਾ ਜਾਂਦਾ ਹੈ, ਫਿਰ ਨੈਣ ਜਾਂ ਕੰਨਿਆਂ ਦੀ ਕੋਈ ਸਹੇਲੀ, ਕੰਨਿਆਂ ਨੂੰ ਗੀਤ ਗਾਉਂਦਿਆਂ ਮਹਿੰਦੀ ਲਗਾਂਦੀ ਹੈ। ਕੰਨਿਆਂ ਮਹਿੰਦੀ ਵਾਲੇ ਦੋਹਾਂ ਹੱਥਾਂ ਦੇ ਪਿਛਲੇ ਪਾਸੇ ਹੱਥ ਕਰ ਕੇ ਦੀਵਾਰ ਉਤੇ ਥਾਪੇ ਲਗਾਂਦੀ ਹੈ। ਇਹ ਥਾਪੇ ਕੰਨਿਆਂ ਦੀ ਪ੍ਰੇਤ ਰੂਹਾਂ ਤੋਂ ਰਖਿਆ ਕਰਦੇ ਹਨ। ਮਹਿੰਦੀ ਵਾਲੇ ਭਾਂਡੇ ਵਿਚ ਤੀਵੀਆਂ ਆਨਾ ਟੱਕਾ ਪਾਉਂਦੀਆਂ ਹਨ ਤੇ ਇਹ ਸਭ ਪੈਸੇ ਨੈਣ ਦੀ ਲਾਗ ਹੁੰਦੇ ਹਨ। ਕੰਨਿਆਂ ਦੇ ਮਹਿੰਦੀ ਲਗਾਣ ਮਗਰੋਂ ਘਰ ਦੀਆਂ ਬਾਕੀ

ਮੁਸਲਮਾਨਾਂ ਵਿਚ ਮਹਿੰਦੀ ਨਾਲ ਸਿਰ ਦੇ ਨੂੰ ਰੰਗਣ ਦਾ ਰਵਾਜ ਹੈ।

ਗੁਜਰਾਂਵਾਲੇ ਵਿਚ ਮਹਿੰਦੀ ਦੀ ਕਾਸ਼ਤ ਸਮਝੀ ਜਾਂਦੀ ਹੈ ਅਤੇ ਲੋਕਾਂ ਦਾ ਨਿਸਚਾ ਦੀ ਕਾਸ਼ਤ ਕਰਨ ਵਾਲਾ ਛੇਤੀ ਹੀ ਅਚਨ ਜਾਂਦਾ ਹੈ। ਇਹ ਵਿਚਾਰ ਸ਼ਾਇਦ ਇਸ ਗੱਲ ਜਾਪਦਾ ਹੈ ਕਿ ਮਹਿੰਦੀ ਦਾ ਰੰਗ, ਜਦੋਂ ਹੱਥਾਂ ਹੈ, ਲਹੂ ਨਾਲ ਮਿਲਦਾ ਹੈ।

ਮਹਿੰਦੀ ਦੀ ਰਾਤ : ਵਿਆਹ ਦੀ ਪੂਰ ਗੀਤ ਗਾਣ ਮਗਰੋਂ ਰਾਤ ਵੇਲੇ ਵਰ ਤੇ ਕੰਨਿ ਦੇ ਆਪਣੇ ਘਰਾਂ ਵਿਚ ਮਹਿੰਦੀ ਲਗਾਈ ਜਾਂ ਰਾਤ ਨੂੰ ਮਹਿੰਦੀ ਵਾਲੀ ਰਾਤ ਕਹਿੰਦੇ ਹਨ।

ਮਹਿੰਦੀ ਦੇ ਗੀਤ : ਵਰ ਜਾਂ ਕੰਨਿਆਂ ਸਮੇਂ, ਮਹਿੰਦੀ ਲਗਾਉਣ ਵੇਲੇ ਜੋ ਗੀਤ ਗਾਏ ਉਨ੍ਹਾਂ ਨੂੰ ਮਹਿੰਦੀ ਦੇ ਗੀਤ ਕਿਹਾ ਜਾਂਦਾ ਹੈ ਵਖਰੇ ਗੀਤ ਨਹੀਂ ਹੁੰਦੇ। ਮਹਿੰਦੀ ਲਗਾਣ ਘਰ 'ਘੋੜੀਆਂ' ਗਾਈਆਂ ਜਾਂਦੀਆਂ ਹਨ ਤੇ ਘਰ ਸੁਹਾਗ।

(ਮ–28) **ਮਹਿਮੂਦ ਦਾ ਟੱਟੂ :**

ਕਿਸ਼ੋਰ ਉਮਰ ਦੇ ਬੱਚਿਆਂ ਦੀ ਇਕ ਖੇਡ ਬੱਚੇ ਦੋ ਟੋਲੀਆਂ ਬਣਾ ਕੇ ਖੇਡਦੇ ਹਨ। ਟੱਟੂ ਬਣਦੀ ਹੈ ਤੇ ਦੂਜੀ ਸਵਾਰ। ਸਵਾਰਾਂ ਸਵਾਰ ਆਪਣੇ ਹੇਠਲੇ ਖਿਡਾਰੀ (ਟੱਟੂ) ਦੀਆ ਨਾਲ ਅੱਖਾਂ ਮੀਟਦਾ ਹੈ। ਤੇ ਦੂਜੇ ਹੱਥ ਦੀਆਂ ਖੜੀਆਂ ਕਰ ਕੇ ਹੇਕ ਨਾਲ ਕਹਿੰਦਾ ਹੈ :

ਆਂਟੜੇ ਮਨ ਮਾਂਟੜੇ ਮਹਿਮੂਦ ਦਾ ਟੱਟੂ ਕਿ

ਜੇ ਉਂਗਲਾਂ ਠੀਕ ਬੁਝ ਲਈਆਂ ਜਾਣ ਟੱਟੂ ਬਣ ਜਾਂਦੇ ਹਨ ਤੇ ਟੱਟੂ ਸਵਾਰ। ਜੇ ਨ ਸਵਾਰ ਇਹ ਤੁਕ ਪੜ੍ਹਦਾ ਹੋਇਆ ਅਗਲੇ ਚੜ੍ਹਦਾ ਹੈ :

ਏਕ ਕਾ ਲਗਾ ਟੋਟਣਾ
ਚਲ, ਅਗਲੀ ਘੋੜੀ ਚੜ੍ਹ ਯਾਰ।

ਹੈ। ਕਈ ਵਾਰ ਹਨੇਰੇ ਪੱਖ ਦੀ ਏਕਮ ਤੋਂ ਪੂਰਨਮਾਸ਼ੀ ਤਕ ਦੀਆਂ 30 ਤਿਥਾਂ ਦਾ ਚੰਦ੍ਰਮਾਸ ਵੀ ਗਿਣ ਲਿਆ ਜਾਂਦਾ ਹੈ। ਸਾਡੇ ਬਹੁਤੇ ਪੁਰਬ ਤੇ ਉਤਸਵ ਚੰਦ੍ਰਮਾਸ ਉਤੇ ਹੀ ਅਧਾਰਤ ਹਨ (ਵੇਖੋ : ਚੰਦ੍ਰਮਾਸ)।

(ਅ) ਸੌਰਮਾਸ ਦਾ ਆਧਾਰ ਸੂਰਜ ਹੈ। ਜਿਤਨੇ ਸਮੇਂ ਵਿਚ ਸੂਰਜ ਇਕ ਰਾਸ਼ੀ ਵਿਚ ਰਹਿੰਦਾ ਹੈ, ਉਤਨੇ ਸਮੇਂ ਨੂੰ ਇਕ 'ਸੌਰਮਾਸ' ਮੰਨਿਆ ਗਿਆ ਹੈ। ਇਹ 29 ਤੋਂ ਲੈ ਕੇ 32 ਦਿਨਾਂ ਦਾ ਹੁੰਦਾ ਹੈ। ਜਿਸ ਦਿਨ ਸੂਰਜ ਕਿਸੇ ਰਾਸ਼ੀ ਵਿਚ ਦਾਖ਼ਲ ਹੁੰਦਾ ਹੈ ਉਧ ਨੂੰ ਸੰਗਰਾਂਦ (ਸੰਕਰਾਂਤੀ) ਕਹਿੰਦੇ ਹਨ, ਇਸ ਮਹੀਨੇ ਦਾ ਸਮਾਂ ਇਕ ਸੰਗਰਾਂਦ ਤੋਂ ਦੂਜੀ ਸੰਗਰਾਂਦ ਤਕ ਹੁੰਦਾ ਹੈ।

(ੲ) ਨਛੱਤਰ ਮਾਸ ਦਾ ਆਧਾਰ ਨਛੱਤ੍ਰ ਹਨ, ਜਿਤਨੇ ਸਮੇਂ ਵਿਚ ਇਕ ਨਛਤ੍ਰ ਆਪਣਾ ਚੱਕਰ ਪੂਰਾ ਕਰੇ, ਉਹ ਨਛਤ੍ਰਮਾਸ ਹੈ।

ਸਾਲ ਦੇ ਬਾਰਾਂ ਮਹੀਨੇ ਗਿਣੇ ਜਾਂਦੇ ਹਨ। ਇਨ੍ਹਾਂ ਦੇ ਨਾਂ ਨਛਤ੍ਰਾਂ ਉਤੇ ਰਖੇ ਗਏ ਹਨ। ਜਿਸ ਨਛਤ੍ਰ ਵਿਚ ਪੂਰਨਮਾਸ਼ੀ ਹੁੰਦੀ ਹੈ ਉਸੇ ਤੋਂ ਮਹੀਨੇ ਦਾ ਨਾਂ ਪੈਂਦਾ ਹੈ। ਜਿਵੇਂ ਮਘਾ ਨਛਤ੍ਰ ਵਾਲੀ ਪੂਰਨਮਾਸੀ ਦਾ ਮਹੀਨਾ ਮਾਘ ਹੈ। ਹਰ ਮਹੀਨੇ ਦਾ ਕੋਈ ਨਾ ਕੋਈ ਦੇਵਤਾ ਮੰਨਿਆ ਗਿਆ ਹੈ। ਗਾਰਗਯ ਅਨੁਸਾਰ ਮ੍ਰਿਗਸ਼ਿਰਾ ਤੋਂ ਸ਼ੁਰੂ ਕਰ ਕੇ ਤਰਤੀਬਵਾਰ ਹਰ ਮਹੀਨੇ ਦੇ ਦੇਵਤੇ ਦਾ ਨਾਂ ਇਹ ਹੈ— ਕ੍ਰਿਸ਼ਨ, ਅਨੰਤ, ਅਚਯੁਤ, ਚਕਰੀ, ਵੈਕੁੰਠ, ਜਨਾਰਦਨ, ਉਪੇਂਦਰ, ਯਜਨਾਪੁਰਸ਼, ਵਾਸੁਦੇਵ, ਹਰੀ, ਯੋਗੀਸ਼ ਤੇ ਪੁੰਡਰੀਕ।

ਇਸੇ ਤਰ੍ਹਾਂ ਹਰ ਨਛਤ੍ਰ ਦਾ ਵੀ ਕੋਈ ਨਾ ਕੋਈ ਦੇਵਤਾ ਮੰਨਿਆ ਜਾਂਦਾ ਹੈ। ਅਸ਼ਵਨੀ ਦਾ ਅਸਵੀ, ਭਰਣੀ ਦਾ ਯਮ, ਕ੍ਰਿਤਿਕਾ ਦਾ ਅਗਨੀ, ਰੋਹਿਣੀ ਦਾ ਪਰਜਾਪਤੀ, ਮ੍ਰਿਗਸ਼ਿਰਾ ਦਾ ਸੋਮ, ਆਰਦ੍ਰਾ ਦਾ ਰੁਦਰ, ਪੁਨਰਵਸ਼ ਦਾ ਅਦਿਤੀ, ਖੁਸ਼ਯ ਦਾ ਬ੍ਰਿਹਸਪਤੀ, ਸ਼ਲੇਸ਼ਾ ਦਾ ਸਰਪ, ਮਘਾ ਦਾ ਪਿਤ੍ਰ, ਪੂਰਵਾ ਫਾਲਗੁਨੀ ਦਾ ਭਗ। ਉਤਰਾ ਫਾਲਗੁਨੀ ਦਾ ਆਰਯਾਮਨ, ਹਸਤ ਦਾ ਸਵਿਤ੍ਰ। ਚਿਤ੍ਰਾ ਦਾ ਤਵਸ਼ਤਰ, ਸਵਾਂਤੀ ਦਾ ਵਾਯੂ, ਵਿਸਾਖਾ ਦਾ ਇੰਦਰਾਗਨੀ, ਅਨੁਰਾਧਾ ਦਾ ਮਿਤ੍ਰ, ਜਯੇਸ਼ਠਾ ਦਾ ਇੰਦਰ, ਮੂਲ ਦਾ ਨਿਰਿਤੀ, ਪੂਰਵਾਸ਼ਾਢਾ ਦਾ ਆਪ, ਉਤਰਾਸ਼ਾਢਾ ਦਾ

ਇਜ਼ਤ ਬੇਗ ਸੀ। ਇਸ ਨੇ ਕਈ ਸਾਲ ਸੋਹਣੀ ਦੇ ਮੰਗੂ ਚਾਰੇ ਜਿਸ ਕਰ ਕੇ ਇਸ ਦਾ ਨਾਂ ਮਹੀਂਵਾਲ ਪੈ ਇਹ ਸੋਹਣੀ ਦੇ ਨਾਲ ਹੀ ਦਰਿਆ ਵਿਚ ਡੁਬ ਗਿਆ ਸੀ।

(ਮ-31) **ਮਹੂਰਤ** :

(ੳ) ਦੋ ਘੜੀਆਂ ਦਾ ਸਮਾਂ, ਜੋ 12 ਛਿਣਾਂ ਮਿੰਟਾਂ ਦੇ ਬਰਾਬਰ ਹੁੰਦਾ ਹੈ।

(ਅ) ਕਿਸੇ ਕੰਮ ਨੂੰ ਆਰੰਭ ਕਰਨ ਦੀ ਸ਼ੁਭ ਹਿੰਦੂਆਂ ਵਿਚ ਜਦੋਂ ਵੀ ਕੋਈ ਨਵਾਂ ਕੰਮ, ਮਕ ਨੀਂਹ ਰਖਣਾ, ਚੱਠ ਕਰਨੀ, ਨਵਾਂ ਕਾਰ-ਵਿਹਾ ਕਰਨਾ ਹੋਵੇ ਅਥਵਾ ਸ਼ਗਨ ਜਾਂ ਵਿਆਹ ਦਾ ਮੰਗਲ ਕਰਨਾ ਹੋਵੇ ਤਾਂ ਪਹਿਲਾਂ ਪਾਂਧੇ ਤੋਂ ਮਹੂਰਤ ਕਢਵ ਜਾਂਦਾ ਹੈ ਤੇ ਸ਼ੁਭ ਮਹੂਰਤ ਨੂੰ ਹੀ ਕੰਮ ਆਰੰਭ ਕੀਤਾ ਹੈ। ਮਹੂਰਤ, ਗ੍ਰਹਿਆਂ ਦੀ ਚਾਲ, ਨਛਤ੍ਰਾਂ ਦੀ ਸਥਿ ਉਨ੍ਹਾਂ ਦੇ ਆਪਸੀ ਯੋਗ ਤੇ ਉਸ ਦੇ ਪ੍ਰਾਣੀ ਉਤੇ ਚੰਗੇ ਅਸਰਾਂ ਨੂੰ ਮੁਖ ਰਖ ਕੇ ਕਢਿਆ ਜਾਂਦਾ ਹੈ।

(ਮ-32) **ਮਹੇਸ਼** :

ਸੰ: ਮਹਾ-ਈਸ਼, ਸ੍ਰਿਸ਼ਟੀ ਦਾ ਵੱਡਾ ਸੁਆਮੀ, ਸ਼ਿ ਇਕ ਉਪਾਧੀ।

(ਮ-33) **ਮਹੇਸ਼ ਨੌਮੀ** :

ਜੇਠ ਦੇ ਚਾਨਣ ਪੱਖ ਦੀ ਨੌਵੀਂ ਤਿੱਥ, ਮਹੇ ਜਾਤੀ ਦਾ ਜਨਮ ਇਸ ਤਿੱਥ ਨੂੰ ਹੋਇਆ ਮੰਨਿਆ ਹੈ। ਮਹੇਸ਼ਵਰੀ ਇਸ ਦਿਨ ਮਹੇਸ਼ (ਸ਼ਿਵ ਦੀ ਇਕ ਉ ਦੀ ਉਪਾਸ਼ਨਾ ਕਰਦੇ ਤੇ ਘਰ ਵਿਚ ਮਿੱਠੇ ਪਦਾਰਥ ਹਨ।

(ਮ-34) **ਮਹੇਸ਼ਵਰੀ** :

ਪੰਜਾਬ ਵਿਚ ਵਸਦੇ ਬਾਣੀਆਂ ਦੀ ਇਕ ਉਪ-ਜ ਇਹ ਨਾਉਂ ਮਹੇਸ਼ ਤੋਂ ਬਣਿਆ ਹੈ, ਜੋ ਸ਼ਿਵ ਮਹਾਂਦੇਵ ਦੀ ਇਕ ਉਪਾਧੀ ਹੈ। ਮਹੇਸ਼ਵਰੀ ਗੋਤ ਬਾਰੇ ਇਕ ਦੰਦ-ਕਥਾ ਇਉਂ ਪ੍ਰਚਲਤ ਹੈ। ਜੈਪੁਰ ਦੇ

ਉਨ੍ਹਾਂ ਦਾ ਸੱਤ ਭੰਗ ਕਰ ਦਿਤਾ। ਰਿਸੀਆਂ ਨੇ ਕਰੋਧ ਵਿਚ ਆ ਕੇ ਰਾਜਕੁਮਾਰ ਤੇ ਉਸ ਦੇ ਸਾਥੀਆਂ ਨੂੰ ਜੜ੍ਹ ਹੋ ਜਾਣ ਦਾ ਸਰਾਪ ਦਿਤਾ, ਫਲਸਰੂਪ ਇਹ ਸਾਰੇ ਪੱਥਰ ਬਣ ਗਏ। ਰਾਜਾ ਸੂਰਤ ਸੇਨ ਤੇ ਉਸ ਦੀ ਪਤਨੀ ਨੂੰ ਜਦੋਂ ਇਸ ਘਟਨਾ ਦਾ ਪਤਾ ਲਗਾ ਤਾਂ ਉਨ੍ਹਾਂ ਰਿਸੀਆਂ ਅਗੇ ਪ੍ਰਾਰਥਨਾ ਕੀਤੀ ਕਿ ਉਹ ਸਰਾਪ ਵਾਪਸ ਲੈ ਲੈਣ। ਪਰ ਉਹ ਨਾ ਮੰਨੇ। ਜਦੋਂ ਰਾਜਾ ਤੇ ਰਾਣੀ ਬੈਠੇ ਵਿਰਲਾਪ ਕਰ ਰਹੇ ਸਨ ਤਾਂ ਦੇਵਨੇਤ ਸਿਵ ਤੇ ਪਾਰਬਤੀ ਉਧਰੋਂ ਲੰਘੇ ਤੇ ਇਨ੍ਹਾਂ ਦੀ ਕੂਕ ਫਰਿਆਦ ਸੁਣ ਕੇ ਉਨ੍ਹਾਂ ਦੇ ਮਨ ਵਿਚ ਦਇਆ ਆ ਗਈ। ਤੇ ਸਿਵ ਨੇ ਪਾਰਬਤੀ ਦੇ ਕਹਿਣ ਉਤੇ ਇਨ੍ਹਾਂ ਸਭਨਾ ਨੂੰ ਮੁੜ ਸੁਰਜੀਤ ਕਰ ਦਿਤਾ। ਮਹੇਸ਼ (ਸਿਵ) ਦੇ ਕ੍ਰਿਪਾ ਨਾਲ ਪੁਨਰ ਜੀਵਨ ਪ੍ਰਾਪਤ ਕਰਨ ਕਰ ਕੇ ਇਨ੍ਹਾਂ ਦਾ ਨਾਉਂ ਮਹੇਸਵਰੀ ਪੈ ਗਿਆ ਤੇ ਸ਼ਿਵ ਨੇ ਇਨ੍ਹਾਂ ਨੂੰ ਅਗੇ ਤੋਂ ਯੁਧ ਕਰਨ ਦੀ ਮਨਾਹੀ ਕਰ ਦਿਤੀ। ਇਹ ਘਟਨਾ ਵਿਕਰਮੀ ਸੰਮਤ 3984 ਸਾਲ ਪਹਿਲਾਂ ਦੱਸੀ ਜਾਂਦੀ ਹੈ।

ਮਹੇਸਵਰੀ ਮੂਲ ਵਿਚ ਰਾਜਸਥਾਨ ਤੇ ਮਾਰਵਾੜ ਦੇ ਵਾਸੀ ਹਨ ਤੇ ਉਥੋਂ ਹੀ ਪੰਜਾਬ, ਦਿੱਲੀ ਤੇ ਉਤਰੀ ਭਾਰਤ ਵਿਚ ਫੈਲੇ ਹਨ। ਇਹ ਧੰਦੇ ਕਰ ਕੇ ਵਿਪਾਰੀ ਹਨ।

ਮਹੇਸਵਰੀਆਂ ਦੀਆਂ ਸਾਢੇ ਬਹੱਤਰ ਗੋਤਾਂ ਹਨ। ਇਨ੍ਹਾਂ ਗੋਤਾਂ ਦਾ ਮੁਢ ਉਨ੍ਹਾਂ 72 ਮੰਤਰੀਆਂ ਤੋਂ ਬੱਝਾ ਜੋ ਰਾਜਾ ਸੂਰਤ ਸੇਨ ਦੇ ਲੜਕੇ ਨਾਲ ਸਿਕਾਰ ਖੇਡਣ ਗਏ ਪੱਥਰ ਹੋ ਗਏ ਸਨ। ਮਹੇਸਵਰੀ ਆਪਣੀ ਗੋਤ ਵਿਚ ਵਿਆਹ ਨਹੀਂ ਕਰਦੇ। ਇਨ੍ਹਾਂ ਵਿਚ ਚਾਰ ਗੋਤਾਂ ਨਿਸ਼ੇਧ ਹਨ। ਇਨ੍ਹਾਂ ਦੀਆਂ ਵਿਆਹ ਦੀਆਂ ਰਸਮਾਂ ਰੀਤਾਂ ਵਿਚ ਮਾਮੇ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਮਾਮਾ ਫੇਰਾ ਰਸਮ ਵਿਚ ਮਾਮਾ ਚਾਰ ਫੇਰੇ ਕੰਨਿਆ ਨੂੰ ਵਰ ਦੇ ਦੁਆਲੇ ਦੁਆਂਦਾ ਹੈ ਕੰਨਿਆ ਨੂੰ ਮਾਮਾ ਜੋ ਹੈਂਦ-ਖੰਦ ਦਾ ਚੂੜਾ ਪਹਿਨਾਂਦਾ ਹੈ, ਉਹ ਉਸ ਲਈ ਚਾਲੀ ਦਿਨ ਪਾਉਣਾ ਜ਼ਰੂਰੀ ਹੈ, ਵਡਿਕੇ ਦੀ ਮੌਤ ਮਗਰੋਂ ਉਸ ਦੇ ਪੁਤਰ ਪੋਤਰੇ, ਦੋਹਤਰੇ ਸਭ ਭੱਦਰ ਕਰਦੇ ਹਨ।

ਮਹੇਸਵਰੀ ਸ਼ਿਵ ਦੀ ਪੂਜਾ ਕਰਦੇ ਹਨ, ਮਹੇਸ਼ ਨੌਮੀ ਨੂੰ ਜਦੋਂ ਰਵਾਇਤ ਅਨੁਸਾਰ ਮਹੇਸ਼ਵਰੀਆਂ ਦੀ ਜਾਤੀ ਦਾ ਮੁਢ ਬਝਿਆ, ਇਹ ਸ਼ਿਵ ਦੀ ਉਚੇਚੀ ਉਪਾਸਨਾ ਕਰਦੇ

(ਮ-35) **ਮਹੋਛਾ** :

ਬੁੱਢ ਮਰਨਾ; ਕਿਸੇ ਬਜ਼ੁਰਗ ਦੀ ਮੌਤ ਮਗ
ਦਿਨ ਕੀਤਾ ਯੱਗ, ਜਿਸ ਨੂੰ ਹੰਗਾਮਾ ਵੀ ਕਿ
(ਵੇਖੋ : ਹੰਗਾਮਾ)।

(ਮ-36) **ਮਹੋਦਰ** :

1. ਇਕ ਰਿਸ਼ੀ, ਜਿਸ ਦਾ ਵਰਣਨ ਮਹ
ਆਉਂਦਾ ਹੈ। ਮਹਾਂਭਾਰਤ ਅਨੁਸਾਰ ਸ੍ਰੀ ਰਾਮ ਚੰ
ਵੱਢੇ ਗਏ ਇਕ ਦੈਂਤ ਦਾ ਸਿਰ ਮਹੋਦਰ ਰਿ
ਲੱਤਾਂ ਨਾਲ ਚਮੁਟ ਗਿਆ। ਮਹੋਦਰ ਰਿਸ਼
ਤੀਰਥਾਂ ਉਤੇ ਇਸਨਾਨ ਕੀਤਾ, ਪਰ ਸਿਰ ਨਾ
ਅਖ਼ੀਰ ਜਗਾਧਰੀ ਤੋਂ ਪੰਜ ਮੀਲ ਉੱਤਰ ਵਲ
ਦੇ ਕਿਨਾਰੇ ਇਸ਼ਨਾਨ ਕੀਤਾ, ਤਾਂ ਸਿਰ ਲੱਤਾਂ ਨ

2. ਰਾਵਣ ਦਾ ਇਕ ਮੰਤਰੀ।
3. ਧ੍ਰਿਤਰਾਸ਼ਟਰ ਦਾ ਇਕ ਪੁੱਤਰ।

(ਮ-37) **ਮਕਬਰਾ ਤੇ ਸਮਾਧ** :

ਉਹ ਅਸਥਾਨ, ਜਿਥੇ ਕਿਸੇ ਮੁਰਦੇ ਦੀ
ਮਕਬਰੇ ਬਨਾਉਣ ਦਾ ਰਵਾਜ ਮੁਸਲਮਾਨਾਂ ਵਿ
ਹੈ। ਹਿੰਦੂਆਂ ਵਿਚ ਆਮ ਤੌਰ ਤੇ ਮ੍ਰਿਤਕ
ਦਾਹ-ਸੰਸਕਾਰ ਕੀਤਾ ਜਾਂਦਾ ਹੈ ਅਤੇ ਰਾਖ
ਜਲ ਪ੍ਰਵਾਹ ਕਰ ਦਿਤਾ ਜਾਂਦਾ ਹੈ, ਪਰ ਪ੍ਰਾਚੀਨ
ਹਿੰਦੂਆਂ ਵਿਚ ਸੰਸਕਾਰ ਵਾਲੀ ਥਾਂ ਛਤਰੀ ਬ
ਪ੍ਰਥਾ ਸੀ। ਬੋਧ-ਮਤ ਸਮੇਂ ਛਤਰੀ ਦਾ ਰਵਾਜ ਅ

ਹਿੰਦੂਆਂ ਵਿਚ ਸਮਾਧ ਬਨਾਉਣ ਦੀ ਪ੍ਰਥਾ ਹੈ
ਸਾਧਾਂ ਸੰਤਾਂ ਦੀ ਮ੍ਰਿਤਕ ਦੇਹ ਜਾਂ ਉਨ੍ਹਾਂ ਦੀ
ਬਣਾਈ ਜਾਂਦੀ ਹੈ। ਸਾਧਾਂ ਸੰਤਾਂ ਦੀਆਂ ਕੁਝ
ਵਿਚ ਮ੍ਰਿਤਕ ਦੀ ਦੇਹ ਦਬਣ ਦਾ ਰਵਾਜ ਹੈ।
ਸਾਧ ਦੀ ਦੇਹ ਦਾ ਸੰਸਕਾਰ ਕਰਕੇ ਉਸ ਦੀ
ਕਲਸ ਵਿਚ ਪਾ ਕੇ ਦਬ ਦਿਤਾ ਜਾਂਦਾ ਹੈ ਤੇ ਉ
ਬਣਾ ਦਿਤੀ ਜਾਂਦੀ ਹੈ।

ਮੁਸਲਮਾਨਾਂ ਦੇ ਭਾਰਤ ਵਿਚ ਆਉਣ ਨਾਲ
ਦਾ ਰਵਾਜ ਪਿਆ। ਲਗਭਗ ਹਰ ਮੁਸਲਮਾਨ
ਆਪਣਾ ਮਕਬਰਾ ਆਪਣੀ ਜ਼ਿੰਦਗੀ ਵਿਚ ਹੀ ਬਣ

ਸਭ ਤੋਂ ਪੁਰਾਣਾ ਮਕਬਰਾ ਅਲਤਮਸ਼ ਦਾ ਹੈ, ਜੋ 1236 ਈ: ਵਿਚ ਕਾਲਵਸ ਹੋਇਆ। ਇਸ ਨੂੰ ਪੁਰਾਣੀ ਦਿੱਲੀ ਵਿਚ ਦਬਿਆ ਗਿਆ। ਇਸ ਦਾ ਮਕਬਰਾ ਹਿੰਦੂ-ਕਲਾ ਦੀ ਪ੍ਰਦਰਸ਼ਨੀ ਕਰਦਾ ਹੈ। ਸ਼ੇਰਸ਼ਾਹ ਦੇ ਸਮੇਂ ਤੋਂ ਮਕਬਰਿਆਂ ਦੀ ਸ਼ੈਲੀ ਅਫਗਾਨੀ ਅਥਵਾ ਪਠਾਣੀ ਢੰਗ ਦੀ ਹੋ ਗਈ। ਹਮਾਯੂੰ ਦੇ ਮਕਬਰੇ ਵਿਚ ਸਭ ਤੋਂ ਪਹਿਲਾਂ ਮੁਗ਼ਲ ਸ਼ੈਲੀ ਦੇ ਤੱਤ ਵੇਖਣ ਵਿਚ ਆਏ।

**(ਮ-38) ਮਕਰ :**

**ਮਗਰਮੱਛ** ਦੀ ਸ਼ਕਲ ਦਾ ਇਕ ਵੱਡਾ ਸਮੁੰਦਰੀ ਜੀਵ, ਕਈ ਇਸ ਨੂੰ ਮਿਥਿਹਾਸਕ ਜਾਂ ਕਲਪਿਤ ਜੀਵ ਮੰਨਦੇ ਹਨ। ਮਕਰ ਵਰੁਣ ਦੇਵਤੇ ਦਾ ਵਾਹਣ ਹੈ। ਇਸ ਦਾ ਜੋ ਚਿਤ੍ਰ ਕਲਪਿਆ ਜਾਂਦਾ ਹੈ ਉਹ ਅੱਧਾ ਬਾਰਾਸਿੰਘੇ ਦਾ ਹੈ ਤੇ ਅੱਧਾ ਮੱਛੀ ਦਾ। ਇਸ ਦਾ ਸਿਰ ਤੇ ਅਗਲੀਆਂ ਦੋਵੇਂ ਲੱਤਾਂ ਬਾਰਾਸਿੰਘੇ ਦੀਆਂ ਹਨ ਅਤੇ ਧੜ ਤੇ ਪੂਛਲ ਮੱਛੀ ਵਰਗੀ ਤੇ ਦੰਦ ਬੜੇ ਵਿਕਰਾਲ ਹਨ। ਵਰੁਣ ਦੇਵਤੇ ਦਾ ਇਕ ਨਾਉਂ 'ਮਕਰ-ਅਸ਼ਵ' ਹੈ ਜਿਸ ਦੇ ਅਰਥ ਹਨ : ਮਕਰ ਨੂੰ ਘੋੜਾ ਬਣਾ ਕੇ ਸਵਾਰੀ ਕਰਨ ਵਾਲਾ।

ਮਕਰ ਗੰਗਾ ਦਾ ਵੀ ਵਾਹਣ ਹੈ। ਮਕਰ ਦੀ ਸਵਾਰੀ ਕਰਨ ਕਰ ਕੇ ਗੰਗਾ ਨੂੰ 'ਮਕਰ-ਵਹਿਣੀ' ਵੀ ਕਿਹਾ ਜਾਂਦਾ ਹੈ। ਪ੍ਰੇਮ ਦੇ ਦੇਵਤੇ ਕਾਮ ਦੇ ਝੰਡੇ ਉਤੇ ਮਕਰ ਦੀ ਸ਼ਕਲ ਚਿਤਰੀ ਹੁੰਦੀ ਹੈ, ਜਿਸ ਕਰ ਕੇ ਕਾਮ ਨੂੰ 'ਮਕਰ-ਕੇਤੂ' ਵੀ ਕਹਿੰਦੇ ਹਨ।

ਹਿੰਦੂਆਂ ਦੀ ਇਕ ਰਾਸ਼ੀ, ਮਕਰ ਦੇ ਨਾਉਂ ਉਤੇ ਮਕਰ ਰਾਸ਼ੀ ਅਖਵਾਉਂਦੀ ਹੈ।

**(ਮ-39) ਮਕਰ ਸੰਕਰਾਂਤੀ :**

ਸੂਰਜ ਜਦੋਂ ਇਕ ਰਾਸ਼ੀ ਵਿਚੋਂ ਦੂਜੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦਿਨ ਨੂੰ ਸੰਕਰਾਂਤੀ (ਸੰਗਰਾਂਦ) ਕਿਹਾ ਜਾਂਦਾ ਹੈ। ਸੰਗਰਾਂਦਾਂ 12 ਹਨ, ਪਰ ਇਨ੍ਹਾਂ ਸਭਨਾਂ ਵਿਚ ਪ੍ਰਮੁਖ ਸੰਗਰਾਂਦ ਮਕਰ ਦੀ ਮੰਨੀ ਜਾਂਦੀ ਹੈ। ਇਸ ਦਿਨ ਸੂਰਜ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਇਹ ਦਿਵਸ ਲਗਪਗ ਸਾਰੇ ਭਾਰਤ ਵਿਚ ਹੀ ਵਡੇ ਪੁਰਬ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਉਤਰ ਪ੍ਰਦੇਸ਼ ਵਿਚ 'ਰੰਗੋਲੀ', ਤਮਿਲਨਾਡੂ ਵਿਚ 'ਪੋਂਗਲ', ਮਹਾਰਾਸ਼ਟਰ ਵਿਚ ਇਸ ਦੀ ਪੂਰਬ ਸੰਧਿਆ ਨੂੰ ਲੋਹੜੀ ਦਾ ਤਿਉਹਾਰ ਮਨ[...] ਜਾਂਦਾ ਤੇ ਉਸ ਦਿਨ ਮਾਘੀ ਮਨਾਈ ਜਾਂਦੀ ਹੈ।

ਇਸ ਦਿਨ ਕਿਸੇ ਸਰੋਵਰ ਜਾਂ ਨਦੀ ਵਿਚ ਇ[...] ਦਾ ਬੜਾ ਮਹਾਤਮ ਹੈ। ਲੋਕਾਂ ਦਾ ਨਿਸਚਾ ਹੈ ਕਿ [...] ਮਹੀਨੇ ਦੀ ਏਕਮ ਤੋਂ ਪੂਰਨਮਾਸ਼ੀ ਤਕ ਰੋਜ਼ ਵਿਧੀ ਪ੍ਰ[...] ਇਸ਼ਨਾਨ ਕੀਤਾ ਜਾਵੇ ਤਾਂ ਸਭ ਪਾਪ ਧੁਲ ਜਾਂਦੇ [...] ਮਕਰ ਨਾਲ ਤਿਲਾਂ ਦਾ ਸਬੰਧ ਵੀ ਜੋੜਿਆ ਜਾਂਦ[...] ਕਈ ਸਰਧਾਲੂ ਇਸ਼ਨਾਨ ਕਰਨ ਤੋਂ ਪਹਿਲਾਂ ਤਿ[...] ਤੇਲ ਦੀ ਮਾਲਸ਼ ਕਰਦੇ ਹਨ ਤੇ ਕਈ ਜਲ ਵਿਚ ਇ[...] ਕਰਨ ਲਗਿਆਂ ਤਿਲ ਮਿਲਾ ਲੈਂਦੇ ਹਨ। ਕਈ ਸਨ[...] ਹਿੰਦੂ ਤਿਲਾਂ ਦਾ ਵੱਟਣਾ ਬਣਾ ਕੇ ਸਾਰੇ ਸਰੀਰ[...] ਮਲਦੇ ਹਨ। ਇਸ ਦਿਨ ਕਈ ਹਿੰਦੂ ਤਿਲਾਂ ਦਾ ਹਵ[...] ਕਰਦੇ ਹਨ। ਤੇ ਸਾਰਾ ਦਿਨ ਤਿਲ ਦੇ ਫੱਕੇ ਮਾਰ[...] ਪਾਣੀ ਵਿਚ ਤਿਲ ਮਿਲਾ ਕੇ ਪੀਂਦੇ ਹਨ।

ਕਈ ਹਿੰਦੂ, ਇਸ ਦਿਨ ਇਸ਼ਨਾਨ ਮਗਰੋਂ, ਅਸ਼ਟ[...] ਕੰਵਲ ਰਚ ਕੇ ਸੂਰਜ ਨਰਾਇਣ ਦੀ ਪੂਜਾ ਕਰਦੇ ਤੇ[...] ਸੁਣਦੇ ਹਨ। ਤਿਲ ਦੀਆਂ ਤਿਲ ਸ਼ਕਰੀ ਜਾਂ ਲ[...] ਖਿਚੜੀ ਬ੍ਰਾਹਮਣਾਂ ਤੇ ਗ਼ਰੀਬਾਂ ਵਿਚ ਦਾਨ ਕਰਦੇ ਹਨ[...]

ਸ਼ਿਵ ਦੇ ਉਪਾਸ਼ਕ ਇਸ ਦਿਨ ਸ਼ਿਵ ਦੀ ਮੂਰਤੀ [...] ਤੇ ਤਿਲਾਂ ਦੀ ਫੂਲਮਾਲਾ ਜਾਂ ਕੰਵਲਫੂਲ ਭੇਟ ਕਰਦੇ [...] ਸ਼ੈਵਮਤ ਵਾਲਿਆਂ ਦਾ ਨਿਸਚਾ ਹੈ ਕਿ ਇਸ ਦਿਨ[...] ਦੀ ਪੂਜਾ ਕਰਨ ਨਾਲ ਸ਼ਿਵਪੁਰੀ ਵਿਚ ਨਿਵਾਸ ਮਿ[...] ਹੈ।

ਮਕਰ ਸੰਕਰਾਂਤੀ ਵਾਲੇ ਦਿਨ ਗੰਗਾ ਦਰਿਆ ਦੇ [...] ਪ੍ਰਯਾਗ ਵਿਚ ਵੱਡਾ ਮੇਲਾ ਜੁੜਦਾ ਹੈ। ਇਸ ਦਿਨ [...] ਵਿਚ ਇਸ਼ਨਾਨ ਦਾ ਬੜਾ ਮਹਾਤਮ ਮੰਨਿਆ [...] ਹੈ।

ਮਕਰ ਸੰਕਰਾਂਤੀ ਵਾਲੇ ਦਿਨ ਸਵੇਰੇ ਦੁੱਧ ਰਿੜ੍ਹ[...] ਬੜਾ ਸ਼ੁਭ ਮੰਨਿਆ ਜਾਂਦਾ ਹੈ ਅਤੇ ਲੋਕਾਂ ਦਾ ਨਿਸ[...] ਕਿ ਦੁੱਧ ਰਿੜ੍ਹਕਣ ਨਾਲ ਸਭ ਦਲਿਦਰ ਦੂਰ ਹੁੰਦੇ ਤੇ[...] ਵਿਚ ਦੁੱਧ ਦਹੀਂ ਦੀਆਂ ਨਦੀਆਂ ਵਗਦੀਆਂ ਹਨ।

ਪੰਜਾਬ ਵਿਚ ਇਸ ਦਿਨ ਮਾਘੀ ਦਾ ਉਤਸਵ ਮਨਾ[...] ਜਾਂਦਾ ਹੈ (ਵੇਖੋ : ਮਾਘੀ)।

**(ਮ-40) ਮਕਰ ਕੁੰਡਲਾ :**

**(ਮ-41) ਮਕਰ ਕੇਤੂ** :

ਕਾਮ ਦੇ ਦੇਵਤੇ ਦੀ ਇਕ ਉਪਾਧੀ; ਕਾਮ ਦੇ ਝੰਡੇ ਉਤੇ ਮਕਰ ਦੀ ਸ਼ਕਲ ਚਿਤ੍ਰੀ ਹੋਣ ਕਰਕੇ, ਇਸ ਨੂੰ ਮਕਰ ਕੇਤੂ ਵੀ ਕਿਹਾ ਜਾਂਦਾ ਹੈ।

**(ਮ-42) ਮਕਰ ਰਾਸ਼ੀ :**

ਬਾਰਾਂ ਰਾਸ਼ੀਆਂ ਵਿਚੋਂ ਇਕ ਰਾਸ਼ੀ। ਇਸ ਰਾਸ਼ੀ ਵਾਲੇ ਸ਼ਖਸ ਦੀ ਸੂਝ ਬੜੀ ਤਿੱਖੀ ਹੁੰਦੀ ਹੈ। ਉਹ ਜਿਸ ਕੰਮ ਨੂੰ ਹੱਥ ਪਾਉਂਦਾ ਹੈ, ਪੂਰੇ ਕਰੇ ਬਿਨਾਂ ਨਹੀਂ ਛੱਡਦਾ। ਉਹ ਖਾਣ ਪੀਣ ਦਾ ਬੜਾ ਸ਼ੌਕੀਨ ਤੇ ਸਫ਼ਰ ਦਾ ਬੜਾ ਚਾਹਵਾਨ ਹੁੰਦਾ ਹੈ।

ਹਿੰਦੂ ਮਿਥਿਕ ਕਥਾਵਾਂ ਵਿਚ ਇਸ ਰਾਸ਼ੀ ਨੂੰ ਮਕਰ ਚਿੰਨ੍ਹ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਮਕਰ ਮਗਰਮੱਛ ਦੀ ਸ਼ਕਲ ਦੇ ਸਮੁੰਦਰੀ ਜੀਵ ਨੂੰ ਕਹਿੰਦੇ ਹਨ। ਹਿੰਦੂ ਮਿਥਿਹਾਸ ਧਰਮ ਤੇ ਕਲਾ ਵਿਚ ਮਕਰ ਦੀ ਆਪਣੀ ਮਹੱਤਾ ਹੈ। ਇਸ ਦਾ ਸਬੰਧ ਕਈ ਦੇਵਤਿਆਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਹੈ। ਜਲ ਦਾ ਦੇਵਤਾ ਵਰਣ ਅਕਾਸ਼ ਮੰਡਲ ਉਤੇ ਮਕਰ ਤੇ ਸਵਾਰ ਹੋ ਕੇ ਘੁੰਮਦਾ ਹੈ। ਵਰਣ ਦੇ ਵਾਹਣ ਦੇ ਰੂਪ ਵਿਚ ਮਕਰ ਦਾ ਜੋ ਚਿਤ੍ਰ ਉਲੀਕਿਆ ਜਾਂਦਾ ਹੈ, ਉਸ ਵਿਚ ਇਸ ਦਾ ਸਿਰ ਤੇ ਅਗਲੀਆਂ ਦੋ ਲੱਤਾਂ ਬਾਰਾਂਸਿਘੇ ਦੀਆਂ ਹਨ ਤੇ ਧੜ ਤੇ ਪੂਛ ਮੱਛੀ ਦੀ ਤੇ ਦੰਦ ਵਿਕਰਾਲ ਹਨ। ਮਕਰ ਗੰਗਾ ਦੇਵੀ ਦਾ ਵੀ ਵਾਹਣ ਹੈ। ਪ੍ਰੇਮ ਦੇ ਦੇਵਤੇ, ਕਾਮ ਦੇ ਝੰਡੇ ਉਤੇ ਮਕਰ ਦਾ ਚਿੰਨ੍ਹ ਚਿਤ੍ਰਿਆ ਹੁੰਦਾ ਹੈ। ਵਿਸ਼ਨੂੰ ਨੇ ਆਪਣੇ ਖੱਬੇ ਕੰਨ ਵਿਚ ਮਕਰ ਦੀ ਸ਼ਕਲ ਦਾ ਗਹਿਣਾ ਪਹਿਨਿਆ ਹੋਇਆ ਹੈ, ਜਿਸ ਕਰਕੇ ਉਸ ਨੂੰ 'ਮਕਰ ਕੁੰਡਲਾ' ਕਿਹਾ ਜਾਂਦਾ ਹੈ। ਇਹੋ ਗਹਿਣਾ ਸੂਰਜ ਦੇਵਤੇ ਨੇ ਸੱਜੇ ਕੰਨ ਵਿਚ ਪਹਿਨਿਆ ਹੋਇਆ ਹੈ। ਅਸ਼ਵਮੇਧ ਸਮੇਂ ਜਿਨ੍ਹਾਂ ਪਵਿਤ੍ਰ ਪਸ਼ੂਆਂ ਦੀ ਬਲੀ ਦਿਤੀ ਜਾਂਦੀ ਸੀ, ਉਨ੍ਹਾਂ ਵਿਚੋਂ ਇਕ ਮਕਰ ਵੀ ਹੈ।

ਮਕਰ ਰਾਸ਼ੀ ਦਾ ਪ੍ਰਧਾਨ ਦੇਵਤਾ ਸ਼ਨੀ ਹੈ। ਜਿਸ ਦਾ ਰੰਗ ਨੀਲਾ ਮੰਨਿਆ ਜਾਂਦਾ ਹੈ। ਨੀਲਮ ਪੱਥਰ ਇਸ ਰਾਸ਼ੀ ਨਾਲ ਇਕਸੁਰ ਬੈਠਦਾ ਹੈ।

ਮਕਰ ਨਾਲ ਸਬੰਧਿਤ ਕੁਝ ਉਤਸਵ ਪੰਜਾਬ ਵਿਚ ਜਾਂਦੀ ਹੈ ਅਤੇ ਇਸ ਮਹੀਨੇ ਦੀ ਇਕਾਦ ਮਹਾਤਮ ਹੈ।

**(ਮ-43) ਮੱਕੜ :**

ਖਤ੍ਰੀਆਂ ਦੀ ਇਕ ਗੋਤ; ਇਨ੍ਹਾਂ ਦਾ ਗ ਮਕੜੀ ਹੋਣ ਕਰਕੇ ਇਹ ਸੰਗਿਆ ਬਣੀ।

**(ਮ-44) ਮਕੜੀ ਦਾ ਜਾਲਾ** :

ਮਕੜੀ ਦਾ ਸਫ਼ੇਦ ਜਾਲਾ ਕਈ ਵਰਤਿਆ ਜਾਂਦਾ ਹੈ। ਇਸ ਜਾਲੇ ਨੂੰ ਖਾਣ ਜਿੰਨ ਭੂਤ ਨਹੀਂ ਢੁਕਦੇ। ਵਾਰੀ ਦੇ ਬੁਖ਼ਾਰ ਦੇ ਸਫ਼ੇਦ ਜਾਲੇ ਵਿਚ ਗੁੜ ਵਲ੍ਹੇਟ ਕੇ ਰੋਗੀ ਬੁਖ਼ਾਰ ਉਤਰ ਜਾਂਦਾ ਹੈ।

**(ਮ-45) ਮੱਕਾ** :

ਅਰਬ ਦੇਸ਼ ਦਾ ਇਕ ਨਗਰ, ਜਿਥੇ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨ ਮੁਸਲਮਾਨਾਂ ਦਾ ਸਭ ਤੋਂ ਪਵਿਤ੍ਰ ਅਸਥਾਨ 'ਕ ਵਿਚ ਹੈ (ਵੇਖੋ : ਕਾਅਬਾ)।

**(ਮ-46) ਮਖ਼ਦੂਮ ਹਾਜੀ** :

ਮੀਆਂਵਾਲੀ ਦੇ ਇਕ ਪ੍ਰਸਿੱਧ ਪੀਰ, ਜਿਨ੍ਹ ਸ਼ਹਿਰ ਦੇ ਪੱਛਮ ਵਲ ਸਥਿਤ ਹੈ। ਮਖ਼ਦੂਮ ਸਦੀ ਦੇ ਪਹਿਲੇ ਦਹਾਕੇ ਵਿਚ ਹੋਏ ਤੇ ਸੱਯਦ ਸਨ। ਇਨ੍ਹਾਂ ਨੂੰ ਦਰਿਆ ਦੇ ਕੰਢੇ ਗਿਆ, ਪਰ ਮਗਰੋਂ ਜਦੋਂ ਦਰਿਆ ਨੇ ਪੂਰਾ ਫੈਲਣਾ ਸ਼ੁਰੂ ਕੀਤਾ ਤਾਂ ਹੋਰ ਪੀਰਾਂ ਫ਼ਕੀਰਾਂ ਨਾਲ ਇਨ੍ਹਾਂ ਦੀ ਕਬਰ ਨੂੰ ਵੀ ਕਿਸੇ ਬਣਾਉਣ ਦਾ ਪ੍ਰਬੰਧ ਕੀਤਾ ਗਿਆ। ਮਖ਼ਦੂ ਨਵੀਂ ਕਬਰ ਖੋਦੀ ਗਈ, ਪਰ ਜਦੋਂ ਪੁਰਾ ਇਨ੍ਹਾਂ ਦੀ ਦੇਹ ਨੂੰ ਕਢਿਆ ਜਾਣ ਲੱਗਾ ਤ ਸੀ। ਸ਼ਰਧਾਲੂ ਮੁੜ ਕੇ ਨਵੀਂ ਕਬਰ ਉ ਉਨ੍ਹਾਂ ਵੇਖਿਆ ਕਿ ਉਨ੍ਹਾਂ ਦੀ ਗੋਰ-ਹਾ ਕਬਰ ਬੰਦ ਹੋ ਕੇ, ਉਪਰਲੀ ਉਸਾਰੀ ਵੀ

ਹੈ ਕਿ ਇਨ੍ਹਾਂ ਦੀ ਦੁਕਾਨ ਸਦਾ ਗਰਮ ਰਹਿੰਦੀ ਹੈ ਅਥਵਾ ਲੋਕਾਂ ਦੀਆਂ ਬੇਨਤੀਆਂ ਇਹ ਝਟ ਕਬੂਲ ਕਰ ਲੈਂਦੇ ਹਨ।

(ਮ-47) **ਮਖ਼ਦੂਮ ਜਹਾਨੀਆ** :

ਮੁਸਲਮਾਨਾਂ ਦਾ ਇਕ ਪ੍ਰਸਿਧ ਪੀਰ, ਜੋ ਮੁਸਲਮਾਨਾਂ ਦੇ ਪ੍ਰਮੁਖ ਪੰਜ ਪੀਰਾਂ ਵਿਚੋਂ ਇਕ ਪੀਰ ਹੈ। ਇਸ ਦਾ ਅਸਲੀ ਨਾਂ ਸੱਯਦ ਅਹਿਮਦ ਕਬੀਰ ਸੀ, ਤੇ ਪ੍ਰਸਿਧ ਪੀਰ ਸ਼ੇਰਸ਼ਾਹ ਸੱਯਦ ਜਲਾਲ ਦਾ ਪੋਤਰਾ ਸੀ।

ਇਨ੍ਹਾਂ ਦਾ ਜਨਮ 657 ਹਿਜਰੀ ਵਿਚ ਸ਼ਬੇ ਬਰਾਤ ਨੂੰ ਹੋਇਆ। ਬਚਪਨ ਤੋਂ ਹੀ ਇਨ੍ਹਾਂ ਨੇ ਮੋਜਜ਼ੇ ਵਿਖਾਣੇ ਸ਼ੁਰੂ ਕਰ ਦਿਤੇ। ਸੱਯਦ ਜਲਾਲ ਦੀ ਖ਼ਿਲਾਫ਼ਤ ਉਤੇ, ਦਾਦੇ ਦੇ ਪਿਛੋਂ, ਇਹੋ ਬੈਠੇ, ਕਿਉਂ ਜੋ ਇਨ੍ਹਾਂ ਦੇ ਪਿਤਾ ਤੇ ਚਾਚੇ ਦੀ ਮ੍ਰਿਤੂ ਹੋ ਚੁਕੀ ਸੀ।

ਇਨ੍ਹਾਂ ਦਾ ਬਹੁਤਾ ਜੀਵਨ ਸਫ਼ਰ ਤੇ ਯਾਤਰਾ ਵਿਚ ਗੁਜ਼ਰਿਆ। ਇਹ 36 ਵਾਰ ਮੱਕੇ ਯਾਤ੍ਰਾ ਲਈ ਗਏ।

ਇਨ੍ਹਾਂ ਨੇ ਕਈ ਮੋਜਜ਼ੇ ਵਿਖਾਏ। ਜਦੋਂ ਇਹ ਮਦੀਨੇ ਗਏ ਤਾਂ ਉਥੋਂ ਦੇ ਸੱਯਦਾਂ ਨੇ ਇਨ੍ਹਾਂ ਨੂੰ ਸੱਯਦ ਮੰਨਣੋਂ ਇਨਕਾਰ ਕਰ ਦਿਤਾ ਕਿਉਂ ਜੋ ਉਨ੍ਹਾਂ ਦਾ ਰੰਗ ਕਾਲਾ ਸੀ। ਇਸ ਉਤੇ ਇਨ੍ਹਾਂ ਨੇ ਉਥੋਂ ਦੇ ਸੱਯਦਾਂ ਨੂੰ ਕਿਹਾ ਕਿ ਉਹ ਉਸ ਨਾਲ ਪੈਗ਼ੰਬਰ ਦੀ ਮਜ਼ਾਰ ਉਤੇ ਚੱਲਣ ਤੇ ਉਥੇ ਪ੍ਰਨਾਮ ਤੇ ਪ੍ਰਾਰਥਨਾ ਕਰਨ। ਉਸ ਮਜ਼ਾਰ ਵਿਚੋਂ ਅਵਾਜ਼ ਆਈ, 'ਤੂੰ ਮੇਰੇ ਵਿਚੋਂ ਹੈਂ ਤੇ ਮੇਰੀਆਂ ਅੱਖਾਂ ਦਾ ਨੂਰ ਹੈਂ।' ਉਦੋਂ ਤੋਂ ਮਦੀਨੇ ਦੇ ਸੱਯਦਾਂ ਵਿਚ ਇਨ੍ਹਾਂ ਦੀ ਮਾਨਤਾ ਵਧ ਗਈ ਤੇ ਉਨ੍ਹਾਂ ਨੇ ਪੈਗ਼ੰਬਰਾਂ ਦੀਆਂ ਕੁਝ ਨਿਸ਼ਾਨੀਆਂ ਇਨ੍ਹਾਂ ਨੂੰ ਦਿਤੀਆਂ, ਜਿਨ੍ਹਾਂ ਵਿਚ ਪੈਗ਼ੰਬਰ ਦੀ ਚਾਦਰ, ਪਗੜੀ, ਤੇ ਹਸਨ ਹੁਸੈਨ ਦੀਆਂ ਤਲਵਾਰਾਂ ਦਿਤੀਆਂ ਜੋ ਇਨ੍ਹਾਂ ਦੀ ਮਜ਼ਾਰ ਦੇ ਸਜਾਦਾ ਨਸ਼ੀਨ ਕੋਲ ਹੁਣ ਤਕ ਮੌਜੂਦ ਹਨ।

ਮਖ਼ਦੂਮ ਜਹਾਨੀਆਂ ਨੇ ਅਨੇਕਾਂ ਕਬੀਲਿਆਂ ਨੂੰ ਮੁਸਲਮਾਨੀ ਮੱਤ ਗ੍ਰਹਿਣ ਕਰਵਾਇਆ, ਜਿਹਾ ਕਿ ਖਰਲ, ਔਲਕ, ਮਨਹਾਸ ਆਦਿ।

ਮਖ਼ਦੂਮ ਜਹਾਨੀਆਂ ਦੀ ਮ੍ਰਿਤੂ 77 ਸਾਲ ਦੀ ਆਯੂ ਵਿਚ ਹੋਈ ਤੇ ਇਨ੍ਹਾਂ ਦੀ ਮਜ਼ਾਰ ਬਹਾਵਲਪੁਰ ਵਿਚ ਹੈ।

ਇਸ ਨੂੰ ਭੂਮਣਾ ਵੀ ਕਿਹਾ ਜਾਂਦਾ ਹੈ।

ਇਕ ਮਿੱਥ ਅਨੁਸਾਰ ਮਖਿਆਰੀਆਂ ਇਕ ਅ
ਔਲਾਦ ਹਨ, ਜੋ 'ਨੰਦਨ ਬਨ' ਵਿਚ ਰਿਹਾ ਕ
ਇਹ ਨੰਦਨ ਬਨ ਦੇ ਸਾਰੇ ਫੁੱਲਾਂ ਤੇ ਫਲਾਂ ਦ
ਤੇ ਮਿਠਾਸ ਸੁੰਘ ਕੇ ਹੀ ਚੂਸ ਲਿਆ ਕਰਦੀ ਸੀ।
ਦੁਖੀ ਹੋ ਕੇ, ਇਸ ਨੂੰ ਨੰਦਨ ਬਨ ਵਿਚੋਂ ਕੱਢ ਕੇ
ਵਿਚ ਭੇਜ ਦਿਤਾ। ਫੁੱਲਾਂ ਫਲਾਂ ਤੇ ਬੈਠਣ ਦੀ
ਕਾਰਨ ਇਸ ਨੂੰ ਮੱਖੀ ਦਾ ਰੂਪ ਧਾਰਨ ਕਰਨਾ ਪਿ

ਪੁਰਾਣ ਕਥਾਵਾਂ ਅਨੁਸਾਰ ਕਾਮ ਦੇਵਤੇ ਦੇ
ਤਣੀ ਮਖਿਆਰੀਆਂ ਦੇ ਡੰਗਾਂ ਦੀ ਸੂਤਰੀ ਤੋਂ
ਇਸੇ ਲਈ ਕਾਮ ਦੇ ਡੰਗ ਤੋਂ ਬਚਣਾ ਔਖਾ ਹੁੰਦਾ

(ਮ-49) **ਮਖੇਰਨਾ** :

ਕੌਡਾਂ, ਘੋਗਿਆਂ ਤੇ ਮੋਤੀਆਂ ਨਾਲ ਬਣਿ
ਜੋ ਪਸ਼ੂਆਂ, ਬਲਦਾਂ ਜਾਂ ਘੋੜਿਆਂ ਦੇ ਮੱਥੇ ਤੇ
ਜਾਂਦਾ ਹੈ। ਇਸ ਦਾ ਮਨੋਰਥ ਪਸ਼ੂ ਤੋਂ ਬਦਰੂਹ
ਰਖਣਾ ਹੁੰਦਾ ਹੈ।

(ਮੰ-50) **ਮੰਗ** :

ਪੰਜਾਬ ਦੇ ਪਿੰਡਾਂ ਵਿਚ, ਕਦੇ ਇਹ ਰਵਾਜ
ਕਿ ਕਿਸੇ ਸ਼ਖ਼ਸ ਦੇ ਬੇਨਤੀ ਕਰਨ ਉਤੇ ਪਿੰਡ
ਮਿਲ ਕੇ, ਉਸ ਦਾ ਕੰਮ ਬਿਨਾਂ ਕੋਈ ਮਜ਼ਦੂਰੀ
ਦਿਤਾ ਕਰਦੇ ਸਨ। ਇਸ ਕੰਮ ਨੂੰ ਅਤੇ ਕੰਮ ਕ
ਲੋਕਾਂ ਨੂੰ ਵੀ ਮੰਗ ਕਿਹਾ ਜਾਂਦਾ ਸੀ।

ਮੰਗ ਦੀ ਵੱਡੀ ਸਿਫ਼ਤ ਇਹ ਸੀ ਕਿ ਉਹ ਕਿ
ਦੀ ਮਜ਼ਦੂਰੀ ਨਹੀਂ ਸੀ ਲੈਂਦੇ। ਉਹ ਇਹ ਕੰਮ ਮਿ
ਵਜੋਂ ਕਰਦੇ ਸਨ। ਜਿਸ ਦੇ ਘਰ ਮੰਗ ਕੰਮ ਕਰਦੀ,
ਫ਼ਰਜ਼ ਹੁੰਦਾ ਸੀ ਕਿ ਉਹ ਕੰਮ ਕਰਨ ਵਾਲਿਆਂ ਨੂੰ
ਵੇਲੇ ਰਜਵਾਂ ਭੋਜਨ ਮਹਿਮਾਨਾਂ ਵਾਂਗ ਦੇਵੇ। ਇ
ਉਤੇ ਬਹੁਤੀ ਵਾਰ ਮਾਸ ਚਾਵਲ ਆਦਿ ਚੰਗੇ ਪਦਾ
ਪਕਾਏ ਜਾਂਦੇ ਅਥਵਾ ਸ਼ੀਰਨੀ ਜਾਂ ਕੋਈ ਮਿੱਠੀ ਚ
ਲਈ ਨਾਲ ਦਿਤੀ ਜਾਂਦੀ।

ਮੰਗ ਕੇਵਲ ਇਕ ਦਿਨ ਹੀ ਕੰਮ ਕਰਦੀ।
ਕੰਮ ਨਾ ਮੁਕਦਾ ਤਾਂ ਅਗਲੇ ਦਿਨ ਨਵੀਂ ਮੰਗ ਆ

ਕੀਤੇ ਜਾਂਦੇ । ਖੂਹ ਦੀ ਪੁਟਾਈ ਸਮੇਂ ਮੰਗ ਨੂੰ ਉਚੇਚੇ ਤੌਰ ਤੇ ਚੰਗੇ ਪਦਾਰਥ ਖਵਾਏ ਜਾਂਦੇ ਨਹੀਂ ਤਾਂ ਲੋਕਾਂ ਦਾ ਨਿਸਚਾ ਸੀ ਕਿ ਪਾਣੀ ਮਿੱਠਾ ਨਹੀਂ ਨਿਕਲਦਾ । ਇਸੇ ਤਰ੍ਹਾਂ ਦਾ ਵਿਚਾਰ ਛੱਤ ਬਾਰੇ ਸੀ । ਜੇ ਮੰਗ ਨੂੰ ਰੱਜ ਕੇ ਨਾ ਖਵਾਇਆ ਜਾਵੇ ਤਾਂ ਛੱਤ ਚੋਣ ਲਗਦੀ ਹੈ । ਜੇ ਮੰਗ ਕਿਸੇ ਕਾਮੇ ਦੇ ਘਰ ਆਈ ਹੋਵੇ ਤਾਂ ਉਹ ਰੋਟੀ ਨਾਲ ਖਾਣ ਲਈ ਗੁੜ ਦੇਂਦਾ ਹੈ ।

ਮੰਗ ਦਾ ਰਵਾਜ ਪੱਛਮੀ ਪੰਜਾਬ ਵਿਚ ਅਜੇ ਵੀ ਪ੍ਰਚਲਤ ਹੈ, ਪਰ ਪੂਰਬੀ ਪੰਜਾਬ ਵਿਚ ਇਹ ਅਤੀਤ ਦੀ ਯਾਦ ਬਣ ਕੇ ਰਹਿ ਗਿਆ ਹੈ ।

(ਮ-51) **ਮੰਗਲ** :

(ੳ) ਮੰਗਲ ਗ੍ਰਹਿ; ਇਸ ਗ੍ਰਹਿ ਦੀ ਉਤਪਤੀ ਬਾਰੇ ਅਨੇਕਾਂ ਕਥਾਵਾਂ ਪੁਰਾਣਾਂ ਵਿਚ ਮਿਲਦੀਆਂ ਹਨ । ਬ੍ਰਹਮਵੈਵਰਤ ਪੁਰਾਣ ਅਨੁਸਾਰ ਮੰਗਲ ਪ੍ਰਿਥਵੀ ਦੇ ਉਦਰ ਤੋਂ ਵਿਸ਼ਨੂੰ ਦੇ ਵੀਰਜ ਦੁਆਰਾ ਜੰਮਿਆ । ਪਦਮ ਪੁਰਾਣ ਅਨੁਸਾਰ ਮੰਗਲ ਦੀ ਉਤਪਤੀ ਵਿਸਨੂੰ ਦੇ ਪਸੀਨੇ ਤੋਂ ਹੋਈ ਮੰਨੀ ਗਈ ਹੈ । ਵਾਮਨ ਪੁਰਾਣ ਅਨੁਸਾਰ ਮੰਗਲ ਸ਼ਿਵ ਦੇ ਮੂੰਹ ਵਿਚੋਂ ਡਿੱਗੀ ਥੁੱਕ ਵਿਚੋਂ ਜੰਮਿਆ ।

ਮੰਗਲ ਗ੍ਰਹਿ ਦਾ ਏਕੀਕਰਣ ਯੁੱਧ ਦੇ ਦੇਵਤੇ ਕਾਰਤਿਕੇਯ ਨਾਲ ਕੀਤਾ ਜਾਂਦਾ ਹੈ । ਮਹਾਂਭਾਰਤ ਤੇ ਰਾਮਾਇਣ ਅਨੁਸਾਰ ਕਾਰਤਿਕੇਯ ਸ਼ਿਵ ਦਾ ਪੁੱਤਰ ਸੀ । ਸ਼ਿਵ ਨੇ ਆਪਣਾ ਵੀਰਜ ਅੱਗ ਵਿਚ ਸੁਟਿਆ, ਜੋ ਮਗਰੋਂ ਗੰਗਾ ਨੇ ਪ੍ਰਾਪਤ ਕਰ ਲਿਆ, ਜਿਸ ਤੋਂ ਕਾਰਤਿਕੇਯ ਅਥਵਾ ਮੰਗਲ ਦੀ ਉਤਪਤੀ ਹੋਈ । ਇਸੇ ਲਈ ਇਸ ਨੂੰ ਅਗਨੀ ਵੀ ਕਹਿੰਦੇ ਹਨ । ਇਸ ਬਾਲ ਦੀ ਪਾਲਨਾ ਕ੍ਰਿਤਕਾਂ ਨੇ ਕੀਤੀ, ਜਿਸ ਕਰ ਕੇ ਇਸ ਨੂੰ ਕਾਰਤਿਕੇਯ ਕਿਹਾ ਜਾਣ ਲੱਗਾ । ਇਸ ਦੇ ਛੇ ਸਿਰ ਹਨ (ਵੇਖੋ : ਕਾਰਤਿਕੇਯ) ।

ਕਾਰਤਿਕੇਯ ਦੇ ਰੂਪ ਵਿਚ, ਇਹ ਦੇਵਤਾ ਮੰਗਲ ਪਰਵਾਣੀ ਨਾਂ ਦੇ ਮੋਰ ਦੀ ਸਵਾਰੀ ਕਰਦਾ ਹੈ । ਇਸ ਦੇ ਇਕ ਹੱਥ ਵਿਚ ਧਨੁਸ਼ ਤੇ ਦੂਜੇ ਹੱਥ ਵਿਚ ਤੀਰ ਫੜਿਆ ਹੋਇਆ ਹੈ ।

ਮੰਗਲ ਗ੍ਰਹਿ ਦਾ ਰੰਗ ਲਾਲ ਹੈ । ਲਾਲ ਰੰਗ ਸ਼ੁਭ ਮੰਨਿਆ ਜਾਂਦਾ ਹੈ ।

(ਮ-52) **ਮੰਗਲ ਸੂਤਰ** :

(ੳ) ਇਕ ਗਹਿਣਾ, ਜੋ ਵਿਆਹ ਦ
ਹਿੰਦੂ ਕੰਨਿਆਂ ਨੂੰ ਪਹਿਨਾਂਦੇ ਹਨ ਤੇ ਇ
ਸੁਹਾਗ ਦਾ ਪ੍ਰਤੀਕ ਮੰਨ ਕੇ, ਸੁਹਾਗਵਤੀ ਹਮੇ
ਅਥਵਾ ਕੋਲ ਰਖਦੀ ਹੈ ।

ਮੰਗਲ ਸੂਤਰ ਦੀ ਪ੍ਰਥਾ ਵੈਦਿਕ ਕਾਲ
ਰਹੀ ਹੈ । ਉਦੋਂ ਇਹ ਦਰਬ ਘਾਹ ਦਾ ਇਕ
ਸੀ, ਜਿਸ ਨੂੰ ਤੇਲ ਤੇ ਹਲਦੀ ਵਿਚ ਭਿ
ਦੀ ਖੱਬੀ ਤੇ ਦੂਲ੍ਹੇ ਦੀ ਸੱਜੀ ਵੀਣੀ ਉਤੇ
ਜਾਂਦਾ ਸੀ ।

(ਅ) ਮੌਲਸਰੀ ਦਾ ਧਾਗਾ, ਜਿਸ ਨੂੰ ਵੀ
ਨਾਲ, ਚੰਦਰੀ ਨਜ਼ਰ ਨਹੀਂ ਲਗਦੀ ਤੇ ਨ
ਨੇੜੇ ਢੁਕਦੇ ਹਨ ।

(ਮ-53) **ਮੰਗਲ ਕਲਸ਼** :

ਬੱਚੇ ਦੇ ਜਨਮ, ਮੁੰਡਨ ਅਤੇ ਵਿਆਹ
ਅਵਸਰਾਂ ਉਤੇ ਘੜੇ ਜਾਂ ਕਲਸ਼ ਵਿਚ ਜਲ
ਜਾਂਦਾ ਹੈ ਤੇ ਉਪਰ ਢੱਪਣੀ ਦੇ ਕੇ ਜੋਤ ਬਾ
ਇਸ ਨੂੰ ਮੰਗਲ ਕਲਸ ਕਹਿੰਦੇ ਹਨ ਤੇ
ਪ੍ਰਤੀਕ ਹੈ । ਜਲ ਨਾਲ ਭਰਿਆ ਘੜਾ, ਜੀਵ
ਹੁੰਦਾ ਹੈ ਤੇ ਦੀਵਾ ਭਖਦੀ ਕਣੀ ਦਾ । ਪ
ਇਹ ਵੀ ਵਿਸ਼ਵਾਸ ਸੀ ਕਿ ਸਭ ਜੀਵਾਂ ਜੰਤੂ
ਨੂੰ ਵਿਸ਼ਵਕਰਮਾ ਮਿੱਟੀ ਨਾਲ ਘੜਦਾ ਹੈ
ਦੇ ਛੱਟਿਆਂ ਨਾਲ ਇਸ ਨੂੰ ਸਿੰਚਦਾ ਤੇ
ਵਿਚ ਪ੍ਰਾਣ ਪਾਉਂਦਾ ਹੈ । ਘੜਾ, ਜਲ
ਪ੍ਰਕ੍ਰਿਆ ਦੇ ਹੀ ਬੋਧਿਕ ਹਨ ।

(ਮ-54) **ਮੰਗਲ ਗ੍ਰਹਿ ਦੀ ਉਪਾਸਨਾ** :

ਹਿੰਦੂਆਂ ਵਿਚ ਨੌਂ ਗ੍ਰਹਿਆਂ ਦੀ ਪੂਜ
ਵਿਆਹ ਅਤੇ ਹੋਰ ਸਮਾਗਮਾਂ ਤੇ ਗ੍ਰਹਿਆਂ ਦਾ
ਪੂਜਿਆ ਜਾਂਦਾ ਹੈ । ਮੰਗਲ ਗ੍ਰਹਿ ਦੀ
ਵਿਚ, ਸਾਮੂਹਿਕ ਰੂਪ ਵਿਚ ਵੀ ਕੀਤੀ
ਵੱਖ ਵਖਰੀ ਵੀ । ਮੰਗਲਵਾਰ ਮੰਗਲ ਗ੍ਰਹਿ
ਹਿੰਦੂ ਮੰਗਲ ਗ੍ਰਹਿ ਨੂੰ ਪਤਿਆਣ ਲਈ ਇ

'ਕੀੜਾ' ਜਾਂ ਕਿਸੇ ਹੋਰ ਨਾਂ ਨਾਲ ਉਸ ਦੀ ਹੋਂਦ ਦੀ ਜਾਣਕਾਰੀ ਕਰਾਣੀ। ਧਾਰਨਾ ਹੈ ਕਿ ਜੇ ਸੱਪ ਨੂੰ ਸੱਪ ਕਿਹਾ ਜਾਵੇਗਾ ਤਾਂ ਉਹ ਉਸੇ ਵੇਲੇ ਅਲੋਪ ਹੋ ਜਾਵੇਗਾ ਤੇ ਹੋ ਸਕਦਾ ਹੈ ਕਿ ਉਹ ਲੁਕ ਛਿਪ ਕੇ ਡਸ ਹੀ ਜਾਵੇ। ਪਰ ਕੀੜਾ ਕਹਿਣ ਨਾਲ ਉਸ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਸ ਦਾ ਜ਼ਿਕਰ ਹੋ ਰਿਹਾ ਹੈ ਤੇ ਉਹ ਆਪਣੀ ਥਾਂ ਜਾਂ ਗੱਲ ਵਿਚ ਮਸਤ ਰਹਿੰਦਾ ਹੈ।

ਮੰਗਲ ਭਾਸ਼ਣ ਦਾ ਅਸਲ ਮੰਤਵ ਪ੍ਰਸੰਸਾ ਕਰਨਾ ਜਾਂ ਉਸ ਜੀਵ ਦੀ ਛੋਟੀ ਪੱਧਰ ਤੇ ਪੂਜਾ ਕਰਨਾ ਹੁੰਦਾ ਹੈ। ਜਾਂ ਫਿਰ ਰੂਪਕਾਂ ਰਾਹੀਂ ਆਪਣੇ ਮੰਤਵ ਨੂੰ ਬਦਰੂਹਾਂ ਤੋਂ ਛੁਪਾ ਕੇ ਰਖਣਾ ਹੈ ਜਾਂ ਫਿਰ ਉਨ੍ਹਾਂ ਸ਼ਕਤੀਸ਼ਾਲੀ ਜ਼ਹਿਰੀਲੇ ਜੀਵ ਜੰਤਾਂ ਦਾ ਨਾਂ ਲੈਣ ਤੋਂ ਪਰਹੇਜ਼ ਕਰਨਾ ਹੈ, ਜਿਨ੍ਹਾਂ ਨੂੰ ਛੇੜਨਾ ਖ਼ਤਰਾ ਮੁੱਲ ਲੈਣ ਵਾਲੀ ਗੱਲ ਹੈ। ਜਾਂ ਕਿਸੇ ਰੋਗ ਜਿਸ ਤੋਂ ਪਿੱਛਾ ਛੁਡਾਣਾ ਚਾਹੁੰਦੇ ਹੋਵੋ, ਉਸ ਦਾ ਨਾਂ ਲੈਣ ਦੀ ਥਾਂ ਆਦਰ ਕਰਨਾ।

ਪੰਜਾਬ ਦੇ ਪਹਾੜੀ ਇਲਾਕੇ ਵਿਚ ਸ਼ੇਰ ਲਈ ਮਾਹਣੂ ਜਾਂ ਬਾਘ ਸ਼ਬਦ ਮੰਗਲ ਭਾਸ਼ਣ ਦੇ ਹੀ ਅੰਗ ਹਨ। ਪੰਜਾਬ ਵਿਖੇ ਚੇਚਕ ਨੂੰ ਵੱਡੀ ਮਾਤਾ ਕਿਹਾ ਜਾਂਦਾ ਹੈ ਕਿਉਂਜੋ ਜੇ ਬੀਮਾਰੀ ਦਾ ਅਸਲੀ ਨਾਂ ਲਿਆ ਜਾਵੇ ਤਾਂ ਦੇਵੀ ਮਾਤਾ ਦੇ ਨਰਾਜ਼ ਹੋ ਜਾਣ ਦਾ ਭੈਅ ਹੁੰਦਾ ਹੈ। ਨਾਲ ਹਰ ਉਸ ਚੀਜ਼—ਮਾਸ, ਪਿਆਜ਼, ਸਾਬੂਨ ਆਦਿ ਦਾ ਪਰਹੇਜ਼ ਕੀਤਾ ਜਾਂਦਾ ਹੈ, ਜੋ ਦੇਵੀ ਮਾਤਾ ਨੂੰ ਪਸੰਦ ਨਹੀਂ। ਪੰਜਾਬ ਵਿਚ ਵੀ ਚੇਚਕ ਨੂੰ ਕਣਕ ਦੇ ਦਾਣੇ ਕਿਹਾ ਜਾਂਦਾ ਹੈ ਤੇ ਜੰਗਲੀ ਪੱਤੇ ਦੇ ਨਾਂ ਨਾਲ ਯਾਦ ਕਰਦੇ ਹਨ।

ਮੌਤ ਭੈਅ ਦੀ ਇਕ ਕਿਰਿਆ ਸਮਝੀ ਜਾਂਦੀ ਹੈ ਇਸ ਲਈ ਇਸ ਦਾ ਨਾਂ ਆਮ ਨਹੀਂ ਲਿਆ ਜਾਂਦਾ। ਇਸ ਦੀ ਥਾਂ ਗੂੜ੍ਹੀ ਨੀਂਦਰ ਸੌਣਾ, ਪਰਲੋਕ ਸਿਧਾਰਨਾ, ਸਵਰਗਵਾਸ ਹੋਣਾ, ਪੂਰਾ ਹੋ ਜਾਣਾ ਆਦਿ ਮੰਗਲ ਭਾਸ਼ੀ ਸ਼ਬਦ ਵਰਤੇ ਜਾਂਦੇ ਹਨ।

ਪੰਜਾਬ ਵਿਚ ਜਦੋਂ ਲੋਕ ਸ਼ਾਮ ਨੂੰ ਦੁਕਾਨ ਬੰਦ ਕਰਦੇ ਹਨ ਤਾਂ ਦੁਕਾਨ ਬੰਦ ਕਰਨ ਦੀ ਥਾਂ 'ਦੁਕਾਨ ਵਧਾਣਾ' ਸ਼ਬਦ ਵਰਤਦੇ ਹਨ। ਕਿਉਂ ਜੋ ਦੁਕਾਨ ਬੰਦ ਕਰਨ ਤੋਂ ਭਾਵ ਹਮੇਸ਼ਾ ਲਈ ਕੰਮ ਦੇ ਠੱਪ ਹੋਣ ਦਾ ਸੰਕੇਤ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਰਾਤ ਨੂੰ ਦੀਵਾ ਬੁਝਾਣ ਲਗਿਆਂ 'ਦੀਵਾ ਵੱਡਾ

ਹੈ ਅਤੇ ਮੰਗਲਵਾਰ ਵਰਤ ਰਖਣ ਨਾਲ ਉਸ ਦ
ਜਾਂਦਾ ਹੈ। ਹਨੂੰਮਾਨ ਨੂੰ ਪ੍ਰਸੰਨ ਕਰਨ ਲਈ ਵ
ਨੂੰ ਵਰਤ ਰਖਿਆ ਜਾਂਦਾ ਹੈ ਅਤੇ ਲੱਡੂ-
ਮਠਿਆਈ ਵੰਡੀ ਜਾਂਦੀ ਹੈ।

ਮੰਗਲ ਦੇ ਵਰਤ ਦੀ ਵਿਧੀ ਇਸ ਪ੍ਰਕਾਰ
ਜਾਗ ਕੇ ਇਸ਼ਨਾਨ ਕਰ ਕੇ ਵਰਤ ਦਾ ਸੰਕ
ਮੰਗਲ ਗ੍ਰਹਿ ਦਾ ਰੰਗ ਲਾਲ ਹੈ, ਇਸ ਲਈ
ਲਾਲ ਪਦਾਰਥਾਂ ਤੇ ਵਸਤੂਆਂ ਨਾਲ ਪ੍ਰਸੰਨ
ਸਕਦਾ ਹੈ। ਮੰਗਲ ਨੂੰ ਲਾਲ ਚੰਦਨ, ਲਾਲ
ਲਾਲ ਕਣਕ ਤੇ ਗੁੜ ਨਾਲ ਬਣੇ ਪਦਾਰਥ
ਹਨ, ਇਸ ਲਈ ਮੰਗਲ ਦੀ ਮੂਰਤੀ ਦੀ ਲਾਲ
ਪੂਜਾ ਕੀਤੀ ਜਾਵੇ। ਲਾਲ ਬਸਤਰ ਤੇ ਲਾਲ
ਕੀਤਾ ਜਾਵੇ ਅਤੇ ਗੁੜ ਕਣਕ ਤੇ ਘਿਉ ਦੇ
ਦਾ ਨੈਵੇਦ ਦਿਤਾ ਜਾਵੇ। ਮੰਗਲ ਦੇਵਤੇ
ਮੂਰਤੀ ਪੂਜਾ ਲਈ ਤਾਂਬੇ ਦੇ ਭਾਂਡੇ ਵਿਚ ਸਥਾਪਿ
ਦਿਨ ਵਿਚ ਕੇਵਲ ਇਕ ਵਾਰ ਸ਼ਾਮ ਵੇਲੇ ਆ
ਕਰਨਾ ਵਿਧਾਨ ਹੈ।

ਛੇ ਮੰਗਲਵਾਰ ਨੂੰ ਵਰਤ ਰਖਣ ਮ
ਮੰਗਲਵਾਰ ਨੂੰ ਮੰਗਲ ਦੀ ਮੂਰਤੀ ਪੂਜਾ ਕਰ
ਕਪੜੇ ਭੇਟਾ ਕਰੇ। ਧੂਪ ਦੀਪ ਤੇ ਫੁੱਲ ਚ
ਮਗਰੋਂ ਬ੍ਰਾਹਮਣਾਂ ਨੂੰ ਭੋਜਨ ਤੇ ਦੱਖਣਾ ਦਿਤੀ ਜ

ਜੇ ਮੰਗਲਵਾਰ ਨੂੰ ਸਵਾਂਤੀ ਨਛੱਤਰ ਹੋ
ਵਰਤ ਦਾ ਮਹਾਤਮ ਹੋਰ ਵਧ ਜਾਂਦਾ ਹੈ।
ਮੰਗਲਵਾਰੀ ਵਰਤ ਰਖਣ ਨਾਲ ਮਨ ਦੀਆਂ ਸ
ਦੀ ਪੂਰਤੀ ਹੁੰਦੀ ਹੈ। ਦੁਖ ਦਲਿੱਦਰ ਘਟਦ
ਮੰਗਲ ਦੋਸ਼ ਤੋਂ ਮੁਕਤ ਹੁੰਦਾ ਹੈ।

ਮੰਗਲਵਾਰ ਦੇ ਵਰਤ ਦੇ ਮਹੱਤਵ ਬਾਰੇ
ਇਉਂ ਪ੍ਰਚਲਤ ਹੈ : ਪ੍ਰਾਚੀਨ ਕਾਲ ਵਿਚ ਸਰਵ
ਬ੍ਰਾਹਮਣ, ਜਿਸ ਦੀ ਪਤਨੀ ਦਾ ਨਾਂ ਸੁਨੰਦਾ
ਸੰਤਾਨ ਨਹੀਂ ਸੀ ਹੁੰਦੀ। ਬੁਢੇਪੇ ਵਿਚ ਸੰਤਾ
ਆਸ ਜਦੋਂ ਮੁਕ ਗਈ ਤਾਂ ਉਸ ਨੇ ਇਕ
ਗੋਦ ਲੈ ਕੇ ਪਾਲਣਾ ਸ਼ੁਰੂ ਕਰ ਦਿਤਾ। ਜ
ਜਵਾਨ ਹੋਈ ਤਾਂ ਉਸ ਦਾ ਵਿਆਹ ਸੋਮੇਸ਼ਵਰ
ਦਿਤਾ। ਜਦੋਂ ਕੰਨਿਆਂ ਸਹੁਰੇ ਜਾਣ ਲੱਗੀ ਤ

ਪਤੀ ਭਗਤੀ ਨੂੰ ਵੇਖ ਕੇ ਪ੍ਰਸੰਨ ਹੋਇਆ ਹਾਂ, ਤੂੰ ਵਰ ਮੰਗ ਲੈ", ਵਿਧਵਾ ਨੇ ਵਰ ਮੰਗਿਆ ਕਿ ਉਸ ਦੇ ਪਤੀ ਨੂੰ ਮੁੜ ਸੁਰਜੀਤ ਕਰ ਦਿਤਾ ਜਾਵੇ। ਉਸ ਤੇਜਸਵੀ ਪੁਰਸ਼ ਨੇ ਇਹ ਵਰ ਦੇ ਦਿਤਾ। ਇਹ ਤੇਜਸਵੀ ਪੁਰਸ਼ ਮੰਗਲ ਦੇਵਤਾ ਸੀ। ਮੰਗਲ ਦੇਵਤੇ ਨੇ ਕਿਹਾ ਕਿ ਇਸ ਵਾਰ ਨੂੰ ਜੋ ਸ਼ਖ਼ਸ ਵਰਤ ਰਖੇਗਾ, ਮੈਂ ਉਸ ਦੀ ਰਖਿਆ ਕਰਾਂਗਾ ਤੇ ਆਸਾਂ ਦੀ ਪੂਰਤੀ ਕਰਾਂਗਾ।

(ਮ-57) **ਮੰਗਲੀਕ** :

ਜਿਸ ਬਾਲ ਦੀ ਜਨਮ ਕੁੰਡਲੀ ਦੇ ਪਹਿਲੇ, ਚੌਥੇ, ਸਤਵੇਂ, ਅਠਵੇਂ ਜਾਂ ਬਾਰ੍ਹਵੇਂ ਘਰ ਮੰਗਲ ਗ੍ਰਹਿ ਹੋਵੇ ਉਸ ਨੂੰ ਮੰਗਲੀਕ ਜਾਂ ਮੰਗਲੀ ਕਿਹਾ ਜਾਂਦਾ ਹੈ। ਕੁਝ ਜੋਤਸ਼ੀਆਂ ਅਨੁਸਾਰ ਜਨਮ ਕੁੰਡਲੀ ਦੇ ਚੌਥੇ, ਅਠਵੇਂ ਜਾਂ ਬਾਰ੍ਹਵੇਂ ਘਰ ਮੰਗਲ ਗ੍ਰਹਿ ਹੋਵੇ ਤਾਂ ਕੁੜੀ ਮੰਗਲੀਕ ਹੁੰਦੀ ਹੈ। ਅਜਿਹੀ ਕੁੜੀ ਦਾ ਵਿਆਹ ਮੰਗਲੀਕ ਮੁੰਡੇ ਨਾਲ ਹੀ ਹੋਣਾ ਚਾਹੀਦਾ ਹੈ। ਜੇ ਦੋਵੇਂ ਮੰਗਲੀ ਹੋਣ ਤਾਂ ਉਨ੍ਹਾਂ ਦਾ ਗ੍ਰਿਹਸਥੀ ਜੀਵਨ ਸੁਖ ਸ਼ਾਂਤੀ ਤੇ ਸਮਤਾਲ ਵਿਚ ਲੰਘਦਾ ਹੈ, ਪਰ ਜੇ ਦੋਹਾਂ ਵਿਚੋਂ ਇਕ ਮੰਗਲੀ ਹੋਵੇ ਤਾਂ ਮੰਗਲ ਗ੍ਰਹਿ ਦੀ ਕਰੋਪੀ ਕਾਰਨ ਉਨ੍ਹਾਂ ਦਾ ਗ੍ਰਿਹਸਥੀ ਜੀਵਨ ਕੁੰਭੀ ਨਰਕ ਬਣ ਜਾਂਦਾ ਹੈ ਅਤੇ ਦੋਹਾਂ ਵਿਚੋਂ ਜਿਹੜਾ ਮੰਗਲੀਕ ਨਹੀਂ, ਉਹ ਰੋਗਾਂ ਵਿਚ ਗ੍ਰਸਿਆ ਰਹਿੰਦਾ ਹੈ।

ਜੇ ਵਰ ਜਾਂ ਕੰਨਿਆ ਵਿਚੋਂ ਇਕ ਮੰਗਲੀਕ ਹੋਵੇ ਤਾਂ ਲਗਨ ਦੇ ਮੌਕੇ ਤੇ ਉਸ ਦੇ ਅਸਲੀ ਫੇਰਿਆਂ ਤੋਂ ਪਹਿਲਾ ਕਿਸੇ ਬ੍ਰਿਛ—ਕਿੱਕਰ, ਪਿੱਪਲ ਆਦਿ ਨਾਲ 'ਢਕੋਂਸਲਾ' ਫੇਰੇ ਕੀਤੇ ਜਾਂਦੇ ਹਨ। ਨਿਸਚਾ ਹੈ ਕਿ ਜੇ ਮੰਗਲੀਕ ਵਰ ਹੋਵੇ ਤਾਂ ਕੰਨਿਆ ਦੀ ਅਤੇ ਜੇ ਕੰਨਿਆ ਮੰਗਲੀਕ ਹੋਵੇ ਤਾਂ ਵਰ ਦੀ ਮ੍ਰਿਤੂ ਹੋ ਜਾਂਦੀ ਹੈ। ਬ੍ਰਿਛ ਨਾਲ ਫੇਰੇ ਲੈ ਲੈਣ ਨਾਲ ਮੂਲ ਪਤੀ ਪਤਨੀ ਉਤੇ ਸੰਕਟ ਨਹੀਂ ਆਉਂਦਾ।

ਜਿਸ ਬਾਲ ਦੀ ਜਨਮ ਕੁੰਡਲੀ ਦੇ ਪਹਿਲੇ, ਚੌਥੇ, ਸਤਵੇਂ, ਨਾਵੇਂ ਤੇ ਬਾਰ੍ਹਵੇਂ ਘਰ ਵਿਚ ਨਾਲ ਸ਼ਨੀ ਵੀ ਹੋਵੇ ਤਾਂ ਮੰਗਲੀ ਦੋਸ਼ ਬਲਵਾਨ ਨਹੀਂ ਰਹਿੰਦਾ।

(ਮ-58) **ਮਘਰ** :

ਦੇਸੀ ਸਾਲ ਦਾ ਨੌਵਾਂ ਮਹੀਨਾ, ਇਸ ਮਹੀਨੇ ਦੀ

ਲਈ ਯੋਗ ਸਮਝਦੇ ਹਨ। ਲੋਕ-ਨਿਸਚੇ
ਮਹੀਨੇ ਵਿਆਹ ਕਰਨ ਨਾਲ ਦੰਪਤੀ ਦੀਰਘ
ਤੇ ਸੰਤਾਨ ਦਾ ਅਨੰਦ ਮਾਣਦੇ ਹਨ।

(ਮ-59) **ਮਚਕੁੰਦ** :

ਇਕ ਪੁਰਾਣਿਕ ਰਾਜਾ ਜੋ ਇਕਸ਼ਵਾਕੂ ਦ
ਮਾਂਧਾਤ੍ਰੀ ਦਾ ਪੁੱਤਰ ਸੀ। ਪੁਰਾਣਾਂ ਅਨੁਸਾਰ
ਅਸੁਰਾਂ ਵਿਰੁਧ ਲੜ ਰਹੇ ਦੇਵਤਿਆਂ ਦੀ ਸ
ਤੇ ਵਿਜੈ ਪਾਈ। ਮਗਰੋਂ ਇਸ ਨੇ ਦੇਵਤਿ
ਸਮੇਂ ਲਈ ਸੁੱਤੇ ਰਹਿਣ ਦਾ ਵਰ ਮੰਗਿ
ਹੀ ਬੇਨਤੀ ਕੀਤੀ ਕਿ ਜਿਹੜਾ ਉਸ ਨੂੰ ਸੁਤਿਆ
ਉਹ ਮਚਕੁੰਦ ਦੇ ਸਰੀਰ ਵਿਚੋਂ ਉਪਜੀ ਅੱਗ
ਸੁਆਹ ਹੋ ਜਾਏ। ਦੇਵਤਿਆਂ ਨੇ ਮਚਕੁੰਦ
ਦੇ ਦਿਤਾ।

ਜਦੋਂ ਦੁਆਪਰ ਯੁਗ ਵਿਚ ਕਾਲਯਵਨ
ਵਿਰੁਧ ਮਥਰਾ ਉਤੇ ਹੱਲਾ ਬੋਲਿਆ ਤਾਂ ਕ੍ਰਿਸ਼
ਨੂੰ ਆਪਣੇ ਪਿਛੇ ਲਾ ਕੇ, ਉਸ ਗੁਫਾ ਵਿਚ
ਮਚਕੁੰਦ ਸੁੱਤਾ ਪਿਆ ਸੀ, ਕਾਲਯਵਨ ਨੇ ਮਚ
ਸਮਝ ਕੇ, ਠੁੱਡਾ ਮਾਰ ਕੇ ਜਗਾਇਆ। ਮਚ
ਵਿਚੋਂ ਅਗਨੀ ਦੀਆਂ ਲਾਟਾਂ ਉਪਜੀਆਂ,
ਕਾਲਯਵਨ ਭਸਮ ਹੋ ਗਿਆ। ਮਗਰੋਂ ਕ੍ਰਿਸ਼ਨ
ਆ ਗਿਆ, ਮਚਕੁੰਦ ਨੇ ਉਨ੍ਹਾਂ ਦਾ ਸਤਿਕਾਰ
ਕੀਤਾ। ਕ੍ਰਿਸ਼ਨ ਨੇ ਉਸ ਨੂੰ ਵਰ ਦਿਤਾ ਕਿ
ਉਸ ਨੂੰ ਮਨਇੱਛਤ ਸਵਰਗ ਪ੍ਰਾਪਤ ਹੋਵੇਗਾ।

(ਮ-60) **ਮੱਛ** :

ਵਿਸ਼ਨੂੰ ਦਾ ਇਕ ਅਵਤਾਰ, ਜੋ ਪ
ਕਾਲ ਵਿਚ ਹੋਇਆ। ਵਿਸ਼ਨੂੰ ਨੇ ਇਹ ਅ
ਜਲ-ਪਰਲੋ ਤੋਂ ਬਚਾਣ ਲਈ ਅਤੇ ਵੇਦ, ਜੋ
ਲੈ ਗਏ ਸਨ, ਨੂੰ ਮੁੜ ਪ੍ਰਾਪਤ ਕਰਨ ਲਈ,
ਸੀ। ਭਗਵਤ ਪੁਰਾਣ ਅਨੁਸਾਰ ਹਗਰੀਵ,
ਅਨੁਸਾਰ ਮਕਰ, ਨਰਸਿੰਘ ਪੁਰਾਣ ਅਨੁਸਾਰ
ਦੈਂਤ ਵੇਦਾਂ ਨੂੰ ਚੁਰਾ ਕੇ ਸਮੁੰਦਰ 'ਚ ਜਾ ਛੁਪੇ
ਪੁਰਾਣ ਅਨੁਸਾਰ

ਜੋ ਸਭ ਜੀਵ ਜੰਤਾਂ ਨੂੰ ਰੋੜ੍ਹ ਕੇ ਲੈ ਜਾਵੇਗਾ।" ਮਨੂੰ ਦੇ ਪੁੱਛਣ ਤੇ ਕਿ ਤੇਰਾ ਕਿਵੇਂ ਖ਼ਿਆਲ ਰੱਖਾਂ, ਮੱਛੀ ਨੇ ਕਿਹਾ, "ਪਹਿਲਾਂ ਮੈਨੂੰ ਘੜੇ ਵਿਚ ਰਖ ਕੇ ਪਾਲ, ਫਿਰ ਸਰੋਵਰ ਵਿਚ, ਫਿਰ ਦਰਿਆ ਵਿਚ ਤੇ ਫਿਰ ਸਮੁੰਦਰ ਵਿਚ ਪਾਲ।" ਮਹਾਂਭਾਰਤ ਅਨੁਸਾਰ ਮਨੂੰ ਨੇ ਮੱਛੀ ਨੂੰ ਫੜ ਕੇ ਘੜੇ ਵਿਚ ਪਾ ਲਿਆ। ਜਦੋਂ ਇਹ ਮੱਛੀ ਵਡੇ ਆਕਾਰ ਦੀ ਹੋ ਗਈ ਤਾਂ ਮਨੂੰ ਨੇ ਇਸ ਨੂੰ ਦੋ ਯੋਜਨ ਲੰਮੇ ਤੇ ਇਕ ਯੋਜਨ ਚੌੜੇ ਸਰੋਵਰ ਵਿਚ ਰਖਿਆ। ਜਦੋਂ ਇਹ ਸਰੋਵਰ ਵਿਚ ਵੀ ਨਾ ਸਮਾ ਸਕੀ ਤਾਂ ਉਸ ਨੂੰ ਗੰਗਾ ਵਿਚ ਛਡ ਦਿਤਾ ਗਿਆ। ਪਰ ਜਦੋਂ ਮੱਛੀ ਦਾ ਆਕਾਰ ਹੋਰ ਵਡਾ ਹੋ ਗਿਆ ਤਾਂ ਉਸ ਨੂੰ ਸਮੁੰਦਰ ਵਿਚ ਛਡਿਆ ਗਿਆ। ਉਸ ਮੱਛੀ ਨੇ ਜਲ ਪਰਲੋ ਦੀ ਭਵਿਖ ਬਾਣੀ ਕੀਤੀ। ਜਦੋਂ ਮੱਛੀ ਸਾਰੇ ਸਮੁੰਦਰ ਉੱਤੇ ਛਾ ਗਈ ਤਾਂ ਮਨੂੰ ਸਮਝ ਗਿਆ ਕਿ ਇਹ ਵਿਸ਼ਨੂੰ ਦਾ ਅਵਤਾਰ ਹੈ।

ਮਹਾਂਭਾਰਤ ਅਨੁਸਾਰ ਜਦੋਂ ਮਨੂੰ ਦਰਿਆ ਦੇ ਕੰਢੇ ਤੱਪ ਕਰ ਰਿਹਾ ਸੀ ਤਾਂ ਇਕ ਮੱਛੀ ਉਸ ਦੇ ਸਾਹਮਣੇ ਪ੍ਰਗਟ ਹੋਈ। ਪਰ ਮਤੱਸਯ ਪੁਰਾਣ ਅਨੁਸਾਰ ਜਦੋਂ ਮਨੂੰ ਆਪਣੇ ਪਿੱਤਰਾਂ ਨੂੰ ਪਾਣੀ ਦੇ ਰਿਹਾ ਸੀ ਤਾਂ ਮੱਛੀ ਪ੍ਰਗਟ ਹੋਈ।

ਸ਼ੱਤਪਥ ਬ੍ਰਾਹਮਣ ਅਨੁਸਾਰ ਮੱਛੀ ਨੇ ਮਨੂੰ ਨੂੰ ਸਮਝਾਇਆ ਕਿ ਉਹ ਇਕ ਬੇੜਾ ਤਿਆਰ ਕਰੇ ਅਤੇ ਹੜ੍ਹ ਵੇਲੇ ਉਸ ਵਿਚ ਸਵਾਰ ਹੋ ਕੇ ਉਸ ਦੀ ਸ਼ਰਣ ਲਵੇ ਅਤੇ ਉਹ ਉਸ ਦੇ ਬੇੜੇ ਨੂੰ ਪਾਰ ਲਗਾ ਦੇਵੇਗੀ। ਜਲ ਪਰਲੋ ਸਮੇਂ ਮਨੂੰ ਨੇ ਆਪਣਾ ਬੇੜਾ ਮੱਛੀ ਦੇ ਸਿੰਗਾਂ ਨਾਲ ਬੰਨ੍ਹ ਦਿਤਾ ਅਤੇ ਇਸ ਤਰ੍ਹਾਂ ਉਹ ਹੜ੍ਹ ਦਾ ਸ਼ਿਕਾਰ ਹੋਣ ਤੋਂ ਬਚ ਨਿਕਲਿਆ। ਮਹਾਂਭਾਰਤ ਅਨੁਸਾਰ ਮੱਛੀ ਦੇ ਕਹਿਣ ਉੱਤੇ ਮਨੂੰ ਨੇ ਬੇੜੇ ਵਿਚ ਸੱਤ ਰਿਸ਼ੀ ਬਿਠਾ ਲਏ ਅਤੇ ਨਾਲ ਹੀ ਸਭ ਜੀਵਾਂ ਦੇ ਬੀਜ ਰਖ ਲਏ। ਜਲ ਪਰਲੋ ਸੌ ਸਾਲ ਰਹੀ। ਇਸ ਮਗਰੋਂ ਸ੍ਰਿਸ਼ਟੀ ਦੀ ਨਵੇਂ ਸਿਰੇ ਤੋਂ ਸਿਰਜਨਾ ਹੋਈ, ਵਿਸ਼ਨੂੰ ਨੇ ਹਯਗਰੀਵ ਨੂੰ ਮਾਰ ਕੇ ਵੇਦ ਬ੍ਰਹਮਾ ਨੂੰ ਦੇ ਦਿਤੇ।

## (ਮ-61) ਮਛੰਦਰ ਨਾਥ :

ਇਕ ਪ੍ਰਸਿਧ ਜੋਗੀ ਜੋ ਗੋਰਖ ਨਾਥ ਦਾ ਗੁਰੂ ਸੀ। ਨਾਥ ਮੱਤ ਦਾ ਮੋਢੀ ਸ਼ਿਵ ਜਾਂ ਆਦਿ ਨਾਥ ਨੂੰ ਮੰਨਿਆ ਜਾਂਦਾ ਹੈ। ਮਛੰਦਰ ਨਾਥ ਸ਼ਿਵ ਦਾ ਅਵਤਾਰ ਹੈ। ਉਹ

ਮਛੰਦਰ ਨਾਥ ਦੇ ਜਨਮ ਬਾਰੇ 'ਤਹਿਕੀ
ਵਿਚ ਲਿਖਿਆ ਹੈ ਕਿ ਗੋਰਖ ਨਾਥ ਸ਼ਿਵ ਦ
ਜਦੋਂ ਗੁਰੂ ਦੀ ਖੋਜ ਵਿਚ ਨਿਕਲਿਆ ਤਾਂ
ਪਹੁੰਚ ਕੇ, ਉਸ ਨੇ ਇਕ ਰੋਟ ਪਿੱਪਲ ਦੇ ਪੱਤੇ
ਸਮੁੰਦਰ ਨੂੰ ਭੇਟ ਕੀਤਾ, ਜਿਸ ਨੂੰ ਇਕ ਮ
ਗਈ। ਬਾਰਾਂ ਸਾਲਾਂ ਮਗਰੋਂ ਮੱਛੀ ਨੇ ਰੋਟ ਦੇ
ਲੜਕਾ ਉਤਪੰਨ ਕੀਤਾ ਜਿਸ ਦਾ ਨਾਂ ਸ਼ਿਵ ਨੇ
ਰਖਿਆ।

ਇਕ ਹੋਰ ਰਵਾਇਤ ਅਨੁਸਾਰ ਸ਼ਿਵ
ਸੁਣ ਕੇ ਇਕ ਮੱਛ ਗਿਆਨੀ ਹੋ ਗਿਆ ਅਤੇ
ਉਸ ਦੀ ਦੇਹ ਮਨੁੱਖ ਦੀ ਕਰ ਦਿਤੀ (ਮਹਾਨ ਕੋ

## (ਮ-62) ਮਛਲੀ :

ਮੱਛੀ ਦੀ ਸ਼ਕਲ ਦਾ ਇਕ ਗਹਿਣਾ, ਜਿਸ
ਨੱਕ ਵਿਚ ਪਹਿਨਦੀਆਂ ਹਨ। ਹੁਣ ਇਸ ਦਾ
ਗਿਆ ਹੈ।

## (ਮ-63) ਮੱਛੀ :

ਮੱਛੀ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ
ਜੁੜੀਆਂ ਹੋਈਆਂ ਹਨ। ਸੰਕਟ ਵੇਲੇ ਮੱਛੀ
ਵੇਖਣਾ, ਇਸ ਗੱਲ ਦਾ ਬੋਧਕ ਹੈ ਕਿ ਸੰਕਟ ਟ
ਇਸ ਵਿਸ਼ਵਾਸ ਦਾ ਆਧਾਰ ਪੁਰਾਣਿਕ ਹੈ
ਅਨੁਸਾਰ ਜਦੋਂ ਸੰਸਾਰ ਤੇ ਜਲ-ਪਰਲੋ ਆਉ
ਤਾਂ ਇਕ ਮੱਛੀ ਮਨੂੰ ਦੇ ਸਾਹਮਣੇ ਪ੍ਰਗਟ ਹੋਈ ਤੇ
ਬਾਰੇ, ਭਵਿਸ਼ ਬਾਣੀ ਕਰਨ ਦੇ ਨਾਲ ਉਸ ਮਨੂੰ
ਵੀ ਕੀਤੀ। ਅੱਜ ਵੀ ਜੇ ਮੂੰਹ ਹੱਥ ਧੋਂਦਿਆ
ਬੁਕ ਦੇ ਪਾਣੀ ਵਿਚ ਮੱਛੀ ਆ ਜਾਵੇ ਤਾਂ ਇਹ
ਸ਼ਗਨ ਹੈ, ਸਰਕਾਰੇ ਦਰਬਾਰੇ ਉੱਚਾ ਅਹੁਦਾ ਤੇ
ਮਿਲੇਗੀ।

ਮੱਛੀ ਉਪਜਾਇਕਤਾ ਦਾ ਵੀ ਚਿੰਨ੍ਹ ਹੈ,
ਵਿਚ ਜਿਨ੍ਹਾਂ ਤੀਵੀਆਂ ਦੇ ਸੰਤਾਨ ਨਹੀਂ ਸੀ
ਆਪਣੀ ਬਾਂਹ ਉੱਤੇ ਮੱਛੀ ਦਾ ਚਿਤ੍ਰ ਖੁਦਵਾ
ਇਸ ਤਰ੍ਹਾਂ ਗਰਭ ਛੇਤੀ ਠਹਿਰਦਾ ਮੰਨਿਆ ਜਾਂ

ਵਿਸ਼ਨੂੰ ਦੇ ਅਵਤਾਰਾਂ ਵਿਚੋਂ ਇਕ ਅਵਤ
ਅਥਵਾ ਮੱਛੀ ਦੇ ਰੂਪ ਵਿਚ ਹੋਇਆ।

ਇਹ ਖੇਡ ਸਭ ਇਲਾਕਿਆਂ ਵਿਚ ਇਕੋ ਜਿਹੇ ਚਾਅ ਨਾਲ ਖੇਡੀ ਜਾਂਦੀ ਹੈ ।

ਜ਼ਿਮੀਂ ਉਤੇ ਇਕ ਗੋਲ ਘੇਰਾ ਵਾਹ ਕੇ ਸਮੁੰਦਰ ਬਣਾ ਲਿਆ ਜਾਂਦਾ ਹੈ। ਜਿਸ ਬਾਲਕ ਦੇ ਸਿਰ ਮੀਟੀ ਆਉਂਦੀ ਹੈ, ਉਹ ਘੇਰੇ ਵਿਚ ਖਲੋ ਜਾਂਦਾ ਹੈ, ਤੇ ਦੂਜੇ ਬਾਲਕ ਘੇਰੇ ਤੋਂ ਬਾਹਰ ਹੋ ਜਾਂਦੇ ਹਨ। ਬਾਲਕ ਇਕ ਸੁਰ ਹੋ ਕੇ ਗਾਉਂਦੇ ਹਨ :

ਮਛਲੀ ਮਛਲੀ ਕਿਤਨਾ ਪਾਣੀ ?

ਅਗੋਂ ਮੀਟੀ ਵਾਲਾ ਬਾਲਕ ਉਤਰ ਦੇਂਦਾ ਹੈ। ਕਦੇ ਉਹ ਕਹਿੰਦਾ ਹੈ, 'ਗਿੱਟੇ ਗਿੱਟੇ ਪਾਣੀ', ਕਦੇ 'ਗੋਡੇ ਗੋਡੇ ਪਾਣੀ' ਕਦੇ 'ਲੱਕ ਲੱਕ ਪਾਣੀ' ਤੇ ਅਖੀਰ ਸਿਰ ਨੂੰ ਫੜ ਕੇ ਕਹਿੰਦਾ ਹੈ 'ਇਤਨਾ ਪਾਣੀ।' ਇਸ ਵਾਰਤਾਲਾਪ ਦੇ ਦੌਰਾਨ ਬਾਲਕ ਘੇਰੇ ਦੀਆਂ ਲਕੀਰਾਂ ਟੱਪ ਕੇ ਕਦੇ ਅੰਦਰ ਆ ਜਾਂਦੇ ਹਨ ਕਦੇ ਬਾਹਰ ਕੁਦ ਜਾਂਦੇ ਹਨ। ਜੇ ਮੀਟੀ ਵਾਲਾ ਬਾਲਕ, ਕਿਸੇ ਬਾਲਕ ਨੂੰ ਚੱਕਰ ਦੇ ਅੰਦਰ ਛੂਹ ਲਏ ਤਾਂ ਉਸ ਬਾਲਕ ਸਿਰ ਮੀਟੀ ਆ ਜਾਂਦੀ ਹੈ ਤੇ ਉਹ ਬਾਲਕ ਮੱਛੀ ਬਣਦਾ ਹੈ। ਮੁੜ ਉਸੇ ਤਰ੍ਹਾਂ ਖੇਡ ਜਾਰੀ ਰਹਿੰਦੀ ਹੈ।

## (ਮ-65) ਮਜ਼ਹਬੀ :

ਜੋ ਚੂਹੜੇ ਸਿੱਖ ਧਰਮ ਨੂੰ ਧਾਰਨ ਕਰ ਲੈਣ, ਉਹ ਮਜ਼ਹਬੀ ਅਖਵਾਉਂਦੇ ਹਨ। ਮਜ਼ਹਬੀ ਖੰਡੇ ਦਾ ਪਾਹੁਲ (ਅੰਮ੍ਰਿਤ) ਛੱਕ ਕੇ ਸਿੱਖ ਸਜਦੇ ਹਨ ਅਤੇ ਕੇਸ ਧਾਰਨ ਕਰਦੇ ਹਨ। ਤੰਬਾਕੂ ਤੋਂ ਪਰਹੇਜ਼ ਕਰਦੇ ਹਨ। ਮਜ਼ਹਬੀ ਸਿੱਖ ਚੂਹੜਿਆਂ ਵਾਲੇ ਸਾਰੇ ਕੰਮ ਕਰਦੇ ਹਨ, ਸਿਰਫ ਮੈਲਾ ਨਹੀਂ ਚੁਕਦੇ।

ਮਜ਼ਹਬੀ ਸਿੱਖ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣਾ ਗੁਰੂ ਮੰਨਦੇ ਹਨ। ਜਦੋਂ ਗੁਰੂ ਤੇਗ਼ ਬਹਾਦਰ ਦਿੱਲੀ ਵਿਚ ਸ਼ਹੀਦ ਕੀਤੇ ਗਏ ਅਤੇ ਉਨ੍ਹਾਂ ਦਾ ਮ੍ਰਿਤਕ ਸਰੀਰ ਚਾਂਦਨੀ ਚੌਕ ਵਿਚ ਪਹਿਰੇ ਹੇਠ ਰਖਿਆ ਗਿਆ ਤਾਂ ਇਕ ਰੰਗਰੇਟੇ ਨੇ ਉਨ੍ਹਾਂ ਦਾ ਸੀਸ ਚੁਕ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਭੇਟਾ ਕੀਤਾ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੀ ਸ਼ਰਧਾ ਨੂੰ ਮੁਖ ਰਖਦਿਆਂ 'ਰੰਗਰੇਟੇ—ਗੁਰੂ ਕੇ ਬੇਟੇ' ਕਹਿ ਕੇ ਰੰਗਰੇਟਿਆਂ ਅਥਵਾ ਚੂਹੜੇ ਜਾਤੀ ਦੇ ਸਿਰ ਉਤੇ ਹੱਥ ਧਰਿਆ ਤੇ ਸਿੱਖ ਧਰਮ ਵਿਚ ਇਨ੍ਹਾਂ ਨੂੰ ਸਤਿਕਾਰਯੋਗ ਸਥਾਨ ਬਖ਼ਸ਼ਿਆ।

ਤਾਮ ਕੋਲ ਵਿਚ ਬਣੀ ਹੋਈ ਹੈ. ਮਜ਼ਹਬੀ ਸੀ. ਉਹ 17 ਦੇ ਘਲੂਘਾਰੇ ਵਿਚ ਸ਼ਹੀਦ ਹੋਇਆ ਸੀ।

ਜਿਨ੍ਹੀਂ ਦਿਨੀਂ ਮੁਸਲਮਾਨ ਹਾਕਮ ਸਿੱਖਾਂ ਜ਼ੁਲਮ ਢਾਹ ਰਹੇ ਸਨ, ਉਦੋਂ ਮਜ਼ਹਬੀ, ਸਿ ਬੇਧਿਆਨ ਰਹੇ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੈਨਾ ਵਿਚ ਚੋਖੀ ਗਿਣਤੀ ਵਿਚ ਭਰਤੀ ਕ

ਰੰਗਰੇਟੇ ਮਜ਼ਹਬੀ ਸਿੱਖ ਹੀ ਹੁੰਦੇ ਹਨ, ਮਜ਼ਹਬੀ ਸਿੱਖਾਂ ਨਾਲੋਂ ਕੁਝ ਉਚੀ ਸ੍ਰੇਣੀ ਦੇ ਮੰਨੇ ਜ ਰੰਗਰੇਟਿਆਂ ਨੇ ਚੂਹੜਿਆਂ ਦਾ ਕੰਮ ਛਡ ਕੇ ਕੰਮ ਅਪਨਾ ਲਿਆ, ਜਿਸ ਨਾਲ ਉਨ੍ਹਾਂ ਦਾ ਸਮਾਜ ਉੱਚਾ ਹੋ ਗਿਆ ਹੈ। ਪਹਾੜੀ ਇਲਾਕੇ ਵਿਚ ਰੰਗਰੇਜ਼, ਛੀਂਬਾ ਜਾਂ ਲਿਲਾਰੀ ਦਾ ਸਮਭਾਈ ਹੈ ਚੂਹੜਿਆਂ ਨੇ ਗੁਰੂ ਤੇਗ਼ ਬਹਾਦਰ ਜੀ ਦੇ ਸਰੀਰ ਦ ਕੀਤਾ ਸੀ, ਉਨ੍ਹਾਂ ਦੀ ਔਲਾਦ ਆਪਣੇ ਆਪ ਮਜ਼ਹਬੀ ਦਸਦੀ ਹੈ। ਹਰ ਪਿੰਡ ਵਿਚ ਦੋ ਮਜ਼ਹਬੀ ਸਿੱਖਾਂ ਦੇ ਜ਼ਰੂਰ ਮਿਲ ਜਾਂਦੇ ਹਨ, ਜੋ ਖੇਤਾਂ ਵਿਚ ਕਾਮੇ ਦੇ ਤੌਰ ਉਤੇ ਕੰਮ ਕਰਦੇ ਹਨ। ਬਹੁਤ ਸਾਰੀਆਂ ਗੋਤਾਂ ਵਿਚ ਵੰਡੇ ਹੋਏ ਹਨ ਤੇ ਇ ਕਈ ਗੋਤਾਂ ਜੱਟਾਂ ਨਾਲ ਇਨ ਬਿਨ ਮਿਲਦੀ ਜਿਸ ਦਾ ਕਾਰਨ ਇਹ ਹੈ ਕਿ ਇਹ ਜਿਸ ਜੱਟ ਦੇ ਜਾਂ ਕਬੀਲੇ ਦੇ ਕਈ ਸਦੀਆਂ ਤੋਂ ਕਾਮੇ ਚਲੇ ਆ ਉਨ੍ਹਾਂ ਦੀ ਗੋਤ ਨੂੰ ਹੀ ਅਪਨਾ ਲੈਂਦੇ ਹਨ। ਕਰਕੇ ਇਨ੍ਹਾਂ ਦੇ ਵਿਆਹ ਸ਼ਾਦੀ ਦੇ ਰਵਾਜ ਵੀ ਮਿਲਦੇ ਹਨ।

ਸਿੱਖ ਧਰਮ ਧਾਰਨ ਕਰਨ ਵਾਲੇ ਮਜ਼ਹਬੀ ਪਊੜੇ ਦਾ ਸਿੱਖ ਵੀ ਕਿਹਾ ਜਾਂਦਾ ਹੈ। ਸਿੱਖਾਂ ਵਿ ਜ਼ਾਤ ਪਾਤ ਨੂੰ ਮਿਥਿਆ ਸਮਝਿਆ ਜਾਂਦਾ ਹੈ, ਪ ਤੋਂ ਸਜੇ ਸਿੱਖਾਂ ਨੂੰ ਪੂਰੀ ਸਮਾਨਤਾ ਪ੍ਰਾਪਤ ਨ ਉਨ੍ਹਾਂ ਨੂੰ ਮਜ਼ਹਬੀ ਸਿੱਖ ਕਹਿ ਕੇ ਦੂਜਿਆਂ ਤੋਂ ਜਾਂਦਾ ਹੈ। ਮਜ਼ਹਬੀ ਸਿੱਖ ਦੇ ਸ਼ਾਬਦਿਕ ਅਰ ਉਹ ਜੋ ਧਰਮ ਕਰ ਕੇ ਸਿੱਖ ਹੋਵੇ (ਕਰਮ ਕਰਕੇ 'ਮਹਾਨ ਕੋਸ਼' ਅਨੁਸਾਰ ਜਾਤਿ ਅਭਿਮਾਨੀ ਚੂੜ੍ਹਿਆਂ ਵਿਚੋਂ, ਖ਼ਾਲਸਾ ਧਰਮ ਧਾਰਨ ਵਾ ਮਜ਼ਹਬੀ ਸੰਗਿਆ ਥਾਪ ਲਈ ਹੈ।

(ਮ-67) **ਮਜ਼ਾਰ :**

ਕਿਸੇ ਮਹਾਂਪੁਰਖ ਅਥਵਾ ਪੀਰ ਫ਼ਕੀਰ ਦੀ ਕਬਰ, ਜਿਥੇ ਲੋਕ ਜ਼ਿਆਰਤ ਲਈ ਜਾਂਦੇ ਹਨ। ਪੰਜਾਬ ਵਿਚ ਪੀਰਾਂ ਫ਼ਕੀਰਾਂ ਦੀਆਂ ਅਨੇਕਾਂ ਮਜ਼ਾਰਾਂ ਮਿਲਦੀਆਂ ਹਨ। ਕਈ ਮਜ਼ਾਰਾਂ ਉੱਤੇ ਹਰ ਸਾਲ ਉਰਸ ਤੇ ਮੇਲੇ ਲਗਦੇ ਹਨ। ਮਜ਼ਾਰ ਦੀ ਚੌਂਕੀ ਭਰਨ ਨਾਲ ਪਸ਼ੂਆਂ ਦੇ ਰੋਗ ਦੂਰ ਹੋ ਜਾਂਦੇ ਹਨ। ਹਰ ਮਜ਼ਾਰ ਨਾਲ ਕੋਈ ਨਾ ਕੋਈ ਸ਼ਕਤੀ ਜੁੜੀ ਹੋਈ ਹੈ, ਜੋ ਇਸ ਦਾ ਮਹਾਤਮ ਹੈ।

ਮੁਜ਼ੱਫ਼ਰਗੜ੍ਹ ਜ਼ਿਲੇ ਵਿਚ ਕੁਝ ਪੀਰਾਂ ਦੀਆਂ ਮਜ਼ਾਰਾਂ ਮਿਲਦੀਆਂ ਹਨ ਜਿਥੇ ਮੇਲਿਆਂ ਉੱਤੇ ਇਲਾਕੇ ਦੇ ਲੋਕ ਇਕੱਠੇ ਹੁੰਦੇ ਹਨ। ਮੁਜ਼ੱਫ਼ਰਗੜ੍ਹ ਦੇ ਦੱਖਣ ਵਲ ਸੱਤ ਮੀਲ, ਪੰਜਾਗਿਰਾਈਂ ਪਿੰਡ ਵਿਚ ਮੀਰਾਂ ਹਯਾਤ ਦੀ ਮਜ਼ਾਰ ਹੈ, ਜਿਥੇ ਰਮਜ਼ਾਨ ਦੇ ਦਿਨੀਂ ਮੇਲਾ ਲਗਦਾ ਹੈ। ਇਥੇ ਇਕ ਪੱਥਰ ਦਾ ਊਠ ਹੈ ਜਿਸ ਉੱਤੇ ਕਹਿੰਦੇ ਹਨ, ਪੀਰ ਸਵਾਰੀ ਕਰਦਾ ਸੀ। ਮਜ਼ਾਰ ਦੇ ਨਾਲ ਦੇ ਜੰਗਲ ਵਿਚ ਖਜੂਰਾਂ ਦੇ ਦਰਖ਼ਤ ਹਨ, ਜਿਨ੍ਹਾਂ ਦੀਆਂ ਟਹਿਣੀਆਂ ਫਨੀਅਰ ਸੱਪ ਵਾਂਗ ਹਨ, ਜੇ ਇਹ ਟਹਿਣੀ ਘਰ ਰਖੀ ਜਾਵੇ ਤਾਂ ਸੱਪ ਨੇੜੇ ਨਹੀਂ ਢੁਕਦਾ (ਮੁਜ਼ੱਫ਼ਰਗੜ੍ਹ ਗਜ਼ਟੀਅਰ, ਪੰਨਾ 74)।

ਮੁਜ਼ੱਫ਼ਰਗੜ੍ਹ ਦੇ ਦੱਖਣ ਵਲ, 20 ਮੀਲ ਦੂਰ, ਇਕ ਪਿੰਡ ਹਰਪਾਲ ਵਿਖੇ ਡੇਢ ਲਾਲ ਦੀ ਮਜ਼ਾਰ ਹੈ, ਜਿਥੇ ਜੇਠ ਤੇ ਹਾੜ ਦੇ ਮਹੀਨੇ ਹਰ ਬੁਧਵਾਰ ਨੂੰ ਭਾਰੀ ਮੇਲਾ ਲਗਦਾ ਹੈ। ਵਬਾ ਦੇ ਦਿਨੀਂ ਲੋਕੀਂ ਆਪਣੇ ਪਸ਼ੂ ਇਥੇ ਲਿਆ ਕੇ ਉਨ੍ਹਾਂ ਤੋਂ ਚੌਂਕੀ ਭਰਾਂਦੇ ਹਨ (ਪੰਨਾ 86)।

ਮੁਜ਼ੱਫ਼ਰਗੜ੍ਹ ਤੋਂ ਦੱਖਣ ਵਲ 17 ਮੀਲ ਦੂਰ 'ਜਾਲ ਵਾਲਾ ਪੀਰ' ਵਿਖੇ ਮੂਸਨ ਸ਼ਾਹ ਦੀ ਦਰਗਾਹ ਹੈ, ਜਿਥੇ 12 ਅਸੂ ਨੂੰ ਇਕ ਭਾਰੀ ਮੇਲਾ ਜੁੜਦਾ ਹੈ, ਜਿਸ ਵਿਚ ਦੂਰੋਂ ਦੂਰੋਂ ਇਲਾਕੇ ਦੇ ਲੋਕ ਆਉਂਦੇ ਹਨ। ਇਥੇ ਘੋਲ ਤੇ ਕੁਸ਼ਤੀਆਂ ਵੀ ਹੁੰਦੀਆਂ ਹਨ।

ਮੁਜ਼ੱਫ਼ਰਗੜ੍ਹ ਜ਼ਿਲੇ ਵਿਚ ਰੰਗਪੁਰ ਤੋਂ ਪੰਜ ਮੀਲਾਂ ਦੀ ਵਿੱਥ ਉਤੇ 'ਕਿੜੀ ਅਲੀ ਮਰਦਾਨ' ਵਿਚ ਪੀਰ ਅਲੀ, ਪੀਰ ਕਮਾਲ ਤੇ ਪੀਰ ਫ਼ਤਹ ਦਰਿਆ ਦੀਆਂ ਮਜ਼ਾਰਾਂ 'ਤੇ ਜੇਠ ਦੇ ਮਹੀਨੇ ਦੇ ਹਰ ਸ਼ੁਕਰਵਾਰ ਨੂੰ ਮੇਲਾ ਲਗਦਾ ਹੈ। ਪੀਰ ਅਲੀ ਤੇ ਪੀਰ ਕਮਾਲ ਦੀਆਂ ਕਬਰਾਂ ਨੌਗਜ਼ੀਆਂ ਹਨ। ਮਰੀ ਦੀ ਵਬਾ ਫੈਲਣ ਸਮੇਂ ਪਸ਼ੂ ਇਥੇ ਲਿਆਣ ਨਾਲ ਅਰੋਗ ਹੋ ਜਾਂਦੇ ਹਨ (ਪੰਨਾ [illegible])।

ਇਹ ਮੰਜੀਆਂ ਇਕ ਤਰ੍ਹਾਂ ਦੀਆਂ ਗੱਦੀਆਂ ਹੁੰਦੀਆਂ ਸਨ ਤੇ ਮੰਜੀਦਾਰ ਨਾਮ ਬਾਣੀ ਦਾ ਪ੍ਰਚਾਰ ਕਰਿਆ ਕਰਦ[illegible] ਸੀ। ਪਿਛੋਂ ਇਨ੍ਹਾਂ ਕਈ ਮੰਜੀਆਂ ਵਾਲੀਆਂ ਥਾਂਵਾਂ ਉ[illegible] ਧਰਮਸਾਲਾ ਬਣ ਗਈਆਂ। ਇਹ ਰੀਤ ਬਾਕੀ ਗੁਰੂਆਂ [illegible] ਵੀ ਜਾਰੀ ਰਖੀ।

(ਮ-69) **ਮੰਜੇ ਉਤੇ ਮ੍ਰਿਤੂ :**

ਮੰਜੇ ਉਤੇ ਮ੍ਰਿਤੂ ਨੂੰ ਹਿੰਦੂ ਬੁਰਾ ਸਮਝਦੇ ਹਨ। ਉਨ੍ਹ[illegible] ਦਾ ਵਿਸ਼ਵਾਸ ਹੈ ਕਿ ਮੰਜੇ ਉਤੇ ਮਰਿਆ ਪ੍ਰਾਣੀ ਮੁਕਤ[illegible] ਨਹੀਂ ਹੁੰਦਾ ਅਤੇ ਮੌਤ ਤੋਂ ਬਾਅਦ ਭੂਤ ਪ੍ਰੇਤ ਬਣ ਜਾਂਦਾ ਹੈ। ਕਿਉਂ ਜੋ ਧਰਤੀ ਤੇ ਆਕਾਸ਼ ਦੇ ਵਿਚਕਾਰ ਦੀ ਥਾਂ[illegible] ਵਿਚ ਭੂਤ ਪ੍ਰੇਤਾਂ ਦਾ ਵਾਸਾ ਹੈ। ਧਰਤੀ ਉਤੇ ਮਰਿਆ ਪ੍ਰਾਣੀ ਧਰਤੀ ਮਾਤਾ ਦੀ ਗੋਦ ਵਿਚ ਮਰਿਆ ਹੋਣ ਕਰ ਕੇ ਭੂਤਾਂ ਪ੍ਰੇਤਾਂ ਦੇ ਵਸ ਵਿਚ ਨਹੀਂ ਪੈਂਦਾ। ਇਸੇ ਲਈ ਹਿੰਦੂ ਪ੍ਰਾਣੀ ਨੂੰ ਪ੍ਰਾਣ ਤਿਆਗਣ ਤੋਂ ਕੁਝ ਪਹਿਲਾਂ ਧਰਤੀ ਉਤੇ ਲਿਟਾ ਦੇਂਦੇ ਹਨ।

ਮੁਸਲਮਾਨਾਂ ਵਿਚ ਇਹ ਰੀਤ ਨਹੀਂ। ਮੁਸਲਮਾਨ ਮਰਨ ਵੇਲੇ ਪ੍ਰਾਣੀ ਦਾ ਮੂੰਹ ਕਿਬਲਾ (ਮੱਕੇ) ਵਲ ਕਰ ਦੇਂਦੇ ਹਨ। ਤੇ ਕੁਰਆਨ ਦਾ ਯਸੀਨ ਕਾਂਡ (36ਵਾਂ ਸੂਰਾ) ਪੜ੍ਹਦੇ ਹਨ। ਅਰਥੀ ਉਤੇ ਲਿਟਾਣ ਲਗਿਆਂ ਵੀ ਮੁਸਲਮਾਨ ਪ੍ਰਾਣੀ ਦਾ ਸਿਰ ਪੂਰਬ ਵਲ ਤੇ ਮੂੰਹ ਕਾਅਬੇ ਵਲ ਕਰ ਕੇ ਕਬਰਸਤਾਨ ਨੂੰ ਲਿਜਾਂਦੇ ਹਨ। ਕਬਰ ਵਿਚ ਲਿਟਾਣ ਲਗਿਆਂ ਵੀ ਮੋਏ ਪ੍ਰਾਣੀ ਦਾ ਮੂੰਹ ਮੱਕੇ ਵਲ ਕਰਦੇ ਹਨ ਤਾਂ ਜੋ ਕਿਆਮਤ ਵਾਲੇ ਦਿਨ ਜਦੋਂ ਮੁਰਦੇ ਉਠਣ ਤਾਂ ਉਨ੍ਹਾਂ ਦਾ ਮੂੰਹ ਮੱਕੇ ਵਲ ਹੋਵੇ।

(ਮ-70) **ਮੱਠ ਨਾਥ ਸਾਹਿਬ :**

ਝੰਗ ਦੇ ਇਲਾਕੇ ਵਿਚ ਸੰਨਿਆਸੀ ਫ਼ਕੀਰਾਂ ਦਾ ਇਕ ਮੱਠ। ਇਹ ਸੰਨਿਆਸੀ ਦੋ ਤਰ੍ਹਾਂ ਦੇ ਹਨ। ਇਕ ਸਿਧ ਤੇ ਦੂਜੇ ਸਾਦਿਕ। ਸਿਧ ਇਸ ਮੱਠ ਦੇ ਮੰਦੀ ਤੇ ਧਾਰਮਿਕ ਉਤਰਾਧਿਕਾਰੀ ਹਨ ਤੇ ਸਾਦਿਕ, ਚੰਦੀ ਨਾਥ ਦੇ, ਜਿਸ ਨੇ ਇਸ ਮੱਠ ਦੇ ਮੰਦੀ ਦੀ ਸੇਵਾ ਕੀਤੀ ਤੇ ਲਾਲ ਨਾਥ ਦੇ ਮੱਠ ਦੇ ਨਾਥ ਸਾਹਿਬ ਦਾ ਪਦ ਤਿਆਗ ਦੇਣ ਉਪਰੰਤ ਨਾਥ ਸਾਹਿਬ ਬਣਿਆ। ਇਸ ਗੱਦੀ ਉਤੇ ਇਕ ਵਾਰ ਸਿਧ ਬੈਠਦਾ ਹੈ ਤੇ ਇਕ ਵਾਰ ਸਾਦਿਕ। [illegible]

ਸਾਦਿਕ ਚੰਦੀ ਨਾਥ ਸੀ। ਲਾਲ ਨਾਥ ਸੰਨਿਆਸੀ ਨੇ ਔਰੰਗਜ਼ੇਬ ਦੇ ਰਾਜ ਸਮੇਂ 1688 ਈ: ਵਿਚ ਝੰਗ ਦਾ ਨਵਾਂ ਸ਼ਹਿਰ ਵਸਾਇਆ ਸੀ।

## (ਮ-71) **ਮਠਿਆਈ ਦੀ ਭਾਜੀ** :

ਮੰਗਲ ਕਾਰਜਾਂ ਸਮੇਂ ਪੰਜਾਬੀਆਂ ਵਿਚ ਮਠਿਆਈ ਵੰਡਣ ਦੀ ਪ੍ਰਥਾ ਹੈ। ਬੱਚੇ ਦੇ ਜਨਮ ਸਮੇਂ, ਮੁੰਡਣ ਸੰਸਕਾਰ, ਕੁੜਮਾਈ ਤੇ ਵਿਆਹ ਵੇਲੇ ਮਠਿਆਈ ਵੰਡੀ ਜਾਂਦੀ ਹੈ। ਮਠਿਆਈ ਵੰਡਣ ਪਿਛੇ ਇਹ ਧਾਰਨਾ ਹੈ ਕਿ ਕਿਸੇ ਕੰਮ ਦੇ ਮੁਢ ਵਿਚ ਜੇ ਕੋਈ ਮਿੱਠੀ ਚੀਜ਼ ਅਥਵਾ ਮਠਿਆਈ ਵੰਡ ਦਿਤੀ ਜਾਵੇ ਤਾਂ ਸਾਰਾ ਕੰਮ ਸਫਲਤਾ ਨਾਲ ਨਿਭਦਾ ਤੇ ਮਿਠਾਸ ਖਿੰਡੀ ਰਹਿੰਦੀ ਹੈ। ਮਿੱਠੇ ਦਾ ਅੰਸ਼ ਸਾਰੇ ਸਮਾਗਮ ਵਿਚ ਮਿਠਾਸ ਘੋਲ ਦੇਂਦਾ ਹੈ ਅਥਵਾ ਬੱਚੇ ਦੇ ਜੰਮਣ ਤੇ ਹੋਰ ਮੰਗਲ ਕਾਰਜਾਂ ਸਮੇਂ ਵੰਡੀ ਮਠਿਆਈ ਉਸ ਦੇ ਜੀਵਨ ਵਿਚ ਰਸ ਦੀ ਕਣੀ ਬਣ ਕੇ ਫੈਲ ਜਾਂਦੀ ਹੈ। ਇਸ ਸੰਕਲਪ ਦਾ ਆਧਾਰ ਜਾਦੂ ਟੂਣਾ ਹੈ।

ਮਠਿਆਈ ਕਈ ਵੰਨਗੀਆਂ ਦੀ ਬਣਾਈ ਜਾਂਦੀ ਹੈ, ਜਿਹਾ ਕਿ ਲੱਡੂ, ਬੂੰਦੀ, ਟਿੱਕੀਆਂ, ਪੰਜੀਰੀ, ਪਿੰਨੀ ਆਦਿ। ਕਈ ਵਾਰ ਮਠਿਆਈ ਦੀ ਥਾਂ ਪਤਾਸੇ ਤੇ ਗੁੜ ਵੰਡ ਕੇ ਕਾਰਜ ਸਾਰ ਲਿਆ ਜਾਂਦਾ ਹੈ। ਆਮ ਤੌਰ ਤੇ ਧਨੀ ਲੋਕ ਲੱਡੂ ਤੇ ਬੂੰਦੀ ਵਧੇਰੇ ਵੰਡਦੇ ਹਨ ਅਤੇ ਨਿਰਧਨ ਪਤਾਸੇ ਤੇ ਗੁੜ। ਲੱਡੂਆਂ ਵਿਚ ਅਮੀਰ ਲੋਕ ਮਗਜ਼, ਪਿਸਤਾ ਆਦਿ ਰਲਾ ਲੈਂਦੇ ਹਨ। ਸਭ ਤੋਂ ਵਧੀਆ ਲੱਡੂ ਮੋਤੀਚੂਰ ਦੇ ਹੁੰਦੇ ਹਨ, ਜਿਨ੍ਹਾਂ ਦੀ ਬੂੰਦੀ ਦੇ ਦਾਣੇ ਮੋਤੀਆਂ ਜਿਤਨੇ ਛੋਟੇ ਹੁੰਦੇ ਹਨ। ਬੱਚੇ ਦੇ ਜਨਮ ਮਗਰੋਂ, ਮੁੰਡਣ ਸੰਸਕਾਰ, ਕੁੜਮਾਈ ਤੇ ਵਿਆਹ ਆਦਿ 'ਤੇ ਲੱਡੂ ਹੀ ਵੰਡੇ ਜਾਂਦੇ ਹਨ।

ਪੰਜੀਰੀ ਕਣਕ ਦੇ ਨਿਸ਼ਾਸਤੇ ਵਿਚ ਖੰਡ ਅਥਵਾ ਗੁੜ ਤੇ ਘਿਉ ਰਲਾ ਕੇ ਬਣਾਈ ਜਾਂਦੀ ਹੈ। ਧਨੀ ਲੋਕ ਇਸ ਵਿਚ ਬਦਾਮ ਦੀਆਂ ਗਿਰੀਆਂ ਤੇ ਚਾਰ ਮਗਜ਼ ਰਲਾ ਦੇਂਦੇ ਹਨ। ਵਿਆਹੀ ਹੋਈ ਤੀਵੀਂ ਜਦੋਂ ਪੇਕੇ ਘਰੋਂ ਫੇਰਾ ਪਾ ਕੇ ਸਹੁਰੇ ਅਥਵਾ ਪਤੀ ਦੇ ਘਰ ਵਾਪਸ ਜਾਂਦੀ ਹੈ ਤਾਂ ਉਹ ਪੇਕੇ ਘਰੋਂ ਪੰਜੀਰੀ ਲੈ ਜਾਂਦੀ ਹੈ, ਜੋ ਉਹ ਆਪਣੇ ਸਹੁਰੇ ਘਰ ਰਿਸ਼ਤੇਦਾਰਾਂ ਤੇ ਗਲੀ-ਗੁਆਂਢ ਵਿਚ ਵੰਡਦੀ ਹੈ। ਪੱਛਮੀ ਪੰਜਾਬ ਵਿਚ ਇਸ ਦਾ ਆਮ ਰਵਾਜ ਹੈ। ਕਈ ਵਾਰ ਪੇਕੇ ਜਾਣ ਲਗਿਆਂ ਉਹ ਸਹੁਰੇ ਘਰੋਂ ਭੈਣ ਭਰਾਵਾਂ ਲਈ

ਪਿੰਨੀਆਂ ਵਿਚ ਕਣਕ ਦੇ ਨਸ਼ਾਸਤੇ ਨੂੰ ਘਿਉ ਵਿਚ ਉਸ ਵਿਚ ਖੰਡ ਘੋਇਆ, ਬਦਾਮਾਂ ਦੀਆਂ ਗਿਰੀਆਂ, ਤੇ ਚਾਰ ਮਗਜ਼ ਆਦਿ ਰਲਾ ਕੇ ਬਣਾਈਆਂ ਜਾਂਦੀਆ

ਪਤਾਸੇ ਤੇ ਗੁੜ ਦੀ ਭਾਜੀ ਵੀ ਵੰਡੀ ਜਾਂਦ ਇਹ ਵਸਤਾਂ ਮਿੱਠੀਆਂ ਹੋਣ ਕਰ ਕੇ ਸ਼ੁਭ ਸ਼ਗਨ ਮੰਨਦੇ

## (ਮ-72) **ਮੰਡਪ** :

(ੳ) ਵਿਆਹ ਤੇ ਸ਼ੋਭਾ (ਮੰਡ) ਲਈ ਉਸਾਰਿਆ ਛੋਟਾ ਜਿਹਾ ਮੰਦਰ ਅਥਵਾ ਵੇਦੀ। ਜਦੋਂ ਘੁਮਿ ਚੁਕ ਪੂਜ ਕੇ, ਤੀਵੀਆਂ ਘਰ ਵਾਪਸ ਆਉਂਦੀਆਂ ਹ ਆਪਣੇ ਨਾਲ ਮਿੱਟੀ ਦੀਆਂ ਕਟੋਰੀਆਂ ਲਿਆਉਂਦੀਆ ਜਿਨ੍ਹਾਂ ਦੇ ਹੇਠਾਂ ਸੁਰਾਖ਼ ਕੀਤੇ ਹੁੰਦੇ ਹਨ। ਘਰ ਦੇ ਵਿਚ ਸੱਤ-ਸੁਹਾਗਣਾਂ, ਇਕ ਵੰਝ ਖੜਾ ਕਰਦੀਆਂ ਹ ਵੰਝ ਦੇ ਸਿਰੇ ਉਤੇ ਕਣਕ ਦੇ ਪੌਦੇ ਦੀਆਂ ਤੰਡੀਆਂ ਬਣਾ ਕੇ ਬੰਨ੍ਹਦੀਆਂ ਹਨ। ਇਸ ਤਿਕੋਨ ਨਾਲ, ਸੂਤਰ ਨੂੰ ਹਲਦੀ ਵਿਚ ਰੰਗ ਕੇ ਕਟੋਰੀਆਂ ਦੇ ਸੁਰਾਖ਼ ਲੰਘਾ ਕੇ ਲਟਕਾ ਦਿਤਾ ਜਾਂਦਾ ਹੈ। ਦੋ ਕ ਇਸ ਤਰ੍ਹਾਂ ਜੋੜੀਆਂ ਜਾਂਦੀਆਂ ਹਨ ਕਿ ਉਹ ਪਿਆਲ ਬਣ ਜਾਵੇ। ਉਨ੍ਹਾਂ ਵਿਚ ਕੁਝ ਚਾਵਲ ਤੇ ਪੈਸੇ ਰਖੇ ਹਨ। ਹਰਿਆਣੇ ਵਿਚ ਇਸ ਨੂੰ 'ਮੰਡਪ' ਕਹਿੰਦੇ ਇਹ ਮੰਡਪ ਵਰ ਤੇ ਕੰਨਿਆਂ ਦੋਹਾਂ ਘਰਾਂ ਵਿਚ ਖੜੇ ਜਾਂਦੇ ਹਨ, ਪਰ ਕੰਨਿਆਂ ਦੇ ਘਰ ਦਾ ਮੰਡਪ ਵਰ ਨਾਲੋਂ ਵਖਰਾ ਹੁੰਦਾ ਹੈ।

(ਅ) ਯੱਗ ਵੇਦੀ, ਲਗਨ ਵੇਲੇ ਵਰ ਤੇ ਕੰ ਮੰਡਪ ਹੇਠ ਬਿਠਾਇਆ ਜਾਂਦਾ ਹੈ। ਮੰਡਪ ਚਾ ਗੱਡ ਕੇ ਤੇ ਉਪਰੋਂ ਕਿਸੇ ਕਪੜੇ ਨਾਲ ਢੱਕ ਦਿਤਾ ਹੈ। ਮੰਡਪ ਨੂੰ ਮਾਲਣ ਫੁੱਲਾਂ ਦੇ ਹਾਰਾਂ ਨਾਲ ਸ ਤਿੱਲੇ ਦੀਆਂ ਸੁਨਹਿਰੀ ਤੇ ਰੁਪਹਿਰੀ ਤਾਰਾਂ ਨਾਲ ਸਿ ਹੈ। ਫ਼ਰਸ਼ ਉਤੇ ਚੰਦਨ ਤੇ ਗੋਬਰ ਦਾ ਲੇਪ ਦੇ ਕੇ ਚੌਕ ਪੂਰਿਆ ਜਾਂਦਾ ਹੈ ਅਤੇ ਯੱਗ ਕਰਨ ਲਈ ਬਣਾਈ ਜਾਂਦੀ ਹੈ। ਲਾਵਾਂ ਮੰਡਪ ਹੇਠਾਂ ਹੀ ਹੁੰਦੀ ਤੇ ਕੰਨਿਆਂ ਦਾਨ ਵੀ ਇਥੇ ਹੀ ਕੀਤਾ ਜਾਂਦਾ ਹੈ।

## (ਮ-73) **ਮੰਡਲ** :

(ੳ) ਗੋਲ ਘੇਰੇ ਵਾਲੀ ਥਾਲੀ ਜਾਂ ਕੋਈ ਹੋ

ਬੀਬੀ, ਅੱਧੀ ਅੱਧੀ ਰਾਤੀਂ ਤੇ ਪਿਛਲਾ ਏ ਪਹਿਰ
ਕਿਸ ਘਰ ਮੰਡਲ ਵੇ ਵਜਿਆ ?
ਗੋਰੀਏ ਰਾਜੇ ਦੀ ਨਗਰੀ ਤੇ ਵਸੇ ਸਾਰਾ ਦੇਸ,
ਮੈਂ ਕੀ ਜਾਣਾਂ ਕੀਹਦੇ ਜੀ ਵਜਿਆ ।

ਪੁਨਾ—

ਅੱਧੀ ਅੱਧੀ ਰਾਤ ਹੋਈ ਪ੍ਰਭਾਤ
ਮੇਰੇ ਘਰ ਮੰਡਲ ਨਹੀਂ ਵਜਿਆ ।

(ਭਾਵ ਜਵਾਨੀ ਤੋਂ ਬੁਢੇਪਾ ਆ ਗਿਆ, ਪਰ ਬੱਚਾ ਨਹੀਂ ਜੰਮਿਆ) ।

(ਅ) ਭੋਜਨ ਖਾਣ ਵੇਲੇ ਹਿੰਦੂ ਮੱਤ ਅਨੁਸਾਰ ਚਾਰੇ ਪਾਸੇ ਕੱਢੀ ਹੋਈ ਕਾਰ; ਹਿੰਦੂਆਂ ਦਾ ਵਿਸ਼ਵਾਸ਼ ਹੈ ਕਿ ਕਾਰ ਦੇ ਅੰਦਰ ਪ੍ਰੇਤ ਰੂਹਾਂ ਦਾਖ਼ਲ ਨਹੀਂ ਹੋ ਸਕਦੀਆਂ। ਇਸ ਲਈ ਅੰਨ ਭਿਟਦਾ ਨਹੀਂ ।

(ਮ-74) **ਮੰਡੇ ਫੇਰਨਾ** :

'ਬਾਹਰ ਵਧਾਵਣ' ਦੀ ਰੀਤ ਸਮੇਂ ਗਲੀ ਮਹੱਲੇ ਵਿਚ ਮੰਡੇ ਤੇ ਹਲਵਾ ਵੰਡਿਆ ਜਾਂਦਾ ਹੈ ਜਿਸ ਤੋਂ ਇਸ ਰੀਤ ਨੂੰ 'ਮੰਡੇ ਫੇਰਨਾ' ਵੀ ਕਹਿੰਦੇ ਹਨ (ਵੇਖੋ : ਬਾਹਰ ਵਧਾਵਣ) ।

(ਮ-75) **ਮਣਸਣਾ** :

ਦਾਨ ਦਾ ਸੰਕਲਪ ਕਰਨਾ ਜਾਂ ਕੋਈ ਵਸਤੂ ਦਾਨ ਵਜੋਂ ਦੇਣਾ । ਮਣਸਣ ਵੇਲੇ ਹਿੰਦੂ, ਸੱਜੀ ਬੁੱਕ ਵਿਚ ਪਾਣੀ ਦੀ ਚੁਲ਼ੀ ਭਰ ਲੈਂਦੇ ਹਨ ਤੇ ਮੰਤ੍ਰਾਂ ਦੇ ਉਚਾਰਨ ਨਾਲ ਉਸ ਨੂੰ ਮਣਸਣ ਵਾਲੀ ਵਸਤੂ ਅਥਵਾ ਪ੍ਰਾਣੀ ਤੋਂ ਛੁਹਾਂਦੇ ਹਨ ਤੇ ਫਿਰ ਬੁੱਕ ਵਿਚਲੇ ਪਾਣੀ ਨਾਲ ਵਸਤੂ/ ਪ੍ਰਾਣੀ ਉਤੇ ਛੱਟੇ ਮਾਰਦੇ ਹਨ । ਮਣਸੀ ਹੋਈ ਵਸਤੂ ਨੂੰ ਹਿੰਦੂ ਬ੍ਰਾਹਮਣਾਂ ਨੂੰ ਦਾਨ ਕਰਦੇ ਹਨ ।

ਜਦੋਂ ਕੋਈ ਪ੍ਰਾਣੀ ਅਖੀਰਲੇ ਸਵਾਸਾਂ ਉਤੇ ਹੋਵੇ ਤਾਂ ਹਿੰਦੂ ਉਸ ਦੇ ਹੱਥੋਂ ਗਊ ਜਾਂ ਕੋਈ ਹੋਰ ਵਸਤੂ—ਅੰਨ, ਦਾਲ ਆਦਿ ਮਣਸਾ ਕੇ ਦਾਨ ਕਰਦੇ ਹਨ । ਇਸ ਤਰ੍ਹਾਂ ਇਕ ਤਾਂ ਉਸ ਦੇ ਸੁਆਸ ਸੌਖੇ ਨਿਕਲਦੇ ਹਨ । ਦੂਜਾ, ਉਹ ਵਸਤੂ ਅਗਲੇ ਲੋਕ ਉਸ ਦੇ ਕੰਮ ਆਉਂਦੀ ਹੈ । ਗਊ ਦੀ ਪੂਛਲ

ਮਣਕੇ ਆਮ ਮਿਲੇ ਹਨ ਜੋ ਗਲੇ, ਬਾਹਵਾਂ ਤੇ ਕੰ
ਪਹਿਨੇ ਜਾਂਦੇ ਸਨ । ਪੱਥਰ ਤੇ ਟੈਰੀਕੋਟਾ ਦੇ ਮਣਕੇ
ਲੋਕ ਅਤੇ ਅਮੀਰ ਕੀਮਤੀ ਪੱਥਰਾਂ ਤੇ ਸੋਨੇ ਚਾਂਦੀ
ਪਹਿਨਦੇ ਸਨ । ਟੈਕਸਲਾ ਦੀਆਂ ਥੇਹਾਂ ਦੀ ਖੁਦਾਈ
ਕੱਚ ਦੇ ਮਣਕੇ ਆਮ ਨਿਕਲੇ ਹਨ ।

(ਮ-77) **ਮਣੀ** :

(ੳ) ਇਕ ਮੋਤੀ ਜੋ ਦੇਵਤਿਆਂ ਨੂੰ ਸਮੁੰਦਰ
ਸਮੇਂ ਮਿਲਿਆ ।

(ਅ) ਸੱਪ ਦੇ ਸਿਰ ਵਿਚੋਂ ਨਿਕਲਣ ਵਾਲਾ
ਮੋਤੀ, ਜੋ ਸੱਪ ਦੇ ਜ਼ਹਿਰ ਨੂੰ ਚੂਸ ਲੈਂਦਾ ਹੈ ।
ਨਿਸਚਾ ਹੈ ਕਿ ਜਿਥੇ ਮਣੀ ਹੋਵੇ ਉਥੇ ਸੱਪ ਨਹੀਂ
ਅਥਰਵਵੇਦ ਅਨੁਸਾਰ ਮਣੀ, ਸਭ ਤਰ੍ਹਾਂ ਦੀਆਂ ਬੁ
ਵਿਰੁਧ ਰੱਖ ਜਾਂ ਜੰਤਰ ਹੈ ਅਤੇ ਇਹ ਬਿਜਲੀ
ਬਾਣ ਤੁਲ ਹੈ ਜਿਸ ਨੂੰ ਇੰਦਰ ਨੇ ਵਰਿਤ ਵਿਰੁਧ ਵਰ

(ਮ-78) **ਮਤੱਸਯ ਪੁਰਾਣ** :

ਅਠਾਰਾਂ ਮੁਖੀ ਪੁਰਾਣਾਂ ਵਿਚੋਂ ਇਕ । ਰਵਾਂ
ਕਿ ਇਸ ਪੁਰਾਣ ਦਾ ਨਾਂ ਮਤੱਸਯ ਪ੍ਰਸਿਧ ਹੋਇਆ
ਇਸ ਪੁਰਾਣ ਵਿਚ ਦਿਤੀ ਸਾਮਗਰੀ, ਵਿਸ਼ਨੂੰ
(ਮਤੱਸਯ) ਦੇ ਰੂਪ ਵਿਚ ਮਨੂ ਅਗੇ ਉਚਾਰਨ
ਇਸ ਵਿਚ ਚੌਦਾਂ ਹਜ਼ਾਰ ਤੋਂ ਉੱਪਰ ਸ਼ਲੋਕ ਦਰਜ
ਇਸ ਪੁਰਾਣ ਵਿਚ ਦੂਜੇ ਪੁਰਾਣਾਂ ਵਿਚ ਪ੍ਰਾਪਤ ਸ
ਮਿਸ਼ਰਿਤ ਹੈ । ਮਤੱਸਯ ਪੁਰਾਣ ਦੇ ਕੁਝ ਕਾਂਡ ਇ
ਵਾਯੂ ਪੁਰਾਣ ਨਾਲ ਮਿਲਦੇ ਹਨ, ਜਿਵੇਂ ਮਤੱਸਯ
47-50 ਤੇ 271-273 ਵਾਯੂ ਪੁਰਾਣ ਦੇ ਕਾਂਡ
ਨਾਲ ਮੇਲ ਖਾਂਦੇ ਹਨ । ਮਤੱਸਯ ਪੁਰਾਣ ਤੇ ਵਾਯੂ
ਦੋਹਾਂ ਦੇ ਸਾਂਝੇ ਅੰਸ਼ ਭਵਿਸ਼ ਪੁਰਾਣ ਵਿਚੋਂ ਲਏ ਗਏ
ਪਰ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਮਤੱਸਯ
ਵਿਚ ਦਿਤੇ ਅਜਿਹੇ ਕਾਂਡ ਵਾਯੂ ਪੁਰਾਣ ਵਿਚੋਂ ਹੀ
ਕੀਤੇ ਗਏ ਹਨ । ਇਨ੍ਹਾਂ ਦੋਹਾਂ ਪੁਰਾਣਾਂ ਵਿਚ ਮਿ
ਸਾਂਝੀਆਂ ਲਿਖਤਾਂ ਵਿਚ ਜੋ ਅੰਤਰ ਹੈ ਉਸ ਦਾ
ਦੋਹਾਂ ਪੁਰਾਣਾਂ ਵਿਚੋਂ ਆਪੋ ਆਪਣੀ ਪੱਧਰ ਉਤੇ ਸਮੇਂ
ਹੋਏ ਵਾਧੇ ਘਾਟੇ ਹਨ । ਮਤੱਸਯ ਪੁਰਾਣ ਦੇ ਕਈ

ਮਤੱਸਯ ਪੁਰਾਣ ਦੇ ਬਾਹੁਵੇਂ ਕਾਂਡ ਵਿਚ ਸੂਰਜ ਵੰਸ਼ੀ ਤੇ ਚੰਦਰ ਵੰਸ਼ੀ ਘਰਾਣਿਆਂ ਦਾ ਵੇਰਵੇ ਨਾਲ ਵਰਣਨ ਹੈ। ਕਾਂਡ 22-24 ਵਿਚ ਬੁਧ ਦੇ ਜਨਮ ਦੀ ਕਥਾ ਮਗਰੋਂ ਉਨ੍ਹਾਂ ਦੀ ਵੰਸ਼ ਦਾ ਵਰਣਨ ਹੈ। ਇਸੇ ਤਰ੍ਹਾਂ 47ਵੇਂ ਕਾਂਡ ਵਿਚ ਯਾਦਵ ਕੁਲ ਦਾ ਵੇਰਵਾ ਹੈ ਜਿਸ ਵਿਚ ਕ੍ਰਿਸ਼ਨ ਜੀ ਹੋਏ ਧਨ।

ਜਿਥੋਂ ਤਕ ਸਿਮਰਤੀ ਗਿਆਨ ਦਾ ਸਬੰਧ ਹੈ, ਮਤੱਸਯ ਪੁਰਾਣ ਵਿਚ (ਯਜਨ) ਯਗ (16-22) ਵਰਤ (ਮ, 7, 54, 57, 60-66, 69-81 ਤੇ 95-101 ਕਾਂਡ) ਦਾਨ ਧਰਮ (53, 82-92 ਕਾਂਡ) ਪਵਿਤਰ ਤੀਰਥਾਂ (13, 22, 103-112, 180-185, 186-194 ਕਾਂਡ) ਨਰਕ (39 ਕਾਂਡ) ਗ੍ਰਿਹ ਯਜਨ (93-94 ਤੇ 228-229 ਕਾਂਡ) ਇਸ਼ਨਾਨ (57, 68, 102) ਪ੍ਰਤਿਸ਼ਠਾ (58-59, 264-270) ਇਸਤ੍ਰੀ ਦੇ ਕਰਤਵ (ਕਾਂਡ 77) ਆਦਿ ਦਾ ਵਰਣਨ ਮਿਲਦਾ ਹੈ। ਪ੍ਰਯਾਗ ਬਨਾਰਸ ਤੇ ਨਰਬਦਾ ਦੀ ਯਾਤ੍ਰਾ ਦਾ ਮਹਾਤਮ ਪਵਿਤਰ ਤੀਰਥਾਂ ਵਾਲੇ ਕਾਂਡ ਵਿਚ ਹੈ। ਕਾਂਡ 274-279 ਵਿਚ 16 ਮਹਾਂ ਦਾਨਾਂ ਦਾ ਵਰਣਨ ਹੈ ਜੋ ਵਿਸ਼ਨੂੰ ਦੀ ਉਪਾਸਨਾ ਲਈ ਜ਼ਰੂਰੀ ਸਮਝੇ ਜਾਂਦੇ ਹਨ।

ਮਤੱਸਯ ਪੁਰਾਣ ਵਿਚ ਹਰਨਾਕਸ਼ ਤੇ ਸਾਵਿਤ੍ਰੀ ਦੀ ਕਥਾ ਵੀ ਦਰਜ ਹੈ।

### (ਮ-79) ਮੰਤਰ :

ਸੰਸਕ੍ਰਿਤ ਦਾ ਸ਼ਬਦ ਮੰਤਰ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ। ਚਾਰ ਵੇਦਾਂ ਵਿਚ ਜਿਤਨੇ ਵੀ ਸ਼ਬਦ, ਤੁਕਾਂ, ਸੂਤਰ ਆਦਿ ਹਨ, ਇਹ ਸਭ ਮੰਤਰ ਅਖਵਾਂਦੇ ਹਨ।

ਜਦੋਂ ਕੋਈ ਗੁਰੂ ਕਿਸੇ ਨਵੇਂ ਸ਼ਿਸ਼ ਨੂੰ ਆਪਣੀ ਸੰਪਰਦਾਇ ਵਿਚ ਦਾਖ਼ਲ ਕਰਦਾ ਹੈ ਤਾਂ ਉਹ ਉਸ ਦੇ ਕਨਾਂ ਵਿਚ ਕੋਈ ਮੰਤਰ ਮਾਰਦਾ ਹੈ। ਇਸ ਨੂੰ ਗੁਰ ਮੰਤਰ ਆਖਿਆ ਜਾਂਦਾ ਹੈ। ਇਸ ਭਾਵ ਵਿਚ ਮੰਤਰ ਦੇ ਅਰਥ ਹੋਏ—ਦੀਖਿਆ ਦੇਣ ਸਮੇਂ ਦਾ ਸੂਤਰ। ਸਿੱਖਾਂ ਵਿਚ ਇਹ ਗੁਰ ਮੰਤਰ ਪ੍ਰਚਲਤ ਹੈ—੧ਓ, ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ। ਇਸ ਦਾ ਸੰਖੇਪ ਰੂਪ '੧ ਓ ਸਤਿਗੁਰ ਪ੍ਰਸਾਦਿ' ਨੂੰ ਵੀ ਗੁਰ ਮੰਤਰ ਦੇ ਰੂਪ ਵਿਚ ਅਪਣਾ ਲਿਆ ਗਿਆ ਹੈ।

ਹਿੰਦੂਆਂ ਵਿਚ ਗਾਇਤਰੀ ਮੰਤ੍ਰ ਪ੍ਰਸਿਧ ਹੈ—ਓਮ ਪਦਮੇ ਹੋਮ, ਇਸ ਮੰਤ੍ਰ ਦਾ ਇਕ ਲੱਖ-ਵਾਰ ਉਚਾਰਨ ਵਾਲਾ ਮੁਨੀ ਅਖਵਾਉਂਦਾ ਹੈ।

ਮੰਤਰ ਸ਼ਬਦ ਜਾਦੂ ਟੂਣੇ ਦੇ ਸਬੰਧ ਵਿਚ ਵੀ ਵ ਜਾਂਦਾ ਹੈ। ਕੋਈ ਵੀ ਸ਼ਬਦ, ਤੁੱਕ ਜਾਂ ਸੂਤਰ ਜੋ ਰੋਗ ਨੂੰ ਦੂਰ ਕਰਨ ਲਈ ਜਾਂ ਕਿਸੇ ਨੂੰ ਵਸ ਵਿਚ ਲਈ ਵਰਤਿਆ ਜਾਵੇ, ਮੰਤਰ ਅਖਵਾਉਂਦਾ ਹੈ। ਮੰ ਭਾਵ ਜਾਦੂ ਦੇ ਸ਼ਬਦ, ਸੂਤਰ, ਟੂਣੇ ਸਮੇਂ ਵਰਤੇ ਹਨ। ਕੁਝ ਸ਼ਬਦਾਂ ਵਿਚ ਜਾਦੂ ਦੀ ਸ਼ਕਤੀ ਹੁੰਦੀ ਜਦੋਂ ਉਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਜਾਂਦਾ ਹੈ ਤੇ ਉਚਾਰਨ ਕਰਨ ਵਾਲਾ ਉਸ ਦੇ ਅਰਥ ਨਾ ਵੀ ਲੋੜੀਂਦਾ ਪ੍ਰਭਾਵ ਅਵੱਸ਼ ਪੈਂਦਾ ਹੈ।

ਹਿੰਦੂ ਓਮ ਵਿਚ, ਸਿੱਖ ੧ ਓਅੰਕਾਰ ਵਿਚ ਤੇ ਮੁਸ ਬਿਸਮਿੱਲਾ ਸ਼ਬਦ ਵਿਚ ਅਥਾਹ ਸ਼ਕਤੀ ਮੰਨਦੇ ਇਸ ਦੇ ਉਚਾਰਨ ਨਾਲ ਉਹ ਅਥਾਹ ਸ਼ਕਤੀ ਦਾ ਆਪਣੇ ਅੰਦਰ ਫੈਲਦਾ ਮਹਿਸੂਸ ਕਰਦੇ ਹਨ।

### (ਮ-80) ਮੰਤ੍ਰਕ ਗਰਭ :

ਉਹ ਗਰਭ, ਜੋ ਮੰਤਰਾਂ ਦੁਆਰਾ ਕਿਸੇ ਮੰਤ੍ਰੀ ਸਾਮਗਰੀ ਦੇ ਪ੍ਰਯੋਗ ਦੁਆਰਾ ਠਹਿਰਿਆ ਲੋਕ-ਕਹਾਣੀਆਂ ਵਿਚ ਇਹ ਕਥਾ ਰੂੜ੍ਹੀ ਆਮ ਪ੍ਰਚਲ ਕਿ ਕਿਸੇ ਨਿਰਸੰਤਾਨ ਤੀਵੀਂ ਦੇ ਘਰ, ਕਿਸੇ ਸਾਧੂ ਜਾਂ ਪੀਰ ਫ਼ਕੀਰ ਵਲੋਂ ਭੇਟ ਕੀਤੀ ਹੋਈ ਵਸਤੂ ਨਾਲ ਗਰਭ ਠਹਿਰ ਜਾਂਦਾ ਹੈ, ਰਾਜੇ ਸਲਵਾਨ ਦੇ ਕੁੰਤੀ ਨੂੰ ਨਦੀ ਵਿਚ ਰੁੜ੍ਹਦੇ ਜਾਂਦੇ ਫੁੱਲ, ਜਿਸ ਵਿਚ ਰਿਸ਼ੀ ਦਾ ਵੀਰਜ ਪਿਆ ਸੀ, ਨੂੰ ਸੁੰਘਣ ਨਾਲ ਹੀ ਠਹਿਰ ਗਿਆ ਸੀ। ਗੁੱਗੇ ਚੌਹਾਨ ਦੀ ਮਾਂ ਬਾਚਲ ਗੁਰ ਗੋਰਖ ਨਾਥ ਤੋਂ ਫਲ ਲਿਆ ਕੇ ਖਾਧਾ ਸੀ ਜਿਸ ਉਸ ਨੂੰ ਗਰਭ ਠਹਿਰ ਗਿਆ ਸੀ। ਪੂਰਨ ਭਗਤ ਦੇ ਅਨੁਸਾਰ ਜਦੋਂ ਪੂਰਨ ਜੋਗੀ ਦੇ ਵੇਸ ਵਿਚ ਸਿਆ ਆਇਆ ਤਾਂ ਰਾਜਾ ਸਲਵਾਨ ਤੇ ਲੂਣਾ ਉਸ ਪੁਤਰ ਦੀ ਇਛਾ ਲੈ ਕੇ ਗਏ ਤੇ ਪੂਰਨ ਨੇ ਉਨ੍ਹਾਂ ਨੂੰ ਚਾਵਲ ਦਾ ਦਾਣਾ ਦਿਤਾ, ਜਿਸ ਦੇ ਖਾਣ ਨਾਲ ਦਾ ਗਰਭ ਠਹਿਰ ਗਿਆ ਅਤੇ ਰਸਾਲੂ ਜੰਮਿਆ।

ਕੁੱਖੋਂ ਕਰਣ ਦਾ ਜਨਮ ਹੋਇਆ (ਵੇਖੋ : ਕਰਣ)। ਕੁੰਤੀ ਨੇ ਬੇਇਜ਼ਤੀ ਤੋਂ ਡਰਦਿਆਂ ਬੱਚੇ ਨੂੰ ਜਮਨਾ ਵਿਚ ਰੋੜ੍ਹ ਦਿਤਾ, ਜਿਥੋਂ ਧ੍ਰਿਤਰਾਸ਼ਟਰ ਦੇ ਰਥਵਾਨ ਨੂੰ ਇਹ ਬੱਚਾ ਮਿਲਿਆ। ਮੰਤ੍ਰੇ ਵਸਤੂ ਨਾਲ ਕਈ ਵਾਰ ਮਰਦਾਂ ਨੂੰ ਗਰਭ ਠਹਿਰ ਜਾਂਦੇ ਹਨ। ਵਿਸ਼ਨੂੰ ਪੁਰਾਣ ਅਨੁਸਾਰ ਯੁਵਨਾਸ਼ਵ ਅਜਿਹਾ ਮੰਤ੍ਰਿਆ ਹੋਇਆ ਕਾਹੜਾ ਪੀ ਗਿਆ, ਜੋ ਉਸ ਦੀ ਤ੍ਰੀਵੀਂ ਵਾਸਤੇ ਸੀ. ਅਖੀਰ ਯੁਵਨਾਸ਼ਵ ਨੇ ਵੱਖੀ ਵਿਚੋਂ ਲੜਕੇ ਨੂੰ ਜਨਮ ਦਿਤਾ।

(ਮ-81) **ਮੰਤ੍ਰੀ ਹੋਈ ਡੋਰੀ :**

ਮੰਤ੍ਰੀ ਹੋਈ ਡੋਰੀ ਨੂੰ ਕਿਸੇ ਸ਼ਖ਼ਸ ਦੇ ਗਲ ਵਿਚ ਵੰਨ੍ਹ ਕੇ ਉਸ ਦਾ ਰੂਪ ਬਦਲਿਆ ਜਾ ਸਕਦਾ ਹੈ (ਵੇਖੋ : ਜਾਦੂ ਦਾ ਧਾਗਾ, ਡੋਰੀ)। ਇਸੇ ਤਰ੍ਹਾਂ ਦੇ ਮੰਤ੍ਰੇ ਹੋਏ ਧਾਗੇ ਨਾਲ ਜਾਦੂਗਰ ਤੀਵੀਂਆਂ ਨੇ ਭਾਈ ਮਰਦਾਨੇ ਨੂੰ ਭੇਡੂ ਬਣਾ ਦਿਤਾ ਸੀ।

(ਮ-82) **ਮਥਰਾ** :

ਹਿੰਦੂਆਂ ਦਾ ਇਕ ਪਵਿਤ੍ਰ ਅਸਥਾਨ, ਜੋ ਕ੍ਰਿਸ਼ਨ ਦੀਆਂ ਲੀਲਾਵਾਂ ਨਾਲ ਸਬੰਧਤ ਹੈ। ਮਥਰਾ ਗੋਕਲ ਤੋਂ ਪੰਜ ਜਾਂ ਛੇ ਮੀਲ ਦੀ ਦੂਰੀ ਤੇ ਸਥਿਤ ਹੈ। ਇਥੇ ਹੀ ਕ੍ਰਿਸ਼ਨ ਦਾ ਜਨਮ ਹੋਇਆ ਸੀ। ਹਿੰਦੂਆਂ ਦੀਆਂ ਪ੍ਰਸਿਧ ਸੱਤ ਪੁਰੀਆਂ ਵਿਚੋਂ ਇਕ ਮਥਰਾ ਹੈ। ਵਿਸ਼ਨੂੰ ਪੁਰਾਣ ਅਨੁਸਾਰ ਰਾਮ ਦੇ ਰਾਜ ਸਮੇਂ ਜਮਨਾ ਦੇ ਤਟ ਉਤੇ ਮਧੁ ਨਾਉਂ ਦੇ ਇਕ ਰਾਖਸ਼ ਦਾ ਪੁਤਰ ਲਵਣ ਰਹਿੰਦਾ ਸੀ। ਸ਼ਤਰੂਘਨ ਨੇ ਉਸ ਨੂੰ ਮਾਰ ਕੇ ਉਸ ਥਾਂ ਉਤੇ ਜੋ ਨਗਰ ਵਸਾਇਆ, ਉਸ ਦਾ ਨਾਉਂ ਮਧੁਰਾ ਰਖਿਆ, ਜੋ ਸਮੇਂ ਨਾਲ ਬਦਲਦਾ ਮਥੁਰਾ ਪ੍ਰਚਲਤ ਹੋਇਆ।

ਮਥਰਾ ਵਿਚ ਯਦੂ ਵੰਸ਼ ਦਾ ਕਈ ਪੀੜ੍ਹੀਆਂ ਤਕ ਰਾਜ ਰਿਹਾ। ਉਗਰਸੈਨ ਇਸ ਵੰਸ਼ ਦਾ ਅੰਤਮ ਰਾਜਾ ਸੀ।

(ਮ-83) **ਮੱਥਾ ਸੁੰਘਣਾ (ਚੁੰਮਣਾ)** :

ਪੁਰਾਣੇ ਜ਼ਮਾਨੇ ਵਿਚ ਪੁਤ੍ਰ ਧੀ ਨੂੰ ਮਿਲਣ ਜਾਂ ਵਿਦਾਈ ਸਮੇਂ ਮੱਥਾ ਸੁੰਘਣ ਦੀ ਰੀਤ ਸੀ, ਕੌਸ਼ੀਤਕੀ ਉਪਨਿਸ਼ਦ ਵਿਚ ਇਸ ਰੀਤ ਵਲ ਸੰਕੇਤ ਮਿਲਦਾ ਹੈ। ਪਰ ਅਜਕਲ

ਹੈ ਅਗੇ ਸਿਰ ਝੁਕਾ ਕੇ ਤੇ ਸੱਜਾ ਹੱਥ ਪੈਰਾਂ ਵਲ
ਝੁਕਣਾ। ਮੱਥਾ ਟੇਕਣਾ ਪੈਰ ਛੂਹਣ ਨੂੰ ਕਿਹਾ ਜਾਂ
ਪਰ ਸੰਤਾਂ ਤੇ ਮਹਾਪੁਰਖਾਂ ਅਗ੍ਰੇ ਸਿਰ ਨਿਵਾ ਕੇ ਮੱਥ
ਉਤੇ ਟੇਕਿਆ ਜਾਂਦਾ ਹੈ। ਜੇ ਚਰਨਧੂਰ ਹੋਣ ਤ
ਉਤੋਂ ਹੀ ਮੱਥਾ ਟੇਕ ਦਿਤਾ ਜਾਂਦਾ ਹੈ। ਮੱਥਾ ਟੇਕਣ
ਤੇ ਨਿਰਮਾਣਤਾ ਦਾ ਪ੍ਰਤੀਕ ਬਣ ਗਿਆ ਹੈ।

ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਰੂਪ
'ਪ੍ਰਗਟ ਗੁਰਾਂ ਦੀ ਦੇਹ' ਮੰਨ ਕੇ ਮੱਥਾ ਟੇਕਦੇ ਹਨ।
ਦਰਬਾਰ ਸਾਹਿਬ ਅਗੇ ਖਲੋ ਕੇ ਅਰਦਾਸ ਬੇਨਤੀ
ਜਾਂਦੀ ਹੈ ਫਿਰ ਸਿਰ ਨੀਵਾਂ ਕਰਕੇ ਦੋਵੇਂ ਗੋਡੇ
ਉਤੇ ਟੇਕੇ ਜਾਂਦੇ ਹਨ ਤੇ ਫਿਰ ਅੱਗੇ ਵਲ ਝੁਕ
ਟੇਕਿਆ ਜਾਂਦਾ ਹੈ।

(ਮ-85) **ਮੱਥੇ ਲਗਾਵਣ :**

ਮੁਲਤਾਨ ਤੇ ਲਹਿੰਦੇ ਬਹਾਵਲਪੁਰ ਦੇ ਖੇਤ
ਦੇਸ਼ ਦੀ ਵੰਡ ਤੋਂ ਪਹਿਲਾਂ ਵਸਦੇ ਹਿੰਦੂਅ
ਕੁੜਮਾਈ ਦੇ ਪਾਵਨ ਸਬੰਧ ਨੂੰ ਤੋੜਨ ਦੀ ਇਕ
ਬਹਾਵਲਪੁਰ ਦੇ ਹਿੰਦੂਆਂ (ਕਿਰਾੜਾਂ) ਵਿਚ ਇਕ
ਜਿਹਾ ਵਹਿਮ ਪ੍ਰਚਲਤ ਹੈ। ਉਨ੍ਹਾਂ ਦਾ ਵਿਸ਼ਵਾਸ਼
ਮੰਗਣੀ ਕੇਵਲ ਤਾਂ ਹੀ ਟੁਟ ਸਕਦੀ ਹੈ ਜੇ ਲੜਕਾ ਨਿ
ਕੋਹੜੀ ਜਾਂ ਅਸਾਧ ਰੋਗ ਵਾਲਾ ਹੋਵੇ। ਦੂਜੀ ਹਾਲ
ਨਹੀਂ। ਜੇ ਲੜਕਾ ਜਾਂ ਲੜਕੀ ਸਖ਼ਤ ਬਿਮਾਰ
ਤਾਂ ਮੰਗਣੀ ਨੂੰ ਰਦ ਕਰਨ ਲਈ 'ਮੱਥੇ ਲਗਾਵ
ਰੀਤ ਕੀਤੀ ਜਾਂਦੀ ਹੈ। ਜੇ ਲੜਕੀ ਮਰਨ ਕੰਢੇ
ਉਸ ਦਾ ਮੰਗੇਤਰ ਉਸ ਦੇ ਮੰਜੇ ਕੋਲ ਖਲੋ ਕੇ
ਕੁਝ ਮਠਿਆਈ ਦੇਂਦਾ ਹੈ ਤੇ ਕਹਿੰਦਾ ਹੈ 'ਹਾਂ ਕਾਈ
ਘਿੰਨ' ਤੇ ਉਹ ਅਗੋਂ ਜ਼ਰੂਰ ਇਹ ਜਵਾਬ ਦੇਂਦੀ ਹੈ
ਭਿਰਾਵਾ।' ਇਸੇ ਤਰ੍ਹਾਂ ਜੇ ਲੜਕਾ ਸਖ਼ਤ ਬਿਮ
ਤਾਂ ਲੜਕੀ ਇਹ ਰਸਮ ਕਰਦੀ ਹੈ। ਇਸ ਦੇ ਨਾਲ
ਰਦ ਹੋ ਜਾਂਦੀ ਹੈ। ਜੇ ਬਿਮਾਰ ਬਚ ਜਾਵੇ ਤਾਂ ਦੋ
ਵਿਆਹ ਲਈ ਫਿਰ ਰਾਜ਼ੀ ਹੋਣ ਤੋਂ ਪਹਿਲਾਂ ਨ
ਤੋਂ ਉਨ੍ਹਾਂ ਨੂੰ ਮੰਗਣੀ ਦੀ ਰਸਮ ਅਦਾ ਕਰਨੀ
ਪਰ ਇਹ ਮੰਗਣੀ ਸਾਧਾਰਣ ਕਿਸਮ ਦੀ ਹੁੰਦੀ ਹੈ।

ਮੱਥੇ ਲਗਾਵਣ ਦੀ ਰਸਮ ਬੀਮਾਰ ਵਰ/ਕੰ

ਵਾਰ ਕੋਈ ਹੋਰ ਰੂਪ ਧਾਰ ਕੇ ਬੀਮਾਰ ਲੜਕੇ ਜਾਂ ਲੜਕੀ ਕੋਲ ਪਹੁੰਚ ਕੇ ਇਹ ਰਸਮ ਸਿਰੇ ਚਾੜ੍ਹਨ ਦਾ ਯਤਨ ਕੀਤਾ ਜਾਂਦਾ ਹੈ ਜਿਵੇਂ ਭੰਗੀ ਬਣ ਕੇ।

ਪਰ ਜੇ ਕਿਸੇ ਤਰ੍ਹਾਂ ਇਹ ਰਸਮ ਸਿਰੇ ਨਾ ਚੜ੍ਹੇ ਤਾਂ ਇਕ ਹੋਰ ਰਸਮ ਜਿਸ ਨੂੰ ਸਵਣ ਕਹਿੰਦੇ ਹਨ, ਨਾਲ ਕੰਮ ਸਾਰਿਆ ਜਾਂਦਾ ਹੈ। ਇਸ ਰਸਮ ਅਨੁਸਾਰ ਮੰਗੇ ਹੋਏ ਲੜਕੇ/ਲੜਕੀ ਲਈ ਮੰਗਣੀ ਤੋੜਨ ਲਈ, ਇਹ ਯਤਨ ਕਾਫ਼ੀ ਹੈ ਕਿ ਉਹ ਬੀਮਾਰ ਬੱਚੇ ਦੇ ਘਰ ਦੀ ਕੰਧ ਦੇ ਨਾਲ ਆਪਣਾ ਮੱਥਾ ਮਾਰੇ। ਇਸ ਮੱਥਾ ਮਾਰਨ ਨੂੰ 'ਸਵਣਾ' ਕਹਿੰਦੇ ਹਨ ਤੇ ਇਹ ਲੜਕੇ ਜਾਂ ਲੜਕੀ ਦੀ ਮ੍ਰਿਤੂ ਦੇ ਚਾਰ ਦਿਨਾਂ ਵਿਚ ਹੋਣੀ ਚਾਹੀਦੀ ਹੈ, ਪਿਛੋਂ ਕੋਈ ਲਾਭ ਨਹੀਂ। ਜੇ ਕੋਈ ਮੱਥੇ ਲਗਾਵਣ ਜਾਂ ਸਵਣ ਦੀ ਰੀਤ ਨਾ ਨਿਭਾ ਸਕੇ ਤਾਂ ਉਹ ਦੂਜੀ ਥਾਂ ਮੰਗਣੀ ਨਹੀਂ ਕਰ ਸਕਦਾ। ਉਸ ਨੂੰ ਚੰਦਰੇ ਗ੍ਰਹਿ ਵਾਲਾ ਬਾਲ ਸਮਝਿਆ ਜਾਂਦਾ ਹੈ, ਪਰ ਜੇ ਇਹ ਰਸਮ ਕਰ ਲਏ ਤਾਂ ਫਿਰ ਉਸ ਦੀ ਮੰਗਣੀ ਸੌਖੀ ਹੀ ਦੂਜੀ ਥਾਂ ਹੋ ਜਾਂਦੀ ਹੈ।

ਮੱਥੇ ਲਗਾਵਣ ਦੀ ਰਸਮ ਮੁਲਤਾਨ ਵਿਚ ਵੀ ਪ੍ਰਚਲਤ ਹੈ, ਇਸ ਰਸਮ ਤੋਂ ਬਿਨਾਂ ਲੜਕਾ ਜਾਂ ਲੜਕੀ ਪਵਿਤਰ ਨਹੀਂ ਸਮਝੇ ਜਾਂਦੇ ਤੇ ਉਹ ਦੂਜੀ ਥਾਂ ਕੁੜਮਾਈ ਨਹੀਂ ਕਰ ਸਕਦੇ।

(ਮ-86) **ਮਦਖੁਲਾ** :

ਕੁਲੂ ਦੇ ਇਲਾਕੇ ਵਿਚ ਵਿਆਹ ਦੀ ਇਕ ਕਿਸਮ; ਕੁਲੂ ਵਿਚ ਜਦੋਂ ਕੋਈ ਮੁਟਿਆਰ ਆਪਣੀ ਮਰਜ਼ੀ ਦੇ ਗਭਰੂ ਨਾਲ ਨਸ ਜਾਂਦੀ ਹੈ ਤਾਂ ਉਹ ਦੋਵੇਂ ਵਿਆਹ ਦੇ ਬੰਧਨ ਵਿਚ ਬੱਝਣ ਲਈ ਜੰਗਲ ਵਿਚ ਕਿਸੇ ਝੀਂਡ ਅਥਵਾ ਝਾੜੀ ਨੂੰ ਅੱਗ ਲਗਾ ਕੇ, ਉਸ ਦੇ ਦੁਆਲੇ ਇਕ ਦੂਜੇ ਦਾ ਹੱਥ ਫੜ ਕੇ ਜਾਂ ਪੱਲਾ ਬੰਨ੍ਹ ਕੇ ਅਠ ਫੇਰੇ ਲੈ ਲੈਂਦੇ ਹਨ। ਇਸ ਵਿਆਹ ਨੂੰ ਝੀਂਢ ਫੂਕ ਜਾਂ ਮਦਖੁਲਾ ਵਿਆਹ ਕਹਿੰਦੇ ਹਨ।

(ਮ-87) **ਮੰਦਰ ਦਾ ਘੰਟਾ** :

ਮੰਦਰ ਵਿਚ ਜਦੋਂ ਵੀ ਕੋਈ ਉਪਾਸ਼ਕ ਪ੍ਰਵੇਸ਼ ਕਰਦਾ

(ਮ-88) **ਮੰਦਰ ਮਹਾਤਮਾ** :

ਇਹ ਗੁੰਬਦਨੁਮਾ ਮੰਦਰ ਡੇਹਰਾ ਬਾਬਾ ਨ
ਦੱਖਣ ਵਲ ਫ਼ਤਹਿਗੜ੍ਹ ਚੂੜੀਆਂ ਵਾਲੀ ਸੜਕ ਉਤੇ
ਹੋਇਆ ਹੈ। ਇਸ ਉਪਰ ਸੋਨੇ ਦਾ ਕਲਸ
ਮੰਦਰ ਵਿਚ ਇਕ ਲਕੜੀ ਦੀ ਬਣੀ ਵੱਡੀ ਪ
ਇਸੇ ਪਾਲਕੀ ਵਿਚ ਇਕ ਸੰਦੂਕ ਵਿਚ ਮਹਾ
ਭਬੂਤੀ ਰਖੀ ਹੋਈ ਹੈ। ਇਹ ਮਹਾਤਮਾ, ਜੋ ਸੰਸ
ਵਿਦਵਾਨ ਦਸਿਆ ਜਾਂਦਾ ਹੈ, ਦਾ ਕੋਈ ਨਾਂ ਨਹੀਂ
ਇਹ ਵਿਰਕਤ ਸਾਧੂ ਸਰਦੀਆਂ ਗਰਮੀਆਂ ਦੀ ਰੁੱ
ਥਾਂ ਉਤੇ, ਨਿਵਾਸ ਕਰਦਾ ਸੀ ਤੇ ਇਸ ਕੋਈ
ਨਹੀਂ ਸੀ ਬਣਾਈ ਹੋਈ। ਕਈ ਸ਼ਰਧਾਲੂਆਂ ਨੇ ਚਬ
ਇਸ ਨੂੰ ਕਈ ਵਾਰ ਕੁਟੀਆ ਉਸਾਰ ਕੇ ਦਿਤੀ
ਵਾਰ ਕੁਟੀਆ ਕਬੂਲਣ ਪਿਛੋਂ ਰਾਤੋ ਰਾਤ ਉਸਨੂੰ ਸ
ਰਹੇ। ਇਸ ਮਹਾਤਮਾ ਦੇ ਸਰੀਰ ਤਿਆਗ ਦੇਣ
ਉਨ੍ਹਾਂ ਦੀ ਕੱਚੀ ਸਮਾਧੀ ਬਣਾਈ ਗਈ, ਪਿਛੋਂ
ਬਣਾਇਆ ਗਿਆ।

ਇਸ ਡੇਰੇ ਦੀ ਗੱਦੀ ਮਹੰਤਣੀਆਂ ਚਲਾਉ
ਹਨ। ਮਹਾਤਮਾ ਜੀ ਤੋਂ ਪਿਛੋਂ ਤਿੰਨ ਮਹੰਤਣੀਆਂ
ਹਨ। ਪਹਿਲੀ ਧਾਰਵਾਲੀ ਪਿੰਡ ਦੀ ਇਕ ਵਿਧਵਾ
ਖੇਮ ਕੌਰ, ਜਿਸ ਦਾ ਨਾਂ ਖਾਮ ਦਾਸ ਰਖਿਆ ਗਿਆ
ਪਿਛੋਂ ਲਛਮਣ ਦਾਸ ਗੱਦੀ ਤੇ ਬਿਰਾਜੀ ਤੇ ਫਿਰ
ਪ੍ਰਕਾਸ਼ ਦਾਸ ਹੈ। ਮਹੰਤਣੀਆਂ ਪਹਿਲਾਂ ਮਰਦਾਵ
ਪਹਿਨਦੀਆਂ ਸਨ ਪਰ ਹੁਣ ਨਹੀਂ, ਪਰ ਨਾਂ ਮਰਦ
ਹੀ ਹਨ।

(ਮ-89) **ਮਦਾਰ** :

ਇਕ ਮੁਸਲਮਾਨ ਫ਼ਕੀਰ, ਜਿਸ ਨੂੰ ਜ਼ਿੰਦਾ ਸ਼ਾਹ
ਵੀ ਕਿਹਾ ਜਾਂਦਾ ਹੈ। ਗਲਾਸਰੀ (3,43) ਅਨੁਸਾ
ਮਦਾਰ ਦਾ ਅਸਲੀ ਨਾਉਂ ਬਾਗ਼ੀ ਉਲਦੀਨ ਸ਼ਾਹ ਸ
ਇਹ ਅੱਲਪੋ ਵਿਚ 1050 ਈ: ਵਿਚ ਪੈਦਾ ਹੋ
ਇਹ 383 ਸਾਲ ਦੀ ਦੀਰਘ ਆਯੂ ਭੋਗ ਕੇ ਅਵ
ਮਕਨਪੁਰ ਵਿਚ ਮਰਿਆ। ਮਕਨਪੁਰ ਵਿਚ ਮਕਨ ਦੇ
ਦੇ ਰਾਖਸ਼ ਨੂੰ ਸ਼ਾਹ ਮਦਾਰ ਨੇ ਮਾਰ ਕੇ ਨਸਾ ਦਿਤਾ ਸੀ

ਮਹਾਨ ਕੋਸ਼ (308) ਅਨੁਸਾਰ ਸ਼ੇਖ ਮਦਾਰ ਦਾ

ਰਹਿੰਦਾ ਹੈ। ਪਰ ਪ੍ਰੇਮ ਨੂੰ ਕੋਈ ਵੇਖ ਨਹੀਂ ਸਕਦਾ। ਸਾਹ ਲਏ ਬਿਨਾਂ ਜੀਣ ਦੀ ਸਕਤੀ ਉਸ ਨੂੰ ਮੁਹੰਮਦ ਸਾਹਿਬ ਨੇ ਬਖਸ਼ੀ।

ਮਦਾਰ ਪੰਥੀ : ਮਦਾਰ ਦੇ ਅਨੁਯਾਈ ਮਦਾਰ ਪੰਥੀ ਨਾਉਂ ਨਾਲ ਪ੍ਰਸਿਧ ਹਨ। ਇਹ ਭਾਵੇਂ ਧਰਮ ਵਜੋਂ ਮੁਸਲਮਾਨ ਹੁੰਦੇ ਹਨ, ਪਰ ਸ਼ਰ੍ਹਾ ਦੇ ਪਾਬੰਦ ਨਹੀਂ ਹੁੰਦੇ। ਇਨ੍ਹਾਂ ਦੀ ਕੋਈ ਖ਼ਾਸ ਧਾਰਮਿਕ ਰੀਤ ਨਹੀਂ।

(ਮ-90) **ਮਦਾਰੀ** :

(ੳ) ਸ਼ਾਹ ਮਦਾਰ ਦੇ ਚੇਲੇ; ਕਿਹਾ ਜਾਂਦਾ ਹੈ ਕਿ ਸ਼ਾਹ ਮਦਾਰ ਦੇ ਚੇਲਿਆਂ ਨੂੰ ਅੱਗ ਨਹੀਂ ਸਾੜਦੀ ਅਤੇ ਨਾ ਹੀ ਸੱਪ ਜਾਂ ਬਿੱਛੂ ਆਦਿ ਜ਼ਹਿਰੀਲੇ ਜੰਤੂ ਕਟਦੇ ਹਨ। ਇਨ੍ਹਾਂ ਵਿਚ ਜ਼ਹਿਰੀਲੇ ਜੰਤੂਆਂ ਦੇ ਡੱਸਣ ਦੀ ਇਲਾਜ ਕਰਨ ਦੀ ਕੁਦਰਤੀ ਸ਼ਕਤੀ ਹੁੰਦੀ ਹੈ (ਗਲਾਸਰੀ 3,43)।

(ਅ) ਪੰਜਾਬ ਵਿਚ ਗਲੀਆਂ ਮਹੱਲਿਆਂ ਵਿਚ ਤਮਾਸ਼ਾ ਵਿਖਾਉਣ ਵਾਲਾ ਇਕ ਫ਼ਿਰਕਾ। ਇਨ੍ਹਾਂ ਕੋਲ ਇਕ ਥੈਲਾ ਹੁੰਦਾ ਹੈ ਜਿਸ ਵਿਚ ਭਾਂਤ ਭਾਂਤ ਦੀਆਂ ਚੀਜ਼ਾਂ ਪਈਆਂ ਹੁੰਦੀਆਂ ਹਨ। ਇਹ ਡੁਗਡੁਗੀ ਵਜਾ ਕੇ ਲੋਕਾਂ ਨੂੰ ਇਕੱਠਾ ਕਰਦੇ ਹਨ ਤੇ ਜਾਦੂ ਦੀਆਂ ਖੇਡਾਂ ਤੇ ਕਰਤਬ ਵਿਖਾਂਦੇ ਹਨ।

ਕਈ ਮਦਾਰੀਆਂ ਕੋਲ ਬੰਦਰਾਂ ਦੀ ਜੋੜੀ ਜਾਂ ਰਿੱਛ ਹੁੰਦਾ ਹੈ। ਇਹ ਬੰਦਰ ਤੇ ਬੰਦਰੀ ਦੇ ਵਿਆਹ ਦਾ ਸਵਾਂਗ ਰਚਾ ਕੇ ਅਤੇ ਰਿੱਛ ਨਾਲ ਘੋਲ ਘੁਲ ਕੇ ਜਾਂ ਰਿੱਛ ਨੂੰ ਨਚਾ ਕੇ ਤਮਾਸ਼ਾ ਵਿਖਾਂਦੇ ਤੇ ਦਰਸ਼ਕਾਂ ਤੋਂ ਪੈਸੇ ਮੰਗਦੇ ਹਨ। ਇਨ੍ਹਾਂ ਕੋਲ ਇਕ ਝੁਰਲੂ ਹੁੰਦਾ ਹੈ, ਜਿਸ ਨਾਲ ਇਹ ਕਈ ਜਾਦੂ-ਤਮਾਸ਼ੇ ਵਿਖਾਂਦੇ ਹਨ।

ਫ਼ਕੀਰਾਂ ਦੀ ਇਕ ਸੰਪਰਦਾਇ ਮਦਾਰੀਆ, ਜੋ ਸ਼ਾਹ ਮਦਾਰ ਦੇ ਉਪਾਸ਼ਕ ਹਨ। ਇਹ ਆਮ ਤੌਰ ਤੇ ਕਾਲੇ ਕਪੜੇ ਪਹਿਨਦੇ ਤੇ ਨਸ਼ਿਆਂ ਦਾ ਸੇਵਨ ਕਰਦੇ ਹਨ।

(ਮ-91) **ਮਧਾਣੀ** :

ਦਹੀਂ ਨੂੰ ਰਿੜਕਣ ਵਾਲਾ ਇਕ ਡੰਡਾ, ਜਿਸ ਨੂੰ ਹੇਠਾਂ ਫੁੱਲ ਦੀ ਸ਼ਕਲ ਦਾ ਚੱਕਰ ਬਣਿਆ ਹੁੰਦਾ ਹੈ। ਇਸ ਨਾਲ

(ਮ-92) **ਮਧਾਣੀ ਦਾ ਫੁੱਲ** :

ਇਕ ਤਵੀਤ ਜਿਸ ਨੂੰ ਦੁੱਧ ਰਿੜਕਣ ਲਗਿਆਂ ਨਾਲ ਥੰਨ੍ਹ ਦੇਣ ਨਾਲ ਮੱਖਣ ਬਹੁਤ ਜ਼ਿਆਦਾ ਨਿ ਹੈ। ਨਿਸਚਾ ਹੈ ਕਿ ਇਸ ਤਵੀਤ ਦੀ ਸ਼ਕਤੀ ਗੁਆਂਢੀਆਂ ਦੀਆਂ ਚਾਟੀਆਂ ਵਿਚੋਂ ਮੱਖਣ ਗੁਪ ਨਾਲ ਆਪਣੀ ਚਾਟੀ ਵਿਚ ਆ ਜਾਂਦਾ ਹੈ। ਲਹਿੰਦੇ ਵਿਚ ਮਧਾਣੀ ਦੇ ਫੁੱਲ ਦਾ ਆਮ ਰਵਾਜ ਹੈ।

(ਮ-93) **ਮਧੂ** :

(ੳ) ਇਕ ਦੈਂਤ ਜੋ ਵਿਸ਼ਨੂੰ ਦੇ ਕੰਨਾਂ ਵਿਚੋਂ ਹੋਇਆ। ਮਹਾਂਭਾਰਤ ਅਨੁਸਾਰ ਮਧੂ ਤੇ ਕੈਟਭ ਦੈਂਤ ਦੇ ਕੰਨਾਂ ਵਿਚੋਂ ਉਪਜੇ ਅਤੇ ਬ੍ਰਹਮਾ ਨੂੰ ਜੋ ਅਜੇ ਦੀ ਨਾਭੀ ਵਿਚੋਂ ਜੰਮਿਆ ਹੀ ਸੀ, ਖਾਣ ਲਈ ਵਿਸ਼ਨੂੰ ਨਿੰਦਰਾ ਅਵਸਥਾ ਤੋਂ ਝਟ ਜਾਗ ਪਏ ਅਤੇ ਦੋਹਾਂ ਦੈਂਤਾਂ ਨੂੰ ਮਾਰ ਦਿਤਾ। ਹਰੀ ਵੰਸ਼ ਦੀ ਕਥਾ ਅ ਮਧੂ ਤੇ ਕੈਟਭ ਦੈਂਤ ਦੀ ਮਿਝ ਪਾਣੀ ਵਿਚ ਫੈਲ ਗ ਇਸੇ ਨਾਲ ਪ੍ਰਿਥਵੀ ਦੀ ਸਿਰਜਨਾ ਕੀਤੀ ਗਈ। ਕਰ ਕੇ ਪ੍ਰਿਥਵੀ ਨੂੰ ਮੇਦਨੀ ਵੀ ਕਿਹਾ ਜਾਂਦਾ ਹੈ।

(ਅ) ਇਕ ਦੈਂਤ ਜੋ ਲਵਣਾਸੁਰ ਦਾ ਪਿਤਾ ਵਿਸ਼ਨੂੰ ਪੁਰਾਣ ਅਨੁਸਾਰ ਮਧੂ ਦੇ ਪੁਤ੍ਰ ਲਵਣ ਨੂੰ ਰਾਮ ਦੇ ਭਰਾ ਸ਼ਤਰੁਘਨ ਨੇ ਮਾਰ ਦਿਤਾ ਅਤੇ ਉਸ ਦਾ ਰਾਜ ਜੋ ਮਥਰਾ ਦੇ ਇਲਾਕੇ ਵਿਚ ਸੀ, ਖੋਹ ਲਿਆ। ਉ ਇਸ ਨਗਰ ਦਾ ਨਾਂ ਦੈਂਤ ਮਧੂ ਦੇ ਨਾਂ ਤੇ 'ਮਧੁਰਾ' ਰ ਜੋ ਮਗਰੋਂ ਮਥਰਾਂ ਬਣ ਗਿਆ।

(ਮ-94) **ਮਧੂ ਮਾਲਤੀ** :

ਇਕ ਪ੍ਰੀਤ-ਕਥਾ ਜੋ ਮਧਕਾਲੀਨ ਸਮਿਆਂ ਵਿਚ ਅਤੇ ਰਾਜਸਥਾਨ ਵਿਚ ਬੜੀ ਪ੍ਰਸਿਧ ਰਹੀ। ਇਸ ਕ ਰਾਜਸਥਾਨੀ ਕਵੀਆਂ ਨੇ ਕਾਵਿ ਰੂਪ ਵਿਚ ਬੰਨ੍ਹਿ ਪੰਜਾਬੀ ਵਿਚ ਇਸ ਕਥਾ ਬਾਰੇ ਕੋਈ ਕਿੱਸਾ ਸਾਡੀ ਵਿਚੋਂ ਨਹੀਂ ਲੱਭਿਆ। ਪਰ ਇਹ ਕਥਾ ਸਾ ਲੋਕ-ਕਥਾਵਾਂ ਦਾ ਅੰਗ ਹੈ। ਰਾਜਸਥਾਨੀ ਵਿਚ ਕਥਾ ਦੀ ਸਭ ਤੋਂ ਪੁਰਾਣੀ ਹੱਥ-ਲਿਖਤ ਪ੍ਰਤੀ (ਸਾਹਿ ਸੰਮੇਲਨ ਪਰਾਗ) ਦਾ ਲਿਪੀ ਕਾਲ ਸੰਵਤ 1707

ਪੜ੍ਹਦੇ ਸਨ। ਦੋਹਾਂ ਵਿਚ ਸੁਭਾਵਕ ਹੀ ਪ੍ਰੇਮ ਜਾਗ ਪਿਆ, ਪਰ ਮਧੂ ਆਪਣੀ ਸਮਾਜਿਕ ਸਥਿਤੀ ਤੋਂ ਜਾਣੂੰ ਸੀ, ਸੋ ਉਸ ਨੇ ਮਾਲਤੀ ਤੋਂ ਦੂਰ ਰਹਿਣ ਲਈ ਉਸ ਪਾਠਸ਼ਾਲਾ ਨੂੰ ਛਡ ਕੇ, ਦੂਜੀ ਵਿਚ, ਜੋ ਰਾਮਸਰੋਵਰ ਦੇ ਘਾਟ ਉਤੇ ਸੀ, ਪੜ੍ਹਨ ਜਾਣ ਲੱਗਾ। ਪਰ ਮਾਲਤੀ ਉਥੇ ਵੀ ਜਾ ਪਹੁੰਚੀ। ਮਾਲਤੀ ਨੇ ਆਪਣੀ ਇਕ ਸਹੇਲੀ ਜੇਤਮਾਲ ਦੀ ਮਦਦ ਨਾਲ, ਮਧੂ ਨੂੰ ਮੰਤ੍ਰਾਂ ਨਾਲ ਵਸ ਕਰਨਾ ਚਾਹਿਆ। ਅਖ਼ੀਰ ਮਧੂ ਨੇ ਮਾਲਤੀ ਅਗੇ ਘੁਟਨੇ ਟੇਕ ਦਿਤੇ ਤੇ ਦੋਹਾਂ ਨੇ ਰਾਮਸਰੋਵਰ ਦੇ ਘਾਟ ਉਤੇ ਗੰਧਰਵ ਵਿਆਹ ਕਰ ਲਿਆ। ਜਦੋਂ ਰਾਜੇ ਨੂੰ ਖ਼ਬਰ ਲੱਗੀ ਤਾਂ ਉਸ ਨੇ ਮਧੂ ਨੂੰ ਮਾਰਨ ਲਈ ਲਸ਼ਕਰ ਭੇਜਿਆ, ਪਰ ਦੇਵੀ ਸਹਾਇਤਾ ਨਾਲ ਮਧੂ ਨੇ ਰਾਜੇ ਦੇ ਲਸ਼ਕਰ ਉਤੇ ਵਿਜੈ ਪਾ ਲਈ। ਲੋਕਾਂ ਵਿਚ ਇਹ ਗੱਲ ਫੈਲ ਗਈ ਕਿ ਮਧੂ ਤੇ ਮਾਲਤੀ 'ਕਾਮ' ਤੇ 'ਰਤੀ' ਦਾ ਅਵਤਾਰ ਹਨ ਤਾਂ ਹੀ ਇਨ੍ਹਾਂ ਵਿਚ ਇਤਨਾ ਪ੍ਰੇਮ ਤੇ ਦੇਵੀ ਸ਼ਕਤੀ ਹੈ। ਰਾਜੇ ਨੇ ਅਖ਼ੀਰ ਦੋਹਾਂ ਦਾ ਵਿਆਹ ਕਰ ਦਿਤਾ।

ਮਧੂ ਮਾਲਤੀ ਦੀ ਕਥਾ ਮਿਰਜ਼ਾ ਸਾਹਿਬਾਂ ਦੀ ਕਥਾ ਨਾਲ ਬਹੁਤ ਸਮਾਨਤਾ ਰਖਦੀ ਹੈ, ਭਾਵੇਂ ਦੋਹਾ ਦਾ ਅੰਤ ਭਿੰਨ ਭਿੰਨ ਹੈ ਪਹਿਲੀ ਦਾ ਸੁਖਾਂਤਕ ਤੇ ਦੂਜੀ ਦਾ ਦੁਖਾਂਤਕ। ਇੰਜ ਜਾਪਦਾ ਹੈ ਮਧੂ ਮਾਲਤੀ ਦੀ ਹਿੰਦੂਆਣੀ ਕਥਾ ਪੀਲੂ ਦੇ ਸਮੇਂ ਮੁਸਲਮਾਨੀ ਬੁਰਕਾ ਪਹਿਨ ਕੇ, ਮਿਰਜ਼ਾ ਸਾਹਿਬਾਂ ਵਿਚ ਢਲ ਗਈ ਹੋਵੇ। ਲੋਕ-ਕਹਾਣੀਆਂ ਸਮੇਂ ਨਾਲ ਵਧੇਰੇ ਲੋਕਪ੍ਰਿਯ ਹੋ ਕੇ ਦੰਦ-ਕਥਾਵਾਂ ਵਿਚ ਵਟਦੀਆਂ ਰਹਿੰਦੀਆਂ ਹਨ ਤੇ ਇਹ ਕੋਈ ਨਵੀਂ ਗੱਲ ਨਹੀਂ। ਜੁਗਾਂ ਤੋਂ ਇਹੋ ਵਰਤਾਰਾ ਚਲਿਆ ਆ ਰਿਹਾ ਹੈ।

(ਮ-95) **ਮਨਸਾ ਦੇਵੀ :**

ਹਿੰਦੂਆਂ ਦੀ ਇਕ ਦੇਵੀ, ਜਿਸ ਦੀ ਪੂਜਾ ਹਾੜ ਵਦੀ ਪੰਚਮੀ ਨੂੰ ਕੀਤੀ ਜਾਂਦੀ ਹੈ। ਇਹ ਦੇਵੀ ਕਸ਼ਯਪ ਦੀ ਪੁਤ੍ਰੀ ਤੇ ਸ਼ੇਸ਼ਨਾਗ ਦੀ ਭੈਣ ਮੰਨੀ ਜਾਂਦੀ ਹੈ। ਇਸ ਦੀਆਂ ਚਾਰ ਬਾਹਵਾਂ ਹਨ ਤੇ ਗਲ ਵਿਚ ਸੱਪ ਲਟਕੇ ਹੁੰਦੇ ਹਨ। ਮਨਸਾ ਦੇਵੀ ਕੰਵਲ ਫੁੱਲ ਉਤੇ ਬਿਰਾਜਮਾਨ ਹੁੰਦੀ ਹੈ। ਇਸ ਦਾ ਰੰਗ ਪੀਲਾ ਹੈ। ਇਸ ਦੇਵੀ ਦਾ ਵਾਸਾ ਪਿੱਪਲ ਦੇ ਬਿਛ ਉਤੇ ਹੈ। ਮਨਸਾ ਨਾਂ ਦੇ ਪੌਦੇ ਵਿਚ ਵੀ ਇਹ ਰਹਿੰਦੀ ਜਾਂਦਾ ਹੈ।

ਮਹਾਂਭਾਰਤ ਅਨੁਸਾਰ ਮਨਸਾ ਦੇਵੀ ਆਸ
ਸੀ। ਰਾਜਾ ਜਨਮੇਜਾ ਦੇ ਸਰਪ ਮੇਧ ਸਮੇਂ
ਸੱਪਾਂ ਦੀ ਜਾਨ ਬਖ਼ਸ਼ਾਈ।

(ਮ-96) **ਮਨਹਾ :**

ਖੇਤਾਂ ਵਿਚ ਬਾਂਸ ਖੜੇ ਕਰ ਕੇ ਬਣਾਈ ਉੱ
ਖਲੋ ਕੇ ਦੂਰ ਤਕ ਪਸਰੇ ਖੇਤਾਂ ਦੀ ਰਾਖੀ ਕੀਤੀ
ਹੈ। ਮਨਹੇ ਉਤੇ ਖਲੋ ਕੇ ਹੀ ਪੰਛੀਆਂ ਨੂੰ
ਉਡਾਣ ਲਈ ਗੁਲੇਲ ਮਾਰੀ ਜਾਂਦੀ ਹੈ।

ਪੰਜਾਬ ਵਿਚ ਜਿਨ੍ਹਾਂ ਇਲਾਕਿਆਂ ਵਿਚ
ਆਉਂਦੇ ਹਨ, ਉਥੇ ਹਰ ਘਰ ਅਥਵਾ ਖੇਤ
ਮਨਹਾ ਬਣਿਆ ਹੁੰਦਾ ਹੈ। ਇਹ ਮਨਹਾ ਬਾਂਸ
ਕੀਤਾ ਇਕ ਮਜ਼ਬੂਤ ਥੜਾ ਜਿਹਾ ਹੁੰਦਾ ਹੈ।
ਸਾਰੇ ਪਾਸੇ ਫਿਰ ਜਾਂਦਾ ਹੈ ਤਾਂ ਲੋਕੀਂ ਮਨਹਾ
ਆਪਣੀ ਤੇ ਘਰ ਦੇ ਸਮਾਨ ਦੀ ਰਖਿਆ ਕ
ਪਛਮੀ ਪੰਜਾਬ ਵਿਚ ਹੜ੍ਹ ਵਾਲੇ ਇਲਾਕੇ ਵਿਚ
ਮਿਲਦੇ ਹਨ ਅਤੇ ਲੋਕੀਂ ਕਈ ਵਾਰ ਕਈ
ਮਨਹੇ ਉਤੇ ਰਹਿੰਦੇ ਹਨ। ਮਨਹੇ ਦਾ ਜ਼ਿਕਰ
ਵਿਚ ਵੀ ਆਉਂਦਾ ਹੈ :

ਮਨਹੇ ਤੇ ਮੈਂ ਖੜੀ ਆਂ
ਮੇਰੇ ਆ ਵੰਝ ਢੋਲੇ ਯਾਰ।
ਇਕ ਤੂੰ ਹੋਵੇਂ ਇਕ ਮਨਹਾ ਹੋਵੇ
ਹੇਠਾਂ ਫਿਰੇ ਪਾਣੀ ਦੀ ਬਾੜ।

(ਮ-97) **ਮਨਹਾਸ :**

ਰਾਜਪੂਤਾਂ ਦਾ ਇਕ ਕਬੀਲਾ; ਮਨਹਾਸ
ਹੋਣ ਦਾ ਦਾਅਵਾ ਕਰਦੇ ਹਨ ਅਤੇ ਆਪ
ਰਾਮ ਚੰਦਰ ਦੀ ਵੰਸ਼ ਵਿਚੋਂ ਦਸਦੇ ਹਨ। ਇ
ਅਨੁਸਾਰ ਰਾਮ ਚੰਦਰ ਦੀ ਵੰਸ਼-ਪਰੰਪਰਾ ਵਿਚੋਂ
ਉਕਲਘਰ ਜਾਂ ਅਕਾਲਘਰ ਸਿਆਲਕੋਟ ਵਿ
ਵਸਿਆ। ਇਸ ਦਾ ਪੁੱਤਰ ਜਮੂ ਲਾਦਨ, ਜਿ
ਨਾਮਣਾ ਖੱਟੀ, ਨੇ ਮਦਰ ਦੇਸ ਦੇ ਰਾਜੇ
ਵਿਜੈ ਪ੍ਰਾਪਤ ਕੀਤੀ ਅਤੇ ਜੰਮੂ ਦਾ ਨਗਰ

ਉਤੇ ਆਪਣਾ ਰਾਜ ਅਧਿਕਾਰ ਸਥਾਪਿਤ ਕਰ ਲਿਆ, ਪਰ ਇਕ ਦੂਜੀ ਪਰੰਪਰਾ ਅਨੁਸਾਰ ਮਨਹਾਸਾਂ ਦੇ ਵਡੇਰੇ ਪਹਿਲਾਂ ਕਸ਼ਮੀਰ ਆ ਕੇ ਵਸੇ ਤੇ ਮਗਰੋਂ ਉਨ੍ਹਾਂ ਦੀ ਵੰਸ਼ ਜੰਮੂ ਤੇ ਸਿਆਲਕੋਟ ਵਿਚ ਫੈਲੀ। ਇਸ ਕਬੀਲੇ ਦਾ ਪਹਿਲਾ ਨਾਂ 'ਜੰਮਵਾਲ' ਸੀ ਜੋ ਉਸ ਸਾਖ ਤਕ ਹੀ ਸੀਮਿਤ ਰਿਹਾ ਜੋ ਵਾਹੀ ਖੇਤੀ ਨਹੀਂ ਕਰਦੇ, ਵਾਹੀ ਖੇਤੀ ਕਰਨ ਵਾਲੇ ਮਨਹਾਸ ਪ੍ਰਸਿਧ ਹੋਏ।

ਮਨਹਾਸ ਆਪਣੇ ਵਡੇ ਲੜਕੇ ਨੂੰ ਰਾਜਾ ਤੇ ਛੋਟੇ ਨੂੰ ਮੀਆਂ ਕਹਿੰਦੇ ਹਨ ਅਤੇ ਪ੍ਰਨਾਮ ਲਈ 'ਜੈ' ਸ਼ਬਦ ਵਰਤਦੇ ਹਨ। ਇਨ੍ਹਾਂ ਵਿਚ ਵਿਰਸੇ ਦੀ ਵੰਡ 'ਚੂੰਡ ਵੰਡ' ਰੀਤ ਅਨੁਸਾਰ ਹੁੰਦੀ ਹੈ।

ਗਲਾਸਰੀ (ਉਹੀ) ਅਨੁਸਾਰ ਮਨਹਾਸ ਪੱਕੀਆਂ ਇੱਟਾਂ ਦੇ ਮਕਾਨਾਂ ਵਿਚ ਰਹਿਣ ਤੋਂ ਗੁਰੇਜ਼ ਕਰਦੇ ਹਨ। ਕੁਝ ਰਸਮਾਂ ਸਮੇਂ ਇਨ੍ਹਾਂ ਵਿਚ ਬਕਰੇ ਦੇ ਸਿਰ ਉਤੇ ਜਲ ਦੀ ਧਾਰ ਪਾਉਣ ਦੀ ਰੀਤ ਹੈ। ਧਾਰਨਾ ਹੈ ਕਿ ਇੰਜ ਕਰਨ ਨਾਲ ਬਕਰਾ ਸਿਰ ਹਿਲਾਂਦਾ ਹੈ ਤੇ ਇਸ ਕਿਰਿਆ ਤੋਂ ਉਨ੍ਹਾਂ ਦੇ ਪਿੱਤਰ ਪ੍ਰਸੰਨ ਹੁੰਦੇ ਹਨ।

ਕੁਝ ਮਨਹਾਸ ਹੁਸ਼ਿਆਰਪੁਰ ਦੀ ਊਨਾ ਤਹਿਸੀਲ ਵਿਚ ਰਹਿੰਦੇ ਹਨ, ਜੋ ਆਪਣੀ ਗੋਤ ਭਾਰਦਵਾਜ ਦਸਦੇ ਹਨ। ਇਨ੍ਹਾਂ ਦੇ ਬ੍ਰਾਹਮਣ ਖਜੂਰ ਡੋਗਰ ਸ੍ਰੇਣੀ ਦੇ ਸਾਰਸਵਤ ਹਨ। ਜਦੋਂ ਉਹ ਉੱਚੀ ਸ੍ਰੇਣੀ ਵਿਚ ਆਪਣੀਆਂ ਧੀਆਂ ਦੇਂਦੇ ਹਨ ਤਾਂ ਦਹੇਜ ਦੇਂਦੇ ਹਨ। ਪਰ ਜਦੋਂ ਉਹ ਨੀਵੀਂ ਸ੍ਰੇਣੀ ਵਿਚੋਂ ਨੂੰਹਾਂ ਲੈਂਦੇ ਹਨ ਤਾਂ ਦਹੇਜ ਲੈਂਦੇ ਹਨ।

ਮਨਹਾਸ ਹਿੰਦੂ ਤੇ ਮੁਸਲਮਾਨ ਦੋਹਾਂ ਜਾਤੀਆਂ ਵਿਚ ਮਿਲਦੇ ਹਨ।

**(ਮ-98) ਮੰਨਣੀ ਅਮਾਵਸ :**

ਕਵਾਰ (ਕੱਤਕ) ਦੇ ਮਹੀਨੇ ਦੀ ਅਮਾਵਸ, ਜੋ ਹਰਿਆਣੇ ਵਿਚ ਮਨਾਈ ਜਾਂਦੀ ਹੈ। ਇਸ ਤਿੱਥ ਨੂੰ ਲੋਕੀਂ ਘਰਾਂ ਵਿਚ ਖੀਰ ਪਕਾਂਦੇ ਜਾਂ ਕੋਈ ਹੋਰ ਮਿਠੇ ਪਕਵਾਨ ਬਣਾਉਂਦੇ ਹਨ। ਹਰਿਆਣੇ ਦੇ ਇਲਾਕੇ ਵਿਚ ਵਸਦੇ ਮਿਊ, ਇਸ ਦਿਨ ਕੋਈ ਕੰਮ ਨਹੀਂ ਕਰਦੇ ਤੇ ਆਪਣੇ ਬਲਦਾਂ ਨੂੰ ਵੀ ਨਹੀਂ ਜੋੜਦੇ। ਮਿਊ ਇਸ ਦਿਨ ਪਿੱਪਲ ਦੇ ਬ੍ਰਿਛ ਨੂੰ ਪਾਣੀ ਦੇਂਦੇ ਹਨ, ਪਰ ਹੁਣ ਉਨ੍ਹਾਂ ਵਿਚ ਪਿੱਪਲ ਨੂੰ ਪਾਣੀ ਦੇਣ ਦੀ

ਸੁੱਖਣਾ ਸੁੱਖਦੀਆਂ ਹਨ ਕਿ ਜਦੋਂ ਉਨ੍ਹਾਂ ਦੇ ਘਰ ਹੋਵੇਗਾ ਉਹ ਉਸ ਦਾ ਤੁਲਾ ਦਾਨ ਦੇਣਗੇ। ਜਦੋਂ ਪੂਰੀ ਹੋ ਜਾਂਦੀ ਹੈ ਤਾਂ ਉਹ ਆਪਣੀ ਵਿਤ ਮੂਜਬ ਗੁੜ, ਸ਼ਕਰ, ਚੀਨੀ, ਜਾਂ ਚਾਂਦੀ ਆਦਿ ਨਾਲ ਤੋਲ ਤੇ ਇਹ ਸਮਿਗਰੀ ਉਸ ਦੇਵੀ ਦੇਵਤੇ ਜਾਂ ਪੀਰ ਫ ਚੜ੍ਹਾਵੇ ਵਜੋਂ ਦੇਂਦੇ ਹਨ ਜਿਸ ਦੁਵਾਰ ਤੋਂ ਮੰਨ ਹੋਵੇ। ਇਸ ਸਮਿਗਰੀ ਨੂੰ 'ਮੰਨਤੀ ਤੁਲਾ' ਕਿਹਾ ਹੈ।

**(ਮ-100) ਮਨਿਆਰ :**

ਕੱਚ ਦੀਆਂ ਚੂੜੀਆਂ ਆਦਿ ਬਣਾਉਣ ਤੇ ਵਾਲਾ। ਪੰਜਾਬ ਦੇ ਪਿੰਡਾਂ ਵਿਚ ਮਨਿਆਰ ਫੇਰੀ ਵੰਗਾਂ ਵੇਚਦੇ ਹਨ, ਇਨ੍ਹਾਂ ਨੂੰ ਵਣਜਾਰੇ ਵੀ ਕਿਹਾ ਹੈ। ਪੰਜਾਬਣਾਂ ਨੂੰ ਵੰਗਾਂ ਚੜ੍ਹਾਉਣ ਦਾ ਬੜਾ ਸ਼ੌਕ ਅਨੇਕਾਂ ਗੀਤਾਂ ਵਿਚ ਵਣਜਾਰੇ ਦਾ ਜ਼ਿਕਰ ਆਉਂਦਾ

**(ਮ-101) ਮਨੁੱਖ :**

ਮਨੁੱਖ ਦੀ ਉਤਪਤੀ ਸਭ ਤੋਂ ਪਹਿਲਾਂ ਕਿਵੇਂ ਇਸ ਸਬੰਧ ਵਿਚ ਕੁਝ ਮਿਥਕ ਕਥਾਵਾਂ ਪੰਜਾਬੀ ਮਿਲਦੀਆਂ ਹਨ, ਜੋ ਸਾਧਾਰਨ ਹੁੰਦਿਆਂ ਵੀ ਬੜੀਆਂ ਹਨ। ਇਕ ਕਥਾ ਅਨੁਸਾਰ ਮਨੁੱਖ ਦੀ ਉਤਪਤੀ ਤੋਂ ਹੋਈ। ਪ੍ਰਮਾਤਮਾ ਨੇ ਮਿੱਟੀ ਦੀ ਇਕ ਮੂਰਤੀ ਤੇ ਆਪਣੇ ਨਾਲੋਂ ਆਤਮਾ ਨੂੰ ਅਲਗ ਕਰ ਕੇ ਕਿਹਾ ਉਸ ਵਿਚ ਦਾਖ਼ਲ ਹੋ ਜਾਵੇ, ਆਤਮਾ ਪਹਿਲਾਂ ਤਾਂ ਦੀ ਮੂਰਤੀ ਵਿਚ ਦਾਖ਼ਲ ਹੋਣ ਤੋਂ ਘਬਰਾਈ ਪਰ ਇਹ ਬਚਨ ਲੈ ਕੇ ਉਹ ਉਸ ਬੁਤ ਵਿਚੋਂ ਉਸ ਦੀ ਮੁੜ ਬਾਹਰ ਕਢ ਲਏਗਾ, ਦਾਖ਼ਲ ਹੋ ਗਈ ਤੇ ਇ ਮਨੁੱਖ ਹੋਂਦ ਵਿਚ ਆਇਆ। ਪ੍ਰਭੂ ਨੇ ਆਪਣੇ ਬ ਪਾਲਦਿਆਂ ਹੋਇਆਂ ਜੀਵ ਆਤਮਾ ਨੂੰ ਜਦੋਂ ਸਰੀਰ ਕਢਿਆ ਤਾਂ ਮੌਤ ਨੇ ਜਨਮ ਲਿਆ।

ਬਾਈਬਲ ਅਨੁਸਾਰ ਵੀ ਪਹਿਲਾ ਮਨੁੱਖ 'ਆਦਿਮ' ਦਾ ਬਣਾਇਆ ਗਿਆ ਸੀ ਤੇ ਉਸ ਵਿਚ ਰੱਬ ਨੇ ਫੂਕ ਦਿਤੀ।

ਪੰਜਾਬ ਦੀ ਇਕ ਹੋਰ ਕਥਾ ਅਨੁਸਾਰ ਬੱਚੇ

[illegible]

**(ਮ-102) ਮਨੁੱਖੀ ਬਲੀ :**

ਮਨੁੱਖੀ ਬਲੀ ਦੀ ਪਰੰਪਰਾ ਹਿੰਦੂ ਧਰਮ ਵਿਚ ਬੜੀ ਪੁਰਾਣੀ ਹੈ। ਮੂਲ ਵਿਚ ਇਹ ਆਪਣੀ ਥਾਂ ਕਿਸੇ ਹੋਰ ਜ਼ਿੰਦਗੀ ਦਾ ਦਾਨ ਦੇਣ ਦੇ ਸਿਧਾਂਤ ਉਤੇ ਆਧਾਰਤ ਹੈ। ਦੇਵਤਿਆਂ ਨੂੰ ਤਾਂ ਇਕ ਜਾਨ ਚਾਹੀਦੀ ਹੈ। ਜੇ ਉਨ੍ਹਾਂ ਨੂੰ ਬਦਲੇ ਵਿਚ ਕਿਸੇ ਹੋਰ ਦੀ ਜਾਨ ਮਿਲ ਜਾਵੇ ਤਾਂ ਉਹ ਪ੍ਰਸੰਨ ਹੋ ਜਾਂਦੇ ਮੰਨੇ ਜਾਂਦੇ ਹਨ।

ਪ੍ਰਾਚੀਨ ਕਾਲ ਵਿਚ ਜੇ ਕਦੇ ਕਿਸੇ ਚੀਜ਼ ਦੀ ਨੀਂਹ ਰਖੀ ਜਾਂਦੀ ਤਾਂ ਪਹਿਲਾਂ ਮਨੁੱਖੀ ਬਲੀ ਦਿਤੀ ਜਾਂਦੀ ਸੀ, ਜੋ ਪਿਛੋਂ ਪਸ਼ੂ ਦੀ ਬਲੀ ਦਾ ਰੂਪ ਧਾਰਨ ਕਰ ਗਈ। ਅਜ ਵੀ ਇਹ ਪਰੰਪਰਾ ਚਿੰਨ੍ਹਾਤਮਿਕ ਰੂਪ ਵਿਚ ਪ੍ਰਚਲਤ ਹੈ ਅਤੇ ਨੀਂਹ ਸਮੇਂ ਨਾਰੀਅਲ, ਜੋ ਮਨੁੱਖ ਦੇ ਸਿਰ ਨਾਲ ਮਿਲਦਾ ਜੁਲਦਾ ਹੁੰਦਾ ਹੈ, ਉਤੇ ਸੰਧੂਰ ਮਲ ਕੇ ਨੀਂਹ ਹੇਠ ਰਖਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਮਾੜੀ, ਖੂਹ ਜਾਂ ਇਮਾਰਤ ਲੰਮੇ ਸਮੇਂ ਤਕ ਠੀਕ ਹਾਲਤ ਵਿਚ ਰਹਿੰਦੀ ਮੰਨੀ ਜਾਂਦੀ ਹੈ, ਮਨੁੱਖ ਦੀ ਬਲੀ ਦੇਣ ਪਿਛੇ ਇਹ ਵਿਚਾਰ ਕੰਮ ਕਰਦਾ ਹੈ ਕਿ ਉਸ ਮਨੁੱਖ ਦੀ ਪ੍ਰੇਤ-ਆਤਮਾ ਉਸ ਸਥਾਨ ਜਿਸ ਦੀ ਨੀਂਹ ਹੇਠ ਬਲੀ ਦਿਤੀ ਗਈ ਹੈ, ਦੀ ਰਖਿਆ ਕਰਦੀ ਹੈ।

**(ਮ-103) ਮਨੂ :**

ਮਨੂ ਵੈਵਸਵਤ ਸੂਰਜ ਦੇਵਤਾ ਦਾ ਪੁੱਤਰ ਸੀ, ਅਤੇ ਜਦੋਂ ਧਰਤੀ ਉਤੇ ਜਲ ਪਰਲੋ ਆਈ ਸੀ ਤਾਂ ਮਨੂ ਤੋਂ ਸਿਵਾ ਹੋਰ ਸਭ ਜੀਵ ਨਸ਼ਟ ਹੋ ਗਏ। ਸੰਸਾਰ ਦੀ ਅਗਲੀ ਪੀੜ੍ਹੀ ਮਨੂ ਨੇ ਹੀ ਚਲਾਈ।

ਇਹ ਮਨੂ, ਮਨੂਆਂ ਦੀ ਪ੍ਰਣਾਲੀ ਵਿਚ ਸਤਵਾਂ ਸੀ, ਕੁਲ 14 ਮਨੂ ਹਨ ਤੇ ਸੱਤ ਅਜੇ ਹੋਰ ਹੋਣੇ ਹਨ। ਇਨ੍ਹਾਂ ਮਨੂਆਂ ਦੇ ਨਾਂ ਇਹ ਹਨ—ਸਵਾਯੰਭਵ, ਸਵਾਰੋਚਿਸ, ਔਤਮੀ, ਤਾਮਸ, ਰੈਵਤ, ਚਾਕ੍ਰਸ਼ਸ਼, ਵੈਵਸਵਤ ਜਾਂ ਸਤਯਵਤ ਸਾਵਰਣ, ਦਕਸ਼ ਸਾਵਰਣ, ਬ੍ਰਹਮ ਸਾਵਰਣ, ਧਰਮ ਸਾਵਰਣ, ਸਾਵਰਣ ਜਾਂ ਰੁਦ੍ਰ ਸਾਵਰਣ, ਰੌਚਯ, ਭੌਤਯ।

ਇਹ ਚੌਦਾਂ ਮਨੂ ਮਾਨਵਤਾ ਦੇ ਮਿਥਹਾਸਕ ਬਜ਼ੁਰਗ ਹਨ ਅਤੇ ਇਹ ਸਾਰੇ ਇਕ ਮਨਵੰਤਰ ਪ੍ਰਿਥਵੀ ਉਤੇ ਰਾਜ ਕਰਦੇ ਹਨ। ਇਕ ਮਨਵੰਤਰ 4,320,000 ਸਾਲਾਂ ਦਾ ਹੁੰਦਾ ਹੈ।

ਉਸ ਨੂੰ ਮਰਨ ਤੋਂ ਬਚਾ ਲਏ ਤੇ ਵੱਟੇ ਵਿਚ ਮੱਛੀ
ਨਸ਼ਟ ਹੋਣ ਤੋਂ ਬਚਾਣ ਦਾ ਵਾਇਦਾ ਕੀਤਾ
ਉਸ ਨੂੰ ਇਕ ਪਾਣੀ ਦੇ ਘੜੇ ਵਿਚ ਰਖੇ ਤੇ ਜਿ
ਉਹ ਵਡੀ ਹੁੰਦੀ ਜਾਵੇ ਵਡੇ ਘੜੇ ਵਿਚ ਉਸ
ਜਾਵੇ ਤੇ ਅਖ਼ੀਰ ਸਮੁੰਦਰ ਵਿਚ ਪਹੁੰਚਾ ਦੇਵੇ
ਮਨੂ ਦੀ ਉਸ ਜਲ ਪਰਲੋ ਤੋਂ ਰਖਿਆ ਕਰੇਗੀ,
ਹੀ ਸੰਸਾਰ ਵਿਚ ਆਉਣ ਵਾਲੀ ਸੀ। ਮਨੂ ਨੇ
ਕੀਤਾ, ਜਦੋਂ ਮੱਛੀ ਵਡੀ ਹੋ ਗਈ ਤਾਂ ਮਨੂ ਨੇ
ਸਮੁੰਦਰ ਵਿਚ ਪਾ ਦਿਤਾ, ਉਦੋਂ ਮੱਛੀ ਨੇ ਫਿ
'ਇਕ ਬੇੜਾ ਬਣਾ ਤੇ ਜਦੋਂ ਪਾਣੀ ਫੈਲਣ ਲਗੇ ਸਮ
ਆ ਜਾਵੀਂ, ਮੈਂ ਤੈਨੂੰ ਬਚਾ ਲਵਾਂਗੀ।'

ਮਨੂ ਨੇ ਇਸੇ ਤਰ੍ਹਾਂ ਕੀਤਾ, ਜਦੋਂ ਮਹਾਨ ਹੜ੍ਹ
ਤਾਂ ਮਨੂ ਬੇੜੇ ਵਿਚ ਬਹਿ ਗਿਆ ਤੇ ਬੇੜੇ ਦੀ
ਮੱਛੀ ਦੇ ਸਿੰਗ ਨਾਲ ਬੰਨ੍ਹ ਦਿਤੀ। ਕਈ ਸਾਲਾਂ
ਬੇੜੀ ਨੂੰ ਪਾਣੀ ਵਿਚ ਘੁਮਾਂਦੀ ਰਹੀ ਤੇ ਅ
ਹਿਮਾਲੀਆ ਪਰਬਤ ਦੇ ਉਪਰੋਂ ਲੰਘੀ। ਉਦੋਂ
ਮਨੂ ਨੂੰ ਇਹ ਬੇੜਾ ਇਕ ਦਰਖ਼ਤ ਨਾਲ ਬੰ
ਪਾਣੀ ਦੇ ਉਤਰਨ ਤਕ ਉਥੇ ਹੀ ਉਡੀਕ ਕ
ਕਿਹਾ। ਜਦੋਂ ਸਾਰਾ ਪਾਣੀ ਉਤਰ ਗਿਆ ਤ
ਵੇਖਿਆ ਕਿ ਸੰਸਾਰ ਦੇ ਸਾਰੇ ਜੀਵ ਜੰਤੂ ਸਿਵਾਂ
ਆਪਣੇ ਆਪ ਦੇ, ਨਸ਼ਟ ਹੋ ਚੁਕੇ ਸਨ, ਇਕੋ
ਤੰਗ ਪੈ ਕੇ ਮਨੂ ਨੇ ਇਕ ਯੱਗ ਕੀਤਾ ਅਤੇ ਉਸ
ਅਨੁਸਾਰ ਯੱਗ ਵਿਚੋਂ ਇਕ ਤੀਵੀਂ ਨਿਕਲੀ
ਉਸ ਨੂੰ ਪਤਨੀ ਬਣਾ ਕੇ ਕੋਲ ਰਖ ਲਿਆ
ਦੋਹਾਂ ਦੀ ਸੰਤਾਨ ਹੀ ਸ੍ਰਿਸ਼ਟੀ ਉਤੇ ਵਸ ਕੇ ਵਧੀ

ਅਗਨੀ ਪੁਰਾਣ ਅਨੁਸਾਰ ਜਦੋਂ ਬ੍ਰਹਮਾ
ਅਨੁਸਾਰ ਸਮੁੰਦਰ ਸਭ ਦਿਸ਼ਾਵਾਂ ਵਲ ਫੈਲ ਕੇ
ਨਸ਼ਟ ਕਰਨ ਲੱਗਾ ਤਾਂ ਵੈਵਸਵਤ ਮਨੂ, ਜੋ ਹਿਮਾ
ਉਤੇ ਰਹਿੰਦਾ ਸੀ ਕਰਿਤਮਾਲਾ ਦਰਿਆ ਵਿਚੋਂ ਦੇ
ਪਾਣੀ ਦੇ ਰਿਹਾ ਸੀ ਕਿ ਇਕ ਨਿੱਕੀ ਜਿਹੀ ਮਛ
ਹੱਥਾਂ ਵਿਚ ਆ ਗਈ। ਉਸ ਵੇਲੇ ਉਸ ਨੂੰ ਅ
ਹੋਈ ਕਿ ਇਸ ਦੀ ਰਖਿਆ ਕਰੋ। ਇਹ ਮੱਛੀ ਵਧ
ਬੜੇ ਵਡੇ ਅਕਾਰ ਦੀ ਬਣ ਗਈ। ਮਨੂ ਨੇ
ਸੁਣਾਇਆ ਤੇ ਆਪਣੇ ਪੁੱਤਰਾਂ ਤੇ ਉਨ੍ਹਾਂ ਦੀਆਂ ਪ

ਕੀਤੀ। ਮਨੂ ਨੇ ਇਸ ਨੂੰ ਬਚਾਇਆ ਤੇ ਇਸ ਨੇ ਮਨੂ ਨੂੰ ਜਲ ਪਰਲੋ ਬਾਰੇ ਦਸਿਆ। ਅਗੋਂ ਉਹੋ ਹੀ ਕਥਾ ਹੈ।

ਸੱਤ ਇਹੋ ਜਿਹੀਆ ਜਲ ਪਰਲੋ ਅਜੇ ਹੋਰ ਆਉਣੀਆਂ ਹਨ ਤੇ ਸੱਤ ਹੀ ਮਨੂ ਹੋਣ ਹਣੇ ਹਨ।

'ਭਵਿਸ਼ਯ ਪੁਰਾਣ' ਵਿਚ ਲਿਖਿਆ ਹੈ ਕਿ ਵੈਵਸਵਤ ਮਨੂ ਜੋ ਸੁਮੇਰ ਪਰਬਤ ਉਤੇ ਰਹਿੰਦਾ ਸੀ, ਉਸ ਦੇ ਵੀਰਜ ਤੋਂ ਕਕੁਸਤਾ ਰਾਜਾ ਪੈਦਾ ਹੋਇਆ ਜਿਸ ਨੇ ਅਜੁਧਿਆ ਉਤੇ ਰਾਜ ਕੀਤਾ ਤੇ ਜਿਸ ਦੀ ਔਲਾਦ ਇਸ ਇਲਾਕੇ ਵਿਚ ਵੱਸੀ ਤੇ ਫਿਰ ਸਾਰੀ ਸ੍ਰਿਸ਼ਟੀ ਉਤੇ ਫੈਲ ਗਈ।

(ਮ-104) **ਮਮਿਆਈ** :

ਇਕ ਕੀਮਤੀ ਦਵਾਈ, ਜੋ ਪੱਥਰਾਂ ਵਿਚੋਂ ਨਿਕਲਦੀ ਹੈ। ਇਸ ਨੂੰ ਸਿਲਾਜੀਤ ਵੀ ਕਹਿੰਦੇ ਹਨ। ਇਹ ਕਈ ਬੀਮਾਰੀਆਂ ਵਿਚ ਲਾਭਦਾਇਕ ਹੁੰਦੀ ਹੈ ਖ਼ਾਸ ਤੌਰ ਤੇ ਟੁੱਟੀ ਹੱਡੀ ਦੇ ਮੇਲਣ ਵਿਚ ਮਦਦ ਦੇਂਦੀ ਹੈ।

ਮਮਿਆਈ ਬਾਰੇ ਪੱਛਮੀ ਪੰਜਾਬ ਵਿਚ ਕਈ ਅਨੋਖੀਆਂ ਗੱਲਾਂ ਪ੍ਰਚਲਤ ਹਨ। ਇਕ ਧਾਰਨਾ ਹੈ ਕਿ ਇਹ ਦਵਾਈ ਮਨੁੱਖ ਦੇ ਮਗਜ਼ ਤੋਂ ਬਣਾਈ ਜਾਂਦੀ ਹੈ। ਪਠਾਣ ਕਿਸੇ ਆਦਮੀ ਨੂੰ ਉਧਾਲ ਕੇ ਉਸ ਦੇ ਸਿਰ ਵਿਚ ਸੁਰਾਖ਼ ਕਰ ਕੇ, ਉਸ ਨੂੰ ਦਰਖ਼ਤ ਨਾਲ ਪੁੱਠਾ ਲਟਕਾ ਦੇਂਦੇ ਹਨ। ਹੇਠਾਂ ਇਕ ਕੜਾਹੇ ਵਿਚ ਤੇਲ ਉਬਲਣਾ ਧਰ ਦਿਤਾ ਜਾਂਦਾ ਹੈ। ਪੁਠੇ ਲਟਕੇ ਹੋਏ ਆਦਮੀ ਦਾ ਮਗਜ਼ ਥੋੜਾ ਥੋੜਾ ਇਸ ਕੜਾਹੀ ਵਿਚ ਡਿਗਦਾ ਰਹਿੰਦਾ ਹੈ ਤੇ ਭੁਜ ਕੇ ਮਮਿਆਈ ਬਣਦੀ ਹੈ।

(ਮ-105) **ਮਯ** :

ਰਾਮਾਇਣ ਅਨੁਸਾਰ ਇਕ ਦੈਂਤ ਜੋ ਵਿਸ਼ਵਕਰਮਾ ਜਿਤਨਾ ਹੀ ਨਿਪੁੰਨ ਸ਼ਿਲਪਕਾਰ ਸੀ। ਵਿਸ਼ਵਕਰਮਾ ਦੇਵਤਿਆਂ ਦਾ ਉਸਰੱਈਆ ਸੀ ਤੇ ਮਯ ਦਾਨਵਾਂ ਦਾ। ਮਯ ਵਿਪ੍ਰਚਿਤੀ ਦਾ ਪੁੱਤਰ ਅਤੇ ਰਾਵਣ ਦੀ ਪਤਨੀ ਮੰਦੋਦਰੀ ਦਾ ਪਿਤਾ ਸੀ। ਇਸ ਦਾ ਨਿਵਾਸ ਅਸਥਾਨ ਦੇਵਗਿਰੀ ਸੀ। ਮਹਾਂਭਾਰਤ ਅਨੁਸਾਰ ਇਸ ਨੇ ਪਾਂਡਵਾਂ ਲਈ ਇਕ ਸੁੰਦਰ ਮਹਿਲ ਬਣਾਇਆ ਜਿਸ ਵਿਚ ਜਲ ਥਲ ਦਾ ਭੁਲੇਖਾ ਪਾਉਂਦਾ ਤੇ ਥਲ ਜਲ ਦਾ। ਇਸੇ ਮਹਿਲ ਵਿਚ ਦੁਰਯੋਧਨ ਨੇ ਇਕ ਵਾਰ ਜਲ ਨੂੰ ਸੁੱਕੀ ਜ਼ਮੀਨ ਸਮਝ ਕੇ ਆਪਣੇ

ਦੂਜੇ ਮਹਾਂਪੁਰਖਾਂ (ਅਹਿਲੇ ਬੈਤ) ਦੇ ਮਾਤਮ ਵਿਚ ਜੋ ਗਾਏ ਜਾਂਦੇ ਹਨ, ਉਨ੍ਹਾਂ ਨੂੰ ਵਿਸ਼ੇਸ਼ ਕਰ ਕੇ ਮਰਸੀਆ ਜਾਂਦਾ ਹੈ। ਮੁਹੱਰਮ ਦੇ ਦਿਨੀਂ ਤੇ ਖ਼ਾਸ ਤੌਰ ਤੇ ਮੁਹੱਰ ਜਲੂਸ ਵਿਚ, ਸ਼ੀਆ ਮੁਸਲਮਾਨਾਂ ਵਿਚ ਮਰਸੀਆ ਪੜ੍ਹ ਰੀਤ ਹੈ।

(ਮ-107) **ਮਰਕਾ** :

ਦੈਂਤਾਂ ਦਾ ਇਕ ਪ੍ਰੋਹਿਤ ਜੋ ਸ਼ੁਕ੍ਰ ਦਾ ਪੁਤ੍ਰ ਇਸ ਦਾ ਪੂਰਾ ਨਾਂ ਅਮਰੀਕ ਸੀ। ਅਮਰੀਕ ਤੇ ਉਸ ਭਰਾ ਸੰਡਾ ਦੋਵੇਂ ਪ੍ਰਹਿਲਾਦ ਨੂੰ ਪੜ੍ਹਾਇਆ ਕਰਦੇ ਇਨ੍ਹਾਂ ਦੋਹਾਂ ਨੂੰ 'ਸੰਡ-ਮਰਕਾ' ਕਿਹਾ ਜਾਂਦਾ ਹੈ। ਗੁਰਬ ਵਿਚ ਕਈ ਥਾਈਂ ਸੰਡਾ ਮਰਕਾ ਦਾ ਜ਼ਿਕਰ ਆਇਆ ਹੈ

(ਮ-108) **ਮਰਘਟ** :

ਸ਼ਮਸ਼ਾਨ ਘਾਟ ਜਿਥੇ ਹਿੰਦੂ ਸਿੱਖ ਆਪਣੇ ਮੁਰਦੇ ਫੂ ਹਨ। ਮਰਘਟ ਆਮ ਤੌਰ ਤੇ ਕਿਸੇ ਨਦੀ, ਤਲਾਬ ਛੱਪੜ ਦੇ ਕੰਢੇ ਹੁੰਦਾ ਹੈ ਤਾਂ ਜੋ ਅਰਥੀ ਨਾਲ ਆਏ ਦਾਹ ਸੰਸਕਾਰ ਮਗਰੋਂ ਇਸ਼ਨਾਨ ਕਰ ਲੈਣ। ਜੇ ਇਲ ਵਿਚ ਤਲਾਬ ਜਾਂ ਨਦੀ ਨਾ ਹੋਵੇ ਤਾਂ ਕਿਸੇ ਔਤੜ ਮਰਘਟ ਬਣਾਇਆ ਜਾਂਦਾ ਹੈ।

(ਮ-109) **ਮਰਣੀ ਕਰਣੀ ਘਾਟ** :

ਬਨਾਰਸ ਵਿਚ ਇਕ ਘਾਟ, ਜਿਥੇ ਸ਼ਿਵ ਦੀ ਪ ਸਤੀ ਦੇ ਕੰਨਾਂ ਦੇ ਕੁੰਡਲ ਡਿਗੇ ਸਨ। ਸਨਾਤਨੀ ਹਿੰਦੂ ਦਾ ਵਿਚਾਰ ਹੈ ਕਿ ਜਿਸ ਪ੍ਰਾਣੀ ਦੀ ਅੰਤੇਸ਼ਟੀ ਇਸ ਘ ਤੇ ਹੋਵੇ ਉਹ ਸਿੱਧਾ ਸਵਰਗ ਲੋਕ ਨੂੰ ਜਾਂਦਾ ਹੈ।

(ਮ-110) **ਮਰਵਾਹਾ** :

ਖਤ੍ਰੀਆਂ ਦੀ ਇਕ ਗੋਤ।

(ਮ-111) **ਮਰੀਚੀ** :

ਪਰਜਾਪਤੀਆਂ ਵਿਚੋਂ ਇਕ ਦਾ ਨਾਂ, ਮਰੀ ਮਹਾਂ ਰਿਸ਼ੀਆਂ ਵਿਚੋਂ ਇਕ ਸੀ। ਇਹ ਬ੍ਰਹਮਾ ਦਾ ਪੁੱ ਤੇ ਕਸ਼ਯਪ ਦਾ ਪਿਤਾ ਸੀ।

ਕੀਤੀਆਂ ਜਾਂਦੀਆਂ ਹਨ । ਕਾਂਗੜੇ ਵਿਚ ਮਰੀ ਦੀ ਪ੍ਰਸੰਨਤਾ ਲਈ ਪੰਚ ਬਲੀ ਤੇ ਸੱਤ ਬਲੀਆਂ ਦੀਆਂ ਦੋ ਰੀਤਾਂ ਪ੍ਰਚਲਤ ਹਨ । ਪੰਜ ਬਲੀ ਵਿਚ ਪੰਜ ਜੀਆਂ ਦੀ ਬਲੀ ਦਿਤੀ ਜਾਂਦੀ ਹੈ—ਪੇਠਾ, ਬਲਦ, ਕੁੱਕੜ, ਭੇਡ ਤੇ ਬਕਰਾ । ਪੇਠਾ ਮਨੁੱਖੀ ਸਿਰ ਦਾ ਪ੍ਰਤੀਕ ਹੈ ਤੇ ਪੇਠੇ ਦੀ ਬਲੀ ਦਾ ਮਹਾਤਮ ਮਨੁੱਖ ਦੀ ਬਲੀ ਦੇ ਤੁਲ ਮੰਨਿਆ ਜਾਂਦਾ ਹੈ। ਜੇ ਪਸ਼ੂ ਇਕੋ ਝਟਕੇ ਨਾਲ ਨਾ ਮਰੇ ਤਾਂ ਦੇਵੀ ਪ੍ਰਸੰਨ ਨਹੀਂ ਹੁੰਦੀ ਤੇ ਇਹ ਭੇਟ ਕਬੂਲ ਨਹੀਂ ਸਮਝੀ ਜਾਂਦੀ ।

ਸੱਤ ਬਲੀ ਵਿਚ ਉਪ੍ਰੋਕਤ ਪੰਜ ਚੀਜ਼ਾਂ ਤੋਂ ਬਿਨਾਂ ਨਰ ਤੇ ਮਾਦਾ ਦੀਆਂ ਦੋ ਮਨੁੱਖੀ ਬਲੀਆਂ ਵੀ ਸ਼ਾਮਲ ਹਨ, ਨਰ ਬਲੀ ਦਾ ਪ੍ਰਾਚੀਨ ਕਾਲ ਵਿਚ ਰਵਾਜ ਸੀ ।

ਨੱਟਾਂ ਵਿਚ ਵੀ ਮਰੀ ਮਾਈ ਦੀ ਪੂਜਾ ਦੀ ਪ੍ਰਥਾ ਹੈ। ਜਦੋਂ ਪਿੰਡ ਵਿਚ ਹੈਜ਼ਾ ਜਾਂ ਕੋਈ ਹੋਰ ਘਾਤਕ ਰੋਗ ਫੈਲਦਾ ਹੈ ਤਾਂ ਇਹ ਦੇਵੀ ਨੂੰ ਪੂਜਦੇ ਤੇ ਇਸ ਨੂੰ ਛੋਟੀ ਭੇਡ, ਜਿਸਦਾ ਮੁੰਡਣ ਅਜੇ ਨਾ ਹੋਇਆ ਹੋਵੇ, ਦੀ ਬਲੀ ਦੇਂਦੇ ਹਨ ।

ਕਈ ਲੋਕ ਮਰੀ ਭਵਾਨੀ ਦੀ ਪੂਜਾ ਕਰਦੇ ਤੇ ਉਸਦੀ ਮੂਰਤੀ ਬਣਾ ਕੇ ਪਿੰਡ ਦੀਆਂ ਗਲੀਆਂ ਵਿਚ ਉਸ ਦਾ ਜਲੂਸ ਕਢਦੇ ਤੇ ਫਿਰ ਪਿੰਡੋਂ ਬਾਹਰ ਜਾ ਕੇ ਉਸ ਦੀ ਮੂਰਤੀ ਜਲ ਪ੍ਰਵਾਹ ਦੇਂਦੇ ਹਨ । ਲੋਕ-ਨਿਸਚੇ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਬੀਮਾਰੀ ਪਿੰਡ ਛੱਡ ਕੇ ਨੱਸ ਜਾਂਦੀ ਹੈ। ਮਰੀ ਭਵਾਨੀ ਨੂੰ ਖ਼ੁਸ਼ ਰਖਣ ਲਈ ਕੁੱਕੜ ਤੇ ਬਕਰੇ ਦੀ ਬਲੀ ਵੀ ਦਿਤੀ ਜਾਂਦੀ ਹੈ ।

ਮਰੀ ਬਾਰੇ ਕਈ ਕਥਾਵਾਂ ਲੋਕਾਂ ਵਿਚ ਪ੍ਰਚਲਤ ਹਨ । ਕਹਿੰਦੇ ਹਨ ਪੰਜਾਬ ਵਿਚ ਇਕ ਵਾਰ ਜਦੋਂ ਹੈਜ਼ੇ ਦਾ ਰੋਗ ਫੈਲਿਆ ਹੋਇਆ ਸੀ ਤਾਂ ਲੋਕਾਂ ਨੇ ਦੋ ਤੀਵੀਆਂ ਨੂੰ ਦਰਿਆ ਪਾਰ ਕਰਦਿਆਂ ਵੇਖਿਆ । ਜਿਨ੍ਹਾਂ ਵਿਚੋਂ ਇਕ ਤਾਂ ਝੱਟ ਹੀ ਅੱਖੋਂ ਓਹਲੇ ਹੋ ਗਈ ਪਰ ਦੂਜੀ ਨੇ ਕਿਹਾ ਕਿ ਉਹ ਉੱਤਰ ਵਲ ਜਾ ਰਹੀ ਹੈ । ਲੋਕ ਸਮਝ ਗਏ ਕਿ ਇਹ ਮਰੀ ਮਾਈ ਹੈ ਜੋ ਇਸ ਇਲਾਕੇ ਨੂੰ ਛੱਡ ਕੇ ਇਥੋਂ ਜਾ ਰਹੀ ਹੈ, ਪਰ ਮੰਦੇ ਭਾਗੀਂ ਬੀਮਾਰੀ ਫਿਰ ਦੱਖਣ ਵਿਚ ਫੁਟ ਪਈ ।

## (ਮ-113) ਮਰੂੰਛਿਆਂ ਦੀ ਰਸਮ :

ਮੁਸਲਮਾਨਾਂ ਵਿਚ ਪ੍ਰਚਲਤ, ਬੱਚੇ ਨਾਲ ਸਬੰਧਤ

## (ਮ-114) ਮਰੁਤ :

ਵੈਦਿਕ ਮਿਥਿਕ ਅਨੁਸਾਰ ਝੱਖੜ ਤੇ ਵਾਯੂ ਜੋ ਇੰਦਰ ਦੇ ਮਿਤ੍ਰ ਤੇ ਸਾਥੀ ਹਨ । ਇਹ, ਰੌ ਦੱਗ ਦੱਗ ਕਰਦੇ, ਸੋਨੇ ਦੇ ਰਥ ਉਤੇ, ਸਵਾਰੀ ਕ ਇਨ੍ਹਾਂ ਨੂੰ ਲੋਹੇ ਦੇ ਖੋਲ ਪਹਿਨੀ, ਹਵਾ 'ਤੇ ਸਵਾਰ, ਨਾਲ ਸੁਸ਼ੋਭਤ ਪੇਸ਼ ਕੀਤਾ ਜਾਂਦਾ ਹੈ । ਇਹ ਬਿ ਚਮਕ ਤੇ ਗਰਜ ਨਾਲ ਲੈਸ ਹਨ । ਇਨ੍ਹਾਂ ਦ ਕਿਧਰੇ 21 ਕਿਧਰੇ 27 ਅਤੇ ਕਿਧਰੇ 180 ਦਸੀ

ਇਨ੍ਹਾਂ ਦੀ ਉਤਪਤੀ ਬਾਰੇ ਕਈ ਕਥਾਵਾਂ ਹਨ । ਕਿਧਰੇ ਇਹ ਰੁਦਰ ਦੇ ਪੁੱਤਰ ਮੰਨੇ ਕਿਧਰੇ ਇੰਦਰ ਦੇ ਤੇ ਕਿਧਰੇ ਪ੍ਰਿਥਵੀ ਦੇ । ਅਨੁਸਾਰ ਇਨ੍ਹਾਂ ਦੀ ਉਤਪਤੀ ਦਿਤੀ ਦੇ ਇਕ ਬੱਚੇ ਤੋਂ ਹੋਈ । ਜਿਸ ਦੇ ਇੰਦਰ ਨੇ ਆਪਣੇ 49 ਟੁਕੜੇ ਕਰ ਦਿਤੇ ਸਨ । ਭਾਗਵਤ ਅਨੁਸਾਰ ਆਪਣੇ ਪਤੀ ਕਸ਼ਯਪ ਦੀ ਪ੍ਰੇਰਨਾ ਤ ਅਜਿ ਵਰਤ ਧਰਿਆ ਜਿਸ ਤੋਂ ਇੰਦਰ 'ਤੇ ਵਿਜੇ ਪਾਉ ਪੁਤ੍ਰ ਜੰਮੇ । ਇੰਦਰ ਨੇ ਇਸ ਨੂੰ ਗਰਭ ਵਿਚ ਦਾ ਫ਼ੈਸਲਾ ਕੀਤਾ ਅਤੇ ਸੇਵਕ ਦਾ ਰੂਪ ਧਾਰ ਦੀ ਸੇਵਾ ਕਰਨ ਲੱਗਾ । ਇਕ ਦਿਨ ਦਿਤੀ ਜੂ ਗਈ । ਇੰਦਰ ਨੇ ਇਸ ਸਮੇਂ ਨੂੰ ਸੁਭ ਜਾਣ ਕੇ ਧਾਰ ਕੇ ਦਿਤੀ ਦੇ ਉਦਰ ਵਿਚ ਚਲਾ ਗਿਆ ਅ ਵਜਰ ਨਾਲ ਗਰਭ ਦੇ 49 ਟੁਕੜੇ ਕਰ ਦਿਤੇ, ਪ ਤੇਜ ਸਦਕਾ ਇਹ ਟੁਕੜੇ ਮਰੇ ਨਹੀਂ, ਸਗੋਂ ਜਿੰਦ ਧੜਕਦੀ ਰਹੀ ਤੇ ਇਹ ਰੋ ਕੇ ਇੰਦਰ ਨੂੰ ਕ "ਬਸ ਹੋਰ ਨਾ ਮਾਰੋ ।" ਇੰਦਰ ਨੇ ਤਰਸ ਖਾ ਕੇ 'ਮਾਰੁਤੇ ਨਾ ਰੋ', ਇਸ ਉਤੇ ਇਨ੍ਹਾਂ ਦਾ ਨਾਂ ਗਿਆ । ਇੰਦਰ ਇਨ੍ਹਾਂ 49 ਮਾਰੁਤ ਨੂੰ ਗਰਭ ਲੈ ਆਇਆ ਅਤੇ ਉਹ ਇਸ ਦੇ ਸਾਥੀ ਬਣ ਗਏ ਹੋਰ ਕਥਾ ਅਨੁਸਾਰ ਪਾਰਬਤੀ ਦੇ ਕਹਿਣ ਤੇ ਸ਼ਿਵ ਦੇ ਟੁਕੜਿਆਂ ਨੂੰ ਬਾਲਕਾਂ ਵਿਚ ਬਦਲ ਦਿਤਾ ਇਨ੍ਹਾਂ ਨੂੰ ਇਕੋ ਸ਼ਕਲ ਤੇ ਰੂਪ ਨਕਸ਼ ਦੇ ਕੇ, ਪ ਪੁੱਤਰਾਂ ਵਜੋਂ ਬਖ਼ਸ਼ਿਆ, ਜਿਸ ਕਰ ਕੇ ਇਨ੍ਹਾਂ ਨੂੰ ਰੁ ਦੇ ਪੁੱਤਰ ਕਿਹਾ ਜਾਂਦਾ ਹੈ ।

ਇਸੇ ਗੱਲ 'ਤੇ ਖੁਦਾ ਨੇ ਸ਼ੈਤਾਨ ਨੂੰ ਮਲਊਨ (ਧਿਕਾਰਿਆ) ਕਿਹਾ ਤੇ ਬਹਿਸ਼ਤ ਵਿਚੋਂ ਨਿਕਲ ਜਾਣ ਦਾ ਹੁਕਮ ਦਿਤਾ। ਉਦੋਂ ਤੋਂ ਸ਼ੈਤਾਨ ਨੂੰ ਮਲਊਨ ਕਿਹਾ ਜਾਣ ਲੱਗਾ (ਵੇਖੋ : ਸ਼ੈਤਾਨ)।

(ਮ-116) **ਮਲਕ** :

(ੳ) ਮੌਤ ਦਾ ਫ਼ਰਿਸ਼ਤਾ, ਮਲਕੁਲਮੌਤ; ਇਸ ਦਾ ਅਸਲੀ ਨਾਂ ਅਜ਼ਰਾਈਲ ਹੈ (ਵੇਖੋ : ਅਜ਼ਰਾਈਲ)।

(ਅ) ਇਕ ਉਪਾਧੀ ਜੋ ਕਈ ਖਤ੍ਰੀ ਆਪਣੇ ਨਾਂ ਨਾਲ ਵਰਤਦੇ ਹਨ।

(ੲ) ਕਈ ਮੁਸਲਮਾਨ ਜੱਟ ਤੇ ਰਾਜਪੂਤ ਵੀ ਆਪਣੇ ਨਾਂ ਨਾਲ ਮਲਕ ਦੀ ਉਪਾਧੀ ਵਰਤਦੇ ਹਨ।

(ਮ-117) **ਮਲਕ ਮੁਰੀਦ ਅਤੇ ਚੰਦ੍ਰਹੜਾ ਸੋਹੀਆ** :

ਮੁਗ਼ਲ ਸਮਰਾਟ ਅਕਬਰ ਦੇ ਸਮੇਂ ਦੋ ਮਨਸਬਦਾਰ ਮੁਰੀਦ ਤੇ ਚੰਦ੍ਰਹੜਾ ਨਾਂ ਦੇ ਹੋਏ। ਇਹ ਦੋਵੇਂ ਜ਼ਾਤ ਦੇ ਰਾਜਪੂਤ ਸਨ। ਮੁਰੀਦ ਨੂੰ 'ਮਲਕ' ਦਾ ਖ਼ਿਤਾਬ ਮਿਲਿਆ ਹੋਇਆ ਸੀ, ਜਿਸ ਕਰ ਕੇ ਉਸ ਨੂੰ ਮਲਕ ਮੁਰੀਦ ਕਿਹਾ ਜਾਂਦਾ ਸੀ। ਚੰਦ੍ਰਹੜਾ ਦੀ ਜੱਦੀ ਅੱਲ 'ਸੋਹੀਆ' ਸੀ, ਇਸ ਲਈ ਉਹ ਚੰਦ੍ਰਹੜਾ ਸੋਹੀਆ ਦੇ ਨਾਂ ਨਾਲ ਪ੍ਰਸਿਧ ਸੀ। ਇਹ ਦੋਵੇਂ ਮਨਸਬਦਾਰ ਉਪਰੋਂ ਤਾਂ ਮਿਤ੍ਰ ਸਨ ਪਰ ਵਿਚੋਂ ਦੋਵੇਂ ਇਕ ਦੂਜੇ ਨਾਲ ਦੁਸ਼ਮਨੀ ਰਖਦੇ ਸਨ।

ਇਕ ਵਾਰ ਸਰਹੱਦ ਵਿਚ ਬਗ਼ਾਵਤ ਹੋ ਗਈ ਅਤੇ ਅਕਬਰ ਨੇ ਮਲਕ ਮੁਰੀਦ ਨੂੰ ਬਾਗ਼ੀਆਂ ਨੂੰ ਸੋਧਣ ਅਤੇ ਉਨ੍ਹਾਂ ਤੋਂ ਜੁਰਮਾਨਾ ਤੇ ਹੋਰ ਕਰ ਵਸੂਲ ਕਰਨ ਲਈ ਭੇਜਿਆ। ਮਲਕ ਮੁਰੀਦ ਬੜਾ ਬਹਾਦਰ ਸੂਰਮਾ ਸੀ। ਬਾਗ਼ੀਆਂ ਨੇ ਝਟ ਹਥਿਆਰ ਸੁਟ ਦਿਤੇ ਤੇ ਜੁਰਮਾਨਾ ਵੀ ਭਰ ਦਿਤਾ। ਮਲਕ ਮੁਰੀਦ ਨੇ ਇਹ ਜੁਰਮਾਨੇ ਦਾ ਰੁਪਿਆ ਦਿੱਲੀ ਭੇਜ ਦਿਤਾ ਤੇ ਆਪ ਬੰਦੋਬਸਤ ਕਰਨ ਲਈ ਉਥੇ ਹੀ ਠਹਿਰ ਗਿਆ।

ਕੁਝ ਸਮਾਂ ਲੰਘ ਗਿਆ। ਮਲਕ ਮੁਰੀਦ ਉਦੋਂ ਦੇ ਬੰਦੋਬਸਤ ਨੂੰ ਠੀਕ ਕਰਨ ਵਿਚ ਇਤਨਾ ਰੁੱਝਾ ਰਿਹਾ ਕਿ ਵੇਲੇ ਸਿਰ ਮਾਮਲਾ ਵਸੂਲ ਕਰ ਕੇ ਦਿੱਲੀ ਨਾ ਭੇਜ ਸਕਿਆ। ਚੰਦ੍ਰਹੜਾ ਸੋਹੀਆ ਨੇ ਆਪਣੇ ਮਿਤ੍ਰਾਂ ਦੋਸਤਾਂ ਰਾਹੀਂ ਬਾਦਸ਼ਾਹ ਤਕ ਇਹ ਗੱਲ ਪਹੁੰਚਾ ਦਿਤੀ ਕਿ ਮਲਕ ਮੁਰੀਦ

ਦਾਉ ਪੇਚ ਨਾਲ ਕੰਮ ਸਾਰਨਾ ਚਾਹਿਆ ਤੇ ਮਲਕ ... ਅਗੇ ਮਿਤ੍ਰਤਾ ਪ੍ਰਗਟਾਣ ਲੱਗਾ। ਪਰ ਮਲਕ ਮੁ... ਸੂਹੀਆਂ ਨੇ ਵੀ ਸਾਰੀ ਗੱਲ ਉਸ ਨੂੰ ਦੱਸ ਦਿਤ... ਇਸ ਲਈ ਉਹ ਲੜਨ ਲਈ ਤਿਆਰ ਹੋ ਗਿਆ।

ਦੁਹਾਂ ਵਿਚ ਬੜੀ ਲਹੂ ਡੋਲ੍ਹਵੀਂ ਲੜਾਈ ... ਅਨੇਕਾਂ ਸਿਪਾਹੀ ਮਾਰੇ ਗਏ। ਪਰ ਮਲਕ ਮੁ... ਚੰਦ੍ਰਹੜਾ ਸੋਹੀਆ ਦੋਵੇਂ ਬੜੇ ਬਹਾਦਰ ਤੇ ਅਣਖੀ... ਸਨ ਤੇ ਯੁਧ ਵਿਦਿਆ ਵਿਚ ਬੜੇ ਮਾਹਿਰ ਸਨ, ਇ... ਦੋਵੇਂ ਅੜੇ ਰਹੇ। ਮਾਲੀ ਤੇ ਜਾਨੀ ਨੁਕਸਾਨ ਕਾ... ਕਰ ਕੇ ਅਖ਼ੀਰ ਚੰਦ੍ਰਹੜਾ ਸੋਹੀਆ ਨੇ ਮਲਕ ਮੁ... ਚਿੱਠੀ ਲਿਖੀ ਕਿ ਇਸ ਤਰ੍ਹਾਂ ਸਿਪਾਹੀਆਂ ਨੂੰ ਮਰਵ... ਕੋਈ ਲਾਭ ਨਹੀਂ ਤੇਰਾ ਵੈਰ ਮੇਰੇ ਨਾਲ ਹੈ, ਆ... ਹੱਥ ਦੋਵੇਂ ਕੱਢ ਕੇ ਦਿਲ ਦੀ ਭੜਾਸ ਕਢ ਲਈਏ।

ਇਹ ਚਿੱਠੀ ਪੜ੍ਹ ਕੇ ਮਲਕ ਮੁਰੀਦ ਲੋਹਾ ਲਾ... ਗਿਆ ਤੇ ਚੰਦ੍ਰਹੜਾ ਸੋਹੀਆ ਨਾਲ ਇਕੱਲਾ ਦੋ ਦੋ ਹੱ... ਲਈ ਤਿਆਰ ਹੋ ਗਿਆ। ਅਗਲੇ ਦਿਨ ਦੋਵੇਂ... ਮੈਦਾਨ ਵਿਚ ਨਿਤਰ ਆਏ। ਸ਼ਸਤਰ ਵਿਦਿਆ... ਨਿਪੁੰਨ ਹੋਣ ਕਰਕੇ ਦੁਹਾਂ ਚੰਗੇ ਕਰਤਬ ਵਿਖਾਏ। ... ਕਾਫ਼ੀ ਦੇਰ ਤਕ ਲੜਦੇ ਰਹੇ ਤੇ ਦੋਵੇਂ ਇਤਨੇ ਚ... ਗਏ ਕਿ ਦੁਹਾਂ ਦੇ ਸਰੀਰ ਪ੍ਰਾਣ ਤਿਆਗ ਗਏ ਤੇ... ਹਾਰ ਕਿਸੇ ਦੀ ਵੀ ਨਾ ਹੋਈ।

ਢਾਡੀਆਂ ਨੇ ਇਨ੍ਹਾਂ ਦੀ ਇਸ ਸੂਰਮਗਤੀ ਦੀ ਉ... ਵਿਚ ਵਾਰ ਰਚੀ। ਇਹ ਵਾਰ ਪੂਰੀ ਨਹੀਂ ਮਿ... ਇਸ ਦੀ ਇਕ ਪ੍ਰਸਿਧ ਪਉੜੀ ਇਉਂ ਹੈ :

ਕਾਬਲ ਵਿਚ ਮੁਰੀਦ ਜਾ ਵੜਿਆ ਬਡ ਜੋਰ
ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ ਬਡਤੋਰ
ਦੋਹਾ ਕੰਧਾਰਾ ਮੂੰਹ ਜੁੜੇ ਦੰਮਾਮੇ ਦੋਰ
ਸ਼ਸਤ੍ਰ ਪੂਜਾ ਤੇ ਸੂਰਿਆ, ਸਿਰ ਬਧੇ ਟੋਰ
ਹੋਲੀ ਖੇਲੇਂ ਚੰਦ੍ਰਹੜਾ ਰੰਗ ਲਗੇਂ ਸੋਰ
ਦੁਵੀਂ ਤਰਫਾਂ ਜੁਟੀਆਂ ਸਰ ਵਗਨ ਕੌਰ
ਮੌਂ ਭੀ ਭਾਇ ਸਦਾਇਸਾਂ ਵੜਿਆ ਲਾਹੌਰ
ਦੋਨੋ ਸੂਰੇ ਸਾਹਮਣੇ ਜੂਝੇ ਉਸ ਠੌਰ।

ਆਦਿ ਗ੍ਰੰਥ ਵਿਚ 'ਵਾਰ ਮਾਝ ਕੀ' ਤਥਾ ਮਹਲਾ ੧ ਉਤੇ ਇਸ ਦੀ ਧੁਨੀ ਚੜ੍ਹੀ ਹੋਈ ਹੈ।

ਬਿਨਾਂ ਹੋਰ ਕੁਝ ਨਹੀਂ ਪਹਿਨਦੇ। ਇਨ੍ਹਾਂ ਨੇ ਸਿਰ ਦੇ ਵਾਲ ਲੰਮੇ ਰਖੇ ਹੁੰਦੇ ਹਨ, ਜੋ ਜ਼ਿਆਦਾ ਤੌਰ ਸ਼ਕਲ ਵਿਚ ਪਿਛੇ ਸੁਟੇ ਹੁੰਦੇ ਹਨ। ਇਨ੍ਹਾਂ ਆਪਣੇ ਅੰਗਾਂ ਉਤੇ ਮਿੱਟੀ ਜਾਂ ਧੂਣੀ ਦੀ ਸਵਾਹ ਮਲੀ ਹੁੰਦੀ ਹੈ। ਜਿਥੇ ਵੀ ਇਹ ਡੇਰਾ ਕਰਦੇ ਹਨ, ਉਥੇ ਧੂਣੀ ਜ਼ਰੂਰ ਬਾਲਦੇ ਹਨ। ਇਹ ਆਪਣਾ ਪਿੱਛਾ ਜ਼ਿੰਦਾ ਸ਼ਾਹ ਮਦਾਰ ਨਾਲ ਜੋੜਦੇ ਹਨ ਅਤੇ ਆਪਣੇ ਆਪ ਨੂੰ ਉਸ ਦਾ ਅਨੁਯਾਈ ਦਸਦੇ ਹਨ।

ਸਿਆਲਕੋਟ ਦੀ ਪਸਰੂਰ ਤਹਿਸੀਲ ਵਿਚ ਝੰਗੀ ਸ਼ਾਹ ਖ਼ਾਕੀ ਦਾ ਮਠ ਹੈ ਜਿਥੇ ਮਲੰਗ ਕਾਫ਼ੀ ਗਿਣਤੀ ਵਿਚ ਰਹਿੰਦੇ ਹਨ।

ਕੁਝ ਮਲੰਗ ਫ਼ਕੀਰ ਹਿੰਦੂਆਂ ਵਿਚ ਵੀ ਮਿਲਦੇ ਹਨ।

(ਮ-119) **ਮਲਮਾਸ** :

ਚੰਦ੍ਰਮਾ ਦਾ ਵਾਧੂ ਮਹੀਨਾ ਜਿਸ ਨੂੰ 'ਅਧਿਕ ਮਾਸ' ਵੀ ਕਹਿੰਦੇ ਹਨ। ਚੰਦ੍ਰ ਵਰ੍ਹੇ ਨੂੰ ਸੂਰਜੀ ਵਰ੍ਹੇ ਨਾਲ ਮੇਲਣ ਲਈ ਤੀਜੇ ਵਰ੍ਹੇ ਇਕ ਮਹੀਨਾ ਵਧਾਇਆ ਜਾਂਦਾ ਅਥਵਾ ਇਕ ਮਹੀਨਾ ਦੋ ਵਾਰ ਆਉਂਦਾ ਹੈ। ਇਸ ਮਹੀਨੇ ਵਿਚ ਸੰਗਰਾਂਦ ਨਹੀਂ ਹੁੰਦੀ। ਹਿੰਦੂ ਮੱਤ ਅਨੁਸਾਰ ਇਹ ਮਹੀਨਾ ਸ਼ੁਭ ਨਹੀਂ ਹੁੰਦਾ ਤੇ ਇਸ ਮਹੀਨੇ ਮੰਗਲ ਕਾਰਜ ਨਹੀਂ ਕੀਤੇ ਜਾਂਦੇ।

(ਮ-120) **ਮਲਾਂ, ਮਲ੍ਹਾ** :

(ੳ) ਇਕ ਪ੍ਰਕਾਰ ਦੀ ਕੁਸ਼ਤੀ ਜਿਸ ਵਿਚ ਘੋਲ ਘੁਲਣ ਵਾਲੇ ਪਹਿਲਵਾਨ ਇਕ ਦੂਜੇ ਦੇ ਲੱਕ ਦੁਆਰਾ ਕਪੜਾ ਲਪੇਟ ਕੇ ਉਸ ਨੂੰ ਝਟਕਾ ਦੇ ਕੇ ਧਰਤੀ ਉਤੇ ਸੁਟਦੇ ਹਨ। ਲਹਿੰਦੇ ਵਿਚ ਖ਼ਾਸ ਤੌਰ ਤੇ ਬਹਾਵਲਪੁਰ ਵਿਚ ਇਸ ਦਾ ਕਾਫ਼ੀ ਰਵਾਜ ਰਿਹਾ ਹੈ।

(ਅ) ਮਜ਼ਫ਼ਰਗੜ੍ਹ ਦੇ ਜ਼ਿਲੇ ਵਿਚ ਆਮ ਕੁਸ਼ਤੀਆਂ ਨੂੰ ਵੀ ਮਲ੍ਹਾ ਕਹਿੰਦੇ ਹਨ।

(ਮ-121) **ਮਲਾਹ** :

ਮਲਾਹ ਜਿਨ੍ਹਾਂ ਨੂੰ ਮੁਹਾਣੇ ਵੀ ਕਿਹਾ ਜਾਂਦਾ ਹੈ; ਮਲਾਹ ਦਰਿਆਵਾਂ ਦੇ ਨਾਲ ਲਗਦੇ ਪਿੰਡਾਂ ਵਿਚ ਆਮ ਮਿਲਦੇ ਹਨ। ਕਈ ਮਲਾਹ ਆਪਣੇ ਆਪ ਨੂੰ ਜੱਟ ਮੁੱਢ ਦੇ ਦਸਦੇ ਹਨ। ਪਰ ਬਹੁਤੇ ਮਲਾਹ ਜ਼ਾਤ ਦੇ ਝੀਵਰ ਹੁੰਦੇ ਹਨ। ਮੋਹਾਣਾ ਮਲਾਹ ਵੀ ਹੈ ਤੇ ਮਛੇਰਾ ਵੀ। ਮ... ਸੰਸਕ੍ਰਿਤ ਦਾ ਹੈ ਤੇ ਇਸ ਦੇ ਅਰਥ ਹਨ ਪਾਣੀ...

ਧੌਣ ਜਾਂ ਤਾਰੂ ਪਹਾੜੀ ਇਲਾਕੇ ਵਿਚ ... ਜਿਥੇ ਉਹ ਪਾਣੀ ਦੀ ਤੇਜ਼ ਵਗਦੀ ਧਾਰ ... ਦੁਆਰਾ ਮੁਸਾਫ਼ਰਾਂ ਨੂੰ ਪਾਰ ਲੰਘਾਂਦੇ ਹਨ। ... ਖ਼ਾਸ ਤਰ੍ਹਾਂ ਦੀਆਂ ਮਸ਼ਕਾਂ ਹੁੰਦੀਆਂ ਹਨ, ਜਿਨ੍ਹ... ਭਰੀ ਜਾਂਦੀ ਹੈ।

(ਮ-122) **ਮਲ੍ਹੀ** :

ਮੱਛੀ ਦੀ ਇਕ ਕਿਸਮ, ਜੋ ਖਾਣ ... ਜ਼ਾਇਕੇਦਾਰ ਹੁੰਦੀ ਹੈ। ਲੋਕ-ਨਿਸਚੇ ਅਨੁਸ... ਸ਼ਖ਼ਸ ਜਾਂ ਬੱਚੇ ਨੂੰ ਬਦ-ਨਜ਼ਰ ਲਗ ਜਾਵੇ ... ਸਿਰ ਤੋਂ ਮਲ੍ਹੀ ਨੂੰ ਵਾਰ ਕੇ ਕਿਸੇ ਫ਼ਕੀਰ ਨੂੰ ... ਨਾਲ ਬਦ-ਨਜ਼ਰ ਦਾ ਚੰਦਰਾ-ਅਸਰ ਦੂਰ ਹੋ... ਜੇ ਕੋਈ ਫ਼ਕੀਰ ਨਾ ਮਿਲੇ ਤਾਂ ਧਾਰਨਾ-ਅਨੁ... ਹੋਈ ਮਲ੍ਹੀ ਨੂੰ, ਆਪਣੀ ਗਲੀ ਤੋਂ ਬਾਹਰ ... ਚਾਹੀਦੀ ਹੈ, ਘਰ ਵਿਚ ਨਹੀਂ ਰਖਣੀ ਚਾਹੀਦੀ...

(ਮ-123) **ਮਲ੍ਹੀ ਗੋਤ** :

ਜੱਟਾਂ ਦਾ ਇਕ ਕਬੀਲਾ, ਜੋ ਅੰਮ੍ਰਿਤਸਰ ਤੋ... ਵਿਚ ਮਿਲਦਾ ਹੈ। ਇਨ੍ਹਾਂ ਦੇ ਵਡਿਕੇ ਤਿਲ... ਇਕ ਮਾੜੀ ਜਗਰਾਉਂ ਤਹਿਸੀਲ ਦੇ ਪੱਬੀਆਂ ... ਮਿਲਦੀ ਹੈ, ਜਿਥੇ ਹਰ ਸਾਲ ਚੇਤਰ ਦੀ ਮੱਸਿਆ... ਭਾਰੀ ਮੇਲਾ ਲਗਦਾ ਹੈ। ਜਿਸ ਵਿਚ ਮਲ੍ਹ... ਇਲਾਵਾ ਦੂਜੇ ਜੱਟ ਵੀ ਸ਼ਾਮਲ ਹੁੰਦੇ ਹਨ। ਵਿ... ਸਮੇਂ ਮਲ੍ਹੀ ਕਬੀਲੇ ਦੇ ਲੋਕ ਵਿਆਹੇ ਜੋੜ... ਲਿਆਉਂਦੇ ਹਨ ਤੇ ਆਪਣੇ ਵਡਿਕੇ ਦੀ ਪੂਜਾ ਕ... ਜਾਪਦਾ ਹੈ ਕਿ ਮਲ੍ਹੀ ਇਸ ਗੋਤ ਦਾ ਟੋਟਿਮ ਹੋਵੇ...

(ਮ-124) **ਮਲੇਛ** :

ਮਲੇਛ ਸ਼ਬਦ ਮਲੀਨ ਵਸਤੂ ਖਾਣ ਵਾ... ਮਲੀਨ ਭਾਖਿਆ ਬੋਲਣ ਵਾਲੇ ਲਈ ਵਰਤਿਆ... ਆਮ ਤੌਰ ਤੇ ਇਹ ਸ਼ਬਦ ਬਾਹਰੋਂ ਆਏ ਵਿ... ਉਨ੍ਹਾਂ ਦੀ ਬੋਲੀ ਅਤੇ ਆਰੀਆ ਅਥਵਾ ਵੈਦਿ... ਪਤਿਤ ਹੋਏ ਲੋਕਾਂ ਲਈ ਵਰਤਿਆ ਜਾਂਦਾ ਸੀ।

ਗਊ ਦੇ ਮੈਲੇ ਤੋਂ ਹੋਈ (7,80,42) । ਇਹ ਬੜੇ ਕੁਕਰਮੀ ਤੇ ਕਰੂਰ ਸੁਭਾਅ ਦੇ ਹਨ । ਵਰਾਮੀਰ ਅਨੁਸਾਰ ਮਲੇਛ ਦੂਜਿਆਂ ਨੂੰ ਮਾਣ ਮਰਯਾਦਾ ਅਨੁਸਾਰ ਆਦਰ ਨਹੀਂ ਦੇਂਦੇ । 'ਕਥਾ ਸਰਿਤ ਸਾਗਰ' ਅਨੁਸਾਰ ਇਹ ਬ੍ਰਾਹਮਣਾਂ ਦੀ ਹਤਿਆ ਕਰ ਦੇਂਦੇ, ਯੱਗ ਨੂੰ ਭੰਗ ਕਰਦੇ ਅਤੇ ਰਿਸ਼ੀਆਂ ਦੀਆਂ ਕੰਨਿਆਵਾਂ ਨੂੰ ਚੁਕ ਕੇ ਲੈ ਜਾਂਦੇ ਸਨ । ਸਕੰਦ ਪੁਰਾਣ ਵਿਚ ਵੀ ਮਲੇਛਾਂ ਬਾਰੇ ਇਹੋ ਜਿਹੇ ਵਿਚਾਰ ਮਿਲਦੇ ਹਨ ।

ਬੋਧਾਯਨ ਰਿਸ਼ੀ ਅਨੁਸਾਰ 'ਜੋ ਗਊ ਦਾ ਮਾਸ ਖਾਂਦਾ ਹੈ, ਵੇਦਾਂ ਦੇ ਵਿਰੁਧ ਬੋਲਦਾ ਹੈ ਅਤੇ ਜਿਸ ਦਾ ਉੱਤਮ ਆਚਾਰ ਨਹੀਂ ਉਹ ਮਲੇਛ ਹੈ' (ਮਹਾਂਕੋਸ਼ ਪੰਨਾ 717) ।

ਮਨੂ ਸੰਹਿਤਾ ਅਨੁਸਾਰ ਮਲੇਛ ਸ਼ਬਦ ਆਰੀਆ ਜਾਤੀ ਦੇ ਪਤਿਤ ਹੋਏ ਲੋਕਾਂ ਲਈ ਵਰਤਿਆ ਜਾਂਦਾ ਸੀ । ਮਹਾਂਭਾਰਤ ਅਨੁਸਾਰ ਮਲੇਛ ਲੋਕ ਯਵਣ ਤੇ ਕੰਬੋਜ਼ ਆਦਿ ਦੇਸ਼ਾਂ ਦੇ ਨਿਵਾਸੀ ਸਨ ।

ਕੁਝ ਗ੍ਰੰਥਾਂ ਵਿਚ ਮਲੇਛ ਸ਼ਬਦ ਖ਼ਾਸ ਕਬੀਲਿਆਂ ਲਈ ਵਰਤਿਆ ਗਿਆ ਹੈ । ਕੁਟਲਿਆ ਹਿਮਾਲੀਆ ਵਿਚ ਸਥਿਤ ਇਕ ਕਬੀਲੇ ਦਾ ਵਰਣਨ ਕਰਦਾ ਹੈ, ਜਿਥੇ ਮਲੇਛ ਲੋਕ ਵਸਦੇ ਸਨ । ਮਹਾਂਭਾਰਤ ਦੇ ਕੁਝ ਸ਼ਲੋਕਾਂ ਤੋਂ ਪ੍ਰਗਟ ਹੁੰਦਾ ਹੈ ਕਿ ਸਮੁੰਦਰੀ ਕੰਢੇ ਦੇ ਨਾਲ ਲਗਦੇ ਇਲਾਕਿਆਂ ਵਿਚ ਮਲੇਛ ਰਹਿੰਦੇ ਸਨ ।

ਮੱਧਕਾਲੀਨ ਯੁਗ ਵਿਚ ਮਲੇਛ ਸ਼ਬਦ ਬਿਨਾਂ ਕਿਸੇ ਵਿਤਕਰੇ ਦੇ ਸਭ ਬਦੇਸੀਆਂ ਲਈ ਵਰਤਿਆ ਜਾਂਦਾ ਸੀ । ਕੁਝ ਸ਼ਿਲਾਲੇਖਾਂ ਵਿਚ ਹੂਨਾਂ ਲਈ ਤੇ ਕੁਝ ਵਿਚ ਅਰਬਾਂ ਲਈ ਵਰਤਿਆ ਮਿਲਦਾ ਹੈ । ਪਿਛੋਂ ਇਹ ਸ਼ਬਦ ਮੁਸਲਮਾਨਾਂ ਲਈ ਵਰਤਿਆ ਜਾਣ ਲੱਗਾ ।

ਆਦਿ ਗ੍ਰੰਥ ਵਿਚ ਮਲੇਛ ਸ਼ਬਦ ਦੀ ਵਰਤੋਂ ਕਈ ਥਾਈਂ ਮਿਲਦੀ ਹੈ । 'ਅਸੰਖ ਮਲੇਛ ਮਲੁ ਭਖਿ ਖਾਹਿ' ਜਪੁ । ਅਥਵਾ ਮਲ ਭੱਖਣ ਵਾਲੇ ਲਈ ਮਲੇਛ ਸ਼ਬਦ ਵਰਤਿਆ ਹੈ । ਇਕ ਥਾਈਂ ਮਲੇਛ ਭਾਸ਼ਾ ਦਾ ਵੀ ਵਰਣਨ ਹੈ । 'ਖਤ੍ਰੀਆ ਤ ਧਰਮ ਛੋਡਿਆ, ਮਲੇਛ ਭਾਖਿਆ ਗਹੀ (ਪੰਨਾ, ਮਹਲਾ ੧) ਇਥੇ ਮਲੇਛ ਭਾਖਿਆ ਤੋਂ ਭਾਵ ਮੁਸਲਮਾਨਾਂ ਦੀ ਭਾਸ਼ਾ ਹੈ । ਮਹਾਨ ਕੋਸ਼ ਅਨੁਸਾਰ ਹਿੰਦੂਆਂ ਦੇ ਧਾਰਮਿਕ ਗ੍ਰੰਥ ਵਿਚ ਯੂਨਾਨੀ ਤੇ ਅਰਬੀ ਆਦਿ ਬੋਲੀ ਲਈ ਮਲੇਛ ਭਾਸ਼ਾ ਦਾ ਸ਼ਬਦ ਵਰਤਿਆ ਹੈ ।

ਮਾੜ੍ਹੀ ਦੀ ਥੇਹ ਹੁਣ ਤਕ ਮੌਜੂਦ ਹੈ । ਇਥੇ ਅ
ਥੇਹਾਂ ਵੀ ਮਿਲਦੀਆਂ ਹਨ ਤੇ ਇਨ੍ਹਾਂ ਸਭਨਾਂ ਥੇਹਾਂ
'ਮੜ੍ਹਾ ਨਗਰੀ' ਵੀ ਕਹਿੰਦੇ ਹਨ । ਮੜ੍ਹਾ ਸ਼ਬਦ ਮ
ਦੀ ਬੋਧਕ ਹੈ ।

ਮੜ੍ਹਾ ਰਾਖਸ਼ ਰਾਜੇ ਕਨਖਾਰ ਦੀ ਨਗਰੀ
ਬੋਲ ਕੇ ਚਾਰ ਪੰਜ ਮਾਨਸ ਰੋਜ਼ ਖਾ ਜਾਂਦਾ ਸੀ ।
ਇਸ ਰਾਖਸ਼ ਨਾਲ ਸਮਝੌਤਾ ਕਰ ਲਿਆ ਅਤੇ ਇਕ
12 ਰੋਟੀਆਂ ਤੇ ਕੁਝ ਰਿੱਧਾ ਮਾਸ, ਹਰ ਰੋਜ਼
ਰਾਖਸ਼ ਨੂੰ ਭੋਜਣ ਦਾ ਬਚਨ ਦਿਤਾ । ਰਾਜੇ ਨੇ
ਰਹਿਣ ਲਈ ਇਕ ਮਾੜ੍ਹੀ ਬਣਾਈ ਜੋ ਮੜ੍ਹੇ ਦੀ ਮ
ਪ੍ਰਸਿਧ ਹੋਈ ।

ਮੜ੍ਹਾ ਰਾਖਸ਼ ਇਕ ਪ੍ਰਾਕਰਮੀ ਯੋਧੇ ਰਾਜੇ ਜ
ਹੱਥੋਂ ਮਾਰਿਆ ਗਿਆ । ਦੰਦ ਕਥਾਵਾਂ ਅਨੁਸਾ
ਜਗਦਿਉ ਇਕ ਵਾਰ ਘੁੰਮਦਾ ਫਿਰਦਾ ਇ
ਨਿਕਲਿਆ ਅਤੇ ਰਾਤ ਇਕ ਵਿਧਵਾ ਬ੍ਰਾਹਮਣੀ
ਠਹਿਰਿਆ । ਉਸ ਰਾਤ ਵਿਧਵਾ ਬ੍ਰਾਹਮਣੀ ਦੇ
ਲੜਕੇ ਦੀ ਵਾਰੀ ਸੀ ਜਿਸ ਨੇ ਮੜ੍ਹਾ ਦਾ ਭੋਜਨ
ਸੀ । ਜਦੋਂ ਰਾਜੇ ਦੇ ਦੂਤ ਵਿਧਵਾ ਦੇ ਪੁੱਤਰ
ਦੀ ਮਾੜ੍ਹੀ ਵਿਚ ਛੱਡਣ ਲਈ ਲੈਣ ਆਏ ਤਾਂ ਵਿ
ਪਿੱਟਣ ਲੱਗੀ । ਰਾਜੇ ਜਗਦਿਉ ਦਾ ਦਿਲ ਪਸੀ
ਤੇ ਉਸ ਨੇ ਵਿਧਵਾ ਦੇ ਲੜਕੇ ਦੀ ਥਾਂ ਖ਼ੁਦ
ਫੈਸਲਾ ਕੀਤਾ । ਰਾਜਾ ਜਗਦਿਉ ਮੜ੍ਹਾ ਰਾਖ
ਲੜਿਆ ਤੇ ਉਸ ਨੂੰ ਜਾਨੋਂ ਮਾਰ ਦਿਤਾ ।

ਉਪੋਕਤ ਦੰਦ ਕਥਾ ਨਾਲ ਮਿਲਦੀ ਜੁਲ
ਰਾਜੇ ਰਸਾਲੂ ਬਾਰੇ ਵੀ ਪ੍ਰਚਲਤ ਹੈ, ਜੋ ਮਾ
ਵਿਚ ਇਕ ਬੁੱਢੀ ਦੇ ਪੁੱਤਰ ਦੀ ਥਾਂ ਖ਼ੁਦ ਰਾਖਸ਼
ਬਣ ਕੇ ਗਿਆ ਤੇ ਜਿਸ ਨੇ ਸੱਤਾਂ ਰਾਖਸ਼ਾਂ ਨੂੰ
ਇਲਾਕੇ ਨੂੰ ਤਬਾਹ ਹੋਣ ਤੋਂ ਬਚਾ ਲਿਆ ।

(ਅ) ਮੱਠ, ਅੰਗੀਠਾ, ਮੁਰਦੇ ਦੇ ਦਾਹ ਅਥ
ਵਾਲੀ ਥਾਂ ਬਣਾਈ ਇਮਾਰਤ ।

(ਮ-126) **ਮਾਈਆਂ ਪੈਣਾ :**

ਵਿਆਹ ਨਾਲ ਸਬੰਧਤ ਇਕ ਰਸਮ, ਵਿ
ਕੁਝ ਦਿਨ ਪਹਿਲਾਂ ਵਰ/ਕੰਨਿਆ ਨੂੰ ਆਪੋ ਆ
ਵਿਚ ਮਾਈਏ ਪਾਇਆ ਜਾਂਦਾ ਹੈ । ਮਾਈਏ

ਵਰ/ਕੰਨਿਆਂ ਮੈਲੇ ਕੁਚੈਲੇ ਕਪੜਿਆਂ ਵਿਚ ਰੁਲਿਆ ਖੁਲਿਆ ਰਹੇ ਤਾਂ ਬਦ-ਰੂਹਾਂ ਦਾ ਉਨ੍ਹਾਂ ਵਲ ਧਿਆਨ ਨਹੀਂ ਜਾਵੇਗਾ। ਮਾਈਏਂ ਦੇ ਦਿਨਾਂ ਵਿਚ ਵਰ ਨਾਲ ਸਬਾਲਾ ਤੇ ਕੰਨਿਆਂ ਨਾਲ ਸਬਾਲੀ ਰਹਿੰਦੀ ਹੈ। ਜੋ ਉਨ੍ਹਾਂ ਨੂੰ ਇਕੱਲਿਆਂ ਕਿਧਰੇ ਨਹੀਂ ਜਾਣ ਦੇਂਦੇ। ਮੁੰਡੇ ਤੇ ਕੁੜੀ ਨੂੰ ਪੂਰਾ ਆਰਾਮ ਦਿਤਾ ਜਾਂਦਾ ਹੈ ਤੇ ਕੋਈ ਕੰਮ ਉਨ੍ਹਾਂ ਤੋਂ ਨਹੀਂ ਲਿਆ ਜਾਂਦਾ, ਇਸ ਤਰ੍ਹਾਂ ਦੇ ਆਰਾਮ ਵਿਚ ਵਰ-ਕੰਨਿਆਂ ਦੀ ਸਿਹਤ ਨਰੋਈ ਰਹਿੰਦੀ ਹੈ।

ਮਾਈਏਂ ਦੇ ਦਿਨਾਂ ਵਿਚ ਵਰ ਤੇ ਕੰਨਿਆਂ ਨੂੰ ਰਜ ਕੇ ਖਵਾਇਆ ਜਾਂਦਾ ਹੈ। ਦੋਹਾਂ ਨੂੰ ਦੁੱਧ, ਦਹੀਂ, ਦੇਸੀ ਘਿਉ ਦੀ ਪਨੀਰੀ ਤੇ ਪਰਾਉਂਠੇ ਆਦਿ ਖਵਾਏ ਜਾਂਦੇ ਹਨ ਤਾਂ ਜੋ ਉਨ੍ਹਾਂ ਦੀ ਸਿਹਤ ਅੱਛੀ ਹੋ ਜਾਵੇ ਤੇ ਉਨ੍ਹਾਂ ਦੇ ਚਿਹਰਿਆਂ ਤੇ ਰੌਣਕ ਖੇਡਣ ਲਗੇ।

ਮਾਈਏਂ ਦੇ ਦਿਨਾਂ ਵਿਚ ਇਕੋ ਕਪੜੇ ਹੀ ਰੋਜ਼ ਪਹਿਨੇ ਜਾਂਦੇ ਹਨ। ਮੈਲੇ ਹੋਣ ਤੇ ਵੀ ਕਪੜੇ ਨਹੀਂ ਬਦਲੇ ਜਾਂਦੇ। ਇਨ੍ਹੀਂ ਦਿਨੀਂ ਕਪੜੇ ਵਟਾ ਕੇ ਪਾਣੇ ਅਸ਼ੁਭ ਸਮਝੇ ਜਾਂਦੇ ਹਨ। ਜਦੋਂ ਵਿਆਹ ਤੋਂ ਇਕ ਦਿਨ ਪਹਿਲਾਂ ਵਰ ਤੇ ਕੰਨਿਆਂ ਨੂੰ ਇਸ਼ਨਾਨ ਕਰਵਾ ਕੇ ਨਵੇਂ ਕਪੜੇ ਪਾਏ ਜਾਂਦੇ ਹਨ, ਤਾਂ ਵਰ ਦੇ ਕਪੜੇ ਨਾਈ ਨੂੰ ਅਤੇ ਕੰਨਿਆਂ ਦੇ ਨਾਇਣ ਨੂੰ ਦੇ ਦਿਤੇ ਜਾਂਦੇ ਹਨ। ਮਾਈਏਂ ਮਗਰੋਂ ਵਰ੍ਹ ਤੇ ਕੰਠਿਆਂ ਨੂੰ ਵਟਣਾ ਮਲ ਕੇ ਨੁਹਾਇਆ ਜਾਂਦਾ ਹੈ ਤੇ ਕਈ ਦਿਨ ਰੁਲੇ ਖਲੇ ਰਹਿਣ ਕਾਰਨ ਉਨ੍ਹਾਂ ਉਤੇ ਚੰਗਾ ਰੂਪ ਚੜ੍ਹਦਾ ਹੈ।

## (ਮ-127) ਮਾਈ ਪੰਜਾਬ ਕੌਰ :

ਬਾਬਾ ਰਾਮ ਰਾਏ (1645 ਈ:) ਦੀ ਪਤਨੀ; ਇਸ ਮਾਈ ਦਾ ਸਿੱਖਾਂ ਵਿਚ ਬੜਾ ਆਦਰ ਮਾਣ ਸੀ। ਇਨ੍ਹਾਂ ਦੀ ਸਿਮਰਤੀ ਵਿਚ ਨਕੋਦਰ ਤਹਿਸੀਲ ਵਿਚ 'ਨਾਂਗਲ ਅੰਬੀਆਂ' ਵਿਖੇ 5 ਤੋਂ 8 ਵਿਸਾਖ ਤਕ ਇਕ ਭਾਰੀ ਮੇਲਾ ਭਰਦਾ ਹੈ ਜਿਸ ਵਿਚ ਇਲਾਕੇ ਦੇ ਹਿੰਦੂ ਸਿੱਖ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

ਕਿਹਾ ਜਾਂਦਾ ਹੈ ਕਿ ਸਤਲੁਜ ਦਰਿਆ ਦੇ ਕੰਢੇ ਇਕ ਪਿੱਪਲ ਸੀ ਜਿਸ ਉਤੇ ਪੰਜਾਬ ਕੌਰ ਪੀਂਘ ਝੂਟਿਆ ਕਰਦੀ ਸੀ, ਦਰਿਆ ਇਸ ਪਿੱਪਲ ਨੂੰ ਰੋਹੜ ਕੇ ਲੈ ਗਿਆ। ਪਿਛੋਂ

ਸੁਦੀ 4 ਸੰਮਤ 1798 ਨੂੰ ਹੋਇਆ ਤੇ ਇਨ੍
ਦੇਹਰਾਦੂਨ ਵਿਚ ਹੈ।

## (ਮ-128) ਮਾਈ ਪਾਕਦਾਮਨ :

ਮੁਲਤਾਨ ਦੇ ਇਲਾਕੇ ਵਿਚ ਮਾਈ ਪ
ਬੜੀ ਮਾਨ ਪ੍ਰਤਿਸ਼ਠਾ ਹੈ। ਉਹ ਸ਼ੇਖ ਸ
ਪਤਨੀ ਸੀ ਤੇ ਪ੍ਰਸਿਧ ਪੀਰ ਬਹਾਵਲ ਹੱਕ
ਉਸ ਦੀ ਮਜ਼ਾਰ ਮੁਲਤਾਨ ਵਿਚ ਤੰਤਲਾ ਮਾ
ਵਲ ਹੈ। ਇਸ ਮਜ਼ਾਰ ਦੇ ਬਾਹਰਲੇ ਅਹਾਤੇ
ਤੇ ਤੀਵੀਆਂ ਦੋਵੇਂ ਜਾਂਦੇ ਹਨ, ਪਰ ਅੰਦਰਲੇ
ਕੇਵਲ ਤੀਵੀਆਂ ਹੀ ਜਾ ਸਕਦੀਆਂ ਹਨ।

## (ਮ-129) ਮਾਈ ਮਾਈ ਕੀ ਢੂੰਡਦੀ :

ਬੱਚਿਆਂ ਦੀ ਛੂਹਣ ਛੁਹਾਣ ਦੀ ਇਕ
ਵਾਲੇ ਬੱਚਿਆ ਵਿਚੋਂ ਇਕ ਕੁੜੀ ਬੁੱਢੀ ਮਾਏ
ਹੈ ਤੇ ਹੱਥ ਵਿਚ ਸੋਟੀ ਫੜ ਕੇ ਜ਼ਿਮੀਂ ਦੀ
ਫਰੋਲਦੀ ਹੈ ਜਿਵੇਂ ਕੋਈ ਚੀਜ਼ ਲੱਭ ਰਹੀ
ਬੱਚੇ ਉਸ ਤੋਂ ਸਵਾਲ ਕਰਦੇ ਹਨ :

"ਮਾਈ ਮਾਈ ਕੀ ਢੂੰਡਦੀ ?"
"ਸੂਈ।"
"ਸੂਈ ਨੂੰ ਕੀ ਕਰੇਂਗੀ ?"
"ਰਜਾਈ ਸੀਆਂਗੀ।"
"ਰਜਾਈ ਦਾ ਕੀ ਕਰੇਂਗੀ ?"
"ਵੇਚ ਕੇ ਮੱਝ ਲਵਾਂਗੀ।"
"ਮੱਝ ਕੀ ਕਰੇਂਗੀ ?"
"ਦੁੱਧ ਪੀਆਂਗੀ।"
"ਦੁੱਧ ਦੀ ਥਾਂ ਮੂਤਰ ਪੀ।"
"ਦੁੱਧ ਦੁੱਧ ਸਾਡਾ ਮੂਤਰ ਤੇਰਾ।"

ਮਾਈ ਬੁੱਢੀ ਇਹ ਸੁਣ ਕੇ ਬੱਚਿਆਂ ਪਿ
ਤੇ ਜਿਸ ਨੂੰ ਛੂਹ ਲੈਂਦੀ ਹੈ ਉਸ ਸਿਰ ਮੀਟੀ ਅ
ਮੀਟੀ ਵਾਲੀ ਕੁੜੀ ਨਵੇਂ ਸਿਰੇ ਤੋਂ ਬੁੱਢੀ ਮਾ
ਤੇ ਇਹ ਖੇਡ ਤੁਰਦੀ ਰਹਿੰਦੀ ਹੈ। ਹਰ ਵਾਰ
ਕੁਝ ਬਦਲ ਲਈ ਜਾਂਦੀ ਹੈ। ਅਖ਼ੀਰਲੇ ਵਾ
ਅਜਿਹੀ ਗੱਲ ਕਹਿ ਦਿਤੀ ਜਾਂਦੀ ਹੈ ਜਿ

ਮੰਝੇ ਨੂੰ ਚੌਕ ਪੂਰ ਕੇ ਬਿਠਾਇਆ ਜਾਂਦਾ ਹੈ ਤੇ ਮੰਝੇ ਦੀ ਝੁੱਲੀ ਵਿਚ ਸਗਨ ਪਾਇਆ ਜਾਂਦਾ ਹੈ। ਮਾਂਹ ਨਾਲ ਸਬੰਧਤ ਇਕ ਅਖਾਣ ਇਉਂ ਹੈ :

ਕਈਆਂ ਨੂੰ ਮਾਂਹ ਸਵਾਦੀ ਕਈਆਂ ਨੂੰ ਬਾਦੀ।

(ਮ-131) **ਮਾਂਹਗਾ** :

ਇਕ ਲੋਕ-ਨਾਚ ਜੋ ਆਮ ਤੌਰ ਤੇ ਇਸਤ੍ਰੀਆਂ ਰਲ ਕੇ ਨੱਚਦੀਆਂ ਹਨ। ਕਦੇ ਕਦੇ ਇਸ ਨਾਚ ਵਿਚ ਮਰਦ ਵੀ ਸ਼ਾਮਲ ਹੋ ਜਾਂਦੇ ਹਨ। ਇਹ ਨਾਚ ਵਿਆਹ ਸ਼ਾਦੀ ਅਥਵਾ ਕਿਸੇ ਖੁਸ਼ੀ ਦੇ ਮੌਕੇ ਉਤੇ ਢੋਲ ਦੇ ਤਾਲ ਨਾਲ ਨਚਿਆ ਜਾਂਦਾ ਹੈ। ਇਹ ਨਾਚ ਮੂਲ ਵਿਚ ਕਸ਼ਮੀਰੀ ਹੈ ਤੇ ਪੰਜਾਬ ਦੇ ਉਨ੍ਹਾਂ ਇਲਾਕਿਆਂ ਵਿਚ ਪ੍ਰਚਲਤ ਹੈ, ਜੋ ਕਸ਼ਮੀਰ ਨਾਲ ਲਗਦੇ ਹਨ। ਪੰਜਾਬ ਦੇ ਗੀਤਾਂ ਵਿਚ ਮਾਂਹਗੇ ਨਾਚ ਦਾ ਜ਼ਿਕਰ ਆਉਂਦਾ ਹੈ :

ਉਡੀ ਉਡੀ ਮਾਂਹਗਾ ਮਾਰ, ਤਵੀਤਾਂ ਵਾਲੜੀਏ
ਤੇਰੇ ਗਲ ਸੋਨੇ ਦਾ ਹਾਰ, ਤਵੀਤਾਂ ਵਾਲੜੀਏ।

(ਮ-132) **ਮਾਹਤੋਂ ਜਾਂ ਮਾਹਤਨ** :

ਮਾਹਤੋਂ ਜਾਤੀ ਮਹਾਤਮ ਨਾਲੋਂ ਬਿਲਕੁਲ ਵੱਖਰੀ ਹੈ। ਮਾਹਤੋਂ ਆਪਣੇ ਆਪ ਨੂੰ ਰਾਜਪੂਤ ਮੁੱਢ ਵਾਲਾ ਦਸਦੇ ਹਨ। ਕਪੂਰਥਲਾ ਵਿਚ ਪ੍ਰਚਲਤ ਮਾਹਤੋਂ ਦੀਆਂ ਰਵਾਇਤਾਂ ਅਨੁਸਾਰ ਰਾਜਾ ਜੈ ਸਿੰਘ ਸਵੱਈ ਦੇ ਦੋ ਪੁੱਤਰ ਸਨ, ਜਿਨ੍ਹਾਂ ਵਿਚੋਂ ਇਕ ਰਾਜਾ ਰਤਨਾ ਆਪਣੇ ਪਿਉ ਨਾਲ ਲੜ ਕੇ ਪੰਜਾਬ ਵਿਚ ਆ ਵਸਿਆ। ਅਤੇ ਜਾਲੰਧਰ ਜ਼ਿਲੇ ਵਿਚ ਖੰਨਾ ਦੀ ਨੀਂਹ ਰੱਖੀ ਜਿਥੇ ਮਾਹਤੋਂ ਦੇ ਵਡਿਕੇ ਦਾ ਸਥਾਨ ਮੌਜੂਦ ਹੈ ਜੋ ਧਾਰਾਨਗਰੀ ਦੀ ਇੱਟਾਂ ਨਾਲ ਬਣਾਇਆ ਗਿਆ ਹੈ। ਮਾਹਤੋਂ ਹੁਸ਼ਿਆਰਪੁਰ, ਕਪੂਰਥਲਾ ਤੇ ਜਲੰਧਰ ਵਿਚ ਮਿਲਦੇ ਹਨ। ਹੁਸ਼ਿਆਰਪੁਰ ਵਿਚ ਬਜੌਰਾਂ ਤੇ ਕਪੂਰਥਲਾ ਵਿਚ ਪੰਛਰ ਨਾਂ ਦੇ ਸਥਾਨ ਇਨ੍ਹਾਂ ਦੇ ਵਡਿਕਿਆਂ ਨੇ ਹੀ ਵਸਾਏ। ਗੜ੍ਹਸ਼ੰਕਰ ਤਹਿਸੀਲ ਤੇ ਕਪੂਰਥਲੇ ਦੇ ਨਾਲ ਲਗਦੇ ਖੇਤਰਾਂ ਵਿਚ ਇਨ੍ਹਾਂ ਦੇ ਕਾਫ਼ੀ ਪਿੰਡ ਮਿਲਦੇ ਹਨ।

ਮਾਹਤੋਂ ਹਿੰਦੂ ਤੇ ਸਿੱਖ ਦੋਹਾਂ ਸੰਪਰਦਾਵਾਂ ਵਿਚ ਮਿਲਦੇ ਹਨ। ਕਪੂਰਥਲੇ ਦੇ ਮਾਹਤੋਂ ਵਿਆਹ ਸਮੇਂ ਜਨੇਊ ਪਹਿਨਦੇ ਹਨ ਤੇ ਵਿਆਹ ਮਗਰੋਂ ਸਿੱਖ ਮਾਹਤੋਂ ਜਨੇਊ ਉਤਾਰ ਦੇਂਦੇ ਹਨ ਤੇ ਹਿੰਦੂ ਪਾਈ ਰਖਦੇ ਹਨ। ਹੁਸ਼ਿਆਰਪੁਰ

ਵਿਚ ਸਰਈ ਗੋਤ ਵਾਲੇ ਸੱਤੀ ਦੀ ਥਾਂ ਬਾਬਾ
ਪੂਜਾ ਕਰਦੇ ਹਨ ਜਿਸ ਦਾ ਸਥਾਨ ਜਲੰਧਰ
ਉਂਜ ਗੜ੍ਹਸ਼ੰਕਰ ਵਿਚ ਸੱਤੀ ਦਾ ਇਕ ਅ
ਮਿਲਦਾ ਹੈ।

ਨੌਰਾਤਿਆਂ ਦੇ ਦਿਨੀਂ ਹਰ ਸਾਲ ਸੱਤੀ
ਉਤੇ ਉਸ ਦੀ ਗੋਤ ਵਾਲੇ ਜਾਂਦੇ ਹਨ ਤੇ ਉਸ ਥਾਂ
ਪੁਟ ਕੇ ਰਤੀ ਪਰੇਰੇ ਸੁਟ ਦੇਂਦੇ ਹਨ। ਮੌਹਿਤੋਂ
ਜਾਂ ਅਮਾਵਸ ਪਿੱਤਰਾਂ ਲਈ ਆਦਰਯੋਗ ਤਿੱਥੀ
ਗਾਂ ਜਾਂ ਮੱਝ ਦੇ ਦੁੱਧ ਨੂੰ ਪਹਿਲੇ ਗਿਆਰਾਂ
ਬੋਹਲੀ ਕਹਿੰਦੇ ਹਨ ਤੇ ਉਸ ਦੁੱਧ ਨੂੰ ਉਹ ਸ਼
ਜਾਂ ਗਾਂ ਨੂੰ ਚੋਂਦਾ ਹੈ ਪ੍ਰਯੋਗ ਵਿਚ ਨਹੀਂ ਲਿ
ਚੁਗਨ ਤੇ ਜਸਵਾਲ ਸੱਪ ਨੂੰ ਨਹੀਂ ਮਾਰਦੇ,
ਗੁੱਗਾ ਪੀਰ ਚੁਹਾਨ ਰਾਜਪੂਤ ਸੀ। ਮਾਹਤੋਂ ਦੀ
ਸੁਕਰਾਲ ਗੜ੍ਹਸ਼ੰਕਰ ਦੇ ਖੂਹਾਂ ਤੋਂ ਪਾਣੀ ਨ
ਕਿਉਂ ਜੋ ਉਨ੍ਹਾਂ ਨੇ ਇਸ ਸ਼ਹਿਰ ਦੀ ਨੀਂਹ
ਘੋੜੇਵਾਹ ਰਾਜਪੂਤਾਂ ਨੇ ਉਨ੍ਹਾਂ ਨੂੰ ਹਕ ਕੇ ਕਢ
ਇਸੇ ਕਾਰਨ ਕਰਕੇ ਪੁੰਵਾਰ ਜਲੰਧਰ ਦੇ ਪਿੰਡ ਦੇ
ਪਾਣੀ ਨਹੀਂ ਪੀਂਦੇ।

ਵਿਆਹ ਸਮੇਂ ਸੱਤੀ ਦੀ ਪੂਜਾ ਕੀਤੀ ਜਾਂ
ਪਿੰਡ ਵਿਚ ਹੀ ਸੱਤੀ ਦਾ ਸਥਾਨ ਹੋਵੇ ਤਾਂ ਲ
ਰੁਪਿਆ ਤੇ ਕੁਝ ਕਪੜੇ ਭੇਟਾ ਕਰਦਾ ਹੈ, ਜੋ ਪਿ
ਨੂੰ ਦੇ ਦਿਤਾ ਜਾਂਦਾ ਹੈ। ਜੇ ਪਿੰਡ ਵਿਚ ਸੱਤੀ
ਨਾ ਹੋਵੇ ਤਾਂ ਚੌਕ ਪੂਰ ਕੇ ਲਾੜੇ ਦੇ ਘਰ ਹੀ
ਕੀਤੀ ਜਾਂਦੀ ਹੈ। ਜਦੋਂ ਲਾੜੀ ਘਰ ਲਿਆਂਦੀ ਜ
ਲਾੜੀ ਲਾੜੇ ਨਾਲ ਸੱਤੀ ਦੇ ਸਥਾਨ ਉਤੇ ਪੂਜਾ
ਹੈ ਤੇ ਉਨ੍ਹਾਂ ਦੀ ਚਾਦਰ ਨੂੰ ਗੰਢਾਂ ਮਾਰੀਆਂ ਹੁੰਦੀਆਂ

ਵਿਆਹ ਸਮੇਂ ਇਕ ਹੋਰ ਰੀਤ ਵੀ ਕੀਤੀ
ਜੋ ਰੋਜ਼ (ਗਲਾਸਰੀ, 52) ਦੇ ਖਿਆਲ ਅਨੁਸਾ
ਦੀ ਹੀ ਰਹਿੰਦ ਹੈ। ਜਦੋਂ ਲਾੜਾ ਲਾੜੀ ਨੂੰ ਘਰ
ਹੈ, ਉਹ ਇਕ ਥਾਨਾ, ਜਿਸ ਉਤੇ ਕਣਕ ਦੀ
ਸੱਤ ਚਕਲੀਆਂ ਜਿਹੀਆਂ ਬਣਾਈਆਂ ਹੁੰਦੀਆਂ ਹਨ
ਮੋਢੇ ਉਤੇ ਰਖ ਕੇ ਟੁਰਦਾ ਹੈ। ਦੰਦ-ਕਥਾ ਅਨੁਸ
ਜਗਦਿਉ ਦਾ ਭਰਾ ਢੋਲ, ਜੋ ਕਿ ਜਾਤੀ ਦਾ
ਬੜਾ ਬਲਵਾਨ ਯੋਧਾ ਸੀ ਤੇ ਜਦੋਂ ਵੀ ਆਪ
ਦਰਬਾਰ ਵਿਚ ਮਿਲਣ ਆਉਂਦਾ ਉਹ ਆਪ

ਜਗਿਆਉ ਬੜਾ ਸ਼ਰਮਿੰਦਾ ਹੋਇਆ ਤੇ ਉਸ ਨੇ ਜਗਾ ਤੋਂ ਮਾਫ਼ੀ ਮੰਗੀ, ਢੋਲ ਨੇ ... ਕਰ ਦਿੱਤਾ। ... ਇਹ ਸਭ ਢੱਕਲੀਆਂ ਰਾਹੇ ਇਵੇਂ ... ਦੀ ਪਰੰਪਰਾ ਹੁਣ ਤਕ ਚਲੀ ਆ ਰਹੀ ਹੈ।

ਮਾਹਤਨ ਵਿਚ ਵਿਧਵਾ ਵਿਆਹ ਦੀ ਰੀਤ ਪ੍ਰਚਲਤ ਹੈ। ਹੁਸ਼ਿਆਰਪੁਰ ਵਿਚ ਵਿਧਵਾ ਆਪਣੇ ਜੇਠ ਜਾਂ ਦੇਵਰ ਨਾਲ ਭਾਵੇਂ ਉਹ ਅਗੇ ਹੀ ਵਿਆਹਿਆ ਹੋਵੇ, ਪੁਨਰ ਵਿਆਹ ਕਰਦੀ ਹੈ, ਪਰ ਕਪੂਰਥਲੇ ਵਿਚ ਉਹ ਕੇਵਲ ਨਿੱਕੇ ਦਿਉਰ ਨਾਲ ਹੀ ਵਿਆਹ ਕਰ ਸਕਦੀ ਹੈ।

ਮਾਹਤਨ ਚੋਖੇ ਵਾਹਕ ਹਨ।

ਇਨ੍ਹਾਂ ਦੀਆਂ ਅਨੇਕਾਂ ਗੋਤਾਂ ਹਨ। ਜਿਨ੍ਹਾਂ ਦੀ ਸੂਚੀ (ਗਲੌਸਰੀ ਸਫ਼ਾ 53) ਉਤੇ ਦਿੱਤੀ ਮਿਲਦੀ ਹੈ।

(ਮ-133) **ਮਾਹਲ ਅਤੇ ਕਥਾ-ਚੱਕਰ** :

ਪੰਜਾਬ ਵਿਚ ਪ੍ਰਚਲਤ ਕਥਾ-ਕਹਾਣੀਆਂ ਦਾ ਕੋਈ ਅੰਤ ਹਿਸਾਬ ਨਹੀਂ। ਹਰ ਪਿੰਡ ਅਤੇ ਢੋਕ ਵਿਚ ਕਥਾਵਾਂ ਦਾ ਪੂਰਾ ਛੱਹਲ ਖਿਲਰਿਆ ਪਿਆ ਹੈ। ਇਹ ਕਥਾਵਾਂ ਲੋਕ-ਸਿਮਰਤੀ ਦਾ ਮਹੱਤਵਸ਼ੀਲ ਭਾਗ ਬਣ ਕੇ ਵਿਚਰ ਰਹੀਆਂ ਹਨ। ਬਦਲੀਆਂ ਸਮਾਜਿਕ ਪ੍ਰਸਥਿਤੀਆਂ, ਉਦਯੋਗੀਕਰਨ, ਸ਼ਹਿਰੀਕਰਨ ਅਤੇ ਨਵੇਂ ਵਿਗਿਆਨਕ ਢੰਗ ਸਦਕਾ ਬਜ਼ੁਰਗ ਪੀੜ੍ਹੀ ਦੀ ਲੋਕ-ਸਿਮਰਤੀ ਨਵੀਂ ਪੀੜ੍ਹੀ ਇਨ ਬਿਨ ਗ੍ਰਹਿਣ ਨਹੀਂ ਕਰ ਰਹੀ, ਜਿਸ ਕਰਕੇ ਕਥਾਵਾਂ ਦਾ ਵਡੇਰਾ ਭਾਗ ਪੀੜ੍ਹੀ ਦਰ ਪੀੜ੍ਹੀ ਯੁਗ-ਯਾਤ੍ਰਾ ਨਹੀਂ ਕਰ ਰਿਹਾ। ਇਸ ਲਈ ਹੁਣ ਕਥਾਵਾਂ ਦਾ ਵਿਗਿਆਨਕ ਵਿਧੀ ਨਾਲ ਸਾਂਭ ਸਕੰਲਨ ਲਾਜ਼ਮੀ ਹੋ ਗਿਆ ਹੈ। ਇਨ੍ਹਾਂ ਮਟ ਮਿਟ ਰਹੀਆਂ ਕਥਾਵਾਂ ਬਾਰੇ ਅਨੁਮਾਨ ਲਗਾਉਣਾ ਤਾਂ ਸਹਿਜ ਨਹੀਂ, ਪਰ ਇਨ੍ਹਾਂ ਦੀ ਸਾਮਗ੍ਰੀ ਬਾਰੇ ਅਹਿਸਾਸ ਪੰਜਾਬੀ ਕਥਾਵਾਂ ਦੇ ਅਨੇਕਾਂ ਮਾਹਲ, ਕਥਾ-ਰੂਪ ਅਤੇ ਕਥਾ-ਚੱਕਰ ਕਰਵਾਉਂਦੇ ਹਨ। ਧਾਰਮਿਕ ਅਤੇ ਪੁਰਾਣ ਕਥਾਵਾਂ ਇਨ੍ਹਾਂ ਤੋਂ ਅੱਡ ਹਨ। ਇਥੇ ਇਨ੍ਹਾਂ ਸਭਨਾਂ ਬਾਰੇ ਸੰਖੇਪ ਮਾਤਰ ਸੰਕੇਤ ਕਰਨਾ ਜ਼ਰੂਰੀ ਹੈ।

ਕਥਾ, ਮਾਹਲ, ਅਤੇ ਕਥਾ-ਚੱਕਰ ਤਿੰਨਾਂ ਵਿਚ ਬੁਨਿਆਦੀ ਤੌਰ ਉਤੇ ਕਾਫ਼ੀ ਅੰਤਰ ਹੈ। ਇਨ੍ਹਾਂ ਦੀ ਪ੍ਰਕ੍ਰਿਤੀ ਅਤੇ ਸੰਰਚਨਾ ਦੇ ਦੋਖੋ ਵੱਖਰੇ ਹਨ। ਇਸ ਸੰਦਰਭ ਵਿਚ ਕੋਈ ਦੀ ਪਰੰਪਰਾਗਤ ਪ੍ਰਿਭਾਸ਼, ਭਾਵੇਂ ਉਹ ਲਘੂ ਹੈ ਜਾਂ

ਪ੍ਰਧਾਨ ਹੀ ਹੈ। ਉਦਾਹਰਣ ਲਈ ਸਲਵਾਨ
ਨਹਿ, ਜਿਸ ਵਿਚ ਸਿਫ਼ਤਾਂ, ਲੂਣਾ, ਪੂਰਨ, ਗੋ
ਆਦਿ ਅਨੇਕਾਂ ਪਾਤਰ ਮੂਲ ਕਥਾ ਤੋਂ ਬਾਹਰ
ਹੋਂਦ ਅਤੇ ਨਵੇਕਲੇ ਕਥਾ-ਚੱਕਰਾਂ ਦੇ ਮਾਲਕ
ਸ਼ਬਦਾਂ ਵਿਚ ਮਾਹਲ ਵਿਚ ਕਈ ਕਥਾ-ਚੱਕਰ
ਹਨ। ਪੰਜਾਬੀ ਵਿਚ ਕਈ ਮਾਹਲਾਂ ਪ੍ਰਚਲਤ ਹਨ
ਦੇ ਮਾਹਲ ਬਾਰੇ ਅਸੀਂ ਪਿਛੇ ਚਰਚਾ ਕਰ ਆਏ
ਵੱਡੀ ਮਾਹਲ ਹੀਰ-ਸਹਿਤੀ ਦੀ ਹੈ ਜਿਸ ਵਿਚ
ਅਤੇ ਸਹਿਤੀ ਮੁਰਾਦ ਦੀਆਂ ਦੋ ਪ੍ਰੀਤ-ਕਥਾਵਾਂ
ਵਿਚ ਉਤਪ੍ਰੋਤ ਹਨ।

ਕਥਾ-ਚੱਕਰ ਕਿਸੇ ਇਕ ਪਾਤਰ ਨਾਲ ਸੰਬੰਧਿ
ਦਾ ਸਮੂਹ ਹੈ। ਕਿਸੇ ਇਕ ਪਾਤਰ ਨਾਲ ਉਸ
ਦੀ ਸੰਭਾਵਨਾ ਦੇ ਅਨੁਕੂਲ ਕਈ ਸਥਾਨਿਕ ਕੁੜੀ
ਅਨੇਕਾਂ ਕਥਾਵਾਂ ਦੀ ਲੜੀ ਸਿਰਜਣ ਦੀ
ਪਰੰਪਰਾ ਰਹੀ ਹੈ। ਕਥਾ-ਚੱਕਰ ਸਾਡੇ ਕਥਾਵਿਕ
ਵਿਸਤ੍ਰਿਤ ਅਭਿਵਿਅਕਤੀ ਦੀ ਇਕ ਮਹੱਤਵਪੂਰ
ਰਹੀ ਹੈ। ਪਾਤਰ ਅਨੇਕਾਂ ਸਥਿਤੀਆਂ ਅਤੇ ਘਟਨਾ
ਲੰਘਦਾ ਆਪਣਾ ਵਿਲੱਖਣ ਚਰਿਤ੍ਰ ਕਾਇਮ
ਇਹੋ ਚਰਿਤ੍ਰ ਹੀ ਉਸ ਦੀ ਹੋਣੀ ਹੈ ਜਿਸ ਨੂੰ ਉਹ
ਵਿਚ ਭੋਗਦਾ ਹੈ।

ਕਥਾ ਚੱਕਰ ਵਿਚੋਂ ਚਾਰ ਵਿਸ਼ੇਸ਼ ਚੱਕਰ ਤਾਂ
ਅਤੇ ਅਦਭੁਤ ਹੋਣ ਕਰਕੇ ਪੰਜਾਬੀ ਕਥਾ-ਪ੍ਰ
ਗੌਰਵਮਈ ਸਥਾਨ ਰਖਦੇ ਹਨ ਅਤੇ ਇਨ੍ਹਾਂ
ਆਪਣੀਆਂ ਕਥਾਵਾਂ ਨਾਲ ਨਿਤ ਦੀ ਬੋਲ
ਹਮੇਸ਼ਾਂ ਯਾਰਾਂ ਮਿਤਰਾਂ ਵਾਂਗ ਵਿਚਰਦੇ ਰਹਿ
ਇਨ੍ਹਾਂ ਪਾਤਰਾਂ ਨੂੰ ਹਰ ਕੋਈ ਸਹਿਜੇ ਹੀ ਪਛਾਣ
ਇਨ੍ਹਾਂ ਕਥਾਵਾਂ ਦੇ ਬੀਜ-ਚਰਿਤ੍ਰ ਦੀ ਸੰਭਾਵਨਾ
ਅੱਜ ਦੀ ਨਵੀਆਂ ਕਥਾਵਾਂ ਸਿਰਜ ਕੇ ਇਨ੍ਹਾਂ ਦੇ
ਵਿਚ ਬੀਤਨ ਦਾ ਅਮਲ ਜਾਰੀ ਹੈ।

(੧) ਸ਼ੇਖ ਚਿਲੀ ਕਥਾ-ਚੱਕਰ : ਸ਼ੇਖ ਚਿ
ਇਕ ਬੜਾ ਪਹੁੰਚਿਆ ਹੋਇਆ ਵਿਵੇਕਸ਼ੀਲ ਪੀਰ
ਮਕਬਰਾ ਪਾਣੀਪਤ ਵਿਚ ਹੈ। ਪਰ ਲੋਕ-ਜ
ਇਸ ਦਾ ਇਕ ਵਿਸ਼ੇਸ਼ ਤਰ੍ਹਾਂ ਦਾ ਵਿਲੱਖਣ ਚਰਿਤ੍ਰ
ਹੋ ਚੁਕਾ ਹੈ—ਸ਼ੇਖ ਚਿਲੀ ਮੂਰਖ, ਅਲੜ, ਸ
ਸੁਪਨਿਆਂ ਦੀ ਦੁਨੀਆ ਵਿਚ ਵਿਚਰਨ ਵਾ

ਸ਼ੇਖ਼ ਚਿਲੀ ਦੀਆਂ ਕਥਾਵਾਂ ਦੇ ਸੰਕਲਨ ਵੀ ਆਮ ਵੇਖੇ ਜਾ ਸਕਦੇ ਹਨ।

(੨) ਲਾਲ-ਬੁਝੱਕੜ ਕਥਾ-ਚੱਕਰ : ਸ਼ੇਖ਼ ਚਿਲੀ ਵਾਂਗ ਹੀ ਲਾਲ ਬੁਝੱਕੜ ਵੀ ਇਕ ਅਲਪ ਬੁੱਧੀ ਵਾਲਾ ਵਿਲੱਖਣ ਚਰਿਤ੍ਰ ਹੈ। ਇਹ ਚਰਿਤ੍ਰ ਹਰ ਦ੍ਰਿਸ਼ਟਮਾਨ ਜਾਂ ਕਾਰਜ ਦਾ ਜੋ ਕਾਰਨ ਆਪਣੀ ਅਲਪ ਬੁੱਧੀ ਤੇ ਵੱਕਟ ਕਲਪਨਾ ਦੁਆਰਾ ਦੱਸਣ ਦੀ ਚੇਸ਼ਟਾ ਕਰਦਾ ਹੈ, ਉਹ ਆਪਣੇ ਆਪ ਵਿਚ ਅਲੌਕਾਰ ਹੁੰਦਾ ਹੈ। ਜਿਵੇਂ ਇਕ ਪਿੰਡ ਵਿਚੋਂ ਰਾਤ ਵੇਲੇ ਕੋਈ ਹਾਥੀ ਲੰਘ ਗਿਆ। ਪਿੰਡ ਦੇ ਲੋਕਾਂ ਨੇ ਪਹਿਲਾਂ ਕਦੇ ਹਾਥੀ ਨੂੰ ਵੇਖਿਆ ਨਹੀਂ ਸੀ। ਉਸ ਦੇ ਪੈਰਾਂ ਦੇ ਨਿਸ਼ਾਨ ਵੇਖ ਕੇ ਲੋਕ ਕਈ ਤਰ੍ਹਾਂ ਦੇ ਅਨੁਮਾਨ ਲਗਾਣ ਲਗੇ। ਅਖ਼ੀਰ ਸਭ ਲੋਕ ਲਾਲ ਬੁਝੱਕੜ ਕੋਲੋਂ ਪੁਛਣ ਗਏ ਜਿਸ ਨੇ ਦਸਿਆ ਕਿ ਰਾਤੀਂ ਕੋਈ ਮਸਖ਼ਰਾ ਪੈਰਾਂ ਨਾਲ ਚੱਕੀ ਬੰਨ੍ਹ ਕੇ ਪਿੰਡ ਵਿਚੋਂ ਲੰਘਿਆ ਹੈ। ਇਹੋ ਵੱਕਟ ਸੋਝੀ ਲਾਲ ਬੁਝੱਕੜ ਦੀ ਹੋਣੀ ਰਹੀ ਹੈ।

(੩) ਅਕਬਰ-ਬੀਰਬਲ ਕਥਾ-ਚਕਰ : ਇਸ ਕਥਾ ਚਕਰ ਵਿਚ ਉਪਰਲੇ ਦੋਹਾਂ ਕਥਾ ਚਕਰਾਂ ਨਾਲੋਂ ਵਖਰੀ ਪ੍ਰਕ੍ਰਿਤੀ ਦੀਆਂ ਕਹਾਣੀਆਂ ਪ੍ਰਚਲਤ ਹਨ। ਇਨ੍ਹਾਂ ਕਥਾਵਾਂ ਦਾ ਵਿਸ਼ੇਸ਼ ਗੁਣ ਇਨ੍ਹਾਂ ਵਿਚਲਾ ਬੌਧਿਕ ਹਾਸ ਵਿਲਾਸ, ਵਿਹਾਰਕ ਸੂਝ ਅਤੇ ਮਸ਼ਕਰੀ ਹੈ।

(੪) ਸੁਥਰਾ ਕਥਾ-ਚਕਰ : ਸੁਥਰਾ ਇਕ ਵਿਸ਼ੇਸ਼ ਤੇ ਵਿਲੱਖਣ ਪਾਤਰ ਹੈ ਜੋ ਬੇ-ਪਰਵਾਹੀ, ਅਲਗ਼ਰਜ਼ੀ ਅਤੇ ਨਿਸੰਗਤਾ ਦਾ ਪ੍ਰਤੀਕ ਬਣ ਗਿਆ ਹੈ। ਇਸ ਲਈ ਸੁਥਰੇ ਨਾਲ ਸੰਬੰਧਿਤ ਕਥਾ-ਚਕਰ ਸੁਭਾਵ ਵਿਚ ਉਪ੍ਰੋਕਤ ਤਿੰਨਾਂ ਕਥਾ-ਚਕਰਾਂ ਨਾਲੋਂ ਵਖਰਾ ਹੈ। ਇਸ ਤਰ੍ਹਾਂ ਦੇ ਨਿੱਕੇ ਨਿੱਕੇ ਕਈ ਹੋਰ ਕਥਾ-ਚਕਰ ਵੀ ਹਨ।

ਉਪ੍ਰੋਕਤ ਚੱਕਰ ਸ਼ੁਧ ਰੂਪ ਵਿਚ ਲੌਕਿਕ ਹਨ ਅਤੇ ਇਨ੍ਹਾਂ ਕਥਾਵਾਂ ਵਿਚ ਪੰਜਾਬੀ ਸੁਭਾਅ ਦੀਆਂ ਬੁਨਿਆਦੀ ਪ੍ਰਵਿਰਤੀਆਂ ਦੀ ਝਲਕ ਪ੍ਰਤੱਖ ਵਿਖਾਈ ਦਿੰਦੀ ਹੈ ਅਤੇ ਇਹ ਪਾਤਰ ਨਾ ਸਿਰਫ਼ ਲੋਕ-ਮਨ ਦੀ ਖਾਤਰ ਹਨ ਸਗੋਂ ਇਨ੍ਹਾਂ ਵਿਚ ਇਕ ਅਜਿਹੀ ਸੁਰ ਅਤੇ ਮੁਹਾਵਰਾ ਵਿਦਮਾਨ ਹੈ ਜੋ ਸ਼ੁਧ ਰੂਪ ਵਿਚ ਪੰਜਾਬੀ ਹੈ।

ਕੁਝ ਕਥਾ-ਚੱਕਰ ਧਰਮ-ਪਰਕ ਹਨ, ਜਿਨ੍ਹਾਂ ਵਿਚ ਇਕ ਜਾਂ ਦੂਜੀ ਸੰਪਰਦਾਇ ਜਾਂ ਧਰਮ-ਸਮੂਹ ਸ਼ਰਧਾ ਰਖਦਾ ਹੈ।

ਪ੍ਰਕ੍ਰਿਤੀ ਦੂਜੇ ਕਥਾ-ਚੱਕਰਾਂ ਨਾਲੋਂ ਵਖਰੀ
ਇਨ੍ਹਾਂ ਕਥਾਵਾਂ ਵਿਚ ਜਿਵੇਂ ਕਿ ਪਿਛੇ ਦਸ
ਹਾਂ, ਤਿਆਗ ਨੂੰ ਪ੍ਰਧਾਨਤਾ ਪ੍ਰਾਪਤ ਹੈ। ਜੋ
ਅਤੇ ਨਾਥਾਂ ਵਿਚ ਬਹੁਤੀਆਂ ਕਥਾਵਾਂ ਗੋਰਖ, ਭਰਥਰ
ਗੋਪੀ ਚੰਦ ਨਾਲ ਸੰਬੰਧਿਤ ਹਨ। ਇਨ੍ਹਾਂ ਤਿੰਨਾਂ
ਬਾਰੇ ਇਤਨੀਆਂ ਕਥਾਵਾਂ ਮਿਲਦੀਆਂ ਹਨ ਕਿ ਹ
ਆਪੋ ਆਪਣੇ ਵੱਖਰੇ ਕਥਾ-ਚੱਕਰ ਚਲੇ ਹੋਏ ਹਨ।
ਮਛੰਦਰ, ਬਾਲ ਨਾਥ, ਰਤਨ ਆਦਿ ਬਾਰੇ ਵੀ ਕਾਫ਼ੀ
ਵਿਚ ਰੋਚਕ ਕਥਾਵਾਂ ਲੋਕ-ਸਿਮਰਤੀ ਦਾ ਭਾਗ ਬ
ਹੋਈਆਂ ਹਨ। ਲੋਕ ਧਾਰਨਾ ਅਨੁਸਾਰ ਮਛੰਦਰ ਨਾ
ਮੱਛ ਵਿਚੋਂ ਉਤਪਤੀ ਹੋਈ ਅਤੇ ਗੋਰਖ ਦੀ ਗੋਬਰ ਵਿ

ਪੀਰ ਕਥਾ-ਚੱਕਰ : ਮੁਸਲਮਾਨਾਂ ਵਿਚ ਪੀਰ
ਇਤਨੀ ਬਲਵਾਨ ਹੈ ਕਿ ਪੰਜਾਬ ਵਿਚ ਪੀਰਾਂ ਦੀਆ
ਵੀ ਸੈਂਕੜੇ ਗੱਦੀਆਂ, ਤਕੀਏ ਅਤੇ ਆਸਨ ਮਿਲਦੇ
ਜਿਨ੍ਹਾਂ ਦੀ ਲੋਕਾਂ ਵਿਚ ਮਾਨਤਾ ਹੈ। ਪੰਜਾਬ ਵਿਚ
ਪਿੰਡ ਅਜਿਹਾ ਨਹੀਂ ਜਿਥੇ ਪੀਰ ਫ਼ਕੀਰ ਦੀ ਕੋਈ
ਮਜ਼ਾਰ ਜਾਂ ਚੂਰਾ ਨਾ ਮਿਲਦਾ ਹੋਵੇ ਅਤੇ ਜਿਸ ਦੀ ਬ
ਅਜ਼ਮਤ ਬਾਰੇ ਕੋਈ ਕਥਾ-ਕਹਾਣੀ ਪ੍ਰਚਲਤ ਨਾ
ਜੇ ਪੀਰਾਂ ਦੀ ਸੰਖਿਆ ਹਜ਼ਾਰਾਂ ਤਕ ਜਾ ਪਹੁੰਚਦੀ ਹੈ
ਉਨ੍ਹਾਂ ਨਾਲ ਸੰਬੰਧਿਤ ਕਥਾਵਾਂ ਦੇ ਅੰਕੜੇ ਲੱਖਾਂ ਤਕ
ਜਾ ਸਕਦੇ ਹਨ। ਕਈ ਪੀਰਾਂ ਦੇ ਤਾਂ ਵੱਖਰੇ ਕਥਾ-
ਵੀ ਹਨ ਜਿਵੇਂ ਫ਼ਰੀਦ (ਫ਼ਰੀਦ ਦੇ ਮਸਲੇ), ਸਖੀ ਸ
ਗੁੱਗਾ ਪੀਰ ਅਤੇ ਲਾਲ ਬੇਗ ਆਦਿ।

ਸ਼ਹੀਦ-ਗਾਜ਼ੀ ਕਥਾ-ਚੱਕਰ : ਪੰਜਾਬ ਵਿਚ ਗਾ
ਦੇ ਨੌਗਜ਼ੇ, ਸਿੱਖ ਸ਼ਹੀਦਾਂ ਦੇ ਅੰਗੀਠੇ ਅਤੇ ਜਾਨਬਾ
ਅਨੁਰਾਗੀਆਂ ਦੇ ਚੂਰੇ ਕਾਫ਼ੀ ਮਾਤਰਾ ਵਿਚ ਮਿਲਦੇ
ਅਤੇ ਹਰੇਕ ਵਿਅਕਤੀ ਦੀ ਆਪੋ ਆਪਣੀ ਵਿਲੱਖਣ
ਹੈ ਜਿਸ ਵਿਚ ਇਤਿਹਾਸ ਤੇ ਵਾਸਤਵਿਕਤਾ ਨਾਲੋਂ
ਦਾ ਅੰਸ਼ ਵਧੇਰੇ ਹੈ।

ਭਗਤ-ਸੰਤ-ਗੁਰੂ ਕਥਾ-ਚੱਕਰ : ਪੰਜਾਬ ਵਿਚ
ਸੰਤ, ਭਗਤ ਅਤੇ ਗੁਰੂ ਆਦਿ ਮਹਾਂਪੁਰਸ਼ ਹੋਏ ਹਨ
ਨਾਲ ਕਾਫ਼ੀ ਸਾਰੀ ਲੋਕਧਾਰਾਈ ਸਾਮਗ੍ਰੀ ਅਤੇ ਕ
ਰੂੜ੍ਹੀਆਂ ਸਾਖੀਆਂ ਦੇ ਰੂਪ ਵਿਚ ਮਿਲਦੀਆਂ ਹਨ।
ਸਾਖੀ ਸਾਹਿਤ ਤੇ ਸਿੱਖ ਦਾ ਸੰਜੋਗ ਹੋਣ ਕਰ ਕੇ ਇ

ਤੇ ਮੂਹੀਆਂ ਵਿਚ ਖਿੰਡੀ ਹੋਈ ਹੈ। ਹਰ ਜ਼ਾਤ ਗੋਤ ਦੀ ਉਤਪਤੀ ਬਾਰੇ ਜਾਂ ਉਸ ਦੀ ਸਤੀ ਜਾਂ ਜਠੇਰੇ ਬਾਰੇ ਵੀ ਰੌਚਕ ਕਥਾਵਾਂ ਮਿਲਦੀਆਂ ਹਨ ਜਿਨ੍ਹਾਂ ਦੀ ਸੰਖਿਆ ਹਜ਼ਾਰਾਂ ਤਕ ਜਾ ਪੁਜਦੀ ਹੈ।

ਸਥਾਨਿਕ ਦੰਦ ਕਥਾਵਾਂ : ਜਿਥੇ ਕਿਧਰੇ ਲੋਕ-ਸੰਸਕ੍ਰਿਤੀ ਆਪਣੇ ਪੂਰੇ ਜਲੌ ਵਿਚ ਹੋਵੇ ਉਥੋਂ ਦੇ ਛੱਪੜਾਂ, ਥੇਹੜਾਂ, ਨਦੀ ਨਾਲਿਆਂ ਨਾਲ ਕਈ ਰਵਾਇਤਾਂ ਸਹਿਜੇ ਹੀ ਜੁੜ ਜਾਂਦੀਆਂ ਹਨ। ਪੰਜਾਬ ਦਾ ਕੋਈ ਵਿਰਲਾ ਅਭਾਗਾ ਪਿੰਡ ਹੀ ਅਜਿਹਾ ਹੋਵੇਗਾ ਜਿਥੇ ਚਾਰ ਪੰਜ ਸਥਾਨਿਕ ਦੰਦ ਕਥਾਵਾਂ ਪ੍ਰਚਲਤ ਨਾ ਹੋਣ। ਇਹ ਕਥਾਵਾਂ ਆਪਣੇ ਆਪ ਵਿਚ ਇਕ ਵੱਖਰਾ ਚੱਕਰ ਹਨ। ਦੋਹਾਂ ਪੰਜਾਬਾਂ ਵਿਚ ਪਿੰਡਾਂ ਦੀ ਸੰਖਿਆ ਲੱਖ ਤੋਂ ਉਪਰ ਜਾ ਬੈਠਦੀ ਹੈ। ਇਸ ਤਰ੍ਹਾਂ ਸਥਾਨਿਕ ਦੰਦ-ਕਥਾਵਾਂ ਦੀ ਸੰਖਿਆ ਕਈ ਲੱਖ ਮਿਥੀ ਜਾ ਸਕਦੀ ਹੈ।

ਉਪ੍ਰੋਕਤ ਕਥਾ-ਚੱਕਰਾਂ ਤੋਂ ਇਲਾਵਾ ਅਨੇਕਾਂ ਕਥਾ-ਰੂਪ ਵੀ ਪੰਜਾਬ ਵਿਚ ਪ੍ਰਚਲਤ ਹਨ। ਪੰਜਾਬ ਦੇ ਤੀਹ ਦੇ ਲਗਪਗ ਕਥਾ-ਰੂਪਾਂ ਬਾਰੇ ਅਸੀਂ ਪਿਛੇ ਚਰਚਾ ਕਰ ਆਏ ਹਾਂ। ਹਰ ਕਥਾ-ਰੂਪ ਵਿਚ, ਭਾਵੇਂ ਉਹ ਪਰੀ-ਕਥਾ ਹੈ ਤੇ ਭਾਵੇਂ ਨੀਤੀ-ਕਥਾ ਸੈਂਕੜੇ ਦੀ ਗਿਣਤੀ ਵਿਚ ਕਥਾਵਾਂ ਲੋਕ-ਸਿਮਰਤੀ ਦਾ ਭਾਗ ਬਣੀਆਂ ਹੋਈਆਂ ਹਨ। ਮੁਢੀ ਤੇ ਅਸਲੇ ਦੀ ਗਿਣਤੀ ਤਾਂ ਲਾਮਾਦੂਦ ਹੈ। ਸੰਸਾਰ ਦੀ ਹਰ ਵਸਤੂ ਦੀ ਸਿਰਜਨਾ ਭਾਵੇਂ ਇਕ ਪ੍ਰਾਕ੍ਰਿਤਕ ਅਮਲ ਵਿਚ ਹੋਈ ਹੈ, ਪਰ ਲੋਕ-ਮਨ ਦੀਆਂ ਉਤਪਤੀ ਬਾਰੇ ਆਪਣੀਆਂ ਮਨੌਤਾਂ ਹਨ ਜੋ ਵਧੇਰੇ ਕਰ ਕੇ ਪ੍ਰਤਿਰੂਪ ਚਿੰਤਨ ਉਪਰ ਆਧਾਰਤ ਹਨ।

ਉਪ੍ਰੋਕਤ ਅਨੁਮਾਨ ਤੋਂ ਇਹੋ ਸਿਧ ਹੁੰਦਾ ਹੈ ਕਿ ਪੰਜਾਬੀਆਂ ਵਿਚ ਮਧਕਾਲ ਵਿਚ (੧) ਕਾਵਿ ਨਾਲੋਂ ਕਥਾ ਸਿਰਜਨ ਦੀ ਬਿਰਤੀ ਵਧੇਰੇ ਬਲਵਾਨ ਸੀ ਅਤੇ (੨) ਪੰਜਾਬੀ ਵਿਚ ਜੋ ਕਥਾ ਕਹਾਣੀਆਂ ਮੌਖਿਕ ਰੂਪ ਵਿਚ ਵਿਚਰ ਰਹੀਆਂ ਸਨ ਤੇ ਹਨ ਉਨ੍ਹਾਂ ਦੀ ਸੰਖਿਆ ਕਰੋੜ ਤੋਂ ਉਪਰ ਮਿਥੀ ਜਾ ਸਕਦੀ ਹੈ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਸ ਸਾਰੇ ਬੋਹਲ ਦਾ ਅਸਾਂ ਹਜ਼ਾਰਵਾਂ ਹਿੱਸਾ ਵੀ ਅਜੇ ਤਕ ਨਹੀਂ ਸੰਭਾਲਿਆ। ਕੀ ਕੋਈ ਸੰਸਥਾ/ਵਿਸ਼ਵ ਵਿਦਿਆਲਾ ਇਨ੍ਹਾਂ ਮਰ ਮਿਟ ਰਹੀਆਂ ਕਥਾਵਾਂ ਨੂੰ ਸੰਭਾਲ ਕੇ ਅਮਰਤਾ

ਪੈਦਾਵਾਰ ਹੈ। ਪੂਰਬੀ ਪੰਜਾਬ (ਭਾਰਤੀ) ਵਿ
ਮਾਹੀਆ ਦੀਆਂ ਕਲੀਆਂ, ਜਿਨ੍ਹਾਂ ਨੂੰ ਟੱਪ
ਜਾਂਦਾ ਹੈ, ਆਮ ਸੁਣਨ ਵਿਚ ਮਿਲਦੀਆਂ ਹਨ,
ਵੰਡ ਤੋਂ ਪਿਛੋਂ ਹੀ ਮਾਹੀਆ ਇਧਰਲੇ ਪਾਸੇ
ਹੋਇਆ ਹੈ।

'ਮਾਹੀਆ' ਸ਼ਬਦ ਮਾਹੀ ਤੋਂ ਨਿਕਲਿਆ
ਅਰਥ ਮੱਝਾਂ ਚਾਰਨ ਵਾਲੇ ਵਾਗੀ ਦੇ ਹਨ।
ਕਠਨ ਹੈ ਕਿ ਕਦੋਂ 'ਮਾਹੀ' ਸ਼ਬਦ 'ਵਾਗੀ'
ਤਿਆਗ ਕੇ ਪ੍ਰੀਤਮ ਦੇ ਅਰਥਾਂ ਵਿਚ ਵਰਤੀਕ
ਵਾਰਸ ਸ਼ਾਹ ਦੇ ਸਮੇਂ ਤਕ, ਮਾਹੀ ਸ਼ਬਦ
ਚਰਵਾਹੇ' ਦੇ ਅਰਥ ਵਿਚ ਹੀ ਵਧੇਰੇ ਪ੍ਰਚ
ਵਾਰਸ ਸ਼ਾਹ ਦੀ ਹੀਰ ਵਿਚ ਅਨੇਕਾਂ ਥ
ਸ਼ਬਦ ਦੀ ਵਰਤੋਂ ਮਿਲਦੀ ਹੈ। ਸ
ਉਹ ਵਾਗੀ ਦੇ ਅਰਥ ਦੇਂਦਾ ਹੈ, ਇਕ
ਸ਼ਬਦ ਵੀ ਵਰਤਿਆ ਪਰ ਨਿਰਨੇ ਨਾਲ ਨਹ
ਸਕਦਾ ਕਿ ਇਹ ਵਾਗੀ ਦੇ ਅਰਥ ਵਿਚ ਵਰ
ਪ੍ਰੀਤਮ ਦੇ ਅਰਥ ਵਿਚ। 'ਹੀਰ ਆਖਦੀ ਕ
ਮਾਹੀਆ, ਤੇਰੀ ਮੱਝ ਨੂੰ ਕੌਣ ਲਿਜਾਂਵਦਾ ਏ'।
ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਮਾਹੀ ਸ਼ਬ
ਅਰਥਾਂ ਵਿਚ ਮਿਲਦਾ ਹੈ। ਇੰਜ ਜਾ
ਸ਼ਾਹ ਹੁਸੈਨ ਦੇ ਸਮੇਂ ਹੀਰ ਰਾਂਝਾ ਦੀ ਪ੍ਰੀਤ ਕਥ
ਬੜੀ ਪ੍ਰਸਿਧ ਹੋ ਚੁਕੀ ਸੀ ਤੇ 'ਮਾਹੀ' ਸ਼ਬਦ
ਚਾਅ ਨਾਲ ਵਰਤਿਆ ਜਾਣ ਲਗ ਪਿਆ ਸੀ।

ਮਾਹੀਆ ਦਾ ਕਾਵਿ ਰੂਪ ਸ਼ਾਹ ਹੁਸੈਨ
ਨੇੜੇ ਤੇੜੇ ਹੀ ਪ੍ਰਚਲਤ ਹੋਇਆ ਜਾਪਦਾ ਹੈ।
ਸਮੇਂ ਹੀਰ ਰਾਂਝੇ ਦੀ ਪ੍ਰੀਤ ਕਥਾ ਇਕ ਆਮ
ਰਹਿ ਕੇ ਪਿਆਰ ਦਾ ਆਦਰਸ਼ ਬਣ
ਅਧਿਆਤਮਕ ਪ੍ਰੀਤ ਲਈ ਵੀ ਬਿੰਬ ਵਜੋਂ
ਪਈ ਸੀ। ਇਸ ਸਮੇਂ 'ਮਾਹੀ' ਸ਼ਬਦ ਇਕ
ਦਾ ਅਨੁਭਵ ਕਰਵਾਣ ਲੱਗਾ। ਇਸੇ ਸਮੇਂ
ਕਲੀਆਂ ਦੇ ਪ੍ਰਚਲਤ ਹੋਣ ਦੀ ਸੰਭਾਵਨਾ ਹੈ।
ਕਿ ਇਹ ਕਾਵਿ-ਰੂਪ ਇਸ ਤੋਂ ਪਹਿਲਾਂ ਟੱਪ
ਵਿਚ ਪ੍ਰਚਲਤ ਹੋਵੇ ਤੇ ਸ਼ਾਹ ਹੁਸੈਨ ਦੇ ਸਮੇ
ਨਾਲ ਪ੍ਰਸਿਧ ਹੋ ਗਿਆ ਹੋਵੇ। ਮਾਹੀਏ ਦੀਆ

ਮਾਹੀਏ ਦੀਆਂ ਤਿੰਨ ਤੁਕਾਂ ਗਿਣਦੇ ਹਨ। ਪਹਿਲੀ ਤੁਕ ਵਿਚ ਕੋਈ ਦ੍ਰਿਸ਼ਟਾਂਤ, ਚਿਤ੍ਰ ਜਾਂ ਸੰਕੇਤ ਹੁੰਦਾ ਹੈ, ਜਾਂ ਮੂੰਹ ਆਈ ਗੱਲ ਹੁੰਦੀ ਹੈ। ਦੂਜੀ ਤੁਕ ਵਿਚ ਅਸਲ ਗੱਲ ਆਖੀ ਗਈ ਹੁੰਦੀ ਹੈ ਤੇ ਜਜ਼ਬਾ ਸਮੁੰਦਰ ਦੀ ਠਾਠ ਵਾਂਙ ਉਭਰਦਾ ਸਾਕਾਰ ਹੁੰਦਾ ਹੈ। ਪਹਿਲੀ ਸੱਤਰ ਬਹੁਤੀ ਵਾਰ ਨਿਰਅਰਥ ਜਿਹੀ ਜਾਪਦੀ ਹੈ ਤੇ ਅਨੁਪਰਾਸ ਮੇਲਣ ਲਈ ਹੀ ਵਰਤੀ ਜਾਂਦੀ ਹੈ। ਉਸ ਦੇ ਭਾਵ ਨਾਲ ਕੋਈ ਸਿਧਾ ਸਬੰਧ ਨਹੀਂ ਜਾਪਦਾ। ਪਰ ਪਹਿਲੀ ਅੱਧੀ ਸਤਰ ਵਿਚਲਾ ਬਿੰਬ ਅਗਲੀ ਤੁਕ ਉਤੇ ਭਾਰੂ ਹੁੰਦਾ ਹੈ। ਕਈ ਕਲੀਆਂ ਅਜਿਹੀਆਂ ਹਨ ਜਿਨ੍ਹਾਂ ਵਿਚੋਂ ਪਹਿਲੀ ਤੁਕ ਦਾ ਦੂਜੀ ਨਾਲ ਸਿਧਾ ਸਬੰਧ ਵੀ ਹੁੰਦਾ ਹੈ, ਦੂਜੀ ਸੱਤਰ ਦਾ ਤੁਕਾਂਤ ਪਹਿਲੀ ਸੱਤਰ ਨਾਲ ਮੇਲ ਖਾਂਦਾ ਹੈ।

ਭਾਵ ਦੇ ਪਖੋਂ ਦੂਜੀ ਸੱਤਰ ਸੁਤੰਤਰ ਤੇ ਸੰਪੂਰਨ ਹੁੰਦੀ ਹੈ। ਇਸ ਵਿਚ ਦਿਲ ਦੀ ਵੇਦਨਾ ਜਾਂ ਹੁਲਾਸ ਨੂੰ ਸੰਜਮ ਨਾਲ ਵਰਣਨ ਕੀਤਾ ਹੁੰਦਾ ਹੈ। ਖ਼ਿਆਲ ਬੜਾ ਡੂੰਘਾ ਤੇ ਦਿਲ ਟੁੰਬਵਾਂ ਹੁੰਦਾ ਹੈ, ਜਜ਼ਬਿਆਂ ਨੂੰ ਠੋਸ ਚਿਤਰਾਂ ਵਿਚ ਰੂਪਮਾਨ ਕੀਤਾ ਹੁੰਦਾ ਹੈ। ਮਾਹੀਏ ਦੀ ਲੈਅ ਦਾ ਵੇਗ ਬੜਾ ਤਿੱਖਾ ਹੁੰਦਾ ਹੈ। ਹਰ ਕਲੀ ਇਕ ਪੂਰੀ ਕਵਿਤਾ ਦਾ ਸਵਾਦ ਦੇ ਜਾਂਦੀ ਹੈ। ਉਪਮਾਵਾਂ ਬੜੀਆਂ ਸੁੰਦਰ ਤੇ ਅਰਥ ਭਰਪੂਰ ਹੁੰਦੀਆਂ ਹਨ, ਸ਼ਬਦ ਚੋਣ, ਬੜੀ ਸੁਚੱਜੀ, ਤੇ ਸਹਿਜ ਜਿਹੀ, ਬਸ ਦਿਲੀ ਹੁਲਾਸ ਜਾਂ ਪੀੜਾ ਨੂੰ ਨੰਗਾ ਕੀਤਾ ਹੁੰਦਾ ਹੈ।

ਰਾਗ ਤੇ ਲੈਅ ਦੇ ਪਖੋਂ ਮਾਹੀਆ ਬੜੀ ਰਸੀਲੀ ਕਿਰਤ ਹੈ। ਇਸ ਦੀ ਕਲੀ ਵਿਚਲੇ ਤਿੰਨ ਬਿਸਰਾਮ ਗਾਣ ਵਾਲੇ ਦੇ ਸਵਾਸ ਤੇ ਅਵਾਜ਼ ਦੀ ਟਿਕਾ ਨੂੰ, ਠੀਕ ਸੁਰ ਵਿਚ ਰਖਣ ਲਈ ਬੜੇ ਸਹਾਇਕ ਹੁੰਦੇ ਹਨ। ਇਸ ਦੀ ਆਪਣੀ ਵਖਰੀ ਲੈਅ ਤੇ ਤਾਲ ਹੈ ਤੇ ਸਰੋਤਿਆਂ ਦੇ ਮਨ ਉਤੇ ਸਿਧਾ ਅਸਰ ਕਰਦਾ ਹੈ।

ਮਾਹੀਏ ਦਾ ਮੁਖ ਵਿਸ਼ਾ ਪਿਆਰ ਹੈ। ਪਰ ਸਮਾਜਿਕ ਤੇ ਆਰਥਿਕ ਜੀਵਨ ਦੀ ਝਲਕ ਵੀ ਕਿਸੇ ਕਿਸੇ ਕਲੀ ਵਿਚ ਪੈ ਜਾਂਦੀ ਹੈ। ਕੁਝ ਨਮੂਨੇ—

ਤੰਦੂਰੀ ਤਾਈ ਹੋਈ ਆ
ਬਾਲਣ ਹੱਡੀਆਂ ਦਾ,
ਰੋਟੀ ਇਸ਼ਕ ਦੀ ਲਾਈ ਹੋਈ ਆ।

ਜੋ 'ਬਾਲੋ' ਤੇ ਮਹੀਆ ਅਲੀ ਨੇ ਪ੍ਰਚਲਤ ਕੀ...
ਗੁਜਰਾਂਵਾਲੇ ਦੀ ਤਹਿਸੀਲ ਵਾਲੀ ਇਕ ਸੁੰਦਰ...
ਸੀ ਜਿਸ ਦਾ ਪਿਆਰ ਮਹੀਆ ਅਲੀ ਨਾਲ ਸੀ...
ਬਾਲੋ ਪਿਆਰ ਨਾਲ ਮਾਹੀਆ ਕਿਹਾ ਕਰਦੀ ਸੀ...
ਮਾਹੀਆ ਦੀ ਅਵਾਜ਼ ਬੜੀ ਸੁਰੀਲੀ ਸੀ ਤੇ...
ਆਪਣੇ ਦਿਲ ਵਿਚ ਮਚਲ ਰਹੇ ਪ੍ਰੇਮ ਭਾਵਾਂ...
ਮਾਹੀਆ ਦੇ ਟੱਪਿਆਂ ਰਾਹੀਂ ਪ੍ਰਗਟ ਕਰਦੇ। ਤੇ...
ਇਕ 'ਨਵੇਂ' ਤੋਲ, ਨਵੀਂ ਲੈਅ ਅਤੇ ਰਾਗ...
ਟੱਪਿਆਂ ਦੀ ਲੀਹ ਟੋਰੀ, ਜਿਨ੍ਹਾਂ ਨੂੰ 'ਮਾਹ...
ਕਿਹਾ ਜਾਣ ਲੱਗਾ। ਇਕ ਸਮੇਂ ਮਾਹੀਆ ਬਾ...
ਪੰਜਾਬ ਵਿਚ ਇਤਨਾ ਪ੍ਰਚਲਤ ਹੋਇਆ, ਕਿ ਮਾ...
ਪੁਰਾਣੀਆਂ ਧੁਨਾਂ ਮੱਠੀਆਂ ਪੈ ਗਈਆਂ। ਮਾਹੀ...
ਸਵਾਲਾਂ ਜਵਾਬਾਂ ਵਿਚ ਹੁੰਦਾ ਹੈ ਤੇ ਇਕ ...
ਬਾਲੋ ਦਾ ਨਾਂ ਆਉਂਦਾ ਹੈ ਜੋ ਕੋਈ ਕੁੜੀ ਗ...
ਦੂਜੀ ਕਲੀ ਵਿਚ 'ਮਾਹੀਆ' ਸ਼ਬਦ ਹੁੰਦਾ ਹੈ ਤੇ...
ਮੁੰਡਾ ਗਾਂਦਾ ਹੈ ਜਿਵੇਂ :

ਹੱਟੀਆਂ ਉਤੇ ਫੀਤਾ ਈ
ਸੱਚ ਦਸ ਨੀ ਬਾਲੋ,
ਕਦੀ ਯਾਦ ਵੀ ਕੀਤਾ ਈ।

ਮੈਂ ਖੜੀ ਹੋਈ ਆਂ ਵਿਚ ਬੇਲੇ
ਕਸਮ ਖ਼ੁਦਾ ਦੀ ਮਾਹੀਆ
ਯਾਦ ਕਰਨੀ ਆਂ ਹਰ ਵੇਲੇ।

## (ਮ-136) ਮਾਖਿਉਂ :

ਸ਼ਹਿਦ ਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਪ...
ਹਨ। ਨਵੇਂ ਜੰਮੇ ਬੱਚੇ ਨੂੰ ਸਭ ਤੋਂ ਪਹਿਲ...
ਚਟਾਇਆ ਜਾਂਦਾ ਹੈ। ਮਾਖਿਉਂ ਦੀ ਗੁੜ੍ਹਤੀ ...
ਬੱਚਾ ਸਬਰ ਸੰਤੋਖ ਤੇ ਧੀਰਜ ਵਾਲਾ ਹੁੰਦਾ ਹੈ ਤੇ...
ਕਰੋਧ ਦੀ ਮਾਤਰਾ ਘਟ ਹੁੰਦੀ ਹੈ।

ਮੁਸਲਮਾਨਾਂ ਅਨੁਸਾਰ ਨੇਕ ਬੰਦਿਆਂ ਨੂੰ ਬਹਿ...
ਮਾਖਿਉਂ ਖਾਣ ਲਈ ਮਿਲਦਾ ਹੈ। ਕੁਰਾਨ...
ਬਹਿਸ਼ਤ ਵਿਚ ਸ਼ਹਿਦ ਦੀਆਂ ਨਦੀਆਂ ਵਗਦੀਆਂ...

## (ਮ-137) ਮਾਖੋ :

ਇਕ ਰਾਖਸ਼ ਜੋ ਮਾਖੋਵਾਲ ਦੇ ਇਲਾਕੇ...

ਆਨੰਦਪੁਰ ਵਸਾਇਆ ਤਦ ਇਹ ਦੇਉ ਇਲਾਕਾ ਛੱਡ ਕੇ ਪਹਾੜਾਂ ਵਲ ਨਿਕਲ ਗਿਆ ।

'ਮਹਾਨ ਕੋਸ਼' ਅਨੁਸਾਰ ਮਾਖੋ ਇਕ ਡਾਕੂ ਸੀ, ਜੋ ਕਰੂਰ ਰੁਚੀਆਂ ਦਾ ਮਾਲਕ ਤੇ ਫਸਾਦੀ ਸੀ। ਮਾਖੋ ਦਾ ਪਿੰਡ ਮਾਖੋਵਾਲਾ ਸਿੱਖਾਂ ਨੇ ਉਜਾੜ ਕੇ ਆਨੰਦਪੁਰ ਵਿਚ ਸ਼ਾਮਿਲ ਕੀਤਾ ਸੀ ਅਤੇ ਇਹ ਰਾਖਸ਼ ਇਲਾਕਾ ਛੱਡ ਕੇ ਕਿਧਰੇ ਹੋਰ ਚਲਾ ਗਿਆ ।

(ਮ-138) **ਮਾਂਗ :**

(ੳ) ਤੀਵੀਆਂ ਦੇ ਸਿਰ ਦੇ ਵਾਲਾਂ ਦੇ ਵਿਚਕਾਰ ਦੀ ਇਕ ਰੇਖਾ, ਜਿਸ ਦੇ ਦੋਵੇਂ ਪਾਸੇ ਵਾਲਾਂ ਨੂੰ ਸੰਵਾਰਿਆ ਜਾਂਦਾ ਹੈ। ਇਹ ਦੋ ਤਰ੍ਹਾਂ ਦੀ ਹੁੰਦੀ ਹੈ : ਸਿਧੀ ਤੇ ਟੇਢੀ, ਵਡੇਰੀਆਂ ਤੀਵੀਆਂ ਸਿਧੀ ਮਾਂਗ ਬਣਾਉਂਦੀਆਂ ਹਨ । ਪਰ ਮੁਟਿਆਰਾਂ ਵਿਚ ਟੇਢੀ ਮਾਂਗ ਵਧੇਰੇ ਪ੍ਰਚਲਤ ਹੈ ਤੇ ਇਹ ਚੇਹਰੇ ਦੇ ਪ੍ਰਭਾਵ ਨੂੰ ਜ਼ਰਾ ਸ਼ੋਖ਼ ਬਣਾ ਦੇਂਦੀ ਹੈ ।

ਮਾਂਗ ਵਿਚ ਤੀਵੀਆਂ ਸੰਧੂਰ ਭਰਦੀਆਂ ਹਨ । ਮਾਂਗ ਨੂੰ ਸਜਾਉਣਾ ਸੁਹਾਗ ਦੀ ਨਿਸ਼ਾਨੀ ਹੈ। ਕਈ ਤੀਵੀਆਂ ਮਾਂਗ ਵਿਚ ਮੋਤੀ ਸਜਾਂਦੀਆਂ ਹਨ । ਮਾਂਗ ਭਰਨੀ ਜਾਂ ਸਜਾਉਣੀ ਸੋਲਾਂ ਸ਼ਿੰਗਾਰਾਂ ਵਿਚੋਂ ਇਕ ਹੈ ।

ਸੰਸਕ੍ਰਿਤ ਵਿਚ ਮਾਂਗ ਲਈ ਸ਼ਬਦ 'ਸੀਮੰਤ' ਵਰਤਿਆ ਜਾਂਦਾ ਸੀ। ਪਹਿਲਿਆਂ ਵਿਚ ਮਾਂਗ ਇਕ ਦ੍ਰਵਸ ਪਦਾਰਥ ਨਾਲ ਭਰੀ ਜਾਂਦੀ ਸੀ ਜਿਸ ਤੋਂ ਇਸ ਦਾ ਨਾਂ ਸੀਮੰਤ ਦੀ ਥਾਂ ਮਾਂ॥ ਪੈ ਗਿਆ ।

(ਅ) ਮੁਲਤਾਨ ਦੇ ਇਲਾਕੇ ਵਿਚ ਮਾਂਗ ਉਸ ਡੋਰੇ ਨੂੰ ਵੀ ਕਹਿੰਦੇ ਹਨ, ਜੋ ਨੱਥ ਨਾਲ ਬੰਨ੍ਹ ਕੇ ਵਾਲਾਂ ਨਾਲ ਬੀੜਿਆ ਜਾਂਦਾ ਹੈ ਤਾਂ ਜੋ ਨੱਥ ਦਾ ਭਾਰ ਨੱਕ ਤੇ ਨਾ ਪਏ ।

(ਮ-139) **ਮਾਗਧ :**

ਭੱਟਾਂ ਦੀ ਇਕ ਸ਼ਾਖ਼, ਜਿਨ੍ਹਾਂ ਦਾ ਕੰਮ ਪੁਰਾਣੇ ਜ਼ਮਾਨੇ ਵਿਚ ਰਾਜੇ ਦਾ ਜਸ ਗਾਉਣ ਤੋਂ ਛੁੱਟ ਚਿੱਠੀਆਂ ਲੈ ਜਾਣਾ ਵੀ ਹੁੰਦਾ ਸੀ। ਵਿਸ਼ਨੂੰ ਪੁਰਾਣ ਅਨੁਸਾਰ ਮਾਗਧ ਪ੍ਰਿਥੂ ਰਾਜਾ ਦੇ ਯੱਗ ਕੁੰਡ ਵਿਚੋਂ ਉਤਪੰਨ ਹੋਏ। ਮਨੂ (10, 11) ਅਨੁਸਾਰ ਖਤ੍ਰਾਣੀ ਦੇ ਪੇਟ ਤੋਂ ਵੈਸ਼ਯ ਦੇ ਸੰਜੋਗ ਤੋਂ ਮਾਗਧ ਦੀ ਉਤਪਤੀ ਹੁੰਦੀ ਹੈ, ਪਰ ਔਸਨਵੀ ਸਮਿਰਤੀ

(ਮ-141) **ਮਾਘ :**

ਇਕ ਦੇਸੀ ਮਹੀਨਾ ਜਿਸ ਨੂੰ ਧਨੀ ਪੋਠੋਹਾ
'ਮਾਂਹ' ਕਹਿੰਦੇ ਹਨ । ਇਹ ਮਹੀਨਾ ਬੜਾ ਸ਼ੁਭ
ਜਾਂਦਾ ਹੈ ਅਤੇ ਇਸ ਵਿਚ ਅਨੇਕਾਂ ਪੁਰਬ ਤੇ
ਆਉਂਦੇ ਹਨ । ਇਸ ਮਹੀਨੇ ਦਾ ਸਭ ਤੋਂ ਵੱ
'ਮਾਘੀ' ਦਾ ਹੈ ਜੋ ਸੰਗਰਾਂਦ ਵਾਲੇ ਦਿਨ ਸਾਰੇ
ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਪੰਜ
ਥਾਂ ਥਾਂ ਮੇਲੇ ਲਗਦੇ ਹਨ । ਇਸ ਮਹੀਨੇ 'ਅਚਲਾ ਸ
'ਬਸੰਤ ਪੰਚਮੀ', 'ਮਾਘੀ ਪੂਰਨਮਾ' ਤੇ 'ਮਾਘੀ
ਜਿਸ ਨੂੰ ਮੌਨੀ ਅਮਾਵਸ ਕਿਹਾ ਜਾਂਦਾ ਹੈ, ਪੈਂਦੀ ਹੈ

ਮਾਘ ਦੇ ਮਹੀਨੇ ਇਸ਼ਨਾਨ ਦਾ ਬੜਾ ਮਹਾ
ਇਸ ਮਹੀਨੇ ਤਿੱਲਾਂ ਦੇ ਪਾਣੀ ਵਿਚ ਇਸ਼ਨਾਨ
ਸਰੀਰ ਉਤੇ ਤਿੱਲਾਂ ਦਾ ਵਟਣਾ ਜਾਂ ਤੇਲ ਮਲਣ
ਖਾਣੇ ਤੇ ਦਾਨ ਕਰਨੇ ਸ਼ੁਭ ਮੰਨੇ ਜਾਂਦੇ ਹਨ, ਜਿਸ
ਇਸ ਨੂੰ 'ਤਿੱਲ ਫੁਲ ਦਾ ਮਹੀਨਾ' ਵੀ ਕਿਹਾ ਜਾਂਦਾ ਹੈ

ਮਾਘ ਦਾ ਮਹੀਨਾ ਵਿਆਹ ਸ਼ਾਦੀ, ਤੇ
ਲਈ ਵੀ ਬੜਾ ਸ਼ੁਭ ਮੰਨਿਆ ਜਾਂਦਾ ਹੈ। ਪੋਹ ਦਾ
ਠੰਡਾ ਹੋਣ ਕਰ ਕੇ ਪੋਹ ਵਿਚ ਵਿਆਹ ਆਦਿ ਨ
ਤੇ ਮਾਘ ਦਾ ਮਹੀਨਾ ਕਲਿਆਨੀ ਹੋਣ ਕਰ ਕੇ ਇਸ
ਵਿਆਹ ਬਹੁਤ ਰਚੇ ਜਾਂਦੇ ਹਨ ।

ਮਾਘ ਦੇ ਮਹੀਨੇ ਦਿਤਾ ਪੁੰਨ ਦਾਨ ਬੜਾ ਫਲ
ਹੁੰਦਾ ਹੈ ਇਹ ਪਾਪਾਂ ਨੂੰ ਤਿਲ ਤਿਲ ਕਰ ਕੇ ਕੱਟ
ਇਸ ਮਹੀਨੇ ਕੀਤਾ ਕੰਨਿਆਂ ਦਾਨ ਦਾ ਵੀ ਵੱਡਾ
ਮੰਨਿਆ ਜਾਂਦਾ ਹੈ ।

ਮਾਘ ਦੇ ਮਹੀਨੇ ਖਿਚੜੀ ਨਵੀਂ ਕੀਤੀ ਜਾਂ
ਧਾਨ ਦੀ ਨਵੀਂ ਫਸਲ ਉਤਰੀ ਹੁੰਦੀ ਹੈ ਤੇ ਲੋਕੀਂ
ਸ਼ਗਨ ਵਜੋਂ ਪਕਾਂਦੇ ਹਨ । ਜਿਸ ਕਰ ਕੇ ਇਸ ਨੂੰ
ਵਾਲਾ ਮਹੀਨਾ' ਵੀ ਕਹਿੰਦੇ ਹਨ ।

(ਮ-142) **ਮਾਘ ਇਸ਼ਨਾਨ :**

ਮਾਘ ਦੇ ਸਾਰੇ ਮਹੀਨੇ ਹੀ ਇਸ਼ਨਾਨ ਕਰਨ
ਮਹਾਤਮ ਮੰਨਿਆ ਜਾਂਦਾ ਹੈ। ਲੋਕਾਂ ਦਾ ਨਿਸ਼ਚ
ਪੋਹ ਦੀ ਪੂਰਨਮਾਸ਼ੀ ਤੋਂ ਆਰੰਭ ਕਰ ਕੇ ਮਾਘ ਦੀ ਪੂ
ਤਕ ਨੇਮ ਨਾਲ ਸਵੇਰੇ ਰੋਜ਼ ਇਸ਼ਨਾਨ ਕਰਨ ਨਾ

ਕਰਦੇ ਹਨ । ਤਿੱਲਾਂ ਦਾ ਬਣਿਆ ਵਟਣਾ ਸਰੀਰ ਉਤੇ ਵੀ ਮਲਿਆ ਜਾਂਦਾ ਹੈ । ਨਿਸਚਾ ਹੈ ਕਿ ਇਸ ਮਹੀਨੇ ਤਿੱਲਾਂ ਦਾ ਇਸ਼ਨਾਨ ਕਰਨ ਨਾਲ ਸਾਰੇ ਪਾਪ ਤਿਲ ਤਿਲ ਕਰ ਕੇ ਕਟੇ ਜਾਂਦੇ ਹਨ ।

ਮਾਘ ਦੇ ਮਹੀਨੇ ਗੰਗਾ ਇਸ਼ਨਾਨ ਦਾ ਬੜਾ ਮਹਾਤਮ ਦਸਿਆ ਜਾਂਦਾ ਹੈ । ਮਾਘੀ ਵਾਲੇ ਦਿਨ ਗੰਗਾ ਦੇ ਕਿਨਾਰੇ ਪ੍ਰਯਾਗ ਵਿਚ ਭਾਰੀ ਮੇਲਾ ਲਗਦਾ ਹੈ ਤੇ ਸੰਗਮ ਉਤੇ ਲੱਖਾਂ ਲੋਕ ਇਸ਼ਨਾਨ ਕਰਦੇ ਹਨ ।

## (ਮ-143) ਮਾਘ ਪੂਰਨਮਾ :

ਮਾਘ ਮਹੀਨੇ ਦੀ ਪੂਰਨਮਾਸ਼ੀ ਬੜੀ ਪਾਵਨ ਮੰਨੀ ਜਾਂਦੀ ਹੈ । ਇਸ ਦਿਨ ਕਿਸੇ ਪਵਿਤ੍ਰ ਦਰਿਆ ਜਾਂ ਸਰੋਵਰ ਵਿਚ ਇਸ਼ਨਾਨ ਕਰਨ ਦਾ ਬੜਾ ਮਹਾਤਮ ਹੈ । ਇਸ ਤਿੱਥ ਨੂੰ ਅਨੇਕਾਂ ਵੈਸ਼ਨੋ ਭਗਤ ਪ੍ਰਯਾਗ ਵਿਚ ਗੰਗਾ ਇਸ਼ਨਾਨ ਕਰਨ ਲਈ ਜਾਂਦੇ ਹਨ ।

ਜਿਹੜੇ ਵਿਸ਼ਨੂੰ ਦੇ ਉਪਾਸਕ, ਇਨ੍ਹੀਂ ਦਿਨੀਂ ਇਕ ਮਹੀਨੇ ਦਾ ਕਲਪਵਾਸ ਕਰਦੇ ਹਨ, ਉਹ ਪੂਰਨਮਾ ਵਾਲੇ ਦਿਨ ਹਵਨ ਕਰਦੇ ਹਨ ਅਤੇ ਕਲਪਵਾਸ ਦੀ ਅਵਧੀ ਇਸੇ ਤਿੱਥ ਨੂੰ ਪੂਰੀ ਕਰਦੇ ਹਨ ।

ਮਾਘ ਦੀ ਪੂਰਨਮਾ ਨੂੰ ਜੇ ਸ਼ਨੀ ਮੇਸ਼ ਰਾਸ਼ੀ ਵਿਚ, ਬ੍ਰਿਹਸਪਤ ਤੇ ਚੰਦਰਮਾ ਸਿੰਘ ਰਾਸ਼ੀ ਵਿਚ ਅਤੇ ਸੂਰਜ ਸਰਵਣ ਨਖਸ਼ਤਰ ਵਿਚ ਹੋਏ ਤਾਂ ਇਸ ਤਿਥ ਨੂੰ ਮਹਾਂਪਾਪੀ ਪੂਰਨਮਾ ਕਹਿੰਦੇ ਹਨ ਤੇ ਇਸ ਦਿਨ ਕੀਤੇ ਇਸ਼ਨਾਨ ਤੇ ਪੁੰਨ ਦਾਨ ਦਾ ਮਹਾਤਮ ਬਹੁਤ ਵਧ ਜਾਂਦਾ ਹੈ ।

ਕਈ ਵੈਸ਼ਨੂੰ ਮਾਘ ਪੂਰਨਮਾ ਨੂੰ ਪਿਤਰਾਂ ਦਾ ਇਸ਼ਨਾਨ ਕਰਦੇ ਹਨ, ਇਸ ਦਿਨ ਤਿਲਾਂ ਦੇ ਦਾਨ ਦਾ ਬੜਾ ਫਲ ਹੈ ।

## (ਮ-144) ਮਾਘੀ ਦਾ ਮੇਲਾ :

ਮਾਘ ਦੇ ਮਹੀਨੇ ਦੀ ਸੰਗਰਾਂਦ ਨੂੰ ਸਾਰੇ ਪੰਜਾਬ ਵਿਚ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ । ਇਸ ਦਿਨ ਸੂਰਜ ਧਨ ਰਾਸ਼ੀ ਵਿਚੋਂ ਮਕਰ ਰਾਸ਼ੀ ਵਿਚ ਪੈਰ ਪਾਉਂਦਾ ਹੈ । ਮਕਰ ਰਾਸ਼ੀ ਸਭ ਰਾਸ਼ੀਆਂ ਵਿਚੋਂ ਪ੍ਰਧਾਨ ਰਾਸ਼ੀ ਮੰਨੀ ਜਾਂਦੀ ਹੈ । ਤੇ ਇਹ ਦਿਨ ਸਭ ਸੰਗਰਾਂਦਾਂ ਵਿਚ ਵਧੇਰੇ ਮਹਾਤਮ ਵਾਲਾ ਹੈ । ਇਸ ਦਿਨ ਸਾਰੇ ਭਾਰਤ ਵਿਚ ਬੜੇ ਵੱਡੇ ਪੁਰਬ ਮਨਾਏ ਜਾਂਦੇ ਹਨ । ਜਿਵੇਂ ਉਤਰ ਪ੍ਰਦੇਸ਼

ਗੁੜ, ਰਿਉੜੀਆਂ, ਚਿੜਵੇ ਤੇ ਮਕਈ ਦੇ ਦਾਣੇ ਵੰ... ਹਨ । ਜਿਨ੍ਹਾਂ ਘਰਾਂ ਵਿਚ ਵਿਆਹ ਸ਼ਾਦੀ ਹੋਈ ਹੁੰ... ਜਾਂ ਬੱਚਾ ਜੰਮਿਆ ਹੁੰਦਾ ਹੈ, ਉਹ ਪਹਿਲੀ ਲੋਹੜੀ ... ਗੀਤ ਗਾਉਂਦੇ, ਢੋਲਕੀ ਕੁਟਦੇ ਤੇ ਧਮਾਲਾ ... ਹੋਏ ਨਚਦੇ ਟਪਦੇ ਹਨ । ਅੱਧੀ ਰਾਤ ਤਕ ... ਮਨਾਈ ਜਾਂਦੀ ਤੇ ਇਸ ਪਿਛੋਂ ਮਾਘੀ ਸ਼ੁਰੂ ਹੋ ਜਾਂਦੀ ਹੈ...

ਮਾਘੀ ਦੇ ਇਸ਼ਨਾਨ ਦਾ ਬੜਾ ਮਹਾਤਮ ਹੈ । ... ਵਾਲੇ ਦਿਨ ਕਈ ਲੋਕ ਉਚੇਚੇ ਤੌਰ ਤੇ ਤੀਰਥ ਇਸ਼... ਖ਼ਾਸ ਤੌਰ ਤੇ ਗੰਗਾ ਦਾ ਇਸ਼ਨਾਨ ਕਰਨ ਨੂੰ ਵੱਡ... ਸਮਝਿਆ ਜਾਂਦਾ ਹੈ । ਜਿਨ੍ਹਾਂ ਪਿੰਡਾਂ ਤੇ ਨਗਰਾਂ ਦੇ ਨੇੜੇ... ਤੀਰਥ ਜਾਂ ਪਾਵਨ ਸਰੋਵਰ ਨਾ ਹੋਵੇ, ਉਹ ਨ... ਖੂਹਿਆਂ ਜਾਂ ਟੋਭਿਆਂ ਵਿਚ ਹੀ ਇਸ਼ਨਾਨ ਕਰ ਲੈਂਦੇ ... ਮਾਘੀ ਨਾਲ ਤਿਲਾਂ ਦਾ ਵੀ ਸਬੰਧ ਜੋੜਿਆ ਜਾਂਦਾ... ਇਸ ਲਈ ਕਈ ਸਨਾਤਨੀ ਲੋਕ ਪਾਣੀ ਵਿਚ ਤਿਲ ... ਇਸ਼ਨਾਨ ਕਰਦੇ ਹਨ ।

ਮਾਘੀ ਵਾਲੇ ਦਿਨ ਘਰਾਂ ਵਿਚ ਖ਼ਾਸ ਪਦਾਰਥ ਬ... ਖਾਧੇ ਜਾਂਦੇ ਹਨ । ਤਿਲ ਖਾਣ ਦਾ ਖ਼ਾਸ ਮਹਾਤਮ ਸਮ... ਜਾਂਦਾ ਹੈ । ਇਸ ਲਈ ਰਿਉੜੀਆਂ ਤੇ ਤਿਲਸ਼ਕਰੀ ... ਲਗਾਈ ਜਾਂਦੀ ਹੈ ਤੇ ਦਾਨ ਕੀਤੀ ਜਾਂਦੀ ਹੈ । ਖਿਚੜ... ਖੀਰ ਰਿੰਨ੍ਹ ਕੇ ਖਾਣੀ ਵੀ ਸ਼ੁਭ ਸਮਝੀ ਜਾਂਦੀ ਹੈ । ਪੰਜਾ... ਕਈ ਪਿੰਡਾਂ ਵਿਚ ਮੋਠ-ਬਾਜਰੇ ਦੀ ਖਿਚੜੀ ਤੇ ਗੰਨਿ... ਰਸ ਦੀ ਖੀਰ ਬਣਾ ਕੇ ਖਾਧੀ ਜਾਂਦੀ ਹੈ ।

ਮਾਘੀ ਦੇ ਮੇਲੇ ਥਾਂ ਥਾਂ ਲਗਦੇ ਹਨ । ਇਨ੍ਹਾਂ ਮੇਲਿ... ਵਿਚ ਵਧੇਰੇ ਕਰ ਕੇ ਆਸ ਪਾਸ ਦੇ ਪਿੰਡਾਂ ਦੇ ਲੋ... ਸ਼ਾਮਲ ਹੁੰਦੇ ਹਨ । ਇਨ੍ਹਾਂ ਮੇਲਿਆਂ ਵਿਚ ਪਿੰਡਾਂ ਦੇ ਗ... ਕਬੱਡੀ ਤੇ ਸੌਂਚੀ ਪਕੀ ਖੇਡ ਕੇ ਆਪਣੇ ਦਿਲ ਦੀਆਂ ਸ... ਪੂਰੀਆਂ ਕਰਦੇ ਅਤੇ ਅਲਗੋਜ਼ੇ ਤੇ ਤੂੰਬੇ ਵਜਾਂਦੇ ਹ... ਲੋਕ-ਗੀਤ ਫ਼ਜ਼ਾ ਵਿਚ ਰੰਗ ਭਰਦੇ ਹਨ ।

## (ਮ-145) ਮਾਛੀ ਤੇ ਮੱਛੀ :

ਈਸਪ ਦੀ ਇਕ ਪ੍ਰਸਿਧ ਨੀਤੀ ਕਥਾ । ਇਕ ... ਇਕ ਮਛੇਰੇ ਨੇ ਦਰਿਆ ਵਿਚ ਜਾਲ ਵਿਛਾਇਆ ... ਇਕ ਨਿੱਕੀ ਜਿਹੀ ਮੱਛੀ ਜਾਲ ਵਿਚ ਫਸ ਗਈ । ਮੱਛ... ਮਛੇਰੇ ਨੂੰ ਕਿਹਾ ਕਿ ਮੈਂ ਬਹੁਤ ਹੀ ਛੋਟੀ ਹਾਂ, ਤੂੰ ... ਮੁੜ ਦਰਿਆ ਦੇ ਪਾਣੀ ਵਿਚ ਸੁਟ ਦੇ ...

ਉਪਲਬਧ ਹਨ ।

**(ਮ-146) ਮਾਝਾ :**

ਕੇਂਦਰੀ ਪੰਜਾਬ ਦਾ ਉਹ ਖੇਤਰ, ਜੋ ਬਿਆਸ ਤੇ ਰਾਵੀ ਦੇ ਵਿਚਕਾਰ ਹੈ ਅਤੇ ਜਿਸ ਵਿਚ ਅੰਮ੍ਰਿਤਸਰ, ਗੁਰਦਾਸਪੁਰ ਤੇ ਲਾਹੌਰ ਪਾਕਿਸਤਾਨ ਦੇ ਜ਼ਿਲੇ ਸ਼ਾਮਲ ਹਨ । ਇਹ ਇਲਾਕਾ ਪੰਜਾਬ ਦੇ ਮੱਧ ਵਿਚ ਹੋਣ ਕਰਕੇ ਮਾਝਾ ਅਖਵਾਉਂਦਾ ਹੈ । ਇਥੋਂ ਦੀ ਬੋਲੀ ਮਾਝੀ ਹੀ ਪੰਜਾਬੀ ਦੀ ਪ੍ਰਮਾਣਿਕ ਬੋਲੀ ਮੰਨੀ ਜਾਂਦੀ ਹੈ ।

**(ਮ-147) ਮਾਂਵੀ**

ਕੰਨਿਆਂ ਦੇ ਵਿਆਹ ਸਮੇਂ ਕੰਨਿਆਂ ਦੇ ਘਰ ਉਸ ਦੇ ਅੰਗਾਂ ਸਾਕਾਂ ਤੇ ਭਾਈਚਾਰੇ ਦਾ ਜੁੜਿਆ ਮੇਲਾ । ਮਾਂਵੀ ਜਾਂਵੀਆਂ ਨੂੰ ਸਿਠਣੀਆਂ ਦੇਂਦੇ ਤੇ ਜੰਞ ਬੰਨ੍ਹਣ ਦਾ ਟੂਣਾ ਵੀ ਕਰਦੇ ਹਨ । ਹੁਣ ਇਹ ਰਿਵਾਜ ਘਟ ਰਿਹਾ ਹੈ (ਵੇਖੋ : ਸਿਠਣੀਆਂ) ।

**(ਮ-148) ਮਾਂਡਵ :**

ਇਕ ਰਿਸ਼ੀ ਜਿਸ ਨੇ ਪਤੀਵ੍ਰਤਾ ਨਰਮਦਾ ਦੇ ਪਤੀ ਕੌਸ਼ਿਕ ਨੂੰ, ਜੋ ਕੋਹੜੀ ਸੀ, ਸੂਰਜ ਚੜ੍ਹਦੇ ਸਾਰ ਮਰਨ ਦਾ ਸਰਾਪ ਦਿਤਾ ਸੀ । ਮਹਾਂਭਾਰਤ ਅਨੁਸਾਰ ਨਰਮਦਾ ਨੇ ਆਪਣੇ ਸਤਿ ਦੀ ਸ਼ਕਤੀ ਨਾਲ ਸੂਰਜ ਨੂੰ ਚੜ੍ਹਨ ਤੋਂ ਰੋਕ ਲਿਆ ਤੇ ਸੰਸਾਰ ਉਤੇ ਅੰਧਕਾਰ ਫੈਲ ਗਿਆ । ਦੇਵਤਿਆਂ ਨੇ ਨਰਮਦਾ ਦੇ ਪਤੀ ਨੂੰ ਅਮਰ ਹੋਣ ਦਾ ਵਰ ਦਿਤਾ ਤਾਂ ਨਰਮਦਾ ਨੇ ਸੂਰਜ ਨੂੰ ਚੜ੍ਹਨ ਦਿਤਾ ।

**(ਮ-149) ਮਾਣਕ :**

ਲਾਲ ਰੰਗ ਦਾ ਇਕ ਰਤਨ, ਜੋ ਬੜਾ ਸ਼ੁਭ ਮੰਨਿਆ ਜਾਂਦਾ ਹੈ । ਲੋਕ ਨਿਸ਼ਚੇ ਅਨੁਸਾਰ ਮਾਣਕ ਨੂੰ, ਜੇ ਬਾਰਾਂ ਪੂਰਨਮਾਸ਼ੀਆਂ ਆਪਣੇ ਕੇਸਾਂ ਦੇ ਜੂੜੇ ਅਥਵਾ ਪੱਗ ਵਿਚ ਰਖਿਆ ਜਾਵੇ ਤਾਂ ਰਖਣ ਵਾਲੇ ਨੂੰ ਰਾਜ ਭਾਗ ਪ੍ਰਾਪਤ ਹੁੰਦਾ ਹੈ । ਜੇ ਰਾਜਾ ਇਸ ਨੂੰ ਬਾਰਾਂ ਪੂਰਨਮਾਸ਼ੀਆਂ ਕੋਲ ਰਖੇ ਤਾਂ ਉਸ ਦਾ ਰਾਜ ਚੁਗਿਰਦੇ ਫੈਲਦਾ ਹੈ । ਜੇ ਨਿਰਸੰਤਾਨ ਤੀਵੀਂ ਮਾਣਕ ਨੂੰ ਬਾਰਾਂ ਪੂਰਨਮਾਸ਼ੀਆਂ ਆਪਣੇ ਕੋਲ ਰਖੇ

ਮਾਰ ਕੇ ਨਗਰ ਨੂੰ ਤਬਾਹ ਹੋਣੋਂ ਬਚਾ ਲਿ ਮਾਣਕਿਆਲਾ) ।

ਮਾਣਕ ਰਾਜਾ : ਰਾਜਾ ਮਾਣਕ ਜਿਸ ਨੇ ਰਾਵ ਇਲਾਕੇ ਵਿਚ ਮਾਣਕ ਨਗਰ ਅਥਵਾ ਵਸਾਇਆ । ਰਾਜੇ ਰਸਾਲੂ ਨੇ ਮਾਣਕ ਨਗਰ ਵਿ ਰਾਖਸ਼ਾਂ ਨੂੰ ਮਾਰਿਆ ਸੀ (ਵੇਖੋ : ਮਾਣਕਿਆਲਾ) ਬੜਾ ਨੇਕ ਤੇ ਧਰਮੀ ਰਾਜਾ ਸੀ, ਇਸੇ ਲਈ ਪ੍ਰਚਲਤ ਹੈ :

ਮਾਣਕ ਜਿਹਾ ਨਾ ਰਾਜਾ ਡਿੱਠਾ,
ਦਿਲ ਦਾ ਚੰਗਾ ਜੀਭ ਦਾ ਮਿੱਠਾ ।

**(ਮ-150) ਮਾਣਕਿਆਲਾ :**

ਇਕ ਪ੍ਰਾਚੀਨ ਨਗਰ, ਜੋ ਰਾਵਲਪਿੰਡੀ ਤੋਂ 14 ਮੀਲਾਂ ਦੀ ਵਿਥ ਉਤੇ ਹੈ । ਇਹ ਨਗਰ ਘੁੱਗ ਵਸਦਾ ਸ਼ਹਿਰ ਸੀ, ਪਰ ਹੁਣ ਇਥੇ ਬਹੁਤੇ ਮਿਲਦੇ ਹਨ । ਰਵਾਇਤ ਹੈ ਕਿ ਇਹ ਸ਼ਹਿਰ ਰਾਜੇ ਮਾਣਕ ਨੇ ਵਸਾਇਆ ਤੇ ਉਸੇ ਨੇ ਸ਼ਹਿਰ ਦੇ ਇਕ ਵੱਡਾ ਸਤੂਪ ਬਣਵਾਇਆ, ਜਿਸ ਦੇ ਖੰਡਰ ਮਿਲਦੇ ਹਨ । ਇਸ ਸ਼ਹਿਰ ਦਾ ਪੁਰਾਣਾ ਨਾਂ ਜਾਂ ਮਾਣਕ ਨਗਰ ਸੀ । ਇਹ ਸ਼ਹਿਰ ਰਾਜਾ ਕਾਰਜ ਖੇਤਰ ਵਿਚ ਆਉਂਦਾ ਹੈ । ਰਵਾਇਤ ਹੈ ਸਤੂਪ ਤੋਂ ਉੱਤਰ ਵਲ ਇਸ ਸ਼ਹਿਰ ਵਿਚ ਸ ਰਹਿੰਦੇ ਸਨ । ਜੋ ਲੋਕਾਂ ਨੂੰ ਬੜਾ ਦੁਖ ਦਿਤਾ ਕ ਇਥੋਂ ਦੇ ਪਸ਼ੂਆਂ ਨੂੰ ਉਹ ਖੋਹ ਕੇ ਖਾ ਜਾਇਆ ਤੇ ਕਈ ਮਨੁਖ ਵੀ ਉਨ੍ਹਾਂ ਹਥੋਂ ਮਾਰੇ ਜਾ ਚੁ ਇਸ ਤੋਂ ਇਸ ਨਗਰੀ ਨੂੰ 'ਬੇਦਾਦ ਨਗਰੀ' ਜਾਣ ਲੱਗਾ । ਰਾਜਾ ਰਸਾਲੂ ਨੇ ਇਨ੍ਹਾਂ ਸੱਤ ਰਾਖ ਯੁੱਧ ਕਰ ਕੇ ਇਨ੍ਹਾਂ ਨੂੰ ਮਾਰ ਦਿਤਾ । ਇਕ ਹੋਰ ਅਨੁਸਾਰ ਇਹ ਸੱਤ ਰਾਖਸ਼ ਉਦੀ ਨਗਰੀ ਵਿ ਸਨ, ਜੋ ਜਿਹਲਮ ਤੋਂ ਪੱਛਮ ਵਲ ਸਥਿਤ ਹੈ ।

ਜਨਰਲ ਕਨਿੰਘਮ ਸੱਤ ਰਾਖਸ਼ਾਂ ਵਾਲੀ ਕ ਜਾਤਕਾਂ ਦੀ ਮਹਾਤਮਾ ਬੁੱਧ ਦੀ ਇਕ ਕਥਾ ਨਾਲ ਹੈ । ਜਿਸ ਅਨੁਸਾਰ ਮਹਾਤਮਾ ਬੁੱਧ ਨੇ ਸੱਤ ਭੁ ਬੱਚਿਆਂ ਦੀ ਭੁਖ ਮਿਟਾਣ ਲਈ ਆਪਣੇ ਸਰੀਰ

ਖੰਡਰਾਂ ਤੋਂ ਪਤਾ ਲਗਦਾ ਹੈ ਕਿ ਇਹ ਸ਼ਹਿਰ ਕਿਸੇ ਸਮੇਂ ਬੋਧੀਆਂ ਦਾ ਧਾਰਮਿਕ ਅਸਥਾਨ ਰਿਹਾ ਅਤੇ ਇਥੇ ਬੋਧੀਆਂ ਦੇ ਅਨੇਕਾਂ ਸਤੂਪ ਤੇ ਮੰਦਰ ਸਨ।

ਮਾਣਕਿਆਲੇ ਦੀਆਂ ਥੇਹਾਂ ਦਸਦੀਆਂ ਹਨ ਕਿ ਇਹ ਸ਼ਹਿਰ ਸਾੜ ਫੂਕ ਨਾਲ ਤਬਾਹ ਹੋਇਆ। ਇਸ ਦੀ ਪੁਸ਼ਟੀ ਉਨ੍ਹਾਂ ਇਮਾਰਤਾਂ ਦੇ ਖੰਡਰਾਂ ਤੋਂ ਹੁੰਦੀ ਹੈ, ਜੋ ਧੂੰਏਂ ਨਾਲ ਧਵਾਂਖੀਆਂ ਹੋਈਆਂ ਹਨ। ਕਨਿੰਘਮ ਦਾ ਵਿਚਾਰ ਹੈ ਕਿ ਇਹ ਸ਼ਹਿਰ ਮੁਸਲਮਾਨਾਂ ਦੀ ਥਾਂ ਬ੍ਰਹਮਣੀ ਜ਼ੁਲਮ ਤੇ ਅਤਿਆਚਾਰ ਦਾ ਸ਼ਿਕਾਰ ਹੋਇਆ।

ਸਿਕੰਦਰ ਦਾ ਪ੍ਰਸਿਧ ਘੋੜਾ ਬੁਸੀਫਲਸ ਮਾਣਕਿਆਲੇ ਵਿਚ ਹੀ ਮਰਨ ਉਪਰੰਤ ਦਬਿਆ ਗਿਆ ਸੀ।

ਮਾਣਕਿਆਲੇ ਦੇ ਲੋਕ ਬੜੇ ਨੇਕ ਤੇ ਧਾਰਮਿਕ ਸੁਭਾਵ ਦੇ ਸਨ, ਲੋਕੀਂ ਇਸ ਨਗਰ ਦਾ ਨਾਂ ਲੈ ਕੇ ਕੰਮ ਛੁਹਿਆ ਕਰਦੇ ਸਨ, ਕਹਾਵਤ ਹੈ :

ਮਾਣਕਿਆਲੇ ਦੇ ਲੋਕ ਭਲੇ
ਨਾਂ ਲਿਆਂ ਕੰਮ ਹੋਣ ਸਵੱਲੇ।

## (ਮ-151) ਮਾਤਰ ਨੌਮੀ :

ਅਸੂ ਦੇ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਨੌਵੀਂ ਤਿੱਥ। ਇਸ ਤਿੱਥ ਨੂੰ ਨੂੰਹਾਂ ਆਪਣੀ ਪਰਲੋਕ ਸਿਧਾਰ ਗਈਆਂ ਸੱਸਾਂ ਨਮਿਤ ਸਰਾਧ ਕਰਦੀਆਂ ਹਨ। ਪਿੱਤਰ ਪੱਖ ਦੀ ਪਹਿਲੀ ਤਿੱਥ ਤੋਂ ਨੌਵੀਂ ਤਕ ਤਰਪਣ ਕਰਦੀਆਂ ਹਨ ਅਤੇ ਨੌਵੀਂ ਨੂੰ ਕੁਲ ਪ੍ਰੋਹਤਾਂ ਨੂੰ ਬੁਲਾ ਕੇ ਭੋਜਨ ਖਵਾਂਦੀਆਂ ਹਨ। ਇਸੇ ਤਿੱਥ ਨੂੰ ਮਾਤਾ ਦਾ ਸਰਾਧ ਵੀ ਕੀਤਾ ਜਾਂਦਾ ਹੈ।

## (ਮ-152) ਮਾਤਰਾ :

ਇਕ ਕਾਵਿਰੂਪ, ਜੋ ਉਦਾਸੀ ਸਾਧੂਆਂ ਵਿਚ ਬੜਾ ਪ੍ਰਚਲਤ ਰਿਹਾ ਹੈ। ਉਦਾਸੀ ਸੰਪਰਦਾਇ ਦਾ ਚੋਖਾ ਸਾਰਾ ਸਾਹਿਤ ਮਾਤਰਾ ਵਿਚ ਮਿਲਦਾ ਹੈ ਅਤੇ ਉਦਾਸੀਆਂ ਨੇ ਆਪਣੇ ਨੇਮ, ਸਿਧਾਂਤ ਤੇ ਰੀਤਾਂ ਮਾਤਰਾ ਦੁਆਰਾ ਹੀ ਪ੍ਰਗਟ ਕੀਤੀਆਂ ਹਨ। ਇਸ ਕਾਵਿ ਦਾ ਨਾਂ ਮਾਤਰਾ ਇਸ ਲਈ ਪਿਆ ਕਿ ਇਨ੍ਹਾਂ ਵਿਚ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਰੋਕਣ ਦਾ ਉਪਦੇਸ਼ ਹੈ ਤੇ ਇਨ੍ਹਾਂ ਉਪਰ ਅਮਲ ਕਰਨ ਵਾਲੇ ਦੀ ਆਵਾਗੋਣ ਤੋਂ ਮੁਕਤੀ ਹੁੰਦੀ ਹੈ। ਬਾਬਾ ਸ੍ਰੀ ਚੰਦ

ਮਹਾਨ ਕੋਸ਼ ਅਨੁਸਾਰ 'ਮਾਤਰਾ' ਉਦਾਸ
ਦੇ ਨਿਯਮ ਪ੍ਰਗਟ ਕਰਨ ਵਾਲੇ ਮੰਤ੍ਰ ਹਨ, ਜੋ ਸ੍ਰ
ਦੇਵ, ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ, ਸੰ
ਅਤੇ ਭਲ ਸਾਹਿਬਾਂ ਆਦਿਕਾਂ ਦੇ ਨਾਂ ਤੋਂ ਰਚੇ
ਉਦਾਸੀ ਸੰਪ੍ਰਦਾਇ ਦੇ ਮੋਢੀ ਭਾਵੇਂ ਬਾਬਾ ਸ੍ਰੀ
ਪਰ ਕਈ ਉਦਾਸੀ ਗੁਰੂ ਨਾਨਕ ਦੇਵ ਜੀ ਨੂੰ ਉ
ਮੋਢੀ ਮੰਨਦੇ ਹਨ। ਇਸੇ ਲਈ ਉਨ੍ਹਾਂ ਦੇ
ਕੁਝ ਮਾਤਰਾਂ ਰਚੀਆਂ ਮਿਲਦੀਆਂ ਹਨ। ਮਹ
721) ਉਤੇ ਗੁਰੂ ਨਾਨਕ ਤੇ ਸ੍ਰੀ ਚੰਦ ਦੀਆਂ ਕ
ਨਮੂਨੇ ਦਿਤੇ ਹੋਏ ਹਨ। ਹੇਠਾਂ ਸ੍ਰੀ ਚੰਦ ਦੀ
ਨਮੂਨਾ ਦਿਤਾ ਜਾਂਦਾ ਹੈ (ਕੁਲੇ ਮਾਜਰੇ, ਸ
ਪੰਨਾ 34-35)।

ਗੁਰ ਅਬਿਨਾਸੀ ਖੇਲ ਰਚਾਇਆ।
ਅਗਮ ਨਿਗਮ ਕਾ ਪੰਥ ਬਤਾਯਾ।
ਗਿਆਨ ਕੀ ਗੋਦੜੀ ਖਿਮਾ ਕੀ ਟੋਪੀ।
ਜਤ ਕਾ ਆੜਬੰਦ ਸੀਲ ਲੰਗੋਟੀ
ਅਕਾਲ ਖਿੰਥਾ ਨਿਰਾਸ ਝੋਲੀ
ਜੁਗਤ ਕਾ ਟੋਪ ਗੁਰਮੁਖੀ ਬੋਲੀ
ਧਰਮ ਕਾ ਚੋਲਾ ਸਤ ਕੀ ਸੇਲੀ
ਮਰਯਾਦਾ ਮੇਖੋਲੀ ਲੈ ਗਲੀ ਮੇਲੀ
ਧਿਆਨ ਕਾ ਬਟੂਆ ਨਿਰਤ ਕਾਸੂਈ ਚ
ਬ੍ਰਹਮ ਅੰਚਲਾ ਪਹਿਰ ਸੁਜਾਨ।

## (ਮ-153) ਮਾਤਾ ਰਾਣੀ :

ਚੇਚਕ ਦੀ ਦੇਵੀ ਨੂੰ ਆਦਰ ਨਾਲ 'ਮ
ਕਿਹਾ ਜਾਂਦਾ ਹੈ। ਜਦੋਂ ਕਿਸੇ ਨੂੰ ਚੇਚਕ ਨਿਕ
ਇਸ ਨੂੰ ਮਾਤਾ ਰਾਣੀ ਦਾ ਚਮਤਕਾਰ ਮੰਨਿਆ
ਅਤੇ ਕਿਹਾ ਜਾਂਦਾ ਹੈ ਕਿ ਮਾਤਾ ਰਾਣੀ ਪ੍ਰਗਟ
ਰੋਗੀ ਦਾ ਦਵਾ ਦਾਰੂ ਕਰਨ ਦੀ ਥਾਂ ਸਗੋਂ
ਗੱਲਾਂ ਕੀਤੀਆਂ ਜਾਂਦੀਆਂ ਹਨ ਜਿਸ ਨਾਲ
ਪ੍ਰਸੰਨ ਹੋਵੇ। ਪਿੰਡਾਂ ਵਿਚ ਤਾਂ ਮਰੀਜ਼ ਨੂੰ ਅੰ
ਕੋਠੇ ਵਿਚ ਲਿਟਾ ਦਿਤਾ ਜਾਂਦਾ ਹੈ, ਜਿਥੇ ਰੋਸ਼
ਕਿਰਨ ਨਾ ਪਏ, ਕਿਉਂਜੋ ਰੋਸ਼ਨੀ ਨਾਲ ਮ
'ਲਿਸ਼ਕਾਰਾ' ਪੈ ਜਾਣ ਦਾ ਡਰ ਹੁੰਦਾ ਹੈ, ਜੋ ਅ

ਤੀਵੀਆਂ ਮੀਂਹ ਉਡਾਣ ਲਈ ਚੱਕੀ ਝੋਂਦੀਆਂ ਹਨ। ਕਈ ਲੋਕ ਦੀਵੇ ਨੂੰ ਬਾਲ ਕੇ ਵਿਹੜੇ ਵਿਚ ਧਰਦੇ ਹਨ ਤੇ ਸੂਰਜ ਨੂੰ ਮਿਹਣੇ ਨਾਲ ਕਹਿੰਦੇ ਹਨ ਕਿ ਤੇਰੇ ਹੁੰਦਿਆਂ ਦਿਨ ਦਿਹਾੜੀ ਦੀਵਾ ਬਾਲ ਰਹੇ ਹਾਂ। ਲੋਕਾਂ ਦਾ ਵਹਿਮ ਹੈ ਕਿ ਬੱਦਲ ਦੀ ਗਰਜ ਤੇ ਮੀਂਹ ਦੀ ਕਿਣ ਮਿਣ ਮਾਤਾ ਦੇਵੀ ਦੇ ਕੰਨਾਂ ਤਕ ਨਹੀਂ ਪਹੁੰਚਣੀ ਚਾਹੀਦੀ ਨਹੀਂ ਤਾਂ ਬੀਮਾਰ ਦੇ ਛਲ ਪੈ ਜਾਣ ਦਾ ਡਰ ਹੁੰਦਾ ਹੈ ਤੇ ਫਿਰ ਰੋਗੀ ਜਾਂ ਤਾਂ ਬਚਦਾ ਨਹੀਂ ਜਾਂ ਫਿਰ ਉਸ ਦਾ ਕੋਈ ਅੰਗ ਭੰਗ ਹੋ ਜਾਂਦਾ ਹੈ।

ਰੋਗੀ ਦਾ ਦਵਾ ਦਾਰੂ ਹਕੀਮ ਤੋਂ ਨਹੀਂ ਕਰਵਾਇਆ ਜਾਂਦਾ ਅਤੇ ਨਾ ਹੀ ਰੋਗੀ ਨੂੰ ਦਵਾਈ ਦਿਤੀ ਜਾਂਦੀ ਹੈ। ਕਿਉਂ ਜੋ ਇਸ ਤਰ੍ਹਾਂ ਕਰਨ ਨਾਲ ਮਾਤਾ ਦੇ ਕੰਮਾਂ ਵਿਚ ਦਖ਼ਲਅੰਦਾਜ਼ੀ ਹੋਣ ਕਰ ਕੇ, ਮਾਤਾ ਦੇ ਨਰਾਜ਼ ਹੋਣ ਦਾ ਡਰ ਹੁੰਦਾ ਹੈ।

ਜਿਸ ਮਰੀਜ਼ ਨੂੰ ਮਾਤਾ ਨਿਕਲੀ ਹੋਵੇ ਉਸ ਨੂੰ ਮਾਤਾ ਰਾਣੀ ਦਾ 'ਖੋਤੜਾ' ਕਿਹਾ ਜਾਂਦਾ ਹੈ। ਇਹੋ ਸ਼ਬਦ ਬਾਲਕਾਂ ਤੇ ਬਾਲੜੀਆਂ ਦੋਹਾਂ ਲਈ ਵਰਤਿਆ ਜਾਂਦਾ ਹੈ। ਮਾਤਾ ਦੇਵੀ ਦਾ ਵਾਹਣ ਖੋਤਾ ਹੈ, ਮਰੀਜ਼ ਨੂੰ ਇਸ ਨਾਂ ਨਾਲ ਬੁਲਾਣ ਨਾਲ ਮਾਤਾ ਪ੍ਰਸੰਨ ਹੋ ਕੇ ਮਰੀਜ਼ ਨੂੰ ਛੱਡ ਜਾਂਦੀ ਹੈ।

ਜਦ ਤਕ ਮਰੀਜ਼ ਨੂੰ ਮਾਤਾ ਨਿਕਲੀ ਰਹੇ ਉਦੋਂ ਤਕ ਧਨੀ ਪੋਠੋਹਾਰ ਦੇ ਇਲਾਕੇ ਵਿਚ ਘਰ ਦਾ ਕੋਈ ਜੀਅ ਤੇਲ ਸਾਬਣ ਆਦਿ ਨਹੀਂ ਵਰਤਦਾ। ਨਾ ਹੀ ਘਰ ਵਿਚ ਮਾਸ-ਮੱਛੀ ਅੰਡਾ ਬਣਦਾ ਹੈ। ਪਿਆਜ਼ ਤੇ ਥੋਮ ਤੋਂ ਵੀ ਪਰਹੇਜ਼ ਕੀਤਾ ਜਾਂਦਾ ਹੈ ਕਿਉਂ ਜੋ ਇਨ੍ਹਾਂ ਦੀ ਵਾਸ਼ਨਾ ਨਾਲ ਮਾਤਾ ਨਾਰਾਜ਼ ਹੋ ਜਾਂਦੀ ਹੈ ਤੇ ਮਰੀਜ਼ ਨੂੰ ਵਧੇਰੇ ਦੁਖ ਦੇਂਦੀ ਹੈ। ਘਰ ਦੀਆਂ ਤੀਵੀਆਂ ਦੰਦਾਂ ਉੱਤੇ ਸੱਕ ਨਹੀਂ ਮਲਦੀਆਂ। ਗਲੀ ਮਹੱਲੇ ਦੇ ਲੋਕਾਂ ਨੂੰ ਮਾਸ ਮੱਛੀ ਅੰਡੇ ਖਾ ਕੇ ਜਾਂ ਸਾਬਣ, ਤੇਲ, ਸੱਕ ਮਲ ਕੇ ਰੋਗੀ ਕੋਲ ਜਾਣੋਂ ਵਰਜ ਦਿਤਾ ਜਾਂਦਾ ਹੈ।

ਜਦੋਂ ਰੋਗੀ ਰਾਜ਼ੀ ਹੋ ਕੇ ਉਠਦਾ ਹੈ ਤਾਂ ਮਾਤਾ ਦੇਵੀ ਨੂੰ ਚੜ੍ਹਾਵੇ ਚਾੜ੍ਹੇ ਜਾਂਦੇ ਹਨ। ਦੇਵੀ ਦੀਆਂ ਕੰਜਕਾਂ ਬਿਠਾਈਆਂ

**(ਮ-154) ਮਾਤਾ ਰਾਣੀ ਦੀਆਂ ਮਟੀਆਂ :**

ਮਾਤਾ ਰਾਣੀ ਦੀਆਂ ਮਟੀਆਂ, ਜਿਨ੍ਹਾਂ ਨੂੰ ਬੀਬ... ਕਿਹਾ ਜਾਂਦਾ ਹੈ, ਲਗਪਗ ਹਰ ਪਿੰਡ ਵਿਚ ... ਬਣੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਤੀਵੀਆਂ ... ਪੂਜਦੀਆਂ ਹਨ। ਕਈ ਤੀਵੀਆਂ ਹਰ ਰੋਜ਼ ਦੁੱਧ ... ਤੋਂ ਪਹਿਲਾਂ ਮਾਤਾ ਰਾਣੀ ਦੀ ਮਟੀ ਨੂੰ ਮੱਥ ਤੇ ... ਦੁੱਧ ਨਾਲ ਇਸ਼ਨਾਨ ਕਰਵਾਂਦੀਆਂ ਹਨ।

ਬੜਰੁੱਖਾਂ ਸਰਵੇ ਪੁਸਤਕ (ਪੰਨਾ 16) ਵਿਚ ... ਅਥਵਾ ਮਾਤਾ ਰਾਣੀ ਦੀਆਂ ਮਟੀਆਂ ਬਾਰੇ ਲਿ... "ਜਦੋਂ ਵੀ ਪਿੰਡ ਵਿਚ ਕਿਸੇ ਨੂੰ ਮਾਤਾ ਨਿਕ... ਉਹ ਸਵਾ ਰੁਪਏ ਦਾ ਪ੍ਰਸਾਦਿ ਮਾਤਾ ਰਾਣੀ ਪ੍ਰਤੀ... ਹੈ। ਇਹ ਸਵਾ ਰੁਪਿਆ ਵਖਰਾ ਰਖ ਦਿਤਾ ਜਾਂ... ਜਦ ਮਰੀਜ਼ ਰਾਜ਼ੀ ਹੋ ਜਾਵੇ ਤਦ ਸਵਾ ਮਹੀਨੇ... ਪਤਾਸੇ ਅਤੇ ਪੈਸੇ ਮਾਤਾ ਰਾਣੀ ਨੂੰ ਚੜ੍ਹਾ ਕੇ ... ਆਉਂਦਾ ਹੈ। ਇਹ ਪੈਸੇ ਜਾਂ ਪਤਾਸੇ ਲੈਣ... ਕੋਈ ਸੇਵਾਦਾਰ ਨਿਸਚਿਤ ਨਹੀਂ ਹੈ, ਕੋਈ ਉਥੋਂ... ਸਕਦਾ ਹੈ। ਆਮ ਤੌਰ ਤੇ ਛੋਟੇ ਬੱਚੇ ਪੈਸੇ ... ਹਨ। ਉਨ੍ਹਾਂ ਵਿਚ ਪਤਾਸੇ ਵੀ ਵੰਡੇ ਜਾਂਦੇ ਹਨ... ਵਾਲੀ ਰਾਤ ਨੂੰ ਪਿੰਡ ਦੀਆਂ ਇਸਤ੍ਰੀਆਂ ਮਿ... ਪਕਾਂਦੀਆਂ ਹਨ, ਅਗਲੀ ਸਵੇਰ ਇਨ੍ਹਾਂ ਬਾਸਤਾਂ ... ਮਾਤਾ ਰਾਣੀ ਨੂੰ ਮੱਥਾ ਟੇਕਿਆ ਜਾਂਦਾ ਹੈ। ਬਾਸੜੀ... ਲਈ ਮਾਤਾ ਰਾਣੀ ਦੇ ਕੋਲ ਪਛੜੀਆਂ ਜਾਤਾਂ ਦੇ ... ਜਵਾਨ ਬੈਠ ਜਾਂਦੇ ਹਨ। ਉਹ ਇਹ ਬਾਸੜੀਆਂ... ਝੋਲੀ ਵਿਚ ਪਵਾ ਲੈਂਦੇ ਹਨ। ਮੱਥਾ ਟੇਕਣ ਉਪਰੰ... ਜਾ ਕੇ ਇਸਤ੍ਰੀਆਂ ਘਰ ਪਈਆਂ ਬਾਸੜੀਆਂ... ਕਰਦੀਆਂ ਹਨ।

ਮਾਤਾ ਰਾਣੀ ਦੇ ਨਾਲ ਕਈ ਬੀਬੜੀਆਂ ... ਵਡੀਆਂ ਬਣੀਆਂ ਹੁੰਦੀਆਂ ਹਨ। ਕਈ ਵਾਰ ਪਿ... ਵਸਦੇ ਹਰੇਕ ਜ਼ਾਤ ਗੋਤ ਨੇ ਆਪਣੀ ਵਖਰੀ ਬੀਬੜੀ... ਹੁੰਦੀ ਹੈ। ਬਾਜ਼ੀਗਰ ਆਪਣੀਆਂ ਬੀਬੜੀਆਂ ... ਬਣਾਉਂਦੇ ਹਨ।

**(ਮ-155) ਮਾਈ :**

**(ਮ-156) ਮਾਂਦਰੀ :**

ਸੱਪਾਂ, ਠੂਹਿਆਂ ਤੇ ਜ਼ਹਿਰੀਲੇ ਕੀੜਿਆਂ ਦੇ ਮੰਤ੍ਰ ਜਾਣਨ ਵਾਲੇ ਨੂੰ ਮਾਂਦਰੀ ਕਿਹਾ ਜਾਂਦਾ ਹੈ। ਮਾਂਦਰੀ ਮੰਤ੍ਰਾਂ ਦੁਆਰਾ ਸੱਪਾਂ ਦੇ ਕਟੇ ਦਾ ਇਲਾਜ ਕਰਦੇ ਹਨ ਤੇ ਕਈ ਮਾਂਦਰੀ ਮੰਤਰ ਦੀ ਸ਼ਕਤੀ ਨਾਲ, ਉਸ ਸੱਪ ਨੂੰ ਬੁਲਾ ਲੈਂਦੇ ਹਨ ਜਿਸ ਨੇ ਕਟਿਆ ਹੋਵੇ ਅਤੇ ਸੱਪ ਰੋਗੀ ਦੇ ਜ਼ਖ਼ਮ ਨੂੰ ਚਟ ਕੇ ਸਾਰਾ ਜ਼ਹਿਰ ਚੂਸ ਲੈਂਦਾ ਹੈ ਤੇ ਰੋਗੀ ਨਵਾਂ ਨਰੋਆ ਹੋ ਜਾਂਦਾ ਹੈ।

**(ਮ-157) ਮਾਧਵ :**

(ੳ) ਕ੍ਰਿਸ਼ਨ ਦਾ ਇਕ ਨਾਂ, ਜੋ ਮਧੂ ਨਾਮੀ ਯਦੂਵੰਸ਼ੀ ਰਾਜੇ ਦੀ ਕੁਲ ਵਿਚ ਹੋਣ ਕਰ ਕੇ ਪ੍ਰਚਲਿਤ ਹੋ ਗਿਆ।

(ਅ) ਮਾਧਵਾਨਲ ਦਾ ਸੰਖੇਪ ਨਾਂ, (ਵੇਖੋ : ਮਾਧਵਾਨਲ)।

(ੲ) ਮਧੂ ਦੈਂਤ ਨੂੰ ਮਾਰਨ ਵਾਲਾ ਮਾਧਵਾ।

**(ਮ-158) ਮਾਧਵਾਨਲ :**

ਸੰਗੀਤ ਵਿਦਿਆ ਵਿਚ ਨਿਪੁੰਨ, ਇਕ ਬ੍ਰਾਹਮਣ ਜੋ ਕਾਮ ਕੰਦਲਾ ਦਾ ਪ੍ਰੇਮੀ ਸੀ। ਮਾਧਵਾਨਲ ਤੇ ਕਾਮ-ਕੰਦਲਾ ਦੀ ਪ੍ਰੇਮ ਕਥਾ ਨੂੰ ਆਲਮ ਨਾਂ ਦੇ ਮੁਸਲਮਾਨ ਕਵੀ ਨੇ 1584 ਈ: ਵਿਚ ਲਿਖਿਆ।

ਮਾਧਵਾਨਲ, ਜੋ ਬੜਾ ਵਿਦਵਾਨ ਤੇ ਸੰਗੀਤਕਾਰ ਸੀ, ਨਗਰ ਪੁਰ ਵਿਚ ਰਹਿੰਦਾ ਸੀ ਤੇ ਉਥੋਂ ਦੇ ਰਾਜੇ ਗੋਵਿੰਦ ਚੰਦ ਦਾ ਮਿੱਤਰ ਸੀ। ਉਸ ਦੀ ਬੰਸਰੀ ਦੀ ਲੈਅ ਜਿਹੜੀ ਤੀਵੀਂ ਇਕ ਵਾਰ ਸੁਣਦੀ, ਉਹ ਉਸ ਤੇ ਮਸਤ ਹੋ ਜਾਂਦੀ। ਇਕ ਵਾਰ ਸਾਰੇ ਮਰਦ ਰਾਜੇ ਕੋਲ ਇਕਠੇ ਹੋ ਕੇ ਗਏ ਤੇ ਮਾਧਵਾਨਲ ਨੂੰ ਦੇਸ ਨਿਕਾਲਾ ਦੇਣ ਜਾਂ ਮਾਰ ਸੁਟਣ ਲਈ ਬੇਨਤੀ ਕੀਤੀ। ਰਾਜੇ ਨੇ ਮਾਧਵਾਨਲ ਦਾ ਖ਼ੁਦ ਪਰਤਾਵਾ ਲਿਆ ਤੇ ਲੋਕਾਂ ਦੀ ਗੱਲ ਠੀਕ ਨਿਕਲਣ ਤੇ ਮਾਧਵ ਨੂੰ ਦੇਸ਼ ਵਿਚੋਂ ਕਢ ਦਿਤਾ। ਮਾਧਵਾਨਲ ਨਗਰ ਪੁਰ ਤੋਂ ਕਾਮਵਤੀ ਨਗਰ ਪੁਜਾ, ਜਿਥੇ ਕਾਮਸੈਨ ਦਾ ਰਾਜ ਸੀ। ਕਾਮਸੈਨ ਦੇ ਦਰਬਾਰ ਵਿਚ 360 ਨਾਚੀਆਂ ਰਹਿੰਦੀਆਂ ਸਨ, ਜਿਨ੍ਹਾਂ ਵਿਚੋਂ ਕਾਮ ਕੰਦਲਾ ਸਭ ਤੋਂ ਵਧ ਸੋਹਣੀ ਤੇ ਦਿਲਕਸ਼ ਸੀ। ਮਾਧਵਾਨਲ ਕਾਮ ਕੰਦਲਾ ਨਾਲ ਪ੍ਰੇਮ ਕਰਨ ਲੱਗਾ ਤੇ ਕਾਮਸੈਨ ਦੇ ਦਰਬਾਰ ਵਿਚੋਂ ...

ਨਗਰੀ ਵਿਚ ਜਾ ਪਹੁੰਚਿਆ।

ਬਿਕਰਮਾਜੀਤ ਦੀ ਨਗਰੀ ਵਿਚ ਇਕ
ਦਾ ਮੰਦਰ ਸੀ, ਜਿਥੇ ਰਾਜਾ ਪੂਜਾ ਲਈ ਰੋਜ਼
ਸੀ। ਮਾਧਵਾਨਲ ਨੇ ਮੰਦਰ ਦੇ ਬਾਹਰ ਇਹ ਦੋਹ
ਲਟਕਾ ਦਿਤਾ, "ਜੋ ਨਰ ਰੋਗਨ ਸੇ ਗ੍ਰਸੇ ਤਿ
ਉਪਾਉ, ਬਿਰਹ ਤ੍ਰਿਦੋਖਨ ਜੋ ਗ੍ਰਸੇ, ਤਿਨ ਕੋ
ਬਚਾਉ", ਬਿਕਰਮਾਜੀਤ ਨੇ ਦੋਹਾ ਪੜ੍ਹ ਕੇ ਮਾ
ਸੱਦਿਆ ਤੇ ਉਸ ਦੀ ਸਾਰੀ ਬਿਰਥਾ ਸੁਣ ਕੇ ਮਦਦ
ਵਚਨ ਦਿਤਾ। ਕਾਮ ਕੰਦਲਾ ਨੂੰ, ਮਾਧਵਾਨਲ ਲ
ਕਰਨ ਵਾਸਤੇ, ਬਿਕਰਮਾਜੀਤ ਨੇ ਕਾਮਸੈਨ ਉਤੇ
ਦਿਤਾ। ਕਾਮਸੈਨ ਕਾਮ ਕੰਦਲਾ ਦੇਣ ਨੂੰ ਤਿ
ਸੀ। ਇਸ ਘੋਰ ਯੁਧ ਵਿਚ ਕਾਮਸੈਨ ਮਾਰਿਆ
ਬਿਕਰਮਾਜੀਤ ਜਿੱਤੇ ਮਗਰੋਂ ਕਾਮ ਕੰਦਲਾ ਕੋ
ਤੇ ਉਸ ਦੇ ਪ੍ਰੇਮ ਦੀ ਪ੍ਰੀਖਿਆ ਲੈਣ
ਉਸ ਨੂੰ ਝੂਠ ਮੂਠ ਆਖਣ ਲੱਗਾ ਕਿ
ਤੇਰੀ ਖ਼ਾਤਰ ਲੜਾਈ ਵਿਚ ਮਾਰਿਆ ਗਿਆ
ਕਾਮ ਕੰਦਲਾ ਨੇ ਇਹ ਗੱਲ ਸੁਣਦਿਆਂ ਸਾਰ ਪ੍ਰਾਣ
ਦਿਤੇ। ਰਾਜੇ ਨੇ ਜਦੋਂ ਇਹ ਗੱਲ ਮਾਧਵਾਨਲ
ਤਾਂ ਉਸ ਦੀ ਗੱਲ ਸੁਣਦਿਆਂ ਸਾਰ ਮਾਧਵ
ਸਵਾਸ ਤਿਆਗ ਦਿਤੇ, ਬਿਕਰਮਾਜੀਤ ਨੂੰ ਬੜ
ਹੋਇਆ ਤੇ ਉਸ ਨੇ ਆਪਣਾ ਆਪ ਅਗਨ ਭੇ
ਚਾਹਿਆ, ਪਰ ਉਸੇ ਸਮੇਂ ਬੇਤਾਲ ਨੇ ਪ੍ਰਗਟ
ਮਾਧਵਾਨਲ ਤੇ ਕਾਮ ਕੰਦਲਾ ਦੋਹਾਂ ਨੂੰ ਅੰਮ੍ਰਿਤ
ਮਾਰ ਮੁੜ ਸੁਰਜੀਤ ਕਰ ਦਿਤਾ।

**(ਮ-159) ਮਾਧਵੀ :**

ਪ੍ਰਿਥਵੀ, ਜੋ ਮਧੂ ਦੈਂਤ ਦੀ ਮਿਝ ਤੋਂ
ਮਹਾਂਭਾਰਤ ਤੇ ਪੁਰਾਣਾਂ ਅਨੁਸਾਰ ਮਧੂ ਤੇ ਕੈਟਭ
ਭਿਆਨਕ ਦੈਂਤ ਵਿਸ਼ਨੂੰ ਦੇ ਕੰਨ ਵਿਚੋਂ ਪੈਦਾ
ਕੰਵਲ ਉਤੇ ਸੌਂ ਰਹੇ ਬ੍ਰਹਮਾ ਨੂੰ ਮਾਰਨ ਹੀ ਵਾਲੇ
ਵਿਸ਼ਨੂੰ ਨੇ ਇਨ੍ਹਾਂ ਦੋਹਾਂ ਨੂੰ ਮਾਰ ਦਿਤਾ। ਇ
ਦੈਂਤਾਂ ਦੀ ਮਿਝ ਤੋਂ ਪ੍ਰਿਥਵੀ ਬਣੀ। ਮਧੂ ਦੀ
ਬਣੀ ਹੋਣ ਕਰ ਕੇ ਪ੍ਰਿਥਵੀ ਮਾਧਵੀ ਅਖਵਾਈ
ਮੇਦਨੀ)।

ਤਿੰਨ ਖਾਸ ਪ੍ਰਸਿਧ ਹਨ (ਗਲਾਮਰੀ 3, 64) । ਇਕ ਰਵਾਇਤ ਅਨੁਸਾਰ ਇਹ ਰੋਹਤਕ ਦੇ ਧਨਾ ਰਾਉ ਦੀ ਵੰਸ਼ ਵਿਚੋਂ ਹਨ ਦੂਜੀ ਰਵਾਇਤ ਅਨੁਸਾਰ ਇਹ ਗੜ੍ਹ ਗਜ਼ਨੀ ਦੇ ਪੁੰਨਵਾਰ ਰਾਜਪੂਤ ਦੀ ਵੰਸ਼ ਵਿਚੋਂ ਹਨ ਜੋ ਬਠਿੰਡਾ ਦੇ ਪ੍ਰਸਿਧ ਰਾਜੇ ਬਨੀਪਾਲ ਦੇ ਸਮੇਂ ਪਟਿਆਲੇ ਵਸਿਆ ਸੀ, ਪਰ ਤੀਜੀ ਰਵਾਇਤ ਅਨੁਸਾਰ ਇਹ ਬਨੀਪਾਲ ਦੀ ਹੀ ਵੰਸ਼ ਹਨ । ਮਾਨ ਜੱਟਾਂ ਅਨੁਸਾਰ ਬਨੀਪਾਲ ਗਜ਼ਨੀ ਦਾ ਆਖ਼ਰੀ ਰਾਜਾ ਸੀ । ਉਸ ਭਾਰਤ ਵਿਚ ਇਕ ਮੁਹਿੰਮ 'ਤੇ ਆ ਕੇ ਸ਼ਹਿਰ ਦੀ ਨੀਂਹ ਰੱਖੀ । ਉਸ ਨੇ ਭੱਟੀਆਂ ਨੂੰ ਇਥੋਂ ਕਢਿਆ । ਇਹੋ ਬਨੀਪਾਲ ਮਾਨ ਅਤੇ ਕੁਝ ਹੋਰ ਕਬੀਲਿਆਂ ਦਾ ਵਡਿਕਾ ਮੰਨਿਆ ਜਾਂਦਾ ਹੈ । ਕਿਉਂ ਜੋ ਸਿੱਧੂ ਮਾਨ ਦੇ ਹੀ ਬਾਰਾਂ ਪੁਤਰਾਂ ਵਿਚੋਂ ਇਕ ਸੀ ਜਿਸ ਦੀ ਵੰਸ਼ ਸਿੱਧੂ ਅਖਵਾਈ ।

ਮਾਨ ਕਬੀਲੇ ਦਾ ਮੂਲ ਅਸਥਾਨ ਬਠਿੰਡਾ ਹੈ । ਇਥੋਂ ਹੀ ਇਹ ਕਬੀਲਾ, ਪੂਰਬੀ ਪੰਜਾਬ ਦੇ ਵਿਭਿੰਨ ਇਲਾਕਿਆਂ ਵਿਚ ਫੈਲਿਆ । ਜਾਲੰਧਰ ਤੇ ਕਰਨਾਲ ਦੇ ਮਾਨ ਆਪਣਾ ਮੁਢਲਾ ਸਥਾਨ ਬਠਿੰਡਾ ਹੀ ਦਸਦੇ ਹਨ ।

ਹੁਸ਼ਿਆਰਪੁਰ ਦੇ ਜ਼ਿਲੇ ਵਿਚ ਮਾਨਾਂ ਦਾ ਇਕ ਬਾਰ੍ਹਾਂ (ਬਾਰਾਂ ਪਿੰਡਾਂ ਸਮੂਹ) ਹੈ । ਜੀਂਦ ਵਿਚ ਚਾਉ ਵਿਖੇ ਮਾਨਾਂ ਦਾ ਇਕ ਜਠੇਰਾ ਬਾਬਾ ਭੋਲਾ ਹੈ, ਜਿਥੇ ਵਿਆਹ ਅਤੇ ਦੀਵਾਲੀ ਉਤੇ ਮਾਨ ਕਬੀਲੇ ਦੇ ਲੋਕੀਂ ਭੇਟਾਂ ਦੇਂਦੇ ਤੇ ਪੂਜਾ ਕਰਦੇ ਹਨ ।

## (ਮ-161) ਮਾਨਸ :

(ੳ) ਵਿਸ਼ਨੂੰ ਪੁਰਾਣ (3.1 40) ਅਨੁਸਾਰ ਵਿਸ਼ਨੂੰ ਦਾ ਇਕ ਅਵਤਾਰ, ਇਸ ਅਵਤਾਰ ਬਾਰੇ ਪੁਰਾਣਾਂ ਵਿਚ ਵਿਸਥਾਰ ਨਹੀਂ ਮਿਲਦਾ ।

(ਅ) ਮਹਾਭਾਰਤ ਅਨੁਸਾਰ ਮਾਨਸ 'ਆਦਿ ਦੇਵ ਹੈ, ਅਨਾਦੀ ਹੈ ਤੇ ਅਨੰਤ ਵੀ । ਅਵੰਡ ਹੈ, ਕਦੇ ਨਸ਼ਟ ਨਹੀਂ ਹੁੰਦਾ ਅਤੇ ਅਮਰ ਹੈ ।'

## (ਮ-162) ਮਾਨਸਰੋਵਰ :

ਹਿਮਾਲੀਆ ਪਰਬਤ ਵਿਚ ਇਕ ਝੀਲ ਜੋ ਪੁਰਾਣਾਂ ਅਨੁਸਾਰ ਬ੍ਰਹਮਾ ਦੇ ਮਨ ਵਿਚੋਂ ਉਪਜੀ । ਇਹ ਝੀਲ ਕੈਲਾਸ਼ ਪਰਬਤ ਦੇ ਦੱਖਣ ਵਲ 15300 ਫੁੱਟ ਦੀ ਉਚਾਈ

ਇਸ ਝੀਲ ਵਿਚ ਪ੍ਰਵਾਹ ਕੀਤੇ ਜਾਣ, ਉਹ ਪ੍ਰਾਣ ਸਵਰਗ ਧਾਮ ਵਿਚ ਜਾਂਦਾ ਹੈ ।

ਵਾਯੂ ਪੁਰਾਣ ਅਨੁਸਾਰ ਜਦੋਂ ਸਾਗਰ ਸ ਮੇਰੂ ਪਰਬਤ ਉਤੇ ਹੀ ਡਿਗਿਆ ਤਾਂ ਉਸ ਦੇ ਮੇਰੂ ਦੁਆਲੇ ਚਾਰ ਪ੍ਰਕਰਮਾ ਕੀਤੀਆਂ । ਫਿਰ ਨਦੀਆਂ ਵਿਚ ਵੰਡਿਆ ਗਿਆ ਅਤੇ ਮਗਰੋਂ ਚਾਰ ਝੀਲਾਂ ਬਣ ਗਿਆ । ਇਹ ਚਾਰ ਝੀਲਾਂ ਪੂ ਅਰੁਣੋਕ, ਪੱਛਮ ਵਿਚ ਸਿਤੋਦ, ਉੱਤਰ ਵਿਚ ਮਹ ਦੱਖਣ ਵਿਚ ਮਾਨਸ ਬਣ ਗਈਆਂ । ਮਾਨਸ ਝੀ ਸਭਨਾਂ ਵਿਚੋਂ ਵਧੇਰੇ ਪਵਿਤ੍ਰ ਮੰਨੀ ਗਈ ।

ਮਾਨਸਰੋਵਰ ਹੰਸਾਂ ਦਾ ਨਿਵਾਸ ਸਥਾਨ ਮੰਨਿ ਹੈ । ਭਗਤੀ ਲਹਿਰ ਦੇ ਕਵੀਆਂ ਨੇ ਮਾਨਸਰੋਵਰ ਨੂੰ ਤੇ ਹੰਸ ਨੂੰ ਗੁਰਮੁਖ ਦੇ ਪ੍ਰਤੀਕ ਵਜੋਂ ਅਧਿਆਤਮ ਵਿਚ ਵਰਤਿਆ ਹੈ ।

## (ਮ-163) ਮਾਨਵੀਕਰਣ :

ਆਦਿਮ ਜਾਤੀਆਂ ਦੇ ਲੋਕਾਂ ਦਾ ਇਹ ਵਿਸ਼ਵ ਹੈ ਕਿ ਹਰ ਜੜ੍ਹ ਵਸਤੂ ਪਿਛੇ ਕੋਈ ਚੇਤਨਾ ਸ਼ਕਤੀ ਰਹੀ ਹੈ ਤੇ ਉਹ ਜੜ੍ਹ ਵਸਤਾਂ ਨੂੰ ਵੀ ਚੇਤਨ ਰੂਪ ਵੇਖਦੇ ਰਹੇ ਸਨ । ਇਸੇ ਲਈ ਲੋਕ-ਕਥਾਵਾਂ ਤੇ ਘਟਨਾਵਾਂ ਵਿਚ ਪ੍ਰਕ੍ਰਿਤੀ ਦੀ ਵਿਭਿੰਨ ਸ਼ਕਤੀਆ ਝੱਖੜ, ਮੀਂਹ, ਬਿਜਲੀ, ਚੰਨ ਸੂਰਜ, ਧ ਮਾਨਵੀਕਰਣ ਕੀਤਾ ਹੁੰਦਾ ਹੈ । ਲੋਕ ਕਹਾਣੀਆਂ ਵਸਤੂਆਂ ਤੋਂ ਚੇਤਨ ਪਾਤਰਾਂ ਵਾਂਙ ਕੰਮ ਲੈਣਾ ਤੇ ਮਨੁਖ ਵਾਂਙ ਹੀ ਸੋਚਣਾ ਤੇ ਕੰਮ ਕਰਦਾ ਮਾਨਵੀਕਰਣ ਹੈ ।

## (ਮ-164) ਮਾਮੂ ਸ਼ਾਹ :

ਗੁੜਗਾਵਾਂ ਦੇ ਮਿਉ ਜਾਤੀ ਦੇ ਮੁਸਲਮਾਨ ਇ ਉਸ ਪਿੱਤਰ ਲਈ ਵਰਤਦੇ ਹਨ ਜੋ ਨਿਪੁਤਾ ਮਰਿ ਸ਼ਬਰਾਤ ਵਾਲੇ ਦਿਨ ਮਾਮੂ ਸ਼ਾਹ ਨਮਿਤ ਭੋਜਨ ਦਿਤਾ ਜਾਂਦਾ ਹੈ । ਇਕ ਥਾਲ ਵਿਚ ਉਨ੍ਹਾਂ ਦੇ ਨਮਿ ਰਖ ਕੇ ਉਪਰੋਂ ਪੱਖੀ ਨਾਲ ਢੱਕ ਦਿਤਾ ਜਾਂਦਾ ਹੈ ਇਹ ਭੋਜਨ, ਪਰਵਾਰ ਦੇ ਕਿਸੇ ਕੰਵਾਰੇ ਆਦਮੀ

ਵਿਚ ਪ੍ਰਾਪਤ ਕੀਤੇ ਅਨੁਭਵਾਂ ਲਈ ਵਰਤਿਆ ਜਾਂਦਾ ਹੈ ਜੋ ਸਥਿਰ ਨਹੀਂ ਤੇ ਜਿਨ੍ਹਾਂ ਦੀ ਹੋਂਦ ਸੁਪਨੇ ਵਾਂਙ ਹੀ ਵਾਸਤਵ ਨਹੀਂ। ਮਨੁੱਖ ਅਵਿਦਿਆ ਜਾਂ ਝੂਠੇ ਗਿਆਨ ਦੇ ਕਾਰਨ ਜੋ ਕੁਝ ਵੇਖਦਾ ਸੁਣਦਾ ਤੇ ਅਨੁਭਵ ਕਰਦਾ ਹੈ, ਉਹ ਸਭ ਕੁਝ ਆਤਮਾ ਦਾ ਭੁਲਾਵਾ ਹੈ।

ਰਿਗ ਵੇਦ ਵਿਚ ਵੀ ਮਾਯਾ ਸ਼ਬਦ ਆਇਆ, ਪਰ ਇਸ ਨੂੰ ਦੇਵ, ਰਹੱਸਮਈ ਸ਼ਕਤੀ, ਜਾਦੂ ਭਰੇ ਮਕਰ ਫ਼ਰੇਬ, ਆਦਿ ਤੋਂ ਲਿਆ ਗਿਆ ਹੈ।

ਉਪਨਿਸ਼ਦ ਵਿਚ ਜਿਥੇ ਆਤਮਾ ਦੇ ਸਿਧਾਂਤ ਦਾ ਜ਼ਿਕਰ ਆਇਆ ਹੈ ਉਥੇ ਇਸ ਸ਼ਬਦ ਨੂੰ ਸਮਸ਼ਟੀ ਭੁਲਾਵੇ ਦੇ ਰੂਪ ਵਿਚ ਵਰਤਿਆ ਗਿਆ ਅਤੇ ਬ੍ਰਹਮ ਤੇ ਆਤਮਾ ਨੂੰ ਸੱਚ ਦਸ ਕੇ ਬਾਕੀ ਸਾਰੇ ਬ੍ਰਹਿਮੰਡ ਨੂੰ ਮਾਯਾ ਕਿਹਾ ਗਿਆ ਹੈ। ਸੋ ਜੋ ਆਤਮਾ ਜਾਂ ਬ੍ਰਹਮ ਨਹੀਂ ਉਹ ਸਭ ਮਾਯਾ ਹੈ।

ਵੇਦਾਂਤ ਦੀ ਇਕ ਪੁਰਾਣੀ ਤੇ ਪ੍ਰਸਿਧ ਰਚਨਾ 'ਕਾਰਿਕਾ' ਹੈ, ਜੋ ਗੌੜਪਾਦ ਨੇ 8ਵੀਂ ਸਦੀ ਈਸਵੀ ਵਿਚ ਰਚੀ, ਉਸ ਵਿਚ ਮਾਯਾ ਦੇ ਸਿਧਾਂਤ ਉਤੇ ਕਾਫ਼ੀ ਚਰਚਾ ਕੀਤੀ ਗਈ ਹੈ। ਸਭ ਸੰਸਾਰ ਮਿਥਿਆ ਹੈ, ਇਸ ਦੀ ਹੋਂਦ ਨਹੀਂ। ਇਹ ਸੰਸਾਰ ਇੰਜ ਹੀ ਹੈ ਜਿਵੇਂ ਸੁਪਨਾ। ਜਿਵੇਂ ਧੁੰਦਲੇ ਵਿਚ ਰੱਸੀ ਸੱਪ ਦਾ ਭੁਲੇਖਾ ਪਾਂਦੀ ਹੈ ਇਸੇ ਤਰ੍ਹਾਂ ਜੀਵ ਕਈ ਤਰ੍ਹਾਂ ਦੇ ਸੰਸਾਰਕ ਅਨੁਭਵਾਂ ਵਿਚ ਭੁਲੇਖੇ ਖਾ ਕੇ, ਉਸ ਨੂੰ ਅਸਲੀਅਤ ਮੰਨ ਬੈਠਦਾ ਹੈ, ਪਰ ਜਦੋਂ ਗਿਆਨ ਹੋ ਜਾਂਦਾ ਹੈ, ਫਿਰ ਭੁਲੇਖਾ ਨਹੀਂ ਰਹਿੰਦਾ।

ਸ਼ੰਕਰਾਚਾਰੀਆ ਨੇ ਇਸ ਸਿਧਾਂਤ ਨੂੰ ਇਕ ਪੂਰਨ ਰੂਪ ਦਿਤਾ। ਦਿਸਦਾ ਸੰਸਾਰ ਉਦੋਂ ਤਕ ਹੀ ਵਾਸਤਵ ਵਿਖਾਈ ਦੇਂਦਾ ਹੈ ਜਦੋਂ ਤਕ ਆਤਮਾ ਨੂੰ ਗਿਆਨ ਨਹੀਂ ਹੁੰਦਾ ਜਿਵੇਂ ਸੁਪਨਾ ਸੁਤਿਆਂ ਹੀ ਸੱਚਾ ਲਗਦਾ ਹੈ, ਜਦੋਂ ਮਨੁੱਖ ਅੱਖਾਂ ਖੋਲ੍ਹ ਦੇਂਦਾ ਹੈ ਤਾਂ ਫਿਰ ਸੁਪਨੇ ਦੀ ਭੁਲ ਦਾ ਗਿਆਨ ਹੋ ਜਾਂਦਾ ਹੈ। ਇਹ ਸਭ ਭੁਲਾਵੇ ਮਾਯਾ ਦੇ ਹੀ ਪਾਏ ਹੋਏ ਹਨ।

ਕਥਾ-ਸਰਿਤ-ਸਾਗਰ ਵਿਚ ਇਕ ਕਥਾ ਵਿਚ ਮਾਯਾ ਦਾ ਬੜਾ ਵਚਿਤਰ ਤੇ ਚਿੰਨ੍ਹਮਈ ਸਰੂਪ ਦਿਤਾ ਗਿਆ ਹੈ। ਵਿਮਲਾਬੁਧੀ ਜਦੋਂ ਸ਼ਹਿਜ਼ਾਦੇ ਤੋਂ ਸਰਾਪ ਕਾਰਨ ਵਿਛੜ ਜਾਂਦਾ ਹੈ ਤਾਂ ਉਹ ਜੰਗਲ ਵਿਚ ਭਟਕਦਾ ਫਿਰਦਾ ਹੈ। ਜਦੋਂ ਸ਼ਹਿਜ਼ਾਦਾ ਥੱਕ ਜਾਂਦਾ ਹੈ ਤਾਂ ਇਕ ਸਾਧੂ ਦੀ

ਜੋ ਮੱਖੀਆਂ ਨਾਲ ਭਰਿਆ ਪਿਆ ਹੈ। ਕੋਲ ਹੀ ਇ
ਤੇ ਇਕ ਖੋਤਾ ਖੜਾ ਹੈ, ਕੁਝ ਮੱਖੀਆਂ ਦਾਂਦ ਵਲ ਜ
ਹਨ, ਕੁਝ ਖੋਤੇ ਵਲ। ਕੁਝ ਉਸ ਦੁਧ ਦੀ ਝਗ ਪ
ਹਨ ਜੋ ਦਾਂਦ ਕਢਦਾ ਹੈ ਤੇ ਦੂਜਾ ਲਹੂ
ਪੀਂਦੀਆਂ ਹਨ ਜੋ ਖੋਤਾ ਕਢਦਾ ਹੈ ਤੇ ਉਸੇ
ਚਿੱਟਾ ਤੇ ਕਾਲਾ ਰੰਗ ਧਾਰਨ ਕਰਦੀਆਂ ਜਾਂਦੀਆਂ
ਫਿਰ ਉਹ ਸਭ ਬਬੀਹਿਆਂ ਦਾ ਰੂਪ ਧਾਰ ਲੈਂਦੀਆਂ
ਬਬੀਹੇ ਵੀ ਦੋ ਰੰਗਾਂ ਦੇ ਹਨ ਤੇ ਉਹ ਵੀ ਆਪ
ਨਾਲ ਦੋ ਵਖਰੇ ਰੰਗਾਂ ਦੇ ਜਾਲੇ ਤਣਦੇ ਹਨ। ਇਕ
ਜਾਲੇ ਬੜੇ ਮਿਠੇ ਤੇ ਰਸੀਲੇ ਫੁਲਾਂ ਉਤੇ ਪਸਾ
ਹਨ ਤੇ ਦੂਜੇ ਵਿਹੁਲੇ ਫੁਲਾਂ ਉਤੇ। ਤੇ ਉਹ ਬਬੀ
ਆਪੋ ਆਪਣੇ ਜਾਲਿਆਂ ਉਤੇ ਖ਼ੁਸ਼ ਹੁੰਦੇ ਹਨ ਕਿ
ਇਕ ਵਡਾ ਸਰਪ ਜੋ ਦੋਮੂੰਹਾ ਹੈ, ਇਕ ਮੂੰਹ ਕਾਲਾ
ਚਿੱਟਾ ਹੈ, ਡੰਗ ਮਾਰਦਾ ਹੈ। ਫਿਰ ਉਹ
ਵਖੋ ਵਖ ਕੁੰਭਾਂ ਵਿਚ ਉਨ੍ਹਾਂ ਨੂੰ ਪਾ ਦੇਂਦੀਆਂ ਹ
ਉਹ ਫਿਰ ਬਾਹਰ ਨਿਕਲ ਆਉਂਦੇ ਹਨ ਤੇ ਫਿਰ
ਪਹਿਲੇ ਵਾਲੇ ਜਾਲਿਆਂ ਵਿਚ ਰੁਝ ਜਾਂਦੇ ਹਨ, ਕਿ
ਵਿਹੁਲੇ ਫੁਲਾਂ ਦੇ ਜਾਲਿਆਂ ਉਤੇ ਬੈਠੇ ਸਨ ਉਹ
ਅਸਰ ਕਾਰਨ ਕੁਰਲਾਣ ਲਗਦੇ ਹਨ, ਅਤੇ ਇ
ਦੂਜੇ ਵੀ ਜੋ ਦੂਜਿਆਂ ਜਾਲਿਆਂ ਉਤੇ ਸਨ, ਚੀਕਣ
ਹਨ। ਪਰ ਇਹ ਸ਼ੋਰ ਇਕ ਰਹਿਮ ਦਿਲ ਸਾਧੂ ਜੋ
ਭਗਤੀ ਵਿਚ ਰੁਝਾ ਸੀ ਦੀ ਤਪਸਿਆ ਵਿਚ ਖਲਲ
ਹਨ। ਸਾਧੂ ਜਾਲਿਆਂ ਨੂੰ ਅੱਗ ਛੁਹਾਂਦਾ ਹੈ, ਤੇ ਕਿ
ਜਾਲੇ ਜਿਨ੍ਹਾਂ ਵਿਚ ਬਬੀਹੇ ਫਸੇ ਪਏ ਸਨ, ਸੜ ਜਾਂਦੇ
ਬਬੀਹੇ ਇਕ ਮੂੰਗੀਆ ਦੀ ਖੋਖਲੀ ਨਾਲੀ ਵਿਚੋਂ ਲੰ
ਇਸ ਦੀ ਚਮਕਦੀ ਰੋਸ਼ਨੀ ਵਿਚ, ਜੋ ਉਪਰ ਵਿ
ਰਹੀ ਹੈ ਅਲੋਪ ਹੋ ਜਾਂਦੇ ਹਨ। ਇਸੇ ਦੌਰਾਨ ਕਿ
ਤੀਵੀਂ ਆਪਣੇ ਚਰਖੇ, ਦਾਂਦ ਤੇ ਖੋਤੇ ਸਮੇਤ
ਹੋ ਜਾਂਦੀ ਹੈ।

ਇਸ ਦੀ ਵਿਆਖਿਆ ਲੇਖਕ ਨੇ ਇਉਂ ਕੀਤੀ
ਤੀਵੀਂ ਮਾਯਾ ਸੀ ਤੇ ਜੋ ਚਰਖਾ ਉਹ ਘੁਮਾ ਰਹੀ ਸ
ਮਾਤ ਲੋਕ ਦੀ ਹੋਂਦ ਦਰਸਾਂਦਾ ਹੈ ਤੇ ਉਸ ਉਪ
ਮੱਖੀਆਂ ਸੰਸਾਰ ਦੇ ਜੀਵ ਹਨ। ਦਾਂਦ ਤੇ ਖੋਤਾ
ਸਚਿਆਈ ਤੇ ਦਵੈਤ ਦੇ ਚਿੰਨ੍ਹ ਹਨ ਤੇ ਦੁਧ ਦੀ

ਫਲ ਖੁਸ਼ੀ ਤੇ ਪੀੜਾ ਦੇ ਚਿੰਨ੍ਹ ਹਨ । ਇਨ੍ਹਾਂ ਫਲਾਂ ਉਤੇ ਬੈਠਿਆਂ ਜੋ ਧੱਪ ਤੁਰਦਾ ਹੈ ਉਹ ਕਾਲ ਹੈ ਜਿਸ ਦੇ ਦੋ ਮੂੰਹ ਚਿੱਟੇ ਤੇ ਮੰਦੇ ਭਾਗਾਂ ਦੇ ਪ੍ਰਤੀਕ ਹਨ ।

ਫਿਰ ਉਹ ਤੀਵੀਂ, ਜੋ ਮਾਯਾ ਦਾ ਸਰੂਪ ਹੈ, ਉਨ੍ਹਾਂ ਨੂੰ ਘੜਿਆਂ ਵਿਚ ਪਾਂਦੀ ਜੋ ਕੁਖ ਦੇ ਪ੍ਰਤੀਕ ਹਨ ਤੇ ਉਹ ਫਿਰ ਕੁਖ ਵਿਚੋਂ ਜਨਮ ਧਾਰ ਕੇ ਆਪੋ ਆਪਣੇ ਕਰਮਾਂ ਅਨੁਸਾਰ ਰੂਪ ਧਾਰਦੇ ਤੇ ਉਹ ਜਾਲਿਆਂ ਵਿਚ ਫਸਦੇ ਹਨ । ਇਹ ਜਾਲ ਝੱਜਿਆਂ ਤੇ ਸੰਸਾਰਕ ਸੰਬੰਧਾਂ ਦੇ ਪ੍ਰਤੀਕ ਹਨ ਜਿਸ ਦਾ ਫਲ ਖੁਸ਼ੀ ਤੇ ਪੀੜਾ ਵਿਚ ਨਿਕਲਦਾ ਹੈ । ਫਿਰ ਕਾਲ ਛਬੇਹੇ ਆਪਣੇ ਜਾਲਿਆਂ ਵਿਚ ਫਸ ਜਾਂਦੇ ਹਨ । ਵਿਹੁਲੇ ਚੌਲ ਜੋ ਪੀੜ ਦੇ ਪ੍ਰਤੀਕ ਹਨ ਤੇ ਉਹ ਦੁਖੀ ਹੋ ਕੇ ਪਰਮਾਤਮਾ ਅਗੇ ਮਦਦ ਲਈ ਬਿਨੈ ਕਰਦੇ ਹਨ । ਜਦੋਂ ਚਿੱਟੇ ਬਬੇਹੇ ਇਹ ਵੇਖਦੇ ਹਨ ਤੇ ਉਹ ਵੀ ਉਸ ਪ੍ਰਭੂ ਅਗੇ ਬਿਨੈ ਕਰਦੇ ਹਨ, ਤੇ ਫਿਰ ਉਹ ਸਾਧੂ ਜੋ ਆਪਣੇ ਵਿਸਮਾਦ ਵਿਚ ਜਾਗਦਾ ਹੈ ਤੇ ਗਿਆਨ ਦੀ ਅੱਗ ਨਾਲ ਸਭ ਜਾਲਿਆਂ ਨੂੰ ਸਾੜ ਕੇ ਸੁਆਹ ਕਰ ਦੇਂਦਾ ਹੈ । ਮੂੰਗੇ ਦੀ ਚਮਕਦੀ ਰੋਸ਼ਨੀ ਨਾਲ ਸੂਰਜ ਲੋਕ ਵਿਚ ਜਾਂਦਾ ਰਾਹ ਹੈ ਜਿਥੇ ਉਹ ਰੋਸ਼ਨੀ ਵਿਚ ਪਹੁੰਚ ਕੇ ਸਭ ਤੋਂ ਉਚੇ ਮੰਡਲਾਂ ਵਿਚ ਬਿਰਾਜਦੇ ਹਨ ਤੇ ਫਿਰ ਮਾਯਾ ਆਪਣੇ ਚਰਖੇ ਜਾਲ ਨੂੰ ਸਮੇਟ ਕੇ ਅਲੋਪ ਹੋ ਜਾਂਦੀ ਹੈ ।

ਇਹ ਸਾਰਾ ਸਰੂਪ ਮਾਯਾ ਜਾਲ ਦਾ ਹੈ ।

(ਮ-166) **ਮਾਯਾ ਮੋਹ** :

ਵਿਸ਼ਨੂੰ ਪੁਰਾਣ ਅਨੁਸਾਰ ਵਿਸ਼ਨੂੰ ਦੇ ਸਰੀਰ ਤੋਂ ਪੈਦਾ ਹੋਇਆ ਇਕ ਦੇਵਤਾ । ਜਦੋਂ ਦੈਂਤ ਯੱਗ, ਹਵਨ ਤੇ ਕੁਝ ਹੋਰ ਕਰਮ-ਕਾਂਡਾਂ ਦੁਆਰਾ ਦੇਵਤਿਆਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੋ ਗਏ ਤਾਂ ਦੇਵਤੇ ਵਿਸ਼ਨੂੰ ਕੋਲ ਰਖਿਆ ਲਈ ਗਏ, ਵਿਸ਼ਨੂੰ ਨੇ ਆਪਣੇ ਸਰੀਰ ਤੋਂ ਮਾਯਾ ਮੋਹ ਪੈਦਾ ਕੀਤਾ, ਜਿਸ ਨੇ ਦੈਂਤਾਂ ਨੂੰ ਯੱਗ ਕਰਨ ਤੋਂ ਵਰਜਿਆ ਅਤੇ ਉਨ੍ਹਾਂ ਨੂੰ ਅਮਨ ਤੇ ਸ਼ਾਂਤੀ ਨਾਲ ਰਹਿਣ ਲਈ ਪਰੇਰਿਆ ।

(ਮ-167) **ਮਾਯਾਵਤੀ** :

ਸੰਬਰ ਦੈਂਤ ਦੀ ਦਾਸੀ । ਸੰਬਰ ਨੇ ਕ੍ਰਿਸ਼ਨ ਦੇ ਪੁਤਰ ਪ੍ਰਦੁਮਨ ਨੂੰ ਚੁਰਾ ਕੇ ਸਮੁੰਦਰ ਵਿਚ ਸੁਟ ਦਿਤਾ, ਜਿਥੇ ਉਹ ਨੂੰ ਇਕ ਮੱਛੀ ਨਿਗਲ ਗਈ । ...

ਤਾਂ ਮਾਯਾਵਤੀ ਅਤੇ ਪ੍ਰਦੁਮਨ ਆਪਸ ਵਿ
ਲਗੇ । ਮਾਯਾਵਤੀ ਨੇ ਪ੍ਰਦੁਮਨ ਨੂੰ ਸਾਰੀ
ਜਾਣੂ ਕਰਵਾ ਦਿਤਾ । ਪ੍ਰਦੁਮਨ ਸੰਬਰ ਨੂੰ
ਮਾਯਾਵਤੀ ਨਾਲ ਆਪਣੇ ਪਿਤਾ ਕ੍ਰਿਸ਼ਨ ਕੋਲ
ਜਿਥੇ ਦੋਹਾਂ ਦਾ ਵਿਆਹ ਕਰ ਦਿਤਾ ਗਿ
ਪਿਆਰ ਦੇ ਦੇਵਤੇ ਕਾਮ ਦਾ ਅਤੇ ਮਾਯਾ
ਅਵਤਾਰ ਮੰਨੀ ਜਾਂਦੀ ਹੈ ।

(ਮ-168) **ਮਾਰ ਅਬਕ** :

ਪੰਜਾਬ ਵਿਚ ਪ੍ਰਚਲਤ ਇਕ ਅਨੋਖੀ
ਸਰਪਧਾਰਾ ਨਾਲ ਸਬੰਧਤ ਹੈ । ਇਸ
ਰੋਗੀ ਦਾ ਦਿਲ ਚਾਹੁੰਦਾ ਹੈ ਕਿ ਕੋਈ ਸੱਪ
ਡਸੇ, ਤੇ ਜਦੋਂ ਤਕ ਸੱਪ ਡੰਗਦਾ ਨਹੀਂ ਉ
ਮਾਨਸਿਕ ਤੇ ਸਰੀਰਕ ਤੌਰ ਤੇ ਤਸੱਲੀ
ਅਜਿਹੇ ਰੋਗੀਆਂ ਨੂੰ ਸੱਪ ਅਵੱਸ਼ ਆ ਕੇ ਕ
ਸੱਪ ਦੇ ਡੰਗਣ ਦਾ ਵੇਲਾ ਹੁੰਦਾ ਹੈ ਤਾਂ ਡਾ
ਵਿਚ ਹੀ ਹੋਣ ਸੱਪ ਆ ਕੇ ਡੰਗ ਜਾਂਦਾ ਹੈ ।

ਡਾ: ਹੋਨਿਗਬਰਗਰ, ਜੋ ਮਹਾਰਾਜਾ ਰ
ਦਰਬਾਰੀ ਡਾਕਟਰ ਸੀ, ਨੇ ਆਪਣੀ ਇਕ
ਇਸ ਰੋਗ ਦੀਆਂ ਕੁਝ ਮਿਸਾਲਾਂ ਦਿਤੀਆ
ਲਿਖਦਾ ਹੈ ਕਿ ਇਹ ਰੋਗ ਬਹੁਤਾ ਪੰਜਾਬ
ਵਿਚ ਆਇਆ ਹੈ, ਖ਼ਾਸ ਤੌਰ ਤੇ ਸਿੰਧ
ਦਰਿਆ ਦੇ ਵਿਚਕਾਰਲੇ ਖੇਤਰ ਵਿਚ ।
60 ਸਾਲਾ ਰੋਗੀ ਦਾ ਜ਼ਿਕਰ ਕੀਤਾ ਹੈ, ਜਿਸ
ਇਸ ਗੱਲ ਦੀ ਤੜਕਣਾ ਹੁੰਦੀ ਕਿ ਉਸ
ਡੰਗੇ । ਜਦੋਂ ਸੱਪ ਉਸ ਦੇ ਨੇੜੇ ਆਉਂਦਾ
ਡੱਸਣ ਦੇਂਦਾ । ਪਹਿਲਾਂ ਸਾਲ ਵਿਚ ਇ
ਹੁੰਦੀ ਤੇ ਉਸ ਨੂੰ ਇਕੋ ਵਾਰ ਸੱਪ ਕਟ
ਦੋ ਵਾਰ ਤੇ ਅਖ਼ੀਰ ਵਧਦੇ ਵਧਦੇ ਹਰ ਮਹੀ
ਲੱਗੀ ਤੇ ਹਰ ਮਹੀਨੇ ਹੀ ਕੋਈ ਸੱਪ ਆ
ਜਾਂਦਾ, ਸੱਪ ਉਸ ਨੂੰ ਡੰਗਣ ਲਈ ਪਾਣੀ ਵਿ
ਪਿੱਛਾ ਕਰਦਾ । ਡਾ: ਹੋਨਿੰਗਬਰਗਰ ਦਸਦਾ
ਵਿਚ ਅਜਿਹੇ ਬੰਦੇ, ਉਸ ਨੇ ਦਰਜਨ ਦੇ ਲਗ

ਇਸ ਰੋਗ ਦੀਆਂ ਨਿਸ਼ਾਨੀਆਂ ਇਹ ਹ

ਪ੍ਰਤੀਤ ਕਰਦੇ ।

ਜੋਨ ਕੇਂਪਬਲ ਓਮਾਨ ਨੇ ਵੀ ਆਪਣੀ ਪੁਸਤਕ ਵਿਚ ਅਜਿਹੇ ਰੋਗੀਆਂ ਦੀਆਂ ਕੁਝ ਉਦਾਹਰਣਾਂ ਦਿਤੀਆਂ ਹਨ ।

ਇਸ ਰੋਗ ਤੋਂ ਬਚਣ ਲਈ ਲੋਕ ਗੰਢ-ਤਵੀਤ ਵਰਤਦੇ ਜਾਂ ਝਾੜਾ ਕਰਵਾਉਂਦੇ ਹਨ । ਕਈ ਪਹਾੜੀ ਬਕਰੇ 'ਮਾਰਖੋਰ' ਦੀ ਚਮੜੀ ਦਾ ਇਕ ਟੁਕੜਾ ਉਸ ਥਾਂ ਬੰਨ੍ਹ ਦੇਂਦੇ ਹਨ, ਜਿਥੇ ਸੱਪ ਡਸਦਾ ਹੈ। ਇਸ ਬਕਰੇ ਦੀ ਚਮੜੀ ਦੀ ਬਦਬੋ ਦੇ ਨੇੜੇ ਕੋਈ ਸੱਪ ਨਹੀਂ ਠਹਿਰਦਾ ।

ਇਹ ਰੋਗ ਇਕ ਰਹੱਸ ਬਣਿਆ ਹੋਇਆ ਹੈ । ਲੋਕਾਂ ਦਾ ਵਿਚਾਰ ਹੈ ਕਿ ਰੋਗੀ ਨੂੰ ਪਹਿਲਾ ਸੱਪ ਜੋ ਕਟਦਾ ਹੈ ਉਹ ਮਾਦਾ ਹੁੰਦੀ ਹੈ । ਜਿਹੜਾ ਜ਼ਹਿਰ ਸੱਪਣੀ ਰੋਗੀ ਦੇ ਲਹੂ ਵਿਚ ਛੱਡ ਜਾਂਦੀ ਹੈ, ਉਹ ਸਮੇਂ ਸਮੇਂ ਰੋਗੀ ਦੇ ਸਰੀਰ ਵਿਚ ਸੱਪਣੀ ਦੀ ਬੂ ਉਤਪੰਨ ਕਰਦਾ ਹੈ, ਜਿਸ ਕਰ ਕੇ ਉਸ ਜਾਤੀ ਦਾ ਨਰ ਸੱਪ ਬੂ ਤੋਂ ਖਿਚਿਆ ਆਉਂਦਾ ਹੈ ਤੇ ਰੋਗੀ ਨੂੰ ਕਟ ਜਾਂਦਾ ਹੈ ।

(ਮ-169) **ਮਾਰਕੰਡਾ** :

ਇਕ ਰਿਸ਼ੀ ਜੋ ਮਾਰਕੰਡੇਯ ਪੁਰਾਣ ਦਾ ਲੇਖਕ ਸੀ । ਇਸ ਦੇ ਕਰਮਾਂ ਵਿਚ ਥੋੜੀ ਅਲਪ ਆਯੂ ਲਿਖੀ ਹੋਈ ਸੀ, ਪਰ ਇਸ ਨੇ ਘੋਰ ਤੱਪ ਕਰ ਕੇ ਵਿਸ਼ਨੂੰ ਤੋਂ ਦੀਰਘ ਆਯੂ ਦਾ ਵਰ ਪ੍ਰਾਪਤ ਕੀਤਾ । ਨਰਸਿੰਘ ਪਰਾਣ ਅਨੁਸਾਰ ਮਾਰਕੰਡੇ ਦੇ ਜਨਮ ਸਮੇਂ ਮ੍ਰਿਕੰਡ ਦੈਵੀ ਸ਼ਕਤੀ ਦੁਆਰਾ ਜਾਣ ਗਿਆ ਸੀ ਕਿ ਇਹ ਬਾਲ ਬਾਰਾਂ ਵਰ੍ਹਿਆਂ ਦਾ ਹੋ ਕੇ ਮਰ ਜਾਵੇਗਾ । ਮ੍ਰਿਕੰਡ ਤੇ ਉਸ ਦੀ ਪਤਨੀ ਦੋਵੇਂ ਦੁਖੀ ਤੇ ਉਦਾਸ ਰਹਿਣ ਲਗੇ, ਮਾਰਕੰਡੇ ਨੇ ਉਨ੍ਹਾਂ ਦੀ ਉਦਾਸੀ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਦਸ ਦਿਤਾ ਕਿ ਮਾਰਕੰਡੇ ਬਹੁਤ ਥੋੜੀ ਉਮਰ ਲੈ ਕੇ ਆਇਆ ਹੈ । ਇਹ ਸੁਣ ਕੇ ਮਾਰਕੰਡੇ ਨੇ ਘੋਰ ਤਪ ਕਰ ਕੇ ਵਿਸ਼ਨੂੰ ਤੋਂ ਇਤਨੀ ਲੰਮੀ ਆਯੂ ਪ੍ਰਾਪਤ ਕਰ ਲਈ ਕਿ ਇਸ ਨੂੰ 'ਦੀਰਘਾਯੁਸ' ਲੰਮੀ ਉਮਰ ਵਾਲਾ ਕਿਹਾ ਜਾਣ ਲਗਾ ।

ਪਦਮ ਪੁਰਾਣ ਅਨੁਸਾਰ ਮਾਰਕੰਡੇ ਦੀ ਰਿਸ਼ੀਆਂ ਦੇ ਅਸ਼ੀਰਵਾਦ ਕਰ ਕੇ ਲੰਮੀ ਉਮਰ ਹੋ ਗਈ । ਇਕ ਵਾਰ ਮ੍ਰਿਕੰਡ ਰਿਸ਼ੀ ਦੇ ਘਰ ਸੱਤ ਰਿਸ਼ੀ ਆਏ ਤੇ ਬਾਲਕ ਮਾਰਕੰਡੇ ਦੀ ਸੇਵਾ ਤੇ ਪ੍ਰਸੰਨ ਹੋ ਕੇ ਉਸ ਨੂੰ ਲੰਮੀ ਉਮਰ

(ਮ-170) **ਮਾਰਕੰਡੇ ਪੁਰਾਣ** :

ਰਿਸ਼ੀ ਮਾਰਕੰਡੇ ਦਾ ਰਚਿਆ ਨੌਂ ਹਜ਼ਾਰ ਸ਼ਲੋ ਇਕ ਪੁਰਾਣ । ਇਹ ਪ੍ਰਾਚੀਨ ਤੇ ਮਹੱਤਵਪੂਰਣ ਪ੍ਰ ਵਿਚੋਂ ਇਕ ਹੈ । ਇਸ ਪੁਰਾਣ ਦੇ ਆਰੰਭ ਵਿਚ ਲਿ ਹੈ ਕਿ ਵਿਆਸ ਰਿਸ਼ੀ ਦੇ ਇਕ ਚੇਲੇ ਜੈਮਿਨੀ ਰਿ ਮਨ ਵਿਚ ਮਹਾਂਭਾਰਤ ਦੇ ਅਧਿਐਨ ਮਗਰੋਂ ਕੁਝ ਉਠੇ ਜਿਨ੍ਹਾਂ ਦੀ ਨਵਿਰਤੀ ਲਈ ਉਹ ਮਾਰਕੰਡੇ ਰਿਸ਼ ਗਿਆ । ਮਾਰਕੰਡੇ ਨੇ ਸ਼ੰਕਿਆਂ ਤੇ ਸਵਾਲਾਂ ਦਾ ਖ਼ਦ ਦੇਣ ਦੀ ਥਾਂ ਵਿੰਦਿਆ ਵਿਚ ਰਹਿੰਦੇ ਚਾਰ ਬੁ ਪੰਛੀਆਂ ਕੋਲੋਂ ਦਿਵਾਇਆ ।

ਇਸ ਪੁਰਾਣ ਵਿਚ ਹੋਰ ਪੁਰਾਣਾਂ ਵਾਂਗ ਪੰਜ ਵਿਸ਼ੇ ਜਿਹਾ ਕਿ ਸ੍ਰਿਸ਼ਟੀ ਦੀ ਉਤਪਤੀ, ਜੀਵ ਸਿਰਜਨਾ, ਦੇਵਤਿਆਂ ਤੇ ਕੁਲਾਂ ਦੀ ਬੰਸਾਵਲੀ, ਮਨੂ ਰਾਜ ਦੇ ਇਤਿਹਾਸ ਆਦਿ ਦਾ ਵਰਣਨ ਹੈ । ਇਸ ਵਿਚ ਕੁਝ ਕਾਂਡ ਦੂਜੇ ਵਿਸ਼ਿਆਂ ਨਾਲ ਵੀ ਸਬੰਧਿਤ ਹ ਧਰਮ ਦੇ ਅੰਤਰਗਤ ਆਉਂਦੇ ਹਨ । ਕਾਂਡ 12 ਤੋ ਵਿਚ ਨਰਕਾਂ ਦਾ ਉਲੇਖ ਹੈ, 28-29 ਕਾਂਡ ਵਿਚ ਭਿੰਨ ਵਰਣਾਂ ਤੇ ਆਸ਼ਰਮਾਂ ਦੇ ਕਰਤਵਾਂ ਦਾ, 30-33 ਕਾਂਡ ਕਿਰਿਆ ਸੰਸਕਾਰਾਂ ਦਾ, 34 ਕਾਂਡ ਵਿਚ ਆਚਾਰ ਵਿ ਦਾ ਤੇ 35ਵੇਂ ਕਾਂਡ ਵਿਚ ਭੱਖ ਅਭੱਖ ਪਦਾਰਥਾਂ ਦਾ ਉ ਹੈ । ਇਸੇ ਪੁਰਾਣ ਵਿਚ ਪ੍ਰਵਿਰਤੀ ਤੇ ਨਵਿਰਤੀ ਧਰ ਵਰਣਨ ਵੀ ਮਿਲਦਾ ਹੈ । ਕਾਂਡ 27-35 ਤਕ ਪ੍ਰਵਿ ਧਰਮ ਨਾਲ ਸਬੰਧਤ ਹਨ ਤੇ ਕਾਂਡ 39-43 ਨਵਿਰਤੀ ਜਾਂ ਯੋਗ ਨਾਲ ।

"ਇਹ ਪੁਰਾਣ ਬਾਕੀ ਸਭ ਪੁਰਾਣਾਂ ਨਾਲੋਂ ਭਿੰਨ ਇਸ ਵਿਚ ਸੰਪਰਦਾਈ ਭਾਵਨਾ ਤੇ ਧਰਮ ਸਬੰਧੀ ਭ ਬਹੁਤ ਘਟ ਮਿਲਦੀ ਹੈ । ਪ੍ਰਾਰਥਨਾਵਾਂ ਅਤੇ ਦੇਵ ਦੀਆਂ ਉਸਤਤੀਆਂ ਕਿਧਰੇ ਕਿਧਰੇ ਹੀ ਮਿਲਦੀਆਂ ਅਤੇ ਜਿਹੜੀਆਂ ਹਨ ਉਹ ਸੰਖੇਪ ਅਤੇ ਸਹਿਣਯੋਗ ਰਸਮੀ ਜਾਂ ਸਦਾਚਾਰਕ ਸਿਧਾਂਤਾਂ ਨੂੰ ਇਸ ਵਿਚ ਬਹੁਤ ਨਹੀਂ ਦਿਤੀ ਗਈ । ਇਸ ਦਾ ਖ਼ਾਸ ਪੱਖ ਇਸ ਵਰਣਨੀ ਗੁਣ ਹੈ ਅਤੇ ਇਸ ਵਿਚ ਲੋਕ ਗਾ ਦੀ ਇਕ ਅਰੁਕ ਲੜੀ ਚਲਦੀ ਹੈ, ਜਿਨ੍ਹਾਂ ਵਿ ਜੋ ਬਹੁਤੀਆਂ ਪ੍ਰਾਚੀਨ ਹਨ, ਤਾਂ ਉਹ ਨ

ਲਈ ਹੀ ਲਿਖੀਆ ਗਈਆਂ ਹਨ। ਇਹ ਨਿਸਚਤ ਕਰਨਾ ਅਸੰਭਵ ਹੀ ਹੈ ਕਿ ਉਹ ਕਿਸੇ ਹੋਰ ਸੋਮੇ ਤੋਂ ਲਈਆਂ ਗਈਆਂ ਹਨ ਜਾਂ ਨਵੀਆਂ ਘਾੜਤਾਂ ਹਨ। ਉਨ੍ਹਾਂ ਦਾ ਬਹੁਤਾ ਭਾਗ ਮੌਲਿਕ ਜਾਪਦਾ ਹੈ'' (ਮਿਥਿਹਾਸ ਕੋਸ਼ 448)।

ਵਿਦਵਾਨਾਂ ਦਾ ਮਤ ਹੈ ਕਿ ਇਸ ਪੁਰਾਣ ਦੇ ਸਾਰੇ ਕਾਂਡ ਇਕੋ ਸਮੇਂ ਨਹੀਂ ਰਚੇ ਗਏ, ਸਗੋਂ ਵਖ ਵਖ ਕਾਲ ਵਿਚ ਇਸ ਪੁਰਾਣ ਵਿਚ ਦਰਜ ਕੀਤੇ ਗਏ। ਕੁਝ ਵਿਦਵਾਨਾਂ ਅਨੁਸਾਰ ਇਸ ਪੁਰਾਣ ਦਾ ਤੀਜਾ ਤੇ ਪੰਜਵਾਂ ਭਾਵ ਅਥਵਾ 45-81 ਕਾਂਡ ਅਤੇ 93-136 ਕਾਂਡ ਜੋ ਮੂਲ ਪੁਰਾਣ ਹਨ ਤੀਜੀ ਸਦੀ ਈਸਵੀ ਜਾਂ ਇਸ ਤੋਂ ਕੁਝ ਪਹਿਲਾਂ ਰਚਿਆ ਗਿਆ, ਪਰ ਪਹਿਲਾ ਭਾਗ (1-9 ਕਾਂਡ) ਅਤੇ ਦੂਜਾ ਭਾਗ (10-44 ਕਾਂਡ) ਬਾਅਦ ਦੀ ਰਚਨਾ ਹਨ। ਪ੍ਰੋ ਬੈਨਰਜੀ ਨੇ ਇਸ ਪੁਰਾਣ ਦਾ ਸਮਾਂ ਅਠਵੀਂ ਸ਼ਤਾਬਦੀ ਮਿਥਿਆ ਹੈ।

ਮਾਰਕੰਡੇ ਪੁਰਾਣ ਵਿਚ ਅਨੇਕਾਂ ਪ੍ਰਸੰਗ ਮਿਲਦੇ ਹਨ। ਜਿਨ੍ਹਾਂ ਵਿਚੋਂ ਸਭ ਤੋਂ ਪ੍ਰਸਿਧ ਦੁਰਗਾ ਦੀ ਕਥਾ ਹੈ, ਜਿਸ ਨੂੰ ਚੰਡੀ ਪਾਠ ਤੇ ਦੁਰਗਾ ਸਤਸ਼ਤੀ ਵੀ ਕਹਿੰਦੇ ਹਨ। 'ਦਸਮ ਗ੍ਰੰਥ' ਵਿਚ ਦਿਤੀ 'ਚੰਡੀ ਦੀ ਵਾਰ' ਇਸ ਪ੍ਰਸੰਗ ਉਤੇ ਆਧਾਰਤ ਹੈ। ਦਸਮ ਗ੍ਰੰਥ ਵਿਚ ਦੋ ਚੰਡੀ ਚਰਿਤ੍ਰ ਵੀ ਮਿਲਦੇ ਹਨ, ਜੋ ਮਾਰਕੰਡੇ ਪੁਰਾਣ ਦੀ ਕਥਾ ਦਾ ਹੀ ਸਵਤੰਤਰ ਅਨੁਵਾਦ ਹਨ।

(ਮ-171) **ਮਾਰਤੰਡ** :

ਵੇਦਾਂ ਵਿਚ ਸੂਰਜ ਦੇਵਤੇ ਲਈ ਵਰਤਿਆ ਨਾਂ; ਮਾਰਤੰਡ ਦਾ ਭਾਵ ਹੈ ਜੋ ਮੋਏ ਹੋਏ ਅੰਡੇ ਵਿਚੋਂ ਪੈਦਾ ਹੋਇਆ ਹੋਵੇ। ਮਾਰਕੰਡੇ ਪੁਰਾਣ ਅਨੁਸਾਰ ਬੁੱਧ ਦੇ ਸਰਾਪ ਨਾਲ, ਅਦਿਤੀ ਦੇ ਗਰਭ ਵਿਚ ਸੂਰਜ ਦਾ ਪਿੰਡ ਗਲ ਗਿਆ ਸੀ, ਕਸ਼ਯਪ ਨੇ ਆਪਣੀ ਸ਼ਕਤੀ ਨਾਲ ਇਸ ਗਲੇ ਹੋਏ ਅੰਡੇ ਨੂੰ ਜੀਵਨ ਦਾਨ ਦਿਤਾ। ਜਿਸ ਤੋਂ ਸੂਰਜ ਦਾ ਨਾਂ ਮਾਰਤੰਡ ਪਿਆ।

(ਮ-172) **ਮਾਰੀਚ** :

ਇਕ ਰਾਖਸ਼ ਜੋ ਤਾਰਕਾ ਦਾ ਪੁੱਤਰ ਸੀ ਅਤੇ ਜਿਸ ਦਾ ਬੱਧ ਰਾਮ ਹੱਥੋਂ ਹੋਇਆ। ਰਾਮਾਇਣ ਅਨੁਸਾਰ ਮਾਰੀਚ ਨੇ ਵਿਸ਼ਵਾਮਿਤ੍ਰ ਦੇ ਯੱਗ ਨੂੰ ਭੰਗ ਕਰਨਾ ਚਾਹਿਆ। ਪਰ

ਮਾਰੀਚ ਦਾ ਪਿੱਛਾ ਕਰ ਰਿਹਾ ਸੀ ਤਾਂ ਮ
ਸੀਤਾ ਨੂੰ ਚੁਰਾ ਕੇ ਲੈ ਗਿਆ। ਰਾਮ ਦੇ
ਮਰਣ ਤੋਂ ਪਹਿਲਾਂ, ਮਾਰੀਚ ਨੇ ਰਾਖਸ਼ ਦ
ਲਿਆ ਸੀ।

(ਮ-173) **ਮਾਰੂ, ਮਾਰਵਾਣੀ** :

ਮਾਰੂ ਢੋਲਾ (ਢੋਲ ਮਾਰਵਣ) ਦੇ ਕਿੱਸੇ ਦ
ਮਾਰਵਾਣੀ ਪਿੰਗਲ ਰਾਜ, ਜੋ ਬੀਕਾਨੇਰ ਤੋਂ
ਦੂਰ ਹੈ, ਦੇ ਰਾਜੇ ਪੂੰਗਲ ਦੀ ਲੜਕੀ ਸੀ
ਵਿਆਹ ਛੋਟੀ ਉਮਰ ਵਿਚ ਹੀ ਨਰਵਰ ਦੇ ਰਾ
'ਢੋਲ' ਨਾਲ ਹੋ ਗਿਆ ਸੀ।

ਡਾ: ਮੋਹਨ ਸਿੰਘ ਮਾਰਵਾਣੀ ਸ਼ਬਦ ਨੂੰ
ਜਾਂ ਮਾਰਵਾੜਨ ਦਾ ਵਿਗੜਿਆ ਰੂਪ ਮੰਨਦਾ ਹੈ
ਦੀ ਵਸਨੀਕ ਹੋਣ ਕਰ ਕੇ ਇਹ ਮਾਰਵਾਣੀ ਪ੍ਰ
ਵਾਰਸ ਸ਼ਾਹ ਨੇ ਆਪਣੇ ਕਿੱਸੇ ਵਿਚ ਢੋਲ ਦੀ
ਨਾਂ ਮਾਰਵਾੜ ਦਸਿਆ ਹੈ।

ਮਾਰਵਾਣੀ ਨੂੰ ਮਲਵਾਣੀ ਵੀ ਕਹਿੰਦੇ ਹ
ਮਲਵਾਣੀ)।

(ਮ-174) **ਮਾਲਦੇ** :

ਇਕ ਰਾਜਪੂਤ ਰਾਣਾ ਜਿਸ ਨੇ ਆਪਣੇ ਨਿ
ਕੈਲਾਸ ਦੇਵ ਨਾਲ ਯੁਧ ਕਰ ਕੇ ਉਸ ਤੇ
ਕੀਤੀ, ਢਾਡੀਆਂ ਨੇ ਇਸ ਦੀ ਕੀਰਤੀ ਵਿਚ
ਜੋ ਰਾਣਾ ਕੈਲਾਸ ਦੇਵ ਅਤੇ ਮਾਲਦੇਵ ਦੀ
ਨਾਲ ਪ੍ਰਸਿਧ ਹੋਈ।

(ਮ-175) **ਮਾਲਵਾ** :

ਸਤਲੁਜ ਦਰਿਆ ਦੇ ਦੱਖਣ ਵਲ ਦਾ ਇ
ਵਿਚ ਫ਼ਿਰੋਜ਼ਪੁਰ, ਲੁਧਿਆਣਾ, ਪਟਿਆਲਾ, ਬਠਿੰ
ਆਦਿ ਦੇ ਜ਼ਿਲੇ ਸ਼ਾਮਲ ਹਨ।

ਇਥੇ ਪ੍ਰਾਚੀਨ ਕਾਲ ਵਿਚ ਮਾਲਵ ਜਾਤੀ
ਜਿਸ ਤੋਂ ਖੇਤਰ ਦਾ ਨਾਂ ਮਾਲਵਾ ਪੈ ਗਿਆ।

'ਮਹਾਨ ਕੋਸ਼' ਅਨੁਸਾਰ ਪਹਿਲਾਂ ਇ
ਮਾਰੂਥਲ ਹੁੰਦਾ ਸੀ, ਗੁਰੂ ਗੋਬਿੰਦ ਸਿੰਘ ਜੀ ਦੇ
ਨਾਲ ਸਰਸਬਜ਼ ਕੀਤਾ ਅਤੇ ਜੰਗਲ ਤੋਂ ਮਾ

ਕਿ ਸ਼ਬਦ ਜਾਂ ਤੁਕ ਜਾਂ ਨਾਂ ਦਾ ਜਾਪ ਕਿਤਨੀ ਵਾਰ ਕੀਤਾ ਜਾ ਚੁਕਾ ਹੈ।

ਮਾਲਾ ਦਾ ਮੁੱਢ ਪ੍ਰਾਚੀਨ ਕਾਲ ਵਿਚ ਹੀ ਬਝਿਆ। ਆਰੀਆ ਜਾਤੀ ਦੇ ਲੋਕ ਜਦੋਂ ਪੰਜਾਬ ਦੇ ਮੈਦਾਨ ਵਿਚ ਵਸਦੇ ਸਨ ਤਾਂ ਉਨ੍ਹਾਂ ਵਿਚ ਦੇਵਤਿਆਂ ਦਾ ਨਾਂ ਸਿਮਰਨ ਲਗਿਆਂ ਮਾਲਾ ਫੇਰਨ ਦਾ ਰਵਾਜ ਸੀ। ਹਿੰਦੂਆਂ ਵਿਚੋਂ ਹੀ ਮਾਲਾ ਫੇਰਨ ਦੀ ਪ੍ਰਥਾ ਬੋਧੀਆਂ, ਜੈਨੀਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਪ੍ਰਚਲਤ ਹੋਈ, ਮੁਸਲਮਾਨਾਂ ਦੁਆਰਾ ਹੀ ਮਾਲਾ ਈਸਾਈ ਜਗਤ ਵਿਚ ਫੈਲੀ।

ਮਾਲਾ ਵਿਚ ਹਰ ਤਰ੍ਹਾਂ ਦੀ ਸਾਮਗਰੀ ਵਰਤੀ ਜਾਂਦੀ ਰਹੀ ਹੈ। ਘੋਘੇ, ਸੰਖ, ਕੱਚ, ਮਣਕੇ, ਤੁਲਸੀ, ਰੁਦ੍ਰਾਖ, ਕੌਡੇ, ਮਣੀ, ਹੱਡੀਆਂ, ਬੀਜ ਤੇ ਲਕੜੀ ਆਦਿ। ਘੋਘੇ ਕੌਡਾਂ ਸਮੁੰਦਰ ਵਿਚੋਂ ਨਿਕਲੇ ਹੋਣ ਕਰ ਕੇ ਵਿਸ਼ਾਲਤਾ ਦੇ ਬੋਧਕ ਰਹੇ ਹਨ ਮਣਕੇ ਉਜਲਤਾ ਦੇ, ਹੱਡੀਆਂ ਬਲੀ ਦੀਆਂ, ਬੀਜ ਸਿਰਜਨਾ ਦੇ ਤੇ ਲਕੜੀ ਸ਼ੁਧਤਾ ਤੇ ਤਿਆਗ ਦੀ। ਇਨ੍ਹਾਂ ਸਭ ਵਸਤੂਆਂ ਨਾਲ ਕਈ ਤਰ੍ਹਾਂ ਦੀਆਂ ਅਧਿਆਤਮਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਸ ਕਰ ਕੇ ਇਹ ਸਿਮਰਨ ਦੀ ਸਾਮਗਰੀ ਬਣੀਆਂ।

ਮਾਲਾ ਦੇ ਮਣਕੇ ਇਕੋ ਜਿਹੇ ਨਹੀਂ ਹੁੰਦੇ। ਵੱਖ ਵੱਖ ਧਰਮਾਂ ਵਿਚ ਵਖਰੀ ਗਿਣਤੀ ਪ੍ਰਚਲਤ ਹੈ। ਸ਼ਿਵ ਦੇ ਅਨੁਯਾਈਆਂ ਦੀ ਮਾਲਾ ਦੇ ਮਣਕੇ 32 ਜਾਂ 32 × 2 = 64 ਹੁੰਦੇ ਹਨ। ਵਿਸ਼ਨੂੰ ਭਗਤ 108 ਮਣਕਿਆਂ ਦੀ ਮਾਲਾ ਵਰਤਦੇ ਹਨ। 108 ਗਿਣਤੀ ਬੜੀ ਪਵਿਤ੍ਰ ਮੰਨੀ ਜਾਂਦੀ ਹੈ। ਇਹ ਸਾਰੇ ਬ੍ਰਹਿਮੰਡ ਦੀ ਬੋਧਿਕ ਹੈ। ਸੂਰਜ ਦੀਆਂ 12 ਰਾਸ਼ੀਆਂ ਹਨ ਅਤੇ ਹਰ ਰਾਸ਼ੀ ਦੇ ਨੌਂ ਅੱਖਰ ਮੰਨੇ ਜਾਂਦੇ ਹਨ, ਇਨ੍ਹਾਂ ਦੀ ਗੁਣਾ 108 ਬਣਦੀ ਹੈ। ਇਸੇ ਤਰ੍ਹਾਂ ਚੰਨ ਦੇ 27 ਨਛਤ੍ਰ ਹਨ ਅਤੇ ਹਰੇਕ ਨਛਤ੍ਰ ਦੇ ਚਾਰ ਚਾਰ ਘਰ ਅੱਖਰ ਮੰਨੇ ਜਾਂਦੇ ਹਨ, ਇਨ੍ਹਾਂ ਦੀ ਗੁਣਾ ਵੀ 108 ਬਣਦੀ ਹੈ। ਇਕ ਵਿਚਾਰ ਅਨੁਸਾਰ 108 ਦੀ ਮਾਲਾ ਦਾ ਭਾਵ ਹੈ 800 ਵਾਰ ਵਿਸ਼ਨੂੰ ਦਾ ਜਾਪ ਕਰਨਾ। ਇਕ ਸੌ ਮਣਕੇ ਜਾਪ ਲਈ ਹਨ ਤੇ ਅਠ ਵਾਧੂ ਮਣਕੇ, ਹਰ ਸੌ ਦੇ ਜਾਪ ਮਗਰੋਂ ਇਕ ਮਣਕੇ ਦਾ ਨਿਸ਼ਾਨ ਲਗਾਣ ਲਈ ਹਨ। ਤਿਬਤੀ ਬੋਧੀਆਂ ਦੀ ਮਾਲਾ ਦੇ ਮਣਕੇ 108 ਹੁੰਦੇ ਹਨ। ਉਨ੍ਹਾਂ ਅਨੁਸਾਰ ਇਹ ਮਾਲਾ ਸੌ ਵਾਰ ਨਾਮ ਸਿਮਰਨ ਲਈ ਹੈ ਤੇ ਉਪਰਲੇ ਅੱਠ ਮਣਕੇ ਜਾਪ ਵਿਚ ਹੋਈ ਅਣਗਹਿਲੀ

ਦੁਆਰਾ ਸੌ ਦੀ ਗਿਣਤੀ ਕੀਤੀ ਜਾਂਦੀ ਹੈ। ...
ਹੱਥ ਨਾਲ ਦਸ ਵਾਰ ਮੰਤ੍ਰ ਦਾ ਜਾਪ ਹੋ ...
ਖੱਬੇ ਹੱਥ ਦੇ ਪੋਟੇ ਨਾਲ ਇਕ ਜੋੜ ਅੰਕ ਮਿ...
ਜਾਂਦਾ ਹੈ, ਜਦੋਂ ਸੌ ਵਾਰ ਜਾਪ ਹੋ ਜਾਵੇ ...
ਜੌਂ ਦਾ ਦਾਣਾ ਰਖ ਦਿਤਾ ਜਾਂਦਾ ਹੈ।

ਪ੍ਰਭੂ ਦੇ ਨਾਮ ਸਿਮਰਨ ਲਗਿਆਂ ਮਾਲਾ ਫੇਰ...
ਮਹਤਵ ਸਮਝਿਆ ਜਾਂਦਾ ਹੈ। ਮਾਲਾ ਮੁਖ ...
ਤਰ੍ਹਾਂ ਦੀ ਹੁੰਦੀ ਹੈ। ਵੈਜਯੰਤੀ ਮਾਲਾ ਤੇ ਰੁਦ...
ਇਸ ਦੇ 108 ਦਾਣੇ ਮਹਾਪੁਰਖਾਂ ਦੇ ਪ੍ਰਤੀਕ ਹਨ, ...
ਹਿੰਦੂ ਧਾਰਨਾ ਅਨੁਸਾਰ ਸ੍ਰਿਸ਼ਟੀ ਦੇ ਮੁੱਢ ਤ...
ਕਲਯੁਗ ਤਕ 108 ਮਹਾਨ ਸਿੱਧ, ਜੋਗੀ ਰਿਸ਼ੀ ਤੇ ...
ਆਦਿ ਨੇ ਸੰਸਾਰ ਉਤੇ ਚਰਨ ਪਾਏ। ਉਨ੍ਹਾਂ ਨੇ ...
ਪੰਜ ਕੁਕਰਮਾਂ ਉਤੇ ਵਿਜੈ ਪ੍ਰਾਪਤ ਕੀਤੀ। ...
108 ਮਣਕਿਆਂ ਦੀ ਮਾਲਾ ਨੂੰ ਵੈਜਯਤੀ ਮਾ...
ਹਨ। ਮਾਲਾ ਦੇ ਹਰ ਦਾਣੇ ਨੂੰ ਮੇਰੂ ਕਹਿੰ...
ਇਸ ਦੇ ਦੋ ਮੁਖ ਹੁੰਦੇ ਹਨ। ਇਕ ਮੁਖ ...
ਪ੍ਰਤੀਕ ਹੈ ਦੂਜਾ ਸਰਸਵਤੀ ਦਾ। ਇਨ੍ਹਾਂ ...
ਫੇਰ ਕੇ ਜਾਪ ਕਰਨ ਨਾਲ ਮਾਨਸਿਕ ਮੰਦ-ਵਿ...
ਜਾਂਦੇ ਹਨ। ਇਸੇ ਲਈ ਇਸਨੂੰ ਰੁਦ੍ਰਮਾਲਾ ਵੀ ਕ...

ਜੈਨੀਆਂ ਦੀ ਮਾਲਾ 111 ਮਣਕਿਆਂ ਦੀ ਹੁੰ...

ਮੁਸਲਮਾਨ ਮਾਲਾ ਨੂੰ ਤੱਸਬੀਹ ਕਹਿੰ...
ਮੁਸਲਮਾਨਾਂ ਵਿਚ ਤਸਬੀ ਦਾ ਰਵਾਜ ਬੋਧੀ ...
ਵੇਖ ਕੇ, ਪ੍ਰਚਲਤ ਹੋਇਆ ਨਹੀਂ ਤਾਂ ਪ...
ਉਂਗਲੀਆਂ 'ਤੇ ਹੀ ਅਲ੍ਹਾ ਦਾ ਨਾਂ ਗਿਣ ਲਿਆ ...
ਮੁਸਲਮਾਨੀ ਮਾਲਾ ਇਕ ਸੌ ਇਕ ਮਣਕਿਆਂ ਦੀ ...
ਮੇਰੂ ਮਣਕੇ ਨੂੰ ਉਹ 'ਇਮਾਮ' ਕਹਿੰਦੇ ਹਨ, ...
ਫੇਰਨ ਵੇਲੇ ਅਲ੍ਹਾ ਦਾ ਨਾਂ ਲੈਂਦੇ ਹਨ ਤੇ ਬਾ...
ਫੇਰਨ ਲਗਿਆਂ ਅਲ੍ਹਾ ਦੇ ਇਕ ਸੌ ਗੁਣਵਾਚਕ ...
ਨਾਂ ਲਏ ਜਾਂਦੇ ਹਨ। ਮੁਸਲਮਾਨਾਂ ਦੀਆਂ ਕੁਝ ...
ਜੋ ਮਣਕਿਆਂ ਦੀਆਂ ਵੀ ਹੁੰਦੀਆਂ ਹਨ। ਇਸ...
99 ਸਿਫਾਤੀ ਅਤੇ ਇਕ ਖ਼ਾਸ ਨਾਉਂ ਅੱਲ੍ਹਾ ਦਾ ...
ਜਾਂਦਾ ਹੈ।

ਈਸਾਈਆਂ ਦੀ ਮਾਲਾ ਦੋ ਤਰ੍ਹਾਂ ਦੀ ਹੁੰ...
ਵਿਚ 150 ਮਣਕੇ ਹੁੰਦੇ ਹਨ ਤੇ ਦੂਜੀ ਵਿਚ ...
ਇਨ੍ਹਾਂ ਮਾਲਾਵਾਂ ਵਿਚ ਹਰ ਦਸ ਛੋਟੇ ਮਣਕ...

ਅੱਖ) ਦੀ ਮਾਲਾ ਵਰਤਦੇ ਹਨ। ਰੁਦ੍ਰਾਖ ਇਕ ਬ੍ਰਿਛ ਦਾ ਬੀਜ ਹੈ ਜਿਸ ਦੇ ਕਈ ਤਲ ਜਾਂ ਪਖ ਹੁੰਦੇ ਹਨ। ਬ੍ਰਹਮਚਾਰੀ ਜੋਗੀ ਉਸ ਬੀਜ ਦੀ ਮਾਲਾ ਵਰਤਦਾ ਹੈ, ਜਿਸ ਦੇ ਗਿਆਰਾਂ ਪੱਖ ਹੋਣ। ਗ੍ਰਿਹਸਤੀ ਦੋ ਪੱਖਾਂ ਵਾਲਾ ਰੁਦ੍ਰਾਖ ਵਰਤਦੇ ਹਨ। ਪੰਜ ਪੱਖਾਂ ਵਾਲਾ ਰੁਦ੍ਰਾਖ ਹਨੂਮਾਨ ਦੀ ਪੂਜਾ ਲਈ ਵਰਤਿਆ ਜਾਂਦਾ ਹੈ।

ਵਿਸ਼ਨੂੰ ਭਗਤਾਂ ਵਿਚ ਤੁਲਸੀ ਦੀ ਲਕੜੀ ਦੀ ਮਾਲਾ ਤੇ ਮਣਕੇ ਪਾਵਨ ਮੰਨੇ ਜਾਂਦੇ ਹਨ ਤੇ ਉਹ ਇਨ੍ਹਾਂ ਮਣਕਿਆਂ ਦੀ ਮਾਲਾ ਫੇਰਦੇ ਹਨ।

ਸਾਕਤ ਮਤ ਵਾਲੇ ਮ੍ਰਿਤਕ ਦੇ ਦੰਦਾਂ ਜਾਂ ਹੱਡੀਆਂ ਦੀ ਮਾਲਾ ਵਰਤਦੇ ਹਨ। ਕਈ ਫ਼ਕੀਰਾਂ ਕੋਲ ਸੱਪ ਦੀ ਮਣੀ ਦੀ ਮਾਲਾ ਵੀ ਵੇਖੀ ਗਈ ਹੈ।

ਮੁਸਲਮਾਨਾਂ ਵਿਚ ਕਈ ਤਰ੍ਹਾਂ ਦੇ ਮਣਕੇ ਪ੍ਰਚਲਤ ਹਨ। ਸ਼ੀਹਾ ਮਤ ਵਾਲੇ ਮਸ਼ਹਦ ਵਿਚ, ਕਰਬਲਾ ਦੇ ਮਿੱਟੀ ਦੇ ਮਣਕਿਆਂ ਦੀ ਮਾਲਾ ਵਰਤਦੇ ਹਨ। ਸੁੰਨੀ ਦਰਬ ਦੇ ਜੜ੍ਹ ਦੀ ਮਾਲਾ ਵਰਤਦੇ ਹਨ। ਮੁਸਲਮਾਨਾਂ ਵਿਚ ਲਕੜੀ ਦੀ ਮਾਲਾ ਦਾ ਆਮ ਰਵਾਜ ਹੈ ਪਰ ਫ਼ਕੀਰ ਲੋਕ ਜ਼ਿਆਦਾਤਰ ਕੱਚ ਦੇ ਮਣਕਿਆਂ ਦੀ ਮਾਲਾ ਵਰਤਦੇ ਹਨ।

ਮਾਲਾ ਦੇ ਮਣਕੇ ਦਾ ਗੁੰਮਣਾ ਅਸ਼ੁਭ ਹੁੰਦਾ ਹੈ, ਕਈ ਹਿੰਦੂ ਉਦੋਂ ਤਕ ਵਰਤ ਰਖਦੇ ਹਨ, ਜਦੋਂ ਤਕ ਗੁੰਮਿਆ ਮਣਕਾ ਲਭ ਨਾ ਪਏ।

ਕਈ ਹਿੰਦੂ ਗੁਪਤ ਢੰਗ ਨਾਲ ਮਾਲਾ ਫੇਰਦੇ ਹਨ। ਇਸ ਮੰਤਵ ਲਈ ਉਨ੍ਹਾਂ ਨੇ ਮਾਲਾ ਨੂੰ ਇਕ ਗੁਥੀ ਵਿਚ ਰਖਿਆ ਹੁੰਦਾ ਹੈ ਜਿਸ ਨੂੰ 'ਗਊਮੁਖੀ' ਕਹਿੰਦੇ ਹਨ। ਇਸ ਉਪਰ ਬੜੀ ਸੁੰਦਰ ਕਢਾਈ ਕੀਤੀ ਹੁੰਦੀ ਹੈ। ਇਸ ਗੁਥੀ ਦਾ ਨਾਂ ਗੰਗਾ ਦੇ ਦਹਾਨੇ ਤੋਂ ਪਿਆ ਜਿਸ ਨੂੰ 'ਗਊਮੁਖੀ' ਕਹਿੰਦੇ ਹਨ। ਪਹਿਲਾਂ ਇਹ ਮਣਕੇ ਰਿਸ਼ੀ ਮੁਨੀ ਗੰਗਾ-ਮੁਖੀ ਦੇ ਸਥਾਨ ਨੂੰ ਪਵਿਤਰ ਮੰਨ ਕੇ ਪੂਜਦੇ ਹਨ।

(ਮ-177) **ਮਾਲੀ** :

ਮਾਲੀ ਸ਼ਬਦ ਬਾਗ਼ਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਤੇ ਛੋਟੇ ਦਰਜੇ ਦੇ ਵਾਹਕਾਂ ਲਈ ਵਰਤਿਆ ਜਾਂਦਾ ਹੈ। ਪੁਰਾਣਾਂ ਵਿਚ ਇਹ ਸ਼ਬਦ ਮਾਲਾਕਾਰ ਦੇ ਰੂਪ ਵਿਚ ਮਿਲਦਾ ਹੈ ਜਿਸ ਦੇ ਅਰਥ ਹਨ 'ਫੁੱਲਾਂ ਦੀ ਮਾਲਾ ਬਨਾਉਣ ਵਾਲੇ'

ਧਨੀ-ਪੋਠੋਹਾਰ ਵਿਚ ਇਨ੍ਹਾਂ ਲਈ ਮਲਿਆਰ ਸ਼ਬਦ ਜਾਂਦਾ ਹੈ।

ਮਾਲੀਆਂ ਦੇ ਮੁੱਢ ਬਾਰੇ ਕਈ ਕਥਾਵਾਂ ਪ੍ਰਚਲ ਇਕ ਧਾਰਨਾ ਅਨੁਸਾਰ ਮਾਲੀ ਆਪਣਾ ਮੁੱਢ ਵਿ ਤੋਂ ਦਸਦੇ ਹਨ। ਉਨ੍ਹਾਂ ਅਨੁਸਾਰ ਬ੍ਰਹਮਾ ਦੇ ਵਿਸ਼ਵਕਰਮਾ ਨੇ ਪ੍ਰਭੂਤੀ ਨਾਲ ਵਿਆਹ ਕੀਤਾ ਜਿਸਦੇ ਬੱਚੇ ਪੈਦਾ ਹੋਏ, ਜਿਨ੍ਹਾਂ ਵਿਚੋਂ ਇਕ ਮਾਲਾਕਾਰ ਸੀ ਮਾਲਾਕਾਰ ਦੀ ਔਲਾਦ ਪਿਛੋਂ ਬਾਗ਼ਬਾਨੀ ਵਿਚ ਤੇ ਮਾਲੀ ਅਖਵਾਈ।

ਬ੍ਰਹਮਾ ਵੈਵਰਤ ਪੁਰਾਣ ਅਨੁਸਾਰ ਵਿਸ਼ਵਕਰਮ ਉਤੇ ਬ੍ਰਾਹਮਣ ਦੇ ਘਰ ਪੈਦਾ ਹੋਇਆ ਅਤੇ ਘਰਿਤਚੀ ਵਿਸ਼ਵਕਰਮਾ ਦੇ ਸਰਾਪ ਵਜੋਂ ਮਦਨ ਪ੍ਰਯਾਗ ਵਿਚ ਜੰਮੀ। ਘਰਿਤਚੀ ਗੰਗਾ ਨਦੀ ਤਪਸਿਆ ਕਰ ਰਹੀ ਸੀ ਕਿ ਵਿਸ਼ਵਕਰਮਾ ਉਸ ਨੂੰ ਦੇ ਰੂਪ ਵਿਚ ਮਿਲਿਆ। ਉਨ੍ਹਾਂ ਦਾ ਪ੍ਰੇਮ ਹੋ ਉਨ੍ਹਾਂ ਦੇ ਵਿਆਹ ਵਿਚੋਂ 9 ਲੜਕੇ ਪੈਦਾ ਹੋਏ ਮਾਲਾਕਾਰ ਸੀ, ਜਿਸ ਤੋਂ ਮਾਲੀ ਜਾਤੀ ਦਾ ਮੁੱਢ ਬ

ਹਿੰਦੂ ਮਾਲੀ ਅਗੋਂ ਕਈ ਜਾਤੀਆਂ ਵਿਚ ਹਨ, ਜਿਨ੍ਹਾਂ ਵਿਚ ਪ੍ਰਸਿਧ ਹਨ—ਸੈਨੀ, ਤੰਬੋਲੀ ਤੇ ਕੰ

ਸਭ ਮਾਲੀਆਂ ਦੇ ਧਾਰਮਿਕ ਵਿਸ਼ਵਾਸ ਇ ਨਹੀਂ। ਜੀਂਦ ਵਿਚ ਮਾਲੀ ਗੁੱਗੇ ਦੇ ਭਗਤ ਮਿ ਜੋ ਗੁੱਗੇ ਦੇ ਤਿਉਹਾਰ ਉਤੇ ਲੋਹੇ ਦੀ ਜੰਜੀਰ ਮੋਢੇ ਉਤੇ ਰਖਦੇ ਹਨ ਅਤੇ ਗੁੱਗੇ ਨੂੰ ਚਾੜ੍ਹੀਆਂ ਭੇ ਕਰਦੇ ਹਨ। ਕਈ ਮਾਲੀ, ਜਿਵੇਂ ਕਿ ਮਾਹਰ ਗੋ ਦੇਵੀ ਤੇ ਹਨੂਮਾਨ ਦੀ ਪੂਜਾ ਕਰਦੇ ਹਨ ਅਤੇ ਵਾਲੇ ਸ਼ਾਮ ਜੀ, ਜੋ ਕ੍ਰਿਸ਼ਨ ਦਾ ਹੀ ਇਕ ਨਾਂ ਹੈ।

ਗੁੜਗਾਉਂ ਦੇ ਮਾਲੀ ਭੈਰੋਂ ਦੀ ਪੂਜਾ ਕਰਦੇ ਕਈ ਮਾਲੀ ਹਰ ਮਹੀਨੇ ਦੀ 12 ਸੁਦੀ ਨੂੰ ਸ਼ਿਆ ਹਲਵਾ ਭੇਟ ਕਰਦੇ ਹਨ। ਹਿਸਾਰ ਵਿਚ ਹਨੂਮਾਨ ਦੁਹਾਂ ਦੀ ਪੂਜਾ ਕੀਤੀ ਜਾਂਦੀ ਹੈ। ਕਾਂਗੜਾ ਵਿ ਇਕ ਦੇਵੀ ਬਾਜੁਸਰੀ (ਬਾਜੇਸ਼ਵਰੀ) ਦੀ ਪੂਜਾ ਕ ਤੇ ਫੁੱਲਾਂ ਦੀਆਂ ਭੇਟਾਂ ਚਾੜ੍ਹਦੇ ਹਨ।

ਸੰਗਰੂਰ ਵਿਚ ਕੁਝ ਸਿੱਖ ਮਾਲੀ ਵੀ ਮਿਲਦੇ ਹ

ਮੁਸਲਮਾਨ ਮਾਲੀ, ਜੋ ਦੇਸ਼ ਦੀ ਵੰਡ ਪਿਛੋਂ ਪੰਜਾਬ ਵਿਚ ਨਹੀਂ ਰਹੇ, ਮਹਿਮੂਦ ਤੇ ਖ਼੍ਵਾਜਾ

ਬਿਸਮਿਲਾ ਇਰ ਰਹਿਮਾਨ-ਇਰ-ਰਹੀਮ
ਬਾਗ ਲਗਾਇਆ ਪੰਜ ਹਨ, ਮਾਲੀ ਭਏ ਰਸੂਲ
ਚਾਰੇ ਯਾਰ, ਚਾਰੇ ਚਮਨ,
ਹਜ਼ਰਤ ਇਮਾਮ ਹਸਨ ਵਾ ਹਸੈਨ ਦੇ ਫੂਲ
ਬਾ-ਹਕ-ਏਲਾ ਇਲਾ ਇਲ ਅਲਾਹ-ਉ-
ਮਹਿਮੂਦ-ਉਰ-ਰਸੂਲ-ਅਲਾਹ।

ਮਾਲੀ ਆਪਣੇ ਬਹੁਤੇ ਫ਼ੈਸਲੇ ਪੰਚਾਇਤਾਂ ਰਾਹੀਂ ਕਰਵਾਉਂਦੇ ਹਨ। ਪੰਚਾਂ ਨੂੰ ਚੋਧਰੀ ਕਿਹਾ ਜਾਂਦਾ ਹੈ।

ਪਹਿਲਾਂ ਮਾਲਣਾਂ ਨੱਕ ਵਿਚ ਨੱਥ ਪਹਿਨਦੀਆਂ ਸਨ, ਪਰ ਇਕ ਵਾਰ ਇਕ ਵਿਧਵਾ ਨੇ ਸਤੀ ਹੋਣ ਲਗਿਆਂ ਨੱਥ ਤੋਂ ਬਿਨਾਂ ਸਭ ਗਹਿਣੇ ਉਤਾਰ ਦਿਤੇ। ਕਿਉਂ ਜੋ ਉਹ ਆਪਣੇ ਨਾਲ, ਸੁਹਾਗ ਦੀ ਨਿਸ਼ਾਨੀ ਨੱਥ ਲੈ ਕੇ, ਸਤੀ ਹੋਈ ਸੀ ਉਦੋਂ ਤੋਂ ਮਾਲਣਾਂ ਨੱਥ ਨਹੀਂ ਪਹਿਨਦੀਆਂ।

ਵਿਆਹ ਦੇ ਸਮੇਂ ਮਾਲਣ ਫੁੱਲਾਂ ਦਾ ਸਿਹਰਾ ਗੁੰਦ ਕੇ ਲਾੜ੍ਹੇ ਨੂੰ ਭੇਟ ਕਰਦੀ ਹੈ ਤੇ ਭੇਟਾ ਲੈਂਦੀ ਹੈ।

(ਮ-178) **ਮਾੜੀ** :

(ੳ) ਗੁੱਗੇ ਦਾ ਅਸਥਾਨ, ਗੁੱਗੇ ਦੇ ਪੈਰੋਕਾਰ ਗੁੱਗੇ ਦੇ ਮੰਦਰ ਨੂੰ ਮਾੜੀ ਕਹਿੰਦੇ ਹਨ। ਗੁੱਗੇ ਦੀ ਕਬਰ ਬੀਕਾਨੇਰ ਦੇ ਤੌਹਰ ਨਗਰ ਵਿਚ ਹੈ, ਗੁੱਗੇ ਦੀ ਨਵੀਂ ਮਾੜੀ ਲਈ, ਪਹਿਲੀ ਇੱਟ ਗੁੱਗੇ ਦੀ ਕਿਸੇ ਪੁਰਾਣੀ ਮਾੜੀ ਤੋਂ ਲਿਆਂਦੀ ਜਾਂਦੀ ਹੈ। ਗੁੱਗੇ ਦੇ ਅਨੁਯਾਈ ਮਾੜੀ ਨੂੰ ਪੂਜਦੇ ਤੇ ਭੇਟਾ ਚਾੜ੍ਹਦੇ ਹਨ. ਗੁੱਗੇ ਦੀ ਮਾੜੀ ਉਤੇ ਭਾਦਰੋਂ ਵਦੀ 9 ਨੂੰ, ਜੋ ਗੁੱਗੇ ਦਾ ਜਨਮ ਦਿਨ ਹੈ, ਭਾਰੀ ਮੇਲਾ ਲਗਦਾ ਹੈ (ਵੇਖੋ : ਗੁੱਗਾ)।

(ਅ) ਕਿਸੇ ਪੀਰ ਫ਼ਕੀਰ ਦਾ ਮੱਠ ਜਾਂ ਕਿਸੇ ਕਬੀਲੇ ਦੇ ਵਡਿਕੇ ਦਾ ਸਥਾਨ।

(ਮ-179) **ਮਾੜੀ ਪਥੀਆਂ** :

ਪਥੀਆਂ (ਤਹਿਸੀਲ ਜਗਰਾਉਂ) ਵਿਚ, ਇਕ ਜੱਟ ਕਬੀਲੇ ਮਾਲੀ ਦੇ ਵਡਿਕੇ ਤਿਲਕ ਰਾਏ ਦੀ ਮਾੜੀ, ਜਿਥੇ ਹਰ ਸਾਲ ਚੇਤਰ ਦੀ ਅਮਾਵਸ ਨੂੰ ਮੇਲਾ ਲਗਦਾ ਹੈ ਅਤੇ ਮਲ੍ਹੀ ਕਬੀਲੇ ਦੇ ਲੋਕ ਇਥੇ ਇਕੱਠੇ ਹੋ ਕੇ ਮਾੜੀ ਨੂੰ ਪੂਜਦੇ ਤੇ ਭੇਟਾ ਚਾੜ੍ਹਦੇ ਹਨ। ਮਲ੍ਹੀ ਜੱਟਾਂ ਵਿਚ ਗੋਤ ਹੈ ਕਿ

ਅਪਸ਼ਗਨ ਗਿਣਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨ
ਤਲਵਾਰ ਦੇ ਮਾਲਕ ਦੀ ਸ਼ਕਤੀ ਘਟਦੀ ਅਥਵਾ ਖ
ਹੁੰਦੀ ਹੈ।

(ਮ-181) **ਮਿਆਨ ਭਾਈ** :

ਦੋ ਮਰਦ ਜੋ ਇਕੋ ਤੀਵੀਂ ਨਾਲ ਵਸ ਰਹੇ ਹੋ
ਮੁਸਲਮਾਨ ਉਨ੍ਹਾਂ ਨੂੰ ਮਿਆਨ ਭਾਈ ਕਹਿੰਦੇ ਹਨ। ਇ
ਅਜਬ ਸ਼ਬਦ ਦਾ ਮੁਢ ਇਕ ਮਿਆਨ ਤੇ ਦੋ ਤਲਵਾਰਾਂ
ਅਖਾਣ ਤੋਂ ਹੋਇਆ।

(ਮ-182) **ਮਿਸ਼ਕਾਤ** :

ਮੁਸਲਮਾਨਾਂ ਦਾ ਇਕ ਪ੍ਰਮਾਣਿਕ ਗ੍ਰੰਥ ਜਿਸ ਦਾ ਪ
ਨਾਂ 'ਮਿਸ਼ਕਾਤੁਲ ਮਧਾਬੀਹ' ਹੈ। ਇਹ ਸ਼ਬਦ ਅ
ਭਾਸ਼ਾ ਦਾ ਹੈ ਅਤੇ ਸੁੰਨੀ ਇਸ ਗ੍ਰੰਥ ਨੂੰ ਬੜਾ ਪਾਵਨ ਮੰ
ਹਨ, ਇਹ ਗ੍ਰੰਥ ਸ਼ੇਖ ਹੁਸੈਨ ਅਲੀ ਬਗਵੀ ਨੇ ਰਚਿ
ਜੋ ਪੰਜਵੀਂ ਸਦੀ ਹਿਜਰੀ ਦੇ ਅੰਤ ਵਿਚ ਹੋਇਆ। ਇਸ
ਅਨੁਵਾਦ ਫ਼ਾਰਸੀ ਤੇ ਉਰਦੂ ਵਿਚ ਮਿਲਦਾ ਹੈ।
ਪੁਸਤਕ ਵਿਚ, ਮੁਸਲਮਾਨਾਂ ਦੀਆਂ ਪ੍ਰਚਲਤ ਰਵਾਇਤਾਂ
ਵਰਣਨ ਹੈ। ਮੁਸਲਮਾਨਾਂ ਵਿਚ ਇਸ ਪੁਸਤਕ ਦਾ
ਹੀ ਦਰਜਾ ਹੈ, ਜੋ ਹਿੰਦੂਆਂ ਵਿਚ ਮਨੋ-ਸਮਿਰਤੀ
ਹੈ।

(ਮ-183) **ਮਿਸ਼ਰ** :

ਬ੍ਰਾਹਮਣਾਂ ਦੀ ਇਕ ਆਦਰਵਾਚਕ ਉਪਾਧੀ।

(ਮ-184) **ਮਿਸ਼ਰਾਣੀ** :

ਬ੍ਰਾਹਮਣੀ, ਕੁਲ ਪ੍ਰੋਹਿਤ ਦੀ ਪਤਨੀ ਨੂੰ ਧਨੀ ਪੋਠੋਹ
ਵਿਚ ਆਦਰ ਨਾਲ ਮਿਸ਼ਰਾਣੀ ਕਹਿੰਦੇ ਹਨ। ਇਹ ਆ
ਜਜਮਾਨਾਂ ਦੇ ਘਰੋਂ ਦੁਪਹਿਰ ਵੇਲੇ ਹੰਦੇ ਉਗਰਾਂਦੀ ਹੈ
ਵਰਤ ਪੂਜਣ ਸਮੇਂ ਦੇਵੀ ਦੀ ਪੂਜਾ ਕਰਾਂਦੀ ਤੇ ਵਰਤ ਨ
ਸਬੰਧਿਤ ਕਥਾ ਸੁਣਾਉਂਦੀ ਹੈ ਖ਼ਾਸ ਤੌਰ ਤੇ 'ਕਰਵਾ ਚੌ
ਵਾਲੇ ਵਰਤ ਸਮੇਂ।

(ਮ-185) **ਮਿਹਤਰ** :

**(ਮ-186) ਮਿਹਰ ਮਿੱਠਾ :**

ਕੰਗੜ (ਪਟਿਆਲੇ) ਦਾ ਵਸਨੀਕ ਜਿਸ ਦੀ ਲੜਕੀ ਨਾਲ ਸਮਰਾਟ ਅਕਬਰ ਨੇ ਵਿਆਹ ਕੀਤਾ ਸੀ। ਰਵਾਇਤ ਹੈ ਕਿ ਇਕ ਵਾਰ ਅਕਬਰ ਕੰਗੜ ਦੇ ਇਲਾਕੇ ਵਿਚੋਂ ਲੰਘ ਰਿਹਾ ਸੀ ਕਿ ਮਿਹਰ ਮਿਠੇ ਦੀ ਜਵਾਨ ਲੜਕੀ, ਪਿੰਡ ਦੇ ਖੂਹ ਤੋਂ ਪਾਣੀ ਦੇ ਦੋ ਘੜੇ ਚੁਕੀ ਉਧਰੋਂ ਲੰਘੀ। ਦੇਵਨੇਤ ਇਕ ਝੋਟਾ ਆਪਣੇ ਮਾਲਕ ਦੇ ਹੱਥੋਂ ਰੱਸਾ ਛੁੜਾ ਕੇ ਨਸਿਆ ਜਦੋਂ ਉਹ ਮਿਹਰ ਮਿੱਠਾ ਦੀ ਲੜਕੀ ਕੋਲੋਂ ਲੰਘਿਆ ਤਾਂ ਇਜਨੇ ਝੋਟੇ ਦੇ ਨਥਨੇ ਦੀ ਰੱਸੀ ਪੈਰ ਦੇ ਅੰਗੂਠੇ ਹੇਠਾਂ ਇਸ ਤਰ੍ਹਾਂ ਦਬਾ ਲਈ ਕਿ ਘੜੇ ਵੀ ਉਲਾਰ ਨਾ ਹੋਏ ਤੇ ਉਦੋਂ ਤਕ ਖੜੀ ਰਹੀ ਜਦੋਂ ਤਕ ਅੱਖੜ ਝੋਟੇ ਦੇ ਮਾਲਕ ਨੇ ਆ ਕੇ ਝੋਟੇ ਨੂੰ ਫੜ ਨਾ ਲਿਆ। ਅਕਬਰ, ਕੰਨਿਆਂ ਦੀ ਬਹਾਦਰੀ ਨੂੰ ਵੇਖ ਕੇ ਇਤਨਾ ਪ੍ਰਸੰਨ ਹੋਇਆ ਕਿ ਉਸ ਨੇ ਇਸ ਦੀ ਧੀ ਨਾਲ ਵਿਆਹ ਕਰਨ ਦਾ ਫ਼ੈਸਲਾ ਕੀਤਾ ਤਾਂ ਜੋ ਇਸ ਤੋਂ ਇਤਨੀ ਹੀ ਦਲੇਰ ਸੰਤਾਨ ਪੈਦਾ ਹੋਵੇ। ਅਕਬਰ ਨੇ ਕੰਨਿਆਂ ਦੇ ਪਿਉ ਮਿਹਰ ਮਿੱਠਾ ਨੂੰ ਮੀਆਂ ਦੀ ਉਪਾਧੀ ਬਖ਼ਸ਼ੀ ਤੇ 22 ਪਿੰਡਾਂ ਦੀ ਇਕ ਜਗੀਰ ਦਿਤੀ ਜਿਸ ਦਾ ਕੇਂਦਰ ਕੰਗੜ ਸੀ (ਫ਼ਿਰੋਜ਼ਪੁਰ ਗਜ਼ਟੀਅਰ, 80)।

**(ਮ-187) ਮਿਹਰਾ :**

ਖਤ੍ਰੀਆਂ ਦੀ ਇਕ ਗੋਤ।

**(ਮ-188) ਮਿਹਰਾਬ :**

ਮਸੀਤ ਵਿਚ ਬਣੀ ਕਮਾਨ ਦੀ ਸ਼ਕਲ ਦੀ ਇਕ ਡਾਟ ਜੋ ਮੱਕੇ ਦੀ ਦਿਸ਼ਾ ਵਲ ਹੁੰਦੀ ਹੈ ਅਤੇ ਜਿਸ ਦੇ ਸਾਹਮਣੇ ਖੜੇ ਹੋ ਕੇ ਮੁਸਲਮਾਨ ਨਮਾਜ਼ ਪੜ੍ਹਦੇ ਹਨ।

**(ਮ-189) ਮਿੰਜਰਾਂ ਦਾ ਮੇਲਾ :**

ਚੰਬੇ ਦਾ ਇਕ ਪ੍ਰਸਿਧ ਮੇਲਾ, ਜੋ ਸਾਉਣ ਦੇ ਮਹੀਨੇ ਦੇ ਤੀਜੇ ਐਤਵਾਰ ਲਗਦਾ ਹੈ ਤੇ ਛੇ ਸੱਤ ਦਿਨ ਰਹਿੰਦਾ ਹੈ। ਇਸ ਲੌਕਿਕ ਮੇਲੇ ਵਿਚ ਸਭ ਜਾਤੀਆਂ ਦੇ ਲੋਕ—ਰਾਜਪੂਤ, ਠਾਕਰ, ਗੱਦੀ ਤੇ ਗੁੱਜਰ ਸ਼ਾਮਲ ਹੁੰਦੇ ਹਨ।

ਮਿੰਜਰਾਂ 'ਤੁਲਸੀ' ਦੀ ਬਲੀ ਨੂੰ ਕਹਿੰਦੇ ਹਨ। ਝੋਨੇ ਤੇ ਮਕਈ ਦੀਆਂ ਬਲੀਆਂ ਨੂੰ ਵੀ ਮਿੰਜਰਾਂ ਕਿਹਾ ਜਾਂਦਾ ਹੈ।

ਦਹਾਕੇ ਤਕ ਚੰਬੇ ਦਾ ਰਾਜਾ ਹਰ ਸਾਲ
ਮਿੰਜਰਾਂ, ਰਾਵੀ ਦੇ ਭੇਟ ਚਾੜ੍ਹਿਆ ਕਰਦਾ ਸੀ,
ਬਲਦ ਦੀ ਬਲੀ ਦਿਤਾ ਕਰਦਾ ਸੀ। ਬਲੀ
ਤਾਂ ਹੁਣ ਤਕ ਚਲਿਆ ਆ ਰਿਹਾ ਹੈ।
ਇਸ ਲਈ ਦਿਤੀ ਜਾਂਦੀ ਹੈ ਕਿ ਦਰਿਆ
ਨਾ ਆਵੇ।

ਚੰਬੇ ਦੇ ਰਾਜੇ ਇਸ ਮੇਲੇ ਵਿਚ ਖ਼ਾਸ ਦਿਲ
ਰਹੇ ਹਨ। ਉਹ ਇਸ ਮੇਲੇ ਵਿਚ ਆਪਣੇ ਦ
ਅਹਿਲਕਾਰਾਂ ਸਮੇਤ ਪਹੁੰਚਦੇ। ਰਾਜਾ ਖ਼ੁਦ
ਨਾਲ ਇਕ ਨਾਰੀਅਲ, ਇਕ ਸੋਨੇ ਦੀ ਮਿੰਜਰ
ਕੁਝ ਦਰਬ ਘਾਹ ਤੇ ਫੁੱਲ ਪਾਣੀ ਦੀ ਭੇ
ਤੇ ਇਨ੍ਹਾਂ ਮਗਰੋਂ ਇਕ ਬਲਦ ਪਾਣੀ ਵਿਚ ਧ
ਜਾਂਦਾ। ਕਈ ਵਾਰ ਰਾਜਾ, ਆਪਣੀ ਮਿੰਜਰ
ਛਡਣ ਮਗਰੋਂ, ਤਾਰਦਾ। ਰਾਜੇ ਦੇ ਨਾਲ
ਆਪੋ ਆਪਣੀ ਮਿੰਜਰ ਪਾਣੀ ਵਿਚ ਛੱਡ ਦੇਂਦੇ।

ਲੋਕਾਂ ਦਾ ਨਿਸਚਾ ਸੀ ਕਿ ਜੇ ਬਲਦ ਹੜ੍ਹ
ਜਾਵੇ ਜਾਂ ਡੁਬ ਮਰੇ ਤਾਂ ਦਰਿਆ ਨੂੰ ਇਹ ਬ
ਹੋ ਗਈ ਸਮਝੋ। ਫਿਰ ਸਾਲ ਭਰ ਲਈ ਦਰਿ
ਕਸ਼ਟ ਨਹੀਂ ਦੇਂਦਾ। ਜੇ ਬਲਦ ਪਾਰਲੇ ਕੰ
ਤਾਂ ਇਹ ਵੀ ਸ਼ੁਭ ਸ਼ਗਨ ਹੈ, ਪਰ ਪਾਰਲੇ ਕੰਢੇ
ਨਗਰਾਂ ਲਈ ਇਹ ਅਪਸ਼ਗਨ ਹੈ। ਜੇ ਬਲਦ ਜਿ
ਧਕੇਲਿਆ ਗਿਆ ਸੀ, ਉਸੇ ਪਾਸੇ ਮੁੜ ਆਵੇ
ਹੁੰਦਾ ਹੈ ਅਤੇ ਨਗਰ ਉਤੇ ਕੋਈ ਨਾ ਕੋਈ ਸੰ
ਹੈ। ਜੇ ਇਹ ਬਲਦ ਜੀਉਂਦਾ ਪਾਣੀ ਵਿਚੋਂ ਨਿ
ਤਾਂ ਦਰਿਆ ਦੀ ਅਮਾਨਤ ਸਮਝ ਕੇ, ਇਸ
ਕੀਤੀ ਜਾਂਦੀ ਹੈ। ਇਸ ਤੋਂ ਸਾਰਾ ਸਾਲ ਕੋਈ
ਲਿਆ ਜਾਂਦਾ ਤੇ ਅਗਲੇ ਸਾਲ ਫਿਰ ਇਸ
ਵਿਚ, ਮਿੰਜਰਾਂ ਦੇ ਮੇਲੇ 'ਤੇ ਛਡਿਆ ਜਾਂਦਾ ਹੈ
ਰੀਤ ਉਦੋਂ ਤਕ ਜਾਰੀ ਰਹਿੰਦੀ ਹੈ ਜਦੋਂ ਤਕ ਬ
ਵਿਚ ਰੁੜ੍ਹ ਨਾ ਜਾਵੇ।

ਇਹ ਮੇਲਾ ਦਰਿਆ ਦੀ ਪੂਜਾ ਨਾਲ ਸਬੰਧਿ

**(ਮ-190) ਮਿੱਟੀ :**

ਕਿਸੇ ਮਹਾਂਪੁਰਖ ਦੇ ਚਰਨਾਂ ਦੀ ਮਿੱਟੀ

ਜਾਂ ਮੱਥੇ ਉੱਤੇ ਮਲਦੇ ਹਨ (ਵੇਖੋ : ਚਰਨ ਧੂੜੀ)।

ਜੇ ਕਿਸੇ ਬੱਚੇ ਨੂੰ ਬਦ-ਨਜ਼ਰ ਲਗ ਜਾਵੇ, ਤਾਂ ਜਿਸ ਦੀ ਨਜ਼ਰ ਲੱਗੀ ਹੋਵੇ ਉਸ ਦੇ ਪੈਰਾਂ ਦੀ ਧੂੜ ਲੈ ਕੇ ਬੱਚੇ ਦੇ ਸਿਰ ਤੋਂ ਵਾਰੀ ਜਾਵੇ ਤਾਂ ਬੱਚਾ ਅਰੋਗ ਹੋ ਜਾਂਦਾ ਹੈ।

ਮੁਸਲਮਾਨ ਪੀਰਾਂ ਦੀ ਖ਼ਾਨਗਾਹਾਂ ਦੀ ਮਿੱਟੀ ਵੀ ਬੜੀ ਪਵਿਤਰ ਮੰਨੀ ਜਾਂਦੀ ਹੈ ਤੇ ਕਈ ਰੋਗਾਂ ਦੀ ਦਾਰੂ ਵੀ ਹੈ।

ਮਿੱਟੀ ਤੋਂ ਹੀ ਮਨੁੱਖ ਦੀ ਉਤਪਤੀ ਮੰਨੀ ਜਾਂਦੀ ਹੈ। ਰੱਬ ਨੇ ਜਦੋਂ ਸੰਸਾਰ ਦੀ ਸਿਰਜਨਾ ਕੀਤੀ ਤਾਂ ਉਸ ਮਿੱਟੀ ਗੁੰਨ੍ਹ ਕੇ ਦੋ ਪੁਤਲੇ ਬਣਾਏ—ਇਕ ਮਰਦ ਦਾ, ਦੂਜਾ ਤ੍ਰੀਮਤ ਦਾ। ਇਨ੍ਹਾਂ ਦੋਹਾਂ ਪੁਤਲਿਆਂ ਵਿਚ ਫੂਕ ਮਾਰ ਕੇ ਰੱਬ ਨੇ ਜਿੰਦ ਫੂਕ ਦਿਤੀ।

(ਮ-191) **ਮਿੱਟੀ ਖਾਣੀ** :

ਗਰਭ ਠਹਿਰਣ ਦੇ ਮੁਢਲੇ ਦਿਨਾਂ ਵਿਚ ਤੀਵੀਆਂ ਨੂੰ ਕੁਝ ਖ਼ਾਸ ਪ੍ਰਕਾਰ ਦੀਆਂ ਚੀਜ਼ਾਂ ਖਾਣ ਦੀ ਭਟਕੀ ਲੱਗੀ ਰਹਿੰਦੀ ਹੈ ਜਿਸ ਨੂੰ 'ਨਰੋਏ' ਕਹਿੰਦੇ ਹਨ (ਵੇਖੋ : ਨਰੋਏ)। ਨਰੋਏ ਦੇ ਦਿਨਾਂ ਵਿਚ ਕਈ ਤੀਵੀਆਂ ਚੁਲ੍ਹੇ ਦੀ ਮਿੱਟੀ, ਗਾਚੀ ਜਾਂ ਚੀਕਣੀ ਮਿੱਟੀ ਖਾਂਦੀਆਂ ਹਨ। ਕੁਝ ਲੋਕ-ਗੀਤਾਂ ਵਿਚ ਮਿੱਟੀ ਖਾਣ ਵਲ ਸੰਕੇਤ ਮਿਲਦਾ ਹੈ ਜਿਵੇਂ :

ਹਾਇ ਵੇ ਮਿੱਟੀ ਖਾਣੀ ਏ
ਵੇ ਲਾਲ ਸੁੜਾਕਾ ਮਿੱਟੀ ਦਾ
ਸਿਟਾ ਵੇ ਬੋਰਾ ਮਿੱਟੀ ਦਾ।
ਦੇਵਰ ਨੂੰ ਮਿੱਟੀ ਲਈ ਭੇਜਿਆ
ਲੈ ਆਇਆ ਮਖਾਣੇ
ਸਾਰਾ ਟੱਬਰ ਸੌਂ ਗਿਆ
ਤੇ ਦੇਵਰ ਖੜਾ ਸਿਰਹਾਣੇ।

(ਮ-192) **ਮਿੱਟੀ ਦਾ ਬਾਵਾ** :

ਪੰਜਾਬ ਵਿਚ ਨਿਰਸੰਤਾਨ ਤੀਵੀਆਂ, ਬੱਚੇ ਦੀ ਲਾਲਸਾ ਪੂਰੀ ਕਰਨ ਲਈ ਮਿੱਟੀ ਦਾ ਬਾਵਾ ਬਣਾ ਕੇ ਉਸ ਨੂੰ ਜੀਵੰਤ ਬਾਲ ਵਾਂਗ ਨੁਹਾਂਦੀਆਂ, ਕਪੜੇ ਪਹਿਨਾਂਦੀਆਂ, ਅਤੇ ਖਿਡਾਂਦੀਆਂ ਹਨ। ਇਸ ਟੂਣੇ ਨਾਲ ਨਿਸਚਾ ਹੈ ਕਿ ਬਾਲ ਛੇਤੀ ਹੋ ਜਾਂਦਾ ਹੈ। ਇਹ ਟੂਣਾ ਸਹਾਨੁਭੂਤੀ ਜਾਦੂ ਉੱਤੇ ਆਧਾਰਤ ਹੈ। ਇਕ ਗੀਤ ਵਿਚ ਇਸ ਦਾ ਜ਼ਿਕਰ

ਵੇ ਤੇਰਾ ਪਿਉ ਪਰਦੇਸੀ
ਮਿੱਟੀ ਦਾ ਬਾਵਾ ਨਹੀਉਂ ਬੋਲਦਾ
ਨਹੀਉਂ ਚਾਲਦਾ
ਨਹੀਉਂ ਭਰਦਾ ਹੁੰਗਾਰਾ
ਨਹਾਉਣ ਲੱਗੀ ਦਾ ਨੀ ਘੁਲ ਗਿਆ
ਮੇਰਾ ਮਿੱਟੀ ਦਾ ਬਾਵਾ।

(ਨ-193) **ਮਿੱਟੀ ਲੈਣੀ** :

(ੳ) ਕਿਸੇ ਬੱਚੇ ਨੂੰ ਜੇ ਬਦਨਜ਼ਰ ਲਗ
ਉਸ ਨੂੰ ਦੂਰ ਹਟਾਣ ਲਈ ਜਿਸ ਪੁਰਸ਼ ਜਾ ਇ
ਨਜ਼ਰ ਲੱਗੀ ਹੁੰਦੀ ਹੈ ਉਸ ਦੇ ਪੈਰਾਂ ਦੀ ਮਿੱਟੀ
ਬੱਚੇ ਦੇ ਸਿਰ ਤੋਂ ਵਾਰੀ ਜਾਂਦੀ ਹੈ, ਇਸ ਤਰ੍ਹ
ਅਰੋਗ ਹੋ ਜਾਂਦਾ ਹੈ।

(ਅ) ਕਿਸੇ ਪੀਰ ਫ਼ਕੀਰ ਜਾਂ ਸੰਤ ਦਾ ਜਿ
ਹੀ ਆਪਣੇ ਸਰੀਰ ਉੱਤੇ ਮਿੱਟੀ ਪਵਾ ਕੇ ਸੁਆਸ ਤਿ
ਦੀ ਕਿਰਿਆ। ਮੱਧ-ਕਾਲ ਦੇ ਸਮਿਆਂ ਵਿਚ ਕਈ
ਸੰਨਿਆਸੀ ਤੇ ਤਿਆਗੀ ਆਪਣੇ ਅਨੁਯਾਈਆਂ ਨੂੰ
ਇਕੱਠ ਕਰਦੇ ਤੇ ਆਪਣੇ ਸਰੀਰ ਉੱਤੇ ਮਿੱਟੀ ਲੈ
ਤਿਆਗਦੇ ਸਨ। ਇਸ ਰਸਮ ਨੂੰ ਉਹ ਬੜਾ ਉੱਤ
ਅਤੇ ਸਵੈ-ਬਲੀ ਤੁਲ ਸਮਝਦੇ ਸਨ।

(ਮ-194) **ਮਿੱਠਾ ਬੋਹੀਆ** :

ਗਰਭ ਸੰਸਕਾਰ ਨਾਲ ਸਬੰਧਿਤ ਇਕ ਰੀਤ।
ਵਿਚ ਇਹ ਰੀਤ ਗਰਭ ਦੇ ਤੀਜੇ ਮਹੀਨੇ ਦੇ ਅਖ਼
ਕੀਤੀ ਜਾਂਦੀ ਹੈ। ਤੀਵੀਂ ਦੇ ਪੇਕੇ ਤੀਵੀਂ ਲਈ ਤੇ
ਪੰਜ ਰੁਪਏ, ਚਾਵਲ ਤੇ ਕੁਝ ਮਠਿਆਈ ਭੇਜਦੇ
ਇਸ ਮਠਿਆਈ ਨੂੰ 'ਮਿੱਠਾ ਬੋਹੀਆ' ਕਿਹਾ
ਹੈ, ਜਿਸ ਤੋਂ ਇਸ ਰੀਤ ਦਾ ਨਾਉਂ
'ਮਿੱਠਾ ਬੋਹੀਆ' ਪੈ ਗਿਆ। ਪੰਜਵੇਂ
ਇਸ ਰੀਤ ਨੂੰ ਮੁੜ ਦੁਹਰਾਇਆ ਜਾਂਦਾ
ਤੀਵੀਂ ਦੇ ਪੇਕੇ ਤੀਵੀਂ ਲਈ ਦਾਈ ਸੂਟ, ਸੱਤ
ਸਵਾ ਮਣ ਮਠਿਆਈ ਭੇਜਦੇ ਹਨ। ਇਸ
'ਛੋਟੀਆਂ ਰੀਤਾਂ' ਜਾਂ 'ਰੀਤ' ਵੀ ਕਿਹਾ ਜਾਂਦਾ ਹੈ

**(ਮ-195) ਮਿੱਠੂ :**

ਖਤ੍ਰੀਆਂ ਦੀ ਇਕ ਗੋਤ; ਇਨ੍ਹਾਂ ਵਿਚ ਸਤੀਆਂ ਪੂਜਣ ਦਾ ਰਵਾਜ ਹੈ। ਕਹਿੰਦੇ ਹਨ ਕਿ ਇਸ ਗੋਤ ਦਾ ਇਕ ਸਖਸ ਵਹੁਟੀ ਨਾਲ ਸਹੁਰੇ ਜਾ ਰਿਹਾ ਸੀ ਕਿ ਰਾਹ ਵਿਚ ਇਕ ਬਾਘ ਨੇ ਪਤੀ ਨੂੰ ਮਾਰ ਦਿਤਾ, ਪਤਨੀ ਪਤੀ ਨਾਲ ਹੀ ਸਤੀ ਹੋ ਗਈ। ਇਨ੍ਹਾਂ ਦੀ ਸਤੀ ਤਲਵੰਡੀ ਨੌਮੀ, ਤਹਿਸੀਲ ਜਗਰਾਉਂ ਲੁਧਿਆਣੇ ਵਿਚ ਹੈ, ਇਥੇ ਇਕ ਛੱਪੜ ਹੈ ਜਿਸ ਵਿਚੋਂ ਇਹ ਸੱਤ ਵਾਰ ਮਿੱਟੀ ਕਢਦੇ ਹਨ। ਮਿੱਠੂ ਬਰਾਦਰੀ ਹਰ ਸਾਲ ਭਾਦਰੋਂ ਦੇ ਮਹੀਨੇ ਸਤੀ ਪੂਜਦੇ ਹਨ।

**(ਮ-196) ਮਿੱਠੇ**

ਇਕ ਅਰਾਈਂ ਕਬੀਲਾ ਜੋ ਮਿੰਟਗੁਮਰੀ ਵਿਚ ਮਿਲਦਾ ਹੈ। ਇਹ ਵਾਹੀ ਖੇਤੀ ਕਰਦੇ ਹਨ।

**(ਮ-197) ਮਿਥੁਨ ਰਾਸ਼ੀ :**

ਬਾਰਾਂ ਰਾਸ਼ੀਆਂ ਵਿਚੋਂ ਇਕ ਰਾਸੀ; ਜੋਤਿਸ਼ ਅਨੁਸਾਰ ਇਸ ਰਾਸ਼ੀ ਵਾਲਾ ਬਾਲਕ ਕਲਾਧਾਰੀ ਹੁੰਦਾ ਹੈ। ਉਸ ਦੀ ਕਾਵਿ, ਸੰਗੀਤ ਜਾਂ ਕਿਸੇ ਹੋਰ ਕਲਾ ਵਿਚ ਡੂੰਘੀ ਮਸ ਹੁੰਦੀ ਹੈ। ਉਹ ਸੁਭਾਅ ਦਾ ਮਿੱਠਾ ਤੇ ਜਜ਼ਬਾਤੀ ਹੁੰਦਾ ਹੈ, ਉਸ ਦੇ ਸੁਭਾਅ ਵਿਚ ਤਰਲਤਾ ਹੁੰਦੀ ਹੈ ਤੇ ਕਿਸੇ ਇਕ ਕੰਮ ਉਤੇ ਨਹੀਂ ਟਿਕਦਾ।

'ਹਿੰਦੂ ਮਿਥਿਹਾਸ' ਵਿਚ ਮਿਥੁਨ ਰਾਸ਼ੀ ਨੂੰ, ਅਸ਼ਵਨੀ ਕਮਾਰ, ਜੋ ਸੂਰਜ ਦੇ ਜੋੜੇ ਪੁੱਤਰ ਹਨ, ਦੁਆਰਾ ਮੂਰਤੀਮਾਨ ਕੀਤਾ ਜਾਂਦਾ ਹੈ। ਅਸ਼ਵਨੀ ਕੁਮਾਰ ਦੋ ਵੈਦਿਕ ਦੇਵਤੇ ਹਨ ਜੋ ਸੁਨਹਿਰੀ ਰੱਥ ਉਤੇ ਸਵਾਰ ਹੋ ਕੇ ਅਕਾਸ਼ ਉਤੇ ਊਸ਼ਾ ਤੋਂ ਅਗੇ ਨਿਕਲਦੇ ਤੇ ਉਸ ਲਈ ਰਾਹ ਬਣਾਉਂਦੇ ਜਾਂਦੇ ਹਨ। ਇਹ ਦੋਵੇਂ ਅਸ਼ਵਿਨੀ ਨਾਂ ਦੀ ਅਪਛਰਾ ਦੀ ਕੁਖੋਂ ਜੰਮੇ। ਇਹ ਅਪਛਰਾ ਸੂਰਜ ਦੇ ਤਪਦੇ ਸੇਕ ਤੋਂ ਬਚਣ ਲਈ, ਘੋੜੀ ਦਾ ਰੂਪ ਧਾਰ ਜੰਗਲ ਵਿਚ ਘਾਹ ਚਰਨ ਲੱਗੀ। ਸੂਰਜ ਜਿਸ ਦੀ ਦ੍ਰਿਸ਼ਟੀ ਪ੍ਰਿਥਵੀ ਦੇ ਕਣ ਕਣ ਤੇ ਪੈਂਦੀ ਹੈ, ਝਟ ਜਾਣ ਗਿਆ ਕਿ ਅਸ਼ਵਿਨੀ ਕਿਥੇ ਹੈ, ਸੋ ਉਸ ਨੇ ਘੋੜੇ ਦਾ ਰੂਪ ਧਾਰ ਕੇ ਉਸਾ ਨਾਲ ਸੰਭੋਗ ਕੀਤਾ ਤੇ ਅਸ਼ਵਿਨੀ ਤੋਂ ਦੋ ਜੁੜਵੇਂ ਬੱਚੇ ਪੈਦਾ

ਜਿ ਨਗਰ ਦੇ ਵਿਸ਼ਕਾਰ ਅਸ਼ਵਿਨੀ ਦੇਵਤਿਆਂ
ਅਸਥਾਨ ਬਣੇ ਹੁੰਦੇ ਸਨ।

ਮਿਥੁਨ ਰਾਸ਼ੀ ਦਾ ਮੁਖ ਦੇਵਤਾ ਬੁੱਧ ਹੈ।
ਰੋਹਿਣੀ ਜਾਂ ਬ੍ਰਿਹਸਪਤੀ ਦੀ ਪਤਨੀ ਤਾਰਾ ਦੇ
(ਚੰਦ੍ਰਮਾ) ਦਾ ਪੁੱਤਰ ਸੀ। ਬੁਧ ਦੇਵਤੇ ਨੂੰ
ਮਿਥਿਹਾਸ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ।
ਇਕ ਦਿਨ ਦਾ ਨਾਂ ਬੁੱਧ ਵਾਰ ਇਸੇ ਦੇਵਤੇ ਦੇ
ਹੈ। ਇਹ ਦੇਵਤਾ ਬੁੱਧੀ ਤੇ ਖ਼ੁਸ਼ਹਾਲੀ (ਮਾ
ਪਦਾਰਥਕ) ਦਾ ਚਿੰਨ੍ਹ ਹੈ।

**(ਮ-198) ਮਿੰਧਲ ਬਾਨੀ :**

ਇਕ ਦੇਵੀ, ਜਿਸ ਦਾ ਮੰਦਰ ਚੰਬਾ ਤੋਂ
ਦੂਰ, ਮਿੰਧਲ ਪਿੰਡ ਵਿਚ ਹੈ। ਇਥੇ ਭਾਦਰੋਂ
ਦੇਵੀ ਦੇ ਪ੍ਰਗਟ ਹੋਣ ਦੀ ਯਾਦ ਵਿਚ ਮੇਲਾ ਲ
ਭੇਡਾਂ ਬਕਰੀਆਂ ਦੀ ਬਲੀ ਦਿਤੀ ਜਾਂਦੀ ਹੈ।
ਅਨੁਸਾਰ ਜਿਥੇ ਹੁਣ ਮੰਦਰ ਹੈ, ਉਥੇ ਕਦੇ ਇਕ
ਪਹਾੜਨ ਦਾ ਘਰ ਸੀ, ਜੋ ਇਥੇ ਆਪਣੇ ਸੱਤ
ਨਾਲ ਰਹਿੰਦੀ ਸੀ। ਇਕ ਦਿਨ ਜਦੋਂ ਵਿਧਵਾ
ਖੇਤਾਂ ਵਿਚ ਹੱਲ ਵਾਹੁਣ ਲਈ ਗਏ ਹੋਏ ਸਨ
ਰਸੋਈ ਵਿਚ ਉਨ੍ਹਾਂ ਲਈ ਰੋਟੀ ਤਿਆਰ ਕਰ ਰ
ਚੁਲ੍ਹੇ ਵਿਚੋਂ ਇਕ ਕਾਲਾ ਜਿਹਾ ਪੱਥਰ ਬਾਹਰ ਅ
ਵਿਧਵਾ ਨੂੰ ਅਨੁਭਵ ਹੋਇਆ ਕਿ ਇਹ ਪੱਥਰ
ਕਿਰਪਾ ਦ੍ਰਿਸਟੀ ਕਰ ਕੇ ਪ੍ਰਗਟ ਹੋਇਆ ਹੈ। ਜ
ਘਰ ਆਏ ਤਾਂ ਵਿਧਵਾ ਨੇ ਕਿਹਾ ਕਿ ਉਨ੍ਹਾਂ ਦੇ
ਪ੍ਰਗਟ ਹੋਈ ਹੈ ਤਾਂ ਸਬੂਤ ਵਿਚ ਉਨ੍ਹਾਂ ਨੂੰ
ਵਿਖਾਇਆ। ਪੁੱਤਰਾਂ ਨੇ ਇਸ ਗੱਲ ਨੂੰ ਕੋਈ
ਨਾ ਦਿਤੀ ਤੇ ਲਾਪਰਵਾਹੀ ਨਾਲ ਕਿਹਾ, 'ਦੇ
ਕੋਈ ਧਨ ਦੇ ਗਈ ਹੈ ?' ਦੂਜੇ ਨੇ ਕਿਹਾ, 'ਸਾਡੇ
ਇਕੋ ਬਲਦ ਹੈ। ਦੇਵੀ ਕਿਹੜਾ ਸਾਨੂੰ ਇਕੋ ਬਲ
ਹੱਲ ਵਾਹੁਣ ਦੇ ਯੋਗ ਬਣਾ ਦੇਵੇਗੀ ?' ਇਸ ਤ
ਪੁਤਰਾਂ ਵੀ ਦੇਵੀ ਲਈ ਅਨਾਦਰੀ ਵਿਚ ਕੁਬੋ
ਅਜਿਹੇ ਕੁਬਚਨ ਨਿਕਲਣ ਦੀ ਦਿਲ ਸੀ ਕਿ ਸ
ਤੇ ਉਨ੍ਹਾਂ ਦੀ ਮਾਂ ਪੱਥਰ ਹੋ ਗਏ। ਪਿੰਡ ਦੇ
ਇਸੇ ਥਾਂ ਮੰਦਰ ਉਸਾਰ ਕੇ ਦੇਵੀ ਨੂੰ ਸਮਰਪਣ ਕੀ

ਦੇਂਦਾ ਹੈ ।

(ਮ-200) ਮ੍ਰਿਗਸ਼ਿਰਾ :

ਪੰਜਵਾਂ ਨਛੱਤ੍ਰ ਜੋ ਹਿਰਣ ਦੇ ਸਿਰ ਦੀ ਸ਼ਕਲ ਦਾ ਮੰਨਿਆ ਜਾਂਦਾ ਹੈ । ਇਸ ਨਛੱਤ੍ਰ ਦੀ ਉਤਪਤੀ ਬਾਰੇ ਇਕ ਕਥਾ ਵੀ ਪ੍ਰਚਲਤ ਹੈ : ਬ੍ਰਹਮਾ ਜਦੋਂ ਆਪਣੀ ਪੁਤ੍ਰੀ ਉਤੇ ਮੋਹਿਤ ਹੋ ਕੇ, ਕਾਮ ਚੇਸ਼ਟਾ ਨਾਲ ਉਸ ਦਾ ਪਿੱਛਾ ਕਰਨ ਲੱਗਾ ਤਾਂ ਉਸ ਦੀ ਪੁੱਤਰੀ ਨੇ ਹਿਰਣੀ ਦਾ ਰੂਪ ਧਾਰ ਲਿਆ । ਬ੍ਰਹਮਾ ਨੇ ਮ੍ਰਿਗ ਦਾ ਰੂਪ ਧਾਰ ਕੇ ਉਸ ਨਾਲ ਭੋਗ ਕੀਤਾ । ਸ਼ਿਵ ਨੇ ਕਰੋਧ ਵਿਚ ਆ ਕੇ ਬ੍ਰਹਮਾ ਦਾ ਸਿਰ ਵੱਢ ਦਿਤਾ । ਇਹੋ ਸਿਰ ਅਕਾਸ਼ ਵਿਚ ਮ੍ਰਿਗਸ਼ਿਰਾ ਨਛਤ੍ਰ ਦੇ ਨਾਂ ਨਾਲ ਪ੍ਰਗਟ ਹੋਇਆ ।

(ਮ-201) ਮ੍ਰਿਗਛਾਲ :

ਮ੍ਰਿਗਛਾਲ ਨੂੰ ਹਿੰਦੂ ਬੜਾ ਪਵਿਤ੍ਰ ਮੰਨਦੇ ਹਨ । ਵੈਦਿਕ ਕਾਲ ਤੋਂ ਹੀ ਮ੍ਰਿਗਛਾਲ ਦੀ ਵਰਤੋਂ ਰਿਸ਼ੀ ਮੁਨੀ ਤੇ ਸਾਧੂ ਸੰਤ ਕਰਦੇ ਆ ਰਹੇ ਹਨ । ਮ੍ਰਿਗਛਾਲ ਨੂੰ ਉਪਰ ਉਡ੍ਹਨ ਲਈ ਵੀ ਵਰਤਿਆ ਜਾਂਦਾ ਹੈ ਅਤੇ ਜੋਗੀ ਇਸ ਉਤੇ ਬੈਠ ਕੇ ਸਮਾਧੀਆਂ ਵੀ ਲਗਾਂਦੇ ਹਨ ।

ਮ੍ਰਿਗਛਾਲ ਨੂੰ ਪ੍ਰਾਚੀਨ ਕਾਲ ਤੋਂ ਹੀ ਅਧਿਆਤਮਕ ਤੇ ਬੌਧਿਕ ਵਡਿਤਣ ਦਾ ਚਿੰਨ੍ਹ ਮੰਨਿਆ ਜਾਂਦਾ ਰਿਹਾ ਹੈ । ਗੋਪਥ ਬ੍ਰਹਮਣ (1, 2, 1-8) ਅਨੁਸਾਰ ਪੁਰਾਣੇ ਸਮੇਂ ਵਿਚ ਉਪਨਾਇਕ ਸੰਸਕਾਰ ਸਮੇਂ ਬਾਲਕ ਨੂੰ ਜੋ ਉਪਰਲਾ ਚੋਗਾ ਪਹਿਨਣ ਲਈ ਦਿਤਾ ਜਾਂਦਾ ਉਹ ਮ੍ਰਿਗਛਾਲ ਦਾ ਹੁੰਦਾ । ਅਤ੍ਰੀ ਰਿਸ਼ੀ ਅਨੁਸਾਰ ਸਿੰਗ, ਖੁਰਾਂ ਸਮੇਤ ਮ੍ਰਿਗਛਾਲ ਦਾਨ ਕਰਨ ਨਾਲ 101 ਕੁਲਾਂ ਦਾ ਉਧਾਰ ਹੁੰਦਾ ਹੈ ।

(ਮ-202) ਮ੍ਰਿਗਤ੍ਰਿਸ਼ਨਾ (ਮ੍ਰਿਗਜਲੀ) :

ਰੇਤਲੇ ਥਲਾਂ ਵਿਚ ਜਦੋਂ ਦੁਪਿਹਰਾਂ ਵੇਲੇ ਸੂਰਜ ਦੀਆਂ ਕਿਰਨਾਂ ਰੇਤ ਤੇ ਪੈਂਦੀਆਂ ਹਨ ਤਾਂ ਪਾਣੀ ਦੇ ਸਰੋਵਰ, ਝੀਲ ਨਦੀ ਦਾ ਭੁਲੇਖਾ ਪੈਂਦਾ ਹੈ । ਪਿਆਸਾ ਹਿਰਨ ਇਸ ਨੂੰ ਜਲ ਸਮਝ ਕੇ ਥਲਾਂ ਵਿਚ ਭਟਕਦਾ ਹੈ । ਜਿਵੇਂ ਜਿਵੇਂ ਹਿਰਨ ਥਲ ਵਿਚ ਅਗੇ ਜਾਂਦਾ ਹੈ, ਹੋਰ ਦੁਰਾਡੇ ਜੋ ਰੇਤ ਉਸ ਨੂੰ ਭਰਮਾਉਂਦੀ ਹੈ ਤੇ ਅਖੀਰ ਉਹ ਹਫ ਥਕ ਕੇ

(ਮ-203) ਮਿਰਗੀ :

ਇਕ ਰੋਗ, ਜਿਸ ਵਿਚ ਰੋਗੀ ਮੂਰਛਤ ਹੋ ਕੇ ਹੱ
ਮਾਰਦਾ ਹੈ, ਅੰਗ ਮੁੜ ਜਾਂਦੇ ਹਨ ਤੇ ਦੰਦਣ ਪੈ ਜਾਂਦ
ਭਾਵੇਂ ਇਹ ਰੋਗ ਦਿਮਾਗੀ ਮਿਹਨਤ, ਚਿੰਤਾ, ਸੋਚ, ਨ
ਦੀ ਅਧਿਕ ਵਰਤੋਂ, ਬਹੁਤ ਮੈਥੁਨ ਆਦਿ ਕਾਰਨ
ਹੁੰਦਾ ਹੈ ਤੇ ਕਈ ਵਾਰ ਜੱਦੀ ਵੀ ਹੁੰਦਾ ਹੈ,
ਲੋਕ-ਵਿਸ਼ਵਾਸ ਅਨੁਸਾਰ ਇਹ ਰੋਗ ਪ੍ਰਾਣੀ ਉਤੇ
ਪ੍ਰੇਤ-ਆਤਮਾ ਦੇ ਵਸੀਕਾਰ ਕਾਰਨ ਹੁੰਦਾ ਹੈ । ਇਸੇ
ਕਈ ਲੋਕ ਹਕੀਮਾਂ ਦੀ ਥਾਂ ਓਝੇ ਜਾਂ ਚੇਲੇ ਤੋਂ
ਕਰਵਾਂਦੇ ਹਨ । ਲੋਕ ਨਿਸ਼ਚੇ ਅਨੁਸਾਰ ਜੁੱਤੀ ਦਾ
ਸੁੰਘਾਣ ਨਾਲ, ਮਿਰਗੀ ਦੂਰ ਹੋ ਜਾਂਦੀ ਹੈ,
ਪ੍ਰੇਤ ਰੂਹਾਂ ਜੁੱਤੀ ਤੋਂ ਡਰਦੀਆਂ ਹਨ । ਬਹੁਤੇ ਮ
ਰੋਗਾਂ ਦਾ ਸਬੰਧ ਭੂਤਾਂ ਪ੍ਰੇਤਾਂ ਨਾਲ ਜੋੜਿਆ ਜਾਂਦ
ਜਿਸ ਕਰ ਕੇ ਇਨ੍ਹਾਂ ਰੋਗਾਂ ਦੀ ਦਵਾ ਦਾਰੂ ਲਈ
ਓਝੇ, ਸਿਆਣੇ ਕੋਲ ਲੈ ਜਾਂਦੇ ਹਨ । ਜੋ ਪ੍ਰੇਤ ਤੋਂ
ਕਰ ਸਕੇ ।

(ਮ-204) ਮਿਰਚ :

(ੳ) ਮਿਰਚਾਂ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ,
ਸਬੰਧਿਤ ਹਨ । ਸਫ਼ਰ 'ਤੇ ਜਾਣ ਲਗਿਆਂ ਜੇ ਲਾਲ
ਦਾ ਬੂਟਾ ਰਾਹ ਵਿਚ ਮਿਲ ਜਾਵੇ ਤਾਂ ਸਫ਼ਲਤਾ
ਮਿਲਦੀ । ਹਰੀਆਂ ਮਿਰਚਾਂ ਦਾ ਬੂਟਾ ਸ਼ੁਭ ਮੰ
ਜਾਂਦਾ ਹੈ । ਚੰਦਰੀ ਨਜ਼ਰ ਨੂੰ ਹਟਾਣ ਲਈ ਮਿਰ
ਧੂਣੀ ਦਿਤੀ ਜਾਂਦੀ ਹੈ । ਜੇ ਬੱਚੇ ਨੂੰ ਨਜ਼ਰ ਲਗ
ਤਾਂ ਉਸ ਤੋਂ ਸੱਤ ਵਾਰ ਮਿਰਚਾਂ ਵਾਰ ਕੇ ਅੱਗ
ਸੁਟੀਆਂ ਜਾਂਦੀਆਂ ਹਨ, ਜੇ ਅੱਗ ਵਿਚ ਇਹ
ਆਪਣੀ ਸੁਭਾਵਕ ਦੁਰਗੰਧੀ ਦੇਵੇ ਤਾਂ ਸਮਝੋ ਨਜ਼ਰ
ਲਗੀ । ਜੇ ਇਹ ਮਿਰਚਾਂ ਕੌੜੀ ਦੁਰਗੰਧੀ ਨਾ ਦੇ
ਬੱਚੇ ਨੂੰ ਅਵੱਸ਼ ਨਜ਼ਰ ਲੱਗੀ ਹੋਈ ਹੈ ।

ਭੂਤ-ਪ੍ਰੇਤ ਵੀ ਲਾਲ ਮਿਰਚਾਂ ਦੀ ਧੂਣੀ ਤੋਂ
ਨਸਦੇ ਹਨ । ਜੇ ਕਿਸੇ ਤੀਵੀਂ ਨੂੰ ਪਕੜ ਜਾਂ ਪ
ਹੋਵੇ ਤਾਂ ਚੇਲੇ ਉਸ ਵਿਚੋਂ ਪ੍ਰੇਤ ਕਢਣ ਲਈ,
ਨੱਕ ਵਿਚ ਮਿਰਚਾਂ ਦੀ ਧੂਣੀ ਦੇਂਦੇ ਹਨ, ਜੇ ਘ
ਕੋਈ 'ਪੱਕੀ ਥਾਂ' ਹੋਵੇ ਤਾਂ ਮਿਰਚਾਂ ਦੀ ਧੂਣੀ ਸੱਤ

ਪ੍ਰਚਲਤ ਹੈ : ਜਦੋਂ ਅਸੁਰਾਂ ਨੇ ਦੇਵਤਿਆਂ ਤੋਂ ਅਮਰਾਵਤੀ ਲੋਕ ਖੋਹ ਲਈ ਤਾਂ ਦੇਵਤੇ ਕਰੋਧ ਵਿਚ ਆ ਕੇ ਅੱਬਾ ਤੱਬਾ ਬੋਲਣ ਲਗੇ। ਉਦੋਂ ਉਨ੍ਹਾਂ ਦੇ ਮੂੰਹ ਵਿਚੋਂ ਕੁਝ ਗਾਲਾਂ ਛਿਗੀਆਂ, ਜੋ ਮਿਰਚਾਂ ਦੇ ਬੂਟੇ ਦਾ ਰੂਪ ਧਾਰਨ ਕਰ ਗਈਆਂ।

ਬਦ-ਨਜ਼ਰ ਨੂੰ ਹਟਾਣ ਲਈ ਮਿਰਚਾਂ ਦੀ ਧੂਣੀ ਧੁਖਾਈ ਜਾਂਦੀ ਹੈ। ਜਿਸ ਨੂੰ ਨਜ਼ਰ ਲੱਗੀ ਹੋਵੇ, ਉਸ ਦੇ ਸਿਰ ਤੋਂ ਸੱਤ ਵਾਰ ਮਿਰਚਾਂ ਵਾਰ ਕੇ ਅੱਗ ਵਿਚ ਸੁੱਟ ਦਿਤੀਆਂ ਜਾਂਦੀਆਂ ਹਨ, ਇਸ ਤਰ੍ਹਾਂ ਨਜ਼ਰ ਉਤਰ ਜਾਂਦੀ ਹੈ।

(ਮ-205) **ਮਿਰਜ਼ਾ ਇਜ਼ਤ ਬੇਗ** :

ਸੋਹਣੀ ਮਹੀਂਵਾਲ ਦੀ ਪ੍ਰਸਿਧ ਪ੍ਰੀਤ ਕਥਾ ਦਾ ਨਾਇਕ ਜੋ ਮਹੀਂਵਾਲ ਦੇ ਨਾਂ ਨਾਲ ਪ੍ਰਸਿਧ ਸੀ। ਮਿਰਜ਼ਾ ਇਜ਼ਤ ਬੇਗ ਬਲਖ ਬੁਖ਼ਾਰੇ ਦਾ ਨਿਵਾਸੀ ਸੀ ਤੇ ਜ਼ਾਤ ਦਾ ਮੁਗ਼ਲ ਸੀ। ਉਹ ਬੁਖ਼ਾਰੇ ਤੋਂ ਮਾਲ ਖ਼ਰੀਦ ਕੇ ਦਿੱਲੀ ਵੇਚਦਾ ਤੇ ਬੜਾ ਵੱਡਾ ਸੌਦਾਗਰ ਸੀ। ਕਾਦਰਯਾਰ ਅਨੁਸਾਰ ਇਹ ਸ਼ਾਹ ਜੰਗ ਚੁਸਤੇ ਦੇ ਸਮੇਂ ਹੋਇਆ। ਇਕ ਵਾਰ ਦਿੱਲੀ ਤੋਂ ਮਾਲ ਵੇਚ ਕੇ ਉਹ ਗੁਜਰਾਤ ਪਹੁੰਚਿਆ ਤੇ ਤੁਲੇ ਘੁਮਿਆਰ ਦੀ ਤਾਰੀਫ਼ ਸੁਣ ਕੇ ਉਸ ਤੋਂ ਕੁਝ ਭਾਂਡੇ ਖ਼ਰੀਦਣ ਗਿਆ। ਸੋਹਣੀ ਨੂੰ ਵੇਖ ਕੇ ਉਹ ਦਿਲ ਦੇ ਬੈਠਾ ਅਤੇ ਬਜ਼ਾਰ ਵਿਚ ਕੋਈ ਜਗਾਹ ਲੈ ਕੇ ਇਕ ਹੱਟੀ ਪਾ ਲਈ। ਉਹ ਰੋਜ਼ ਤੁਲੇ ਦੇ ਘਰੋਂ ਭਾਂਡੇ ਖ਼ਰੀਦਣ ਜਾਂਦਾ ਤੇ ਮਹਿੰਗੇ ਖ਼ਰੀਦ ਕੇ ਸਸਤੇ ਵੇਚਦਾ ਤੇ ਪੈਸੇ ਉਜਾੜਦਾ ਰਿਹਾ। ਜਦੋਂ ਮਾਲ ਮਤਾ ਮੁਕ ਗਿਆ ਤਾਂ ਤੁਲੇ ਦੀਆਂ ਗਾਵਾਂ ਮੱਝਾਂ ਦਾ ਕਾਮਾ ਬਣ ਗਿਆ ਅਤੇ ਮਹੀਂਵਾਲ ਅਖਵਾਣ ਲੱਗਾ। ਪਰ ਸੋਹਣੀ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ। ਇਕ ਦਿਨ ਉਸ ਨੇ ਸੋਹਣੀ ਨੂੰ ਆਪਣੀ ਸਾਰੀ ਵਿਥਿਆ ਕਹਿ ਸੁਣਾਈ ਤੇ ਸੋਹਣੀ ਅੰਦਰ ਵੀ ਇਸ਼ਕ ਦੀ ਅੱਗ ਭੜਕ ਉਠੀ।

ਗੱਲ ਸ਼ਹਿਰ ਵਿਚ ਹੁਲ ਗਈ ਤੇ ਤੁਲੇ ਨੇ ਮਹੀਂਵਾਲ ਨੂੰ ਜਵਾਬ ਦੇ ਦਿਤਾ। ਸੋਹਣੀ ਦਾ ਵਿਆਹ ਕਿਧਰੇ ਹੋਰ ਥਾਂ ਕਰ ਦਿਤਾ ਗਿਆ ਪਰ ਉਹ ਕੇਵਲ ਇਕ ਰਾਤ ਹੀ ਸੌਹਰੇ ਰਹੀ ਤੇ ਫਿਰ ਪੇਕੇ ਆ ਗਈ। ਮਹੀਂਵਾਲ ਨੂੰ ਸੋਹਣੀ ਨੂੰ ਮਿਲਣ ਲਈ ਫ਼ਕੀਰ ਬਣਨਾ ਪਿਆ। ਸੋਹਣੀ ਨੇ ਮਹੀਂਵਾਲ ਨੂੰ ਝਨਾਂ ਦੇ ਕੰਢੇ ਧੂਣੀ ਰਮਾ ਕੇ ਬੈਠ ਜਾਣ ਨੂੰ

ਭਾਰੀ ਹੜ੍ਹ ਆ ਗਿਆ ਤੇ ਕੋਈ ਮੱਛੀ ਨਾ ਫੜੀ
ਤਾਂ ਉਸ ਨੇ 'ਪੱਟ' ਚੀਰਾ ਕਾਦਰਾ ਚੀਰ ਖੱਲ ਉ
ਉਸ ਮਾਸ ਨੂੰ ਭੁੰਨ ਕੇ ਸੋਹਣੀ ਅਗੇ ਜਾ ਧਰਿ
ਸੋਹਣੀ ਨੇ ਮਾਸ ਮੂੰਹ ਲਗਾਂਦਿਆਂ ਥੁਕ ਦਿਤਾ। ਮਹ
ਸਾਰੀ ਗੱਲ ਦੱਸੀ ਤੇ ਜ਼ਖ਼ਮੀ ਪੱਟ ਵਿਖਾਇਆ।
ਸੋਹਣੀ ਨੇ ਖ਼ੁਦ ਮਹੀਂਵਾਲ ਕੋਲ ਦਰਿਆ
ਜਾਣ ਦਾ ਫ਼ੈਸਲਾ ਕੀਤਾ। ਕੁਝ ਦਿਨ ਸੋਹਣੀ ਘ
ਤਰ ਕੇ ਪਾਰ ਜਾਂਦੀ ਰਹੀ। ਘੜੇ ਨੂੰ ਉਹ ਦ
ਕੰਢੇ ਬੂਟਿਆਂ ਵਿਚ ਛੁਪਾ ਆਉਂਦੀ। ਇਕ ਦਿਨ
ਨਨਾਣ ਨੂੰ ਪਤਾ ਲੱਗਾ ਤੇ ਉਸ ਨੇ ਪੱਕੇ ਘੜੇ ਦੀ
ਘੜਾ ਰਖ ਦਿਤਾ। ਸੋਹਣੀ ਕੱਚੇ ਘੜੇ ਨੂੰ ਵੇਖ
ਗਈ। ਪਰ ਇਸ਼ਕ ਵਿਚ ਉਹ ਸਿਦਕ ਨਹੀਂ ਸੀ
ਚਾਹੁੰਦੀ ਤੇ ਕੱਚੇ ਘੜੇ ਉਤੇ ਹੀ ਠਿਲ ਪਈ।
ਵਿਚ ਸਖ਼ਤ ਹੜ੍ਹ ਆਇਆ ਪਿਆ ਸੀ; ਸੋਹਣੀ
ਖੁਰ ਜਾਣ ਨਾਲ ਡੁਬ ਗਈ ਤੇ ਉਸ ਦੀ ਅ
ਕੂਕ ਫ਼ਰਿਆਦ ਸੁਣ ਕੇ ਪਾਰਲੇ ਕੰਢੇ ਤੋਂ ਮਹੀਂ
ਦਰਿਆ ਵਿਚ ਛਾਲ ਮਾਰ ਕੇ ਕੁਦ ਪਿਆ ਤੇ
ਪਾਣੀ ਵਿਚ ਰੁੜ੍ਹ ਗਿਆ। ਕਾਦਰਯਾਰ ਅਨੁਸਾ
ਦੀਆਂ ਲਾਸ਼ਾਂ ਇਕੱਠੀਆਂ ਹੋ ਕੇ ਤਖ਼ਤ ਹਜ਼
ਲੱਗੀਆਂ।

(ਮ-206) **ਮਿਰਜ਼ਾ ਸਾਹਿਬਾਂ** :

ਪੰਜਾਬ ਦੀ ਇਕ ਪ੍ਰਸਿਧ ਪ੍ਰੇਮ ਗਾਥਾ; ਮਿਰਜ਼ਾ
ਦੇ ਸਮੇਂ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ
ਪਰ ਸਾਹਿਤਕ ਗਵਾਹੀਆਂ ਤੋਂ ਪਤਾ ਲਗਦਾ ਹੈ ਕਿ
ਕਿੱਸਾ ਬਹੁਤਾ ਪੁਰਾਣਾ ਨਹੀਂ। ਭਾਈ ਗੁਰਦਾਸ
ਵਾਰ ਦੀ ਪਉੜੀ ਵਿਚ ਪੰਜਾਬ ਦੇ ਪ੍ਰਸਿਧ ਪ੍ਰੇਮੀਆ
ਸੰਕੇਤ ਕਰਦਿਆਂ ਮਿਰਜ਼ਾ ਸਾਹਿਬਾਂ ਦਾ ਜ਼ਿਕਰ ਨਹ
ਜਿਸ ਤੋਂ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ
ਕਹਾਣੀ ਉਦੋਂ ਪ੍ਰਚਲਿਤ ਨਹੀਂ ਸੀ।

ਪੀਲੂ ਨੇ ਸਭ ਤੋਂ ਪਹਿਲਾਂ ਮਿਰਜ਼ਾ ਸਾ
ਕਿੱਸਾ ਲਿਖਿਆ। ਇਸ ਕਿੱਸੇ ਨੂੰ ਬਾਅਦ ਦੇ ਕ
ਵੀ ਆਧਾਰ ਬਣਾਇਆ। ਪਰ ਪੀਲੂ ਦਾ ਸਮਾਂ ਕਿ
ਨਿਸਚਿਤ ਨਹੀਂ ਕੀਤਾ। ਪੀਲੂ ਮਗਰੋਂ ਹਾਫ਼ਜ਼ ਬਰ
ਨੇ ਜੋ 1676 ਈ: ਵਿਚ ਔਰੰਗਜ਼ੇਬ ਦੇ ਸਮੇਂ

ਮਿਰਜ਼ਾ ਸਾਹਿਬਾਂ ਦਾ ਸਾਕਾ ਸੰਨ 1625 ਈ: ਤੋਂ 1676 ਈ: ਦੇ ਵਿਚਕਾਰ ਹੋਇਆ (ਬਬੀਹਾ ਬੋਲ, ਪੰਨਾ 90)।

ਅਸਲ ਵਿਚ ਕਿਸੇ ਵਾਸਤਵਿਕ ਕਥਾ ਨੂੰ ਦੰਦ ਕਥਾ ਬਣਨ ਲਈ ਸਮੇਂ ਦੀ ਚੋਖੀ ਵਿਥ ਦਰਕਾਰ ਹੁੰਦੀ ਹੈ। ਵਾਸਤਵਿਕ ਕਥਾ ਉਦੋਂ ਹੀ ਦੰਦ-ਕਥਾ ਬਣਦੀ ਹੈ ਜਦੋਂ ਉਹ ਲੋਕ-ਮਾਨਸ ਦੇ ਗਾਲੇ ਵਿਚ ਪੈ ਕੇ ਲੋਕ-ਦੰਦਾਂ ਵਿਚ ਚੰਗੀ ਤਰ੍ਹਾਂ ਚਗਲੀ ਜਾਂਦੀ ਹੈ ਤੇ ਸਮੇਂ ਦੀ ਧੂੜ ਨਾਲ ਉਸ ਵਿਚ ਅਨੇਕਾਂ ਲੋਕ-ਮੋਟਿਫ਼ ਤੇ ਰੂੜ੍ਹੀਆਂ ਸਮਾ ਜਾਂਦੀਆਂ ਹਨ। ਸਮੇਂ ਦੀ ਦੂਰੀ ਹੀ ਇਸ ਨੂੰ ਓਜ, ਛਬ ਤੇ ਗੌਰਵ ਬਖ਼ਸ਼ਦੀ ਹੈ। ਮਿਰਜ਼ਾ ਸਾਹਿਬਾਂ ਦੀ ਕਥਾ ਪੀਲੂ ਤੋਂ ਘਟੋ ਘਟ ਦੋ ਤਿੰਨ ਪੀੜ੍ਹੀਆਂ ਪਹਿਲਾਂ ਵਾਪਰੀ ਹੋਵੇਗੀ। ਭਾਈ ਗੁਰਦਾਸ ਦੇ ਸਮੇਂ ਇਹ ਕਥਾ ਇਕ ਛੋਟੇ ਜਿਹੇ ਘੇਰੇ ਵਿਚ ਸਥਾਨਕ ਦੰਦ ਕਥਾ ਦੇ ਰੂਪ ਵਿਚ ਹੀ ਪ੍ਰਚਲਤ ਹੋਵੇਗੀ ਅਤੇ ਇਸ ਨੂੰ ਉਹ ਪ੍ਰਸਿਧਤਾ ਪ੍ਰਾਪਤ ਨਹੀਂ ਹੋਵੇਗੀ ਜਿਹੜੀ ਪੀਲੂ ਦੇ ਕਿੱਸਾ ਰਚਣ ਮਗਰੋਂ ਹੋਈ। ਪੀਲੂ ਨੇ ਹੀ ਇਸ ਕਥਾ ਨੂੰ ਸਥਾਨਿਕ ਘੇਰੇ ਵਿਚੋਂ ਕਢ ਕੇ ਪ੍ਰਦੇਸ਼ਕ ਪੱਧਰ ਉਤੇ ਲਿਆਉਂਦਾ। ਜਾਪਦਾ ਹੈ ਕਿ ਪੀਲੂ ਨੇ ਇਹ ਕਥਾ ਆਪਣੇ ਬਜ਼ੁਰਗਾਂ ਤੋਂ ਸੁਣੀ। ਇਹ ਸਾਕਾ ਸੋਲ੍ਹਵੀਂ ਸਦੀ ਦੇ ਅੱਧ ਵਿਚ ਹੀ ਵਾਪਰਿਆ ਜਾਪਦਾ ਹੈ।

ਮਿਰਜ਼ਾ ਦਾਨਾਬਾਦ ਦੇ ਇਕ ਖਰਲ ਜੱਟ ਬਿੰਝਲ (ਵੰਜਲ) ਦਾ ਪੁੱਤਰ ਸੀ। ਮਿਰਜ਼ੇ ਦੇ ਨਾਨਕੇ ਝੰਗ ਵਿਚ ਸਨ, ਕਈਆਂ ਲੇਖਕਾਂ ਨੇ ਨਾਨਕੇ ਪਿੰਡ ਦਾ ਨਾਂ ਖੀਵਾ ਦਸਿਆ ਹੈ। ਮਿਰਜ਼ਾ ਬਚਪਨ ਵਿਚ ਬਹੁਤਾ ਨਾਨਕੇ ਹੀ ਰਿਹਾ ਤੇ ਉਥੇ ਹੀ ਸਾਹਿਬਾਂ ਨਾਲ ਪ੍ਰੇਮ ਕਰਨ ਲੱਗਾ। ਸਾਹਿਬਾਂ ਸਿਆਲ ਜੱਟ ਦੇ ਇਕ ਸਰਦਾਰ, ਖੀਵੇ ਖ਼ਾਨ ਦੀ ਪੁੱਤਰੀ ਸੀ ਤੇ ਮਿਰਜ਼ੇ ਦੇ ਮਾਮੇ ਦੀ ਧੀ ਸੀ। ਇਹ ਦੋਵੇਂ ਇਕੱਠੇ ਇਕ ਮਸੀਤ ਵਿਚ ਪੜ੍ਹਦੇ ਸਨ। ਜਦੋਂ ਖੀਵੇ ਖ਼ਾਨ ਨੂੰ ਮਿਰਜ਼ੇ ਤੇ ਸਾਹਿਬਾਂ ਦੇ ਪ੍ਰੇਮ ਦਾ ਪਤਾ ਲੱਗਾ ਤਾਂ ਉਸ ਨੇ ਸਾਹਿਬਾਂ ਦੀ ਮੰਗਣੀ ਚੰਦੜ ਜਾਤੀ ਦੇ ਇਕ ਗਭਰੂ ਤਾਹਰ ਨਾਲ ਕਰ ਦਿਤੀ ਤੇ ਮਿਰਜ਼ੇ ਨੂੰ ਦਾਨਾਬਾਦ ਭੇਜ ਦਿਤਾ। ਮੁਸਲਮਾਨਾਂ ਵਿਚ ਮਾਮੇ ਦੀ ਕੁੜੀ ਨਾਲ ਵਿਆਹ ਜਾਇਜ਼ ਹੈ, ਪਰ ਜਾਪਦਾ ਹੈ ਕਿ ਮਿਰਜ਼ੇ ਦੇ ਪਰਵਾਰ ਦੀ ਆਰਥਿਕ ਹਾਲਤ ਬਹੁਤ ਚੰਗੀ ਨਹੀਂ ਸੀ ਜਿਸ ਕਰ ਕੇ

ਉਧਾਲ ਕੇ ਲੈ ਗਿਆ। ਸਾਹਿਬਾਂ ਦੇ ਭਰਾ ਸ਼ਮੀ ਆਪਣੇ ਸਾਥੀਆਂ ਨਾਲ ਮਿਰਜ਼ੇ ਦਾ ਪਿੱਛਾ ਕੀਤਾ ਦਾਨਾਬਾਦ ਦੇ ਰਾਹ ਵਿਚ ਮਿਰਜ਼ੇ ਨੂੰ ਘੇਰ ਲਿਆ ਸ਼ਮੀਰ ਨੇ ਤੀਰ ਨਾਲ ਮਿਰਜ਼ੇ ਨੂੰ ਵਿੰਨ੍ਹ ਸੁਟਿਆ। ਸ ਵੀ ਮਿਰਜ਼ੇ ਦੀ ਕਟਾਰ ਛਾਤੀ ਵਿਚ ਮਾਰ ਕੇ ਮਰ ਪੀਲੂ ਅਨੁਸਾਰ ਮਿਰਜ਼ੇ ਨੂੰ ਨੀਂਦ ਨੇ ਆ ਘੇਰਿ ਸ਼ਮੀਰ ਨੇ ਸੁਤੇ ਪਏ ਮਿਰਜ਼ੇ ਨੂੰ ਆ ਫੜਿਆ। ਮਿ ਤੀਰਾਂ ਦਾ ਭੱਥਾ ਸਾਹਿਬਾਂ ਨੇ ਜੰਡ ਤੇ ਉੱਚਾ ਦਿਤਾ ਸੀ, ਤਾਂ ਜੋ ਮਿਰਜ਼ਾ ਉਸ ਦੇ ਭਰਾਵ ਨਾ ਮਾਰ ਸਕੇ, ਜਦੋਂ ਮਿਰਜ਼ਾ ਉਠਿਆ ਤਾਂ ਉਸ ਨੂੰ ਥਾਂ ਸਿਰ ਨਾ ਮਿਲਿਆ, ਤੇ ਮਾਰਿਆ ਗਿਆ।

### (ਮ-207) ਮਿਰਜ਼ੇ ਦੀ ਦਰਗਾਹ :

ਇਹ ਦਰਗਾਹ ਝੰਗ ਤੋਂ 12 ਕੁ ਮੀਲ ਚਿਨਿਉ ਜਾਂਦੀ ਸੜਕ ਦੇ ਉਤਰ ਵਲ ਖੀਵਾ ਪਿੰਡ ਵਿਚ ਹੈ। ਇਸੇ ਖੀਵੇ ਪਿੰਡ ਦੀ ਰਹਿਣ ਵਾਲੀ ਸੀ। ਇਹ ਪਿੰਡ ਦੇ ਪੱਛਮ ਵਲ ਹੈ। ਸਥਾਨਕ ਕਥਾਵਾਂ ਮਿਰਜ਼ੇ ਨੇ ਇਥੇ ਪ੍ਰਣ ਲਿਆ ਸੀ ਕਿ ਜੇ ਉਹ ਨਾਲ ਨਿਕਾਹ ਨਾ ਕਰ ਸਕਿਆ ਤਾਂ ਉਹ ਉਸ ਨੂੰ ਉ ਲੈ ਜਾਵੇਗਾ। ਮਿਰਜ਼ੇ ਨੇ ਇਹ ਪ੍ਰਣ ਪੂਰਾ ਕੀਤਾ, ਇਸ ਦਰਗਾਹ ਦਾ ਨਾਉਂ 'ਮਿਰਜ਼ੇ ਦੀ ਦਰਗਾ ਗਿਆ। ਕਹਿੰਦੇ ਹਨ ਇਸ ਦਰਗਾਹ ਤੇ ਸੁੱਖੀ ਪੂਰੀ ਹੋ ਜਾਂਦੀ ਹੈ। ਇਲਾਕੇ ਦੇ ਗਭਰੂ ਤੇ ਮੁ ਆਪਣੀਆਂ ਪ੍ਰੀਤਾਂ ਬਾਰੇ ਪ੍ਰਣ ਇਥੇ ਹੀ ਲੈਂਦੀਆਂ ਤੇ ਸੁਖਦੀਆਂ ਹਨ।

### (ਮ-208) ਮ੍ਰਿਤਕ ਪ੍ਰਾਣੀ :

ਮ੍ਰਿਤਕ ਪ੍ਰਾਣੀ ਦੀ ਜੀਵਾਤਮਾ ਨਾਲ ਕਈ ਭਰਮ ਵਹਿਮ ਜੁੜੇ ਹੋਏ ਹਨ। ਲੋਕਾਂ ਦਾ ਨਿਸਚ ਮਰਨ ਮਗਰੋਂ ਕਈ ਪ੍ਰਾਣੀਆਂ ਦੀ ਜੀਵਾਤਮਾ ਘਰ ਛਡਦੀਆਂ, ਜੇ ਘਰ ਥੋੜ੍ਹੀ ਦੇਰ ਲਈ ਛਡ ਵੀ ਮੁੜ ਪਰਤ ਕੇ ਆ ਜਾਂਦੀਆਂ ਹਨ ਤੇ ਘਰ ਦੇ ਤੰਗ ਕਰਦੀਆਂ ਹਨ। ਮ੍ਰਿਤਕ ਦੀ ਜੀਵਾਤਮਾ ਕਿਸੇ ਹੋਰ ਰੂਪ ਵਿਚ ਮੁੜ ਘਰ ਨਾ ਆ ਜਾਵੇ, ਰਖਿਆ ਲਈ ਕਈ ਉਪਾਅ ਪ੍ਰਚਲਤ ਹਨ। ਇਕ

ਘਰ ਆ ਜਾਣ ਦਾ ਅੰਦੇਸ਼ਾ ਵਧੇਰੇ ਹੁੰਦਾ ਹੈ, ਅਜਿਹੀ ਤੀਵੀਂ ਦੀ ਅਰਥੀ ਘਰੋਂ ਕੱਢਣ ਲਗਿਆਂ, ਪਹਿਲਾਂ ਉਸ ਦੀ ਮ੍ਰਿਤਕ ਦੇਹ ਦੇ ਹੱਥਾਂ ਪੈਰਾਂ ਵਿਚ ਕਿੱਲਾਂ ਠੋਕ ਦਿਤੀਆਂ ਜਾਂਦੀਆਂ ਹਨ ।

ਮੁਸਲਮਾਨਾਂ ਵਿਚ ਵੀ ਮ੍ਰਿਤਕ ਪ੍ਰਾਣੀ ਦੇ ਪ੍ਰੇਤ ਤੋਂ ਰਖਿਆ ਲਈ ਕਈ ਉਪਾਅ ਵਰਤੇ ਜਾਂਦੇ ਹਨ । ਨਵਾਬ ਬਹਾਵਲਪੁਰ ਦੇ ਮਹਿਲਾਂ ਵਿਚੋਂ ਜਦੋਂ ਕਿਸੇ ਸ਼ਖਸ ਦੀ ਮ੍ਰਿਤੂ ਹੋ ਜਾਂਦੀ ਤਾਂ ਉਸ ਦੀ ਦੇਹ ਨੂੰ ਦਰਵਾਜ਼ੇ ਵਿਚੋਂ ਲੰਘਾ ਕੇ ਬਾਹਰ ਕਢਣ ਦੀ ਥਾਂ ਕੰਧ ਨੂੰ ਪਾੜ ਕੇ ਬਾਹਰ ਕਢਿਆ ਜਾਂਦਾ ਤੇ ਉਸ ਸੁਰਾਖ਼ ਨੂੰ ਝਟ ਪਿਛੋਂ ਹੀ ਪੂਰ ਦਿਤਾ ਜਾਂਦਾ । ਇਸ ਨੂੰ ਜਨਾਜ਼ੇ ਦਾ ਸੁਰਾਖ਼ ਕਹਿੰਦੇ ਹਨ । ਮਲੇਰਕੋਟਲਾ ਰਿਆਸਤ ਵਿਚ ਇਸ ਗੱਲ ਦੀ ਮਨਾਹੀ ਰਹੀ ਸੀ ਕਿ ਬਾਹਰੋਂ ਕਦੇ ਕਿਸੇ ਲਾਸ਼ ਨੂੰ ਸ਼ਹਿਰ ਵਿਚ ਲਿਆਉਣਾ ਹੋਏ, ਜੇ ਮਜਬੂਰਨ ਲਿਆਉਣਾ ਪਏ ਤਾਂ ਪਹਿਲਾਂ ਅਧਿਕਾਰੀਆਂ ਤੋਂ ਉਚੇਚੀ ਆਗਿਆ ਲੈਣੀ ਪੈਂਦੀ ਸੀ, ਜੇ ਆਗਿਆ ਮਿਲ ਜਾਵੇ ਤਾਂ ਦੇਹ ਨੂੰ ਸ਼ਹਿਰ ਦੇ ਅੰਦਰ ਕਿਸੇ ਮੁਖੀ ਦੁਆਰ ਵਿਚੋਂ ਲਿਆਉਣ ਦੀ ਥਾਂ ਕੰਧ ਪਾੜ ਕੇ ਲਿਆਂਦਾ ਜਾਂਦਾ ਸੀ ।

ਮੁਗ਼ਲ ਬਾਦਸ਼ਾਹਾਂ ਦੇ ਵੇਲੇ ਵੀ ਇਸ ਤਰ੍ਹਾਂ ਦੇ ਉਪਾਅ ਕੀਤੇ ਜਾਂਦੇ ਸਨ । ਅਕਬਰ ਤੇ ਸ਼ਾਹ ਜਹਾਨ ਦੀਆਂ ਲਾਸ਼ਾਂ ਨੂੰ ਮਹਿਲਾਂ ਵਿਚੋਂ ਵਿਸ਼ੇਸ਼ ਰਸਤਿਓਂ ਬਾਹਰ ਕਢਿਆ ਗਿਆ ਸੀ (ਸਮਿਥ, ਅਕਬਰ, 327) ।

## (ਮ-209) **ਮਿਰਦੰਗ** :

ਇਕ ਪ੍ਰਾਚੀਨ ਸਾਜ਼ ਜੋ ਢੋਲਕੀ ਦੀ ਸ਼ਕਲ ਦਾ ਹੁੰਦਾ ਹੈ । ਇਹ ਵਿਚਕਾਰੋਂ ਚੌੜਾ ਤੇ ਮੂੰਹ ਵਲੋਂ ਪਤਲਾ ਹੁੰਦਾ ਹੈ ਅਤੇ ਇਸ ਦੇ ਦੋਵੇਂ ਸਿਰੇ ਚਮੜੇ ਨਾਲ ਮੜ੍ਹੇ ਹੁੰਦੇ ਹਨ । ਮੱਧਕਾਲ ਵਿਚ ਇਸ ਸਾਜ਼ ਨੂੰ ਕੀਰਤਨ ਮੰਡਲੀਆਂ ਵਰਤਿਆ ਕਰਦੀਆਂ ਸਨ ।

## (ਮ-210) **ਮਿਰਾਸੀ** :

ਮਿਰਾਸੀ ਅਰਬੀ ਸ਼ਬਦ 'ਮਿਰਾਸ' ਜਿਸ ਦਾ ਭਾਵ ਹੈ 'ਵਿਰਸਾ' ਤੋਂ ਬਣਿਆ ਹੈ । ਪੰਜਾਬ ਦੇ ਹਰ ਪਿੰਡ ਵਿਚ ਮਿਰਾਸੀ ਮਿਲਦੇ ਸਨ ਅਤੇ ਇਨ੍ਹਾਂ ਦੇ ਜ਼ਿੰਮੇ ਕਈ ਸਮਾਜਕ ਕਰਤੱਵ ਸਨ ।

ਸੀ ਅਤੇ ਜਦੋਂ ਸਾਕ ਸੰਬੰਧੀ ਵਿਆਹ ਉਤੇ ਆ
ਇਹੋ ਉਨ੍ਹਾਂ ਦੀ ਸੇਵਾ ਕਰਦਾ । ਮ੍ਰਿਤੂ ਸਮੇਂ ਅਫ਼ਸੋ
ਲਈ ਜੋ ਸਾਕ ਸੰਬੰਧੀ ਆਉਂਦੇ ਉਨ੍ਹਾਂ ਦੀ ਸੇ
ਹਾਜ਼ਰ ਰਹਿੰਦਾ । ਕਈ ਥਾਈਂ ਗੁਜਰਾਤ ਜ਼ਿਲੇ
ਜ਼ਿੰਮੇਵਾਰੀ ਮਿਰਾਸੀ ਨੂੰ ਅਵੱਸ਼ ਨਿਭਾਣੀਆਂ ਪੈਂ
ਜੇ ਉਹ ਨਾ ਕਰਦਾ ਤਾਂ ਉਸ ਨੂੰ ਪਿੰਡੋਂ ਕਢ ਕੇ
ਨੂੰ ਉਸ ਦੀ ਥਾਂ ਨੀਯਤ ਕੀਤਾ ਜਾਂਦਾ ।

ਪਿੰਡ ਦਾ ਭੱਟ ਅਥਵਾ ਗਵੱਈਆ ਵੀ ਮਿਰ
ਅਤੇ ਆਪਣੇ ਨਾਲ ਸਬੰਧਤ ਕਬੀਲੇ ਦੇ ਮੁਖ
ਬੰਸਾਵਲੀ ਇਸ ਨੂੰ ਸਾਰੀ ਯਾਦ ਹੁੰਦੀ ਅਤੇ ਉ
ਬਹਾਦਰੀ ਤੇ ਹੋਰ ਕਾਰਨਾਮੇ ਇਸ ਨੂੰ ਜ਼ਬਾਨੀ
ਹਨ । ਕਬੀਲੇ ਦੇ ਮੁਖੀਆਂ ਦੀ ਸੇਵਾ ਵਿਚ ਹਾਜ਼ਰ
ਅਤੇ ਉਨ੍ਹਾਂ ਦੇ ਘਰ ਦੇ ਨਿੱਕੇ ਮੋਟੇ ਤੇ ਮਹਿਮਾਨ
ਕਰਦਾ । ਜਦੋਂ ਕਿਧਰੇ ਕਬੀਲੇ ਦਾ ਮੁਖੀਆ ਕਿਸੇ
ਸ਼ਾਦੀ ਜਾਂ ਸੋਗ ਸਮੇਂ ਬਾਹਰ ਜਾਂਦਾ ਤਾਂ ਇਹ ਨਾਲ
ਜਦੋਂ ਧੀ ਨੂੰ ਸਹੁਰੇ ਜਾਣਾ ਹੁੰਦਾ ਜਾਂ ਨੂੰਹ ਨੂੰ ਪੇਕੇ
ਨਾਲ ਮਿਰਾਸੀ ਜਾਂਦੇ ।

ਮਿਰਾਸੀ ਨੂੰ ਸਾਰੀ ਸੇਵਾ ਬਦਲੇ ਵਿਆਹ
ਹੋਰ ਖ਼ੁਸ਼ੀ ਦੇ ਸਮਾਗਮਾਂ ਉਤੇ ਲਾਗ ਮਿਲਦੀ ।
ਖਫਣ ਦੇ ਕੀਮਤੀ ਕਪੜਿਆਂ ਉਤੇ ਇਸ ਦਾ
ਹੁੰਦਾ । ਵਿਆਹ ਦੇ ਸਮੇਂ ਇਸ ਨੂੰ ਲਾਗ ਮਿਲਦ
ਜੰਞ ਚੜ੍ਹਨ ਵੇਲੇ ਹਰ ਮਿਰਾਸੀ ਜੋ ਨੇੜੇ ਦੇ ਪਿੰਡ
ਆਇਆ ਹੁੰਦਾ, ਉਸ ਨੂੰ ਲਾਗ ਦਿਤੀ ਜਾਂਦੀ, ਜੋ
ਵਿਚ ਇਕ ਆਨੇ ਤੋਂ ਇਕ ਰੁਪਏ ਤਕ ਹੁੰਦੀ ਸੀ ।
ਲੋਕ ਹਰ ਮਿਰਾਸੀ ਨੂੰ ਇਕ ਦੋ ਪੈਸੇ ਦੇਂਦੇ
ਅਖਵਾਉਂਦਾ ਹੈ ।

ਇਬਟਸਨ ਡੂੰਮ ਤੇ ਮਿਰਾਸੀਆਂ ਬਾਰੇ ਲਿਖ
ਡੂੰਮ ਹਿੰਦਵਾਣੀਆ ਨਾਂ ਹੈ ਜਦੋਂ ਕਿ ਮਿਰਾਸੀ ਮੁ
ਤੇ ਅਰਬੀ, ਅਤੇ ਇਹ ਸਾਰੀ ਸ਼੍ਰੇਣੀ ਡੂੰਮ
ਅਖਵਾਉਂਦੇ ਹਨ ਪਰ ਇਹ ਦੋ ਵੱਖੋ ਵੱਖ ਸ਼੍ਰੇਣੀ
ਇਬਟਸਨ ਦਾ ਵਿਚਾਰ ਹੈ ਕਿ ਨੀਵੇਂ ਦਰਜੇ
ਕਿਰਸਾਨੀ ਜਾਤੀਆਂ ਤੇ ਛੋਕੀਆਂ ਜਾਤੀਆਂ ਲਈ
ਉਹ ਕੁਝ ਹੀ ਹਨ ਜੋ ਰਾਜਪੂਤਾਂ ਲਈ ਭੱਟ ।
ਅਗੇ ਚਲ ਕੇ ਲਿਖਦੇ ਹਨ ਮਿਰਾਸੀ ਇਕ

ਕੁਝ ਮਿਰਾਸੀ ਅਜਿਹੇ ਵੀ ਹਨ ਜੋ ਅਰਬੀ ਮੁੱਢ ਦੇ ਹੋਣ ਦਾ ਦਾਅਵਾ ਕਰਦੇ ਹਨ । ਰਵਾਇਤ ਹੈ ਕਿ ਪੈਗੰਬਰ ਨੇ, ਇਕ ਵਾਰ, ਮਦੀਨੇ ਦੇ ਇਕ ਮੁਸਲਮਾਨ ਅਕਾਸ਼ਾ ਜਾਂ ਕਾਸ਼ਾ ਨੂੰ ਕੋੜੇ ਮਾਰੇ ਅਤੇ ਜਦੋਂ ਉਨ੍ਹਾਂ ਮੌਤ ਦੇ ਬਿਸਤਰੇ ਉੱਤੇ ਉਨ੍ਹਾਂ ਨੂੰ ਕਿਹਾ ਕਿ ਜਿਸ ਕਿਸੇ ਨੂੰ ਉਨ੍ਹਾਂ ਕਸ਼ਟ ਦਿਤਾ ਹੋਵੇ ਉਹ ਆਪਣਾ ਬਦਲਾ ਚੁਕਾ ਲਏ, ਤਾਂ ਅਕਾਸ਼ਾ ਨੇ ਮੰਗ ਕੀਤੀ ਕਿ ਮਰ ਰਿਹਾ ਪੈਗੰਬਰ ਆਪਣੀ ਪਿੱਠ ਨੰਗੀ ਕਰੇ, ਜਿਸ ਨੂੰ ਉਸ ਚੁੰਮ ਲਿਆ ਤੇ ਹੋਰ ਕੋਈ ਬਦਲਾ ਨਾ ਲਿਆ । ਫਿਰ ਉਸ ਨੇ ਪੈਗੰਬਰ ਦੀ ਉਸਤਤੀ ਗਾਈ ਤੇ ਉਸ ਦੇ ਉੱਤਰ-ਅਧਿਕਾਰੀਆਂ ਨੇ ਪੇਟ ਪਾਲਨ ਲਈ ਬਾਦਸ਼ਾਹ ਤੇ ਅਮੀਰਾਂ ਦੀ ਉਸਤਤੀ ਗਾ ਕੇ ਇਸ ਕਿਰਿਆ ਨੂੰ ਦੁਹਰਾਇਆ । ਉਨ੍ਹਾਂ ਵਿਚ ਇਕ ਮੀਰ ਦੇਸ਼ ਛਡ ਕੇ ਫ਼ਾਰਸ ਗਿਆ ਅਤੇ ਨਕੀਬ ਦੇ ਅਹੁਦੇ ਉੱਤੇ ਨਿਯੁਕਤ ਹੋ ਗਿਆ । ਇਸ ਹੈਸੀਅਤ ਵਿਚ ਉਸ ਦੇ ਉੱਤਰ-ਅਧਿਕਾਰੀ ਕੁਰੇਸ਼ੀ ਤੇ ਖ਼ਵਾਜਾ ਮਈਧਨ ਉਦ-ਦੀਨ ਚਿਸ਼ਤੀ ਦੇ ਨਾਲ ਭਾਰਤ ਆਏ ਅਤੇ ਸ਼ੇਖ਼ਾਂ ਤੇ ਸੱਯਦਾਂ ਦੇ ਮਿਰਾਸੀ ਬਣੇ । ਇਸ ਤਰ੍ਹਾਂ ਕੁਝ ਮਿਰਾਸੀ ਬਦੇਸ਼ੀ ਮੁੱਢ ਵਾਲੇ ਸਿਧ ਹੁੰਦੇ ਹਨ ।

ਗੁਜਰਾਤ ਵਿਚ ਮਿਰਾਸੀਆਂ ਬਾਰੇ ਰਵਾਇਤ ਪ੍ਰਚਲਤ ਹੈ : ਜਦੋਂ ਅਲੀ ਪੈਗੰਬਰ ਦੇ ਗ੍ਰਿਹਿ ਵਿਖੇ ਉਨ੍ਹਾਂ ਦੇ ਫ਼ਾਤਮਾ ਨਾਲ ਵਿਆਹ ਨੂੰ ਇਕ ਜਲੂਸ ਨਾਲ ਮਨਾਣ ਲਈ ਆਇਆ, ਤਾਂ ਇਕ ਇਕੱਠ ਜੁੜਿਆ ਅਤੇ ਇਕ ਰਸਮ ਅਨੁਸਾਰ ਹਜ਼ਰਤ ਸਾਹਿਬ ਨੂੰ ਦੁੱਧ ਦਾ ਪਿਆਲਾ ਭੇਟ ਕੀਤਾ ਜਾਣ ਲੱਗਾ । ਇਕ ਦੁਧ ਦਾ ਭਰਿਆ ਪਿਆਲਾ ਕਿਸੇ ਅਣਡਿਠ ਹੱਥਾਂ ਵਲੋਂ ਹਜ਼ਰਤ ਨੂੰ ਭੇਟ ਕੀਤਾ ਗਿਆ ਅਤੇ ਇਕ ਗੁਲਾਮ ਵਾਹਿਦ ਨੇ ਫੜ ਕੇ ਹਜ਼ਰਤ ਦੇ ਹੋਠਾਂ ਨੂੰ ਲਗਾਇਆ । ਹਜ਼ਰਤ ਸਾਹਿਬ ਨੇ ਪੀ ਲਿਆ ਤੇ ਗੁਲਾਮ ਨੇ ਲਾਗ ਵਜੋਂ ਕੁਝ ਮੰਗਿਆ ਤਾਂ ਅਲੀ ਨੇ ਦੋ ਲਾਲ ਖ਼ਾਲੀ ਪਿਆਲੇ ਵਿਚ ਪਾ ਦਿਤੇ ਪਰ ਵਾਹਿਦਾ ਨੇ ਵਧੇਰੇ ਸਥਾਈ ਤੇ ਜਿਸ ਉੱਤੇ ਗੁਜ਼ਾਰਾ ਚਲ ਸਕੇ ਸੁਗਾਤ ਮੰਗੀ । ਅਲੀ ਜੋ ਵਿਰਾਸਤ ਦੇ ਕਾਨੂੰਨ ਵਿਚ ਨਿਪੁੰਨ ਸੀ ਨੇ ਉਸ ਨੂੰ ਇਹ ਵਿਦਿਆ ਸਿਖਾਈ ਅਤੇ ਇਸ ਤਰ੍ਹਾਂ ਉਸ ਦੇ ਉੱਤਰ ਅਧਿਕਾਰੀ ਮਿਰਾਸੀ ਅਖਵਾਏ । ਇਸ ਬਾਰੇ ਇਕ ਗੀਤ ਇਉਂ ਪ੍ਰਚਲਤ ਹੈ :

ਖ਼ੁਦਾਏ ਕਾ ਰਾਹੀ ਜੋ ਆਇਆ ਪਾਸ

ਉਹ ਬ੍ਰਹਮ ਦੇ ਪੁੱਤਰ ਕਾਲਕਾ ਦਾਸ ਦੇ ਉੱਤਰ ਅਧਿ
ਵਿਚੋਂ ਹਨ । ਕਾਲਕਾਦਾਸ ਨੇ ਆਪਣੇ ਪਿਉ ਦੇ
ਚੁਣ ਲਿਆ ਅਤੇ ਖ਼ੁਸ਼ ਹੋ ਕੇ ਬ੍ਰਹਮਾ ਨੇ ਉਸ
ਦਿਤਾ ਕਿ ਲੋਕੀਂ ਉਸ ਦਾ ਆਦਰ ਕਰਿਆ ਕਰ
ਜੋ ਵੀ ਉਹ ਕਹੇਗਾ, ਉਹ ਸੱਚ ਹੋਇਆ ਕਰੇਗਾ
ਕਾਰਨ ਹੈ ਕਿ ਲੋਕੀਂ ਅਜ ਤਕ ਮਿਰਾਸੀਆਂ ਉੱਤੇ
ਰਖਦੇ ਹਨ ।

ਮਿਰਾਸੀ ਕਈ ਤਰ੍ਹਾਂ ਦੇ ਹੁੰਦੇ ਹਨ ਤੇ ਜਿਨ੍ਹਾਂ
ਦੇ ਸਮਾਜਕ ਢਾਂਚੇ ਵਿਚ ਆਪਣਾ ਵੱਖਰਾ ਕਰ
ਰਾਏ ਮਿਰਾਸੀ ਕਵਿਤਾ ਵੀ ਰਚਦੇ ਹਨ ਅਤੇ ਇਕ
ਰਾਹੀਂ ਲੋਕਾਂ ਦਾ ਦਿਲ ਪਰਚਾਂਦੇ ਹਨ । ਇਨ੍ਹਾਂ ਦਾ
ਪੱਧਰ ਵੀ ਉੱਚਾ ਗਿਣਿਆ ਜਾਂਦਾ ਹੈ ਤੇ ਇ
ਜੱਟਾਂ ਜਾਂ ਉਚੀਆਂ ਜਾਤੀਆਂ ਦੇ ਹੀ ਮਿਰਾਸੀ ਬਣ
ਰੋਜ਼ ਗਲਾਸਰੀ ਅਨੁਸਾਰ ਰਾਏ ਮਿਰਾਸੀ ਪਾਂਧਿ
ਪੜ੍ਹਨਾ ਲਿਖਣਾ ਸਿੱਖਦੇ ਹਨ ਅਤੇ ਆਪਣੇ ਜਜ
ਬੰਸਾਵਲੀ, ਕਵਿਤਾ ਵਿਚ, ਜ਼ਬਾਨੀ ਯਾਦ ਰ
ਬੱਚੇ ਦੇ ਜਨਮ ਜਾਂ ਵਿਆਹ ਉੱਤੇ ਲਾਗ ਲੈਂਦੇ ਹਨ

ਮੀਰ ਮਿਰਾਸੀ ਕੇਵਲ ਮਹਿਮਾ ਜਾਂ ਵਡਿਆਈ
ਮਿਰਾਸੀ ਹਨ ਤੇ ਇਹ ਵਿਆਹ ਸ਼ਾਦੀ ਜਾਂ ਬੱਚੇ
ਉੱਤੇ ਆਪਣੇ ਜਜਮਾਨਾਂ ਦੀ ਸਿਫ਼ਤ ਵਿਚ ਵਾਰਾਂ
ਕਰਦੇ । ਮੀਰ ਆਦਰ-ਵਾਚਕ ਸ਼ਬਦ ਹੈ । ਹੋ
ਮੀਰ ਸ਼ਬਦ ਅਮੀਰ ਦਾ ਸੰਖੇਪ ਹੋਵੇ ਤੇ ਮੀਰ ਮਿ
ਭਾਵ ਕਿਸੇ ਧਨਾਢ ਦੇ ਮਿਰਾਸੀ ਤੋਂ ਲਿਆ ਜ
ਪਿਛੋਂ ਇਹ ਸ਼ਬਦ ਆਦਰ ਵਾਚਕ ਬਣ ਗਿਆ ਹੋਵੇ

ਢੱਡ ਵਜਾ ਕੇ ਗਾਉਣ ਵਾਲੇ ਮਿਰਾਸ
ਅਖਵਾਉਂਦੇ ਹਨ ਤੇ ਇਹ ਸੂਰਮਿਆਂ ਦੇ ਜਸ
ਗੁਰੂ ਸਾਹਿਬਾਨ ਦੀਆਂ ਸਾਖੀਆਂ ਵੀ ਕਵਿਤਾ ਵਿ
ਸੁਰ ਵਿਚ ਗਾਉਂਦੇ ਹਨ ।

ਰਾਜਪੂਤਾਂ ਦੇ ਮਿਰਾਸੀ ਕਲਾਵੰਤ ਅਖਵਾਉਂ
ਇਨ੍ਹਾਂ ਨੂੰ ਰਾਗਾਂ ਦੀ ਵੀ ਸਮਝ ਹੈ ।

ਮਿਰਾਸੀਆਂ ਦੇ ਵੀ ਆਪਣੇ ਮਿਰਾਸੀ ਹੁੰ
ਮੀਰ ਮਲੰਗ ਅਖਵਾਉਂਦੇ ਹਨ ।

ਰਬਾਬੀ ਵੀ ਮੂਲ ਵਿਚ ਉਹ ਮਿਰਾਸੀ
ਰਬਾਬ ਵਜਾਉਂਦੇ ਹਨ । ਇਹ ਆਪਣਾ ਪਿੱਛਾ
ਦੇਵ ਜੀ ਦੇ ਮਿਰਾਸੀ ਭਾਈ ਮਰਦਾਨੇ ਨਾਲ ਜੋ

ਨੇ ਜੰਡ ਹੇਨ ਬੈਠ ਕੇ ਤਪਸਿਆ ਕੀਤੀ ਤੇ ਉਹ ਜੰਡ ਅਖਵਾਉਣ ਲਗੇ। ਪਿਛੋਂ ਉਸ ਦੀ ਔਲਾਦ ਜੰਡ ਗੋਤ ਅਖਵਾਈ।

ਮਾਨ ਜੱਟਾ ਦੇ ਮਿਰਾਸੀ ਸਿਧੂ ਗੋਤ ਦੇ ਹਨ ਤੇ ਮਾਨਕੇ ਵੀ ਅਖਵਾਉਂਦੇ ਹਨ। ਮਿਰਾਸੀ ਆਮ ਤੌਰ ਉਤੇ ਆਪਣੇ ਜਜਮਾਨਾਂ ਦੀਆਂ ਕਈ ਰਹੁ-ਰੀਤੀਆਂ ਅਪਣਾ ਲੈਂਦੇ ਹਨ। ਜੇ ਜਜਮਾਨ ਵਿਆਹ ਵੇਲੇ ਚਾਰ ਗੋਤਾਂ ਵਿਚ ਵਿਆਹ ਨਾ ਕਰਨ ਤਾਂ ਉਨ੍ਹਾਂ ਦੇ ਮਿਰਾਸੀਆਂ ਵਿਚ ਵੀ ਇਹ ਰੀਤ ਪ੍ਰਚਲਤ ਹੋ ਜਾਂਦੀ ਹੈ।

ਮਿਰਾਸੀ ਧਰਮ ਵਜੋਂ ਮੁਸਲਮਾਨ ਹਨ ਤੇ ਦੇਸ਼ ਦੀ ਵੰਡ ਪਿਛੋਂ ਇਹ ਪਾਕਿਸਤਾਨ ਚਲੇ ਗਏ ਹਨ। ਕੇਵਲ ਰਬਾਬੀ ਤੇ ਢਾਡੀ ਹੀ ਭਾਰਤੀ ਪੰਜਾਬ ਵਿਚ ਮਿਲਦੇ ਹਨ। ਕਈ ਮਿਰਾਸੀ ਹਿੰਦੂਆਂ ਦੇ ਪ੍ਰਭਾਵ ਹੇਠ ਦੇਸ਼ ਦੀ ਵੰਡ ਤੋਂ ਪਹਿਲਾਂ ਦੇਵੀ ਨੂੰ ਵੀ ਪੂਜਦੇ ਸਨ ਤੇ ਦੁਰਗਾ ਭਵਾਨੀ ਦੀਆਂ ਭੇਟਾਂ ਗਾਉਂਦੇ ਸਨ। ਇਸੇ ਤਰ੍ਹਾਂ ਮੰਡੀ ਵਿਚ ਵਸਦੇ ਮਿਰਾਸੀ ਭਾਵੇਂ ਮੁਸਲਮਾਨ ਸਨ ਪਰ ਦੇਵੀ ਭਵਾਨੀ ਤੇ ਦੇਵੀ ਦੀ ਵੀ ਮਹਿਮਾ ਗਾਉਂਦੇ ਸਨ।

ਕੁਝ ਮਿਰਾਸੀ ਸਖੀ ਸਰਵਰ ਨੂੰ ਪੂਜਦੇ ਹਨ ਤੇ ਨਿਗਾਹੇ ਯਾਤਰਾ ਲਈ ਜਾਂਦੇ ਹਨ। ਕੁਝ ਮਿਰਾਸੀ ਪੀਰਾਂ ਫ਼ਕੀਰਾਂ ਦੀ ਵੀ ਪੂਜਾ ਕਰਦੇ ਹਨ। ਗੁਰਦਾਸਪੁਰ ਵਿਚ, ਮਿਰਾਸੀ ਪੀਰ ਮੁਰਤਜ਼ਾ ਨੂੰ ਆਪਣਾ ਪੀਰ ਮੰਨਦੇ ਸਨ ਅਤੇ ਬਟਾਲਾ ਤਹਿਸੀਲ ਵਿਚ ਮਸਾਨੀਆ ਵਿਖੇ ਹਦਾਇਤ ਅਲੀ ਸ਼ਾਹ ਪੀਰ ਦੀ ਮਜ਼ਾਰ ਦੀ ਯਾਤ੍ਰਾ ਵੀ ਕਰਦੇ ਸਨ।

ਮਿਰਾਸੀਆਂ ਵਿਚ ਆਪਣੇ ਬਾਰੇ ਹੇਠਲੀ ਤੁਕ ਪ੍ਰਚਲਤ ਹੈ ਜੋ ਉਨ੍ਹਾਂ ਦੇ ਜਜਮਾਨਾਂ ਨਾਲ ਸਬੰਧ ਉਤੇ ਚਾਨਣ ਪਾਉਂਦੀ ਹੈ:

ਗੁਣੀਆਂ ਕੇ ਸਾਗਰ ਹੈ, ਜਾਤ ਕੇ ਉਜਾਗਰ ਹੈ,
ਭਿਖਾਰੀ ਬਾਦਸ਼ਾਹੋਂ ਕੇ, ਪਰਭੋਂ ਕੇ ਮਿਰਾਸੀ,
ਸਿੰਘੋਂ ਕੇ ਰਬਾਬੀ, ਕਵਾਲ ਪੀਰ ਜਾਦੋਂ ਕੇ,
ਸਭੀ ਹਮੇਂ ਜਨਮ ਹੈ ਡੂਮ ਮਾਲਜਾਦੋਂ ਕੇ।

ਮਿਰਾਸੀਆਂ ਦੀ ਇਕ ਗੋਤ 'ਸਾਪ' ਹੈ। ਇਸ ਗੋਤ ਦੇ ਮਿਰਾਸੀ ਸਰਪ ਪੂਜਾ ਕਰਦੇ ਹਨ। ਸਾਵਨ ਦੇ ਅਖ਼ੀਰ ਵਿਚ, ਇਸ ਗੋਤ ਦੀਆਂ ਮਿਰਾਸਣਾਂ ਆਟੇ ਦਾ ਸੱਪ ਬਣਾ ਕੇ, ਉਸ ਨੂੰ, ਕਾਲੇ ਤੇ ਲਾਲ ਰੰਗ ਨਾਲ ਰੰਗ ਲੈਂਦੀਆਂ ਹਨ

ਹੈ। ਰਾਤੀਂ ਦਹੀਂ ਜੰਮਾ ਕੇ ਰਖਿਆ ਜਾਂਦਾ ਹੈ ... ਇਸ ਮਾਤੀ ਉਤੇ ਗੁੱਗੇ ਦੀ ਪੂਜਾ ਪਿਛੋਂ ਸਾ... ਵੰਡ ਦਿਤਾ ਜਾਂਦਾ ਹੈ। ਕੁਝ ਦਹੀਂ ਸਰਪ ਦੀ ... ਵੀ ਰਖ ਦਿਤਾ ਜਾਂਦਾ ਹੈ।

## (ਮ-211) ਮਿਰਾਜ :

ਮਿਰਾਜ ਦੇ ਸ਼ਾਬਦਿਕ ਅਰਥ 'ਉਪਰ ਵ... ਦੇ ਹਨ। ਕਿਹਾ ਜਾਂਦਾ ਹੈ ਕਿ ਹਜ਼ਰਤ ਮੁਹੰਮ... ਇਕ ਰਾਤ ਸਫ਼ਰ ਕਰ ਕੇ ਸਵਰਗ ਲੋਕ ਨੂੰ ਗ... ਗੱਲ ਦਾ ਕੁਰਾਨ ਵਿਚ ਸੰਖੇਪ ਜਿਹਾ ਵਰਣ... ਸੁੰਨੀਆਂ ਦੀ ਮਿਸ਼ਕਾਤੁਲ ਮਸਬੀਰ ਵਿਚ ਇਸ ਦਾ... ਪੂਰਵਕ ਵਰਣਨ ਹੈ। ਹਜ਼ਰਤ ਮੁਹੰਮਦ ਜਦੋਂ ... ਸਨ ਜਾਂ ਜਬਰੀਲ ਨਾਂ ਦਾ ਫ਼ਰਿਸ਼ਤਾ ਆਇਆ ... ਅੰਦਰ ਨਵੀਂ ਜੋਤ ਜਗਾ ਕੇ ਉਨ੍ਹਾਂ ਨੂੰ 'ਬੁਰਾ... ਚਿੱਟੇ ਘੋੜੇ ਉਤੇ ਬੈਠਾ ਬਹਿਸ਼ਤ ਵਲ ਲੈ ... ਪਹਿਲੇ ਅਸਮਾਨ ਵਿਚ ਉਨ੍ਹਾਂ ਹਜ਼ਰਤ ਆਦਮ ਨੂੰ ... ਦੂਜੇ ਅਸਮਾਨ ਵਿਚ ਈਸਾ ਤੇ ਜੌਨ ਨੂੰ, ਜਿਨ੍ਹਾਂ ... ਦਾ ਸਵਾਗਤ ਕੀਤਾ। ਤੀਜੇ ਅਕਾਸ਼ ਵਿਚ ਉਨ੍ਹਾਂ ... ਚੌਥੇ ਵਿਚ ਇਨੋਚ, ਪੰਜਵੇਂ ਵਿਚ ਅਰੋਨ ਤੇ ... ਮੂਸਾ ਮਿਲਿਆ। ਸਤਵੇਂ ਅਕਾਸ਼ ਵਿਚ ਉਨ੍ਹਾਂ ਨੂੰ ... ਮਿਲਿਆ। ਇਸ ਪਿਛੋਂ ਹਜ਼ਰਤ ਮੁਹੰਮਦ ਨੂੰ ਪਾ... ਸਿਦਰਾਤੁਲ ਮੁੰਤਾਹਾ ਵਿਖਾਇਆ ਗਿਆ ਅਤੇ ... ਦਰਿਆ ਜਿਨ੍ਹਾਂ ਵਿਚ ਦੋ ਸਵਰਗ ਵਿਚ ਵਗਦੇ ... ਦੋ ਧਰਤੀ ਤੇ ਨੀਲ ਤੇ ਇਠਰੇਟ। ਇਸ ਉਪਰੰਤ ... ਦੁੱਧ ਤੇ ਮਾਖਿਓਂ ਭੇਟ ਕੀਤਾ ਗਿਆ ਤੇ ਉ... ਮੁਹੰਮਦ ਸਾਹਿਬ ਨੇ ਦੁੱਧ ਚੁਣਿਆ ਅਤੇ ਜਬਰੀਲ ... ਦੁੱਧ ਧਰਮ ਹੈ, ਫਿਰ ਰੱਬੀ ਆਗਿਆ ਨਾਲ ... ਮਾਤ ਲੋਕ ਵਿਚ ਭੇਜਿਆ ਗਿਆ। ਅਤੇ ਪੰਜਾ... ਰੋਜ਼ ਪੜ੍ਹਨ ਦਾ ਹੁਕਮ ਦਿਤਾ। ਪਰ ਮੂਸਾ ਦੇ ਕ... ਮੁਹੰਮਦ ਸਾਹਿਬ ਨੇ ਮੁੜ ਅਲ੍ਹਾ ਦੇ ਦਰਬਾਰ ... ਨਮਾਜ਼ਾਂ ਬਖ਼ਸ਼ਾ ਲਈਆਂ ਤੇ ਪੰਜ ਨਮਾਜ਼ਾਂ ਰੋਜ਼ ਦੀ... ਕਰਨ ਦਾ ਹੁਕਮ ਹੋਇਆ। ਮੂਸਾ ਇਸ ਨੂੰ ਵੀ ... ਦਸਦਾ ਸੀ ਪਰ ਮੁਹੰਮਦ ਸਾਹਿਬ ਮੁੜ ਰਬ ਕੋਲ... ਹੋਰ ਬਖਸ਼ਵਾਣਾ ਨਹੀਂ ਸੀ ਚਾਹੁੰਦੇ।

ਆਦਿ ਸ਼ਬਦ ਪੜ੍ਹੇ ਜਾਂਦੇ ਹਨ ਤੇ ਅਰਦਾਸ ਮਗਰੋਂ ਮਿਲਣੀ ਕੀਤੀ ਜਾਂਦੀ ਹੈ। ਕੰਨਿਆਂ ਦਾ ਪਿਤਾ ਮਠਿਆਈ ਦਾ ਥਾਲ ਤੇ ਕੁਝ ਰੁਪਏ ਲੈ ਕੇ ਆਪਣੇ ਕੁੜਮ ਨੂੰ ਗਲਵਕੜੀ ਪਾ ਕੇ ਮਿਲਦਾ ਹੈ। ਕਈ ਕੰਨਿਆ ਪੱਖ ਵਾਲੇ ਇਸ ਸਮੇਂ ਪਗੜੀ ਜਾਂ ਹੋਰ ਵਸਤੂ ਭੇਂਟ ਕਰਦੇ ਹਨ। ਕੁੜਮਾਂ ਤੋਂ ਮਗਰੋਂ ਦੋ ਧਿਰਾਂ ਦੇ ਕੁਝ ਹੋਰ ਸਬੰਧੀ ਜਿਵੇਂ ਕੰਨਿਆਂ ਦਾ ਮਾਮਾ, ਚਾਚਾ ਤੇ ਮਾਸੜ ਆਦਿ ਵੀ ਦੂਜੇ ਪਖ ਦੇ ਮਾਮੇ, ਚਾਚੇ ਜਾਂ ਮਾਸੜ ਨੂੰ ਜੱਫੀ ਵਿਚ ਲੈ ਕੇ ਮਿਲਦੇ ਤੇ ਇਕ ਦੂਜੇ ਦੇ ਗਲੇ ਵਿਚ ਹਾਰ ਪਹਿਨਾਂਦੇ ਹਨ, ਮਿਲਣੀ ਵੇਲੇ ਇਸ ਗੱਲ ਦਾ ਧਿਆਨ ਰਖਿਆ ਜਾਂਦਾ ਹੈ ਕਿ ਦੋਹਾਂ ਧਿਰਾਂ ਦੇ ਇਕੋ ਜਿਹੇ ਰਿਸ਼ਤੇ ਵਾਲੇ ਸਬੰਧੀ ਇਕ ਦੂਜੇ ਨਾਲ ਮਿਲਣੀ ਕਰਨ। ਕਈਆਂ ਵਿਚ ਮਿਲਣੀ ਵੇਲੇ ਕੰਨਿਆਂ ਦਾ ਹਰ ਸਬੰਧੀ ਮਿਲਣੀ ਕਰਨ ਵਾਲੇ ਵਰ ਪੱਖ ਦੇ ਸਬੰਧੀ ਨੂੰ ਧਨ ਵਸਤੂ ਦੇਂਦਾ ਹੈ। ਮਿਲਣੀ ਸਮੇਂ ਦੋਵੇਂ ਧਿਰਾਂ ਇਕ ਦੂਜੇ ਦੇ ਸਿਰਾਂ ਤੋਂ ਕੁਝ ਸਿੱਕੇ ਜਾਂ ਰੁਪਏ ਵੀ ਵਾਰਦੇ ਹਨ ਜੋ ਮਗਰੋਂ ਨੈਣ ਜਾ ਚੂਹੜੀ ਨੂੰ ਦੇ ਦਿਤੇ ਜਾਂਦੇ ਹਨ।

ਮਿਲਣੀ ਸਮੇਂ ਕੰਨਿਆ ਪੱਖ ਦੀਆਂ ਤੀਵੀਆ ਸਿਠਣੀਆ ਵੀ ਦੇਂਦੀਆਂ ਹਨ। ਮਿਲਣੀ ਸਮੇਂ ਜੋ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ ਮਿਲਣੀ ਦੇ ਗੀਤ ਕਿਹਾ ਜਾਂਦਾ ਹੈ।

ਮਿਲਣੀ ਦੀ ਰਸਮ ਨੂੰ ਪੇਸਕਾਰਾ ਵੀ ਕਿਹਾ ਜਾਂਦਾ ਹੈ। ਇਹ ਰਸਮ ਵੱਖੋ ਵੱਖ ਜਾਤੀਆਂ ਵਿਚ ਵੱਖ ਵੱਖਰੀ ਹੈ।

ਸਿੱਖਾਂ ਵਿਚ ਪੇਸ਼ਕਾਰਾ ਦਾ ਅਰੰਭ 'ਹਮ ਘਰ ਸਾਜਨ ਆਏ' ਦੇ ਸ਼ਬਦ ਨਾਲ ਕੀਤਾ ਜਾਂਦਾ ਹੈ। ਦੋਵੇਂ ਧਿਰਾਂ ਸ਼ਬਦ ਪੜ੍ਹਦੀਆਂ ਹਨ। ਅਰਦਾਸ ਉਪਰੰਤ ਫਿਰ ਦੋਹਾਂ ਧਿਰਾਂ ਦੀ ਮਿਲਣੀ ਹੁੰਦੀ ਹੈ।

ਕਈ ਹਿੰਦੂਆਂ ਵਿਚ ਇਸ ਸਮੇਂ ਕੁੜੀ ਦਾ ਪਿਉ ਤੇ ਮੁੰਡੇ ਦਾ ਪਿਉ ਇਕ ਦੂਜੇ ਨੂੰ ਤਿਲਕ ਲਗਾਂਦੇ ਹਨ।

(ਮ-213) **ਮੀਆਂ** :

(ੳ) ਮੁਸਲਮਾਨਾ ਵਿਚ ਕਿਸੇ ਪਰਹੇਜ਼ਗਾਰ ਤੇ ਪਾਕ ਫ਼ਕੀਰ ਲਈ ਮੀਆ ਸ਼ਬਦ ਵਰਤਿਆ ਜਾਂਦਾ ਹੈ। ਕੁਲ ਦੇ ਵਡਿਕੇ ਨੂੰ ਵੀ ਆਦਰ ਨਾਲ ਮੀਆਂ ਕਿਹਾ ਜਾਂਦਾ ਹੈ।

(ਅ) ਰਾਜਪੂਤਾ ਦੀ ਇਕ ਗੋਤ।

ਮਜ਼ਾਰ ਨੂੰ ਇਮਾਮ ਅਲੀ-ਉਲ-ਹਕ ਨੇ ਬਣਾਇਆ,
ਆਪਣਾ ਮਜ਼ਾਰ ਵੀ ਸਿਆਲਕੋਟ ਵਿਚ ਹੈ।
ਬਰਖ਼ੁਰਦਾਰ ਬੜੇ ਪਰਹੇਜ਼ਗਾਰ ਤੇ ਕਹਣੀ ਵਾਲੇ
ਪ੍ਰਸਿਧ ਹਨ ਤੇ ਇਨ੍ਹਾਂ ਦੀਆਂ ਅਨੇਕਾਂ ਕਰਾਮਾਤਾਂ
ਵਿਚ ਪ੍ਰਚਲਤ ਹਨ।

(ਮ-215) **ਮੀਆਂ ਬੀਬੀ** :

ਇਕ ਸੰਪਰਦਾਇ ਜੋ ਅਕਬਰ ਦੇ ਰਾਜ ਦੇ ਅੰਤ
ਅਰੰਭ ਹੋਈ ਅਤੇ ਜੋ ਕਦੇ ਹੁਸਿਆਰਪੁਰ ਵਿਚ
ਪ੍ਰਚਲਤ ਸੀ। ਮੀਆਂ ਬੀਬੀ ਮੂਲ ਵਿਚ ਕੌਣ ਸਨ
ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕ
ਇਨ੍ਹਾਂ ਬਾਰੇ ਕਈ ਕਥਾਵਾਂ ਪ੍ਰਚਲਤ ਹਨ। ਇਕ
ਅਨੁਸਾਰ, (ਹੁਸਿਆਰਪੁਰ ਜਿਲੇ ਦੀ ਗਜ਼ਟੀਅਰ, (ਪੰ
ਖ਼ਵਾਜਾ ਕਾਸਿਮ ਦੇ ਪੰਜ ਪੁਤਰ—ਸਾਹ ਮਦਾਰ, ਭੋਲਾ
ਸ਼ੇਖ ਮਦੂ, ਪੀਰ ਸੁਲਤਾਨ ਸ਼ਾਹ ਤੇ ਪੀਰ ਝੁਲਣ ਸ਼ਾ
ਪੰਜ ਧੀਆਂ—ਜਲ ਪਰੀ, ਮਲ ਪਰੀ, ਅਸਮਾਨ
ਹੂਰੀ ਪਰੀ, ਤੇ ਸਬਜ਼ ਪਰੀ ਸਨ। ਖ਼ਵਾਜਾ ਕਾ
ਪੁੱਤਰ ਸਾਹ ਮਦਾਰ ਦਾ ਨਾਂ ਹੀ 'ਮੀਆਂ' ਪਿਆ।

ਇਕ ਹੋਰ ਕਥਨ ਅਨੁਸਾਰ ਸਾਹ ਮਦਾਰ
ਸ਼ੇਖ ਸੀ ਤੇ ਇਸ ਦਾ ਅਸਲੀ ਨਾਂ ਬਦਰ-ਉਦ-ਦੀਨ
ਇਹ ਰੂਮ ਤੋਂ ਭਾਰਤ ਆ ਕੇ ਕਿਸੇ ਪੱਤੇਬਾਜ਼ ਦੇ
ਰਿਹਾ, ਜੋ ਆਪਣੀਆਂ ਹੱਥਾਂ ਦੀਆ ਚਲਾਕੀਆਂ
ਬਾਦਸ਼ਾਹ ਨੂੰ ਖ਼ੁਸ਼ ਕਰ ਕੇ ਪੇਟ ਪੂਰਿਆ ਕਰਦਾ
ਸ਼ਾਹ ਮਦਾਰ ਦੇ ਸ਼ਾਹੀ ਮਹਿਮਾਣ ਬਣ ਕੇ ਰਹਿਣ
ਉਸ ਪਤੇਬਾਜ਼ ਦਾ ਕੰਮ ਚਮਕਦਾ ਗਿਆ ਤੇ ਬਾਦਸ਼ਾਹ
ਉਸ ਉਤੇ ਮੇਹਰਬਾਨੀਆਂ ਵਧਦੀਆ ਗਈਆਂ। ਪਤੇਬ
ਉਸ ਦਾ ਪਰਵਾਰ ਇਹੋ ਸਮਝਦਾ ਸੀ ਕਿ ਇਹ ਸ
ਸ਼ਾਹ ਮਦਾਰ ਦੇ ਆਤਮਿਕ ਬਲ ਸਦਕਾ ਹੋਇਆ ਹੈ।

ਪਤੇਬਾਜ਼ ਦੀਆਂ ਧੀਆਂ ਸਾਹ ਮਦਾਰ ਨੂੰ
ਕਹਿੰਦੀਆਂ ਸਨ ਤੇ ਸਾਹ ਮਦਾਰ ਉਨ੍ਹਾਂ ਨੂੰ 'ਬੀਬੀ'
ਕਰਦਾ। ਬੀਬੀ ਦਾ ਸਾਹ ਮਦਾਰ ਦੇ ਆਤਮਿਕ ਬਲ
ਨਿਸਚਾ ਸੀ ਤੇ ਉਹ ਉਸ ਨਾਲ ਸ਼ਰਧਾ ਰਖਦੀਆਂ
ਇਕ ਵਾਰ ਬਾਦਸ਼ਾਹ ਆਪਣੇ ਵਜ਼ੀਰ ਦੀਆਂ ਗੱਲਾਂ
ਆ ਗਿਆ, ਵਜ਼ੀਰ ਪਤੇਬਾਜ਼ ਤੋਂ ਖੁਣਸ ਖਾਇਆ

ਕਰਾਮਾਤ ਪਿਛੇ ਕਿਸ ਦਾ ਹੱਥ ਹੈ ਪਰ ਮੀਆਂ ਆਪਣੇ ਆਪ ਨੂੰ ਪ੍ਰਗਟ ਨਹੀਂ ਸਨ ਕਰਨਾ ਚਾਹੁੰਦਾ ਤੇ ਉਸ ਨੇ ਰਾਜਧਾਨੀ ਨੂੰ ਛਡ ਦੇਣ ਦਾ ਫੈਸਲਾ ਕੀਤਾ। ਲੜਕੀਆਂ ਮੀਆਂ ਬਿਨਾਂ ਨਹੀਂ ਸਨ ਰਹਿੰਦੀਆਂ ਤੇ ਮੀਆਂ ਉਨ੍ਹਾਂ ਨੂੰ ਲੈ ਕੇ ਅਲੋਪ ਹੋ ਗਿਆ।

ਇਕ ਹੋਰ ਕਥਨ ਅਨੁਸਾਰ ਮੀਆਂ ਦਿੱਲੀ ਦਾ ਇਕ ਸ਼ੇਖ ਸੀ ਤੇ ਉਸ ਦਾ ਨਾਂ ਸਦੂ ਸੀ। ਉਹ ਬੜਾ ਸਿਆਣਾ ਹਕੀਮ ਸੀ ਤੇ ਉਸ ਬਾਰੇ ਕਿਹਾ ਜਾਂਦਾ ਸੀ ਕਿ ਉਸ ਜਿੰਨ ਭੂਤ ਵਸ ਕੀਤੇ ਹੋਏ ਸਨ। ਉਸ ਦੇ ਕਈ ਚੇਲੇ ਸਨ ਜਿਵੇਂ ਮੀਆਂ ਬੋਲਨ ਸ਼ਾਹ, ਮੀਆਂ ਚੰਨਣ, ਮੀਆਂ ਸ਼ਾਹ ਮਦਾਰ, ਮੀਆਂ ਮਲੇਰੀ, ਸ਼ਾਹ ਪਰੀ, ਹੂਰ ਪਰੀ, ਮੋਹਰ ਪਰੀ, ਨੂਰ ਪਰੀ, ਉਸਮਲ ਪਰੀ ਤੇ ਗੰਗਾ ਪਰੀ। ਪਰੀ ਤੀਵੀਆਂ ਦੇ ਨਾਂ ਦੇ ਅੰਤ ਵਿਚ ਵਰਤਿਆ ਜਾਂਦਾ ਸੀ ਤੇ ਇਹ ਸਭ ਪਰੀਆਂ ਬੀਬੀ ਅਖਵਾਉਂਦੀਆਂ ਸਨ ਤੇ ਸ਼ੇਖ ਨੂੰ ਤੀਵੀਆਂ ਨਾਲ ਸਨੇਹ ਹੋਣ ਕਰਕੇ ਮੀਆਂ ਬੀਬੀ ਅਖਵਾਉਂਦਾ।

ਕਿਹਾ ਜਾਂਦਾ ਹੈ ਕਿ ਮੀਆਂ ਜੋ ਤੀਵੀਆਂ ਦਾ ਬੜਾ ਸ਼ੌਕੀਨ ਸੀ ਹਿਕਮਤ ਰਾਹੀਂ ਤੀਵੀਆਂ ਦੀਆ ਬੀਮਾਰੀਆਂ ਤਾਂ ਦੂਰ ਕਰ ਦੇਂਦਾ, ਪਰ ਇਸਨੂੰ ਆਤਮਿਕ ਬਲ ਦਸਦਾ। ਮੀਆਂ ਨੇ ਆਪਣੇ ਕੋਲ ਇਕ ਦੀਵਾ ਰਖਿਆ ਹੋਇਆ ਸੀ। ਰਵਾਇਤ ਸੀ ਕਿ ਇਸ ਜਾਦੂ ਦੇ ਦੀਵੇ ਰਾਹੀਂ ਉਹ ਜਿਸ ਤੀਵੀਂ ਨੂੰ ਚਾਹੁੰਦਾ ਵਸ ਕਰ ਲੈਂਦਾ। ਕਿਹਾ ਜਾਂਦਾ ਹੈ ਕਿ ਰਾਜੇ ਦੀ ਬੇਟੀ ਮੀਆਂ ਨਾਲ ਪ੍ਰੇਮ ਕਰਨ ਲਗ ਪਈ ਤੇ ਜਦੋਂ ਰਾਜੇ ਨੂੰ ਪਤਾ ਲਗਾ ਤਾਂ ਉਸ ਨੇ ਮੀਆ ਨੂੰ ਕਤਲ ਕਰਵਾ ਦਿਤਾ ਤੇ ਉਸ ਦਾ ਦੀਵਾ ਤਬਾਹ ਕਰ ਦਿਤਾ। ਉਸ ਦੇ ਸਾਥੀ ਰਾਜੇ ਦੀ ਕਰੋਪੀ ਤੋਂ ਡਰਦੇ ਨਸ ਗਏ। ਬੋਲਨ ਸ਼ਾਹ ਭੁੰਨਾਵਾਲ ਤਹਿਸੀਲ ਗੜ੍ਹਸ਼ੰਕਰ ਜਾ ਟਿਕਿਆ। ਮੀਆਂ ਮਲੇਰੀ ਮਲੇਰ ਕੋਟਲਾ, ਸ਼ਾਹਮਦਾਰ ਦੱਖਨ ਵਲ ਚਲਾ ਗਿਆ, ਜਿਥੇ ਉਸ ਦੀ ਮਜ਼ਾਰ ਹੈ ਤੇ ਮੀਆਂ ਚੰਨਣ ਅਫ਼ਗਾਨਿਸਤਾਨ ਵਿਚ, ਜਿਥੇ ਉਸ ਦੀ ਮਜ਼ਾਰ ਹੁਣ ਤਕ ਮੌਜੂਦ ਹੈ।

ਮੀਆਂ ਬੀਬੀ ਦੀ ਸੰਪਰਦਾਇ ਪਹਿਲਾਂ ਮੁਸਲਮਾਨਾਂ ਵਿਚ ਫੈਲੀ ਤੇ ਫਿਰ ਕਈ ਹਿੰਦੂ ਵੀ ਇਸ ਸੰਪਰਦਾਇ ਵਿਚ ਆ ਰਲੇ, ਖ਼ਾਸ ਤੌਰ ਉਤੇ ਭਟੀ, ਸੈਨੀ ਤੇ ਮਿਰਾਸੀ। ਕੁਝ ਰਾਜਪੂਤ ਵੀ ਇਸ ਸੰਪਰਦਾਇ ਨੂੰ ਮੰਨਣ ਲਗੇ। ਮੀਆਂ ਬੀਬੀ ਦੀ ਪੂਜਾ ਇਸਤ੍ਰੀਆਂ ਹੀ ਕਰਦੀਆਂ ਹਨ,

ਪੁਜਾਰਨ ਹੁੰਦੀ ਹੈ ਉਹ ਸਜ ਧਜ ਕੇ ਨਵੀਂ ਵਹੁ
ਬੈਠ ਜਾਂਦੀ ਹੈ। ਇਕ ਮਿਰਾਸਣ ਨੂੰ ਸਦ ਲਿਆ
ਜੋ ਉਸ ਦੇ ਸਾਹਮਣੇ ਬਹਿ ਕੇ ਮੀਆਂ ਦੀ ਮਰਦ
ਉਸ ਦੀਆ ਬੀਬੀਆਂ ਪ੍ਰਤੀ ਪ੍ਰੇਮ ਭਾਵਨਾ
(ਢੋਲਕੀ ਦੀ ਸੁਰ ਵਿਚ) ਗਾਉਂਦੀ ਹੈ। ਪੂਜਾ ਕਰ
ਤੀਵੀਂ ਸਿਰ ਝੁਲਾਂਦੀ ਹੋਈ ਹੱਥ ਮਾਰਦੀ ਹੈ ਤੇ
ਤਾਲ ਨਾਲ ਝੂਲਦੀ ਤੇ ਅਰਧ-ਬੇਹੋਸ਼ੀ ਵਿਚ ਆ
ਤੇ ਉਸ ਵਿਚ ਮੀਆਂ ਦੀ ਆਤਮਾ ਪ੍ਰਵੇਸ਼ ਕਰ ਗ
ਜਾਂਦਾ ਹੈ। ਇਸ ਸਮੇਂ ਉਸ ਨੂੰ ਜੋ ਭੇਟਾਂ ਚੜ੍ਹੀਆਂ
ਹਨ, ਉਹ ਮਿਰਾਸਣਾਂ ਲੈ ਜਾਂਦੀਆਂ ਹਨ। ਉਸ
ਤੀਵੀਆਂ ਪ੍ਰਸ਼ਨ ਪੁਛਦੀਆਂ ਹਨ ਜਿਸ ਦੇ ਉਤ
ਤੀਵੀਂ ਦੇਂਦੀ ਹੈ ਪਰ ਇਹ ਉਤਰ ਮੀਆਂ ਵਲੋਂ ਦ
ਜਾਂਦੇ ਹਨ।

ਮੀਆਂ ਬੀਬੀ ਦੀ ਪੂਜਾ ਕਰਨ ਵਾਲੀਆਂ
ਗਲ ਵਿਚ ਇਕ ਚਾਂਦੀ ਦਾ ਪਤਰਾ ਪਹਿਨਦੀ
ਜਿਸ ਦੇ ਇਕ ਪਾਸੇ ਮੀਆਂ ਦਾ ਚਿਤ੍ਰ ਹੁੰਦਾ ਹੈ
ਪਾਸੇ ਇਕ ਤਵੀਤ, ਜਿਸ ਉਤੇ ਬੀਬੀ ਦਾ ਚਿਤ੍ਰ ਹੁੰ

### (ਮ-216) ਮੀਆਂ ਮਲੂਕ :

ਮੀਆਂਵਾਲੀ ਦੇ ਇਲਾਕੇ ਦਾ ਇਕ ਪ੍ਰਸਿਦ
ਮੀਆਂ ਮਲੂਕ ਦੀ ਖ਼ਾਨਗਾਹ ਮੀਆਂਵਾਲੀ ਵਿਚ
ਤੋਂ ਦੋ ਮੀਲ ਦੱਖਣ ਵਲ ਇਕ ਪਹਾੜੀ ਉਤੇ ਸ
ਇਹ ਅਠਾਰਵੀਂ ਸਦੀ ਦੇ ਅਰੰਭ ਵਿਚ ਹੋਇਆ
ਖ਼ਾਨਗਾਹ ਦੀ ਸੰਭਾਲ ਮੁਜਾਵਰ ਕਰਦਾ ਹੈ। ਇਸ
ਦੇ ਪੱਛਮ ਵਲ ਇਕ ਦਰਵਾਜ਼ਾ ਹੈ ਜਿਸ ਨੂੰ
ਦਰਵਾਜ਼ਾ ਕਹਿੰਦੇ ਹਨ, ਇਹ ਦਰਵਾਜ਼ਾ ਬੰਦ ਰਹਿ
ਲੋਕਾਂ ਦਾ ਨਿਸਚਾ ਹੈ ਕਿ ਕੋਈ ਵੀ ਸ਼ਖ਼ਸ ਇਸ
ਨੂੰ ਖੋਲ੍ਹਣ ਦੀ ਸਮਰਥਾ ਨਹੀਂ ਰਖਦਾ। ਹਾਂ, ਮੋ
ਦਿਨ ਇਹ ਦਰਵਾਜ਼ਾ ਆਪ ਮੁਹਾਰੇ ਖੁਲ੍ਹ ਜਾਂਦਾ ਹੈ
ਵਾਲੇ ਦਿਨ ਜੇ ਦਰਵਾਜ਼ਾ ਖੁਲ੍ਹਿਆ ਹੋਵੇ ਤਾਂ ਸੈਂਕੜੇ
ਇਸ ਵਿਚੋਂ ਲੰਘਦੇ ਹਨ। ਲੋਕਾਂ ਦਾ ਨਿਸਚਾ ਹੈ
ਦਰਵਾਜ਼ੇ ਵਿਚੋਂ ਲੰਘਣ ਵਾਲਾ ਪ੍ਰਾਣੀ ਬਹਿਸ਼ਤ
ਜਾਂਦਾ ਹੈ।

ਇਸ ਪੀਰ ਦੀ ਇਲਾਕੇ ਵਿਚ ਬੜੀ ਮਾਨ
ਸ਼ਰਧਾਲੂ ਹਰ ਵੀਰਵਾਰ ਇਥੇ ਜ਼ਿਆਰਤ ਲਈ

ਉਹ ਹੀ ਰਟ ਲੈਂਦਾ ਹੈ, ਮੁਸਲਮਾਨ ਤੋਤੇ ਨੂੰ ਆਮ ਤੌਰ ਤੇ ਮੀਆਂ ਮਿੱਠੂ ਸ਼ਬਦ ਰਟਾਂਦੇ ਹਨ ਜਿਸ ਤੋਂ ਤੋਤੇ ਦਾ ਨਾਂ ਮੀਆਂ ਮਿੱਠੂ ਪ੍ਰਚਲਤ ਹੋ ਗਿਆ।

ਮੀਆਂ ਮਿੱਠੂ ਉਸ ਸ਼ਖ਼ਸ ਨੂੰ ਵੀ ਕਿਹਾ ਜਾਂਦਾ ਹੈ ਜੋ ਆਪਣੀ ਵਡਿਆਈ ਕਰਦਾ ਰਹੇ। ਅਖਾਣ ਵੀ ਹੈ : ਆਪਣੇ ਮੂੰਹ ਮੀਆਂ ਮਿੱਠੂ (ਵੇਖੋ : ਤੋਤਾ)।

## (ਮ-218) ਮੀਆਂ ਵਲੀ ਸਾਹਿਬ :

ਇਕ ਪ੍ਰਸਿਧ ਪੀਰ ਜਿਨ੍ਹਾਂ ਦੀ ਖ਼ਾਨਗਾਹ ਠੀਕਰੀਆਂ ਤਹਿਸੀਲ ਅਟਕ ਵਿਖੇ ਹੈ। ਮੀਆਂ ਵਲੀ ਸਾਹਿਬ ਦੇ ਜਨਮ ਤਿਥ ਬਾਰੇ ਲੋਕੀਂ ਬਹੁਤ ਘੱਟ ਜਾਣਦੇ ਹਨ। ਇਹ ਜ਼ਾਤ ਦੇ ਗੁਜਰ ਸਨ।

ਇਨ੍ਹਾਂ ਦੀ ਖ਼ਾਨਗਾਹ ਦੀ ਮਿੱਟੀ ਵਿਚ ਅੱਖਾਂ ਨੂੰ ਅਰੋਗ ਕਰਨ ਦੀ ਬਰਕਤ ਮੰਨੀ ਜਾਂਦੀ ਹੈ। ਅੱਖਾਂ ਦੇ ਰੋਗੀ ਇਨ੍ਹਾਂ ਦੀ ਖ਼ਾਨਗਾਹ ਉਤੇ ਜ਼ਿਆਰਤ ਲਈ ਜਾਂਦੇ ਤੇ ਉਥੋਂ ਮਿੱਟੀ ਲਿਆ ਕੇ ਅੱਖਾਂ ਉਤੇ ਲਗਾਉਂਦੇ ਹਨ, ਲੋਕਾਂ ਦਾ ਨਿਸ਼ਚਾ ਹੈ ਕਿ ਇਸ ਤਰ੍ਹਾਂ ਅੱਖਾਂ ਦੇ ਸਭ ਰੋਗ ਦੂਰ ਹੋ ਜਾਂਦੇ ਹਨ।

## (ਮ-219) ਮੀਂਹ ਤੇ ਬਿਜਲੀ :

ਆਦਿਮ ਮਨੁੱਖ ਲਈ ਮੀਂਹ ਦਾ ਵਰ੍ਹਨਾ ਤੇ ਬਿਜਲੀ ਦਾ ਲਿਸ਼ਕਣਾ ਸਮਝ ਤੋਂ ਪਰ੍ਹੇ ਦੀਆਂ ਗੱਲਾਂ ਸਨ। ਇਨ੍ਹਾਂ ਦੋਹਾਂ ਪ੍ਰਾਕ੍ਰਿਤਕ ਨਜ਼ਾਰਿਆਂ ਪਿਛੇ ਉਹ ਕਿਸੇ ਦੈਵੀ ਸ਼ਕਤੀ ਦਾ ਹੱਥ ਮੰਨਦਾ ਸੀ। ਤੱਪਦੀ ਤੇ ਲੂਠੀ ਧਰਤੀ ਉਤੇ ਮੀਂਹ ਪੈਂਦਾ ਵੇਖ ਕੇ ਉਹ ਖ਼ੁਸ਼ੀ ਤੇ ਹੁਲਾਸ ਨਾਲ ਨੱਚ ਉਠਦਾ, ਪਰ ਬਿਜਲੀ ਦੀ ਡਰਾਉਣੀ ਗਰਜ ਤੇ ਲਿਸ਼ਕਾਰ ਉਸ ਨੂੰ ਕੰਬਾ ਦੇਂਦੀ। ਉਸ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ ਪੈਂਦੀ। ਉਸ ਨੇ ਆਪਣੀ ਜਿਗਿਆਸਾ ਨੂੰ ਖ਼ੁਰਾਕ ਦੇਣ ਲਈ, ਇਨ੍ਹਾਂ ਬਾਰੇ ਕੁਝ ਪੁਰਾਣ ਕਥਾਵਾਂ ਘੜ ਲਈਆਂ ਜੋ ਬੜੀਆਂ ਰੌਚਿਕ ਹਨ।

ਬੱਦਲਾਂ ਬਾਰੇ ਇਉਂ ਕਥਾ ਪ੍ਰਚਲਤ ਹੈ : ਇਕ ਰਿਸ਼ੀ ਕਿਸੇ ਜੰਗਲ ਵਿਚ ਬੈਠ ਕੇ ਘੋਰ ਤਪਸਿਆ ਕਰਿਆ ਕਰਦਾ ਸੀ। ਉਸ ਕੋਲ ਕੇਵਲ ਇਕੋ ਗੋਦੜੀ ਸੀ, ਜਿਸ ਵਿਚ ਵੰਨਾ ਵੰਨਾਂ ਦੀਆਂ ਟਾਕੀਆਂ ਜੜੀਆਂ ਹੋਈਆਂ ਸਨ। ਇਹੋ ਗੋਦੜੀ ਉਸ ਦੇ ਦੁਖ ਸੁਖ ਦੀ ਸਦੀਵੀ ਸਾਥਣ ਸੀ। ਹੱਡ ਭੰਨਵੀਂ ਸਰਦੀ ਦੇ ਦਿਨੀਂ ਉਹ ਇਸੇ ਗੋਦੜੀ ਨਾਲ ਆਪਣੇ ਸਰੀਰ ਨੂੰ ਢੱਕ ਕੇ ਨਿੱਘਾ ਕਰ ਲੈਂਦਾ। ਗਰਮੀਆਂ

ਪਹਿਲਾਂ ਵਾਂਗ ਹੀ ਬੈਠਾ ਘੋਰ ਤਪਸਿਆ ਕਰਦਾ ਰਿ
ਗਰਮੀ ਨਾਲ ਉਸ ਦਾ ਸਾਰਾ ਸਰੀਰ ਲੂਠਿਆ ਗਿਆ
ਇਹ ਕਹਿਰ ਰਿਸ਼ੀ ਦੀ ਗੋਦੜੀ ਤੋਂ ਜਰਿਆ ਨਾ ਗਿਆ
ਉਹ ਬੱਦਲਾਂ ਦਾ ਰੂਪ ਧਾਰ ਸੂਰਜ ਅਗੇ ਜਾ ਖਲੋ
ਉਸੇ ਪਲ ਸੂਰਜ ਦੀ ਤਪਸ਼ ਘੱਟ ਗਈ। ਉਦੋਂ ਤੋਂ ਹ
ਗੋਦੜੀ ਆਕਾਸ਼ ਮੰਡਲ ਵਿਚ ਬੱਦਲਾਂ ਦਾ ਰੂਪ ਧਾਰ
ਉਡਦੀ ਰਹਿੰਦੀ ਹੈ।

ਬੱਦਲਾਂ ਵਿਚ ਲਿਸ਼ਕਦੀ ਤੇ ਤੜਪਦੀ ਬਿਜ
ਪੁਰਾਣ ਕਥਾ ਅਨੁਸਾਰ ਯਸ਼ੋਧਰਾਂ ਦੀ ਬੱਚੀ ਦਾ ਦੈਵੀ ਸ
ਅਥਵਾ ਪ੍ਰਕਾਸ਼ ਹੈ, ਜਿਸ ਨੂੰ ਕੰਸ ਨੇ ਦੇਵਕੀ ਦੀ ਔਲ
ਸਮਝ ਕੇ, ਪੱਥਰਾਂ ਨਾਲ ਪਟਕਾ ਕੇ ਮਾਰ ਦਿਤਾ ਸੀ।
ਨੂੰ ਰਤਾ ਵੀ ਸੰਦੇਹ ਨਹੀਂ ਸੀ ਕਿ ਵਾਸੁਦੇਵ ਕ੍ਰਿਸ਼ਨ
ਰਾਤੋ ਰਾਤ ਯਸ਼ੋਧਰਾ ਦੀ ਬੱਚੀ ਨਾਲ ਵਟਾ ਲਿਆਇ
ਹੈ। ਇਹ ਨਿਰਦੋਸ਼ ਬੱਚੀ, ਪੱਥਰ ਨਾਲ ਟਕਰਾਂਦਿਆਂ ਸ
ਆਕਾਸ਼ ਮੰਡਲ ਵਿਚ, ਬਿਜਲੀ ਦਾ ਰੂਪ ਧਾਰ ਅਲੋਪ
ਹੋ ਗਈ ਤੇ ਸਮੇਂ ਸਮੇਂ ਬੱਦਲਾਂ ਦੇ ਨਾਲ ਪ੍ਰਗਟ ਹੋ
ਲਗੀ। ਕਿਉਂ ਜੋ ਇਹ ਬੱਚੀ ਮਾਮੇ ਕੰਸ ਹਥੋਂ ਮਰੀ
ਇਸ ਲਈ ਲੋਕਾਂ ਦਾ ਨਿਸ਼ਚਾ ਬਣ ਗਿਆ ਕਿ ਆਕ
ਮੰਡਲ ਦੀ ਬਿਜਲੀ ਮਾਮੇ ਭਣੇਵੇਂ ਦੇ ਰਿਸ਼ਤੇ ਦੀ ਸ
ਵੈਰਨ ਹੈ ਤੇ ਇਨ੍ਹਾਂ ਦੋਹਾਂ ਨੂੰ ਇਕੱਠਿਆਂ ਵੇਖ ਨ
ਸੁਖਾਂਦੀ। ਜਦੋਂ ਬਿਜਲੀ ਆਕਾਸ਼ ਵਿਚ ਲਿਸ਼ਕ ਰ
ਹੋਵੇ ਤਾਂ ਮਾਮੇ ਭਣੇਵੇਂ ਦਾ ਇਕ ਛੱਤ ਹੇਠ ਬੈਠਣਾ ਠ
ਨਹੀਂ ਸਮਝਿਆ ਜਾਂਦਾ। ਉਨ੍ਹਾਂ ਉਤੇ ਬਿਜਲੀ ਡਿੱਗਣ
ਖ਼ਤਰਾ ਹੁੰਦਾ ਹੈ। ਇਸੇ ਤਰ੍ਹਾਂ ਕਹਿੰ ਦੇ ਭਾਂਡੇ ਉਤੇ
ਬਿਜਲੀ ਦੇ ਡਿੱਗਣ ਦਾ ਡਰ ਹੁੰਦਾ ਹੈ, ਕਿਉਂ ਜੋ ਇ
ਧਾਤ ਦਾ ਨਾਉਂ ਬਿਜਲੀ ਦੇ ਵੈਰੀ ਕੰਸ ਨਾਲ ਮ
ਖਾਂਦਾ ਹੈ।

## (ਮ-220) ਮੀਂਹ ਠਾਕਣਾ :

ਕਿਸੇ ਕੁੜੀ ਦੇ ਵਿਆਹ ਉਤੇ, ਜੇ ਮੀਂਹ ਵਰ੍ਹਦਾ ਹ
ਤਾਂ ਉਹ ਕੁੜੀ ਜੇ ਮੌਲੀ ਦੇ ਧਾਗੇ ਨਾਲ ਪਰਨਾਲਾ ਬੰਨ੍ਹੇ
ਮੀਂਹ ਬੰਦ ਹੋ ਜਾਂਦਾ ਹੈ; ਸ਼ਰਤ ਇਹ ਹੈ ਕਿ ਕੁੜੀ ਆਪ
ਸਤਿ ਧਰਮ ਵਿਚ ਪਕੀ ਹੋਵੇ।

ਮੀਂਹ ਨੂੰ ਰੋਕਣ ਲਈ ਇਕ ਟੂਣਾ ਵੀ ਵਰਤਿਆ
ਜਾਂਦਾ ਹੈ। ਕਿਸੇ ਕੰਵਾਰੀ ਕੁੜੀ ਨੂੰ, ਧਰਤੀ ਉਤੇ ਸਤਾਹਂ

ਬ੍ਰਾਹਮਣ ਰਿਸ਼ੀ ਅਗਸਤਯ ਦੀ ਅਰਾਧਨਾ ਕਰਦੇ ਹਨ, ਕਿਉਂ ਜੋ ਅਗਸਤਯ ਰਿਸ਼ੀ ਨੇ ਸਮੁੰਦਰ ਨੂੰ ਪੀ ਲਿਆ ਸੀ, ਇਸ ਲਈ ਬੱਦਲ ਉਸ ਤੋਂ ਡਰਦੇ ਹਨ। ਕਈ ਵਾਰ ਅਣਚੋਪੜੀ ਰੋਟੀ ਖੇਤਾਂ ਵਿਚ ਸੁਟ ਆਉਂਦੇ ਹਨ, ਜਾਂ ਫਿਰ ਚੌਰਾਹੇ 'ਤੇ ਭੇਟਾ ਰਖ ਕੇ, ਉਨ੍ਹਾਂ ਨੂੰ ਬੜੇ ਕੋਝੇ ਢੰਗ ਨਾਲ ਗੰਦਾ ਕਰਦੇ ਹਨ। ਧਾਰਨਾ ਹੈ ਕਿ ਇਸ ਤਰ੍ਹਾਂ ਇੰਦਰ ਦੇਵਤੇ ਨੂੰ ਸ਼ਰਮ ਆ ਜਾਂਦੀ ਹੈ ਤੇ ਉਹ ਮੀਂਹ ਬੰਦ ਕਰ ਦੇਂਦਾ ਹੈ। ਕਈ ਹਿੰਦੂ ਬ੍ਰਾਹਮਣਾਂ ਨੂੰ ਕੁਝ ਭੇਟਾ ਕਰਦੇ ਹਨ ਤੇ ਬ੍ਰਾਹਮਣ ਲਕੜੀ ਦੇ ਕਿਸੇ ਟੁਕੜੇ ਉਤੇ 60 ਮੋਰੀਆਂ ਕਰਦਾ ਹੈ। ਫਿਰ ਇਨ੍ਹਾਂ ਮੋਰੀਆਂ ਵਿਚ ਧਾਗਾ ਲਗਾਂਦਿਆਂ ਮੰਤ੍ਰ ਉਚਾਰਦਾ ਹੈ, ਜਿਸ ਨਾਲ ਮੀਂਹ ਬੰਦ ਹੋ ਜਾਂਦਾ ਹੈ।

ਘੁਮਿਆਰਾਂ ਲਈ ਮੀਂਹ ਸੁਖਾਵਾਂ ਨਹੀਂ ਹੁੰਦਾ। ਇਸ ਲਈ ਕਈ ਵਾਰ ਘੁਮਿਆਰ ਕਿਸੇ ਘੜੇ ਵਿਚ ਲੂਣ ਪਾ ਕੇ ਉਸ ਦਾ ਮੂੰਹ ਉਪਰੋਂ ਬੰਦ ਕਰ ਕੇ ਮਿੱਟੀ ਨਾਲ ਪੋਚ ਦੇਂਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮੀਂਹ ਉਦੋਂ ਤਕ ਬੰਦ ਰਹਿੰਦਾ ਹੈ ਜਦੋਂ ਤਕ ਘੜੇ ਨੂੰ ਖੋਲਿਆ ਨਾ ਜਾਵੇ। ਇਸ ਨੂੰ 'ਮੀਂਹ ਦਬਣਾ' ਕਹਿੰਦੇ ਹਨ। ਕਈ ਹਿੰਦੂ ਵਿਪਾਰੀ ਜੋ ਚਾਹੁੰਦੇ ਹਨ ਕਿ ਮੀਂਹ ਨਾ ਵਰ੍ਹੇ ਤੇ ਕਣਕ ਦਾ ਭਾਅ ਚੜ੍ਹੇ ਉਹ ਵੀ ਅਜਿਹੀ ਵਿਧੀ ਵਰਤਦੇ ਹਨ।

## (ਮ-221) ਮੀਂਹ ਵਰਜਣਾ :

ਮੀਂਹ ਨੂੰ ਵਸਣੋਂ ਰੋਕਣ ਲਈ ਕਈ ਤਰ੍ਹਾਂ ਦੇ ਉਪਾਅ ਤੇ ਟੂਣੇ ਕੀਤੇ ਜਾਂਦੇ ਹਨ। ਜੇ ਕਿਸੇ ਕੰਨਿਆਂ ਦੀ ਜੰਞ ਦੇ ਢੁਕਾਅ ਵੇਲੇ ਮੀਂਹ ਵਰ੍ਹਨ ਲਗ ਪਏ ਤਾਂ 'ਪਰਨਾਲਾ ਬੰਨ੍ਹਣ' ਦੀ ਰੀਤ ਕੀਤੀ ਜਾਂਦੀ ਹੈ। ਕੰਨਿਆਂ ਕਿਸੇ ਲਾਲ ਕਪੜੇ ਨਾਲ ਲੋਹੇ ਦਾ ਛੱਲਾ, ਅੱਟੀ ਤੇ ਕੌਡੀ ਬੰਨ੍ਹ ਕੇ ਸਰ ਵਲ ਦੇਂਦੀ ਤੇ ਫਿਰ ਇਸ ਕਪੜੇ ਨੂੰ ਨਸਾਇਆਂ (ਸਾਹ ਖਿਚ ਕੇ) ਪਰਨਾਲੇ ਨਾਲ ਬੰਨ੍ਹਦੀ ਹੈ। ਕਹਿੰਦੇ ਹਨ ਮੀਂਹ ਰੁਕ ਜਾਂਦਾ ਹੈ। ਜੇ ਪਰਨਾਲਾ ਬੰਨ੍ਹਣ ਨਾਲ ਮੀਂਹ ਨਾ ਰੁਕੇ ਤਾਂ ਕੰਨਿਆਂ ਵਿਭਚਾਰਨ ਸਮਝੀ ਜਾਂਦੀ ਹੈ।

ਜੇ ਸਾਵਣ ਭਾਦਰੋਂ ਵਿਚ ਮੀਂਹ ਨਾ ਵਸੇ ਤਾਂ ਕਾਲ ਪੈ ਜਾਣ ਕਰ ਕੇ ਅੰਨ ਮਹਿੰਗਾ ਵਿਕਦਾ ਹੈ। ਇਸ ਲਈ ਬਾਣੀਏ, ਜਿਨ੍ਹਾਂ ਨੇ ਆਪਣੇ ਗੁਦਾਮ ਅੰਨ ਨਾਲ ਭਰ ਲਏ ਹੁੰਦੇ ਹਨ [illegible]

ਕਹਿੰਦੇ ਹਨ, ਜਿਵੇਂ ਜਿਵੇਂ ਕੰਨਿਆਂ ਚਰਖਾ ਚਲਾਉਂ
ਬੱਦਲ ਖਿੰਡਦੇ ਜਾਂਦੇ ਹਨ ਤੇ ਮੀਂਹ ਨਹੀਂ ਵਰ੍ਹਦਾ
ਹੱਡੀਆਂ ਦਾ ਚਰਖਾ ਨਾ ਹੋਵੇ ਤਾਂ ਸਾਧਾਰਨ ਚਰਖੇ
ਪੁਠਾ ਚਲਾਇਆ ਜਾਂਦਾ ਹੈ, ਪਰ ਹੱਡੀਆਂ ਦਾ
ਚਰਖਾ ਜ਼ਿਆਦਾ ਗੁਣਕਾਰੀ ਸਮਝਿਆ ਗਿਆ ਹੈ।

ਬਣੀਆਂ ਵਿਚ ਮੀਂਹ ਵਰਜਣ ਲਈ ਇਕ ਹੋ
ਵੀ ਪਚਲਤ ਹੈ : ਜਦੋਂ ਅਸਮਾਨ ਉਤੇ ਬੱਦਲ ਘਿਰ
ਤਾਂ ਕੰਵਾਰੀ ਕੰਨਿਆਂ ਦੀਵੇ ਵਿਚ ਘਿਉ ਪਾ ਕੇ ਬਾ
ਤੇ ਨਾਲ ਹੀ ਸੂਰਜ ਨੂੰ ਤਾਅਨੇ ਦੇਂਦੀ ਹੈ :

ਸੂਰਜਾ ਮੂਰਜਾ ਧੁੱਪ ਚੜ੍ਹਾ
ਧੁੱਪ ਚੜ੍ਹਾ ਕਿ ਬੱਦਲ ਉਡਾ
ਤੇਰੇ ਹੁੰਦਿਆਂ ਦੀਵਾ ਬਾਲਿਆ
ਲਈ ਤੂੰ ਲਜ ਲਵਾ।

ਕੁਝ ਚਿਰ ਪਿਛੋਂ ਦੀਵਾ ਬੁਝਾ ਦਿਤਾ ਜਾਂਦਾ
ਵਿਸ਼ਵਾਸ ਹੈ ਕਿ ਇਸ ਤਰ੍ਹਾਂ ਬੱਦਲ ਖਿੰਡ ਜਾਂਦੇ ਹਨ

ਕਈ ਬਾਣੀਏ ਬੱਦਲ ਚੜ੍ਹੇ ਵੇਖ ਇਕ ਪਰੌਂਠਾ
ਖੇਤਾਂ ਵਿਚ ਰੱਖ ਆਉਂਦੇ ਹਨ ਜਾਂ ਦੁੱਧ ਖੰਡ ਚਾਵਲ
ਚੌਰਾਹੇ ਵਿਚ ਰਖ ਆਉਂਦੇ ਹਨ, ਜੋ ਇਸ ਗੱਲ ਦਾ
ਹੈ ਕਿ ਧਰਤੀ ਉਤੇ ਅੰਨ ਕਾਫ਼ੀ ਹੈ ਤੇ ਮੀਂਹ ਦੇ ਦੇਵ
ਅਜਾਈ ਵਰਖਾ ਕਰਨ ਦੀ ਲੋੜ ਨਹੀਂ। ਇਹ
ਮਾਝੇ ਦੇ ਇਲਾਕੇ ਤੇ ਅੰਬਾਲੇ ਵਿਚ ਆਮ ਪ੍ਰਚਲਤ ਹੈ

ਕਈ ਬਾਣੀਏ ਕਣਕ ਦੀ ਰੋਟੀ ਪਕਾ ਕੇ ਉ
ਬੇਕਦਰੀ ਕਰਦੇ ਤੇ ਉਸ ਨੂੰ ਰੋਲਦੇ ਹਨ ਤਾਂ ਜੋ ਅੰਨ
ਨਰਾਜ਼ ਹੋ ਕੇ ਮੀਂਹ ਨਾ ਵਰ੍ਹਾਏ ਤੇ ਅਨਾਜ ਘਟ ਹੋਵੇ।

## (ਮ-222) ਮੀਂਹਾਂ ਸਾਹਿਬ :

ਇਕ ਸੰਪਰਦਾਇ ਜਿਸ ਦਾ ਮੋਢੀ ਰਾਮ ਦੇਵ ਹੋ
ਹੈ। ਰਾਮ ਦੇਵ ਗੁਰੂ ਤੇਗ ਬਹਾਦਰ ਜੀ ਦਾ ਇਕ ਸ਼
ਸਿੱਖ ਸੀ ਜੋ ਗੁਰੂ ਘਰ ਦੇ ਲੰਗਰ, ਸੇਵਕਾਂ ਤੇ ਘੋ
ਲਈ ਪਾਣੀ ਢੋਇਆ ਕਰਦਾ ਸੀ। ਇਹ ਸਾਰਾ
ਜਲ ਦੀ ਸੇਵਾ ਵਿਚ ਲਗਾ ਰਹਿੰਦਾ ਤੇ ਗਰਮੀਆਂ
ਸਭ ਥਾਈਂ ਪਾਣੀ ਦਾ ਇਤਨਾ ਛਿੜਕਾਉ ਕਰਦਾ
ਮੀਂਹ ਪੈ ਕੇ ਹਟਿਆ ਹੋਵੇ। ਗੁਰੂ ਤੇਗ ਬਹਾਦਰ
ਇਕ ਵਾਰ ਰਾਮ ਦੇਵ ਜੀ ਸੇਵਾ ਉਤੇ ਪ੍ਰਸੰਨ ਹੋ ਕੇ

ਅੱਧੀ ਦਸਤਾਰ ਤੇ ਕੁਝ ਸ਼ਸਤਰ ਬਖ਼ਸ਼ੇ। ਇਸ ਫ਼ਿਰਕੇ ਦਾ ਮੁਖੀ ਡੇਰਾ ਪਟਿਆਲੇ ਵਿਖੇ ਹੈ ਅਤੇ ਇਸ ਫ਼ਿਰਕੇ ਦੇ ਮਹੰਤ ਅਜ ਵੀ ਅੱਧ ਦਸਤਾਰ ਬੰਨ੍ਹਦੇ ਹਨ। ਮੀਂਹ ਸਾਹਿਬ ਦੇ ਚੇਲੇ 'ਮੀਂਹਾਂ ਸ਼ਾਹੀ', 'ਮੀਂਹਾਂ ਦਾਸੀਏ', ਤੇ 'ਬਖ਼ਸ਼ੀਸ਼ ਸਾਧ' ਅਖਵਾਉਂਦੇ ਹਨ।

(ਮ-223) **ਮੌਢੀਆਂ ਖੁਲ੍ਹਣੀਆਂ** :

ਸੋਗ ਦਾ ਚਿੰਨ੍ਹ; ਜਦੋਂ ਕਿਸੇ ਤੀਵੀਂ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਦੇ ਵਾਲਾਂ ਦੀਆਂ ਮੇਢੀਆਂ ਖੋਲ੍ਹ ਦਿਤੀਆਂ ਜਾਂਦੀਆਂ ਹਨ।

(ਮ-224) **ਮੀਣਾ** :

(ੳ) ਗੁਰੂ ਰਾਮਦਾਸ ਆਪਣੇ ਵੱਡੇ ਪੁੱਤਰ ਪ੍ਰਿਥਵੀ ਚੰਦ ਨੂੰ, ਉਸ ਦੇ ਕਪਟ ਵਿਹਾਰ ਕਾਰਨ ਮੀਣਾ ਕਹਿੰਦੇ ਸਨ। ਪ੍ਰਿਥਵੀ ਚੰਦ ਗੁਰ ਗੱਦੀ ਪ੍ਰਾਪਤ ਨਾ ਹੋਣ ਕਰ ਕੇ ਗੁਰੂ ਅਰਜਨ ਦੇਵ ਜੀ ਦੇ ਵਿਰੋਧੀ ਸਨ। ਭਾਈ ਗੁਰਦਾਸ ਨੇ ਵੀ ਆਪਣੀ ਇਕ ਵਾਰ ਵਿਚ ਪ੍ਰਿਥਵੀ ਚੰਦ ਲਈ ਮੀਣਾ ਸ਼ਬਦ ਵਰਤਿਆ ਹੈ। ਇਹ ਘ੍ਰਿਣਾ ਬੋਧਕ ਸ਼ਬਦ ਮਗਰੋਂ ਉਨ੍ਹਾਂ ਸਭਨਾਂ ਮਨਮੁਖਾਂ ਲਈ ਪ੍ਰਯੋਗ ਕੀਤਾ ਜਾਣ ਲਗਾ, ਜੋ ਗੁਰੂ ਘਰ ਦੇ ਵਿਰੋਧੀ ਸਨ।

ਮਯਾ ਸਿੰਘ ਅਨੁਸਾਰ ਮੀਣਾ ਉਸ ਬੋਲ ਨੂੰ ਕਹਿੰਦੇ ਹਨ ਜਿਸ ਦੇ ਸਿੰਙ ਹੇਠਾਂ ਮੂੰਹ ਵਲ ਕੁੰਡੇ ਹੋਣ, ਇਹ ਸ਼ਬਦ ਸਿੱਖ ਗੁਰੂਆਂ ਵਲੋਂ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਰਿਹਾ ਹੈ ਜੋ ਆਪਣੇ ਆਪ ਨੂੰ ਗੁਰੂ ਪ੍ਰਗਟ ਕਰਦੇ ਸਨ, ਪਰ ਜਿਨ੍ਹਾਂ ਵਿਚ ਕੋਈ ਅਧਿਆਤਮਕ ਕਣੀ ਤੇ ਸਦਗੁਣ ਨਹੀਂ ਸਨ (ਪੰਜਾਬੀ ਡਿਕਸ਼ਨਰੀ, 751)।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਪ੍ਰਿਥਵੀ ਚੰਦ ਦੀ ਵੰਸ਼ ਦਾ ਮੋਢੀ ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਮੀਣਾ ਹੈ। ਸੋ, ਮੀਣਾ ਅਨਾਦਰੀ ਬੋਧਿਕ ਸ਼ਬਦ ਹੈ ਜੋ ਗੁਰੂ ਘਰ ਦੇ ਵਿਰੋਧੀਆਂ ਲਈ ਵਰਤਿਆ ਜਾਂਦਾ ਹੈ।

(ਅ) ਇਕ ਜਰਾਇਮ ਪੇਸ਼ਾ ਜਾਤੀ ਜਿਸ ਦੇ ਲੋਕ ਗੁੜਗਾਉਂ, ਪਟਿਆਲਾ ਤੇ ਨਾਭਾ ਵਿਚ ਮਿਲਦੇ ਹਨ। ਪੰਜਾਬ ਤੋਂ ਬਾਹਰ ਇਹ ਜਾਤੀ ਵਧੇਰੇ ਰਾਜਸਥਾਨ ਵਿਚ ਮਿਲਦੀ ਹੈ। ਮੀਣੇ ਧਰਮ ਵਲੋਂ ਹਿੰਦੂ ਹੁੰਦੇ ਹਨ। ਇਸ

ਲਿਖਦਾ ਹੈ ਕਿ ਕਿਸੇ ਸਮੇਂ ਇਹ ਅਜੋਕੇ ਜੈਪੁਰ ਦੇ
ਦੇ ਹਾਕਮ ਸਨ ਅਤੇ ਇਨ੍ਹਾਂ ਦੀ ਸਮਾਜਿਕ ਸਥਿ
ਅੱਛੀ ਸੀ ਕਿਉਂ ਜੋ ਰਾਜਪੂਤ ਉਨ੍ਹਾਂ ਦੇ ਹਥੋਂ ਖਾ ਪ
ਸਨ। ਉਨ੍ਹਾਂ ਅਨੁਸਾਰ ਮੀਣੇ ਦੋ ਸ਼੍ਰੇਣੀਆਂ ਵਿਚ
ਹਨ, ਇਕ ਜ਼ਿਮੀਂਦਾਰ ਤੇ ਦੂਜੇ ਚੌਕੀਦਾਰ, ਜ਼
ਮੀਣੇ ਬੜੇ ਉਤਕ੍ਰਿਸ਼ਟ ਕਿਸਾਨ ਹਨ ਅਤੇ ਉ
ਵਰਤਾਰਾ ਬੜਾ ਚੰਗਾਂ ਹੈ। ਚੌਕੀਦਾਰ ਮੀਣੇ ਭਾਵੇਂ
ਜ਼ਿਮੀਂਦਾਰ ਮੀਣਿਆਂ ਤੋਂ ਸ਼੍ਰੇਸ਼ਠ ਸਮਝਦੇ ਹਨ,
ਲੁਟੇਰੇ ਹਨ ਅਤੇ ਇਹ ਗਰੋਹ ਬਣਾ ਕੇ ਹੈਦਰਾਬਾਦ
ਤਕ ਡਾਕੇ ਮਾਰਨ ਜਾਂਦੇ ਰਹੇ ਹਨ। ਆਪਣੇ ਪਿੰ
ਇਹ ਅਕਸਰ ਦਾਨੀ ਮੁਭਾਅ ਕਰ ਕੇ ਪ੍ਰਸਿਧ ਰਹੇ
ਲੁਟ ਦੇ ਮਾਲ ਨਾਲ ਗ਼ਰੀਬ ਗੁਆਂਢੀਆਂ ਦੀਆਂ
ਸਾਰਦੇ ਰਹੇ ਹਨ ਜਿਸ ਕਰ ਕੇ ਲੋਕਾਂ ਵਿਚ ਪ੍ਰਿਅ
ਹਨ। ਪਰ ਜਿਹੜੇ ਚੌਕੀਦਾਰ ਮੀਣੇ ਦੂਰ ਡਾਕੇ
ਨਹੀਂ ਜਾਂਦੇ ਰਹੇ ਉਹ ਨੇੜੇ ਦੇ ਪਿੰਡਾਂ ਵਿਚ ਚੋਰੀਆਂ
ਰਹੇ। ਜੇ ਮੀਣਾ ਚੌਕੀਦਾਰ ਹੋਵੇ ਤਾਂ ਫਿਰ ਕੋਈ
ਉਸ ਪਿੰਡ ਵਿਚ ਚੋਰੀ ਨਹੀਂ ਕਰਦਾ। ਇਸ ਕਰ
ਲੋਕ ਮੀਣਿਆਂ ਨੂੰ ਚੋਖੀ ਰਕਮ ਦੇ ਕੇ ਚੌਕੀਦਾਰੀ
ਰਹੇ ਹਨ।

ਮੀਣੇ ਕਾਲੀ ਦੇਵੀ ਨੂੰ ਪੂਜਦੇ ਹਨ ਅਤੇ ਮਾ
ਵਿਚ ਪ੍ਰਾਪਤ ਹੋਏ ਧਨ ਦਾ ਦਸਵਾਂ ਹਿੱਸਾ ਦੇਵੀ ਦ
ਚਾੜ੍ਹਦੇ ਹਨ। ਡਾਕੇ ਮਾਰਨ ਤੋਂ ਪਹਿਲਾਂ ਇਹ
ਪੂਜਦੇ ਤੇ ਮਨਿਆਈ ਭੇਟ ਕਰਦੇ ਹਨ। ਮੀਣਿ
ਆਪਣੀ ਉਪ-ਭਾਖਾ ਵੀ ਘੜੀ ਹੋਈ ਹੈ ਜੋ ਉਹ
ਵਿਚ ਗੱਲ ਬਾਤ ਕਰਦਿਆਂ ਬੋਲਦੇ ਹਨ।

ਮੀਣੇ ਰਾਜਪੂਤ ਹੋਣ ਦਾ ਦਾਅਵਾ ਕਰਦੇ
ਇਹ ਵੀ ਕਿਹਾ ਜਾਂਦਾ ਹੈ ਕਿ ਮੀਣੇ ਇਕ ਰਾਜਪੂ
ਅਯੋਗ ਪੁੱਤਰ ਤੋਂ ਵਧੇ ਫੁਲੇ। ਜੱਟਾਂ ਵਾਂਗ ਇਨ੍ਹ
ਕਰੇਵੇ ਦੀ ਪ੍ਰਥਾ ਹੈ।

ਮੀਣਿਆਂ ਦੀ ਇਕ ਕੁੱਲ ਸਤੀ ਪੰਨਾ ਹੈ,
ਮਾੜੀ ਜੈਪੁਰ ਵਿਚ ਮੋਹਰਾਤ ਵਿਚ ਹੈ। ਬੱਚੇ ਦੇ
ਸਮੇਂ ਇਹ ਕੁੱਲ ਦੇਵੀ ਦੇ ਨਾਉਂ ਤੇ ਮਠਿਆਇ
ਵੰਡਦੇ ਹਨ। ਮੀਣੇ ਨਵੀਂ ਸੂਈ ਮੱਝ ਗਾਂ ਦਾ ਦੁੱ
ਤਕ ਨਹੀਂ ਵਰਤਤੇ, ਜਦੋਂ ਤਕ ਕੁਝ ਦੁੱਧ ਪ੍ਰੋਹਿਤ ਤੇ

**(ਮ-225) ਮੀਨਤਨ :**

ਮੱਛ ਅਵਤਾਰ, ਵਿਸ਼ਨੂੰ ਦਾ ਇਕ ਅਵਤਾਰ ਜਿਸ ਨੇ ਮੱਛ ਦਾ ਸਰੀਰ ਧਾਰਨ ਕੀਤਾ ਹੋਇਆ ਸੀ।

**(ਮ-226) ਮੀਨ ਰਾਸ਼ੀ :**

ਸੂਰਜ ਦੀ ਬਾਰਵੀਂ ਰਾਸ਼ੀ ਮੀਨ ਹੈ।

**(ਮ-227) ਮੀਨਾ ਬਜ਼ਾਰ :**

ਮੁਗ਼ਲਾਂ ਦੇ ਸਮੇਂ, ਮਹਿਲਾਂ ਵਿਚ ਲਗਦਾ ਇਕ ਬਜ਼ਾਰ, ਜਿਥੇ ਅਮੀਰਾਂ, ਦਰਬਾਰੀਆਂ, ਸ਼ਾਹੀ ਅਹਿਲਕਾਰਾਂ ਅਤੇ ਵੱਡੇ ਸੌਦਾਗਰਾਂ ਦੀਆਂ ਬਹੂ-ਬੇਟੀਆਂ ਤੇ ਪਤਨੀਆਂ ਦੁਕਾਨਾਂ ਲਗਾਂਦੀਆਂ ਸਨ। ਇਸ ਬਜ਼ਾਰ ਵਿਚ ਹੱਥਾਂ ਦੀਆਂ ਕਢੀਆਂ ਫੁਲਕਾਰੀਆਂ ਬਾਗ, ਹੀਰੇ ਮੋਤੀਆਂ ਦੀਆਂ ਮਾਲਾਵਾਂ, ਮੀਨਾਕਾਰੀ ਦੀਆਂ ਵਸਤੂਆਂ ਆਦਿ ਦੀ ਨੁਮਾਇਸ਼ ਵਗੈਰੇ ਹੁੰਦੀ ਸੀ। ਇਸ ਬਜ਼ਾਰ ਵਿਚ ਦੇਸ਼ ਦੀ ਕਲਾ ਦੇ ਸੁੰਦਰ ਨਮੂਨੇ ਤੇ ਬਹੁਮੁਲੀਆਂ ਵਸਤੂਆਂ ਵੇਖਣ ਵਿਚ ਆਉਂਦੀਆਂ ਸਨ। ਇਸ ਬਜ਼ਾਰ ਵਿਚ ਸ਼ਾਹੀ ਘਰਾਣੇ ਦੀਆਂ ਇਸਤ੍ਰੀਆਂ ਚੀਜ਼ਾਂ ਵਸਤਾਂ ਖ਼ਰੀਦਦੀਆਂ। ਮਰਦਾਂ ਨੂੰ ਇਸ ਬਜ਼ਾਰ ਵਿਚ ਜਾਣ ਦੀ ਮਨਾਹੀ ਸੀ। ਪਰ ਕਈ ਬਾਦਸ਼ਾਹ ਤੇ ਸ਼ਹਿਜ਼ਾਦੇ ਮੇਲੇ ਵਿਚ ਚਲੇ ਜਾਂਦੇ ਸਨ।

ਇਸ ਮੇਲੇ ਦਾ ਰਿਵਾਜ ਤਾਤਾਰ ਵਿਚ ਸੀ, ਉਥੋਂ ਹੀ ਮੁਗ਼ਲਾਂ ਨੇ ਦਿੱਲੀ ਵਿਚ ਪ੍ਰਚਲਤ ਕੀਤਾ। ਇਹ ਮੇਲਾ ਨੌਰੋਜ਼ ਅਥਵਾ ਨਵੇਂ ਸਾਲ ਵਾਲੇ ਦਿਨ ਲਗਦਾ।

ਅਜਿਹੇ ਹੀ ਇਕ ਮੇਲੇ ਵਿਚ ਸਲੀਮ (ਜਹਾਂਗੀਰ) ਸ਼ਹਿਜ਼ਾਦੇ ਦਾ ਇਸ਼ਕ ਨੂਰ ਜਹਾਨ ਨਾਲ ਹੋਇਆ ਸੀ। ਸਲੀਮ ਨੇ ਮੇਲੇ ਵਿਚ ਘੁੰਮਦਿਆਂ ਕੋਈ ਵਸਤੂ ਵੇਖਣ ਲਈ ਆਪਣੇ ਹੱਥਾਂ ਵਿਚ ਫੜੇ ਦੋ ਕਬੂਤਰ ਮਿਹਰ ਉਲ ਨਿਸਾ (ਨੂਰ ਜਹਾਨ) ਨੂੰ ਫੜਾ ਦਿਤੇ। ਜਦੋਂ ਸਲੀਮ ਚੀਜ਼ ਵੇਖ ਕੇ ਹਟਿਆ ਤਾਂ ਉਸ ਮਿਹਰ ਉਲ ਨਿਸਾ ਦੇ ਹੱਥਾਂ ਵਿਚ ਇਕੋ ਕਬੂਤਰ ਵੇਖਿਆ। ਸਲੀਮ ਦੇ ਪੁਛਣ ਉਤੇ ਕਿ ਦੂਜਾ ਕਬੂਤਰ ਕਿਥੇ ਹੈ, ਮਿਹਰ ਉਲ ਨਿਸਾ ਨੇ ਕਿਹਾ ਕਿ ਉਹ ਤਾਂ ਉਡ ਗਿਆ ਹੈ। ਸਲੀਮ ਨੇ ਗੁੱਸੇ ਵਿਚ ਪੁਛਿਆ "ਕਿਵੇਂ" ਤਾਂ ਮਿਹਰ ਉਲ ਨਿਸਾ ਨੇ ਦੂਜਾ ਕਬੂਤਰ ਵੀ ਹੱਥੋਂ ਛੱਡਦਿਆਂ ਕਿਹਾ, "ਇਵੇਂ।" ਮਿਹਰ ਉਲ ਨਿਸਾ ਦੀ ਇਸ ਸਾਦਾ ਅਦਾ ਦਾ ਸਲੀਮ ਉਤੇ ਅਜਿਹਾ ਅਸਰ ਹੋਇਆ ਕਿ ਉਹ

ਇਸ ਦੇ ਨਾਂ ਦੀ ਨਿਆਜ਼ ਦੇਂਦੇ ਹਨ। ਇਸ ਦੇ
ਦੇ ਹਾਲਾਤ ਵੇਰਵੇ ਨਾਲ ਨਹੀਂ ਮਿਲਦੇ।

ਮੀਰ ਭੌਜੀ ਦੀ ਕੜਾਹੀ : ਮੀਰ ਭੌਜੀ ਦੇ
ਦਿਤੀ ਨਿਆਜ਼, ਹੀਜੜੇ ਮੀਰ ਭੌਜੀ ਦੀ ਨਾਂ ਦ
ਦੇਂਦੇ ਹਨ, ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮੀਰ
ਕੜਾਹੀ ਦਾ ਕੜਾਹ, ਜੇ ਕੋਈ ਸ਼ਖਸ ਖਾ ਲਏ
ਹੀਜੜਿਆਂ ਵਾਂਗ ਹੀ ਨੱਚਣ ਤੇ ਹੱਥਾਂ ਦੀਆਂ ਹਰਕ
ਲਗਦਾ ਹੈ।

**(ਮ-229) ਮੀਰ ਮਿਰਾਸੀ :**

(ੳ) ਉਨ੍ਹਾਂ ਮਿਰਾਸੀਆਂ ਨੂੰ, ਸਨਮਾਨ ਨ
ਮਿਰਾਸੀ ਕਿਹਾ ਜਾਂਦਾ ਹੈ, ਜੋ ਕਿਸੇ ਕੁੱਲ ਦੀ
ਲਿਖਦੇ ਹਨ ਅਤੇ ਵਿਆਹ ਸ਼ਾਦੀਆਂ ਉਤੇ
ਗਾਉਂਦੇ ਹਨ।

(ਅ) ਲੁਧਿਆਣੇ ਵਿਚ, ਸਖੀ ਸਰਵਰ
ਚੇਲਿਆਂ ਨੂੰ, ਮੀਰ ਮਿਰਾਸੀ ਕਹਿੰਦੇ ਹਨ ਜੋ
ਸਖੀ ਸਰਵਰ ਦਾ ਮੋਰ ਪੰਖੀ ਝੰਡਾ ਲੈ ਕੇ ਗਲੀਅ
ਵਿਚ ਮੁਲਤਾਨ ਦੀ ਕੀਰਤੀ ਵਿਚ ਗੀਤ ਗਾਉਂ
ਹਨ। ਇਨ੍ਹਾਂ ਨੂੰ 'ਪੀਰਾਂਹਿਨ' ਵੀ ਕਹਿੰਦੇ ਹਨ
ਸਰਵਰ ਦੇ ਅਨੁਯਾਈ ਸੁਖਣਾ ਸੁਖਦੇ ਤੇ ਮੰਨ
ਹਨ। ਜਦੋਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਮੀਰ
ਅਥਵਾ ਪੀਰਾਂਹਿਨ ਨੂੰ ਭੇਟਾ ਦੇਂਦੇ ਹਨ। ਮੀ
ਕਈ ਵਾਰ ਢੋਲ ਵਜਾਉਂਦਾ ਹੋਇਆ ਗਲੀ
ਲੰਘਦਾ ਹੈ, ਇਸ ਦੇ ਢੋਲ ਨਾਲ ਕਈ ਤਰ੍ਹਾਂ ਦੀ
ਧੁਨੀਆਂ ਹੋਈਆਂ ਹੁੰਦੀਆਂ ਹਨ, ਜੋ ਮੰਨਤਾਂ ਮੰਨਣ
ਤੀਵੀਆਂ ਵਲੋਂ ਸੁਖਣਾ ਪੂਰੀ ਹੋਣ ਤੇ ਦਿਤੀਆਂ
ਹਨ।

**(ਮ-230) ਮੀਰਾਂ ਹਯਾਤ :**

ਇਕ ਪ੍ਰਸਿਧ ਪੀਰ ਜਿਸ ਦੀ ਮਜ਼ਾਰ
ਦੇ ਦੱਖਣ ਵਲ ਸਤ ਮੀਲ, ਪੰਜ ਗਿਰਾਈਂ ਪਿੰਡ
ਇਥੇ ਇਕ ਪੱਥਰ ਦਾ ਉਂਠ ਹੈ, ਜਿਸ ਉਤੇ ਪੀਰ
ਕਰਦਾ ਸੀ। ਮਜ਼ਾਰ ਦੇ ਨਾਲ ਲਗਦੇ ਜੰਗਲ ਵਿ
ਦੇ ਪੇੜ ਹਨ ਜਿਨ੍ਹਾਂ ਦੀਆਂ ਟਹਿਣੀਆਂ ਫਨੀਅਰ

**(ਮ-231) ਮੁਸਲਮਾਣੀ :**

ਬੱਚਿਆਂ ਦੇ ਖਤਨਾ ਦਾ ਰਵਾਜ ਸਿਰਫ ਮੁਸਲਮਾਨਾਂ ਵਿਚ ਹੋਣ ਕਰ ਕੇ, ਇਸ ਰੀਤ ਨੂੰ 'ਮੁਸਲਮਾਣੀ' ਵੀ ਕਿਹਾ ਜਾਂਦਾ ਹੈ। ਹਰਿਆਣੇ ਦੇ ਮਿਉ ਵਿਚ ਖਤਨੇ ਦਾ ਇਹੋ ਨਾਂ ਪ੍ਰਚਲਤ ਹੈ। ਮਧ-ਕਾਲ ਵਿਚ ਜਦੋਂ ਅਨੇਕਾਂ ਹਿੰਦੂਆਂ ਨੇ ਮੁਸਲਮਾਣੀ ਮਤ ਗ੍ਰਹਿਣ ਕੀਤਾ ਤਾਂ ਉਨ੍ਹਾਂ ਦੀਆਂ ਬਹੁਤੀਆਂ ਰੀਤਾਂ ਰਸਮਾਂ ਹਿੰਦੂਆਂ ਵਾਲੀਆਂ ਹੀ ਰਹੀਆਂ, ਪਰ ਉਨ੍ਹਾਂ ਨੇ ਖਤਨੇ ਨੂੰ ਅਪਣਾ ਲਿਆ। ਨਵੇਂ ਬਣੇ ਮੁਸਲਸਾਨਾਂ ਵਿਚ ਖਤਨੇ ਦਾ ਨਾਉਂ ਮੁਸਲਮਾਣੀ ਪੈ ਗਿਆ ਕਿਉਂ ਜੋ ਉਦੋਂ ਇਹੋ ਇਕੋ ਰਸਮ ਸੀ ਜੋ ਹਿੰਦੂਆਂ ਤੇ ਹਿੰਦੂਆਂ ਤੋਂ ਨਵੇਂ ਬਣੇ ਮੁਸਲਮਾਨਾਂ ਨੂੰ ਇਕ ਦੂਜੇ ਤੋਂ ਨਿਖੇੜਦੀ ਸੀ। ਹਰ ਮੁਸਲਮਾਨ ਦਾ ਖਤਨਾ ਬਾਲ ਉਮਰ ਵਿਚ ਜਾਂ ਪੰਦਰਾਂ ਸਾਲਾਂ ਤੋਂ ਪਹਿਲਾਂ ਹੋਣਾ ਜ਼ਰੂਰੀ ਹੈ (ਵੇਖੋ : ਖਤਨਾ)।

ਇਸ ਰਸਮ ਨੂੰ ਕਈ ਮੁਸਲਮਾਨ ਬੜੀ ਧੂਮ ਧਾਮ ਨਾਲ ਮਨਾਉਂਦੇ ਹਨ। ਹਰਿਆਣੇ ਦੇ ਮਿਉ ਮੁਸਲਮਾਨਾਂ ਵਿਚ ਇਹ ਰਸਮ ਬੜੀ ਮਹਾਨਤਾ ਰਖਦੀ ਹੈ। ਖਤਨੇ ਤੋਂ ਕੁਝ ਦਿਨ ਪਹਿਲਾਂ ਅੰਗ ਸਾਕਾਂ ਖ਼ਾਸ ਤੌਰ ਉਤੇ ਬਾਲਕ ਦੀ ਭੂਆ ਤੇ ਬਾਲਕ ਦੇ ਪਿਉ ਦੀ ਭੂਆ ਨੂੰ ਪਹਿਲਾਂ ਸਦਿਆ ਜਾਂਦਾ ਹੈ। ਇਕ ਦਿਨ ਪਹਿਲਾਂ ਬਾਲ ਦੇ ਮਾਮੇ ਬਾਲ ਲਈ ਭੱਤ (ਚਾਵਲ) ਤੇ ਕੁਝ ਸੁਗਾਤਾਂ ਲਿਆਉਂਦੇ ਹਨ। ਬਾਲ ਦਾ ਪਿਉ ਘਰੋਂ ਬਾਹਰ ਹੱਥ ਵਿਚ ਪਿੱਤਲ ਦਾ ਥਾਲ ਲੈ ਕੇ ਖੜਾ ਹੋ ਜਾਂਦਾ ਹੈ ਤੇ ਮਾਂ ਕੋਰਾ ਘੜਾ ਸਿਰ ਤੇ ਲੈ ਦਰਵਾਜ਼ੇ ਵਿਚ ਖਲੋ ਜਾਂਦੀ ਹੈ। ਤੀਵੀਆਂ ਇਸ ਅਵਸਰ ਉਤੇ ਖ਼ਾਸ ਗੀਤ ਜਿਨ੍ਹਾਂ ਨੂੰ ਅਮਰੇਲ ਕਹਿੰਦੇ ਹਨ ਗਾਉਂਦੀਆਂ ਹਨ। ਬਾਲ ਦੇ ਮਾਮੇ ਪਿੱਤਲ ਦੇ ਥਾਲ ਤੇ ਘੜੇ ਵਿਚ ਰੁਪਏ ਪਾਉਂਦੇ ਹਨ ਅਤੇ ਨਾਲ ਹੀ ਕੁਝ ਕਪੜੇ ਬਾਲ ਦੇ ਚਾਚਿਆਂ, ਤਾਇਆਂ ਤੇ ਦਾਦੇ ਤੇ ਉਸ ਦੇ ਭਰਾਵਾਂ ਨੂੰ ਦੇਂਦੇ ਹਨ। ਕਈ ਵਾਰ ਤਾਂ ਪਿੰਡ ਦੇ ਸਭ ਬਾਲਗਾਂ ਨੂੰ ਇਕ ਇਕ ਰੁਪਏ ਦੇਂਦੇ ਹਨ। ਫਿਰ ਮਾਮੇ ਘਰ ਵਿਚ ਪੈਰ ਪਾਉਂਦੇ ਤੇ ਉਨ੍ਹਾਂ ਅਗੇ ਮਿੱਠੇ ਪਕਵਾਨ ਰਖੇ ਜਾਂਦੇ ਹਨ।

ਖਤਨਾ ਵਾਲੇ ਦਿਨ ਅੰਗਾਂ-ਸਾਕਾਂ ਤੇ ਦੋਸਤਾਂ ਮਿਤ੍ਰਾਂ ਨੂੰ ਭੋਜ ਦਿਤਾ ਜਾਂਦਾ ਹੈ। ਭੋਜ ਮਗਰੋਂ ਬਾਲ ਨੂੰ ਵਟਣਾ ਮਲ ਕੇ ਨਵ੍ਹਾਇਆ ਜਾਂਦਾ ਹੈ, ਨਵ੍ਹਾਂਦਿਆਂ ਵਟਣੇ ਦੇ ਗੀਤ

ਸ਼ਗਨ ਵਜੋਂ ਦੇਂਦੇ ਹਨ। ਘਰ ਆ ਕੇ ਬਾਲ ਦਾ
ਉਤਾਰ ਕੇ ਉਸ ਨੂੰ ਖਾਰੇ ਉਤੇ ਬਿਠਾਇਆ ਜਾਂਦ
ਬਾਲ ਨੂੰ ਕਲਮਾ ਪੜ੍ਹਨ ਲਈ ਕਿਹਾ ਜਾਂਦਾ ਹੈ।
ਖਤਨਾ ਕਰਦਾ ਹੈ। ਨਾਈ ਨੂੰ ਚਿੱਟਾ ਜੋੜਾ ਪਹਿਨਣ
ਦਿਤਾ ਜਾਂਦਾ ਹੈ ਤੇ ਲਾਗ ਵਜੋਂ ਕੁਝ ਰੁਪਏ ਮਿਲਦੇ ਹ

**(ਮ-232) ਮੁਸਲਾ :**

ਚਟਾਈ ਜਿਸ ਉਤੇ ਆਸਨ ਲਗਾ ਕੇ ਮੁਸਲਮਾਨ
ਪੜ੍ਹਦੇ ਹਨ। ਇਸ ਚਟਾਈ ਦੀ ਪਵਿਤ੍ਰਤਾ ਕਾਇਮ
ਲਈ, ਇਸ ਨੂੰ ਕਿਸੇ ਹੋਰ ਕੰਮ ਜਾ ਆਮ ਵਰਤੋਂ
ਨਹੀਂ ਲਿਆਇਆ ਜਾਂਦਾ। ਜੇ ਮੁਸਲਾ ਭ੍ਰਿਸ਼ਟ ਜਾ
ਨਮਾਜ਼ ਦਾ ਸੁਆਬ ਨਹੀਂ ਮਿਲਦਾ।

**(ਮ-233) ਮਸਲੀ :**

(ੳ) ਜੋ ਚੂਹੜੇ ਤੋਂ ਮੁਸਲਮਾਨ ਬਣਿਆ
ਮੁਸਲਮਾਨ ਰਾਜ ਸਮੇਂ ਕਈ ਪਛੜੀਆਂ ਜਾਤੀਆਂ ਦ
ਬ੍ਰਾਹਮਣਾਂ ਦੇ ਜਾਤੀਵਾਦ ਤੋਂ ਦੁਖੀ ਹੋ ਕੇ ਮੁਸ
ਬਣ ਗਏ। ਮੁਸਲੀਆਂ ਦਾ ਦਰਜਾ ਚੂਹੜਿਆਂ ਤੋਂ
ਉੱਚਾ ਸਮਝਿਆ ਜਾਂਦਾ ਹੈ। ਇਹ ਗੰਦਗੀ ਤੇ ਮੈਲਾ
ਢੋਂਦੇ ਅਤੇ ਨਾ ਹੀ ਮੁਰਦਾਰ ਖਾਂਦੇ ਹਨ।

(ਅ) ਮੁਸੱਲੀ ਦੀ ਪਤਨੀ;

ਜ਼ਿਮੀਂਦਾਰਾਂ ਦੇ ਘਰਾਂ ਵਿਚ ਝਾੜ ਫੂਕ
ਤੇ ਗੰਦਗੀ ਹੂੰਜਦੀ ਹੈ। ਪਸ਼ੂਆਂ ਦੇ ਵਾੜੇ ਦੀ ਸਫ਼ਾ
ਇਸੇ ਦੇ ਜ਼ਿੰਮੇ ਹੁੰਦੀ ਹੈ। ਇਹ ਉਨ੍ਹਾਂ ਦਾ ਗੋਹਾ
ਕਰ ਕੇ ਕੰਧ ਉਤੇ ਪਾਥੀਆਂ ਥਪਦੀ ਤੇ ਸੁੱਕ ਜਾ
ਉਤਾਰ ਕੇ ਸੰਭਾਲਦੀ ਹੈ। ਘਰ ਦੇ ਸਫ਼ਾਈ ਨਾਲ
ਹੋਰ ਨਿੱਕੇ ਮੋਟੇ ਕੰਮ ਇਸੇ ਦੇ ਜ਼ਿੰਮੇ ਹੁੰਦੇ ਹਨ।

(ੲ) ਬਲਰਾਮ ਦੀ ਇਕ ਉਪਾਧੀ। ਜੋ ਹੱਲ ਤੇ
ਦੇ ਸ਼ਸਤ੍ਰ ਆਪਣੇ ਕੋਲ ਰਖਦਾ ਸੀ। ਜਿਸ ਤੇ
ਨਾਉਂ ਹਲੀ ਤੋਂ ਮੁਸਲੀ ਪੈ ਗਿਆ। ਇਸ ਨੂੰ ਮੁ
ਵੀ ਕਹਿੰਦੇ ਹਨ।

**(ਮ-234) ਮੁਹਰਮ :**

ਮੁਸਲਮਾਨਾਂ ਦਾ ਇਕ ਪ੍ਰਸਿਧ ਤਿਉਹਾਰ, ਜੋ ਇ

ਸ਼ਹਾਦਤ ਹੋਈ ਸੀ। ਸ਼ੀਆ ਮੁਸਲਮਾਨ ਹੁਸੈਨ ਨੂੰ ਤੀਜਾ ਅਮਾਮ ਮੰਨਦੇ ਹਨ ਤੇ ਉਨ੍ਹਾਂ ਦਾ ਬੜਾ ਸਤਿਕਾਰ ਕਰਦੇ ਹਨ। ਸ਼ੀਆ ਮਤ ਵਾਲਿਆਂ ਦੀ ਧਾਰਨਾ ਹੈ ਕਿ ਜਿਹੜੇ ਮਰਨ ਮਗਰੋਂ ਕਰਬਲਾ ਵਿਚ ਦੱਬੇ ਜਾਣਗੇ, ਉਹ ਸਾਰੇ ਜੰਨਤ ਦੇ ਭਾਗੀ ਹੋਣਗੇ। ਕਿਸੇ ਸਮੇਂ ਸ਼ੀਆ ਮੁਸਲਮਾਨ ਮਰਨ ਤੋਂ ਪਹਿਲਾਂ ਇਸ ਗੱਲ ਦਾ ਪ੍ਰਬੰਧ ਕਰ ਜਾਂਦੇ ਸਨ ਕਿ ਮਰਨ ਮਗਰੋਂ ਉਨ੍ਹਾਂ ਦੀਆਂ ਦੇਹਾਂ ਕਰਬਲਾ ਵਿਚ ਦੱਬੀਆਂ ਜਾਣ। ਕਈ ਬਿਰਧ ਸ਼ੀਆ ਜੀਵਨ ਦੇ ਆਖ਼ਰੀ ਦਿਨ ਕਰਬਲਾ ਵਿਚ ਗੁਜ਼ਾਰਦੇ ਸਨ। ਮੱਧਕਾਲ ਵਿਚ ਫ਼ਾਰਸ ਤੇ ਭਾਰਤ ਵਿਚੋਂ, ਮੁਰਦਾ ਦੇਹਾਂ ਦੇ ਕਾਫ਼ਲੇ ਕਰਬਲਾ ਜਾਇਆ ਕਰਦੇ ਸਨ।

ਮੁਹਰਮ ਦਾ ਤਿਉਹਾਰ ਪਹਿਲੀ ਮੁਹਰਮ ਤੋਂ ਸ਼ੁਰੂ ਹੁੰਦਾ ਹੈ। ਇਸ ਦਿਨ ਸ਼ੀਆ ਮੁਸਲਮਾਨ ਸੋਗ ਦੇ ਕਪੜੇ ਪਹਿਨ ਲੈਂਦੇ ਹਨ, ਕਈ ਪੱਕੇ ਸ਼ੀਆ ਦਾੜ੍ਹੀ ਮੁੱਛ ਨਹੀਂ ਮੁਨਾਉਂਦੇ ਤੇ ਇਸ਼ਨਾਨ ਵੀ ਨਹੀਂ ਕਰਦੇ, ਇਨ੍ਹਾਂ ਦਿਨਾਂ ਵਿਚ ਸਧਾਰਨ ਰੋਟੀ ਖਾਂਦੇ ਹਨ ਜਿਸ ਦਾ ਮੰਤਵ ਪੇਟ ਭਰਨਾ ਹੀ ਹੁੰਦਾ ਹੈ। ਸ਼ੀਆ ਮੁਸਲਮਾਨ ਹੁਸੈਨ ਦੀ ਸ਼ਹਾਦਤ ਦੇ ਕਿੱਸੇ ਨੂੰ ਬੜੇ ਦੁਖਿਤ ਹਿਰਦੇ ਨਾਲ ਸੁਣਦੇ। ਮੁਹਰਮ ਦੇ ਪਹਿਲੇ ਨੌਂ ਦਿਨ ਕਈ ਸ਼ੀਆ ਮੁਸਲਮਾਨ ਕਾਲੇ ਜਾਂ ਲਾਲ ਰੰਗ ਵਿਚ ਰੰਗੇ ਫਟੇ ਕਪੜੇ ਪਹਿਨ ਕੇ ਟੋਲੀਆਂ ਬਣਾ ਕੇ ਗਲੀਆਂ ਬਜ਼ਾਰਾਂ ਵਿਚ ਸਿਆਪਾ ਕਰਦੇ ਨਿਕਲਦੇ ਹਨ। ਉਨ੍ਹਾਂ ਦੇ ਵਾਲ ਬਿਖਰੇ, ਅੱਖਾਂ ਉਦਾਸ ਤੇ ਸਰੀਰ ਉਤੇ ਜੰਜ਼ੀਰਾਂ ਦੇ ਨਿਸ਼ਾਨ ਪਏ ਹੁੰਦੇ ਹਨ ਜੋ ਉਨ੍ਹਾਂ ਨੇ ਲੋਹੇ ਦੀਆਂ ਜੰਜ਼ੀਰਾਂ ਪਿੰਡੇ ਉਤੇ ਮਾਰ ਕੇ ਬਣਾਏ ਹੁੰਦੇ ਹਨ।

ਦਸਵੇਂ ਦਿਨ ਤਾਜ਼ੀਏ ਦਾ ਜਲੂਸ ਕਢਿਆ ਜਾਂਦਾ ਹੈ। ਤਾਜ਼ੀਏ ਦੇ ਜਲੂਸ ਦਾ ਮੰਤਵ ਹੁਸੈਨ ਦੀ ਮੌਤ ਉਤੇ ਤਾਬੂਤ ਦੇ ਕੱਢੇ ਗਏ ਮਾਤਮੀ ਜਲੂਸ ਨੂੰ ਮੁੜ ਦੁਹਰਾਣਾ ਹੈ। ਇਸੇ ਲਈ ਤਾਜ਼ੀਏ ਉਨ੍ਹਾਂ ਦੀ ਮਜ਼ਾਰ ਦੀ ਸ਼ਕਲ ਦੇ ਬਣਾਏ ਜਾਂਦੇ ਹਨ। ਤਾਜ਼ੀਏ ਇਮਾਮ ਬਾੜੇ ਵਿਚ ਜਾ ਕੇ ਦਫ਼ਨਾ ਦਿਤੇ ਜਾਂਦੇ ਹਨ।

ਮੁਸਲਮਾਨਾਂ ਦਾ ਨਿਸਚਾ ਹੈ ਕਿ ਮੁਹਰਮ ਦੇ ਦਸਵੇਂ ਦਿਨ ਖ਼ੁਦਾ ਨੇ ਆਦਮ ਤੇ ਹੱਵਾ ਅਤੇ ਬਹਿਸ਼ਤ 'ਤੇ ਦੋਜ਼ਖ ਦੀ ਰਚਨਾ ਕੀਤੀ। ਇਸ ਲਈ ਸੁੰਨੀ ਵੀ ਇਸ ਦਿਨ ਨੂੰ ਸ਼ੁਭ ਮੰਨ ਕੇ ਤਿਉਹਾਰ ਮਨਾਂਦੇ ਹਨ।

ਤਾਰੀਖ਼ ਨੂੰ, ਸ਼ੀਆ ਮੁਸਲਮਾਨ ਤਾਜ਼ੀਏ ਕਢਦੇ ਤੇ ਪਿਟਦੇ ਹਨ।

ਮੁਹਰਮ ਦੇ ਮਹੀਨੇ ਮੁਸਲਮਾਨ ਕਬਰਾਂ ਦੀ ਵੀ ਕਰਦੇ ਹਨ। ਉਹ ਆਪਣੇ ਸਕੇ-ਸਬੰਧੀਆਂ ਕਬਰਾਂ ਉਤੇ ਜਾ ਕੇ ਫੁੱਲ ਸੁਟਦੇ, ਦੀਵੇ ਜਗਾਦੇ ਤੇ ਪੜ੍ਹਦੇ ਹਨ।

ਮੁਹਰਮ ਦੀ ਦਸਵੀਂ ਨੂੰ ਸਰਦੇ ਪੁਜਦੇ ਮੁਸ ਚਾਵਲ ਤੇ ਹੋਰ ਪਕਵਾਨ ਬਣਾ ਕੇ ਗ਼ਰੀਬਾਂ ਵਿਚ ਹਨ। ਚਾਵਲਾਂ ਦੇ ਨਾਲ ਹੀ ਮਿੱਠਾ ਸ਼ਰਬਤ ਜਾਂ ਵੀ ਵੰਡਿਆ ਜਾਂਦਾ ਹੈ।

### (ਮ-236) ਮੁਹਾਠ :

ਦਰਵਾਜ਼ੇ ਦੀ ਹੇਠਲੀ ਬਾਹੀ; ਮੁਹਾਠ ਨਾਲ ਕਈ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਨੂੰ ਹਮੇਸ਼ਾਂ ਟੱਪ ਕੇ ਲੰਘਣਾ ਚਾਹੀਦਾ ਹੈ, ਉਸ ਉ ਰਖਣਾ ਅਸ਼ੁਭ ਮੰਨਿਆ ਗਿਆ ਹੈ। ਕਹਿੰਦੇ ਹ ਮੁਹਾਠ ਉਤੇ ਕਦੇ ਕਿਸੇ ਪੈਰ ਨਾ ਰਖਿਆ ਹੋਵੇ ਉਹ ਸੁੱਚੀ ਤੇ ਬਰਕਤ ਵਾਲੀ ਹੁੰਦੀ ਹੈ ਤੇ ਉਸ ਨੂੰ ਕੋਈ ਟੱਪ ਨਹੀਂ ਸਕਦੀ। ਉਸ ਘਰ ਅੰਦਰ ਕਦੇ ਟੂਣ ਅਸਰ ਨਹੀਂ ਕਰਦਾ।

ਮੱਧ ਕਾਲ ਵਿਚ ਕਈ ਲੋਕ ਆਪਣੇ ਮੋਏ ਹੋ ਘਰ ਦੀ ਮੁਹਾਠ ਹੇਠਾਂ, ਇਸ ਭਾਵ ਨਾਲ ਦਬਿਆ ਸਨ ਕਿ ਉਹ ਮੁੜ ਇਸੇ ਘਰ ਵਿਚ ਜਨਮ ਲੈਣ। ਕਿ ਲੋਕਾਂ ਦਾ ਨਿਸਚਾ ਸੀ ਕਿ ਮੁਹਾਠ ਹੇਠ ਦਬਿਆ ਬੱਚ ਉਸ ਘਰ ਪੁਨਰ-ਜਨਮ ਲੈਂਦਾ ਹੈ। ਇਹ ਰੀਤ ਕਈ ਤਾਂ ਉਨੀਵੀਂ ਸਦੀ ਦੇ ਅੰਤ ਤਕ ਪ੍ਰਚਲਤ ਰਹੀ ਹੈ।

### (ਮ-237) ਮੁਹਾਠ ਪਕੜਨੀ :

ਵਿਆਹ ਨਾਲ ਸਬੰਧਿਤ ਇਕ ਰਸਮ; ਜਦੋਂ ਦੀ ਡੋਲੀ ਸਹੁਰੇ ਘਰ ਪਹੁੰਚਦੀ ਹੈ ਤਾਂ ਉਹ ਬੂਹੇ ਦਾਖ਼ਲ ਹੋਣ ਤੋਂ ਪਹਿਲਾਂ ਮੁਹਾਠ ਫੜ ਲੈਂਦੀ ਹੈ ਤੇ ਕੁਝ ਸੁਗਾਤ ਲਏ ਨਹੀਂ ਟੱਪਦੀ। ਕਈ ਸਹੁਰੇ ਇ ਨਕਦ ਰੁਪਏ ਦੇਂਦੇ ਹਨ ਤੇ ਕਈ ਸੋਨੇ ਦਾ ਕੋਈ ਗਹਿ

### (ਮ-238) ਮੁਹਾਠ ਵਿਚ ਤੇਲ ਚੋਣਾ :

ਰੀਤ ਦਾ ਭਾਵ ਕਿਸੇ ਦਾ ਸਿੱਧਾ ਸਵਾਗਤ ਕਰਨਾ ਹੈ।

(ਮ-239) **ਮੁਹਾਰਾ** :

ਪਸ਼ੂਆਂ ਦੇ ਮੂੰਹ ਦਾ ਇਕ ਰੋਗ। ਇਸ ਰੋਗ ਨੂੰ ਦੂਰ ਕਰਨ ਲਈ ਬਹਾਵਲਪੁਰ ਵਿਚ ਹੇਠਲਾ ਕਲਾਮ ਪੜ੍ਹਿਆ ਜਾਂਦਾ ਹੈ :

ਸੂਰਨਜੀਤ ਦੇ ਤ੍ਰੈ ਬੇਟੇ
ਦਰ, ਦੱਬਰ, ਬੂਹਾਰਾ
ਬੀਵੀ ਬਾਂਦੀ ਦੇ, ਪਾਪ ਡੁਬਣ
ਜੇ ਦਰ ਵਿਚ ਕਰੇ ਪਸਾਰਾ।

ਬਹਾਵਲਪੁਰ ਵਿਚ ਮੁਹਾਰਾ ਦਾ ਰੋਗ ਦੂਰ ਕਰਨ ਲਈ ਲੋਕੀ ਆਪਣੇ ਪਸ਼ੂ ਨੂੰ 'ਜੇਠਾ ਭੁਟਾਂ ਦੀ ਮੜ੍ਹੀ' ਉੱਤੇ ਲਿਜਾ ਕੇ ਫੇਰੀਆਂ ਭਰਾਂਦੇ ਹਨ।

(ਮ-240) **ਮੁਹੀਆਲ** :

ਸਾਰਸੁਤ ਬ੍ਰਾਹਮਣਾਂ ਦੀ ਇਕ ਉਪ-ਜਾਤੀ ਜੋ ਵਧੇਰੇ ਕਰ ਕੇ ਦੇਸ਼ ਦੀ ਵੰਡ ਤੋਂ ਪਹਿਲਾਂ ਨਿਮਕ ਦੀਆਂ ਪਹਾੜੀਆਂ ਦੇ ਖੇਤਰ ਤੇ ਧਨੀ ਵਿਚ ਹੀ ਮਿਲਦੇ ਸਨ, ਇਨ੍ਹਾਂ ਦੇ ਕਥਨ ਅਨੁਸਾਰ ਇਨ੍ਹਾਂ ਦਾ ਕੋਈ ਵਡਿਕਾ ਮੁਗ਼ਲੀਆ ਰਾਜ ਦੇ ਸਮੇਂ ਬੜੇ ਉੱਚੇ ਅਹੁਦੇ ਉਤੇ ਪਹੁੰਚ ਗਿਆ ਸੀ ਤੇ ਉਦੋਂ ਤੋਂ ਇਨ੍ਹਾਂ ਨੇ ਪਰੋਹਿਤਾਂ ਵਾਲਾ ਕੰਮ ਛੱਡ ਕੇ ਵਾਹੀ ਖੇਤੀ ਤੇ ਨੌਕਰੀ ਦੇ ਕਿੱਤੇ ਅਪਣਾ ਲਏ ਸਨ। ਪਰ ਹਜ਼ਾਰੇ ਵਿਚ ਵਸਦੇ ਮੁਹੀਆਲ ਪ੍ਰੋਹਿਤ ਦਾ ਪੇਸ਼ਾ ਕੀਤਾ ਕਰਦੇ ਸਨ।

ਦੇਸ਼ ਦੀ ਵੰਡ ਤੋਂ ਪਹਿਲਾਂ ਜਿਹਲਮ ਮੁਹੀਆਲਾਂ ਦਾ ਗੜ੍ਹ ਸੀ ਤੇ ਕਾਲਾ ਨਾਂ ਦੇ ਸ਼ਹਿਰ ਤੋਂ ਇਹ 'ਮੁਹੀਆਲ' ਗਜ਼ਟ ਕਢਦੇ ਸਨ।

ਮੁਹੀਆਲ ਦੀ ਕਈ ਗੋਤਾਂ ਆਪਣਾ ਮੁੱਢ ਮਿਥਿਹਾਸਕ ਵਿਅਕਤੀਆਂ ਨਾਲ ਜੋੜਦੀਆਂ ਹਨ, ਜਿਵੇਂ ਛਿਬੜ ਕਬੀਲੇ ਦੇ ਭਾਰਗਵ ਗੋਤ ਦੇ ਆਪਣਾ ਪਿੱਛਾ ਪਰਸੂਰਾਮ ਨਾਲ ਜੋੜਦੇ ਹਨ ਅਤੇ ਬਾਲੀ ਕਬੀਲੇ ਦੇ ਪਰਾਸਰ ਗੋਤ ਵਾਲੇ ਪਰਾਸਰ ਨਾਲ। ਇਸੇ ਤਰ੍ਹਾਂ ਦੱਤ ਦਰੋਣਾ ਅਚਾਰੀਆ ਦੀ ਵੰਸ਼ ਵਿਚੋਂ ਦਸਦੇ ਹਨ ਜੋ ਪਾਂਡਵਾਂ ਦਾ ਗੁਰੂ ਸੀ।

ਇਕ ਧਾਰਨਾ ਅਨੁਸਾਰ ਮੁਹੀਆਲ ਸ਼ਬਦ ਮਹੀ ਤੋਂ ਬਣਿਆ ਹੈ ਜਿਸ ਦਾ ਅਰਥ ਭੂਮੀ ਤੋਂ ਹੈ, ਤੇ ਮੁਹੀਆਲ

ਵਿਚ ਸੁਰਮਾ ਪਾਉਂਦੇ ਤੇ ਉਸ ਨੂੰ ਕਪੜੇ ਪਹਿ
ਸਜਾਉਂਦੇ ਹਨ। ਪਹਿਲਾਂ ਉਸਨੂੰ ਪੂਜਦੇ ਹਨ ਫਿਰ ਉ
ਬਲੀ ਦੇਂਦੇ ਤੇ ਖਾਂਦੇ ਹਨ ਤੇ ਹੱਡੀਆਂ ਨੂੰ ਬੜੇ
ਹੋ ਕੇ ਇਕੱਠੀਆਂ ਕਰ ਕੇ ਉਸ ਕਮਰੇ ਵਿਚ ਦੱਬ
ਹਨ। ਇਹ ਸਭ ਕੁਝ ਗੁਪਤ ਢੰਗ ਨਾਲ ਕੀਤਾ ਜਾਂਦ
ਇਸ ਰੀਤ ਸਮੇਂ ਛਿਬੜਾਂ ਤੋਂ ਬਿਨਾਂ ਹੋਰ ਕਿਸੇ ਨੂੰ
ਨਹੀਂ ਦਿਤੀ ਜਾਂਦੀ।

ਮੁਹੀਆਲਾਂ ਦੇ ਕਈ ਰੀਤ ਰਵਾਜ ਵੱਖਰੇ
ਰੋਜ਼ ਰਜਿਸਟਰੀ ਅਨੁਸਾਰ ਹਰੇਕ ਕਬੀਲੇ ਦਾ ਆਪਣਾ
ਪਰੋਹਤ, ਇਕ ਭੱਟ ਤੇ ਇਕ ਮਿਰਾਸੀ ਹੁੰਦਾ ਹੈ। ਪੰਜ
ਦੀ ਉਮਰ ਵਿਚ ਜਨੇਊ ਦਾ ਧਾਗਾ ਪਹਿਨਾਇਆ ਜਾਂਦ
ਮੁਹੀਆਲ ਲੰਮੇ ਮਜ਼ਬੂਤ ਕਾਲੀ ਉਨ ਦਾ ਧਾਗਾ ਪ
ਹਨ ਇਸ ਨੂੰ ਮੁਹੀਆਲਾਂ ਦਾ ਪੇਰਾ ਆਖਦੇ ਹਨ, ਜੋ
ਦਵਾਲੇ ਚੱਕਰ ਕਟਦਾ ਪੇਟ ਤਕ ਲਮਕਿਆ ਹੁੰਦਾ
ਕਮਰ ਦੁਆਲੇ ਕਸ ਦਿਤਾ ਜਾਂਦਾ ਹੈ। ਨੌਰਾਤਰੇ
ਅਸ਼ਟਮੀ ਉੱਤੇ ਇਸ ਧਾਗੇ ਨੂੰ ਹਰ ਛਮਾਹੀਂ ਬਦ
ਜਾਂਦਾ ਹੈ। ਕਈ ਕੁੱਲਾਂ ਵਿਚ ਰਵਾਜ ਹੈ ਕਿ ਉਹ
ਦੀ ਸੱਜੀ ਬਾਂਹ ਵਿਚੋਂ ਉਸਤਰੇ ਨਾਲ ਲਹੂ ਕੱਢ ਕੇ ਉ
ਮੱਥੇ 'ਤੇ ਉਹ ਲਹੂ ਦਾ ਤਿਲਕ ਉਦੋਂ ਲਗਾਂਦੇ ਹਨ
ਉਹ ਧਾਗਾ ਪਹਿਨ ਰਿਹਾ ਹੁੰਦਾ ਹੈ।

ਇਸ ਪਿਛੋਂ ਝੰਡ ਜਾਂ ਮੁੰਡਨ ਦੀ ਰਸਮ ਕੀਤੀ
ਹੈ। ਇਕ ਲੇਲੇ ਨੂੰ ਜਿਸ ਦਾ ਸਿਰ ਕਾਲਾ ਸਿਆਹ
ਧੜ ਚਿੱਟਾ ਹੋਵੇ, ਜੰਡ ਦੇ ਬ੍ਰਿਛ ਹੇਠ ਲਿਜਾਇਆ
ਹੈ। ਮੁੰਡਨ ਸੰਸਕਾਰ ਜੰਡ ਦੇ ਬ੍ਰਿਛ ਹੇਠ ਹੀ ਕੀਤਾ
ਹੈ ਤੇ ਸਾਰੀ ਬਰਾਦਰੀ ਉਥੇ ਹੀ ਇਕਠੀ ਹੁੰਦੀ ਹੈ।
ਟੋਕਰੇ ਨੂੰ ਮੂਧਾ ਮਾਰ ਕੇ, ਉਸ ਦੇ ਹੇਠਾਂ ਦੀਵਾ
ਦਿਤਾ ਜਾਂਦਾ ਹੈ ਤੇ ਉਸ ਦੇ ਆਲੇ ਦੁਆਲੇ ਕੁੰਭ
ਦਿਤੇ ਜਾਂਦੇ ਹਨ ਅਤੇ ਇਸ ਟੋਕਰੀ ਉਤੇ ਬੱਚੇ ਨੂੰ
ਦਿਤਾ ਜਾਂਦਾ ਹੈ। ਫਿਰ ਲੇਲੇ ਦੇ ਸਿਰ ਉਤੇ ਦਹੀਂ ਮ
ਪਾਣੀ ਨਾਲ ਧੋਤਾ ਜਾਂਦਾ ਹੈ। ਫਿਰ ਲੇਲੇ ਦਾ ਕੰਨ ਰੌ
ਕਟ ਕੇ ਲਹੂ ਨਾਲ ਬਾਲਕ ਦੇ ਮੱਥੇ ਉਤੇ ਟਿੱਕਾ ਲਗਾ
ਜਾਂਦਾ ਹੈ। ਇਸ ਉਪਰੰਤ ਉਸ ਦਾ ਸਿਰ ਮੁੰਨਿਆ
ਹੈ ਤੇ ਟੋਕਰੀ ਤੋਂ ਉਤਰਦਾ ਉਹ ਘੜਿਆਂ ਉੱਤੇ ਪੈਰ
ਉਸ ਨੂੰ ਟੁਕੜੇ ਟੁਕੜੇ ਕਰ ਦਿੰਦਾ ਹੈ। ਮੁੰਡਣ ਸੰ

ਬਣਾ ਕੇ ਉਸ ਦੀ ਬਲੀ ਦੇਂਦੇ ਤੇ ਖਾਂਦੇ ਹਨ।

ਮੁਹੀਆਲਾਂ ਵਿਚ ਵਿਆਹ ਸ਼ਾਦੀ ਦੀਆਂ ਰਸਮਾਂ ਉਤੇ ਬੜਾ ਖ਼ਰਚ ਕੀਤਾ ਜਾਂਦਾ ਹੈ। ਕੋਈ ਸਮਾਂ ਸੀ ਜਦੋਂ ਲੜਕੀ ਜਦ ਫੇਰਾ ਪਾਉਣ ਆਉਂਦੀ ਤਾਂ ਉਸ ਨੂੰ ਉਤਨਾ ਕੁਝ ਹੀ ਦਿਤਾ ਜਾਂਦਾ ਜਿਟਨਾ ਕਿ ਦਾਜ ਵਿਚ। ਇਸ ਖ਼ਰਚੇ ਤੋਂ ਡਰਦਿਆਂ ਮੁਹੀਆਲਾਂ ਵਿਚ ਕੁੜੀ ਮਾਰਨ ਦਾ ਰਵਾਜ ਪੈ ਗਿਆ।

ਕਝ ਮੁਹੀਆਲ ਇਕ ਦੂਜੇ ਨਾਲ ਬੈਠ ਕੇ ਖਾ ਲੈਂਦੇ ਹਨ ਤੇ ਬਿਨਾਂ ਸੰਕੋਚ ਦੇ ਬਰਾਦਰੀ ਵਿਚ ਵਿਆਹ ਕਰ ਲੈਂਦੇ ਹਨ। ਪਰ ਉਹ ਦੂਜੇ ਬ੍ਰਾਹਮਣਾਂ ਨੂੰ ਘਿਰਨਾ ਦੀ ਦ੍ਰਿਸ਼ਟੀ ਨਾਲ ਵੇਖਦੇ ਤੇ ਨਾ ਹੀ ਉਨ੍ਹਾਂ ਨਾਲ ਖਾਂਦੇ ਤੇ ਨਾ ਹੀ ਉਨਾਂ ਨਾਲ ਨਾਤਾ ਜੋੜਦੇ ਹਨ। ਕਦੇ ਕਦੇ ਕੋਈ ਮੁਹੀਆਲ ਕਿਸੇ ਉਚੇ ਘਰਾਣੇ ਦੇ ਬ੍ਰਾਹਮਣ ਦੇ ਘਰੋਂ ਵਿਆਹ ਕਰ ਲੈਂਦਾ ਹੈ ਪਰ ਉਸ ਦੀ ਸੰਤਾਨ ਨੂੰ ਬਾਕੀ ਮੁਹੀਆਲ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਹਨ, ਪਰ ਜੇ ਕੋਈ ਮੁਹੀਆਲ ਆਪਣੀ ਧੀ ਬ੍ਰਾਹਮਣ ਦੇ ਨਾਲ ਵਿਆਹ ਦੇਵੇ ਤਾਂ ਉਸ ਨੂੰ ਬਰਾਦਰੀ ਤੋਂ ਛੇਕ ਦਿਤਾ ਜਾਂਦਾ ਹੈ।

ਸੁਹੀਆਲਾਂ ਵਿਚ ਤਿੰਨ ਚੀਜ਼ਾਂ ਨਿਸ਼ੇਧ ਹਨ : ਦਾਨ ਲੈਣਾ, ਤਕੜੀ ਤੋਲਨਾ ਤੇ ਆਲਸੀਆਂ ਵਾਲਾ ਜੀਵਨ ਗੁਜ਼ਾਰਨਾ। ਇਹ ਆਪਣੇ ਲਈ 'ਬਖ਼ਸ਼ੀ', 'ਮੋਹਤਾ', 'ਰਾਇਜ਼ਾਦਾ' ਤੇ 'ਦੀਵਾਨ' ਦਾ ਉਪਨਾਮ ਪ੍ਰਯੋਗ ਕਰਦੇ ਹਨ।

## (ਮ-241) **ਮੁਕਟ** :

ਮੁਕਟ ਪਹਿਨਣ ਦੀ ਪ੍ਰਥਾ ਬੜੀ ਹੀ ਪੁਰਾਣੀ ਹੈ। ਪੁਰਾਣੇ ਗ੍ਰੰਥਾਂ ਵਿਚ ਮੁਕਟ ਦਾ ਜ਼ਿਕਰ ਆਉਂਦਾ ਹੈ। ਗੁਪਤ ਕਾਲ ਦੀਆਂ ਮੂਰਤੀਆਂ ਤੇ ਸਿਕਿਆਂ ਉਤੇ ਮੁਕਟ ਦੇ ਚਿਤ੍ਰ ਮਿਲਦੇ ਹਨ। ਬੁਧ ਧਰਮ ਦੀਆਂ ਮੂਰਤੀਆਂ ਵਿਚ ਵੀ ਮੁਕਟ ਮਿਲਦਾ ਹੈ। ਕ੍ਰਿਸ਼ਨ ਮੋਰ ਦਾ ਮੁਕਟ ਪਹਿਨਿਆ ਕਰਦਾ ਸੀ। ਇਸ ਲਈ ਰਾਸਧਾਰੀਏ ਰਾਸਾਂ ਰਚਾਣ ਲਗਿਆਂ ਕ੍ਰਿਸ਼ਨ ਦਾ ਸਵਾਂਗ ਭਰਨ ਵਾਲਾ ਰਾਸਧਾਰੀਆ ਮੋਰ-ਮੁਕਟ ਪਹਿਨਿਆ ਕਰਦਾ ਹੈ।

## (ਮ-242) **ਮੁਕਤਸਰ** :

ਇਸ ਨਗਰ ਨੂੰ ਸਿੱਖ ਸਤਿਕਾਰ ਨਾਲ ਸ੍ਰੀ ਮੁਕਤਸਰ
ਸਿਖ ਮਿਸਲਾਂ ਦੇ ਸਮੇਂ ਸੰਮਤ 1818 ਵਿਚ ਸ਼
ਮੁਕਤਸਰ ਦੇ ਨਾਂ ਨਾਲ ਅਬਾਦ ਹੋਇਆ।
ਕੋਟਕਪੂਰਾ ਫ਼ਾਜ਼ਿਲਕਾ ਰੇਲਵੇ ਲਾਈਨ ਤੇ ਸਥਿਤ

ਸਿੱਖਾਂ ਦਾ ਧਾਰਮਿਕ ਸਥਾਨ ਹੋਣ ਕਰ
ਪਾਵਨ ਧਰਤੀ ਮੰਨਿਆ ਜਾਂਦਾ ਹੈ। ਇਥੇ ਮਾਘ
ਲਗਦਾ ਹੈ ਤੇ ਹਰ ਸਾਲ ਪਹਿਲੀ ਮਾਘ (ਜਨਵ
ਵਿਚ) ਸ਼ਹੀਦਾਂ ਦੀ ਯਾਦ ਵਿਚ ਇਕ ਵੱਡਾ ਮੇ
ਹੈ, ਜਿਸ ਨੂੰ ਸਿੱਖ ਸ਼ਰਧਾ ਨਾਲ ਮਨਾਂਦੇ ਹਨ।
ਦੀ ਗਿਣਤੀ ਵਿਚ ਸਿੱਖ ਇਥੇ ਇਕੱਤਰ ਹੁੰਦੇ ਹਨ

## (ਮ-243) **ਮੁਕਲਾਵਾ** :

ਵਿਆਹ ਨਾਲ ਸਬੰਧਿਤ ਇਕ ਰਸਮ, ਪਹਿ
ਕੰਨਿਆਂ ਦਾ ਵਿਆਹ ਬਾਲੀ ਉਮਰ ਵਿਚ ਹੀ
ਜਾਂਦਾ ਸੀ, ਜਿਸ ਕਰ ਕੇ ਕੰਨਿਆਂ ਵਿਆਹ
ਇਕ ਦਿਨ ਸਹੁਰੇ ਜਾ ਕੇ ਮੁੜ ਪੇਕੇ ਘਰ ਰਹਿਣ
ਸੀ। ਫਿਰ ਵਿਆਹ ਤੋਂ ਤੀਜੇ, ਪੰਜਵੇਂ, ਸਤਵੇਂ
ਸਾਲ ਜਦੋਂ ਕੰਨਿਆਂ ਜਵਾਨ ਹੋ ਜਾਂਦੀ ਤ
ਮੁਕਲਾਵਾ ਤੋਰਿਆ ਜਾਂਦਾ। ਜਿਹੜੇ ਮਾਪੇ ਆਪਣ
ਨੂੰ ਮੁਟਿਆਰ ਕਰ ਕੇ ਵਿਆਹੁੰਦੇ ਹਨ, ਉਹ
ਮੁਕਲਾਵਾ ਇਕੱਠਾ ਹੀ ਕਰ ਦੇਂਦੇ ਹਨ।

ਮੁਕਲਾਵੇ ਦੀ ਰਸਮ ਵਿਆਹ ਜਿਤਨੀ ਹੀ
ਹੈ ਅਤੇ ਜਦੋਂ ਕੰਨਿਆਂ ਨੂੰ ਟੋਰਿਆ ਜਾਂਦਾ ਹੈ
ਗਹਿਣੇ, ਪਲੰਘ ਪੀੜ੍ਹਾ ਤੇ ਭਾਂਡੇ ਟਿੰਡੇ ਆਦਿ ਅ
ਦਿਤੀਆਂ ਜਾਂਦੀਆਂ ਹਨ, ਕੁੱਝ ਜਾਤੀਆਂ ਵਿ
ਦਾਜ ਦਾਵਣ ਵਿਆਹ ਉਤੇ ਦਿਤਾ ਜਾਂਦਾ ਹੈ
ਅੱਧਾ ਮੁਕਲਾਵੇ ਉਤੇ। ਮੁਕਲਾਵੇ ਬਿਨਾਂ ਵਿਆਹ
ਪੂਰੀ ਨਹੀਂ ਹੁੰਦੀ।

ਮੁਕਲਾਵਾ ਪਤੀ ਲੈਣ ਆਉਂਦਾ ਹੈ।
ਜ਼ਿਲੇ ਵਿਚ ਜੇ ਮੁਕਲਾਵੇ ਤੋਂ ਪਹਿਲਾਂ ਹੀ ਕੰ
ਪਤੀ ਮਰ ਜਾਵੇ ਤਾਂ ਕੰਨਿਆਂ ਦਾ ਦੇਵਰ ਮੁਕਲ
ਆਉਂਦਾ ਹੈ ਤੇ ਦੇਵਰ ਨਾਲ ਹੀ ਉਸ ਦਾ
ਤੋਰਿਆ ਜਾਂਦਾ ਹੈ। ਬਿਨਾਂ ਕਿਸੇ ਹੋਰ ਰਸਮ
ਰਸਮ ਕਰੇਵਾ ਸਮਝ ਲਈ ਜਾਂਦੀ ਹੈ। ਤੇ ਕੰਨਿ
ਦੀ ਕਾਨੂੰਨੀ ਪਤਨੀ ਸਮਝੀ ਜਾਣ ਲਗਦੀ ਹੈ

ਆਖਦੇ ਹਨ। ਜੇ ਇਹ ਸਾਕ ਸਬੰਧੀ ਮਰਨ ਵਾਲੇ ਮਰਦ ਜਾਂ ਤੀਵੀਂ ਦੇ ਪੇਕੇ ਦੇ ਹੋਣ ਤਾਂ ਇਸ ਨੂੰ ਪੇਕੀ ਮੁਕਾਣ ਕਹਿੰਦੇ ਹਨ ਅਤੇ ਜੇ ਸਹੁਰਿਆਂ ਦੇ ਹੋਣ ਤਾਂ ਇਸ ਨੂੰ ਸਹੁਰੀ ਮੁਕਾਣ ਆਖਦੇ ਹਨ। ਇਹ ਦੋਵੇਂ ਮੁਕਾਣ ਇਕ ਦੂਜੇ ਤੋਂ ਵਧ ਚੜ੍ਹ ਕੇ ਸੋਗ ਪ੍ਰਗਟ ਕਰਨ ਦਾ ਯਤਨ ਕਰਦੀਆਂ ਹਨ ਤੇ ਇਕ ਦੂਜੇ ਦੇ ਨੁਕਸ ਛਾਂਟਣ ਤੇ ਕਮਜ਼ੋਰੀਆਂ ਘੋਖਣ ਵਲ ਵੀ ਉਚੇਚਾ ਧਿਆਨ ਦੇਂਦੀਆ ਹਨ।

ਪੰਜਾਬਣਾਂ ਨੂੰ ਮੁਕਾਣ 'ਤੇ ਜਾਣ ਦਾ ਬੜਾ ਸ਼ੌਕ ਹੁੰਦਾ ਹੈ। ਕਿਉਂ ਜੋ ਇਕ ਤਾਂ ਇਨ੍ਹਾਂ ਨੂੰ ਇਸ ਤਰ੍ਹਾਂ ਘਰੋਂ ਬਾਹਰ ਨਿਕਲਣ ਤੇ ਸਹੇਲੀਆਂ ਤੇ ਹੋਰ ਜਾਣ ਪਛਾਣ ਜਾ ਸਾਕ ਸਬੰਧੀਆਂ ਨੂੰ ਮਿਲਣ ਦਾ ਅਚਨਚੇਤੀ ਮੌਕਾ ਮਿਲ ਜਾਂਦਾ ਹੈ। ਦੂਜਾ, ਇਹ ਇਨ੍ਹਾਂ ਦੇ ਅੰਦਰ ਦੱਬੇ ਕਰੁਣਾਮਈ ਭਾਵਾਂ ਦੇ ਨਿਕਾਸ ਦਾ ਸਾਧਨ ਬਣਦਾ ਹੈ।

ਮੁਕਾਣ ਜ਼ਰੂਰੀ ਨਹੀਂ ਕਿ ਕਿਰਿਆ ਵਾਲੇ ਦਿਨ ਹੀ ਆਵੇ ਪਹਿਲਾਂ ਵੀ ਆ ਸਕਦੀ ਹੈ। ਇਹ ਸ਼ਬਦ ਬੜਾ ਭਾਵ ਸੂਚਕ ਹੈ। ਮੁਕਾਣ ਦੇ ਆਉਣ ਨਾਲ ਤੇ ਕਿਰਿਆ ਦੀ ਰਸਮ ਨਾਲ ਮਰ ਗਏ ਪ੍ਰਾਣੀ ਦੇ ਸੰਸਾਰ ਦੇ ਨਾਲ ਸਾਰੇ ਸਬੰਧ ਸਰੀਰਕ ਤੇ ਸੰਸਾਰਕ ਲਗਪਗ ਮੁਕ ਜਾਂਦੇ ਹਨ।

ਜਦੋਂ ਮੁਕਾਣ ਮਰ ਗਏ ਪ੍ਰਾਣੀ ਦੇ ਸੋਗ ਲਈ ਪਹੁੰਚਦੀ ਹੈ ਤਾਂ ਇਕ ਦਮ ਹਾਹਾਕਾਰ ਮੱਚ ਜਾਂਦੀ ਹੈ। ਘਰ ਦੇ ਬੰਦੇ ਤੇ ਆਈ ਮੁਕਾਣ ਗਲ ਲਗ ਕੇ ਰੋਂਦੇ ਪਿਟਦੇ ਤੇ ਸਿਆਪਾ ਕਰਦੇ ਹਨ। ਨਾਲੋ ਨਾਲ ਵੈਣ ਵੀ ਪਾਏ ਜਾਂਦੇ ਹਨ। ਜੇ ਕੋਈ ਜਵਾਨ ਮੌਤ ਹੋ ਗਈ ਹੋਵੇ ਤਾਂ ਮੁਕਾਣ ਕਈ ਵਾਰ ਪਿੰਡ ਵਿੱਚ ਵੜਦਿਆਂ ਸਾਰ ਹੀ ਤੇ ਸ਼ਹਿਰਾਂ ਵਿਚ ਮਹੱਲੇ ਵਿਚ ਵੜਦਿਆਂ ਸਾਰ ਹੀ ਰੋਣਾ ਪਿਟਣਾ ਤੇ ਵੈਣ ਪਾਣੇ ਸ਼ੁਰੂ ਕਰ ਦੇਂਦੀ ਹੈ।

ਮੁਕਾਣ ਦੀ ਰੋਟੀ ਵੀ ਕੀਤੀ ਜਾਂਦੀ ਹੈ। ਤੇ ਇਸ ਨੂੰ 'ਭੈੜੀ ਰੋਟੀ' ਕਿਹਾ ਜਾਂਦਾ ਹੈ। ਜੇ ਕੋਈ ਤੀਵੀਂ ਮਰੀ ਹੋਵੇ ਤਾਂ ਉਸ ਦੇ ਪੇਕੇ ਇਹ ਰੋਟੀ ਕਰਦੇ ਹਨ ਜੇ ਮਰਦ ਹੋਵੇ ਤਾਂ ਉਸ ਦੇ ਭਰਾ ਆਦਿ।

ਮੁਕਾਣ 'ਫੂੜੀ ਛੰਡਣ' ਪਿਛੋਂ ਵਾਪਸ ਚਲੀ ਜਾਂਦੀ ਹੈ। ਫੂੜੀ ਛੰਡਣ ਤੋਂ ਪਹਿਲਾਂ ਦੱਬ ਕੇ ਰੋ ਪਿਟ ਲਿਆ ਜਾਂਦਾ ਹੈ ਤੇ ਫਿਰ ਸੋਗ ਨੂੰ ਫੂੜੀ ਛੰਡ ਕੇ ਰਸਮੀ ਤੌਰ 'ਤੇ

ਦੀ ਉਸਾਰੀ ਪਾਂਡਵਾਂ ਨੇ ਮਹਾਂਭਾਰਤ ਕਾਲ ਵਿਚ
ਪਰ ਇਹ ਮੰਦਰ ਇਤਨਾ ਪੁਰਾਣਾ ਨਹੀਂ ਜਾਪਦਾ
ਇਕ ਪੁਰਾਣੀ ਲਿਖਤ ਵੀ ਮਿਲਦੀ ਹੈ ਜੋ ਹੁਣ
ਖ਼ਰਾਬ ਹੋ ਗਈ ਹੈ ਕਿ ਪੜ੍ਹਨੀ ਕਠਨ ਹੈ (ਗੁਰ
ਗਜ਼ਟੀਅਰ, ਪੰਨਾ 20)।

## (ਮ-246) ਮੁਜਰਾ :

ਇਕ ਨਾਚ ਜਿਸ ਵਿਚ ਨੱਚਣ ਵਾਲੀ ਸੁੰਦਰੀ
ਅਦਾਵਾਂ ਤੇ ਪ੍ਰੇਮ ਭਰੀਆਂ ਤੱਕਣੀਆਂ ਨਾਲ ਜਾਦੂ
ਹੈ। ਮੁਜਰਾ ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ
ਜਾਂ ਦਰਬਾਰ ਵਿਚ ਕੀਤਾ ਪਰਣਾਮ ਹੈ। ਨ੍ਰਿਤਕੀ
ਅਦਾਵਾਂ ਨਾਲ ਵਿਚ ਵਿਚ ਦਰਸ਼ਕਾਂ ਨੂੰ ਪਰਣਾਮ ਕ
ਜਿਸ ਤੋਂ ਇਸ ਨਾਚ ਦਾ ਨਾਂ ਹੀ ਮੁਜਰਾ ਪੈ ਗਿਆ।

ਮੁਜਰੇ ਵਿਚ ਗੀਤ ਤੇ ਨਾਚ ਦਾ ਸੁੰਦਰ ਸੁਮੇ
ਹੈ, ਨ੍ਰਿਤਕੀ ਗੀਤ ਗਾਉਂਦੀ ਤੇ ਅਦਾਵਾਂ ਨਾਲ
ਹੈ, ਸਾਜ਼ਿੰਦੇ ਤਾਲ ਦੇਂਦੇ ਹਨ। ਮੁਜਰੇ ਵਿਚ
ਉਰਦੂ ਦੀਆਂ ਗ਼ਜ਼ਲਾਂ ਹੀ ਗਾਈਆਂ ਜਾਂਦੀਆਂ ਹਨ,
ਦਾ ਵਿਸ਼ਾ ਇਸ਼ਕ ਮੁਸ਼ਕ, ਵਿਛੋੜਾ ਵਸਲ ਤੇ ਮਿਹਣੇ
ਹੁੰਦਾ ਹੈ।

ਮੁਜਰਾ ਰਾਤ ਵੇਲੇ ਹੁੰਦਾ ਹੈ ਤੇ ਨ੍ਰਿਤਕੀ ਨੇ ਬੜੇ
ਤੇ ਭੜਕੀਲੇ ਕਪੜੇ ਪਹਿਨੇ ਹੁੰਦੇ ਹਨ। ਮੁਜਰਾ
ਵਾਲੇ ਗਾਉ ਤਕੀਏ ਦਾ ਆਸਰਾ ਲਈ ਸਜੇ ਬੈ
ਹਨ। ਨ੍ਰਿਤਕੀ ਮੁਜਰਾ ਪਾਉਂਦਿਆਂ ਸਰੋਤਿਆ
ਪ੍ਰੇਮ ਭਰੀਆਂ ਤੱਕਣੀਆਂ ਸੁਟਦੀ ਰਹਿੰਦੀ ਹੈ
ਸਭਨਾਂ ਨੂੰ ਇਹੋ ਅਹਿਸਾਸ ਕਰਵਾਣ ਦਾ ਯਤਨ
ਹੈ ਜਿਵੇਂ ਇਹ ਮੁਜਰਾ ਕੇਵਲ ਉਸੇ ਲਈ ਹੋ ਰਿਹ
ਸਰੋਤੇ ਗ਼ਜ਼ਲ ਦੀਆਂ ਪੰਗਤੀਆਂ ਤੇ ਨਾਚ ਦੇ ਅਦ
ਖ਼ੁਸ਼ ਹੋ ਕੇ ਰੁਪਏ ਵਾਰਦੇ ਤੇ ਨ੍ਰਿਤਕੀ ਨੂੰ ਭੇਟ ਕਰਦੇ
ਭੇਟਾ ਦੀ ਰਕਮ ਮਿਥੀ ਨਹੀਂ ਹੁੰਦੀ, ਹਰ ਕੋਈ
ਸਮਾਜਿਕ ਦਰਜੇ ਅਨੁਸਾਰ ਰਕਮ ਭੇਟ ਕਰਦਾ ਹੈ।

ਮੁਜਰੇ ਦਾ ਜਨਮ ਮੱਧ-ਕਾਲ ਵਿਚ ਹੋਇਆ
ਮੁਗ਼ਲ ਬਾਦਸ਼ਾਹਾਂ ਦੇ ਸਮੇਂ ਇਸ ਨੇ ਚੋਖਾ ਵਿਕਾਸ
ਇਸ ਦੀ ਇਕ ਖ਼ਾਸ ਪਰੰਪਰਾ ਬਣ ਚੁਕੀ ਸੀ।
ਬਾਦਸ਼ਾਹਾਂ ਨੇ ਆਪਣੇ ਦਰਬਾਰ ਵਿਚ ਮੁਜਰਾ ਕਰਨ
ਨ੍ਰਿਤਕੀਆਂ ਰਖੀਆਂ ਹੁੰਦੀਆਂ ਸਨ ਅਤੇ ਮਹਿਫ

ਜਦੋਂ ਨਵਾਬਾਂ ਤੇ ਰਾਜਿਆਂ ਦਾ ਜ਼ਮਾਨਾ ਖ਼ਤਮ ਹੋਇਆ ਤਾਂ ਮੁਜਰਾ ਕਰਨ ਵਾਲੀਆਂ ਨ੍ਰਿਤਕੀਆਂ ਕੋਠਿਆਂ ਵਿਚ ਜਾ ਬੈਠੀਆਂ। ਕੋਠਿਆਂ ਵਿਚ ਹੁਣ ਤਕ ਮੁਜਰੇ ਹੁੰਦੇ ਹਨ ਤੇ ਨ੍ਰਿਤਕੀਆਂ ਪੈਰਾਂ ਵਿਚ ਘੁੰਗਰੂ ਬੰਨ੍ਹ ਕੇ ਤਬਲੇ ਤੇ ਸਾਰੰਗੀ ਦੇ ਸਾਜ਼ ਨਾਲ ਤਾਲ ਮੇਲ ਕੇ ਨਚਦੀਆਂ ਤੇ ਗਾਂਦੀਆਂ ਹਨ। ਪਰ ਹੁਣ ਮੁਜਰਾ ਪਹਿਲੀ ਮਰਿਯਾਦਾ ਤਿਆਗ ਕੇ ਭ੍ਰਸ਼ਟ ਹੋ ਗਿਆ ਹੈ ਤੇ ਇਸ ਨੂੰ ਕੋਠਿਆਂ ਉਤੇ ਜਾ ਕੇ ਵੇਖਣ ਵਾਲੇ ਚਰਿਤ੍ਰਹੀਣ ਸਮਝੇ ਜਾਂਦੇ ਹਨ। ਮੁਗ਼ਲਾਂ ਦੇ ਸਮੇਂ ਜੋ ਆਦਰਯੋਗ ਸਥਾਨ ਇਸ ਨੂੰ ਪ੍ਰਾਪਤ ਸੀ ਉਹ ਹੁਣ ਨਹੀਂ ਰਿਹਾ।

### (ਮ-247) ਮੁਜਾਵਰ :

ਮਜੌਰ, ਕਿਸੇ ਪੀਰ ਫ਼ਕੀਰ ਦੀ ਮਜ਼ਾਰ ਜਾਂ ਮਕਬਰੇ ਦਾ ਪੁਜਾਰੀ; ਇਹ ਕਬਰ ਅਥਵਾ ਮਜ਼ਾਰ ਦੀ ਦੇਖ ਭਾਲ ਕਰਦਾ ਅਤੇ ਮੁਰੀਦਾਂ ਵਲੋਂ ਦਿਤੀਆਂ ਨਿਆਜ਼ਾਂ ਲੈਂਦਾ ਹੈ। ਜਿਨ੍ਹਾਂ ਮਜ਼ਾਰਾਂ ਉਤੇ ਬਹੁਤੀਆਂ ਨਿਆਜ਼ਾਂ ਨਹੀਂ ਚੜ੍ਹਦੀਆਂ ਉਥੇ ਕੋਈ ਮੁਜਾਵਰ ਨਹੀਂ ਰਹਿੰਦਾ, ਵਡੀਆਂ ਖ਼ਾਨਗਾਹਾਂ ਤੇ ਮਕਬਰਿਆਂ 'ਤੇ ਇਕ ਤੋਂ ਵਧੀਕ ਮੁਜਾਵਰ ਵੀ ਰਹਿੰਦੇ ਹਨ।

### (ਮ-248) ਮੁੱਠ :

ਕੋਈ ਵਸਤੂ ਜਿਸ ਉਤੇ ਮੰਤ੍ਰ ਫੂਕ ਕੇ ਵੈਰੀ ਉਤੇ ਸੁਟੀ ਜਾਵੇ। ਮੁੱਠ ਤਿਆਰ ਕਰਨ ਲਈ ਮਿੱਟੀ, ਚਾਵਲ ਜਾਂ ਅੰਨ ਦੀ ਮੁੱਠੀ ਭਰ ਵਸਤੂ ਲਈ ਜਾਂਦੀ ਹੈ ਤੇ ਉਸ ਉਤੇ ਕੁਝ ਮੰਤਰ ਪੜ੍ਹੇ ਜਾਂਦੇ ਹਨ ਫਿਰ ਇਸ ਨੂੰ ਵੈਰੀ ਉਪਰ ਸੁਟਿਆ ਜਾਂਦਾ ਹੈ, ਨਿਸ਼ਚਾ ਹੈ ਕਿ ਜਿਸ 'ਤੇ ਮੁੱਠ ਸੁਟੀ ਜਾਵੇ, ਉਹ ਸੁੱਕ ਸੁੱਕ ਕੇ ਮਰਦਾ ਹੈ ਤੇ ਉਸ ਦੀ ਸਿਹਤ ਦਿਨ ਬਦਿਨ ਵਿਗੜਦੀ ਜਾਂਦੀ ਹੈ। ਕਈ ਤੰਤਰੀ ਮੁੱਠ ਨੂੰ ਚਲਾਉਂਦੇ ਹਨ। ਜਿਸ ਨੂੰ 'ਮੁੱਠ ਚਲਾਉਣੀ' ਕਹਿੰਦੇ ਹਨ। ਮੁੱਠੀ ਵਿਚ ਕੋਈ ਵਸਤੂ ਲੈ ਕੇ ਉਸ ਤੇ ਮੰਤ੍ਰ ਫੂਕੇ ਜਾਂਦੇ ਹਨ ਤੇ ਫਿਰ ਵੈਰੀ ਦਾ ਨਾਂ ਲੈ ਕੇ ਵੈਰੀ ਦੇ ਘਰ ਦੀ ਦਿਸ਼ਾ ਵਲ ਮੁੱਠ ਸੁਟ ਦਿਤੀ ਜਾਂਦੀ ਹੈ। ਇਹ ਮੁੱਠ ਪ੍ਰੇਤ ਆਤਮਾਵਾਂ ਦੁਆਰਾ ਵੈਰੀ ਕੋਲ ਜਾ ਪਹੁੰਚਦੀ ਹੈ ਅਤੇ ਸਿਧਾ ਉਸ ਦੇ ਦਿਲ ਉਤੇ ਜਾ ਅਸਰ ਕਰਦੀ ਹੈ ਅਤੇ ਉਸ ਸ਼ਖ਼ਸ ਨੂੰ ਲਹੂ ਦੀਆਂ ਉਲਟੀਆਂ ਆਉਣ ਲਗਦੀਆਂ

### (ਮ-249) ਮੁੰਡ :

ਇਕ ਅਸੁਰ ਜਿਸ ਨੂੰ ਦੁਰਗਾ ਦੇਵੀ ਨੇ ਮ
ਇਸ ਦੀ ਕਥਾ ਮਾਰਕੰਡੇ ਪੁਰਾਣ ਵਿਚ ਮਿਲਦੀ ਹੈ।

### (ਮ-250) ਮੁੰਡਮਾਲਾ :

ਮੁਰਦਿਆਂ ਦੇ ਸਿਰਾਂ ਦੀ ਮਾਲਾ ਜਿਸ ਨੂੰ ਸ਼ਿ
ਕਾਲੀ ਦੇਵੀ ਗਲ ਵਿਚ ਪਹਿਨਦੇ ਹਨ।

### (ਮ-251) ਮੁੰਡਲੀਕ :

ਗੁੱਗਾ ਚੁਹਾਨ ਦਾ ਇਕ ਨਾਉਂ ਜੋ ਹਿਮਾਦ
ਵਿਚ ਪ੍ਰਚਲਤ ਹੈ। ਗੁੱਗਾ ਚੁਹਾਨ ਰਾਜਪੂਤ
ਪ੍ਰਿਥਵੀ ਰਾਜ ਦੇ ਸਮੇਂ ਹੋਇਆ ਅਤੇ ਬਿੰਦਰਾਬਨ
ਗੜ੍ਹ ਡਡੇਰਾ ਦਾ ਵਸਨੀਕ ਸੀ। ਗੁੱਗੇ ਨੇ ਮੁ
ਨਾਲ ਕਈ ਯੁੱਧ ਕੀਤੇ, ਇਕ ਦੰਦ ਕਥਾ ਅਨੁਸਾ
ਯੁਧ ਵਿਚ ਲੜਦਿਆਂ ਗੁੱਗੇ ਦਾ ਸਿਰ ਧੜ ਨ
ਹੋ ਗਿਆ ਤਾਂ ਵੀ ਇਹ ਲੜਦਾ ਰਿਹਾ ਅਤੇ ਅਖ
ਧਰਤੀ ਵਿਚ ਘੋੜੇ ਸਮੇਤ ਸਮਾ ਗਿਆ। ਕੇਵਲ
ਬਰਛੀ ਦਾ ਫਲ ਹੀ ਬਾਹਰ ਰਿਹਾ। ਸਿਰ ਤੋਂ ਬਗ਼ੈ
ਧੜ ਨਾਲ ਲੜਦੇ ਰਹਿਣ ਕਰ ਕੇ, ਇਸ ਨੂੰ
ਕਿਹਾ ਜਾਣ ਲਗਾ। ਗੁੱਗੇ ਦੀ ਮ੍ਰਿਤੂ ਭਾਦਰੋਂ
ਪੱਖ ਦੀ ਨੌਵੀਂ ਤਿੱਥ ਨੂੰ ਹੋਈ। ਇਸ ਤਿੱਥ ਨੂੰ ਗੁ
ਕਿਹਾ ਜਾਂਦਾ ਹੈ। ਗੁੱਗੇ ਦੇ ਉਪਾਸ਼ਕ ਇਸ ਤਿੱਥ
ਇਕ ਅਠਵਾਰੇ ਲਈ ਗੁੱਗੇ ਦਾ ਸਰਾਧ ਕਰਦੇ ਹਨ
'ਗੁਗਨੌਹ' ਕਿਹਾ ਜਾਂਦਾ ਹੈ।

### (ਮ-252) ਮੁਤਬੰਨਾ :

ਗੋਦੀ ਲਿਆ ਪੁਤ੍ਰ, ਕਈ ਨਿਰਸੰਤਾਨ ਲੋਕ
ਅੰਗਾਂ ਸਾਕਾਂ ਜਾਂ ਭਾਈਚਾਰੇ ਵਿਚ ਕਿਸੇ ਦਾ ਪੁੱਤਰ
ਬਣਾ ਲੈਂਦੇ ਹਨ। ਇਹ ਮੁਤਬੰਨਾ ਆਪਣੇ ਲੈ-
ਮਰਨ ਮਗਰੋਂ ਉਸ ਦੀ ਜਾਇਦਾਦ ਤੇ ਹੋਰ ਸੰ
ਵਾਰਸ ਬਣਦਾ ਹੈ। ਹਿੰਦੂ ਨਿਸਚੇ ਅਨੁਸਾਰ
ਸ਼ਖ਼ਸ ਨਿਰਸੰਤਾਨ ਮਰ ਜਾਵੇ ਤਾਂ ਉਸ ਨੂੰ ਪਾਣੀ ਦੇ
ਤੇ ਉਸ ਦੇ ਸਰਾਧ ਕਰਨ ਵਾਲਾ ਕੋਈ ਨਾ ਹੋਣ
ਉਹ ਪੂ ਨਾ ਦੇ ਨਰਕ ਵਿਚ ਸੁਟਿਆ ਜਾਂਦਾ ਹੈ।
ਕਈ ਨਿਰਸੰਤਾਨ ਜਿਉਂਦਿਆਂ ਹੀ ਕਿਸੇ ਦਾ ਪੁੱਤ

**(ਮ-253) ਮੁੰਦਣਾ :**

ਕਿਸੇ ਖਾਣ ਪੀਣ ਜਾਂ ਵਰਤਣ ਦੇ ਪਦਾਰਥ ਉਤੇ ਮੰਤ੍ਰ ਪੜ੍ਹ ਕੇ ਉਸ ਨੂੰ ਭ੍ਰਿਸ਼ਟ ਕਰ ਦੇਣਾ, ਜਦੋਂ ਤਕ ਉਸ ਪਦਾਰਥ ਉਤੇ ਮੰਤ੍ਰ ਪੜ੍ਹ ਕੇ ਉਸ ਨੂੰ ਮੁੜ ਪਵਿਤ੍ਰ ਨਾ ਕਰ ਲਏ ਉਸ ਨੂੰ ਵਰਤਣਾ ਠੀਕ ਨਹੀਂ ਸਮਝਿਆ ਜਾਂਦਾ, ਉਸ ਨੂੰ ਖਾਣ ਨਾਲ ਪੇਟ ਵਿਚ ਪੀੜ ਜਾਂ ਉਲਟੀਆਂ ਆ ਜਾਂਦੀਆਂ ਹਨ, ਪਹਿਨਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ। ਪਹਿਲਿਆਂ ਵਿਚ ਇਕ ਕਬੀਲੇ ਦੇ ਲੋਕ ਆਪਣੇ ਦੁਸ਼ਮਣ ਦੇ ਕਬੀਲੇ ਦੇ ਖਾਣ ਪੀਣ ਜਾਂ ਵਰਤਣ ਦੇ ਪਦਾਰਥ ਆਪਣੇ ਚੇਲਿਆਂ ਦੁਆਰਾ ਮੁੰਦ ਦੇਂਦੇ ਸਨ।

**(ਮ-254) ਮੁਦ੍ਰਕਾ :**

ਸੰਖ, ਚਕ੍ਰ ਆਦਿ ਦਾ ਸਰੀਰ 'ਤੇ ਲਗਾਇਆ ਛਾਪਾ। ਵੈਸ਼ਨੂੰ ਮਤ ਵਾਲਿਆਂ ਦਾ ਨਿਸਚਾ ਹੈ ਕਿ ਵਿਸ਼ਨੂੰ ਦੇ ਕਿਸੇ ਚਿੰਨ੍ਹ ਸੰਖ, ਚਕ੍ਰ ਜਾਂ ਮੂਰਤੀ ਦਾ ਛਾਪਾ ਸਰੀਰ ਦੇ ਅੰਗ ਉਤੇ ਲਗਾਣ ਨਾਲ, ਮਰਨ ਮਗਰੋਂ ਬੈਕੁੰਠ ਵਿਚ ਨਿਵਾਸ ਹੁੰਦਾ ਹੈ, ਸੋ, ਵੈਸ਼ਨਵ ਵਿਸ਼ਨੂੰ ਦੇ ਚਿੰਨ੍ਹ ਆਦਿ ਨੂੰ ਅੱਗ ਵਿਚ ਤਪਾ ਕੇ ਸਰੀਰ 'ਤੇ ਉਤਾਰਦੇ ਹਨ ਜਿਸ ਨੂੰ ਮੁਦ੍ਰਕਾ ਕਿਹਾ ਜਾਂਦਾ ਹੈ।

**(ਮ-255) ਮੁੰਦਰ ਛੋੜ :**

ਮੁਸਲਮਾਨਾਂ ਵਿਚ ਉਹ ਰੋਟੀ ਜੋ ਕਿਸੇ ਸ਼ਖ਼ਸ ਦੀ ਮੌਤ ਮਗਰੋਂ ਉਸ ਦੇ ਸਕੇ ਸਬੰਧੀ ਮਾਤਮ ਵਾਲੇ ਘਰ ਭੇਜਦੇ ਹਨ। ਇਸ ਨੂੰ ਮੂੰਹ-ਛੋੜ ਵੀ ਕਿਹਾ ਜਾਂਦਾ ਹੈ (ਵੇਖੋ : ਮੂੰਹ-ਛੋੜ)।

**(ਮ-256) ਮੁੰਦ੍ਰਾ :**

ਮੁੰਦਰੀ ਦੀ ਸ਼ਕਲ ਦੇ ਕੁੰਡਲ ਜੋ ਜੋਗੀ ਕੰਨ ਵਿਚ ਪਹਿਨਦੇ ਹਨ, ਮੁੰਦ੍ਰਾ ਕਿਸੇ ਧਾਤ ਤੋਂ ਇਲਾਵਾ ਬਲੌਰ ਤੇ ਗੈਂਡੇ ਦੇ ਸਿੰਗਾਂ ਦੀਆਂ ਵੀ ਬਣਾਈਆਂ ਹੁੰਦੀਆਂ ਹਨ, ਜੋਗੀਆਂ ਦਾ ਨਿਸਚਾ ਹੈ ਕਿ ਮੁੰਦ੍ਰਾ ਪਹਿਨਣ ਨਾਲ ਜੋਗੀ ਉਤੇ ਸ਼ਿਵ ਦੀ ਬਖ਼ਸ਼ਿਸ਼ ਦੀ ਮੁਹਰ ਲਗ ਜਾਂਦੀ ਹੈ ਤੇ ਉਹ ਆਤਮ ਵਿਸ਼ਵਾਸ਼ ਨਾਲ ਸੰਜਮੀ ਜੀਵਨ ਜੀਣ ਲਗ ਪੈਂਦਾ ਹੈ।

ਸਨ ਜਿਸ ਤੋਂ ਇਸ ਛੱਲੇ ਨੂੰ ਮੁੰਦਰੀ ਕਿਹਾ ਜਾਣ ਲੱਗ

(ਅ) ਚੇਲਿਆਂ ਕੋਲ ਵੀ ਇਕ ਛੱਲਾ ਹੁੰਦਾ
ਉਹ ਆਪਣੀ ਉਂਗਲੀ ਵਿਚ ਪਾਈ ਰਖਦੇ ਸਨ।
ਚੀਜ਼ ਵਸਤ ਉਤੇ ਮੰਤ੍ਰ ਪੜ੍ਹ ਕੇ ਉਹ ਇਸ ਛੱਲੇ ਨਾਲ
ਦੇਂਦੇ ਹਨ ਤਾਂ ਜੋ ਮੰਤ੍ਰ ਦਾ ਅਸਰ ਦ੍ਰਿੜ੍ਹ ਹੋਵੇ, ਇਸ
ਨੂੰ ਵੀ ਮੁੰਦਰੀ ਕਿਹਾ ਜਾਂਦਾ ਹੈ।

(ੲ) ਉਂਗਲੀ ਵਿਚ ਪਹਿਨਣ ਵਾਲਾ ਸੋਨੇ ਤੇ
ਦਾ ਇਕ ਗਹਿਣਾ, ਰਿਸ਼ਤੇ ਨਾਤੇ ਸਮੇਂ ਕੰਨਿਆਂ ਵ
ਮੁੰਦਰੀ ਪਹਿਨਾਂਦੀ ਹੈ ਤੇ ਵਰ ਕੰਨਿਆਂ ਨੂੰ।
ਇਲਾਕਿਆਂ ਵਿਚ ਜਦੋਂ ਤਕ ਮੁੰਦਰੀ ਤੇ ਪੱਠਤੀ ਕੰ
ਨੂੰ ਭੇਟ ਨਾ ਕੀਤੀ ਜਾਵੇ, ਸਗਾਈ ਦੀ ਰਸਮ ਪੂਰੀ
ਹੁੰਦੀ (ਮੁਜ਼ਫਰਗੜ੍ਹ ਗਜ਼ਟੀਅਰ ਪੰਨਾ 57)। ਪਠਤੀ
ਇਕ ਤਰ੍ਹਾਂ ਦੀ ਮੁੰਦਰੀ ਹੁੰਦੀ ਹੈ ਜੋ ਉਂਗਲ ਦੇ ਪੋਟੇ ਜਿ
ਲੰਮੀ ਹੁੰਦੀ ਹੈ। ਦੋਵੇਂ ਪਾਸੇ ਅੱਧ ਚੰਨ ਵਾਂਗ ਠੱਪਾ
ਹੁੰਦਾ ਹੈ ਤੇ ਉਪਰ ਨਿੱਕੇ ਨਿੱਕੇ ਘੁੰਗਰੂ। ਮੁਜ਼ਫਰ
ਜ਼ਿਲੇ ਵਿਚ ਸਗਾਈ ਸਮੇਂ ਪੱਠਤੀ ਦੇਣ ਦਾ ਰਿਵਾਜ ਹੈ

**(ਮ-258) ਮੁਨਾਰਪਟਾ :**

ਇਕ ਖੇਡ ਜੋ ਮੁਲਤਾਨ ਤੇ ਬਹਾਵਲਪੁਰ ਦੇ ਇ
ਵਿਚ ਪ੍ਰਚਲਤ ਹੈ। ਇਹ ਖੇਡ ਜ਼ਿਮੀਂ ਉਤੇ ਇਕ
ਸਾਰਾ ਗੋਲ ਚੱਕਰ ਵਾਹ ਕੇ ਖੇਡੀ ਜਾਂਦੀ ਹੈ। ਇਸ ਚ
ਦੇ ਅੰਦਰ ਚਾਰ ਥਾਈਂ ਨਿਸ਼ਾਨ ਲਗਾ ਦਿਤੇ ਜਾਂਦੇ ਹ
ਜਿਸ ਖਿਡਾਰੀ ਸਿਰ ਮੀਟੀ ਹੁੰਦੀ ਹੈ ਉਹ ਹੱਥ ਵਿਚ ਕ
ਦਾ ਕੋਟਲਾ ਲਈ ਬਾਕੀ ਖਿਡਾਰੀਆਂ ਦਾ ਪਿਛਾ ਕਰਦ
ਮਾਰਦਾ ਹੈ, ਖਿਡਾਰੀ ਮਾਰ ਤੋਂ ਬਚਦੇ ਹੋਏ ਇਨ੍ਹਾਂ ਨਿਸ਼
ਤੋਂ ਬਚ ਕੇ ਲੰਘਦੇ ਹਨ।

**(ਮ-259) ਮੁਰ ਦੈਂਤ :**

ਇਕ ਦੈਂਤ ਜਿਸ ਦੇ ਪੰਜ ਸਿਰ ਸਨ, ਪੁਰਾਣਾਂ ਅਨੁ
ਇਸ ਦੇ ਸੱਤ ਹਜ਼ਾਰ ਪੁੱਤਰ ਸਨ, ਜੋ ਬੜੇ ਮਹਾਂਬਲ
ਵਰਿਆਮ ਸਨ। ਮੁਰ ਨਰਕ ਦੈਂਤ (ਭੌਮਾਸੁਰ) ਨਾ
ਦੈਂਤ ਦਾ ਮਿਤ੍ਰ ਸੀ ਜੋ ਪ੍ਰਾਗ-ਜਯੋਤਿਸ਼ ਉਤੇ ਰਾਜ ਕ
ਸੀ। ਮੁਰ ਨੇ ਕ੍ਰਿਸ਼ਨ ਵਿਰੁਧ ਨਰਕ ਦੈਂਤ ਦੀ ਸਹਾਇ
ਕੀਤੀ ਅਤੇ ਨਗਰ ਦੁਆਲੇ ਕਟਾਰ ਵਰਗੇ ਤੇਜ਼ ਧਾਰ

ਕ੍ਰਿਸ਼ਨ ਜੀ ਵਜਾਇਆ ਕਰਦੇ ਸਨ, ਇਸ ਨੂੰ ਬਾਂਸਰੀ ਜਾਂ ਬੰਸੀ ਵੀ ਕਹਿੰਦੇ ਹਨ, ਵੱਲਭ ਸੰਪਰਦਾਇ ਅਨੁਸਾਰ ਮੁਰਲੀ ਬ੍ਰਹਮਾ ਦੀ ਉਸ ਆਨੰਦ ਸਰੂਪ ਸ਼ਕਤੀ ਦਾ ਪ੍ਰਤੀਕ ਹੈ, ਜੋ ਸੰਸਾਰ ਤੋਂ ਵਿਲੀਨ ਕਰ ਕੇ ਬ੍ਰਹਮ ਵਿਚ ਲਿਵ ਜੋੜਦੀ ਹੈ। ਇਹੋ ਕਾਰਨ ਹੈ ਕਿ ਮੁਰਲੀ ਦੀ ਧੁਨੀ ਮਾਨਵ ਜਾਤੀ ਤੋਂ ਇਲਾਵਾ ਪਸ਼ੂ ਪੰਛੀਆਂ ਨੂੰ ਵੀ ਆਪਣੇ ਰਸ ਵਿਚ ਲੀਨ ਕਰ ਲੈਂਦੀ ਹੈ।

**(ਮ-261) ਮੁਰਾਦ :**

ਸਹਿਤੀ ਦਾ ਆਸ਼ਕ ਜੋ ਜ਼ਾਤ ਦਾ ਬਲੋਚ ਸੀ। ਰਵਾਇਤ ਹੈ ਕਿ ਜਿਸ ਰਾਤ ਰਾਂਝਾ ਹੀਰ ਨੂੰ ਜੋਗੀ ਦੇ ਭੇਸ ਵਿਚ ਉਧਾਲ ਕੇ ਲੈ ਗਿਆ ਸੀ, ਉਸੇ ਰਾਤ ਮੁਰਾਦ ਸਹਿਤੀ ਨਾਲ ਡਾਚੀ ਉਤੇ ਉਧਲ ਗਈ ਸੀ (ਵੇਖੋ : ਸਹਿਤੀ ਮੁਰਾਦ)।

**(ਮ-262) ਮੁਰਾਰੀ :**

ਮੁਰ ਦੈਂਤ ਦਾ ਵੈਰੀ; ਕ੍ਰਿਸ਼ਨ ਦਾ ਇਕ ਕਰਮਵਾਚੀ ਨਾਂ ਮੁਰਾਰੀ ਹੈ। ਜੋ ਮੁਰ ਦੈਂਤ ਦਾ ਬੱਧ ਕਰਨ ਕਰ ਕੇ ਪਿਆ।

**(ਮ-263) ਮੁਲਤਾਨ :**

ਪਛਮੀ ਪੰਜਾਬ (ਪਾਕਿਸਤਾਨ) ਦਾ ਇਕ ਪ੍ਰਾਚੀਨ ਨਗਰ ਜੋ ਲਾਹੌਰ ਤੋਂ 207 ਮੀਲ ਦੂਰ ਹੈ। ਇਸ ਨਗਰ ਦੀ ਨੀਂਹ ਸਤਿਜੁਗ ਜਾਂ ਇਸ ਤੋਂ ਪਹਿਲਾਂ ਰਖੀ ਗਈ ਮੰਨੀ ਜਾਂਦੀ ਹੈ। ਇਸ ਦੀ ਨੀਂਹ ਉਨ੍ਹਾਂ ਦੋ ਟਾਪੂਆਂ ਉਤੇ ਰਖੀ ਗਈ ਸੀ ਜੋ ਰਾਵੀ ਦਰਿਆ ਦੇ ਵਹਿਣ ਵਿਚ ਸਨ, ਪਰ ਪ੍ਰਾਚੀਨ ਕਾਲ ਵਿਚ ਹੀ ਰਾਵੀ ਦਰਿਆ ਨੇ ਰਸਤਾ ਬਦਲ ਲਿਆ ਜੋ ਹੁਣ 30 ਕੁ ਮੀਲਾਂ ਦੀ ਵਿਥ ਉਤੇ ਵਗਦਾ ਹੈ। ਪੁਰਾਣੇ ਵਕਤਾਂ ਵਿਚ ਮੁਲਤਾਨ ਦਾ ਸ਼ਹਿਰ ਕਿਲੇ ਬੰਦ ਸੀ ਤੇ ਸ਼ਹਿਰ ਦੇ ਚਾਰੇ ਪਾਸੇ ਉਚੀਆਂ ਪਥਰਾਂ ਦੀਆਂ ਦੀਵਾਰਾਂ ਸਨ। ਇਥੇ ਇਕ ਬੜਾ ਵਡਾ ਕਿਲਾ ਹੈ ਜੋ ਬੜਾ ਪੁਰਾਣਾ ਹੈ।

ਮੁਲਤਾਨ ਪ੍ਰਾਚੀਨ ਕਾਲ ਵਿਚ ਕਈ ਨਾਵਾਂ ਨਾਲ ਜਾਣਿਆ ਜਾਂਦਾ ਰਿਹਾ, ਪਰ ਇਹ ਸਾਰੇ ਨਾਉਂ ਵਿਸ਼ਨੂੰ ਜਾਂ

ਦੀ ਨੀਂਹ-ਪੱਥਰ ਪ੍ਰਸਿਧ ਵੈਦਿਕ ਰਿਸ਼ੀ ਕਸ਼ਯ[...] ਜਿਸਦੇ ਅਦਿਤੀ ਦੇ ਕੁਖੋਂ ਪੈਦਾ ਹੋਏ ਬਾਰ੍ਹਾਂ ਪੁੱਤ[...] ਬਾਰ੍ਹਾਂ ਮਹੀਨਿਆਂ ਦੇ ਬਾਰਾਂ ਸੂਰਜਾਂ ਦੇ ਪ੍ਰਤ[...] ਗਏ। ਕਸ਼ਯਪ ਨੇ ਕਈ ਵਿਆਹ ਕੀਤੇ ਹੋਏ ਸ[...] ਦੀ ਕੁਖੋਂ ਦੈਂਤ ਹਿਰਣਯਕਸ਼ਿਪ (ਹਰਨਾਖਸ਼) ਪ[...] ਜੋ ਕਸ਼ਯਪ ਮਗਰੋਂ ਤਖ਼ਤ ਉਤੇ ਬੈਠਾ ਅ[...] ਆਪਣੇ ਲੜਕੇ ਪ੍ਰਹਿਲਾਦ ਨੂੰ ਵਿਸ਼ਨੂੰ ਦੀ [...] ਕਰ ਕੇ, ਬੜੇ ਤਸੀਹੇ ਦਿਤੇ, ਅਖ਼ੀਰ ਵਿਸ਼ਨੂੰ ਪ੍[...] ਰਖਿਆ ਲਈ ਨਰਸਿੰਘ ਅਵਤਾਰ ਧਾਰ[...] ਹਿਰਣਯਕਸ਼ਿਪ ਦਾ ਬੱਧ ਕੀਤਾ। ਹਿਰਣਯਕ[...] ਇਥੋਂ ਦੇ ਤਖ਼ਤ ਉਤੇ ਪ੍ਰਹਿਲਾਦ ਬੈਠਾ, ਜਿਸ ਕ[...] ਦਾ ਨਾਂ ਪ੍ਰਹਿਲਾਦਪੁਰ ਪੈ ਗਿਆ।

ਪ੍ਰਹਿਲਾਦ ਦੇ ਪੜਪੋਤਰੇ ਵਾਣ ਸਮੇਂ ਇਸ[...] ਨਾਂ ਆਦਿ ਅਸਥਾਨ ਪਿਆ। ਵਾਣਾਸੁਰ ਕ੍ਰਿਸ਼ਨ [...] ਸੀ ਤੇ ਉਸ ਦਾ ਕ੍ਰਿਸ਼ਨ ਨਾਲ ਇਕ ਯੁੱਧ ਵ[...] ਜਿਸ ਵਿਚ ਕ੍ਰਿਸ਼ਨ ਨੂੰ ਵਿਜੇ ਪ੍ਰਾਪਤ ਹੋਈ। [...] ਲੜਕੇ ਸਾਂਬ ਨੂੰ ਦੁਰਵਾਸਾ ਦੇ ਸਰਾਪ ਨਾਲ ਕੋਹ[...] ਤੇ ਉਸ ਨੇ ਮੁਲਤਾਨ ਆ ਕੇ ਮਿਤ੍ਰ ਅ[...] ਦੇਵਤੇ ਨੂੰ ਪੂਜਾ ਅਰਚਾ ਤਪਸਿਆ, ਵਰਤਾਂ ਤ[...] ਦੁਆਰਾ ਪ੍ਰਸੰਨ ਕੀਤਾ, ਜਿਸ ਕਰ ਕੇ ਇਸ [...] ਦੂਰ ਹੋ ਗਿਆ। ਇਸ ਨੇ ਮੁਲਤਾਨ ਵਿਚ ਸੂਰ[...] ਸੁਨਹਿਰੀ ਮੂਰਤੀ ਬਣਵਾ ਕੇ ਸਥਾਪਿਤ ਕੀਤੀ, [...] ਇਸ ਦਾ ਨਾਂ ਆਦਿ ਅਸਥਾਨ ਰਖਿਆ ਗਿਆ। [...] ਸਮੇਂ ਤੋਂ ਮੁਲਤਾਨ ਵਿਚ ਸੂਰਜ ਦੇਵਤੇ ਦੀ [...] ਉਤੇ ਹੋ ਗਈ। ਸਾਂਬ ਦੀ ਕਥਾ ਭਵਿਸ਼ ਪੁਰ[...] ਮਿਲਦੀ ਹੈ।

ਹਿਊਨ ਸਾਂਗ ਜਦੋਂ ਸਤਵੀਂ ਸਦੀ ਵਿਚ [...] ਆਇਆ ਤਾਂ ਉਸ ਨੇ ਉਥੇ ਇਕ ਸੋਨੇ ਦੀ ਵ[...] ਵੇਖੀ ਸੀ, ਜੋ ਸੂਰਜ ਦੇਵਤੇ ਦੀ ਸੀ ਤੇ ਹੀਰੇ [...] ਨਾਲ ਜੜ੍ਹੀ ਹੋਈ ਸੀ। ਖ਼ਿਆਲ ਕੀਤਾ ਜਾਂਦ[...] ਪਛਮੀ ਪੰਜਾਬ ਵਿਚ ਸੂਰਜ ਦੇਵਤੇ ਦਾ ਇਹ ਸਭ [...] ਮੰਦਰ ਸੀ ਤੇ ਇਥੇ ਭਾਰਤ ਦੇ ਵਖੋ ਵਖ ਭਾਗ[...] ਰਾਜੇ ਮਹਾਰਾਜੇ ਭੇਟਾਂ ਭੇਜਿਆ ਕਰਦੇ ਸਨ। [...]

ਸਮਾਨ ਅਰਥ ਹੈ। ਵਿਲਸਨ ਅਨੁਸਾਰ ਮੂਲ ਅਸਥਾਨ ਦਾ ਮਤਲਬ ਹੈ, ਸਵਰਗ, ਅਕਾਸਪੁਲਾੜ, ਵਾਹਾਵਰਨ। ਇਹ ਸਭ ਸ਼ਬਦ ਸੂਰਜ ਲਈ ਵਰਤੇ ਜਾ ਸਕਦੇ ਹਨ ਕਿਉਂ ਜੋ ਉਹ ਅਕਾਸ਼ੀ ਪੁਲਾੜ ਦਾ ਸਵਾਮੀ ਹੈ। ਕਨਿੰਘਮ ਨੇ ਇਸੇ ਲਈ ਮੂਲ ਨੂੰ ਸੂਰਜ ਦੀ ਇਕ ਉਪਾਧੀ ਮੰਨ ਕੇ ਮੂਲ ਅਸਥਾਨ ਦਾ ਅਰਥ ਸੂਰਜ ਦੇ ਮੰਦਰ ਦਾ ਸ਼ਹਿਰ ਤੋਂ ਲਿਆ ਗਿਆ ਹੈ।

ਭਾਗ ਤੇ ਹੰਸ ਸੂਰਜ ਦੇ ਦੋ ਪ੍ਰਸਿਧ ਨਾਂ ਹਨ ਤੇ ਕਨਿੰਘਮ ਅਨੁਸਾਰ ਭਾਗਪੁਰ ਤੋਂ ਹੰਸਪੁਰਾ ਮੁਲਤਾਨ ਦੇ ਹੀ ਸਮਾਨਾਰਥਕ ਨਾਂ ਹਨ।

ਸੋ ਮੁਲਤਾਨ ਦਾ ਸਭ ਤੋਂ ਪੁਰਾਣਾ ਨਾਂ ਕਸਯਪਪੁਰ ਜਾਂ ਕਸਪਪੁਰ ਹੈ। ਸਤਵੀਂ ਸਦੀ ਵਿਚ ਇਸ ਦਾ ਨਾਂ ਮੂਲ ਅਸਥਾਨ ਪੈ ਗਿਆ।

ਮੁਲਤਾਨ ਦਾ ਸੂਰਜ ਮੰਦਰ ਬੜਾ ਪੁਰਾਣਾ ਹੈ। ਇਸ ਦਾ ਜ਼ਿਕਰ ਹਿਊਨ ਸਾਂਗ ਨੇ ਸਫ਼ਰਨਾਮੇ ਵਿਚ ਕੀਤਾ ਹੈ। ਪਰ ਮੁਗ਼ਲ ਸਮਰਾਟ ਔਰੰਗਜ਼ੇਬ ਦੇ ਸਮੇਂ ਇਸ ਨੂੰ ਤਬਾਹ ਕਰ ਦਿਤਾ ਗਿਆ ਤੇ ਜਾਮਾ ਮਸਜਦ ਬਣਾ ਦਿਤੀ ਗਈ। ਸਿੱਖਾਂ ਤੇ ਅੰਗਰੇਜ਼ਾਂ ਦੇ ਯੁਧ ਸਮੇਂ ਸਿੱਖਾਂ ਇਥੇ ਬਰੂਦ ਰਖਿਆ ਹੋਇਆ ਸੀ ਤੇ 1849 ਵਿਚ ਜਦੋਂ ਅੰਗਰੇਜ਼ਾਂ ਨੇ ਹੱਲਾ ਬੋਲਿਆ ਤਾਂ ਬਾਰੂਦ ਫਟਣ ਨਾਲ ਇਸਨੂੰ ਕਾਫ਼ੀ ਨੁਕਸਾਨ ਹੋਇਆ।

ਮੁਲਤਾਨ ਅਣਵੰਡੇ ਪੰਜਾਬ ਦਾ ਇਕ ਪੁਰਾਣਾ ਸ਼ਹਿਰ ਹੈ। ਮਹਾਨ ਸਿਕੰਦਰ ਦੇ ਸਮੇਂ ਇਥੇ ਮਲੀ ਕਬੀਲੇ ਦੇ ਲੋਕ ਰਹਿੰਦੇ ਸਨ ਅਤੇ ਸਿਕੰਦਰ ਨੇ ਇਸ ਸ਼ਹਿਰ ਉਤੇ ਹੱਲਾ ਬੋਲਿਆ ਸੀ ਅਤੇ ਇਥੇ ਹੀ ਸਿਕੰਦਰ ਜ਼ਖਮੀ ਹੋਇਆ। ਇਤਿਹਾਸ ਵਿਚ ਇਸ ਸ਼ਹਿਰ ਦਾ ਵਰਨਣ ਸਤਵੀਂ ਸਦੀ ਈਸਵੀ ਤੋਂ ਮਿਲਦਾ ਹੈ। ਉਦੋਂ ਸਿੰਧ ਦੇ ਚਾਰ ਘਰਾਣਿਆਂ ਨੂੰ ਇਸ ਉਤੇ ਅਧਿਕਾਰ ਪ੍ਰਾਪਤ ਸੀ।

ਅਲਬਰੂਨੀ ਅਨੁਸਾਰ ਇਸ ਸ਼ਹਿਰ ਦਾ ਨਾਂ ਮੂਲ ਤਾਨ ਸੀ। ਮੁਨਸ਼ੀ ਹੁਕਮ ਚੰਦ ਆਪਣੇ ਇਤਿਹਾਸ ਵਿਚ ਇਸ ਦਾ ਮੁਢਲਾ ਨਾਂ ਮੂਲ-ਤਰੰਗ ਜਾ ਮੂਲ-ਤਾਰਨ ਦਸਦਾ ਹੈ।

ਇਸ ਦੇ ਨਾਂ ਦੇ ਮੁੱਢ ਬਾਰੇ ਕਈ ਵਿਚਾਰ ਪ੍ਰਚਲਤ ਹਨ। ਮੂਲ ਤੋਂ ਭਾਵ ਮਲੀ ਕਬੀਲੇ ਤੋਂ ਹੈ ਜੋ ਸਿਕੰਦਰ ਦੇ ਸਮੇਂ ਇਥ ਵਸਦਾ ਸੀ, ਮੂਲ ਤੋਂ ਭਾਵ 'ਮੁੱਢ', ਜੜ੍ਹ ਤੋਂ ਵੀ ਹੈ। ਮੂਲ ਤੋਂ ਭਾਵ ਕੇਂਦਰ ਦਾ ਵੀ ਹੈ ਤੇ ਮੁਲਤਾਨ ਦਾ

ਹੈ। ਮੁਲਤਾਨ ਦਾ ਮੁਢਲਾ ਨਾਂ ਕਸ਼ਯਪ ਪੁਰਾ ਸ
ਹੰਸਪੁਰ, ਬਾਗਪੁਰ, ਸਾਂਬਾਪੁਰ ਪਿਆ ਤੇ ਇਸ
ਮੂਲਸਥਾਨ ਪਿਆ। ਇਸ ਦੇ ਨਾਲ ਹੀ ਮਿਥਕ
ਵੀ ਨਵਾਂ ਰੂਪ ਧਾਰਦੀਆਂ ਰਹੀਆਂ।

ਨਗਰ ਵਿਚ ਵਸਦੇ ਪੰਡਤਾਂ ਵਿਚ ਇਹ ਦੋਹਾ
ਰਿਹਾ ਹੈ, ਜੋ ਉਪਰੋਕਤ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ

ਹੰਸਪੁਰ, ਭਾਗਪੁਰ, ਸ਼ਾਮਪੁਰ, ਚੌਥਾ ਪੁਰ ਮੁਲਤ
ਪਾਂਚਵਾਂ ਪੁਰ, ਪਚਾਜਕਰ ਬੀਸੀ ਅਰੇਪੁਰ ਮੁਲਤ

ਅਰਬਾਂ ਵਿਚ ਵੀ ਇਸ ਸ਼ਹਿਰ ਦੇ ਨਾਂ ਬਾਰੇ
ਕਥਾਵਾਂ ਪ੍ਰਚਲਤ ਹਨ। ਮਸੂਦੀ ਜਿਸ ਦੀ 956 ਈ
ਮ੍ਰਿਤੂ ਹੋਈ ਲਿਖਦਾ ਹੈ ਕਿ ਮੁਲਤਾਨ ਤੋਂ ਭਾਵ ਹੈ—
ਸੀਮਾ, ਪਰ ਇਥੇ ਸੂਰਜ ਦੇਵਤੇ ਦਾ ਮੰਦਰ, ਜਿ
ਕਾਫ਼ੀ ਸੋਨਾ ਸੀ, ਹੋਣ ਕਰ ਕੇ, ਇਸ ਸ਼ਬਦ ਦ
ਕਈਆਂ ਨੇ ਸੋਨੇ ਦਾ ਮੰਦਰ ਲਿਆ ਹੈ।

ਮੁਲਤਾਨ ਵਿਚ ਗਰਮੀਆਂ ਵਿਚ ਬੜੀ ਗਰਮੀ
ਹੈ, ਝਖੜ ਝੁਲਦੇ ਹਨ ਇਥੇ ਮੰਗਤਿਆਂ ਦੀ ਕਾਫ਼ੀ
ਹੈ ਤੇ ਮਕਬਰੇ ਤੇ ਕਬਰਾਂ ਵੀ ਕਾਫ਼ੀ ਹਨ। ਮੁਲਤਾ
ਇਕ ਫ਼ਾਰਸੀ ਅਖਾਣ ਇਉਂ ਪ੍ਰਚਲਤ ਹੈ:

ਚਹਾਰ ਚੀਜ਼ ਹਸਤ, ਤੁਹਫਾ ਜਾਤੇ ਮੁਲਤਾਨ
ਗਾਰਦ, ਗਦਾ, ਗੁਰਮਾ ਵਾ ਗੋਰਿਸਤਾਨ

ਇਤਿਹਾਸ ਦੀਆਂ ਤਿੰਨ ਮਹਾਨ ਹਸਤੀਆਂ ਦਾ
ਵੀ ਮੁਲਤਾਨ ਵਿਖੇ ਹੋਇਆ। ਦਿੱਲੀ ਦੇ ਬ
ਮੁਹੰਮਦ ਤੁਗ਼ਲਕ ਸ਼ਾਹ ਦਾ ਜਨਮ 13ਵੀਂ ਸਦੀ ਦੇ
ਵਿਚ ਮੌਜੂਦਾ ਲੋਹਾਰੀ ਗੇਟ ਤੇ ਸਿਵਲ ਲਾਈਨਜ਼ ਚ
ਵਿਚਕਾਰ ਵਸਦੀ ਇਕ ਢੋਕ ਵਿਚ ਹੋਇਆ। ਜੋ
ਤੋਲੇ ਖ਼ਾਨ ਨਾਲ ਪ੍ਰਸਿਧ ਹੈ, ਇਹ ਤੋਲੇ ਖ਼ਾਨ ਮੁ
ਤੁਗ਼ਲਕ ਖ਼ਾਨ ਦਾ ਹੀ ਸੰਖਿਪਤ ਨਾਂ ਹੈ।

15ਵੀਂ ਸਦੀ ਦੇ ਮੁੱਢ ਵਿਚ, ਇਥੇ ਹੁਸੈਨ ਗ
ਨੇੜੇ, ਖ਼ਜ਼ਾਨੇਵਾਲੇ ਮਕਾਨ ਵਿਚ, ਬਾਦਸ਼ਾਹ ਬਹਿਲੋਲ
ਦਾ ਜਨਮ ਹੋਇਆ।

ਮੁਲਤਾਨ ਦੇ ਨਗਰ ਦੇ ਆਲੇ ਦੁਆਲੇ ਦੇ
ਵਿਚ ਸਦੋਜ਼ਈ ਕਿਤੀ ਵਿਖੇ ਅਫ਼ਗ਼ਾਨਿਸਤਾਨ ਦੇ
ਦੁਰਾਨੀ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ
17ਵੀਂ ਸਦੀ ਦੇ ਅੰਤਲੇ ਦਹਾਕੇ ਜਾਂ 18ਵੀਂ ਸ
ਪਹਿਲੇ ਦਹਾਕੇ ਵਿਚ ਹੋਇਆ।

ਮਿਲਦਾ । ਇਸ ਕਿਲ੍ਹੇ ਵਿਚ ਹੀ ਸੂਰਜ ਮੰਦਰ ਤੇ ਪ੍ਰਹਿਲਾਦਪੁਰੀ ਮੰਦਰ ਹਨ ।

ਸ਼ਹਿਰ ਦੇ ਛੇ ਦਰਵਾਜ਼ੇ ਹਨ, ਲਾਹੌਰੀ ਦਰਵਾਜ਼ਾ ਉੱਤਰ ਪਛਮੀ ਨੁਕਰ ਵਲ ਹੈ । ਬੋਹਰ ਦਰਵਾਜ਼ਾ ਦਖਣੀ-ਪਛਮੀ ਗੁਠ ਵਲ । ਦੱਖਣ ਵਲ ਹਰਮ ਦਰਵਾਜ਼ਾ, ਪਾਨ ਦਰਵਾਜ਼ਾ ਹੈ, ਪੂਰਬੀ ਪਾਸੇ ਵਲ ਦਿੱਲੀ ਦਰਵਾਜ਼ਾ ਤੇ ਉੱਤਰ ਪੂਰਬ ਗੁਠ ਵਲ ਦੌਲਤ ਦਰਵਾਜ਼ਾ ।

## (ਮ-264) ਮੁੱਲਾ :

ਮਸਜਿਦ ਦਾ ਇਮਾਮ; ਮੁੱਲਾ ਸ਼ਬਦ ਦਾ ਮੂਲ 'ਮਲਯ' ਹੈ ਜਿਸ ਦੇ ਅਰਥ ਹਨ ਨਿਪੁੰਨ, ਵਿਦਿਆ ਵਿਚ ਨਿਪੁੰਨ ਅਥਵਾ ਵਿਦਵਾਨ । ਮੁੱਲਾ ਉਹ ਹੋਇਆ ਜੋ ਅਸਲਾਮ ਦੇ ਧਾਰਮਿਕ ਸਾਹਿਤ ਵਿਚ ਪੂਰਨਤਾ ਰਖਦਾ ਹੋਵੇ । ਪਰ ਮੁੱਲਾ ਸ਼ਬਦ, ਹਰ ਉਸ ਮੁਸਲਮਾਨ ਲਈ ਵਰਤ ਲਿਆ ਜਾਂਦਾ ਹੈ ਜੋ ਮਸਜਿਦ ਵਿਚ ਇਮਾਮ ਦਾ ਕੰਮ ਕਰਦਾ ਹੈ । ਮੁੱਲਾ ਲਈ ਸ਼ਰ੍ਹਾ ਤੋਂ ਜਾਣੂੰ ਹੋਣਾ ਜ਼ਰੂਰੀ ਹੈ ।

ਮੁੱਲਾ ਦੇ ਜ਼ਿੰਮੇ ਕਈ ਧਾਰਮਿਕ ਫ਼ਰਜ਼ ਹਨ । ਉਸ ਦਾ ਫ਼ਰਜ਼ ਹੈ ਕਿ ਉਹ ਪੰਜੇ ਵਕਤ ਮਸਜਿਦ ਵਿਚ ਖ਼ੁਦ ਨਿਮਾਜ਼ ਪੜ੍ਹੇ ਤੇ ਦੂਜੇ ਆਏ ਲੋਕਾਂ ਦੀ ਨਿਮਾਜ਼ ਵੇਲੇ ਰਹਿਨਮਾਈ ਕਰੇ । ਜੁੰਮੇ ਤੇ ਈਦ ਦੀ ਨਿਮਾਜ਼ ਦੀ ਰਹਿਨਮਾਈ ਵੀ ਮੁੱਲਾ ਹੀ ਕਰਦਾ ਹੈ । ਇਸ ਤੋਂ ਬਿਨਾਂ ਮੁੱਲਾ ਦੇ ਕੁਝ ਸਮਾਜਿਕ ਫ਼ਰਜ਼ ਵੀ ਹਨ ਜਿਵੇਂ ਨਿਕਾਹ ਪੜ੍ਹਾਣਾ ।

ਕੁਝ ਮੁੱਲਾ ਝਾੜਾ-ਤਵੀਤ ਵੀ ਕਰਦੇ ਹਨ ਅਤੇ ਭੂਤ-ਪ੍ਰੇਤ ਵਿਦਿਆ ਵਿਚ ਵੀ ਮਾਹਿਰ ਮੰਨੇ ਜਾਂਦੇ ਹਨ । ਅਜਿਹੇ ਮੁੱਲਾਂ ਬਾਰੇ ਧਾਰਨਾ ਹੈ ਕਿ ਉਨ੍ਹਾਂ ਚਲ੍ਹੀਏ ਕਟ ਕੇ ਭੂਤ ਪ੍ਰੇਤ ਵਸ ਕੀਤੇ ਹੁੰਦੇ ਹਨ । ਕਈ ਨਕਸ਼ ਨਾਲ ਰੋਗ ਦੂਰ ਕਰਦੇ ਹਨ ।

ਮੁੱਲਾ ਤੇ ਮੌਲਵੀ ਵਿਚ ਅੰਤਰ ਕਰਨਾ ਜ਼ਰੂਰੀ ਹੈ । ਮੌਲਵੀ ਪੜ੍ਹਿਆ ਲਿਖਿਆ ਵਿਦਵਾਨ ਹੁੰਦਾ ਹੈ ਤੇ ਇਸ ਨੇ ਕਿਸੇ ਅਸਲਾਮੀ ਸਕੂਲ ਜਾਂ ਸੰਸਥਾ ਤੋਂ ਅਰਬੀ ਫ਼ਾਰਸੀ ਵਿਚ ਵਿਦਿਆ ਪ੍ਰਾਪਤ ਕਰਨ ਤੋਂ ਇਲਾਵਾ ਇਸਲਾਮੀ ਸ਼ਰ੍ਹਾ ਤੇ ਸਾਹਿਤ ਬਾਰੇ ਪੂਰੀ ਵਾਕਫ਼ੀ ਰਖਦਾ ਹੈ । ਮੌਲਵੀ ਦਾ ਦਰਜਾ ਮੁੱਲਾ ਤੋਂ ਉਚਾ ਹੁੰਦਾ ਹੈ । ਮੁੱਲਾ ਨੇ ਆਮ ਤੌਰ

ਪੜ੍ਹਦਿਆਂ ਮੁਸਲਮਾਨੀ ਢੰਗ ਨਾਲ ਹਲਾਲ ਕਰਦਾ ਹੈ

## (ਮ-265) ਮੁੜਾ (ਮੋੜੇ) :

ਉਹ ਸਾਮਗਰੀ ਫਲ, ਮਠਿਆਈ ਆਦਿ ਜੋ ਕੁ... ਵਾਲੇ ਦਿਨ ਤੋਂ ਲੈ ਕੇ ਵਿਆਹ ਵਾਲੇ ਦਿਨ ਤਕ, ਕੰ... ਪੱਖ ਵਾਲਿਆ ਵਲੋਂ ਵਰ ਪੱਖ ਦੇ ਘਰ ਸੁਗਾ... ਨਕਦੀ ਦੇ ਰੂਪ ਵਿਚ ਆਉਂਦੇ ਰਹਿੰਦੇ ਹਨ । ... ਮੋੜਾ ਕੁੜਮਾਈ ਵਾਲੇ ਦਿਨ ਦਿਤਾ ਜਾਂਦਾ ਹੈ । ਮੁਲ... ਇਲਾਕੇ ਵਿਚ ਇਨ੍ਹਾਂ ਸੁਗਾਤਾ ਨੂੰ ਮੁੜਾ ਕਹਿੰਦੇ ... ਧਨੀ ਪੋਠੋਹਾਰ ਵਿਚ 'ਪੁੜਾ' । ਪੁੜੇ ਦਾ ਮਤਲਬ ਹੈ ... ਵਿਚ ਬੰਦ ਸੁਗਾਤਾਂ ।

ਵਿਆਹ ਨਾਲ ਸਬੰਧਿਤ ਇਕ ਰੀਤ ਜੋ ਬਹਾਵਲ... ਦੱਖਣੀ ਸ਼ਾਖ ਦੇ ਅਰੋੜਿਆਂ ਵਿਚ ਦੇਸ਼ ਵੰਡ ਤੋਂ ... ਪ੍ਰਚਲਤ ਸੀ । ਕੰਨਿਆਂ ਦਾ ਪਿਓ ਆਪਣੇ ਭੋ... ਮਿਰਾਸੀ ਰਾਹੀਂ ਲਾੜ੍ਹੇ ਦੇ ਘਰ ਕੁਝ ਨਗਦ ਰੁਪਏ ... ਸਾਮਗਰੀ ਭੇਜਦਾ ਹੈ । ਜਿਤਨੇ ਰੁਪਏ ਹੋਣ ਉਤਨੇ ... ਦੀਆਂ ਠੂਠੀਆਂ ਹੁੰਦੀਆਂ ਹਨ । ਇਸ ਤੋਂ ਬਿਨਾ... ਚਾਵਲ, ਘਿਉ (ਤਿੰਨੋਂ ਇਕ ਮਿਕਦਾਰ ਵਿਚ) ... ਖੰਡ, ਫਲ ਤੇ ਮਠਿਆਈ ਤੇ ਕੁਝ ਕਪੜੇ ਭੇਜੇ ਜਾਂਦੇ ... ਧਨੀ ਲੋਕ ਇਸ ਮੌਕੇ ਉਤੇ ਗਊ ਜਾਂ ਕੋਈ ਹੋਰ ਲਵੇ... ਭੇਜਦੇ ਹਨ । ਇਸ ਰੀਤ ਨੂੰ ਮੁੜੇ ਕਿਹਾ ਜਾਂਦਾ ਹੈ ।

ਵਰ ਪੱਖ ਵਾਲੇ ਇਸ ਮੌਕੇ ਤੇ ਬਰਾਦਰੀ ਨੂੰ ... ਕਰਦੇ ਤੇ ਸਾਰੀ ਸਮਗਰੀ ਤੇ ਸੁਗਾਤਾਂ ਦਾ ਵਿਖਾਲਾ ... ਹਨ ਅਤੇ ਚਾਵਲਾਂ ਦੀ ਖਿਚੜੀ ਬਣਾ ਕੇ ਸਭ ਨੂੰ ... ਹਨ । ਇਸ ਖਿਚੜੀ ਪ੍ਰਸਾਦਿ ਨੂੰ 'ਗਿਰਾਈ' ਜਾਂ 'ਫੰਨ... ਕਿਹਾ ਜਾਂਦਾ ਹੈ ।

## (ਮ-266) ਮੂਸੇ ਦੀ ਵਾਰ :

ਮੂਸਾ ਮੁਗ਼ਲਾਂ ਦੇ ਸਮੇਂ ਇਕ ਬਹਾਦਰ ਰਾਠ ਤੇ ... ਜਗੀਰਦਾਰ ਹੋਇਆ ਹੈ । ਕਈ ਪਿੰਡ ਇਸ ਦੇ ਆਪਣੇ ... ਤੇ ਇਸ ਨੇ ਆਪਣੀ ਫ਼ੌਜ ਰਖੀ ਹੋਈ ਸੀ । ਇਸ ਦੀ ... ਇਕ ਸਰਦੇ ਪੁਜਦੇ ਘਰ ਹੋਈ, ਪਰ ਬਾਅਦ ਵਿ... ਲੋਕਾਂ ਨੇ ਲੜਕੀ ਦੇ ਪਿਉ ਨੂੰ ਮੂਸੇ ਵਿਰੁਧ ... ਭੜਕਾਇਆ ਕਿ ਉਸ ਇਹ ਰਿਸ਼ਤਾ ਤੋੜ ਦਿਤਾ ।

ਮੰਗੇਤਰ ਸਮੇਤ ਬੰਦੀ ਬਣਾ ਲਿਆ। ਇਸ ਮਗਰੋਂ ਮੂਸੇ ਨੇ ਸਾਰੇ ਇਲਾਕੇ ਵਿਚ ਢੰਡੋਰਾ ਪਿਟਵਾ ਦਿਤਾ ਕਿ ਮੂਸੇ ਨੇ ਆਪਣੀ ਮੰਗੇਤਰ ਰਾਣੇ ਤੋਂ ਖੋਹ ਲਈ ਹੈ, ਜੇ ਕੋਈ ਰਾਣੇ ਦੀ ਮਦਦ ਉਤੇ ਆਉਣਾ ਚਾਹੁੰਦਾ ਹੈ ਤਾਂ ਦਿਲ ਦੀ ਭੜਾਸ ਕੱਢ ਲਏ, ਪਰ ਮੂਸੇ ਦੇ ਦਬਦਬੇ ਸਾਹਮਣੇ ਰਾਣੇ ਦੇ ਕਿਸੇ ਹਿਮਾਇਤੀ ਨੇ ਸਿਰ ਨਾ ਚੁਕਿਆ।

ਮੂਸੇ ਨੇ ਆਪਣੀ ਮੰਗੇਤਰ ਤੋਂ ਪੁਛਿਆ ਕਿ ਉਹ ਕੀ ਚਾਹੁੰਦੀ ਹੈ? ਉਸ ਨੇ ਕਿਹਾ ਕਿ ਮੇਰਾ ਵਿਆਹ ਰਾਣੇ ਨਾਲ ਹੋਇਆ ਹੈ ਤੇ ਮੈਂ ਉਸੇ ਦੀ ਪਤਨੀ ਬਣ ਕੇ ਰਹਾਂਗੀ ਤੇਰੀ ਇਸਤ੍ਰੀ ਕਦੇ ਨਹੀਂ ਬਣਨਾ, ਚਾਹੇ ਮਾਰ ਸੁਟ। ਮੂਸਾ ਇਹ ਗੱਲ ਸੁਣ ਕੇ ਬੜਾ ਖ਼ੁਸ਼ ਹੋਇਆ, ਨੇਕ ਆਚਰਨ ਦਾ ਬੰਦਾ ਹੋਣ ਕਰ ਕੇ ਮੂਸੇ ਨੇ ਉਸੇ ਵੇਲੇ ਰਾਣੇ ਤੇ ਉਹਦੀ ਪਤਨੀ ਨੂੰ ਮੁਕਤ ਕਰ ਦਿਤਾ। ਵਿਦਾਇਗੀ ਦੇਣ ਲਗਿਆਂ ਉਸ ਨੇ ਉਨ੍ਹਾਂ ਨੂੰ ਕਪੜੇ ਗਹਿਣੇ ਤੇ ਸੁਗਾਤਾਂ ਦਿਤੀਆਂ।

ਮੂਸੇ ਦੇ ਉਚੇ ਚਰਿਤ੍ਰ ਤੇ ਉਦਾਰਤਾ ਦੀ ਢਾਡੀਆਂ ਨੇ ਵਾਰ ਬਣਾਈ ਜਿਸ ਦੀ ਇਕ ਪਉੜੀ ਇਉਂ ਹੈ:

ਤ੍ਰੈ ਸੈ ਸਠ ਮਗਤਬਾ, ਇਕ ਘੁਰਿਐ ਡੱਗੇ,
ਚੜਿਆ ਮੂਸਾ ਪਾਤਸ਼ਾਹ ਸਭ ਸੁਣਿਆ ਜੱਗੇ
ਦੰਦ ਚਿਟੇ ਬਡ ਹਾਥੀਆਂ ਕਹੁ ਕਿੱਤ ਵਰੱਗੇ
ਰੂਤ ਪਛਾਤੀ ਬਗੁਲਿਆਂ ਘਟ ਕਾਲੀ ਬੱਗੇ।
ਏਹੀ ਕੀਤੀ ਮੂਸਿਆ ਕਿਨ ਕਰੀ ਨ ਅੱਗੇ।

ਇਹ ਵਾਰ ਸੰਪੂਰਨ ਰੂਪ ਵਿਚ ਪ੍ਰਾਪਤ ਨਹੀਂ ਹੋਈ। ਆਦਿ ਗ੍ਰੰਥ ਵਿਚ ਕਾਨੜਾ ਦੀ ਵਾਰ ਮਹਲਾ ੪ ਉਤੇ ਇਸ ਵਾਰ ਦੀ ਧੁਨੀ ਚਾੜ੍ਹੀ ਮਿਲਦੀ ਹੈ।

### (ਮ-267) ਮੂੰਹ ਚਿਤਾਰਨਾ:

ਫ਼ਿਰੋਜ਼ਪੁਰ ਦੇ ਮੁਸਲਮਾਨਾਂ ਵਿਚ ਪ੍ਰਚਲਤ ਇਕ ਰਸਮ ਜੋ ਖਾਰਿਆਂ ਪਿਛੋਂ ਕੀਤੀ ਜਾਂਦੀ ਹੈ। ਜਦੋਂ ਵਿਆਂਹਦੜ ਮੁੰਡਾ ਖਾਰਿਆਂ ਉਤੋ ਇਸਨਾਨ ਕਰ ਕੇ ਚੱਪਣੀਆਂ ਭੰਨਦਾ ਹੋਇਆ ਉਤਰਦਾ ਹੈ ਤਾਂ ਉਸ ਦੇ ਮੱਥੇ ਉਤੇ ਸੰਦਲ ਮਲਿਆ ਜਾਂਦਾ ਹੈ ਤੇ ਗਲ ਵਿਚ ਫੁਲ ਮਾਲਾ ਪਹਿਨਾਈ ਜਾਂਦੀ ਹੈ। ਇਸ ਰੀਤ ਨੂੰ 'ਮੂੰਹ ਚਿਤਾਰਨਾ' ਕਹਿੰਦੇ ਹਨ।

### (ਮ-268) ਮੂੰਹ ਚੋਲੀ:

ਮੌਤ ਨਾਲ ਸਬੰਧਿਤ ਇਕ ਰੀਤ ਜੋ ਮੁਲਤਾਨ ਦੇ ਜ਼ਿਲੇ

ਲਗਾਦੇ ਤੇ ਆਪੋ ਆਪਣੇ ਘਰ ਨੂੰ ਪਰਤ ਜਾਂਦੇ ਹ

### (ਮ-269) ਮੂੰਹ ਛੁਡਾਵਨ:

ਮੁਸਲਮਾਨਾਂ ਵਿਚ ਇਕ ਰੀਤ; ਮੰਗਣੀ ਪਿਛੋਂ ਦੇ ਸਾਕਾਂ ਤੋਂ ਪਰਦਾ ਕਰਨ ਲਗਦੀ ਹੈ। ਮੰਗਣੀ ਤੋਂ ਕੁਝ ਦਿਨ ਮਗਰੋਂ ਮੁੰਡੇ ਦੇ ਸਕ ਕੁੜੀ ਦੇ ਘਰ ਜਾ ਕੇ ਕੁੜੀ ਨੂੰ ਕੁਝ ਨਕਦ ਰੁਪਏ ਅਥਵਾ ਮਠਿਆਈ ਦੇਂਦੇ ਹਨ ਤੇ ਉਹ ਪਰਦਾ ਕ ਦੇਂਦੀ ਹੈ। ਇਹ ਰਸਮ ਪੰਜਾਬ ਦੇ ਉਨ੍ਹਾਂ ਇਲਾਕਿ ਪ੍ਰਚਲਤ ਹੈ ਜੋ ਸੀਮਾ ਪਰਾਂਤ ਨਾਲ ਲਗਦੇ ਹਨ।

### (ਮ-270) ਮੂੰਹ ਛੋੜ:

ਮੁਸਲਮਾਨਾਂ ਵਿਚ, ਕਿਸੇ ਪ੍ਰਾਣੀ ਦੀ ਮ੍ਰਿ ਦਫਨਾਏ ਜਾਣ ਮਗਰੋਂ ਸਾਕਾ-ਸਬੰਧੀਆਂ ਵਲੋ ਪਰਵਾਰ ਨੂੰ ਜੋ ਰੋਟੀ ਦਿਤੀ ਜਾਂਦੀ ਹੈ, ਇਸ ਨੂੰ 'ਮੂ ਕਹਿੰਦੇ ਹਨ। ਜਿਸ ਘਰ ਮ੍ਰਿਤੂ ਹੋਈ ਹੁੰਦੀ ਹੈ, ਉ ਦਿਨ ਘਰ ਵਿਚ ਅੱਗ ਨਹੀਂ ਬਾਲਦੇ ਤੇ ਉਨ੍ਹਾਂ ਲਈ ਅੰਗਾਂ ਸਾਕਾਂ ਦੇ ਘਰੋਂ ਰੋਟੀ ਆਉਂਦੀ ਇਸ ਰੋਟੀ ਨੂੰ 'ਮੂੰਦਰ ਚੋੜ' ਤੇ 'ਕੋਤ ਵਟੇ ਦੀ ਰੋ ਕਹਿੰਦੇ ਹਨ।

### (ਮ-271) ਮੂੰਹ ਝੁਠਲਾਣਾ:

ਇਕ ਰੀਤ, ਸਿਆਲਕੋਟ ਦੇ ਇਲਾਕੇ ਵਿਚ ਸਗਾਈ ਦੀ ਗੱਲ ਬਾਤ ਚਲ ਰਹੀ ਹੁੰਦੀ ਹੈ ਤਾਂ ਵਾਲੇ ਮਿਰਾਸੀ ਨੂੰ ਪੁਤਰੇਤਿਆਂ ਦੇ ਘਰ ਭੇਜਦੇ ਹਨ ਪੁਤਰੇਤਿਆਂ ਦਾ ਲਾਗੀ ਵੀ ਸਦ ਲਿਆ ਜਾਂਦਾ ਹੈ। ਕੰਨਿਆਂ ਪੱਖ ਵਾਲੇ ਮਿਰਾਸੀ ਲਈ ਤੇਲ ਚੋਇਆ ਜ ਫਿਰ ਉਸ ਨੂੰ ਇਕ ਥਾਲੀ ਵਿਚ ਗੁੜ ਪਾ ਕੇ ਮੂੰਹ ਲਈ ਦਿਤਾ ਜਾਂਦਾ ਹੈ ਜਿਸ ਵਿਚੋਂ ਉਹ ਇਕ ਚੁਕ ਕੇ ਮੂੰਹ ਲਗਾਂਦਾ ਹੈ, ਇਸ ਰੀਤ ਨੂੰ 'ਮੂੰਹ ਝੁਠ ਕਹਿੰਦੇ ਹਨ। ਇਹ ਰਸਮੀ ਤੌਰ ਤੇ ਦੋਹਾਂ ਧਿਰਾਂ ਸਮਾਜਕ ਸਬੰਧਾਂ ਦੀ ਪ੍ਰਤੀਕ ਹੈ।

### (ਮ-272) ਮੂੰਹ ਢਕਣਾ:

ਬਦ ਨਜ਼ਰ ਤੋਂ ਬਚਣ ਲਈ ਵਿਆਹ ਦੇ ਮੌ

**(ਮ-273) ਮੂੰਹ ਤਿਨਕਾ ਲੈਣਾ :**

ਮਧ-ਕਾਲ ਵਿਚ ਹਿੰਦੂਆਂ ਵਿਚ ਤਾਬੇਦਾਰੀ ਜਾਂ ਅਧੀਨਗੀ ਪ੍ਰਗਟ ਕਰਨ ਲਈ ਦੰਦਾਂ ਵਿਚ ਤੀਲਾ ਲੈਣ ਦੀ ਪ੍ਰਥਾ ਸੀ। ਮੁਸਲਮਾਨਾਂ ਦੇ ਰਾਜ ਸਮੇਂ ਹਿੰਦੂ ਮੂੰਹ ਵਿਚ ਘਾਹ ਦੇ ਤੀਲੇ ਲੈ ਕੇ ਮੁਸਲਮਾਨ ਹਾਕਮਾਂ ਕੋਲੋਂ ਲੰਘਦੇ ਸਨ, ਕਈ ਵਾਰ ਲੱਤਾਂ ਦੇ ਭਾਰ ਝੁਕ ਕੇ ਖੜੇ ਹੋ ਜਾਂਦੇ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਗਊ ਪ੍ਰਗਟ ਕਰਦੇ ਸਨ।

**(ਮ-274) ਮੂੰਹ ਮਿੱਠਾ ਕਰਨਾ ।**

ਜਦੋਂ ਡੋਲੀ ਲਾੜ੍ਹੇ ਦੇ ਘਰ ਪਹੁੰਚਦੀ ਹੈ ਤਾਂ ਦੂਲ੍ਹੇ ਦੀ ਮਾਂ ਲਾਲ ਖੁੰਮਣੀ ਵਿਚ ਗੁੜ ਦੀ ਭੇਲੀ ਵਲੇਟ ਕੇ ਕਹਾਰਾਂ ਨੂੰ ਦੇਂਦੀ ਹੈ ਤੇ ਫਿਰ ਸ਼ਗਨਾਂ ਦੇ ਥਾਲ ਵਿਚ ਮਠਿਆਈ ਲੈ ਕੇ ਲਾੜੀ ਦੇ ਮੂੰਹ ਲਗਾਂਦੀ ਹੈ।

**(ਮ-275) ਮੂੰਹ ਵਿਖਾਈ :**

(ੳ) ਨਵੇਂ ਜੰਮੇ ਬੱਚੇ ਦਾ ਪਹਿਲੀ ਵਾਰ ਮੂੰਹ ਵੇਖਣ ਸਮੇਂ ਉਸ ਨੂੰ ਭੇਟ ਕੀਤੀ ਰਕਮ; ਨਵੇਂ ਜੰਮੇ ਬੱਚੇ ਦੇ ਮਥੇ ਸੁਕੇ ਮੂੰਹ ਲਗਣਾ ਅਸ਼ੁਭ ਮੰਨਿਆ ਜਾਂਦਾ ਹੈ, ਜਿਸ ਲਈ ਅੰਗ ਸਾਕ ਤੇ ਭਾਈਚਾਰੇ ਦੇ ਲੋਕ ਬੱਚੇ ਦੇ ਮੂੰਹ ਲਗਦਿਆਂ ਉਸ ਦੀ ਤਲੀ ਉਤੇ ਨਕਦ ਰੁਪਏ ਆਪਣੀ ਵਰਤਣ ਭਾਜੀ ਦੇ ਅਨੁਕੂਲ ਧਰਦੇ ਹਨ।

(ਅ) ਜਦੋਂ ਡੋਲੀ ਘਰ ਪਹੁੰਚਦੀ ਹੈ ਤਾਂ ਦੂਲ੍ਹਨ ਨੂੰ ਘਰ ਵਿਚ ਕੋਈ ਥਾਂ ਸੰਵਾਰ ਸ਼ਿੰਗਾਰ ਕੇ ਉਥੇ ਪਲੰਘ ਪੀੜ੍ਹੀ ਉਤੇ ਬਿਠਾ ਦਿਤਾ ਜਾਂਦਾ ਹੈ, ਅੰਗ ਸਾਕ ਤੇ ਭਾਈਚਾਰੇ ਦੇ ਲੋਕ ਦੂਲ੍ਹਨ ਦੇ ਪਹਿਲਾਂ ਵਾਰ ਮੂੰਹ ਵੇਖਦੇ ਹਨ ਤਾਂ ਕੁਝ ਰਕਮ ਸ਼ਗਨ ਵਜੋਂ ਉਸ ਨੂੰ ਭੇਟਾ ਕਰਦੇ ਹਨ। ਇਹ ਰਕਮ ਨੂੰ ਵੀ 'ਮੂੰਹ ਵਿਖਾਈ' ਕਿਹਾ ਜਾਂਦਾ ਹੈ।

**(ਮ-276) ਮੂੰਹ ਵਿਚ ਘਾਹ :**

ਹਿੰਦੂਆਂ ਵਿਚ, ਕਿਸੇ ਦੀ ਸ਼ਰਨ ਲੈਣ ਲਗਿਆਂ, ਦੀਨ ਹੋਣ ਦੇ ਭਾਵ ਪ੍ਰਗਟ ਕਰਨ ਦੀ ਇਕ ਵਿਧੀ। ਮੁਸਲਮਾਨੀ ਰਾਜ ਸਮੇਂ ਹਿੰਦੂ ਗਊ ਵਾਂਗ ਝੁਕ ਕੇ ਮੂੰਹ ਵਿਚ ਘਾਹ ਦੀਆਂ ਪਤੀਆਂ ਲੈ ਕੇ ਮੁਸਲਮਾਨ ਹਾਕਮਾਂ ਅਗੇ ਆਪਣੀ ਦੀਨਤਾ ਪ੍ਰਗਟ ਕਰਦੇ ਸਨ।

ਰਖਿਆ ਹੁੰਦਾ ਹੈ। ਕੁਝ ਬਰਾਦਰੀਆਂ ਵਿਚ, ਵਿਆ
ਆਪਣੀ ਮੂੰਹੀਂ ਵਿਚ ਹੀ ਕੀਤੀ ਜਾਂਦੀ ਹੈ। ਅਵਾ
ਮੂੰਹੀਂ ਤੋਂ ਬਾਹਰ ਸ਼ਾਦੀ ਕਰਨਾ ਨਿਸ਼ੇਧ ਹੈ।

**(ਮ-278) ਮੂਲ ਨਖਸ਼ਤਰ :**

ਉਨ੍ਹੀਵਾਂ ਨਛਤ੍ਰ ਜੋ ਬੜਾ ਅਸ਼ੁਭ ਮੰਨਿਆ ਜਾਂ
ਇਸ ਨਛੱਤਰ ਹੇਠ ਜੰਮਿਆ ਬਾਲਕ ਮਾਪਿਆਂ ਉ
ਸਮਝਿਆ ਜਾਂਦਾ ਹੈ। ਜੇ ਮੂਲ ਦਾ ਪਹਿਲਾ ਚਰਨ
ਬੱਚਾ ਪਿਉ ਉਤੇ ਭਾਰਾ ਹੁੰਦਾ ਹੈ, ਦੂਜਾ ਚਰਨ ਹੋਵੇ
ਉਤੇ, ਤੀਜਾ ਚਰਨ ਹੋਵੇ ਤਾਂ ਧਨ ਦੌਲਤ ਦ
ਪੈਂਦਾ ਹੈ।

ਨਵੇਂ ਜੰਮੇ ਬੱਚੇ ਨੂੰ ਮਾਂ ਪਿਉ ਦੇ ਮੂੰਹ ਨਹੀਂ
ਦਿਤਾ ਜਾਂਦਾ ਤੇ ਉਸ ਦੀ ਅਸ਼ੁਭਤਾ ਖ਼ਤਮ ਕਰ
ਕਈ ਉਪਾਅ ਕੀਤੇ ਜਾਂਦੇ ਹਨ। ਜਿਹਾ ਕਿ ਬੱਚੇ
ਵੇਖਣ ਦੀ ਥਾਂ ਪਹਿਲੀ ਵਾਰ ਉਸ ਦੀ ਛਾਇ
ਤੇਲ ਦੇ ਭਰੇ ਭਾਂਡੇ ਵਿਚ ਵੇਖਣਾ, ਇਹ ਤੇਲ ਪਿ
ਕਰ ਦਿਤਾ ਜਾਂਦਾ ਹੈ। ਕਈ ਸਨਾਤਨੀ ਵਿਚਾਰਾਂ
ਸਬੰਧਿਤ ਬੱਚੇ ਨੂੰ ਕਿਸੇ ਮੰਦਰ ਜਾਂ ਮੱਠ ਦੀ
ਆਉਂਦੇ ਹਨ ਤੇ ਫਿਰ ਪੁਜਾਰੀ ਤੋਂ ਬੱਚੇ ਨੂੰ ਪ੍ਰ
ਰੂਪ ਵਿਚ ਘਰ ਲੈ ਆਉਂਦੇ ਹਨ। ਸਬੰਧਿਤ
ਨਾਉਂ ਵੀ ਉਹ ਨੀਵੇਂ ਤੇ ਘਟੀਆ ਸ਼ਬਦਾਂ ਦਾ
ਜਾਂਦਾ ਹੈ ਜਿਵੇਂ ਕੋੜਾ, ਰੁਲਦੂ, ਕਾਲਾ ਆਦਿ।

ਨੂਰਪੁਰ ਤੇ ਕਾਂਗੜੇ ਵਿਚ ਮੂਲ ਨਖਸ਼ਤਰ ਦੀ
ਘਟਾਣ ਲਈ ਬੱਚੇ ਤੇ ਉਸ ਦੇ ਮਾਪੇ ਇਕ ਅਜਿ
ਪਾਣੀ ਨਾਲ ਇਸ਼ਨਾਨ ਕਰਦੇ ਹਨ ਜਿਸ ਵਿਚ 100
ਹੋਣ ਤੇ ਜਿਸ ਵਿਚ 108 ਨਰ ਦਰਖਤਾਂ ਪਿਪਲ,
ਨਿੰਮ ਆਦਿ ਦੇ ਪੱਤੇ ਰਖੇ ਗਏ ਹੋਣ।

ਮੂਲ-ਨਖਸ਼ਤਰ ਵਿਚ, ਕਿਸੇ ਦੀ ਮ੍ਰਿਤੂ ਹੋ
ਨਹੀਂ ਮੰਨੀ ਜਾਂਦੀ। ਜੇ ਕਿਸੇ ਸ਼ਖ਼ਸ ਦੇ ਘਰ ਮੂਲ
ਵਿਚ ਕੋਈ ਮਰ ਜਾਵੇ ਤਾਂ ਉਸ ਦੇ ਮਗਰੋਂ ਚ
ਹੋਣ ਦਾ ਅੰਦੇਸ਼ਾ ਰਹਿੰਦਾ ਹੈ। ਇਸ ਦਾ ਉਪਾਅ
ਕਿ ਮ੍ਰਿਤਕ ਦੀ ਦੇਹ ਦੇ ਨਾਲ ਚਾਰ ਮਨੁਖੀ
ਆਟੇ ਦੇ ਪੁਤਲੇ ਬਣਾ ਕੇ ਸਾੜੇ ਜਾਣ (ਵੇਖੋ : ਪੰਚਕ

ਕਈ ਲੋਕ ਘਰ ਦੇ ਚਾਰ ਪਾਲਤੂ ਜਨੌਰਾਂ ਕੁੱ
ਆਦਿ ਮਾਰ ਕੇ ਗਿਣਤੀ ਪੂਰੀ ਕਰ ਦੇਂਦੇ ਹਨ।

(ਮ-279) **ਮੂਲਾ (ਕਿਰਾੜ)** :

**ਮੂਲਾ**, ਸਿਆਲਕੋਟ ਦਾ ਵਸਨੀਕ, ਇਕ ਕਿਰਾੜ ਸੀ, ਜਦੋਂ ਮਰਦਾਨਾ ਸਿਆਲਕੋਟ ਵਿਚ ਦੋ ਪੈਸੇ ਦਾ ਸੱਚ ਖ਼ਰੀਦਣ ਗਿਆ ਤਾਂ ਇਸੇ ਨੇ ਹੀ ਟਕਾ ਲੈ ਕੇ ਕਾਗ਼ਜ਼ ਉਤੇ ਲਿਖਿਆ ਸੀ ਕਿ 'ਮਰਨਾ ਸੱਚ ਅਤੇ ਜੀਉਣਾ ਕੂੜ' ਹੈ। ਮਗਰੋਂ ਇਹ ਗੁਰੂ ਨਾਨਕ ਦੇਵ ਜੀ ਦਾ ਅਨਿੰਨ ਭਗਤ ਬਣ ਗਿਆ ਸੀ ਅਤੇ ਉਨ੍ਹਾਂ ਦੀ ਸੰਗਤ ਵਿਚ ਕਾਫ਼ੀ ਦੇਰ ਰਿਹਾ।

ਜਦੋਂ ਗੁਰੂ ਨਾਨਕ ਦੇਵ ਦੂਜੀ ਵਾਰ ਸਿਆਲਕੋਟ ਗਏ ਤਾਂ ਆਪ ਪਹਿਲਾਂ ਵਾਲੀ ਬੇਰੀ ਹੇਠ ਬਿਰਾਜੇ ਤੇ ਮਰਦਾਨੇ ਨੂੰ ਘਲ ਕੇ ਮੂਲੇ ਨੂੰ ਆਪਣੇ ਕੋਲ ਸਦਿਆ। ਮੂਲੇ ਦੀ ਪਤਨੀ ਨੇ ਇਹ ਸੋਚ ਕੇ ਕਿ ਕਿਧਰੇ ਗੁਰੂ ਸਾਹਿਬ ਇਸ ਨੂੰ ਆਪਣੇ ਨਾਲ ਹੀ ਨਾ ਲੈ ਜਾਣ, ਉਸ ਨੂੰ ਗੋਹਿਆਂ ਵਾਲੀ ਕੋਠੀ ਵਿਚ ਛੁਪਾ ਦਿਤਾ ਜਿਥੇ ਮੂਲੇ ਨੂੰ ਸੱਪ ਡਸ ਗਿਆ ਤੇ ਉਹ ਮਰ ਗਿਆ। ਇਸੇ ਪਰਥਾਏ ਗੁਰੂ ਨਾਨਕ ਦੇਵ ਜੀ ਨੇ ਇਹ ਵਾਕ ਉਚਾਰਿਆ :

ਨਾਲਿ ਕਿਰਾੜਾ ਦੋਸਤੀ ਕੂੜੇ ਕੂੜੀ ਪਾਇ
ਮਰਣ ਨ ਜਾਪੀ ਮੂਲਿਆ ਆਵੈ ਕਿਤੈ ਥਾਇ

ਮੂਲੇ ਦੀ ਮ੍ਰਿਤਕ ਦੇਹ ਨੂੰ, ਉਸ ਦੀ ਪਤਨੀ ਦੇ ਅੰਗ-ਸਾਕ, ਗੁਰੂ ਸਾਹਿਬ ਪਾਸ ਲੈ ਆਏ ਤੇ ਆਖਣ ਲਗੇ, 'ਇਹ ਬੇਮੁਖ ਹੋ ਕੇ ਮਰਿਆ ਹੈ, ਇਸ ਨੂੰ ਮੁਕਤੀ ਬਖ਼ਸ਼ੋ', ਗੁਰੂ ਨਾਨਕ ਦੇਵ ਜੀ ਨੇ ਉਤਰ ਦਿਤਾ ਕਿ ਦਸਵੇਂ ਜਾਮੇ ਵਿਚ ਇਸ ਦਾ ਉਧਾਰ ਕਰਾਂਗੇ।

ਦਸਵੇਂ ਜਾਮੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਵਿਚ ਸ਼ਿਕਾਰ ਖੇਡਦਿਆਂ ਇਕ ਦਿਨ ਇਕ ਸਹਿਆ ਮਾਰਿਆ ਤੇ ਆਪਣੇ ਸਾਥੀ ਸਿੱਖਾਂ ਨੂੰ ਦਸਿਆ ਕਿ ਇਹ ਸਿਆਲਕੋਟ ਦਾ ਮੂਲਾ ਕਿਰਾੜ ਸੀ, ਜੋ ਬੇਮੁਖ ਹੋ ਕੇ ਮਰਿਆ ਸੀ ਤੇ ਜਿਸ ਨੂੰ ਮੁਕਤੀ ਬਖ਼ਸ਼ੀ ਹੈ। ਇਸ ਥਾਂ ਉਤੇ ਸ਼ਿਕਾਰ ਘਾਟ ਗੁਰਦਵਾਰਾ ਹੈ।

(ਮ-280) **ਮੂਲਾ ਕੁੰਗੀ** :

ਇਕ ਕੁੰਗੀ ਜੋ ਫ਼ਸਲਾਂ ਨੂੰ ਲਗ ਜਾਂਦੀ ਹੈ। ਮੂਲੇ ਨੂੰ ਦੂਰ ਕਰਨ ਲਈ ਇਕ ਟੂਣਾ ਕੀਤਾ ਜਾਂਦਾ ਹੈ। ਕਿਸੇ ਅਜਿਹੇ ਸ਼ਖ਼ਸ ਜਿਸ ਦਾ ਨਾਉਂ ਮੂਲਾ, ਮੂਲ ਰਾਜ, ਜਾਂ ਮੂਲਚੰਦ ਹੋਵੇ, ਉਸ ਨੂੰ ਖੇਤਾਂ ਵਿਚ ਖੜਾ ਕਰ ਕੇ ਉਸ ਨੂੰ

(ਮ-281) **ਮੂਲਾ (ਢੱਗਾ)** :

ਉਹ ਢੱਗਾ ਜਿਸ ਦਾ ਸਿਰ ਆਮ ਢੱਗਿਆਂ ਨਾਲੋਂ ਵਧ ਲੰਬੂਤਰਾ ਹੋਵੇ, ਅਜਿਹੇ ਢੱਗੇ 'ਤੇ ਮੂਲ ਨਛੱਤ੍ਰ ਦਾ ਪਰਭਾ ਮੰਨਿਆ ਜਾਂਦਾ ਹੈ ਅਤੇ ਇਹ ਮਾਪੇ 'ਤੇ ਭਾਰਾ ਮੰਨਿ ਜਾਂਦਾ ਹੈ। ਇਸ ਢੱਗੇ ਦੀ ਅਸ਼ੁਭਤਾ ਦੂਰ ਕਰਨ ਲ ਉਹੋ ਉਪਾਅ ਕੀਤੇ ਜਾਂਦੇ ਹਨ ਜੋ ਮੂਲ ਨਛੱਤਰ ਵਿਚ ਜੰ ਢੱਗੇ ਲਈ ਪ੍ਰਚਲਤ ਹਨ।

ਮੂਲੇ ਨੂੰ ਲਹਿੰਦੇ ਦੇ ਇਲਾਕੇ ਵਿਚ 'ਢਾਈ ਸਿਰਾ' ਜ 'ਸਠ ਸਿਰਾ' ਵੀ ਕਿਹਾ ਜਾਂਦਾ ਹੈ।

(ਮ-282) **ਮੇਅਰਾਜ** :

ਹਜ਼ਰਤ ਮੁਹੰਮਦ ਸਾਹਿਬ ਦਾ ਅਸਮਾਨੀ ਸਫ਼ਰ ਮੁਸਲਮਾਨੀ ਰਵਾਇਤਾਂ ਅਨੁਸਾਰ ਅੱਲ੍ਹਾ ਨੇ ਹਜ਼ਰਤ ਮੁਹੰਮ ਸਾਹਿਬ ਨੂੰ ਆਪਣਾ ਜਲਵਾ ਵਿਖਾਣ ਲਈ, ਸਤਵੇਂ ਅਕਾ ਵਿਚ ਸਦਿਆ। ਜਿਸ ਘੋੜੇ ਤੇ ਜਬਰਾਈਲ ਫ਼ਰਿਸ਼ ਉਨ੍ਹਾਂ ਨੂੰ ਬਿਠਾ ਕੇ ਸਤਵੇਂ ਅਕਾਸ਼ ਲੈ ਗਿਆ ਸੀ, ਉਸ 'ਬੁਰਾਕ' ਕਹਿੰਦੇ ਹਨ। ਬੁਰਾਕ ਚਿਟੇ ਰੰਗ ਦਾ ਖੰਭਾਂ ਵਾਲ ਘੋੜਾ ਸੀ ਜਿਸ ਦੇ ਨੌਂਹ ਸ਼ੇਰ ਜਿਹੇ ਸਨ।

(ਮ-283) **ਮੇਅਰਾਜਨਾਮਾ** :

ਪੰਜਾਬੀ ਕਾਵਿ ਦਾ ਇਕ ਰੂਪ ਜਿਸ ਵਿਚ ਹਜ਼ਰ ਮੁਹੰਮਦ ਸਾਹਿਬ ਦੇ ਅੱਲ੍ਹਾ ਹੂ ਦੀ ਦਰਗਾਹ ਪਹੁੰਚ ਕੇ, ਪ੍ਰ ਨਾਲ ਮਿਲਾਪ ਦੀ ਕਥਾ ਹੈ, ਜੋ ਕਈ ਕਵੀਆਂ ਨੇ ਬਿਆ ਕੀਤੀ ਹੈ। ਕਾਦਰਯਾਰ ਨੇ ਇਕ ਮੇਅਰਾਜਨਾਮਾ ਲਿਖਿਆ ਜਿਸ ਵਿਚ ਉਸ ਨੇ ਸੱਤਾਂ ਅਸਮਾਨਾਂ ਤੇ ਉਨ੍ਹਾਂ ਵਿਚ ਰਹਿੰ ਫ਼ਰਿਸ਼ਤਿਆਂ ਦਾ ਵਰਨਣ ਵੇਰਵੇ ਨਾਲ ਕੀਤਾ ਹੈ।

(ਮ-284) **ਮੇਹਰ ਮੰਗੇ ਕੀ ਮਾੜੀ** :

ਪਸਰੂਰ (ਜ਼ਿਲਾ ਸਿਆਲਕੋਟ) ਵਿਚ ਨਗਰ ਦੀ ਉਤ ਦਿਸ਼ਾ ਵਲ ਇਕ ਮਾੜੀ ਹੈ ਜੋ ਮੇਹਰ ਮੰਗੇ ਦੀ ਮਾੜੀ ਦੇ ਨਾਲ ਪ੍ਰਸਿਧ ਹੈ। ਇਹ ਮਾੜੀ ਇਕ ਪੁਰਾਣੀ ਥੇਹ ਉ ਹੈ ਅਤੇ ਬਾਜਵਾ ਜੱਟ ਇਸ ਮਾੜੀ ਨੂੰ ਸ਼ਰਧਾ ਦੀਆ ਨਜ਼ਰਾਂ ਨਾਲ ਵੇਖਦੇ ਹਨ ਅਤੇ ਵਿਆਹ ਮਗਰੋਂ ਇ ਮਾੜੀ ਉਤੇ ਜ਼ਰੂਰ ਫੇਰਾ ਮਾਰਦੇ ਹਨ। ਮੇਹਰ ਮੰ ਉਨ੍ਹਾਂ ਦਾ ਕੋਈ ਵਡਿਕਾ ਅਥਵਾ 'ਜਠੇਰਾ' ਸੀ।

ਦੇਂਦਾ ਹੈ, ਉਸ ਨੂੰ ਮਾਸ਼ਕੀ ਜਾਂ ਬਹਿਸ਼ਤੀ ਕਹਿੰਦੇ ਹਨ।

**(ਮ-286) ਮੇਖ ਰਾਸ਼ੀ :**

ਬਾਰਾਂ ਰਾਸ਼ੀਆਂ ਵਿਚੋਂ ਇਕ ਰਾਸ਼ੀ, ਜਿਸ ਦੇ ਨਛੱਤਰਾਂ ਦੀ ਸ਼ਕਲ ਭੇਡੂ ਮੀਢੇ ਜਹੀ ਹੈ। ਜੋਤਿਸ਼ ਵਿਦਿਆ ਅਨੁਸਾਰ ਇਸ ਰਾਸ਼ੀ ਵਾਲਾ ਸ਼ਖ਼ਸ ਬੜਾ ਮਿਹਨਤੀ, ਲਗਨ ਵਾਲਾ ਤੇ ਉੱਚੀਆਂ ਆਸ਼ਾਵਾਂ ਵਾਲਾ ਹੁੰਦਾ ਹੈ, ਉਸ ਦਾ ਸਰੀਰ ਗਠਿਆ ਹੋਇਆ ਤੇ ਕੱਦ ਕਾਠ ਉੱਚਾ ਲੰਮਾ ਹੁੰਦਾ ਹੈ। ਉਹ ਲਿੰਗ ਵਿਚ ਵਧੇਰੇ ਰਸ ਲੈਂਦਾ ਤੇ ਯਾਤ੍ਰਾ ਦਾ ਬੜਾ ਸ਼ੌਕੀਨ ਹੁੰਦਾ ਹੈ। ਉਸ ਦੇ ਸੁਭਾਅ ਵਿਚ ਰਤਾ ਕਰੜਾਈ ਹੁੰਦੀ ਹੈ।

ਇਸ ਰਾਸ਼ੀ ਦਾ ਚਿੰਨ੍ਹ ਮੇਖ ਅਥਵਾ ਭੇਡੂ ਹੈ। ਪੁਰਾਣ ਪ੍ਰਵਾਹ ਅਨੁਸਾਰ ਭੇਡ ਅਗਨੀ ਦੇਵਤੇ ਦਾ ਵਾਹਣ ਹੈ। ਭਾਵ ਅਗਨ ਦੇਵਤੇ ਦੇ ਰਥ ਨੂੰ ਲਾਲ ਰੰਗ ਦੇ ਘੋੜੇ ਖਿੱਚਦੇ ਹਨ, ਪਰ ਇਕ ਭੇਡੂ ਹਮੇਸ਼ਾਂ ਉਸ ਦੇ ਨਾਲ ਰਹਿੰਦਾ ਹੈ ਜਿਸ ਉਤੇ ਕਦੇ ਕਦੇ ਅਗਨੀ ਦੇਵਤਾ ਸਵਾਰੀ ਵੀ ਕਰਦਾ ਹੈ। ਮੋਹਿੰਜੋਦੜੋ ਦੀ ਖੁਦਾਈ ਵਿਚ ਮਿਲੀਆਂ ਕੁਝ ਠੀਕਰਾਂ ਮੋਹਰਾਂ ਉਤੇ ਭੇਡੂ ਦੀ ਮੂਰਤੀ ਅਥਵਾ ਚਿੰਨ੍ਹ ਮਿਲਦਾ ਹੈ। ਜਿਸ ਤੋਂ ਜਾਪਦਾ ਹੈ ਕਿ ਇਸ ਕਾਲ ਵਿਚ ਇਸ ਦੀ ਪੂਜਾ ਕੀਤੀ ਜਾਂਦੀ ਸੀ। ਅਗਨੀ ਦੀਆਂ ਕਈ ਉਪਾਧੀਆਂ ਵਿਚੋਂ ਇਕ ਛਾਗਰਥ ਹੈ ਜਿਸਦਾ ਭਾਵ ਹੈ ਭੇਡੂ ਦੀ ਸਵਾਰੀ ਕਰਨ ਵਾਲਾ।

ਮੁਸਲਮਾਨਾਂ ਵਿਚ ਵੀ ਭੇਡੂ ਦੀ ਬਲੀ ਖ਼ਾਸ ਅਰਥ ਰਖਦੀ ਹੈ ਅਤੇ ਬਕਰੀਦ ਵਾਲੇ ਦਿਨ ਮੁਸਲਮਾਨ ਉਚੇਚੇ ਤੌਰ ਤੇ ਭੇਡੂ ਦੀ ਬਲੀ ਦੇਂਦੇ ਹਨ। ਮੁਸਲਮਾਨੀ ਮਿਥਿਹਾਸ ਅਨੁਸਾਰ ਜਦੋਂ ਅਬਰਾਹੀਮ ਇਸਮਾਈਲ ਦੀ ਬਲੀ ਦੇਣ ਲਗਾ ਤਾਂ ਗ਼ੈਬੀ ਸ਼ਕਤੀ ਨਾਲ ਇਸਮਾਈਲ ਦੀ ਥਾਂ ਇਕ ਭੇਡੂ ਨੇ ਲੈ ਲਈ। ਉਦੋਂ ਤੋਂ ਮੁਸਲਮਾਨਾਂ ਵਿਚ ਭੇਡੂ ਦੀ ਬਲੀ ਪ੍ਰਚਲਤ ਹੋਈ।

ਜਦੋਂ ਸੂਰਜ ਮੇਖ ਰਾਸ਼ੀ ਵਿਚ ਜਾਂਦਾ ਹੈ ਤਾਂ ਇਸ ਸੰਕਰਾਂਤੀ ਨੂੰ ਬੜਾ ਪਾਵਨ ਮੰਨਿਆ ਜਾਂਦਾ ਹੈ। ਇਹ ਦਿਨ ਚੇਤਰ ਦੀ ਸੰਗਰਾਂਦ ਦਾ ਹੁੰਦਾ ਹੈ। ਇਸੇ ਦਿਨ ਹਿੰਦੂਆਂ ਦਾ ਸਾਲ ਸ਼ੁਰੂ ਹੁੰਦਾ ਹੈ ਅਤੇ ਮਹਾਜਨ ਵਹੀ ਖਾਤੇ ਦੀਆਂ ਨਵੀਆਂ ਕਿਤਾਬਾਂ ਸ਼ੁਰੂ ਕਰਦੇ ਹਨ।

ਮੇਖਲਾ ਪਹਿਨਣ ਦਾ ਰਵਾਜ ਸੀ। ਮੇਖਲੇ ਨੂੰ ਵੈਦਿ[ਕ] ਵਿਚ 'ਰਸਨਾ' ਕਿਹਾ ਜਾਂਦਾ ਸੀ ਤੇ ਇਹ ਕੁੱਸਾ ... ਵੱਟ ਕੇ ਲੱਕ ਦੁਆਲੇ ਬੰਨ੍ਹਿਆ ਜਾਂਦਾ ਸੀ। ਮੇਖਲ[ੇ] ... ਹੀ ਕਮਰ ਦਾ ਇਕ ਗਹਿਣਾ ਕਿੰਕਨੀ ਹੈ ਜਿਸ ਨੂੰ ... ਘੁੰਗਰੂ ਲਗੇ ਹੁੰਦੇ ਹਨ। ਇਹ ਤੀਵੀਆਂ ਅਜ ... ਧੋਤੀ ਦੇ ਉਪਰ ਪਹਿਨਦੀਆਂ ਹਨ। ਪਹਿਲਿਆਂ ... ਛੋਟੇ ਬੱਚਿਆਂ ਨੂੰ ਤੜਾਗੀ ਉਪਰ ਘੁੰਘਰੂਦਾਰ ... ਪਹਿਨਾਈ ਜਾਂਦੀ ਸੀ।

(ਅ) ਕਮਰ ਦਾ ਇਕ ਗਹਿਣਾ, ਹੈਕਲਾ।

(ੲ) ਇਕ ਤਰਾਂ ਦਾ ਤਾਵੀਜ਼ ਜੋ ਲੱਕ ਦੁਆਲੇ ... ਜਾਂਦਾ ਹੈ।

**(ਮ-288) ਮੋਂਗੀ :**

ਖਤ੍ਰੀਆਂ ਦੀ ਇਕ ਗੋਤ, ਇਨ੍ਹਾਂ ਦੀਆਂ ਕੁਝ ... ਨਿਵੇਕਲੀਆਂ ਹਨ। ਮੁੰਡਣ ਸੰਸਕਾਰ ਸਮੇਂ ਮੋਂਗੀ ਸ... ਮੂਰਤੀ ਬਣਾ ਕੇ ਪੂਜਦੇ ਹਨ। ਇਹ ਸੱਪ ਨੂੰ ਕਦੇ ... ਮਾਰਦੇ। ਜੇ ਘਰ ਵਿਚੋਂ ਸੱਪ ਨਿਕਲ ਆਵੇ ਤਾਂ ... ਮਾਰਨ ਦੀ ਥਾਂ ਬਾਹਰ ਜੰਗਲ ਵਿਚ ਛਡ ਆਉਂਦੇ ... ਰਵਾਇਤ ਹੈ ਕਿ ਇਨ੍ਹਾਂ ਦੇ ਵਡਿਕੇ ਦੇ ਘ[ਰ] ... ਜੰਮਿਆ ਸੀ।

ਮੁੰਡਨ ਸੰਸਕਾਰ ਸਮੇਂ ਇਹ ਬਕਰੇ ਦੇ ਕੰਨ ... ਹਨ ਤੇ ਉਸ ਦੇ ਲਹੂ ਦਾ ਟਿੱਕਾ ਬਾਲਕ ਦੇ ... ਲਗਾਉਂਦੇ ਹਨ। ਫਿਰ ਇਹ ਬਕਰੇ ਦੇ ਨਕ ਵਿਚ ... ਦੇਂਦੇ ਹਨ, ਤਾਂ ਜੋ ਬਕਰਾ ਨਿੱਛ ਮਾਰੇ, ਬਕਰੇ ਦੀ ... ਮੋਂਗੀਆਂ ਵਿਚ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ।

**(ਮ-289) ਮੇਘਨਾਦ :**

ਰਾਵਣ ਦਾ ਪੁਤਰ ਜੋ ਮੰਦੋਦਰੀ ਦੇ ਉਦਰ ਤੋਂ ... ਹੋਇਆ। ਇਸ ਨੇ ਸ਼ਿਵ ਦੀ ਘੋਰ ਉਪਾਸਨਾ ... ਉਸ ਤੋਂ ਅਦ੍ਰਿਸ਼ਟ ਹੋਣ ਦੀ ਸ਼ਕਤੀ ਪ੍ਰਾਪਤ ਕਰ ... ਜਦੋਂ ਰਾਵਣ ਨੇ ਇੰਦਰ ਲੋਕ ਤੇ ਧਾਵਾ ਬੋਲਿ[ਆ] ... ਮੇਘਨਾਦ ਉਸ ਦੇ ਨਾਲ ਸੀ। ਮੇਘਨਾਦ ਨੇ ... ਅਦ੍ਰਿਸ਼ਟ ਹੋਣ ਦੀ ਸ਼ਕਤੀ ਦਾ ਫ਼ਾਇਦਾ ਉਠਾ ਕੇ ਇ[ੰਦਰ] ... ਬੰਦੀ ਬਣਾ ਲਿਆ ਅਤੇ ਲੰਕਾ ਲੈ ਆਇਆ। ... ਬ੍ਰਹਮਾ ਦੀ ਬੰਦਗੀ ਵਿਚ ਇੰਦਰ ਦੀ ਰਿਹਾਈ ...

ਮੇਘਨਾਦ ਦੀ ਅਵਾਜ਼, ਬੱਦਲ ਦੀ ਗਰਜਣ ਵਾਂਗ, ਭਿਆਨਕ ਸੀ, ਲੰਕਾ ਦੇ ਯੁੱਧ ਵਿਚ ਇਹ ਬੜੀ ਬਹਾਦਰੀ ਨਾਲ ਲੜਿਆ ਤੇ ਇਸ ਨੇ ਲਛਮਣ ਨੂੰ ਬਰਛੀ ਮਾਰ ਕੇ ਬੇਹੋਸ਼ ਕਰ ਦਿਤਾ। ਮਗਰੋਂ ਇਹ ਲਛਮਣ ਦੇ ਹਥੋਂ ਹੀ ਮਾਰਿਆ ਗਿਆ।

**(ਮ-290) ਮੇਚਾ ਭੇਜਣਾ :**

ਵਿਆਹ ਨਾਲ ਸਬੰਧਿਤ ਇਕ ਰਸਮ। ਵਿਆਹ ਤੋਂ ਕੁਝ ਦਿਨ ਪਹਿਲਾਂ ਮਹੂਰਤ ਕਢ ਕੇ ਲੜਕੇ ਵਾਲੇ ਆਪਣਾ ਨਾਈ ਕੰਨਿਆਂ ਦੇ ਘਰ ਭੇਜ ਕੇ ਕੰਨਿਆਂ ਦੇ ਕਪੜਿਆਂ, ਜੁੱਤੀ, ਤੇ ਗਹਿਣਿਆਂ ਲਈ ਮੇਚਾ ਮੰਗਵਾਇਆ ਕਰਦੇ ਹਨ। ਪਹਿਲਿਆਂ ਵਿਚ ਦਰਜ਼ੀ ਮੇਚਾ ਮੌਲੀ ਦੇ ਧਾਗੇ ਨਾਲ ਲੈਂਦਾ ਸੀ ਕਿਉਂਜੋ ਮੌਲੀ ਸ਼ਗਨ ਦਾ ਧਾਗਾ ਹੈ।

ਗੁਰਦਾਸਪੁਰ ਵਿਚ, ਕੰਨਿਆਂ ਦੇ ਮਾਪੇ, ਕੰਨਿਆਂ ਦਾ ਮੇਚਾ, ਮੌਲੀ ਦੇ ਧਾਗੇ ਨਾਲ ਨਾਪ ਕੇ, ਸਾਹੇ ਚਿਠੀ ਨਾਲ ਹੀ ਭੇਜਦੇ ਹਨ।

**(ਮ-291) ਮੇਂਢੀਆ ਖੋਲ੍ਹਣਾ :**

ਵਿਆਹ ਨਾਲ ਸਬੰਧਤ ਇਕ ਰੀਤ ਜੋ ਲਹਿੰਦੇ ਵਿਚ ਪ੍ਰਚਲਤ ਹੈ। ਮੁਲਤਾਨ ਦੇ ਇਲਾਕੇ ਵਿਚ ਕੰਨਿਆਂ ਦੇ ਵਾਲਾਂ ਨੂੰ ਤਿੰਨ ਗੁਤਾਂ ਵਿਚ ਗੁੰਦਿਆ ਜਾਂਦਾ ਹੈ। ਸੱਜੇ ਤੇ ਖੱਬੇ ਪਾਸੇ ਦੇ ਵਾਲਾਂ ਦੀਆਂ ਮੇਂਢੀਆਂ ਨੂੰ ਗੁੰਦ ਕੇ ਵਿਚਕਾਰਲੇ ਵਾਲਾਂ ਦੀ ਗੁੱਤ ਵਿਚ ਗੁੰਦ ਦਿਤਾ ਜਾਂਦਾ ਹੈ। ਕੰਨਿਆਂ ਦੇ ਵਿਆਹ ਤੋਂ ਸਤ ਦਿਨ ਪਹਿਲਾਂ ਵਰ ਪੱਖ ਦੀਆਂ ਤੀਵੀਆਂ ਜਿਨ੍ਹਾਂ ਵਿਚ ਵਰ ਦੀ ਮਾਂ ਭੈਣਾਂ ਤੇ ਭਰਜਾਈਆਂ ਸ਼ਾਮਲ ਹੁੰਦੀਆਂ ਹਨ, ਕੰਨਿਆਂ ਪੱਖ ਦੇ ਘਰ ਜਾ ਕੇ ਸ਼ਗਨਾਂ ਨਾਲ ਉਸ ਦੀਆਂ ਮੇਂਢੀਆਂ ਖੋਲ੍ਹਦੀਆਂ ਹਨ। ਮੇਂਢੀ ਖੋਲ੍ਹਣ ਦੀ ਰਸਮ ਜਾਂ ਤਾਂ ਨਾਇਣ ਤੋਂ ਕਰਵਾਈ ਜਾਂਦੀ ਹੈ ਜਾਂ ਵਰ ਪੱਖ ਦੀਆਂ ਹਾਜ਼ਰ ਸਭ ਤੋਂ ਬਿਰਧ ਤੀਵੀਂ ਤੋਂ। ਇਸ ਰੀਤ ਦਾ ਭਾਵ ਹੈ ਕਿ ਹੁਣ ਕੁੜੀ ਕੰਵਾਰਪੁਣੇ ਵਾਲੀਆਂ ਅਲ੍ਹੜ ਗੱਲਾਂ ਛਡ ਦੇਵੇ।

ਮੇਂਢੀਆਂ ਖੋਲ੍ਹਣ ਦੀ ਰੀਤ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਹੈ। ਗ੍ਰਿਹ ਸੂਤਰਾਂ ਅਨੁਸਾਰ ਲਗਨ ਤੋਂ ਮਗਰੋਂ ਜਦੋਂ ਕੰਨਿਆਂ ਪਥਰ ਉਤੇ ਪੈਰ ਧਰਦੀ ਸੀ ਤਾਂ ਦੁਲ੍ਹਾ ਉਸ ਦੇ ਵਾਲਾਂ ਦੀਆਂ ਦੋ ਮੇਂਢੀਆਂ ਢਿਲੀਆਂ ਕਰ

ਦੋ ਦੈਂਤਾਂ ਦੀ ਮਿਝ ਤੋਂ ਬਣੀ ਹੋਈ ਹੈ। ਪੁਰਾਣਾਂ
ਲਿਖਿਆ ਹੈ ਕਿ ਕਲਪ ਦੇ ਅੰਤ ਉਤੇ ਜਦੋਂ ਵਿਸ਼ਨੂੰ
ਉਤੇ ਸੌਂ ਰਹੇ ਸਨ, ਤਾਂ ਉਨ੍ਹਾਂ ਦੇ ਦੋਹਾਂ ਕੰਨਾਂ
ਦੋ ਦੈਂਤ ਮਧੂ ਤੇ ਕੈਟਭ ਪੈਦਾ ਹੋਏ ਤੇ ਬ੍ਰਹਮਾ ਨੂੰ
ਵਿਸ਼ਨੂੰ ਦੀ ਧੁਨੀ ਵਿਚੋਂ ਉਸੇ ਨਾਭ ਕਮਲ ਵਿਚ ਸੌਂ
ਬ੍ਰਹਮਾ ਨੂੰ ਮਾਰਨ ਲਈ ਦੌੜੇ। ਵਿਸ਼ਨੂੰ ਨੇ ਇਨ੍ਹਾਂ
ਦੈਂਤਾਂ ਨੂੰ ਮਾਰ ਦਿਤਾ। ਮਧੂ ਨੂੰ ਮਾਰਨ ਕਰਕੇ ਵਿਸ਼
ਮਧੁਸੂਦਨ ਤੇ ਕੈਟਭ ਨੂੰ ਮਾਰਨ ਕਰਕੇ ਕੈਟਿਭਜਿਤ
ਜਾਂਦਾ ਹੈ। ਇਨ੍ਹਾਂ ਦੋਹਾਂ ਦੈਂਤਾਂ ਦੀ ਚਰਬੀ ਜਲ ਦੇ
ਉਤੇ ਫੈਲ ਗਈ ਤੇ ਸਮਾਂ ਪਾ ਕੇ ਸੁਕ ਕੇ ਪ੍ਰਿਥਵੀ ਦਾ
ਧਾਰਨ ਕਰ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਦਸਮ
ਵਿਚ ਇਸ ਪੁਰਾਣ ਕਥਾ ਦਾ ਜ਼ਿਕਰ ਇਉਂ ਕੀਤਾ ਹੈ :

ਏਕ ਸ੍ਰਵਣ ਤੇ ਮੈਲ ਨਿਕਾਰਾ
ਤਾਤੇ ਮਧੁ ਕੀਟਭ ਤਨ ਧਾਰਾ
ਦੁਤੀਆ ਕਾਨ ਤੇ ਮੈਲ ਨਿਕਾਰੀ
ਤਾਤੇ ਭਈ ਸ੍ਰਿਸਟ ਇਹ ਸਾਰੀ
ਤਿਨ ਕੋ ਕਾਲ ਬਹੁਰ ਬਧ ਸਰਾ
ਤਿਨ ਕੋ ਮੇਦ ਸਮੁੰਦ ਮੋ ਪਰਾ
ਚਿਕਨ ਤਾਸ ਜਲ ਪਰ ਤਿਰ ਰਹੀ
ਮੇਧਾ ਨਾਮ ਤਬਿਹ ਤੇ ਕਹੀ।

**(ਮ-293) ਮੇਨਕਾ :**

(ੳ) ਇਕ ਅਪੱਛਰਾ, ਜਿਸ ਨੂੰ ਇੰਦ੍ਰ ਨੇ, ਵਿਸ਼ਵਾ
ਰਿਸ਼ੀ ਦੀ ਤਪੱਸਿਆ ਭੰਗ ਕਰਨ ਲਈ ਤਪੋਬਨ
ਭੇਜਿਆ ਸੀ, ਇਸ ਨੇ ਆਪਣੀ ਸੁੰਦਰਤਾ ਚਲਿਤਰ
ਅਦਾਵਾਂ ਨਾਲ ਰਿਸ਼ੀ ਨੂੰ ਮੋਹ ਲਿਆ, ਸ਼ਕੁੰਤਲਾ ਇਸੇ
ਗਰਭ ਤੋਂ ਪੈਦਾ ਹੋਈ ਸੀ। ਸ਼ਕੁੰਤਲਾ ਨੂੰ ਜੰਗਲ
ਸੁਟ ਕੇ ਮੇਨਕਾ ਇੰਦ੍ਰ ਲੋਕ ਨੂੰ ਪਰਤ ਆਈ।

ਹੀਰ ਮੇਨਕਾ ਦਾ ਅਵਤਾਰ ਵੀ ਮੰਨੀ ਜਾਂਦੀ
ਦਸਮ ਗ੍ਰੰਥ ਦੇ ਚਰਿਤ੍ਰ 98 ਵਿਚ ਲਿਖਿਆ ਹੈ ਕਿ
ਮੇਨਕਾ ਅਤੇ ਰਾਂਝਾ ਇੰਦ੍ਰ ਸੀ।

ਰਾਂਝਾ ਭਯੋ ਸੁਰੇਸ ਤਹਿ, ਭਈ ਮੇਨਕਾ ਹੀਰ
ਯਾ ਜਹਾਨ ਮੈ ਗਾਵਤ ਸਦਾ ਸਭ ਕਵਿਕੁਲ ਜਸ ਧੀ

(ਅ) ਰਿਗਵੇਦ ਅਨੁਸਾਰ ਵਿਸ਼ਨਾਸ਼ਵ ਦੀ ਪੁਤ੍ਰੀ।
'ਬ੍ਰਾਹਮਣ' ਅਨੁਸਾਰ ਇੰਦਰ ਨੇ ਖ਼ੁਦ ਹੀ ਮੇਨਕਾ ਦਾ

ਮੱਧ ਵਿਚ ਮੰਨਿਆ ਜਾਂਦਾ ਹੈ। ਇਥੇ ਹੀ ਇੰਦਰ ਦਾ ਸਵਰਗ ਲੋਕ ਹੈ। ਇਸ ਪਰਬਤ ਨੂੰ ਮੇਰ, ਹੇਮਾਦਿ, ਰਤਨਸਾਨੂੰ, ਕਰਣਿਕਾਚਲਾ ਤੇ ਅਮਰਾਦ੍ਰਿ ਵੀ ਕਿਹਾ ਜਾਂਦਾ ਹੈ। ਇਸ ਦੀ ਸਭ ਤੋਂ ਉਚੀ ਚੋਟੀ 84,000 ਯੋਜਨ ਹੈ।

ਪੁਰਾਣਾਂ ਦੀ ਕਥਾ ਅਨੁਸਾਰ ਜਦੋਂ ਦੇਵਤਿਆਂ ਨੇ ਅੰਮ੍ਰਿਤ ਕੱਢਣ ਲਈ ਸਮੁੰਦਰ ਨੂੰ ਰਿੜਕਿਆ ਤਾਂ ਮੇਰੂ ਪਰਬਤ ਨੂੰ ਹੀ ਮਦਾਣਾ ਬਣਾਇਆ।

'ਬ੍ਰਾਹਮਣਾਂ' ਅਨੁਸਾਰ ਇਹ ਪਵਿਤਰ ਪਰਬਤ ਮਹਾਦੇਵ ਜਾਂ ਆਦੀਸ਼ਵਰ ਦੇ ਰਹਿਣ ਦਾ ਸਥਾਨ ਹੈ। ਜੈਨੀ ਇਥੇ ਆਦਿ ਨਾਥ, ਪਹਿਲੇ ਗਿਆਨੀਸ਼ਵ ਦਾ ਠਿਕਾਣਾ ਮੰਨਦੇ ਹਨ। ਜੈਨੀਆਂ ਅਨੁਸਾਰ ਇਸੇ ਪਰਬਤ ਉਤੇ ਮਨੁਖਤਾ ਨੂੰ ਵਾਹੀ ਖੇਤੀ ਦੀ ਕਲਾ ਤੇ ਸਭਿਅਕ ਜੀਵਨ ਦਾ ਢੰਗ ਸਿਖਾਇਆ ਗਿਆ।

ਮੇਰੂ ਦੀ ਭੂਗੋਲਿਕ ਸਥਿਤੀ ਬਾਰੇ ਨਿਸਚੇ ਨਾਲ ਕੋਈ ਦਿਸ਼ਾ ਨਹੀਂ ਦਸੀ ਜਾਂਦੀ। ਕਈ ਇਸਨੂੰ ਹਿਮਾਲੀਆ ਦੇ ਉਤਰ ਵਲ ਕੋਈ ਪਹਾੜ ਮੰਨਦੇ ਹਨ। ਕਈ ਇਸ ਨੂੰ ਤਿਬਤ ਵਿਚਲੇ ਕੈਲਾਸ਼ ਪਰਬਤ ਨਾਲ ਜੋੜਦੇ ਹਨ।

ਰਾਮਾਇਣ ਵਿਚ ਲਿਖਿਆ ਹੋਇਆ ਹੈ ਕਿ ਮੇਨਕਾ ਇਕ ਪਹਾੜੀ ਅਪਛਰਾ ਸੀ, ਜੋ ਮੇਰੂ ਦੀ ਧੀ ਤੇ ਹਿਮਾਵਤ ਦੀ ਪਤਨੀ ਸੀ, ਜਿਸ ਤੋਂ ਅਗੋਂ ਦੋ ਧੀਆਂ ਜੰਮੀਆਂ, ਇਕ ਨਦੀ ਦੀ ਦੇਵੀ ਗੰਗਾ ਤੇ ਇਕ ਪਹਾੜਾਂ ਦੀ ਅਪਛਰਾ, ਪਾਰਬਤੀ।

ਮੇਰੂ 84 ਹਜ਼ਾਰ ਯੋਜਨ ਉੱਚਾ ਮੰਨਿਆ ਜਾਂਦਾ ਹੈ ਤੇ ਇਸ ਨੇ ਧਰਤੀ ਨੂੰ ਮਜ਼ਬੂਤੀ ਨਾਲ ਜਕੜਿਆ ਹੋਇਆ ਹੈ। ਇਸ ਦੀਆਂ ਚੋਟੀਆਂ ਦੇ ਆਸ ਪਾਸ ਸਵਰਗ ਲੋਕ ਵਸਦੇ ਹਨ ਜਿਥੇ ਮਰਨ ਤੋਂ ਬਾਅਦ ਨੇਕ ਰੂਹਾਂ ਜਾਂਦੀਆਂ ਹਨ। ਸੂਰਜ ਚੰਨ ਤੇ ਤਾਰੇ ਮੇਰੂ ਪਰਬਤ ਦੀ ਪ੍ਰਕਰਮਾ ਕਰਦੇ ਮੰਨੇ ਜਾਂਦੇ ਹਨ।

ਬੋਧੀਆਂ ਅਨੁਸਾਰ ਮੇਰੂ ਪਰਬਤ ਸਾਗਰ ਵਿਚੋਂ ਨਿਕਲਿਆ ਹੈ।

## (ਮ-295) ਮੇਲ :

ਵਿਆਹ ਦੇ ਮੌਕੇ ਉਤੇ, ਵਿਆਹ ਵਿਚ ਸ਼ਾਮਲ ਹੋਣ ਲਈ ਆਏ ਅੰਗ ਸਾਕ ਤੇ ਮਿੱਤਰ। ਪੰਜਾਬੀਆਂ ਵਿਚ ਮੁੱਢ ਕਦੀਮ ਤੋਂ ਇਹ ਪ੍ਰਥਾ ਚਲੀ ਆ ਰਹੀ ਹੈ ਕਿ ਉਹ

ਪਹਿਲਾਂ ਉਹ ਵਿਆਹ ਵਾਲੇ ਘਰ ਆਉਂਦਾ ਹੈ। ਸ
ਪਹਿਲਾਂ ਧੀਆਂ ਮੇਲੀ ਬਣਦੀਆਂ ਹਨ। ਮੇਲੀਆਂ ਦੀ
ਖ਼ਾਤਰ ਕੀਤੀ ਜਾਂਦੀ ਹੈ ਅਤੇ ਮੇਲ ਦੇ ਵਿਦਾ ਹੋਣ ਸ਼
ਉਨ੍ਹਾਂ ਨੂੰ ਮਠਿਆਈ ਦਿਤੀ ਜਾਂਦੀ ਹੈ। ਧੀਆਂ ਤੋ
ਨਜ਼ਦੀਕੀ ਰਿਸ਼ਤੇਦਾਰਾਂ ਨੂੰ ਕਪੜੇ ਤੇ ਨਕਦ ਰੁਪਏ
ਜਾਂਦੇ ਹਨ।

ਮੇਲੀਆਂ ਨਾਲ ਵਰਤਣ ਭਾਜੀ ਹੁੰਦੀ ਹੈ ਅਤੇ
ਸ਼ਗਨ ਵਜੋਂ ਵਿਆਹ ਵਾਲੀ ਕੁੜੀ ਜਾਂ ਮੁੰਡੇ ਨੂੰ ਰੁਪਏ
ਆਦਿ ਦੇਂਦੇ ਹਨ।

## (ਮ-296) ਮੇਲੀ :

ਲੜਕੇ ਅਥਵਾ ਲੜਕੀ ਦੇ ਵਿਆਹ ਉਤੇ ਬਰਾ
ਭਾਈਚਾਰੇ ਦੇ ਜੋ ਲੋਕ ਅਥਵਾ ਅੰਗ ਸਾਕ ਆਉਂਦੇ
ਉਨ੍ਹਾਂ ਨੂੰ ਮੇਲੀ ਕਿਹਾ ਜਾਂਦਾ ਹੈ। ਵਿਆਹ ਦੀਆ
ਰਸਮਾਂ ਰੀਤਾਂ ਵਿਚ ਮੇਲੀ ਸ਼ਾਮਲ ਹੁੰਦੇ ਹਨ। ਵਿਆ
ਮੇਲੀਆਂ ਨੂੰ ਸੱਦਾ ਪੱਤਰ ਭੇਜ ਕੇ ਬੁਲਾਇਆ ਹੁੰਦਾ ਹੈ
ਇਨ੍ਹਾਂ ਨਾਲ ਵਰਤਣ ਭਾਜੀ ਹੁੰਦੀ ਹੈ। ਮੇਲੀ
ਵਿਆਹ ਤੋਂ ਪਹਿਲਾਂ ਜਾਂ ਮਗਰੋਂ ਮਠਿਆਈ
ਜਾਂਦੀ ਹੈ।

## (ਮ-297) ਮੇਲੇ ਅਤੇ ਤਿਉਹਾਰ :

ਮੇਲੇ, ਕਿਸੇ ਜਾਤੀ ਦੇ ਲੋਕਾਂ ਦੀਆਂ ਨਿਜੀ ਤੇ ਸ
ਸਧਰਾਂ, ਭਾਵਨਾਵਾਂ ਤੇ ਚੇਸ਼ਟਾਵਾਂ ਦੀ ਸਹਿਜ ਪ੍ਰ
ਇਕਸੁਰਤਾ ਹਨ। ਮੇਲਿਆਂ ਵਿਚ ਜਾਤੀ ਖੁਲ੍ਹ ਕੇ
ਲੈਂਦੀ, ਲੋਕ-ਪ੍ਰਤਿਭਾ ਨਿਖਰਦੀ ਤੇ ਚਰਿਤ੍ਰ ਦਾ ਰਿ
ਹੁੰਦਾ ਹੈ। ਮਨ-ਪਰਚਾਵੇ ਤੇ ਮੇਲ-ਜੋਲ ਦੇ ਸ
ਵਸੀਲੇ ਹੋਣ ਦੇ ਨਾਲ, ਮੇਲੇ ਧਾਰਮਿਕ ਤੇ ਕਲ
ਭਾਵਾਂ ਦੀ ਤ੍ਰਿਪਤੀ ਕਰਦੇ ਹਨ। ਇਨ੍ਹਾਂ ਵਿਚ ਜ
ਸਮੂਹਿਕ ਮਨ, ਤਾਲਬੱਧ ਹੋ ਕੇ ਨਚਦਾ ਤੇ ਇਕਸੁਰ
ਗੂੰਜਦਾ ਹੈ। ਜੀਵਨ ਦੀਆਂ ਖ਼ੁਸ਼ੀਆਂ, ਪੂਰਤੀਆਂ ਤੇ
ਪ੍ਰਤੀ ਮੇਲੇ ਵਿਚ ਸਾਂਝਾ ਹੁੰਗਾਰਾ ਹੁੰਦਾ ਹੈ। ਜਾ
ਸਾਂਸਕ੍ਰਿਤਕ ਨੁਹਾਰ ਮੇਲਿਆਂ ਤੇ ਤਿਉਹਾਰਾਂ ਵਿਚੋਂ ਹ
ਰੰਗ-ਰੂਪ ਵਿਚ ਪ੍ਰਤਿਬਿੰਬਤ ਹੁੰਦੀ ਹੈ। ਜਾਤੀ ਦੀ
ਮੇਲਿਆਂ ਵਿਚ ਹੀ ਅਲਸਾਏ ਰੂਪ ਵਿਚ ਸਾਕਾਰ ਹੁੰਦੀ

ਪੰਜਾਬੀ ਸੁਭਾਵ ਦੇ ਬੜੇ ਰੰਗੀਲੇ ਤੇ ਦਿ

ਜੁੜ ਜਾਣ, ਉਹ ਤੁਰਦਾ ਫਿਰਦਾ ਮੇਲਾ ਬਣ ਜਾਂਦਾ ਹੈ। ਪਰ ਜਦੋਂ ਸਚਮੁਚ ਹੀ ਕੋਈ ਤਿਉਹਾਰ ਜਾਂ ਮੇਲਾ ਹੋਵੇ, ਫੇਰ ਤਾਂ ਪੰਜਾਬੀਆਂ ਦਾ ਜਲਾਲ ਤੇ ਭਖਦਾ ਉਤਸਾਹ ਵੇਖਣ ਵਾਲਾ ਹੁੰਦਾ ਹੈ।

ਮੇਲਾ ਇਕੋ ਇਕ ਅਜਿਹਾ ਇਕੱਠ ਹੈ, ਜਿਸ ਵਿਚ ਸਭ ਲਾੜੇ ਹੁੰਦੇ ਹਨ, ਬਰਾਤੀ ਕੋਈ ਵੀ ਨਹੀਂ। ਪਰ ਪੰਜਾਬੀ ਤਾਂ ਮੇਲੇ ਵਿਚ ਸਚਮੁਚ ਹੀ ਲਾੜਾ ਬਣਿਆ ਫਿਰਦਾ ਹੈ। ਉਸ ਦਾ 'ਨਿਜ' ਘੋੜੀ ਚੜ੍ਹਿਆ ਹੁੰਦਾ ਹੈ। ਮੇਲੇ ਜਾਣ ਲਗਿਆਂ ਉਹ ਅਕਸਰ ਨਵੇਂ ਤੇ ਸਭ ਤੋਂ ਵਧੀਆ ਕਪੜੇ ਪਹਿਨਦਾ ਹੈ। ਹੇਠ ਚਾਦਰਾ ਸਜਾ ਕੇ, ਉਪਰੋਂ ਉਸ ਕੁੜਤੇ ਤੇ ਜਾਕਟ ਨਾਲ ਟੋਹਰ ਕਢੀ ਹੁੰਦੀ ਹੈ। ਸਿਰ ਉਤੇ ਉਚੇਚਾ ਮਾਵਾ ਲਗਾ ਕੇ ਤਿਆਰ ਕੀਤੀ ਪਗੜੀ ਉਸ ਦੀ ਸ਼ਾਨ ਨੂੰ ਚਾਰ ਚੰਨ ਲਗਾ ਰਹੀ ਹੁੰਦੀ ਹੈ। ਰੰਗ ਬਰੰਗੀ ਤੇ ਚੁਸਤ ਪੁਸ਼ਾਕ ਵਿਚ, ਉਹ ਛੈਲਾ ਤੇ ਛਬੀਲਾ ਲਗਦਾ ਹੈ। ਕਈ ਮਨਚਲੇ ਤਾਂ ਘੋੜਿਆਂ, ਊਠਾਂ ਤੇ ਬਲਦਾਂ ਨੂੰ ਸਜਾ ਸ਼ਿੰਗਾਰ ਕੇ ਆਪਣੇ ਨਾਲ ਹੀ ਮੇਲੇ ਲੈ ਜਾਂਦੇ ਹਨ। ਮੇਲੇ ਜਾਣ ਵੇਲੇ ਮੁਟਿਆਰਾਂ ਕਜਲੇ ਦੀ ਧਾਰ ਅਤੇ ਦੰਦਾਸੇ ਨਾਲ ਹੁਸਨ ਨੂੰ ਸਾਣ ਚਾੜ੍ਹ ਲੈਂਦੀਆਂ ਹਨ ਤੇ ਬਾਹਵਾਂ ਵਿਚ ਵੰਗਾਂ ਛਣਕਾਂਦੀਆਂ, ਜਵਾਨਾਂ ਦੀਆਂ ਹਿੱਕਾਂ ਲੂੰਹਦੀਆਂ ਫਿਰਦੀਆਂ ਹਨ।

ਪੰਜਾਬੀਆਂ ਦੇ ਸੁਭਾਵ ਵਾਂਗ ਹੀ ਉਨ੍ਹਾਂ ਦੇ ਮੇਲੇ ਵੀ ਬੜੇ ਸਜੀਵ ਤੇ ਰੰਗੀਲੇ ਹਨ। ਹਰ ਮੇਲਾ ਦੁਲਹਨ ਵਾਂਗ ਸਜਦਾ ਤੇ ਬਰਾਤ ਵਾਂਗ ਭਰਦਾ ਹੈ। ਮੇਲੇ ਵਿਚ ਧੜਕਦੀ ਜ਼ਿੰਦਗੀ ਉਸ ਨੂੰ ਇਕ ਪ੍ਰਤਿਭਾਸ਼ਾਲੀ ਵਿਅਕਤਿਤਵ ਪ੍ਰਦਾਨ ਕਰਦੀ ਹੈ, ਜਿਸ ਦੇ ਜਲੌ ਵਿਚ ਮਨ ਵਿਭੋਰ ਹੋਂਦਾ ਤੇ ਰੂਹ ਨਸ਼ਿਆ ਜਾਂਦੀ ਹੈ। ਪੰਜਾਬ ਦੇ ਹਰ ਮੇਲੇ ਦੀ ਆਪਣੀ ਨਿਵੇਕਲੀ ਠਾਠ, ਰੰਗ ਤੇ ਚਰਿਤ੍ਰ ਹੈ। ਇਨ੍ਹਾਂ ਦੀ ਬਹੁ-ਰੰਗਤਾ ਪੰਜਾਬੀਆਂ ਦੇ ਬਹੁ-ਪੱਖੀ ਜਿੰਦਗੀ ਦਾ ਹੁੰਗਾਰਾ ਭਰਦੀ ਹੈ।

ਪੰਜਾਬੀ ਮੇਲੇ ਸਰੂਪ ਵਿਚ ਸਚਿਤ੍ਰ ਹਨ। ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਤੇ ਲੁਭਾਵਣਾ ਹੋਣ ਦੇ ਨਾਲ, ਸਭਿਆਚਾਰਕ ਪ੍ਰਤੀਨਿਧਤਾ ਵੀ ਕਰਦਾ ਹੈ। ਖਲਕਤ ਇਕ ਅਜਿਹੇ ਪ੍ਰਵਾਹ ਵਾਂਗ ਵਗ ਰਹੀ ਹੁੰਦੀ ਹੈ, ਜਿਸ ਵਿਚ ਕਈ ਰੰਗ ਘੁਲੇ ਹੁੰਦੇ ਹੋਣ ਤੇ ਜੋ ਆਪਣੇ ਕੰਢਿਆਂ ਤੋਂ ਉਭਰ ਕੇ ਘੁਲ ਮਿਲ ਗਿਆ ਹੋਵੇ। ਮੇਲਾ ਸਦਾ ਵੇਗ

ਦਾ ਨਿਕ ਸੁਕ, ਚੂੜੀਆਂ, ਵੰਗਾਂ ਹਾਰ ਸ਼ਿੰਗਾਰ ਤੇ ... ਆਦਿ ਦੀਆਂ ਦੁਕਾਨਾਂ, ਨਵੀਂ ਵਹੁਟੀ ਵਾਂਗ ... ਹੁੰਦੀਆਂ ਹਨ। ਇਲਾਕੇ ਦੇ ਕਲਾਕਾਰ ਤੇ ਸ਼ਿਲ... ਆਪਣੀ ਕਲਾ ਦੀਆਂ ਸੁੰਦਰ ਕ੍ਰਿਤਾਂ, ਮੇਲੇ ਵਿਚ ... ਉਸ ਦੇ ਹੁਸਨ ਨੂੰ ਨਿਖਾਰਦੇ ਹਨ। ਖਿਡੌਣਿਆ... ਦੁਕਾਨਾਂ ਤਾਂ ਰੰਗਸ਼ਾਲਾ ਜਾਪਦੀਆਂ ਹਨ। ਜਿਥੇ ... ਤੇ ਮਹਾਭਾਰਤ ਦੇ ਨਾਲ ਪੁਰਾਣਾਂ ਦੇ ਅਨੇਕਾਂ ਸ... ਖੁਲ੍ਹੇ ਹੁੰਦੇ ਹਨ। ਖਿਡੌਣਿਆਂ ਵਿਚ ਕਲਾ ਵੀ ... ਸੁਹਜ ਵੀ। ਕਿਧਰੇ ਰਾਮ ਚੰਦਰ ਤੇ ਲਛਮਣ, ਤੀ... ਤਾਣੀ, ਬੀਰ ਭਾਵਾਂ ਦੀ ਪ੍ਰਦਰਸ਼ਨੀ ਕਰ ... ਕਿਧਰੇ ਹਨੂਮਾਨ ਪਹਾੜ ਨੂੰ ਹਥਾਂ ਉਤੇ ਚੁਕੀ ... ਵਾਂਗ ਖੜਾ ਹੈ। ਕਿਧਰੇ ਕ੍ਰਿਸ਼ਨ ਗੋਪੀਆਂ ਨਾਲ ... ਰਹੇ ਹਨ, ਕਿਧਰੇ ਸੁੰਦਰਤਾ ਦੀ ਦੇਵੀ ਲਛਮੀ ... ਕੰਵਲ ਫੜੀ, ਸੋਭਾ ਵਧਾ ਰਹੀ ਹੈ। ਕਿਧਰੇ ਸ਼ਿ... ਵਿਚ ਮੁੰਡ-ਮਾਲਾ ਪਹਿਨੀ, ਹਥ ਵਿਚ ਤ੍ਰਿਸ਼... ਬਿਰਾਜਮਾਨ ਹੈ ਤੇ ਕਿਧਰੇ ਹਾਥੀ ਦੀ ਸੁੰਡ ਵਾਲ... ਪੇਟ ਫੈਲਾਈ ਬੈਠਾ ਹੈ। ਹਰ ਖਿਡੌਣਾ ਮੂਕ ਬੋ... ਕੋਈ ਪੁਰਾਣ-ਕਥਾ ਸੁਣਾ ਰਿਹਾ ਹੁੰਦਾ ਹੈ।

ਦੁਕਾਨਾਂ ਉਤੇ ਕਿਧਰੇ ਜੱਟ ਮਠਿਆਈ ਦੇ ਅ... ਰਹੇ ਹਨ ਤਾਂ ਕਿਧਰੇ ਤੀਵੀਆਂ ਚੂੜੀਆਂ ਤੇ ਫ... ਮੁੱਲ ਚੁਕਾਣ ਲਈ ਝੇੜਾ ਪਾਈ ਬੈਠੀਆਂ ਹਨ। ... ਉਤੇ ਬੱਚੇ, ਬੁੱਢੇ ਤੇ ਗਭਰੂ ਉਮਾਹ ਨਾਲ ਝੂਟੇ ... ਹਨ। ਕਿਧਰੇ ਮਨਚਲੇ ਗਭਰੂਆਂ ਦੀਆਂ ਟੋਲੀਆਂ ... ਪਾਉਂਦੀਆਂ ਅਤੇ ਢੋਲਕੀ ਤੇ ਅਲਗੋਜ਼ੇ ਦੀਆਂ ਮ... ਨਾਲ ਫ਼ਜ਼ਾ ਵਿਚ ਜਾਦੂ ਧੂੜਦੀਆਂ ਫਿਰਦੀਆਂ ... ਕਿਧਰੇ ਢੋਲ ਦੇ ਤਾਲ ਉਤੇ ਗਭਰੂ ਭੰਗੜਾ ਪਾ ... ਤਾਂ ਕਿਧਰੇ ਅਖਾੜੇ ਵਿਚ ਪਹਿਲਵਾਨ ਆਪਣਾ ... ਤੇ ਕਰਤਬ ਵਿਖਾ ਰਹੇ ਹਨ। ਮੇਲੇ ਵਿਚ ਜੀਵਨ ... ਰੰਗ ਪੂਰੀ ਤਰ੍ਹਾਂ ਖਿਲ ਕੇ ਰੂਪਮਾਨ ਹੁੰਦੇ ਹਨ।

ਮੇਲਿਆਂ ਦਾ ਕਾਫ਼ਲਾ :

ਮੇਲੇ ਕਈ ਵੰਨਾਂ ਦੇ ਹਨ ਤੇ ਇਨਾਂ ਦ... ਕਾਫ਼ਲਾ ਸਦਾ ਤੁਰਦਾ ਰਹਿੰਦਾ ਹੈ। ਮੌਸਮੀ ਮੇ... ਮਨ ਦੀ ਕੁਦਰਤ ਨਾਲ ਇਕਸੁਰਤਾ ਦੇ ਪ੍ਰਤੀ... ਰੁੱਤਾਂ ਦੇ ਬਦਲਦੇ ਗੇੜ ਵਿਚੋਂ ਜਨਮੇ। ਹਰ ...

ਬੱਦਲਾਂ ਦਾ ਉਦੀਆਂ ਕਸੁੰਭੀਆਂ ਚੋਲੀਆਂ ਪਾਈ ਆਕਾਸ਼ ਤੇ ਤਰਨਾ ਸਤਰੰਗੀਆਂ ਪੀਂਘਾਂ ਦਾ ਧਰਤੀ ਤੇ ਆਕਾਸ਼ ਦੋਹਾਂ ਨੂੰ, ਆਪਣੀ ਗਲਵਕੜੀ ਦੇ ਵਿਚ ਘੁਟਣਾ, ਅੰਬਾਂ ਵਿਚੋਂ ਕੋਇਲਾਂ ਦੀ ਮਿੱਠੀ ਹੂਕ ਅਤੇ ਮੀਂਹ ਦਾ ਕਦੇ ਕਿਣਮਿਣ ਕਰ ਕੇ ਤੇ ਕਦੇ ਮੋਹਲੇ ਧਾਰ ਵਸਣਾ, ਇਕ ਨਵਾਂ ਹੁਲਾਸ ਪੈਦਾ ਕਰਦਾ ਹੈ। ਸੁਪਨੇ ਕੁਤਕੁਤਾੜੀਆਂ ਕਢਦੇ ਹਨ ਤੇ ਦਿਲ ਮਚਲ ਪੈਂਦਾ ਹੈ। ਮੌਸਮੀ ਮੇਲੇ ਇਸੇ ਹੁਲਾਸ ਤੇ ਖੁਸ਼ੀ ਵਿਚ ਮੱਚ ਮੱਚ ਪੈਂਦੇ ਮਨ ਦਾ, ਸਾਮੂਹਿਕ ਪੱਧਰ ਤੇ ਪ੍ਰਗਟਾ ਹਨ।

ਰੁੱਤਾਂ ਵਿਚੋਂ ਸਭ ਤੋਂ ਮਿੱਠੀ ਤੇ ਹਸੀਨ ਰੁੱਤ ਬਸੰਤ ਦੀ ਹੈ। ਇਹ ਕਲਾ ਦੇ ਸੁਹਜ ਦੀ ਰੁੱਤ ਹੈ। ਇਸ ਰੁੱਤ ਵਿਚ ਕੁਦਰਤ ਦੀ ਅਚਲ ਕਲਾ ਪੂਰੇ ਸਹਿਜ ਵਿਚ ਨਿਖਰੀ ਹੁੰਦੀ ਹੈ। ਟਹਿਣੀਆਂ ਫੁੱਲਾਂ ਨਾਲ ਕੱਜੀਆਂ ਹੁੰਦੀਆਂ ਹਨ ਤੇ ਹਵਾ ਵਿਚ ਇਕ ਅਨੂਠੀ ਜਿਹੀ ਮਹਿਕ ਰਸੀ ਰਹਿੰਦੀ ਹੈ। ਬਿਰਛ-ਬੂਟੇ ਪੁਰਾਣੇ ਚੋਲੇ ਉਤਾਰ ਕੇ, ਨਵੀਂ ਪੁਸ਼ਾਕ ਵਿਚ ਸਜੇ, ਆਪਣੇ ਵਲ ਸੈਨਤਾਂ ਮਾਰ ਕੇ ਬੁਲਾਉਂਦੇ ਹਨ, ਤੇ ਸਾਰੀ ਪ੍ਰਕ੍ਰਿਤੀ ਵਿਚ ਇਕ ਸਜੀਵ ਵਿਅਕਤਿਤਵ ਉਭਰਦਾ ਹੈ। ਖੇਤਾਂ ਵਿਚ ਸਰ੍ਹੋਂ ਦੇ ਖਿੜੇ ਪੀਲੇ ਫੁੱਲ ਇੰਜ ਲਗਦੇ ਹਨ, ਜਿਵੇਂ ਕੁਦਰਤ ਦੀ ਦੇਵੀ, ਬਸੰਤੀ ਪੁਸ਼ਾਕ ਪਾਈ ਸੋਨੇ ਦੇ ਗਹਿਣਿਆਂ ਨਾਲ ਸ਼ਿੰਗਾਰੀ ਸਜ-ਵਿਆਹੀ ਕੁੜੀ ਵਾਂਗ, ਮਸਤ ਅੰਗੜਾਈਆਂ ਭਰ ਰਹੀ ਹੋਵੇ। ਜਦੋਂ ਪ੍ਰਕ੍ਰਿਤੀ ਜਵਾਨ ਹੋਈ ਹਾਣੀ ਲੱਭ ਰਹੀ ਹੋਵੇ, ਰੰਗੀਲਾ ਪੰਜਾਬੀ ਕਿਵੇਂ ਦਿਲ ਸੰਭਾਲ ਸਕਦਾ ਹੈ। ਉਹ ਦਿਲ ਤੇ ਆਤਮਾ ਨੂੰ ਪ੍ਰਕ੍ਰਿਤੀ ਨਾਲ ਇਕਸੁਰ ਕਰ ਕੇ, ਨੱਚ ਤੇ ਗਾ ਉਠਦਾ ਹੈ।

ਏਸੇ ਸੁਹਾਵਣੀ ਰੁੱਤੇ ਮਾਹ ਸੁਦੀ ਪੰਜ ਨੂੰ ਬਸੰਤ ਪੰਚਮੀ ਦਾ ਤਿਉਹਾਰ ਸਾਰੇ ਪੰਜਾਬ ਵਿਚ ਬੜੇ ਹੁਲਾਸ ਤੇ ਚਾਉ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਆਦਿ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਸਾਡੇ ਵਡੇਰਿਆਂ ਵਿਚ ਇਹ ਤਿਉਹਾਰ 'ਸੁਵੰਸਤਕਾ' ਦੇ ਨਾਂ ਨਾਲ ਪ੍ਰਸਿਧ ਸੀ ਅਤੇ ਉਹ ਇਸ ਅਵਸਰ ਉਤੇ ਕਾਮਦੇਵ ਦੀ ਉਪਾਸਨਾ ਕਰਦੇ ਅਤੇ ਗੁਲਾਬੀ ਰੰਗ ਦੇ ਕਪੜੇ ਪਹਿਨ ਕੇ ਟੋਲੀਆਂ ਵਿਚ ਨਚਦੇ ਤੇ ਗਾਉਂਦੇ ਹਨ। ਅਜ ਕਲ ਬਸੰਤ ਵਾਲੇ ਦਿਨ ਪੀਲੇ ਕਪੜੇ ਪਹਿਨਣ ਦਾ ਰਿਵਾਜ ਹੈ। ਬਸੰਤ ਦੀ ਆਗਮਨ ਨਾਲ ਸਾਰੇ ਪੰਜਾਬ ਵਿਚ ਇਕ ਨਵੀਂ ਜ਼ਿੰਦਗੀ ਧੜਕ ਉਠਦੀ ਹੈ, ਅਨੇਹਾ ਥਾਈਂ ਨਿਕੇ ਵਡੇ ਮੇਲੇ ਲਗਦੇ

ਰਾਏ, ਬਸੰਤ ਪੰਚਮੀ ਵਾਲੇ ਦਿਨ, ਲਾਹੌਰ ਵਿਚ
ਹਾਕਮਾਂ ਦੇ ਤੁਅੱਸਬ ਦਾ ਸ਼ਿਕਾਰ ਹੀ ਹੋਇਆ ਸੀ ਤੇ
ਪਤਿਤ ਹੋਣ ਨਾਲੋਂ ਸ਼ਹੀਦ ਹੋਣ ਨੂੰ ਤਰਜੀਹ ਦਿ
ਭਾਵੇਂ ਇਹ ਮੇਲਾ ਨਿਰੋਲ ਮੌਸਮੀ ਹੈ; ਪਰ ਹਕੀਕਤ
ਦੀ ਸ਼ਹੀਦੀ ਨੇ ਇਸ ਮੇਲੇ ਨਾਲ ਧਾਰਮਿਕ ਤੇ ਇਤਿ
ਤੱਤ ਤੇ ਭਾਵਨਾ ਵੀ ਜੋੜ ਦਿਤੀਆਂ ਹਨ।

ਬਸੰਤ ਪੰਚਮੀ ਵਾਲੇ ਦਿਨ ਲੋਕੀਂ ਪਤੰਗੇ ਉਡ
ਕਰਦੇ ਹਨ ਤੇ ਸਾਰਾ ਅਕਾਸ਼ ਰੰਗ ਬਰੰਗੀਆਂ, ਹਵ
ਤਰਦੀਆਂ ਤੇ ਨਿਰਤ ਕਰਦੀਆਂ ਗੁਡੀਆਂ ਨਾਲ ਭ
ਜਾਂਦਾ ਹੈ। ਅਕਾਸ਼ ਇਕ ਰੰਗਮੰਚ ਜਾਪਦਾ ਹੈ, ਜਿ
ਵੰਨ ਸੁਵੰਨੀਆਂ ਗੁਡੀਆਂ ਦੇ ਰੂਪ ਵਿਚ, ਪੰਜਾਬੀ
ਮਨ, ਤਰੰਗਿਤ ਹੋਇਆ, ਅਠਖੇਲੀਆਂ ਭਰਦਾ ਹੈ।

ਫੱਗਣ ਵਿਚ ਹੋਲੀ ਦਾ ਤਿਉਹਾਰ ਮਨਾਇਆ
ਹੈ। ਫੱਗਣ ਦੀ ਰੁੱਤ ਬੜੀ ਰੰਗੀਲੀ ਹੁੰਦੀ ਹੈ। ਅ
ਜਵਾਨੀ ਵਾਂਗ ਇਸ ਵਿਚੋਂ ਭਿੰਨੀ ਭਿੰਨੀ ਮਹਿਕ ਆ
ਹੈ। ਹਰੇਕ ਦਾ ਮਨ ਗੁਲਾਬ ਵਾਂਗ ਖਿੜਿਆ ਹੁੰਦਾ
ਹਰ ਕੋਈ ਅੰਦਰ ਦੀ ਮਹਿਕ ਨੂੰ ਦੂਜਿਆਂ ਉਤੇ
ਪਾਣੀ ਤੇ ਗੁਲਾਲ ਛਿੜਕ ਕੇ ਬਾਹਰ ਖਿੰਡਾਂਦਾ ਹੈ।

ਹੋਲੀ ਦਾ ਤਿਉਹਾਰ ਨਿਰੋਲ ਮੌਸਮੀ ਹੈ। ਪਹਿ
ਵਿਚ ਇਸ ਦਾ ਸਬੰਧ ਬਸੰਤ ਰੁੱਤ ਦੇ ਆਗਮਨ ਨਾਲ
ਲੋਕੀ ਹੋਲੀ ਦਾ ਆਰੰਭ ਬਸੰਤ ਪੰਚਮੀ ਤੋਂ ਹੀ, ਬਸੰਤੀ
ਦੀਆਂ ਪੁਸ਼ਾਕਾਂ ਪਹਿਨ ਕੇ ਕੀਤਾ ਕਰਦੇ ਸਨ ਅਤੇ
ਦਿਨਾਂ ਪਿਛੋਂ, ਚੇਤਰ ਦੀ ਕ੍ਰਿਸ਼ਨ ਪੱਖ ਦੀ ਏਕ
ਇਸ ਦਾ ਖ਼ਾਸ ਪੁਰਬ ਮਨਾਇਆ ਕਰਦੇ, ਜਿਸ ਦਿਨ
ਮੇਲੇ ਜੁੜਦੇ, ਪਰ ਸਮੇਂ ਨਾਲ ਹੋਲੀ ਬਸੰਤ ਨਾਲੋਂ
ਉਤਸਾਹ ਬਣ ਗਿਆ ਹੈ।

ਹੋਲੀ ਰੰਗਾਂ ਦਾ ਤਿਉਹਾਰ ਹੈ। ਕਹਿੰਦੇ ਹਨ
ਵਿਚ ਕੁਦਰਤ ਵਸਦੀ ਹੈ। ਤੇ ਕੁਦਰਤ ਵਿਚ ਰੱਬ।
ਨਾਲ ਖੇਡਦਾ ਪੰਜਾਬੀ ਕੁਦਰਤ ਤੇ ਰੱਬ ਦੋਹਾਂ ਨਾਲ ਇ
ਹੋ ਜਾਂਦਾ ਹੈ। ਉਸ ਦਾ ਅੰਦਰਲਾ ਉਪਬਨ ਵਾਂਗ ਖਿ
ਮਹਿਕ ਉਠਦਾ ਹੈ। ਜਵਾਨ, ਬੁੱਢੇ ਤੇ ਬੱਚੇ ਸਭ ਟੋ
ਬਣਾ ਕੇ ਗਲੀਆਂ ਵਿਚ ਨਚਦੇ, ਡਫਕੜੇ ਵਜਾਉਂਦੇ,
ਨਾਲ ਖੇਡਦੇ, ਨਿਰੇ ਰੰਗਾਂ ਦੇ ਆਕਾਰ ਹੀ ਲਗਦੇ ਹਨ

ਇਹ ਤਿਉਹਾਰ ਪ੍ਰਾਚੀਨ ਕਾਲ ਤੋਂ ਚਲਿਆ

ਘੜੀ। ਹੋਲਕਾ ਕੋਲ ਇਕ ਜਾਦੂ ਦੀ ਫੁਲਕਾਰੀ ਸੀ ਜਿਸ ਉਤੇ ਅਗਨੀ ਦਾ ਅਸਰ ਨਹੀਂ ਸੀ ਹੁੰਦਾ। ਹੋਲਕਾ ਇਸੇ ਫੁਲਕਾਰੀ ਨੂੰ ਆਪਣੇ ਸਿਰ ਉਤੇ ਲੈ, ਪ੍ਰਹਿਲਾਦ ਨੂੰ ਬਾਂਹੋਂ ਫੜ ਕੇ, ਲਾਟਾਂ ਛਡਦੀ ਅਗਨੀ ਵਿਚ ਜਾ ਬੈਠੀ। ਕਹਿੰਦੇ ਹਨ, ਉਸ ਵੇਲੇ ਅਜਿਹੀ ਹਨੇਰੀ ਝੁਲੀ ਕਿ ਫੁਲਕਾਰੀ ਉਡ ਕੇ ਪ੍ਰਹਿਲਾਦ ਦੇ ਸਿਰ ਉਤੇ ਜਾ ਪਈ। ਪ੍ਰਹਿਲਾਦ ਉਤੇ ਅੱਗ ਦਾ ਕੋਈ ਅਸਰ ਨਾ ਹੋਇਆ, ਪਰ ਉਸ ਦੀ ਭੂਆ ਹੋਲਕਾ ਅੱਗ ਵਿਚ ਭੁੱਜ ਕੇ ਸਵਾਹ ਹੋ ਗਈ। ਉਦੋਂ ਤੋਂ ਇਹ ਪੁਰਬ 'ਪਾਪ ਉਤੇ ਪੁੰਨ' ਦੀ ਜਿੱਤ ਦੇ ਪ੍ਰਤੀਕ ਵਜੋਂ ਮਨਾਇਆ ਜਾਣ ਲਗਾ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪੁਰਬ ਨੂੰ ਪੰਜਾਬੀਆਂ ਦੀਆਂ ਬੀਰ ਭਾਵਨਾਵਾਂ ਨੂੰ, ਪ੍ਰਜਵਲਤ ਕਰਨ ਲਈ, ਨਵੀਂ ਦਿਸ਼ਾ ਦਿਤੀ। ਹੋਲੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਚ ਇਕ ਦਰਬਾਰ ਸਜਿਆ ਕਰਦਾ ਸੀ, ਜਿਸ ਵਿਚ ਸੂਰਮੇ ਇਕਠੇ ਹੋ ਕੇ ਸ਼ਸਤਰਾਂ ਦੇ ਕਰਤਬ ਵਿਖਾਇਆ ਕਰਦੇ ਸਨ ਅਤੇ ਗੁਰੂ ਜੀ ਸਿਰਕਢ ਸੂਰਮਿਆਂ ਨੂੰ ਇਨਾਮ ਤੇ ਸਨਮਾਨ ਦਿੱਤਾ ਕਰਦੇ। ਹੁਣ ਵੀ ਹੋਲੇ ਮਹੱਲੇ ਨੂੰ ਅਨੰਦਪੁਰ ਵਿਚ ਭਾਰੀ ਮੇਲਾ ਜੁੜਦਾ ਹੈ, ਜਿਸ ਵਿਚ ਨਿਹੰਗ ਸਿੰਘਾਂ ਸ਼ਸਤਰਾਂ ਦੇ ਕਰਤਬ ਵਿਖਾਉਂਦੇ ਹਨ। ਉਸ ਦਾ ਵਰਣਨ ਅਗੇ ਚਲ ਕੇ ਕੀਤਾ ਜਾਵੇਗਾ।

ਪੰਜਾਬੀਆਂ ਦਾ ਕੌਮੀ ਤਿਉਹਾਰ ਵਿਸਾਖੀ ਉਨ੍ਹਾਂ ਦੀ ਖ਼ੁਸ਼ਹਾਲੀ ਦਾ ਬੋਧਿਕ ਹੈ। ਇਸ ਦਿਨ ਪੰਜਾਬੀਆਂ ਦਾ ਜਲੌ ਤੇ ਭਖਦਾ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ। ਵਿਸਾਖੀ ਕਿਸਾਨੀ ਜੀਵਨ ਵਿਚ ਖ਼ਾਸ ਮਹੱਤਤਾ ਰਖਦੀ ਹੈ। ਇਸੇ ਰੁੱਤੇ ਹਾੜ੍ਹੀ ਪਕ ਕੇ ਤਿਆਰ ਹੋ ਚੁਕੀ ਹੁੰਦੀ ਹੈ ਤੇ ਕਿਸਾਨ ਵਾਢੀ ਕਰ ਕੇ ਵਰ੍ਹੇ ਦੀ ਕਰੜੀ ਘਾਲਣਾ ਦਾ ਫਲ ਪ੍ਰਾਪਤ ਕਰਦੇ ਹਨ। ਇਸ ਲਈ, ਪਿੰਡ ਪਿੰਡ ਵਿਚ ਮੇਲੇ ਜੁੜਦੇ ਤੇ ਉਨ੍ਹਾਂ ਵਿਚ ਪੰਜਾਬੀ ਆਪਣੇ ਮਚ ਮਚ ਪੈਂਦੇ ਜਜ਼ਬਿਆਂ ਨੂੰ, ਭੰਗੜਿਆਂ ਦੀ ਧਮਕ ਤੇ ਬੋਲੀਆਂ ਦੇ ਲੈਅ ਵਿਚ ਪ੍ਰਗਟ ਕਰਦਾ ਹੈ—

ਅਸੀਂ ਗਭਰੂ ਦੇਸ਼ ਪੰਜਾਬ ਦੇ
ਸਾਡੀ ਸ਼ੇਰਾਂ ਵਰਗੀ ਸ਼ਾਨ
ਸਾਡੇ ਬਾਹੀਂ ਬਿਜਲੀਆ ਨਚਦੀਆਂ
ਸਾਡੇ ਪੈਰ ਭੰਗੜੇ ਪਾਣ।

ਨੇ, ਕੇਸਗੜ੍ਹ ਵਿਚ, ਪੰਜਾਂ ਪਿਆਰਿਆਂ ਨੂੰ ਅੰਮ੍ਰਿਤ
ਖ਼ਾਲਸਾ ਸਾਜਿਆ ਸੀ। ਖ਼ਾਲਸੇ ਦਾ ਨਵਾਂ
ਦਿਨ ਤੋਂ ਸ਼ੁਰੂ ਹੁੰਦਾ ਹੈ। ਵਿਸਾਖੀ ਨਾਲ
ਧਾਰਮਿਕ ਭਾਵਨਾਵਾਂ ਜੁੜੀਆਂ ਹੋਣ ਸਦਕਾ,
ਗੁਰਦੁਆਰਿਆਂ ਵਿਚ ਭਾਰੀ ਦੀਵਾਨ ਲਗਦੇ ਤੇ
ਪ੍ਰਵਾਹ ਚਲਦਾ ਹੈ। ਵਿਸਾਖੀ ਵਾਲੇ ਦਿਨ ਕਿਸੇ
ਅਸਥਾਨ ਦੀ ਯਾਤਰਾ ਤੇ ਇਸ਼ਨਾਨ ਦਾ ਬੜਾ ਮਹ

ਸਾਵਣ ਦੀ ਰੁੱਤ ਦਾ ਆਪਣਾ ਮਹਤਵ ਹੈ,
ਵਿਚ ਇਕ ਤ੍ਰਿਪਤੀ ਹੈ, ਜੋ ਹੋਰ ਕਿਸੇ ਰੁੱਤ
ਇੰਜ ਜਾਪਦਾ ਹੈ ਕਿਸੇ ਤਪਦੇ ਹਿਰਦੇ ਉਤੇ
ਬੁਛਾੜ ਕਰ ਦਿਤੀ ਹੋਵੇ। ਇਹ ਰੁੱਤ ਮਨੁੱਖੀ
ਭਾਵਨਾਵਾਂ ਜਗਾਂਦੀ ਤੇ ਜੀਉਣ ਦੀ ਰੀਝ ਪ੍ਰਬ
ਹੈ। ਇਸੇ ਸੁਹਾਵਣੀ ਰੁਤੇ ਤੀਹਾਂ ਦੇ ਮੌਸਮੀ ਮੇ
ਹਨ। 'ਤੀਹਾਂ' ਸਾਵਣ ਸੁਦੀ ਤੀਜ ਨੂੰ ਸਾਰੇ ਪੰ
ਬੜੇ ਜੋਸ਼ ਤੇ ਹੁਲਾਸ ਨਾਲ ਮਨਾਈਆਂ ਜਾਂਦੀ
ਇਨ੍ਹੀਂ ਦਿਨੀਂ, ਅਸਮਾਨ ਉਤੇ ਉਡਦੀਆਂ
ਬਦਲੋਟੀਆਂ ਤਰਦੀਆਂ ਰਹਿੰਦੀਆਂ ਹਨ। ਕਦੇ
ਕਿਣ ਮਿਣ ਤੇ ਕਦੇ ਮੋਹਲੇਧਾਰ ਮੀਂਹ। ਕਦੇ ਮੋ
ਹੈ ਜਿਵੇਂ ਬੰਸਰੀ ਵਿਚੋਂ ਸੰਗੀਤ ਝਰ ਰਿਹਾ ਹੋ
ਟਾਪਾਂ ਵਾਂਗ ਜਿਵੇਂ ਘੋੜੇ ਰਣਤੱਤੇ ਵਿਚ
ਰਹੇ ਹੋਣ। ਮੌਸਮ ਬੜਾ ਭਿੰਨਾ, ਸੁਹਾਵਣਾ
ਭਰਿਆ ਹੁੰਦਾ ਹੈ। ਮਨ ਵਿਭੋਰ। ਭਲਾ ਅਜਿ
ਰੁੱਤ ਵਿਚ ਪੰਜਾਬੀ ਮਨ ਕਿਵੇਂ ਟਿਕ ਕੇ ਬਹਿ
ਉਹ ਵੀ ਕੁਦਰਤ ਰਾਣੀ ਨਾਲ ਇਕਸੁਰ ਹੋ ਕੇ
ਕਿਣਮਿਣ ਦੇ ਤਾਲ ਨਾਲ ਨਚ ਉਠਦਾ ਹੈ।

ਸਾਵਣ ਦੀ ਰੁੱਤ ਮੁਟਿਆਰਾਂ ਦੀ ਰੁੱਤ ਹੈ
ਕੁੜੀਆਂ ਚਿੜੀਆਂ ਦਾ ਤਿਉਹਾਰ। ਨਵੀਆਂ
ਵਰ੍ਹੀਆਂ ਕੁੜੀਆਂ, ਇਸ ਤਿਥ ਦੀ ਉਡੀਕ ਖ਼ਾਸ
ਨਾਲ ਕਰਦੀਆਂ ਹਨ। ਭੈਣਾਂ ਦੇ ਵੀਰ; ਤੀ
ਦਿਨ ਪਹਿਲਾਂ ਹੀ ਭੈਣਾਂ ਨੂੰ ਸਹੁਰੇ ਘਰੋਂ ਪੇਕੇ
ਹਨ। ਪੇਕੇ ਘਰ ਦੀ ਖੁਲ੍ਹੀ ਰੁੱਤ ਵਿਚ ਕੁੜੀ
ਫੇਰ ਬੰਧਨਾਂ ਤੋਂ ਮੁਕਤ ਹੈ, ਉਮਾਹ ਤੇ
ਮੋਰ ਵਾਂਗ ਪੈਲਾਂ ਪਾਉਂਦੀ ਝੂਮਦੀ ਤੇ ਗ
ਸਹੁਰੇ ਘਰੋਂ ਉਨ੍ਹਾਂ ਲਈ ਉਚੇਚਾ, 'ਸੰਧਾਰਾ'

ਸਜ ਧਜ ਕੇ ਮੇਲੇ ਜਾਂਦੀਆਂ ਹਨ । ਤੀਹਾਂ ਦਾ ਮੇਲਾ ਤਾਂ ਪਿੰਡ ਪਿੰਡ ਵਿਚ ਲਗਦਾ ਹੈ, ਜੇ ਹੋਰ ਕੁਝ ਨਹੀਂ ਤਾਂ ਪਿੰਡ ਦੀਆਂ ਕੁੜੀਆਂ, ਪਿਪਲਾਂ ਹੇਠਾਂ ਪੀਂਘਾਂ ਪਾ ਕੇ ਝੂਟਦੀਆਂ ਤੇ ਤੀਹਾਂ ਦੇ ਗੀਤ ਗਾਉਂਦੀਆਂ, ਮੇਲਾ ਰਚ ਲੈਂਦੀਆਂ ਹਨ । ਪੀਂਘਾਂ ਦੇ ਹੁਲਾਰੇ ਵੇਖਣ ਵਾਲੇ ਹੁੰਦੇ ਹਨ । ਵੰਨ ਸਵੰਨੇ ਕਪੜਿਆਂ ਵਿਚ, ਪਟੋਲਿਆਂ ਵਾਂਗ ਸਜੀਆਂ ਸ਼ਿੰਗਾਰੀਆਂ ਨਵ-ਜੋਬਨਾਂ, ਪੀਂਘਾਂ 'ਤੇ ਇੰਜ ਹੁਲਾਰੇ ਲੈ ਰਹੀਆਂ ਹੁੰਦੀਆਂ ਹਨ ਜਿਵੇਂ ਅਸਮਾਨੀ ਪਰੀਆਂ ਮੁੜ ਅਸਮਾਨ ਵਲ ਉਡਣਾ ਲੋਚ ਰਹੀਆਂ ਹੋਣ ।

ਤੀਹਾਂ ਦੇ ਦਿਨੀਂ ਮੁਟਿਆਰਾਂ ਨਿੱਕੀ ਨਿੱਕੀ ਕਿਣਮਿਣ ਵਿਚ ਗਿੱਧੇ ਵੀ ਪਾਉਂਦੀਆਂ ਹਨ ਤੇ ਪੈਰਾਂ ਦੀ ਧਮਕ, ਤਾੜੀਆਂ ਤੇ ਤਾਲ ਦੇ ਬੋਲ ਦੀ ਮਧੁਰਤਾ ਨਾਲ, ਫ਼ਜ਼ਾ ਵਿਚ ਜਾਦੂ ਭਰ ਦੇਂਦੀਆਂ ਹਨ :

ਸੌਣ ਮਹੀਨੇ ਦਿਨ ਗਿੱਧੇ ਦੇ
ਸਭੇ ਸਹੇਲੀਆਂ ਆਈਆਂ ।
ਭਿਜ ਗਈ ਰੂਹ ਮਿਤਰਾ
ਸ਼ਾਮ ਘਟਾ ਚੜ੍ਹ ਆਈਆਂ ।

ਇਨ੍ਹੀਂ ਦਿਨੀਂ ਸਰੀਰ ਮੀਂਹ ਵਿਚ ਭਿੱਜ ਕੇ ਤੇ ਰੂਹ ਪ੍ਰੇਮ ਵਿਚ ਭਿੱਜ ਕੇ ਤ੍ਰਿਪਤ ਹੁੰਦੀ ਹੈ । ਇਸੇ ਲਈ ਤੀਹਾਂ ਦੇ ਬਹੁਤੇ ਗੀਤ ਪ੍ਰੇਮ ਭਿੱਜੇ ਹੁੰਦੇ ਹਨ । ਇਨ੍ਹਾਂ ਵਿਚ ਕੁੜੀਆਂ ਪ੍ਰਕ੍ਰਿਤੀ ਨਾਲ ਇਕ ਰੂਪ ਹੋ ਕੇ ਪ੍ਰੇਮ ਭਾਵਾਂ ਨੂੰ ਪ੍ਰਗਟ ਕਰਦੀਆਂ ਹਨ । ਕੁਝ ਗੀਤਾਂ ਵਿਚ ਬ੍ਰਿਹੋਂ ਪੀੜਾ, ਤੇ ਰੁੱਤ ਦੀ ਮਹਿਮਾ ਦੇ ਨਾਲ ਨਾਲ ਵੀਰ ਪ੍ਰੇਮ ਤੇ ਪੇਕੇ ਘਰ ਦੀਆਂ ਮਿੱਠੀਆਂ ਯਾਦਾਂ ਦਾ ਵੀ ਵਰਨਣ ਮਿਲਦਾ ਹੈ । ਇਸ ਤਰ੍ਹਾਂ ਇਨ੍ਹਾਂ ਗੀਤਾਂ ਦਾ ਘੇਰਾ ਬੜਾ ਫੈਲਵਾਂ ਹੈ ।

ਪੰਜਾਬ ਦੀ ਮਿੱਟੀ ਵਿਚ, ਧਰਮ ਦਾ ਖ਼ਮੀਰ, ਮੁੱਢ ਕਦੀਮ ਤੋਂ ਹੀ ਚੋਖੀ ਮਾਤਰਾ ਵਿਚ ਰਚਿਆ ਹੋਇਆ ਹੈ । ਸੰਸਾਰ ਦਾ ਸਭ ਤੋਂ ਪ੍ਰਾਚੀਨ ਧਰਮ ਗ੍ਰੰਥ, ਰਿਗਵੇਦ ਇਸੇ ਪਵਿਤ੍ਰ ਧਰਤੀ ਭੋਇੰ ਉਤੇ ਰਚਿਆ ਗਿਆ । ਇਥੋਂ ਦੀਆਂ ਹਵਾਵਾਂ ਵਿਚ ਕਦੇ ਵੇਦ ਬਾਣੀ, ਕਦੇ ਭਗਤ ਬਾਣੀ ਕਦੇ ਗੁਰੂ ਬਾਣੀ ਦੀ ਧੁਨੀ ਗੂੰਜਦੀ ਰਹੀ । ਸੋ ਪੰਜਾਬੀਆਂ ਵਿਚ ਧਰਮ ਦੀ ਭਾਵਨਾ ਦਾ ਪ੍ਰਬਲ ਹੋਣਾ ਸਹਿਜ ਹੈ । ਪਰ ਪੰਜਾਬੀ ਖੁਲ੍ਹੇ ਡੁਲ੍ਹੇ ਸੁਭਾਅ ਦੇ ਹੋਣ ਕਰ ਕੇ ਧਰਮ ਦੇ ਕਰੜੇ ਬੰਧਨਾਂ ਵਿਚ ਜਕੜੇ ਰਹਿਣਾ ਪਸੰਦ ਨਹੀਂ ਕਰਦੇ । ਧਰਮ ਦੇ ਉਹ ਪੱਕੇ [illegible]

ਲੌਕਿਕ ਹੀ ਰਹੇ ਹਨ ।

ਪੰਜਾਬ ਦੇ ਕੁਝ ਪ੍ਰਾਚੀਨ ਧਾਰਮਿਕ ਮੇਲੇ
ਜੋਗੀਆਂ ਤੇ ਨਾਥਾਂ ਨਾਲ ਸਬੰਧਤ ਹਨ । ਨਾਵੀਂ
ਤੋਂ ਲੈ ਕੇ ਪੰਦਰਵੀਂ ਸਦੀ ਤਕ, ਪੰਜਾਬ ਵਿਚ ਸਿਧਾਂ ਜ
ਤੇ ਅਵਧੂਤਾਂ ਦਾ ਬੜਾ ਜ਼ੋਰ ਰਿਹਾ ਹੈ । ਇਨ੍ਹਾਂ ਸ
ਮੱਤ ਦਾ ਮੁੱਢ ਆਦਿ ਨਾਥ ਨੇ ਬੰਨ੍ਹਿਆ ਜੋ ਸ਼ਿ
ਅਵਤਾਰ ਮੰਨਿਆ ਜਾਂਦਾ ਹੈ । ਇਸ ਤੋਂ ਇਨ੍ਹਾਂ ਧ
ਮਤ ਨਾਲ ਸਾਂਝ ਸਿਧ ਹੁੰਦੀ ਹੈ । ਪੰਜਾਬ ਵਿਚ ਜਿ
ਜ਼ੋਰ ਕੰਨ ਪਾਟੇ ਜੋਗੀਆਂ ਦਾ ਰਿਹਾ, ਜੋ ਕੰਨ ਵਿਚ
ਧਾਰਨ ਕਰਦੇ ਹਨ ਤੇ ਜਿਨ੍ਹਾਂ ਦਾ ਵਡਿਕਾ ਗੋਰ
ਸੀ । ਜੋਗੀਆਂ ਨੇ ਪੰਜਾਬ ਵਿਚ ਮੇਲਿਆਂ ਦਾ ਪੁਨਰ-ਸ
ਕੀਤਾ ਅਤੇ ਮੇਲਿਆਂ ਵਿਚ ਧਾਰਮਿਕ ਵਾਦ-ਵਿਵ
ਗੋਸ਼ਠੀਆਂ ਦੀ ਪ੍ਰਥਾ ਅਰੰਭੀ । ਜੋਗੀਆਂ ਦੇ ਚਲ
ਮੇਲੇ, ਅੱਜ ਵੀ ਉਨ੍ਹਾਂ ਨਾਲ ਸਬੰਧਤ ਥਾਵਾਂ ਤੇ ਧ
ਉਤੇ ਲਗਦੇ ਹਨ, ਜਿਵੇਂ ਜਿਹਲਮ ਵਿਚ ਬਾਲ ਨ
ਟਿੱਲੇ, ਸਿਆਲਕੋਟ ਵਿਚ ਪੂਰਨ ਦੇ ਖੂਹ ਤੇ ਅਬੋਹ
ਚੌਰੰਗੀ ਨਾਥ ਦੀ ਧੂਣੀ । ਗੋਰਖ, ਪੂਰਨ ਤੇ
ਆਦਿ ਪ੍ਰਸਿਧ ਜੋਗੀ ਆਪਣੇ ਜੀਵਨ ਕਾਲ ਵਿਚ ਬਾ
ਦੇ ਟਿੱਲੇ ਉਤੇ ਰਹਿੰਦੇ ਰਹੇ ਸਨ । ਇਥੇ ਜੋਗ
ਸਭ ਤੋਂ ਵੱਡਾ ਮੱਠ ਸੀ । ਜੋ 1748 ਈਸਵੀ ਵਿਚ ਅ
ਸ਼ਾਹ ਅਬਦਾਲੀ ਨੇ ਤਬਾਹ ਕਰ ਦਿਤਾ । ਇਥੇ ਪ੍ਰਾਚੀਨ
ਤੋਂ ਹੀ ਮੇਲਾ ਲਗਦਾ ਆ ਰਿਹਾ ਹੈ । ਕਨਿੰਘਮ ਅ
ਬਾਲ ਨਾਥ ਦਾ ਟਿਲਾ ਪ੍ਰਾਚੀਨ ਕਾਲ ਤੋਂ ਹੀ
ਸਥਾਨ ਰਿਹਾ ਹੈ । ਇਥੇ ਕਦੇ ਸੂਰਜ ਦੇਵਤੇ ਦਾ
ਸੀ । ਪਲੂਟਾਰਚ ਲਿਖਦਾ ਹੈ ਕਿ 326 ਈਸਵੀ ਪੂਰ
ਜਦੋਂ ਪੋਰਸ ਸਿਕੰਦਰ ਨਾਲ ਲੋਹਾ ਲੈਣ ਦੀ ਤਿਆ
ਰਿਹਾ ਸੀ, ਤਾਂ ਉਦੋਂ ਕੁਝ ਹਾਥੀ ਇਸੇ ਟਿੱਲੇ ਵ
ਸੂਰਜ ਦੇਵਤੇ ਦਾ ਪਵਿਤਰ ਅਸਥਾਨ ਸੀ, ਦੌੜੇ
ਉਥੇ ਉਨ੍ਹਾਂ ਨੇ ਮਨੁੱਖਾਂ ਦੀ ਭਾਸ਼ਾ ਵਿਚ ਹਮਲਾਵ
ਰਖਿਆ ਲਈ ਪ੍ਰਾਰਥਨਾ ਕੀਤੀ । ਉਦੋਂ ਤੋਂ ਇਸ ਟਿ
ਨਾਉਂ ਫੀਲ ਨਾਥ ਦਾ ਟਿੱਲਾ ਪੈ ਗਿਆ । ਜੋਗ
ਚੜ੍ਹਤ ਸਮੇਂ ਇਸ ਟਿਲੇ ਨੂੰ ਬਾਲ ਨਾਥ ਦਾ ਟਿਲ
ਜਾਣ ਲਗਾ । ਦੇਸ਼ ਵੰਡ ਤੋਂ ਪਹਿਲਾਂ ਇਥੇ ਇਕ
ਮੇਲਾ ਜੁੜਿਆ ਕਰਦਾ ਸੀ, ਜਿਸ ਵਿਚ ਇਲ

ਸੀ। ਪਿਛੋਂ ਗੋਰਖ ਨਾਥ ਨੇ ਕਢ ਕੇ ਉਸ ਦੇ ਅੰਗ ਮੁੜ ਸੁਰਜੀਤ ਕੀਤੇ ਸਨ। ਇਸ ਖੂਹ ਦਾ ਪਾਣੀ ਬੜਾ ਗੁਣਕਾਰੀ ਹੈ, ਪੀਣ ਨਾਲ ਫੋੜੇ ਫਿਨਸੀਆਂ ਤੇ ਖਾਰਸ਼ ਦੂਰ ਹੋ ਜਾਂਦੀ ਹੈ। ਲੋਕ ਕਹਿੰਦੇ ਹਨ ਇਸ ਖੂਹ ਉਤੇ ਇਸ਼ਨਾਨ ਕਰਨ ਤੇ ਚੁਲ੍ਹੀ ਭਰ ਪਾਣੀ ਪੀਣ ਨਾਲ ਬਾਂਝ ਇਸਤ੍ਰੀਆਂ ਦੀ ਕੁਖ ਹਰੀ ਹੋ ਜਾਂਦੀ ਹੈ।

ਜੋਗੀਆਂ ਦੀ ਚੜ੍ਹਤ ਸਮੇਂ ਅਚਲ ਵਟਾਲੇ, ਸ਼ਿਵਰਾਤਰੀ ਵਾਲੇ ਦਿਨ, ਇਕ ਭਾਰੀ ਮੇਲਾ ਲਗਿਆ ਕਰਦਾ ਸੀ, ਜਿਸ ਵਿਚ ਜੋਗੀਆਂ, ਸੰਨਿਆਸੀਆਂ, ਸਿਧਾਂ ਤੇ ਅਵਧੂਤਾਂ ਤੋਂ ਇਲਾਵਾ ਆਮ ਲੋਕੀਂ ਵੀ ਭਾਰੀ ਗਿਣਤੀ ਵਿਚ ਸ਼ਾਮਲ ਹੁੰਦੇ ਸਨ। ਰਵਾਇਤਾਂ ਅਨੁਸਾਰ, ਇਸੇ ਮੇਲੇ ਵਿਚ, ਸੰਮਤ 1586 ਵਿਚ, ਗੁਰੂ ਨਾਨਕ ਦੇਵ ਜੀ ਨੇ ਗੋਰਖ ਪੰਥ ਦੇ ਜੋਗੀਆਂ ਨਾਲ ਚਰਚਾ ਕੀਤੀ। ਇਸ ਚਰਚਾ ਦਾ ਵਰਨਣ ਸਿਧ-ਗੋਸ਼ਟ ਵਿਚ ਹੈ। ਇਹ ਮੇਲਾ ਅਜ ਕਲ ਫੱਗਣ ਸੁਦੀ 14 (ਸ਼ਿਵਰਾਤਰੀ) ਨੂੰ 'ਅਚਲ' ਵਿਚ ਲਗਦਾ ਹੈ। ਅਚਲ ਵਟਾਲੇ ਤੋਂ ਦੋ ਢਾਈ ਮੀਲ ਦੂਰ ਹੈ।

ਦੇਸ਼ ਵੰਡ ਤੋਂ ਪਹਿਲਾਂ, ਪਛਮੀ ਪੰਜਾਬ ਵਿਚ, ਕਟਾਸ ਤੀਰਥ ਉਤੇ, ਵਿਸਾਖੀ ਨੂੰ ਇਕ ਭਾਰੀ ਮੇਲਾ, ਜੋ ਮੁੱਢ ਕਦੀਮ ਤੋਂ ਚਲਿਆ ਆ ਰਿਹਾ ਹੈ ਤੇ ਭਾਰਤ ਦੇ ਸਭ ਮੇਲਿਆਂ ਤੋਂ ਪ੍ਰਾਚੀਨ ਹੈ, ਲਗਿਆ ਕਰਦਾ ਸੀ। ਇਸ ਸਥਾਨ ਨਾਲ ਕਈ ਜੈਨੀ, ਬੋਧੀ ਤੇ ਨਾਥ ਪਰੰਪਰਾਵਾਂ ਜੁੜੀਆਂ ਹੋਈਆਂ ਹਨ। ਕਨਿੰਘਮ ਇਸ ਅਸਥਾਨ ਦਾ ਸਬੰਧ ਜੈਨੀਆਂ ਦੀ ਸੰਪਰਦਾਇ ਸ੍ਵੇਤੰਬਰ ਨਾਲ ਜੋੜਦਾ ਹੈ, ਜੋ ਸਫੇਦ ਕਪੜੇ ਪਹਿਨਣ ਕਰ ਕੇ ਸ੍ਵੇਤਵਾਸ ਅਖਵਾਉਂਦੇ ਸਨ। ਕਨਿੰਘਮ ਅਨੁਸਾਰ, ਕਟਾਸ ਸ੍ਵੇਤਵਾਸ ਸ਼ਬਦ ਦਾ ਹੀ ਬਦਲਿਆ ਹੋਇਆ ਰੂਪ ਹੈ। ਸ਼ੈਵਮਤ ਵਾਲੇ ਕਟਾਸ ਨੂੰ 'ਕਟਾਕਸ਼' ਸ਼ਬਦ ਤੋਂ ਵਿਗੜ ਕੇ ਬਣਿਆ ਮੰਨਦੇ ਹਨ, ਜਿਸ ਦੇ ਅਰਥ ਹਨ 'ਮੀਂਹ ਵਰ੍ਹਾਂਦੀਆਂ ਅੱਖਾਂ'। ਪੁਰਾਣਧਾਰਾ ਅਨੁਸਾਰ ਸ਼ਿਵ ਨੇ ਜਦੋਂ ਆਪਣੀ ਪਤਨੀ ਸਤੀ ਦੇ ਕਾਲਵਸ ਹੋਣ ਦੀ ਖ਼ਬਰ ਸੁਣੀ, ਤਾਂ ਉਸ ਦੀਆਂ ਅੱਖਾਂ ਵਿਚ ਅਥਰੂਆਂ ਦੀਆਂ ਧਾਰਾਂ ਵਗ ਤੁਰੀਆਂ, ਜੋ ਇਥੇ ਸਰੋਵਰ ਦੇ ਰੂਪ ਵਿਚ ਇਕਠੀਆਂ ਹੋ ਗਈਆਂ। ਇਸ ਥਾਂ ਨੂੰ ਧਰਤੀ ਦਾ ਨੇਤਰ ਮੰਨਿਆ ਜਾਂਦਾ ਹੈ। ਪਰੰਪਰਾ ਅਨੁਸਾਰ ਕਟਾਸ ਧਰਤੀ ਦੀ ਤੀਜੀ ਅੱਖ ਹੈ। ਬਾਕੀ ਦੀਆਂ

ਪੁਰਾਣੇ ਲਗਣ ਲਗਦੇ ਹਨ। ਜੈਨੀਆਂ ਦਾ ਇਕ ਮੇਲਾ
ਵਿਚ ਪਾਰਸ ਨਾਥ ਦੇ ਮੰਦਰ ਵਿਚ ਲਗਦਾ ਹੈ।
ਮੰਦਰ ਵਿਚ 1887 ਈ. ਵਿਚ ਮੱਘਰ ਸੁਦੀ ਇਕਾਦ
ਸ੍ਰੀ ਕਰਥ ਦੇਵ ਜੋ ਜੈਨੀਆਂ ਦੇ 24 ਤੀਰਥੰਕਰਾਂ
ਇਕ ਹਨ, ਦੀ ਮੂਰਤੀ ਸਥਾਪਿਤ ਕੀਤੀ ਗਈ।
ਤਿੱਥ ਨੂੰ, ਇਥੇ ਹਰ ਸਾਲ ਇਕ ਜੈਨੀ ਮੇਲਾ ਲਗਦਾ
ਇਕ ਜਲੂਸ ਵੀ ਕਢਿਆ ਜਾਂਦਾ ਹੈ, ਜਿਸ ਨੂੰ ਰਥ-
ਕਹਿੰਦੇ ਹਨ। ਜੈਨੀ ਇਥੇ ਆ ਕੇ, ਮੂਰਤੀਆਂ ਨੂੰ
ਚਾੜ੍ਹਦੇ ਅਤੇ ਧੂਪ ਦੀਪ ਜਗਾਂਦੇ ਹਨ।

ਪੰਜਾਬ ਦੇ ਕੁਝ ਮੇਲੇ, ਪ੍ਰਾਚੀਨ ਕਾਲ ਤੋਂ ਚ
ਰਹੀ ਸਰਪ ਪੂਜਾ ਦੀ ਦੇਣ ਹਨ। ਪੁਰਾਣ ਕਥਾਵਾਂ ਅ
ਧਰਤੀ ਸ਼ੇਸ਼ਨਾਗ ਦੇ ਫਣਾਂ ਉਤੇ ਖੜੀ ਹੈ, ਪਰ
ਵਿਸ਼ਨੂੰ ਭਗਵਾਨ ਸ਼ੇਸ਼ਨਾਗ ਦੀ ਸੇਜ ਉਤੇ ਹੀ
ਕਰਦੇ ਹਨ ਅਤੇ ਸ਼ੇਸ਼ਨਾਗ ਆਪਣੇ ਹਾਰ ਫਣਾਂ
ਵਿਸ਼ਨੂੰ ਦੇ ਸਿਰ ਉਤੇ ਛੱਤਰ ਵਾਂਗ ਝੂਲਦਾ ਰਹਿੰ
ਆਦਿਮ ਮਨੁਖ ਦਾ ਵਿਸ਼ਵਾਸ ਸੀ ਕਿ ਸ਼ੇਸ਼ਨਾਗ ਭੋ
ਉਤਪਾਦਿਕਤਾ ਉਤੇ ਵੀ ਅਸਰ ਪਾਉਂਦਾ ਹੈ। ਸ਼ੇਸ਼
ਇਕ ਹੱਥ ਵਿਚ ਹਲ ਅਤੇ ਦੂਜੇ ਵਿਚ ਮੂਸਲ
ਹੋਣਾ, ਇਸ ਨੂੰ ਕਿਸਾਨੀ ਜੀਵਨ ਨਾਲ ਜੋੜਦਾ
ਪਹਿਲਿਆਂ ਵਿਚ ਕਿਸਾਨ ਪੈਲੀ ਨੂੰ ਵਾਹੁਣ, ਬੀ
ਵੱਢਣ ਤੋਂ ਪਹਿਲਾਂ ਨਾਗ ਪੂਜਿਆ ਕਰਦਾ ਸੀ ਅਤੇ
ਦਿਨੀਂ ਖੇਤਾਂ ਦੇ ਨੇੜੇ ਮੇਲੇ ਵੀ ਲਗਿਆ ਕਰਦੇ
ਜਿਨ੍ਹਾਂ ਵਿਚ ਨਾਗ ਦੇਵਤੇ ਦੀ ਉਚੇਚੀ ਪੂਜਾ ਕੀਤੀ
ਇਨ੍ਹਾਂ ਮੇਲਿਆਂ ਨੂੰ ਨਾਗ-ਮਹਾਂ ਕਿਹਾ ਜਾਂਦਾ ਸੀ।
ਪੂਜਾ ਨੂੰ ਪਿਛੋਂ ਬ੍ਰਾਹਮਣੀ, ਬੋਧੀ ਤੇ ਜੈਨ ਮਤ
ਕਿਸੇ ਨਾ ਕਿਸ ਰੂਪ ਵਿਚ, ਸਵੀਕਾਰ ਕੀਤਾ। ਪੰਜਾ
ਸਰਪ-ਪੂਜਾ ਦਾ ਸਭ ਤੋਂ ਪੁਰਾਣਾ ਤੀਰਥ ਤਕ
ਨੇੜੇ, ਪੰਜਾ ਸਾਹਿਬ (ਹਸਨ ਅਬਦਾਲ) ਵਿਚ ਹੈ, ਜਿ
ਇਕ ਚਸ਼ਮਾ ਨਾਗਾਂ ਦੇ ਰਾਜੇ ਅਲਪਤਰ ਨਾਲ
ਦਸਿਆ ਜਾਂਦਾ ਹੈ। ਰਵਾਇਤ ਹੈ ਕਿ ਪ੍ਰਾਚੀਨ ਕਾ
ਔੜ ਦੇ ਦਿਨੀਂ, ਲੋਕੀਂ ਬੋਧੀ ਸਾਧੂਆਂ ਨਾਲ, ਇਸ
ਉਤੇ ਆ ਕੇ, ਨਾਗ ਦੇਵਤੇ ਅਗੇ ਮੀਂਹ ਲਈ ਪ੍
ਕੀਤਾ ਕਰਦੇ ਤੇ ਨਾਗ ਦੇਵਤਾ ਉਨ੍ਹਾਂ ਦੀਆਂ ਮਨੋ-
ਪੂਰੀਆਂ ਕਰਦਾ ਸੀ। ਮੁਸਲਮਾਨੀ ਰਾਜ ਤਕ ਇਥੇ

ਗੁੱਗੇ ਦੀ ਪੂਜਾ, ਮੂਲ ਵਿਚ ਸਰਪ-ਪੂਜਾ ਦਾ ਹੀ ਵਧੇਰੇ ਸੁਧਰਿਆ ਰੂਪ ਹੈ। ਗੁੱਗਾ ਸ਼ਬਦ ਉਸ ਸੱਪ ਦਾ ਵਾਚਕ ਹੈ, ਜੋ ਰੂਪ ਬਦਲ ਕੇ, ਮਨੁੱਖ ਦਾ ਜਾਮਾ ਧਾਰਨ ਕਰ ਸਕੇ। ਰਵਾਇਤਾਂ ਅਨੁਸਾਰ ਗੁੱਗਾ ਮੂਲ ਰੂਪ ਵਿਚ ਸੱਪਾਂ ਦਾ ਰਾਜਾ ਸੀ, ਜੋ ਮਨੁੱਖੀ ਜਾਮੇ ਵਿਚ ਸੰਸਾਰ ਵਿਚ ਆਇਆ, ਇਸੇ ਲਈ ਗੁੱਗੇ ਪੀਰ ਦਾ ਸਭ ਸੱਪਾਂ ਉਤੇ ਅਧਿਕਾਰ ਹੈ। ਰਵਾਇਤ ਹੈ ਕਿ ਬਾਲ ਅਵਸਥਾ ਵਿਚ ਇਕ ਸੱਪ ਗੁੱਗੇ ਦੇ ਪੰਘੂੜੇ ਵਿਚ ਆ ਗਿਆ, ਗੁੱਗੇ ਨੇ ਇਸ ਦਾ ਸਿਰ ਮੂੰਹ ਵਿਚ ਪਾ ਕੇ ਚੂਸਣਾ ਸ਼ੁਰੂ ਕਰ ਦਿਤਾ। ਕਹਿੰਦੇ ਹਨ ਗੁੱਗਾ ਆਪਣੇ ਜੀਵਨ ਕਾਲ ਵਿਚ ਸੱਪਾਂ ਨਾਲ ਬੁਣੀ ਹੋਈ ਮੰਜੀ ਉਤੇ ਸੋਇਆ ਕਰਦਾ ਸੀ।

ਗੁੱਗੇ ਦੇ ਭਗਤ ਹਿੰਦੂ ਤੇ ਮੁਸਲਮਾਨ ਸਭ ਜਾਤੀਆਂ ਵਿਚ ਮਿਲਦੇ ਹਨ। ਗੁੱਗਾ ਜਿਸ ਨੂੰ 'ਜ਼ਾਹਿਰ ਪੀਰ' ਵੀ ਕਿਹਾ ਜਾਂਦਾ ਹੈ, ਚੁਹਾਨ ਰਾਜਪੂਤ ਸੀ। ਉਸ ਦੇ ਜੀਵਨ ਨਾਲ ਲੋਕ-ਧਾਰਾ ਦੀਆਂ ਅਨੇਕਾਂ ਰੂੜ੍ਹੀਆਂ ਤੇ ਰਵਾਇਤਾਂ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਮਿੱਥ ਨਾਲੋਂ ਤੱਥ ਨੂੰ ਨਿਖੇੜਨਾ ਕਠਨ ਹੋ ਗਿਆ ਹੈ। ਇਕ ਰਵਾਇਤ ਅਨੁਸਾਰ ਗੁੱਗਾ ਦਸਵੀਂ ਸਦੀ ਈਸਵੀ ਦੇ ਨੇੜੇ ਤੇੜੇ ਹੋਇਆ ਅਤੇ ਇਹ ਮਹਿਮੂਦ ਗਜ਼ਨਵੀ ਨਾਲ ਲੜਦਿਆਂ, ਆਪਣੇ 45 ਪੁੱਤਰਾਂ ਤੇ 60 ਭਤੀਜਿਆਂ ਸਮੇਤ ਸ਼ਹੀਦ ਹੋ ਗਿਆ ਸੀ। ਗੁੱਗੇ ਦੀ ਕਬਰ, ਬੀਕਾਨੇਰ ਵਿਚ, ਦਦਰੇਵਾਂ ਦੇ ਨੇੜੇ ਇਕ ਪਿੰਡ ਵਿਚ ਮਿਲਦੀ ਹੈ। ਜਿਸ ਤੋਂ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਗੁੱਗਾ ਕਦੇ ਇਸ ਇਲਾਕੇ ਉਤੇ ਰਾਜ ਕਰਦਾ ਸੀ।

ਆਖਦੇ ਹਨ, ਬੀਕਾਨੇਰ ਦੇ ਰਾਜੇ ਜੇਮਲ ਦੇ ਘਰ ਕੋਈ ਔਲਾਦ ਨਹੀਂ ਸੀ ਹੁੰਦੀ। ਇਕ ਵਾਰ ਗੋਰਖ ਨਾਥ ਦਦਰੇੜ ਆਏ ਤੇ ਇਕ ਸੁੱਕੇ ਬਾਗ ਵਿਚ ਠਹਿਰੇ ਜੋ ਉਨ੍ਹਾਂ ਦੀ ਚਰਨ ਛੁਹ ਨਾਲ ਹਰਾ ਭਰਾ ਹੋ ਗਿਆ। ਰਾਜੇ ਜੇਮਲ ਦੀ ਰਾਣੀ ਬਾਛਲ ਨੇ ਗੋਰਖ ਨਾਥ ਦੀ ਬੜੀ ਸੇਵਾ ਕੀਤੀ। ਗੋਰਖਨਾਥ ਨੇ ਪ੍ਰਸੰਨ ਹੋ ਕੇ ਰਾਣੀ ਨੂੰ ਇਕ ਗੁੱਗਲ ਦਿਤਾ, ਜਿਸ ਦੇ ਖਾਣ ਨਾਲ ਬਾਛਲ ਨੂੰ ਗਰਭ ਠਹਿਰ ਗਿਆ। ਉਸ ਦੀ ਕੁੱਖੋਂ ਜੋ ਬਾਲਕ ਜੰਮਿਆ ਉਸ ਦਾ ਨਾਉਂ 'ਗੁਗਲ' ਰਖਿਆ ਗਿਆ। ਇਹੋ ਬਾਲਕ ਪਿਛੋਂ ਗੁੱਗੇ ਦੇ ਨਾਂ ਨਾਲ ਪ੍ਰਸਿਧ ਹੋਇਆ।

ਨਾਲ ਲੜਾਈ ਕੀਤੀ ਜਿਸ ਵਿਚ ਉਹ
ਹਥੋਂ ਮਾਰੇ ਗਏ।

ਇਸ ਘਟਨਾ ਦੀ ਖਬਰ ਜਦੋਂ ਬਾਛਲ ਨੂੰ
ਉਸ ਨੇ ਗੁੱਗੇ ਤੋਂ ਮੂੰਹ ਮੋੜ ਲਿਆ। ਗੁੱਗੇ ਨੇ
ਧਰਤੀ ਮਾਂ ਤੋਂ ਸ਼ਰਨ ਮੰਗੀ, ਪਰ ਧਰਤੀ
ਆਪਣੇ ਵਿਚ ਸਮਾਉਣ ਤੋਂ, ਇਸ ਖ਼ਾਤਰ
ਦਿੱਤਾ ਕਿ ਉਹ ਹਿੰਦੂ ਸੀ ਤੇ ਧਰਤੀ ਸਿਰਫ਼ ਮੁ
ਹੀ ਆਪਣੀ ਹਿਕ ਵਿਚ ਟਿਕਾਣਾ ਦੇ ਸਕਦੀ
ਗੁੱਗੇ ਨੇ ਇਸਲਾਮ ਧਾਰਨ ਕੀਤਾ ਤੇ ਕਲਮਾ ਪ
ਸਮੇਤ ਧਰਤੀ ਮਾਤਾ ਦੀ ਗੋਦ ਵਿਚ ਸਮਾ ਗਿਆ

ਪਰ ਗੱਲ ਇਥੇ ਮੁੱਕਦੀ ਨਹੀਂ। ਗੁੱਗੇ
ਸਿਲੀਅਰ ਵਿਛੋੜੇ ਵਿਚ ਵਿਆਕੁਲ ਹੋਣ ਲ
ਤੋਂ ਸਿਲੀਅਰ ਦਾ ਦੁੱਖ ਜਰਿਆ ਨਾ ਗਿਆ
ਰਾਤ ਨੂੰ ਪ੍ਰਗਟ ਹੋ ਕੇ, ਸਿਲੀਅਰ ਨੂੰ ਮਿਲ ਜਾਇਆ
ਇਕ ਵਾਰ ਗੁਪਤ-ਮਿਲਣੀ ਸਮੇਂ ਗੁੱਗਾ ਤੇ ਸਿ
ਖੇਡ ਰਹੇ ਸਨ। ਸਿਲੀਅਰ ਦੇ ਕਮਰੇ ਵਿਚੋਂ
ਦੇ ਹਾਸੇ ਦੀ ਅਵਾਜ਼ ਸੁਣ ਕੇ ਬਾਛਲ ਦੌੜੀ
ਕਮਰੇ ਦਾ ਬੂਹਾ ਖੜਕਾਣ ਲਗੀ। ਬਾਛਲ ਨੇ
ਦੇ ਅੰਦਰ ਹੋਣ ਦਾ ਸੰਦੇਹ ਪ੍ਰਗਟ ਕੀਤਾ। ਬ
ਡਰਦਿਆਂ, ਸਿਲੀਅਰ ਨੇ ਗੁੱਗੇ ਦੀਆਂ ਗੁਪਤ
ਦਾ ਰਹੱਸ ਬਾਛਲ ਅੱਗੇ ਪ੍ਰਗਟ ਕਰ ਦਿਤਾ।
ਗੁੱਗਾ ਮੁੜ ਪ੍ਰਗਟ ਨਾ ਹੋਇਆ।

ਜਾਪਦਾ ਹੈ ਕਿ ਗੁੱਗਾ ਕੋਈ ਰਾਜਪੂਤੀ
ਜਿਸ ਨੇ ਕੁਝ ਲੜਾਈਆਂ ਆਪਣੇ ਕਬੀਲੇ ਦੇ
ਲੜੀਆਂ ਅਤੇ ਕੁਝ ਬਾਹਰੋਂ ਆਏ ਮੁਸਲਮਾਨ
ਨਾਲ। ਇਸ ਦੀ ਵੀਰ-ਗਾਥਾ ਉਤੇ, ਪਿਛੋਂ
ਰੰਗ ਚਾੜ੍ਹ ਦਿਤਾ ਗਿਆ ਅਤੇ ਸਮੇਂ ਦੇ ਬੀ
ਲੋਕਧਾਰਾ ਦੇ ਅਨੇਕਾਂ ਤੱਤ ਇਸ ਕਥਾ ਵਿਚ
ਹੌਲੇ ਹੌਲੇ ਗੁੱਗਾ ਨੂੰ ਸਰਪ ਪੂਜਾ ਨਾਲ ਜੋੜ ਲਿਆ

ਗੁੱਗੇ ਦੀ ਸਿਮਰਤੀ ਵਿਚ ਇਕ ਵੱਡਾ ਮੇਲਾ
ਦੇ ਪਿੰਡ ਛਪਾਰ ਵਿਚ, ਭਾਦਰੋਂ ਸੁਦੀ ਚੌਦਾਂ (ਅਨੰ
ਨੂੰ ਲਗਦਾ ਹੈ। ਇਥੇ, ਪਿੰਡ ਦੀ ਦੱਖਣੀ ਗੁੱਠੇ
ਦੀ ਇਕ ਮਾੜੀ ਹੈ ਜੋ ਗੁੱਗੇ ਦੇ ਭਗਤਾਂ ਨੇ,
ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1890

ਕੱਢਣ ਦੀ ਪ੍ਰਥਾ ਪ੍ਰਾਚੀਨ ਕਾਲ ਤੋਂ ਹੀ ਧਾਰਮਿਕ ਭਾਵਨਾ ਦਾ ਅੰਗ ਬਣੀ ਰਹੀ ਹੈ। ਮੂਲ ਵਿਚ ਇਹ ਰੀਤ ਆਸਟ੍ਰਿਕ ਜਾਤੀ ਦੀ ਸੀ, ਜੋ ਪਿਛੋਂ ਬੋਧੀਆਂ ਵਿਚ ਪ੍ਰਚਲਤ ਹੋ ਗਈ। ਬੋਧੀਆਂ ਵਿਚ ਰਵਾਜ ਸੀ ਕਿ ਜਦੋਂ ਕੋਈ ਮਹਾਨ ਭਿਖਸ਼ੂ ਕਾਲਵਸ ਹੋ ਜਾਂਦਾ ਤਾਂ ਉਸ ਦੇ ਸਸਕਾਰ ਵਾਲੀ ਥਾਂ, ਆਲੇ ਦੁਆਲੇ ਦੀ ਮਿੱਟੀ ਕੱਢ ਕੇ, ਇਕ ਟਿੱਲਾ ਜਿਹਾ ਖੜਾ ਕਰ ਲਿਆ ਜਾਂਦਾ, ਜਿਸ ਨੂੰ ਚੇਤਯਾ ਕਹਿੰਦੇ ਸਨ। ਜਿਥੇ ਹਰ ਸਾਲ ਮੇਲਾ ਜੁੜਦਾ ਤੇ ਬੋਧੀ ਮਿੱਟੀ ਕੱਢਦੇ ਸਨ।

ਸੱਪਾਂ ਦੇ ਕੱਟੇ ਹੋਏ ਕਈ ਰੋਗੀ, ਛਪਾਰ ਆ ਕੇ, ਮਾੜੀ ਦੀ ਮਿੱਟੀ ਨੂੰ ਜ਼ਖਮਾਂ ਉਪਰ ਲਗਾਂਦੇ ਹਨ। ਨਿਸਚਾ ਹੈ ਕਿ ਜੇ ਕਿਸੇ ਸ਼ਖ਼ਸ ਨੂੰ ਸੱਪ ਲੜ ਜਾਵੇ ਤਾਂ ਗੁੱਗੇ ਦੀ ਮਾੜੀ ਕੋਲ ਲਿਟਾ ਦੇਣ ਨਾਲ, ਉਹ ਪਲਾਂ ਵਿਚ, ਨਵਾਂ ਨਰੋਆ ਹੋ ਜਾਂਦਾ ਹੈ। ਮੇਲੇ ਵਾਲੇ ਦਿਨ ਕਈ ਲੋਕ ਆਪਣੇ ਪਸ਼ੂਆਂ ਨੂੰ ਮਾੜੀ ਕੋਲ ਲਿਆ ਕੇ ਉਨਾਂ ਤੋਂ ਚੌਂਕੀ ਭਰਵਾਉਂਦੇ ਅਥਵਾ ਰਾਤ ਭਰ ਰਖਦੇ ਹਨ। ਇਸ ਤਰ੍ਹਾਂ ਪਸ਼ੂਆਂ ਉਤੇ ਗੁੱਗੇ ਦੀ ਮਿਹਰ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਫਿਰ ਕੀੜਾ ਨਹੀਂ ਡੰਗਦਾ।

ਪਛੜੀਆਂ ਜਾਤੀਆਂ ਤੇ ਖ਼ਾਸ ਕਰ ਚੂਹੜੇ ਗੁੱਗੇ ਪੀਰ ਵਿਚ ਬੜੀ ਸ਼ਰਧਾ ਰਖਦੇ ਹਨ। ਗੁੱਗੇ ਨੌਮੀ ਵਾਲੇ ਦਿਨ ਉਹ ਗੁੱਗੇ ਦੇ ਛੰਡੇ ਨੂੰ, ਜੋ ਰੰਗ ਬਰੰਗੀਆਂ ਟਾਕੀਆਂ, ਮੋਰ-ਪੰਖਾਂ, ਨਾਰੀਅਲਾਂ ਤੇ ਕੌਡਾਂ ਨਾਲ ਸ਼ਿੰਗਾਰਿਆ ਹੁੰਦਾ ਹੈ, ਪਿੰਡ ਪਿੰਡ ਵਿਚ ਫੇਰ ਕੇ ਉਗਰਾਹੀ ਕਰਦੇ ਹਨ ਤੇ ਚੌਦਸ ਵਾਲੇ ਦਿਨ ਇਨ੍ਹਾਂ ਛੰਡਿਆਂ ਸਮੇਤ ਛਪਾਰ ਦੇ ਮੇਲੇ ਵਿਚ ਪਹੁੰਚ ਜਾਂਦੇ ਹਨ। ਮੇਲੇ ਵਿਚ ਇਹ ਛੰਡੇ ਬੜਾ ਅਨੂਠਾ ਦ੍ਰਿਸ਼ ਪੇਸ਼ ਕਰਦੇ ਹਨ।

ਛਪਾਰ ਦਾ ਮੇਲਾ ਭਾਵੇਂ ਗੁੱਗੇ ਦੀ ਸਿਮਰਤੀ ਵਿਚ ਲਗਦਾ ਹੈ, ਪਰ ਇਸ ਵਿਚ ਗੁੱਗੇ ਦੇ ਭਗਤਾਂ ਤੋਂ ਬਿਨਾਂ ਦੂਜੇ ਲੋਕ ਵੀ ਚੋਖੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ ਅਤੇ ਇਸ ਦਾ ਚਰਿਤ੍ਰ ਲੌਕਿਕ ਹੋ ਗਿਆ ਹੈ। ਇਸ ਮੇਲੇ ਵਿਚ ਪੰਜਾਬੀਆਂ ਨੂੰ ਉਨ੍ਹਾਂ ਦੇ ਪੂਰੇ ਰੰਗ ਵਿਚ ਵੇਖਿਆ ਜਾ ਸਕਦਾ ਹੈ। ਹੋਰ ਮੇਲਿਆਂ ਵਾਂਗ, ਇਸ ਮੇਲੇ ਦੇ ਮੰਚ ਉਤੇ, ਇਕੋ ਵੇਲੇ ਅਨੇਕਾਂ ਰੋਚਕ ਦ੍ਰਿਸ਼ ਉਭਰ ਆਉਂਦੇ ਹਨ। ਕਿਧਰੇ ਨਚਾਰ ਮੁੰਡੇ ਜ਼ਨਾਨੇ ਸਵਾਂਗ ਵਿਚ ਰਾਸਾਂ ਪਾ ਰਹੇ ਹੁੰਦੇ ਹਨ ਤੇ ਕਿਧਰੇ ਬਾਜ਼ੀਗਰ ਬਾਂਸ ਖੜੇ ਕਰਕੇ ਕਲਾਬਾਜ਼ੀਆਂ ਵਿਖਾਉਂਦੇ ਹਨ, ਕਿਧਰੇ ਨੱਟਣੀਆਂ ਰੱਸੀ

ਦਾ ਵਿਆਹ ਰਚਾ ਰਿਹਾ ਹੁੰਦਾ ਹੈ। ਇਹ ਸਭ ਕਿ
ਮੇਲੇ ਨੂੰ ਲੌਕਿਕ ਚਰਿਤ੍ਰ ਪ੍ਰਦਾਨ ਕਰਦੇ ਹਨ।

ਕੁਝ ਮੇਲੇ ਦੇਵੀ ਮਾਤਾ ਨੂੰ ਪਤਿਆਣ ਲਈ ਲ
ਹਨ। ਦੇਵੀ ਮਾਤਾ ਦੀ ਪੂਜਾ ਇਥੇ ਮੁੱਢ ਕਦੀਮ ਤੋਂ ਚ
ਆ ਰਹੀ ਹੈ। ਮੋਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਵਿ
ਕੁਝ ਮੂਰਤੀਆਂ ਇਕ ਦੇਵੀ ਮਾਤਾ ਦੀਆਂ ਵੀ ਲੱਭੀ
ਹਨ। ਪੰਜਾਬ ਦੇ ਪਹਾੜੀ ਇਲਾਕੇ ਵਿਚ ਦੇਵੀ ਮਾਤਾ
ਪੂਜਾ, ਮੈਦਾਨੀ ਇਲਾਕੇ ਦੇ ਮੁਕਾਬਲੇ ਵਿਚ ਜ਼ਿਆ
ਪ੍ਰਚਲਤ ਹੈ। ਦੇਵੀ ਦਾ ਮੁਖ ਅਸਥਾਨ ਜਵਾਲਾਮੁਖੀ
ਦੇਵੀ ਦੇ ਕੁਝ ਹੋਰ ਸਥਾਨ ਚਿੰਤਪੂਰਨੀ, ਨੈਨਾ ਤੇ ਮਨ
ਵਿਚ ਹਨ ਤੇ ਇਨ੍ਹਾਂ ਸਥਾਨਾਂ ਕਰ ਕੇ ਦੇਵੀ ਦੇ ਵੀ
ਨਾਉਂ ਪ੍ਰਚਲਤ ਹੋ ਗਏ ਹਨ। ਦੇਵੀ ਮਾਤਾ ਸ਼ਿਵ
ਪਤਨੀ ਹੈ ਅਤੇ ਕਾਲੀ, ਦੁਰਗਾ, ਗੌਰੀ, ਪਾਰਬਤੀ, ਭਵਾ
ਕਾਲਕਾ ਆਦਿ ਇਸੇ ਦੇ ਕੁਝ ਹੋਰ ਪ੍ਰਸਿਧ ਨਾਉਂ ਪੈ
ਹਨ। ਦੇਵੀ ਨਾਲ ਸਬੰਧਿਤ ਬਹੁਤੇ ਮੇਲੇ ਚੇਤਰ ਤੇ
ਵਿਚ ਨੌਰਾਤਿਆਂ ਦੇ ਦਿਨੀਂ ਲਗਦੇ ਹਨ। ਨਿੱਕੇ ਕਿ
ਮੇਲੇ ਤਾਂ ਕਈ ਥਾਈਂ ਉਗਮ ਪੈਂਦੇ ਹਨ, ਪਰ ਮਨੀਮਾ
ਵਿਚ ਜੋ ਕਾਲਕਾ ਦੇ ਪੱਛਮ ਵਲ ਜ਼ਿਲਾ ਅੰਬਾਲਾ ਵਿ
ਹੈ, ਦੇਵੀ ਦੇ ਦੋ ਭਰਵੇਂ ਮੇਲੇ ਹਰ ਸਾਲ ਜੁ
ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ, ਚਿੰਤਪੂਰਨੀ
ਸਾਲ ਵਿਚ ਤਿੰਨ ਵੱਡੇ ਮੇਲੇ ਲਗਦੇ ਹਨ।

ਲੋਕਾਂ ਦੀ ਧਾਰਨਾ ਹੈ ਕਿ ਰੋਗ ਦੇਵੀ ਮਾਤਾ
ਕਰੋਪੀ ਕਰ ਕੇ ਹੁੰਦੇ ਹਨ। ਰੋਗ ਫੈਲਾਣ ਵਾਲੀਆਂ ਦੇਵ
ਵਿਚੋਂ ਸੀਤਲਾ, ਮਸਾਣੀ ਤੇ ਬਸੰਤੀ ਆਦਿ ਨੂੰ, ਜੋ ਕ
ਦੇਵੀ ਦਾ ਹੀ ਰੂਪ ਮੰਨੀਆਂ ਜਾਂਦੀਆਂ ਹਨ, ਪਤਿਆਇ
ਜਾਂਦਾ ਹੈ। ਪੰਜਾਬ ਵਿਚ ਸਭਨਾਂ ਤੋਂ ਵਧ ਸੀਤਲਾ
ਦੀ ਪੂਜਾ ਕੀਤੀ ਜਾਂਦੀ ਹੈ ਜਿਸ ਦੇ ਭਵਨ ਹਰ ਪਿੰਡ
ਬਣੇ ਹੋਏ ਹਨ। ਸੀਤਲਾ ਦੇਵੀ ਦਾ ਇਕ ਮੰਦਰ ਗੁੜ
ਦੇ ਨੇੜੇ ਦ...ਬਾ ਵਿਚ ਹੈ, ਜਿਥੇ ਚੇਤਰ ਦੇ ਹਰ ਬੁਧਵਾ
ਮੇਲਾ ਜੁੜਦਾ ਹੈ। ਗੁੜਗਾਵਾਂ ਵਿਚ ਵੀ ਸੀਤਲਾ
ਦਾ ਇਕ ਵੱਡਾ ਮੰਦਰ ਹੈ। ਜਿਥੇ ਚੇਤਰ ਦੇ ਮਹੀਨੇ
ਸੋਮਵਾਰ ਮੇਲਾ ਲਗਦਾ ਹੈ। ਜਿਸ ਵਿਚ ਪੰਜਾਬ ਤੇ ਯੂ
ਤੋਂ ਲੋਕੀਂ ਸ਼ਾਮਲ ਹੁੰਦੇ ਹਨ। ਸੀਤਲਾ ਮਾਤਾ ਦਾ ਸ
ਵੱਡਾ ਮੇਲਾ ਜਰਗ ਵਿਚ ਭਰਦਾ ਹੈ।

ਜਰਗ ਦਾ ਮੇਲਾ ਚੇਤਰ ਦੇ ਮਹੀਨੇ ਦੇ

ਦਾ ਪੂਰਾ ਮਾਣ ਨਹੀਂ ਰਖਿਆ ਜਾਂਦਾ; ਉਥੇ ਬੱਚੇ ਨੂੰ ਜ਼ਿਆਦਾ ਕਸ਼ਟ ਝਲਣੇ ਪੈਂਦੇ ਹਨ ਅਤੇ ਚੇਚਕ ਦੇ ਦਾਣੇ ਮੋਟੇ ਤੇ ਡੂੰਘੇ ਨਿਕਲਦੇ ਹਨ। ਸੋ, ਸੀਤਲਾ ਦੇਵੀ ਨੂੰ ਖ਼ੁਸ਼ ਰਖਣ ਲਈ ਕਈ ਰੱਖਾਂ ਤੇ ਉਪਾ ਕੀਤੇ ਜਾਂਦੇ ਹਨ। ਜਿਨ੍ਹਾਂ ਮਾਵਾਂ ਦੇ ਬੱਚੇ ਅਰੋਗ ਹੋ ਜਾਂਦੇ ਹਨ, ਉਹ ਉਚੇਚੇ ਤੌਰ 'ਤੇ ਜਰਗ ਦੇ ਮੇਲੇ ਸੁੱਖਣਾ ਦੇਣ ਆਉਂਦੀਆਂ ਹਨ।

ਜਰਗ ਦਾ ਮੇਲਾ ਇਕ ਟੋਭੇ ਦੁਆਲੇ ਲਗਦਾ ਹੈ। ਮਾਤਾ ਦੀ ਪੂਜਾ ਕਰਨ ਵਾਲੇ ਟੋਭੇ ਵਿਚੋਂ ਮਿੱਟੀ ਕੱਢ ਕੇ ਇਕ ਮਿਟੀਲਾ ਜਿਹਾ ਖੜਾ ਕਰ ਲੈਂਦੇ ਹਨ। ਇਸ ਮਿਟੀਲੇ ਨੂੰ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਤੇ ਭੇਟਾਂ ਚਾੜ੍ਹੀਆਂ ਜਾਂਦੀਆਂ ਹਨ।

ਇਸ ਮੇਲੇ ਵਿਚ ਦੇਵੀ ਮਾਤਾ ਨੂੰ ਬਹਿੜੀਏ ਅਥਵਾ ਬਹੇ ਗੁਲਗੁਲੇ ਭੇਟ ਕੀਤੇ ਜਾਂਦੇ ਹਨ। ਇਸ ਤੋਂ, ਇਸ ਮੇਲੇ ਨੂੰ 'ਬਹਿੜੀਏ' ਦਾ ਮੇਲਾ ਵੀ ਕਿਹਾ ਜਾਣ ਲਗਾ। ਜਿਨ੍ਹਾਂ ਸੁੱਖਾਂ ਸੁੱਖੀਆਂ ਹੁੰਦੀਆਂ ਹਨ, ਉਹ ਮੇਲੇ ਦੀ ਪੂਰਬ ਸੰਧਿਆ ਨੂੰ, ਮਾਈ ਦੀ ਭੇਟਾ ਲਈ ਗੁਲਗੁਲੇ ਪਕਾ ਕੇ ਰਖ ਲੈਂਦੇ ਹਨ। ਅਗਲੇ ਦਿਨ ਮੇਲੇ ਵਿਚ ਸੀਤਲਾ ਦੇਵੀ ਦੀ ਪੂਜਾ ਕਰ ਕੇ, ਪਹਿਲਾਂ ਸੀਤਲਾ ਦੇਵੀ ਦੇ ਵਾਹਨ ਖੋਤੇ ਨੂੰ ਗੁਲਗੁਲੇ ਖਵਾਏ ਜਾਂਦੇ ਹਨ ਤੇ ਫਿਰ ਕੁਝ ਵੰਡੇ ਤੇ ਕੁਝ ਆਪ ਖਾਧੇ ਜਾਂਦੇ ਹਨ।

ਇਸ ਮੇਲੇ ਵਿਚ ਖੋਤਿਆਂ ਦੀ ਬੜੀ ਕਦਰ ਕੀਤੀ ਜਾਂਦੀ ਹੈ। ਲੋਕੀਂ ਇਨ੍ਹਾਂ ਨੂੰ ਸੀਤਲਾ ਮਾਈ ਦਾ ਵਾਹਣ ਹੋਣ ਕਰ ਕੇ ਪੂਜਦੇ, ਗੁਲਗੁਲੇ ਤੇ ਛੋਲੇ ਆਦਿ ਭੇਟ ਕਰਦੇ ਹਨ। ਘੁੰਮਿਆਰ ਆਪੋ ਆਪਣੇ ਖੋਤਿਆਂ ਨੂੰ, ਉਚੇਚੇ ਤੌਰ ਤੇ, ਸਜਾ ਸ਼ਿੰਗਾਰ ਕੇ ਲਿਆਉਂਦੇ ਹਨ। ਕਈ ਖੋਤਿਆਂ ਉਪਰ ਘੁੰਗਰੂਆਂ, ਕੌਡੀਆਂ ਤੇ ਮੋਤੀਆਂ ਨਾਲ ਜੜ੍ਹੀਆਂ ਵੰਨ-ਸਵੰਨੀਆਂ ਝੁਲਾਂ ਪਾਈਆਂ ਹੁੰਦੀਆਂ ਹਨ। ਲੋਕ ਬੜੇ ਚਾਅ ਮਲ੍ਹਾਰ ਨਾਲ ਮੇਲੇ ਜਾਂਦੇ ਹਨ। ਇਸ ਮੇਲੇ ਬਾਰੇ ਇਕ ਬੋਲੀ ਪ੍ਰਚਲਤ ਹੈ :

ਚਲ ਚਲੀਏ ਜਰਗ ਦੇ ਮੇਲੇ
ਮੁੰਡਾ ਤੇਰਾ ਮੈਂ ਚੁਕ ਲਊਂ।

ਪੰਜਾਬੀਆਂ ਦੇ ਦਿਲਾਂ ਵਿਚ, ਪੀਰ ਫ਼ਕੀਰਾਂ ਲਈ ਅਥਾਹ ਸ਼ਰਧਾ ਭਰੀ ਪਈ ਹੈ। ਕਹਿੰਦੇ ਹਨ, ਪੀਰਾਂ ਫ਼ਕੀਰਾਂ ਵਿਚ ਇਕ ਕਣੀ ਹੁੰਦੀ ਹੈ, ਜਿਸ ਦਾ ਕੁਝ ਅੰਸ਼ ਉਨ੍ਹਾਂ ਵਿਚ ਸ਼ਰਧਾ ਰਖਣ ਵਾਲੇ ਮੁਰੀਦਾਂ ਵਿਚ ਰਚ ਜਾਂਦਾ ਹੈ ਤੇ

ਸ਼ਰਧਾਲੂ ਇਥੋਂ ਲੰਘਦੇ ਹੋਏ ਰੋੜੀ ਗੀਟਾ
ਕਬਰ ਉਪਰ ਰਖ ਜਾਂਦੇ ਹਨ। ਜਦੋਂ ਕਿਸੇ ਦੀ
ਪੂਰੀ ਹੋ ਜਾਂਦੀ ਹੈ ਤਾਂ ਉਹ ਦਰਗਾਹਾਂ ਦੀਆਂ ਟ
ਕੋਈ ਲੀਰ ਬੰਨ੍ਹ ਜਾਂਦਾ ਤੇ ਦੀਵਾ ਬਾਲ
ਨਿਰਸੰਤਾਨ ਦੇ ਘਰ ਔਲਾਦ ਹੋ ਜਾਵੇ ਤਾਂ ਉਹ
ਗਡੀਹਰ ਤੇ ਕਿਸੇ ਦਾ ਰੋਗੀ ਪਸ਼ੂ ਨਰੋਆ ਹੋ
ਲੋਕੀਂ ਉਸ ਪਸ਼ੂ ਦਾ ਖਿਡੌਣਾ, ਦਰਖ਼ਤ ਦੀ ਟ
ਬੰਨ੍ਹ ਜਾਂਦਾ ਹੈ। ਖ਼ਾਨਗਾਹਾਂ ਦੀ ਮਿਟੀ ਸਭ ਰੋਗ
ਮੰਨੀ ਜਾਂਦੀ ਹੈ, ਦੰਦ ਜਾਂ ਸਿਰ ਪੀੜ ਲਈ
ਖ਼ਾਨਗਾਹ ਦੇ ਮੁਜਾਵਰ ਤੋਂ ਫੂਕਾਂ ਮਰਵਾਉਂਦੇ ਹਨ

ਖ਼ਾਨਗਾਹਾਂ, ਹੁਜਰਿਆਂ ਤੇ ਤਕੀਆਂ ਉਤੇ
ਸੁਭਾਵ ਵਿਚ ਭਾਵੇਂ ਧਾਰਮਿਕ ਹਨ ਤੇ ਪੀਰਾਂ ਪ੍ਰ
ਭਾਵ ਤੇ ਸ਼ਰਧਾ ਪ੍ਰਗਟਾਣ ਲਈ ਉਨ੍ਹਾਂ ਦੇ
ਸੇਵਕਾਂ ਵਲੋਂ ਸ਼ੁਰੂ ਕੀਤੇ ਗਏ। ਪਰ ਸਮੇਂ ਦੇ
ਸਾਂਝੇ ਮੇਲਿਆਂ ਦਾ ਰੂਪ ਧਾਰਨ ਕਰ ਗਏ ਤੇ
ਸਭ ਧਰਮਾਂ ਦੇ ਲੋਕ ਬਿਨਾਂ ਪਖਪਾਤ ਦੇ ਸ਼ਾਮਲ ਹੋ
ਇਹ ਮੇਲੇ ਪੰਜਾਬੀ ਦੇ ਸਾਂਝੇ ਸਭਿਆਚਾਰ
ਏਕਤਾ ਦਾ ਹੁੰਗਾਰਾ ਭਰਦੇ ਹਨ। ਅਜਿਹੇ ਬ
ਸੂਫ਼ੀ ਫ਼ਕੀਰਾਂ ਨਾਲ ਸਬੰਧਿਤ ਹਨ, ਜਿਨ੍ਹਾਂ ਵਿਚ
ਵੀ ਸ਼ਰਧਾ ਰਖਦੇ ਆਏ ਹਨ।

ਪੋਠੋਹਾਰ ਵਿਚ ਬਰੀ ਅਮਾਮ ਦਾ ਮੇਲਾ ਸਭ
ਪ੍ਰਸਿਧ ਹੈ। ਜਿਸ ਵਿਚ ਦੂਰੋਂ ਦੂਰੋਂ ਕੱਵਾਲ ਤੇ
ਅਤੇ ਨਚਣ ਵਾਲੀਆਂ ਤੁਆਇਫ਼ਾਂ ਸ਼ਾਮਲ ਹੁੰਦੀ
ਪਾਕਪਟਨ ਵਿਚ ਬਾਬਾ ਫ਼ਰੀਦ ਸ਼ਕਰਗੰਜ ਦੀ
ਉਤੇ ਹਰ ਸਾਲ ਇਕ ਭਾਰੀ ਮੇਲਾ ਲਗਦਾ ਹੈ
ਵਿਚ ਸ਼ਾਹ ਕਾਕੂ, ਜਲੰਧਰ ਵਿਚ ਸ਼ਾਹ ਬਹਿਲੋਲ,
ਵਿਚ ਪੀਰ ਬਲਾਵਲ ਸ਼ਾਹ, ਪਾਨੀਪਤ ਵਿਚ ਸ਼ਾਹ
ਕਰਨਾਲ ਵਿਚ ਬੁਢੇਖੇੜਾ ਵਿਖੇ, ਬੂ ਅਲੀ ਕਲੰਦਰ
ਦੀਆਂ ਮਜ਼ਾਰਾਂ ਉਤੇ ਮੇਲੇ ਲਗਦੇ ਹਨ। ਇਨ੍ਹ
ਵਿਚੋਂ ਜਗਰਾਵਾਂ ਦੀ ਰੋਸ਼ਨੀ ਖ਼ਾਸ ਮਹਤਤਾ
ਜਿਸ ਲਈ ਇਸ ਮੇਲੇ ਦਾ ਵਰਨਣ ਵਿਸਥਾਰ
ਕਰਨਾ ਜ਼ਰੂਰੀ ਹੈ।

**ਜਗਰਾਵਾਂ ਦੀ ਰੋਸ਼ਨੀ :**

ਰੋਸ਼ਨੀ ਦਾ ਮੇਲਾ, ਜਗਰਾਵਾਂ ਵਿਚ ਪ੍ਰਸਿਧ

ਕਰ ਜਾਣ ਮਗਰੋਂ ਵੀ, ਇਹ ਮੇਲਾ ਪਹਿਲਾਂ ਵਾਂਗ ਹੀ ਉਸੇ ਜੋਸ਼ ਤੇ ਉਮੰਗ ਨਾਲ ਮੁਤਵਾਤਰ ਲਗ ਰਿਹਾ ਹੈ। ਇਸ ਮੇਲੇ ਦਾ ਨਾਉਂ ਰੋਸ਼ਨੀ ਇਸ ਲਈ ਪਿਆ ਕਿ ਮੇਲੇ ਦੇ ਦਿਨੀਂ ਪੀਰ ਦੀ ਕਬਰ ਉਤੇ ਅਨੇਕਾਂ ਚਿਰਾਗ਼ ਬਾਲੇ ਜਾਂਦੇ ਹਨ, ਜਿਨ੍ਹਾਂ ਦੀ ਰੋਸ਼ਨੀ ਕਾਫ਼ੀ ਦੂਰੋਂ ਵਿਖਾਈ ਦੇਂਦੀ ਹੈ ਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਇਸ ਮੇਲੇ ਦਾ ਆਪਣਾ ਜਲੌ ਹੈ।

ਲੋਕਾਂ ਦੀ ਪੀਰ ਵਿਚ ਬੜੀ ਸਰਧਾ ਹੈ। ਕਹਿੰਦੇ ਹਨ, ਜਿਹੜੀਆਂ ਵੀ ਸੁਖਣਾ ਪੀਰ ਦੀ ਦਰਗਾਹ ਉਤੇ ਸੁਖੀਆਂ ਜਾਂਦੀਆਂ ਹਨ, ਉਹ ਪੀਰ ਦੀ ਅਜ਼ਮਤ ਨਾਲ ਅਵਸ਼ ਪੂਰੀਆਂ ਹੋ ਜਾਂਦੀਆਂ ਹਨ। ਸ਼ਰਧਾਲੂ ਕਬਰ ਉਤੇ ਚਿਰਾਗ਼ ਜਲਾਂਦੇ, ਨਿਆਜ਼ਾਂ ਚਾੜ੍ਹਦੇ ਤੇ ਪੀਰ ਦੇ ਜਸ ਵਿਚ ਗੀਤ ਗਾਂਦੇ ਹਨ :

ਪੀਰਾਂ ਵਿਚ ਪੀਰ ਸੁਣੀਂਦਾ,
ਵਡਾ ਪੀਰ ਇਲਾਹੀ
ਜਿਸ ਦੀ ਅਜ਼ਮਤ ਦੋਹੀਂ ਜਹਾਨੀਂ,
ਸੂਰਜ ਵਾਂਗ ਰੁਸ਼ਨਾਈ।

ਇਹ ਮੇਲਾ ਸੁਭਾਵ ਵਿਚ ਲੌਕਿਕ ਹੈ ਜੋ ਲੋਕ ਮੇਲੇ ਵਿਚ ਸ਼ਾਮਿਲ ਹੁੰਦੇ ਹਨ। ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਪੀਰ ਅਬਦੁਲ ਕਾਦਰ ਜਿਲਾਨੀ ਬਾਰੇ ਜਾਣਦਾ ਹੈ। ਮੇਲੇ ਵਿਚ ਗਭਰੂਆਂ ਦੀਆਂ ਟੋਲੀਆਂ ਬੋਲੀਆਂ ਪਾਉਂਦੀਆਂ, ਬਕਰੇ ਬੁਲਾਂਦੀਆਂ ਤੇ ਨਚਦੀਆਂ ਟਪਦੀਆਂ ਵਿਖਾਈ ਦੇਂਦੀਆਂ ਹਨ। ਤੂੰਬੇ ਤੇ ਇਕਤਾਰੇ ਦੀਆਂ ਮਧੁਰ ਧੁਨੀਆਂ ਵਾਤਾਵਰਨ ਵਿਚ ਸੰਗੀਤ ਘੋਲੀ ਰਖਦੀਆਂ ਹਨ।

ਰੋਸ਼ਨੀ ਦੇ ਮੇਲੇ ਦਾ ਜ਼ਿਕਰ ਲੋਕ ਗੀਤਾਂ ਵਿਚ ਵੀ ਆਉਂਦਾ ਹੈ :

ਆਰੀ ਆਰੀ ਆਰੀ,
ਵਿਚ ਜਗਰਾਵਾਂ ਦੇ,
ਬਈ ਲਗਦੀ ਰੋਸ਼ਨੀ ਭਾਰੀ।
ਦੂਰ ਦੂਰ ਤੋਂ ਗਭਰੂ ਆਉਂਦੇ,
ਘੋੜੇ ਊਠ ਸ਼ਿੰਗਾਰੀ।
ਲੰਮੇ ਚਾਦਰੇ ਕੁੰਦੀਆਂ ਮੁੱਛਾਂ,
ਮੱਥੇ ਡਾਗ ਉਲਾਰੀ।
ਹਸਦੇ ਹਸਦੇ ਇਹ ਲੜ ਪੈਂਦੇ,
ਚਲਦੀ ਖ਼ੂਬ ਕਟਾਰੀ।

ਨਿਮਾਣੀ ਇਕਾਦਸ਼ੀ ਨੂੰ ਇਕ ਹੋਰ ਮੇਲਾ ਲ...
ਜਿਸ ਵਿਚ ਆਸ ਪਾਸ ਦੇ ਇਲਾਕੇ ਦੇ ਲੋਕ ...
ਘਤ ਕੇ ਆਉਂਦੇ ਹਨ। ਇਸ ਇਲਾਕੇ ਵਿ...
ਹੈਦਰ ਸ਼ੇਖ ਦੀ ਬੜੀ ਮਾਨਤਾ ਹੈ। ਜਿਨ੍ਹਾਂ ਲੋਕਾਂ...
ਸੁਖਾਂ ਪੂਰੀਆਂ ਹੋ ਜਾਂਦੀਆਂ ਹਨ, ਉਹ ਇਥੇ ...
ਕਾਲਾ ਬਕਰਾ/ਕੁੱਕੜ/ਰੋਟ ਪਕਾ ਕੇ ਭੇਟਾ ਕਰਦੇ ...
ਨਿਰਸੰਤਾਨ ਇਸਤ੍ਰੀਆਂ ਔਲਾਦ ਦੀ ਆਸ ਨਾ...
ਇਕਾਦਸ਼ੀ ਨੂੰ ਇਥੇ 'ਨਿਆਜ਼' ਤੇ 'ਚੜ੍ਹਾਵੇ' ਚਾ...
ਹਨ। ਜਿਨ੍ਹਾਂ ਲੋਕਾਂ ਨੂੰ ਪਕੜ ਜਾਂ ਛਾਇਆ ਹੋ...
ਉਹ ਵੀ ਇਕਾਦਸ਼ੀ ਨੂੰ ਇਥੇ ਆ ਕੇ, ਹੈਦਰ ਸ਼ੇਖ ...
ਪਕਾਉਂਦੇ ਤੇ ਗ਼ਰੀਬਾਂ ਵਿਚ ਵੰਡਦੇ ਹਨ। ਲੋ...
ਨਿਸਚਾ ਹੈ ਕਿ ਰੋਟ ਵੰਡਣ ਨਾਲ ਰੋਗੀ ਨਵੇਂ ...
ਹੋ ਜਾਂਦੇ ਹਨ। ਇਸ ਮੇਲੇ ਵਿਚ ਭਰਵੀਂ ਰੌਣਕ ਹੁੰਦ...
ਇਹ ਮੇਲਾ ਚਾਰ ਦਿਨ ਰਹਿੰਦਾ ਹੈ।

ਪਛਮੀ ਪੰਜਾਬ ਵਿਚ ਮਿੰਟਗੁਮਰੀ ਵਿਚ ਹੁਜਰ...
ਮੋਹਕਮ ਵਿਚ ਇਕ ਮੇਲਾ ਜੁੜਦਾ ਹੈ। ਇਸ ਹੁਜਰੇ...
ਇਕ ਲੋਕ ਗੀਤ ਪੰਜਾਬ ਵਿਚ ਬੜਾ ਪ੍ਰਸਿਧ ਹੈ :

ਹੁਜਰੇ ਸ਼ਾਹ ਮੁਹਕਮ ਦੇ, ਇਕ ਜੱਟੀ ਅਰਜ਼ ਕ...
ਬਕਰਾ ਦੇਨੀ ਆਂ ਸ਼ਾਹ ਜੀ, ਜੇ ਸਿਰ ਦਾ ਸਾਈਂ...
ਪੰਜ ਸਤ ਮਰਨ ਗਵਾਂਢਣਾਂ, ਬਾਕੀਆਂ ਨੂੰ ਤਾਪ ਚ...
ਕੁੱਤੀ ਮਰੇ ਫ਼ਕੀਰ ਦੀ, ਜੋ ਚਉਂ ਚਉਂ ਨਿਤ ਕਰੇ...
ਗਲੀਆਂ ਹੋਵਣ ਸੋਕਲੀਆਂ, ਵਿਚ ਮਿਰਜ਼ਾ ਯਾਰ ...

ਕੁਝ ਮੇਲੇ ਸੁਲਤਾਨੀਆਂ ਦੇ ਹਨ, ਜੋ ਸਖੀ ਸ...
ਦੇ ਪੈਰੋਕਾਰ ਹਨ। ਇਹ ਪੀਰ, 'ਲੱਖ ਦਾਤਾ' ਤੇ '...
ਵਾਲਾ' ਦੇ ਨਾਂ ਨਾਲ ਵੀ ਪ੍ਰਸਿਧ ਹੈ, ਦਸਵੀਂ ਸਦੀ...
ਹੋਇਆ ਦਸਿਆ ਜਾਂਦਾ ਹੈ। ਇਸ ਦੇ ਸਮੇਂ ਤੇ ...
ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ...
ਸਰਵਰ ਦੀ ਕਬਰ 'ਨਿਗਾਹਾ' ਡੇਰਾ ਗਾਜ਼ੀ ਖ਼ਾਨ, ...
ਪਹਾੜੀ ਨਦੀ ਦੇ ਕੰਢੇ ਹੈ, ਜਿਥੇ ਹਰ ਸਾਲ ਭਾਰੀ...
ਜੁੜਦਾ ਹੈ। ਇਸੇ ਸਥਾਨ ਦੇ ਸਬੰਧ ਵਿਚ ਸਖੀ ਸਰਵ...
'ਨਿਗਾਹੇ ਵਾਲਾ ਪੀਰ' ਵੀ ਕਹਿੰਦੇ ਹਨ। ਸਖੀ ਸ...
ਨਾਲ ਸਬੰਧਿਤ ਇਕ ਮੇਲਾ ਧੌਂਕਲ (ਵਜ਼ੀਰਾਬਾਦ) ...
ਲਗਦਾ ਹੈ, ਜੋ ਹਾੜ ਦੇ ਸਾਰੇ ਮਹੀਨੇ ਰਹਿੰਦਾ ਹੈ। ...
ਮੇਲੇ ਵਿਚ ਸ਼ਾਮਲ ਹੋਣ ਲਈ ਸੁਲਤਾਨੀ ਦੂਰੋਂ ਦੂਰੋਂ ...
ਵਿਚ ਚੌਕੀਆਂ ਭਰਦੇ ਆਉਂਦੇ ਹਨ। ਇਸੇ ਸਥਾਨ...

ਘੜਾ ਨਰੋਆ ਦਸਿਆ ਜਾਂਦਾ ਹੈ ਤੇ ਇਸ ਦੇ ਛਿੱਟੇ ਮਾਰਨ ਨਾਲ ਕੋਹੜੀਆਂ ਦੇ ਕੋਹੜ ਦੂਰ ਹੋ ਜਾਂਦੇ ਹਨ।

ਲਾਹੌਰ ਵਿਚ, ਅਨਾਰਕਲੀ ਦੇ ਲਾਗੇ, ਫੱਗਣ ਦੇ ਮਹੀਨੇ ਚਾਨਣ ਪੱਖ ਦੇ ਪਹਿਲੇ ਸੋਮਵਾਰ ਨੂੰ, ਇਕ ਭਾਰੀ ਮੇਲਾ ਸਖੀ ਸਰਵਰ ਦੀ ਖ਼ਾਨਗਾਹ ਉੱਤੇ ਲਗਦਾ ਹੈ, ਜਿਸ ਨੂੰ 'ਕਦਮਾਂ ਦਾ ਮੇਲਾ' ਕਿਹਾ ਜਾਂਦਾ ਹੈ। ਇਸ ਮੇਲੇ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਖ਼ਾਨਗਾਹ ਦੇ ਮੁਜਾਵਰ, ਛੋਟੇ ਬੱਚਿਆਂ ਨੂੰ ਬਾਹਵਾਂ ਵਿਚ ਚੁਕ ਕੇ, ਢੋਲ ਦੇ ਤਾਲ ਉੱਤੇ ਨਾਚ ਨੱਚਦੇ ਹਨ। ਕੁਝ ਦੇਰ ਪਿਛੋਂ ਬੱਚਿਆਂ ਦੀਆਂ ਮਾਵਾਂ ਮੁਜਾਵਰਾਂ ਨੂੰ ਕੁਝ ਪੈਸੇ ਦੇ ਕੇ ਆਪੋ ਆਪਣਾ ਬੱਚਾ ਵਾਪਸ ਲੈ ਲੈਂਦੀਆਂ ਹਨ, ਜਿਸ ਦਾ ਭਾਵ ਹੈ ਕਿ ਬੱਚੇ ਨੂੰ ਸਖੀ ਸਰਵਰ ਦੀ ਭੇਟ ਚਾੜ੍ਹ ਕੇ ਮੁੜ ਖ਼ਰੀਦਿਆ ਗਿਆ ਹੈ। ਲੋਕਾਂ ਦਾ ਨਿਸਚਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਉੱਤੇ ਸਖੀ ਸਰਵਰ ਦੀ ਮਿਹਰ ਹੋ ਜਾਂਦੀ ਹੈ।

ਮਲੇਰ ਕੋਟਲੇ ਵਿਚ ਪੋਹ ਦੇ ਮਹੀਨੇ ਪਹਿਲੇ ਵੀਰਵਾਰ ਸਖੀ ਸਰਵਰ ਦਾ ਇਕ ਹੋਰ ਮੇਲਾ ਲਗਦਾ ਹੈ, ਜਿਸ ਨੂੰ 'ਨਿਗਾਹਾ ਮੇਲਾ' ਕਹਿੰਦੇ ਹਨ। ਇਸ ਮੇਲੇ ਵਿਚ ਭਰਾਈ ਦੀਵਾ ਬਾਲਦੇ ਹਨ ਅਤੇ ਹਿੰਦੂ ਮੁਸਲਮਾਨ ਰੋਟ ਤੇ ਕਣਕੇ ਦੇ ਚੜ੍ਹਾਵੇ ਚਾੜ੍ਹਦੇ ਹਨ।

ਮੋਗੇ ਵਿਚ ਵੀ ਸਖੀ ਸਰਵਰ ਦਾ ਇਕ ਸਥਾਨ ਹੈ। ਜਿਸ ਨੂੰ 'ਨਿਗਾਹਾ ਪੀਰ' ਕਹਿੰਦੇ ਹਨ। ਇਸ ਦੀ ਨੀਂਹ 1812 ਈਸਵੀ ਵਿਚ ਰਖੀ ਗਈ ਤੇ ਉਦੋਂ ਤੋਂ ਇਥੇ ਚੇਤਰ ਤੇ ਅਸੂ ਦੇ ਮਹੀਨੇ, ਹਰ ਵੀਰਵਾਰ ਨੂੰ ਮੇਲਾ ਲਗਦਾ ਹੈ। ਜਿਨ੍ਹਾਂ ਸ਼ਰਧਾਲੂਆਂ ਦੀਆਂ ਮੰਨਤਾਂ ਪੂਰੀਆਂ ਹੁੰਦੀਆਂ ਹਨ, ਉਹ ਚੂਰੀ ਪ੍ਰਸ਼ਾਦਿ ਵੰਡਦੇ ਹਨ, ਲੁਧਿਆਣੇ ਵਿਚ, ਭਾਡਲਾ ਪਿੰਡ ਵਿਖੇ, ਸਖੀ ਸਰਵਰ ਦੀ ਖ਼ਾਨਗਾਹ ਉੱਤੇ ਜੇਠ ਦੇ ਚਾਨਣ ਪੱਖ ਦੇ ਪਹਿਲੇ ਵੀਰਵਾਰ ਨੂੰ ਇਕ ਮੇਲਾ ਲਗਦਾ ਹੈ। ਇਸ ਵਿਚ ਮੁਲਤਾਨੀ ਵੱਡੇ ਰੋਟ ਪਕਾ ਕੇ ਖ਼ਾਨਗਾਹ ਉੱਤੇ ਚੜ੍ਹਾਵੇ ਚਾੜ੍ਹਦੇ ਤੇ ਗ਼ਰੀਬਾਂ ਵਿਚ ਵੰਡਦੇ ਹਨ।

ਪੰਜਾਬ ਗੁਰੂਆਂ ਦੀ ਅਲਾਹੀ ਧਰਤੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਜੀਉਂਦਾ ਹੀ ਗੁਰਾਂ ਦੇ ਨਾਂ 'ਤੇ ਹੈ। ਗੁਰੂ ਸਾਹਿਬਾਨ ਨੇ ਪੰਜਾਬ ਦੀ ਧਰਤੀ ਵਿਚ ਜੀਵਨ ਬਿਜਲੀਆਂ ਦੇ ਅਸਗਾਹ ਦਰਿਆ ਵਗਾ ਦਿਤੇ ਤੇ ਉਨ੍ਹਾਂ ਸਦਕਾ ਇਥੋਂ ਦੇ ਕਣ ਕਣ ਵਿਚ ਜ਼ਿੰਦਗੀ ਧੜਕ ਉਠੀ।

ਨਨਕਾਣਾ ਸਾਹਿਬ ਵਿਚ ਭਾਰੀ ਮੇਲਾ ਲਗਿਆ ਕ... ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀ... ਉੱਤੇ ਡੇਹਰਾ ਸਾਹਿਬ 'ਜੋੜ ਮੇਲੇ' ਦਾ ਮੇਲਾ ... ਭਾਰਤੀ ਪੰਜਾਬ ਵਿਚ ਮੁਕਤਸਰ, ਤਰਨ ਤਾ... ਬਾਬਾ ਨਾਨਕ, ਗੁਰਦਾਸਪੁਰ ਆਦਿ ਥਾਵਾਂ ਉੱਤੇ ... ਗੁਰੂ ਸਾਹਿਬਾਂ ਦੀ ਸਿਮਰਤੀ ਵਿਚ ਲਗਦੇ ਹ... ਵਿਚੋਂ ਦੋ-ਤਿੰਨ ਖ਼ਾਸ ਪ੍ਰਸਿਧ ਮੇਲਿਆਂ ਦਾ ਵਰਨ... ਇਥੇ ਜ਼ਰੂਰੀ ਹੈ—

## ਮੁਕਤਸਰ ਦਾ ਮੇਲਾ :

ਇਹ ਪ੍ਰਸਿਧ ਮੇਲਾ, ਮਾਘੀ ਵਾਲੇ ਦਿਨ, ... ਵਿਚ ਲਗਦਾ ਹੈ। ਮੁਕਤਸਰ ਵਿਚ ਸਿੱਖਾਂ ਦੇ ਕ... ਗੁਰਧਾਮ ਹਨ। ਇਥੇ ਮੁਕਤਸਰ ਨਾਉਂ ਦਾ ... ਸਰੋਵਰ ਹੈ। ਜਿਸ ਬਾਰੇ ਕਿਹਾ ਜਾਂਦਾ ਹੈ ਕਿ ਗੁ... ਸਿੰਘ ਜੀ ਨੇ ਵਰ ਬਖ਼ਸ਼ਿਆ ਸੀ ਕਿ ਜਿਹੜਾ ... ਨਾਲ ਇਸ ਪਾਵਨ ਸਰੋਵਰ ਵਿਚ ਇਸ਼ਨਾਨ ... ਉਸ ਦੇ ਪਾਪਾਂ ਦੀ ਮੈਲ ਧੋਤੀ ਜਾਵੇਗੀ। ਇ... ਪਹਿਲੀ ਵਾਰ ਇਲਾਹੀ ਅੰਮ੍ਰਿਤ ਵਰਖਾ ਨਾਲ... ਦਸਿਆ ਜਾਂਦਾ ਹੈ। ਪਹਿਲਾਂ ਇਹ ਸਰੋਵਰ ... ਪਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਸਰੋਵਰ... ਕਰਵਾ ਦਿੱਤਾ। ਮਾਘੀ ਵਾਲੇ ਦਿਨ ਇਸ ਸਰੋ... ਇਸ਼ਨਾਨ ਦਾ ਖ਼ਾਸ ਮਹਾਤਮ ਹੈ।

ਇਤਿਹਾਸ ਦਸਦਾ ਹੈ ਕਿ 1705 ਈਸ... ਸਰਹਿੰਦ ਦਾ ਸੂਬਾ, ਵਜ਼ੀਰ ਖ਼ਾਂ, ਗੁਰੂ ਗੋਬਿੰਦ ਸਿੰ... ਪਿਛਾ ਕਰਦਾ ਮਾਲਵੇ ਦੇ ਇਲਾਕੇ ਵਿਚ ਆ... ਮਾਲਵੇ ਦੇ ਸਿੱਖਾਂ ਨੇ, ਖਿਦਰਾਣੇ (ਅਜੋਕਾ ਮੁਕ... ਤਾਲ ਦੇ ਕੰਢੇ, ਆਪਣੇ ਮੋਰਚੇ ਗਡ ਲਏ ਤੇ ਵੈ... ਮੁਕਾਬਲਾ ਕੀਤਾ। ਇਸੇ ਯੁਧ ਵਿਚ, ਚਾਲੀ ਮੁ... ਪਹਿਲਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ... ਸ਼ਹੀਦ ਹੋਏ ਸਨ। ਖ਼ਬਰ ਮਿਲਦਿਆਂ ਹੀ ਗੁਰੂ ਗੋਬਿ... ਜੀ ਇਥੇ ਪਹੁੰਚੇ, ਉਨ੍ਹਾਂ ਮਹਾ ਸਿੰਘ ਦੀ ਬੇਨਤੀ... ਚਾਲ੍ਹੀ ਸਿੱਖਾਂ ਦਾ ਬੇਦਾਵਾ ਫਾੜ ਦਿਤਾ ਤੇ ਉ... ਟੁਟੀ ਸਿੱਖੀ ਮੁੜ ਗੰਢੀ। ਸ਼ਹੀਦ ਸਿੱਖਾਂ ਦਾ ਦੇਹ... ਕਰ ਕੇ, ਇਸ ਥਾਂ ਦਾ ਨਾਉਂ ਉਨ੍ਹਾਂ ਮੁਕਤਸਰ ... ਜਿਥੇ ਸਿੱਖ ਸ਼ਹੀਦਾਂ ਦਾ ਸੰਸਕਾਰ ਕੀਤਾ ਗਿਆ ਉ...

ਆਉਂਦੀਆਂ ਹਨ ਅਤੇ ਮੁਕਤਸਰ ਦੇ ਪਾਵਨ ਸਰੋਵਰ ਵਿਚ ਇਸ਼ਨਾਨ ਕਰਦੀਆਂ ਹਨ। ਇਸ਼ਨਾਨ ਉਪਰੰਤ ਸੰਗਤਾਂ ਜਲੂਸ ਦੀ ਸ਼ਕਲ ਵਿਚ, ਜਿਸ ਨੂੰ 'ਮਹੱਲਾ' ਕਹਿੰਦੇ ਹਨ, ਮੁਕਤਸਰ ਦੇ ਤਿੰਨ ਪਾਵਨ ਟਿਲਿਆਂ, ਜੋ ਨਗਰ ਦੇ ਉਤਰ-ਦੱਖਣ ਵਲ ਹਨ, ਦੇ ਦਰਸ਼ਨਾਂ ਲਈ ਨਿਕਲਦੀਆਂ ਹਨ। ਇਹ ਤਿੰਨ ਟਿਲੇ ਹਨ—ਰਿਕਾਬ ਸਾਹਿਬ, ਟਿੱਬੀ ਸਾਹਿਬ ਤੇ ਮੁਖ ਭੰਜਨਾ ਸਾਹਿਬ। ਰਿਕਾਬ ਸਾਹਿਬ ਵਾਲੀ ਥਾਂ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ ਰਿਕਾਬ ਟੁਟੀ ਸੀ। ਇਥੋਂ 'ਮਹੱਲਾ' ਅਗੇ ਤੁਰਦਾ ਤੇ 'ਟਿਬੀ ਸਾਹਿਬ' ਦੀ ਚੜ੍ਹਾਈ ਚੜ੍ਹ ਕੇ ਉਪਰ ਗੁਰਦੁਆਰੇ ਪਹੁੰਚਦਾ ਹੈ। ਇਸੇ ਟਿੱਬੀ ਤੋਂ, ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਦੀ ਸ਼ਾਹੀ ਫ਼ੌਜ ਉਤੇ ਤੀਰਾਂ ਦੀ ਵਰਖਾ ਕੀਤੀ ਸੀ। ਇਥੋਂ 'ਮਹਲਾ' ਮੁਖ ਭੰਜਨਾ ਸਾਹਿਬ ਜਾਂਦਾ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਨੇ ਦੰਦ ਸਾਫ਼ ਕਰ ਕੇ, ਦਾਤਨ ਸੁਟੀ ਜੋ ਬਿਛ ਦੇ ਰੂਪ ਵਿਚ ਉਗ ਪਈ।

ਮੁਖ ਭੰਜਨਾ ਸਾਹਿਬ ਦੀ ਉਚੀ ਟਿੱਬੀ ਵੀ ਰਿਕਾਬ ਸਾਹਿਬ ਵਾਂਗ ਮਿਟੀ ਕਢਣ ਨਾਲ ਬਣੀ ਹੈ। ਮੁਖ ਭੰਜਨਾ ਸਾਹਿਬ ਮੱਥਾ ਟੇਕ ਕੇ ਸੰਗਤਾਂ ਪਰਤ ਆਉਂਦੀਆਂ ਹਨ। ਵਾਪਸੀ ਉਤੇ ਸੰਗਤਾਂ ਤੰਬੂ ਸਾਹਿਬ ਦੇ ਦਰਸ਼ਨ ਕਰਦੀਆਂ ਹਨ, ਜਿਥੇ ਵੈਰੀਆਂ ਨਾਲ ਯੁਧ ਕਰਨ ਵੇਲੇ, ਖ਼ਾਲਸੇ ਨੇ ਤੰਬੂ ਗੱਡੇ ਸਨ। ਇਸ ਮੇਲੇ ਵਿਚ ਸਿੱਖਾਂ ਤੋਂ ਇਲਾਵਾ ਦੂਜੇ ਮਤ ਦੇ ਲੋਕ ਵੀ ਸ਼ਾਮਲ ਹੁੰਦੇ ਹਨ।

ਅਨੰਦਪੁਰ ਸਾਹਿਬ ਦਾ ਹੋਲਾ ਮਹਲਾ :

ਹੋਲੀ ਤੋਂ ਅਗਲੇ ਦਿਨ ਚੇਤ ਵਦੀ, ਪਹਿਲੀ ਨੂੰ, ਅਨੰਦਪੁਰ ਸਾਹਿਬ ਵਿਚ ਕੇਸਗੜ ਦੇ ਸਥਾਨ ਤੇ ਇਕ ਮੇਲਾ ਭਰਦਾ ਹੈ, ਜਿਸ ਨੂੰ 'ਹੋਲਾ ਮਹੱਲਾ' ਕਹਿੰਦੇ ਹਨ। ਇਸ ਮੇਲੇ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1757 ਚੇਤ ਵਦੀ ਇਕ ਨੂੰ ਰਖਿਆ। ਉਨ੍ਹਾਂ ਨੇ ਖ਼ਾਲਸੇ ਨੂੰ ਸ਼ਸਤਰ ਵਿਦਿਆ ਤੇ ਯੁਧ ਕਲਾ ਵਿਚ ਨਿਪੁੰਨ ਕਰਨ ਲਈ ਦੋ ਦਲ ਬਣਾ ਕੇ ਉਨ੍ਹਾਂ ਵਿਚ ਮਸਨੂਈ ਲੜਾਈ ਕਰਵਾਈ ਤੇ ਬਹਾਦਰ ਯੋਧਿਆਂ ਨੂੰ ਸਿਰੋਪੇ ਬਖ਼ਸ਼ੇ। ਉਦੋਂ ਤੋਂ ਹਰ ਸਾਲ ਅਨੰਦਪੁਰ ਵਿਚ ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਣ ਲਗਾ। ਇਸ ਦਿਨ ਇਕ ਵਡਾ ਜਲੂਸ, ਜਿਸ ਨੂੰ 'ਮਹਲਾ' ਕਹਿੰਦੇ ਹਨ, ਨਗਾਰਿਆਂ ਦੀ ਧੁਨੀ ਵਿਚ,

ਤਰਨ ਤਾਰਨ ਦੀ ਮੱਸਿਆ :

ਤਰਨ ਤਾਰਨ ਵਿਚ ਉਂਜ ਤਾਂ ਹਰ ਮਸਿਆ ਨੂੰ ਮੇਲਾ ਲਗਦਾ ਹੈ, ਪਰ ਭਾਦਰੋਂ ਦੀ ਮਸਿਆ ਨੂੰ ਇਕ ਭਾਰੀ ਉਤਸਵ ਮਨਾਇਆ ਜਾਂਦਾ ਹੈ ਤੇ ਦੂਰੋਂ ਦੂਰੋਂ ਹੁੰਮ ਹੁਮਾ ਕੇ ਇਸ ਮੇਲੇ ਵਿਚ ਆਉਂਦੇ ਹਨ।

ਮੇਲਾ ਚੋਲਾ ਸਾਹਿਬ :

ਡੇਹਰਾ ਬਾਬਾ ਨਾਨਕ ਵਿਖੇ, ਮਾਰਚ ਦੇ ਮਹੀਨੇ ਚੋਲਾ ਸਾਹਿਬ ਲਗਦਾ ਹੈ, ਜਿਸ ਵਿਚ ਆਸ ਪ ਇਲਾਕੇ ਤੋਂ ਦੋ ਢਾਈ ਲਖ ਸੰਗਤਾਂ ਸ਼ਾਮਲ ਹੁੰਦੀਆਂ ਇਹ ਮੇਲਾ ਹਫ਼ਤਾ ਕੁ ਰਹਿੰਦਾ ਹੈ। ਸੰਗਤਾਂ ਚੋ ਦਰਸ਼ਨ ਕਰਦੀਆਂ ਹਨ।

ਕੁਝ ਮੇਲੇ ਜਠੇਰਿਆਂ ਨਾਲ ਸਬੰਧਿਤ ਹਨ। ਜਠੇ ਦੀ ਪੂਜਾ, ਪਿੱਤਰ ਪੂਜਾ ਦਾ ਹੀ ਇਕ ਰੂਪ ਹੈ। ਜੱਟ ਜਠੇਰਿਆਂ ਦੀ ਪੂਜਾ ਅੱਜ ਵੀ ਪ੍ਰਚਲਤ ਹੈ। ਹਰ ਦਾ ਆਪੋ ਆਪਣਾ ਵੱਖਰਾ ਜਠੇਰਾ ਹੈ, ਜਿਸ ਦੀ ਉਤੇ, ਸਾਲ ਵਿਚ ਇਕ ਵਾਰ ਜ਼ਰੂਰ ਮੇਲਾ ਲਗਦ ਮੇਲੇ ਵਿਚ ਉਸ ਕਬੀਲੇ ਦੇ ਲੋਕਾਂ ਤੋਂ ਇਲਾਵਾ ਦੂ ਜਾਤਾਂ ਤੇ ਗੋਤਾਂ ਦੇ ਲੋਕ ਵੀ ਸ਼ਾਮਲ ਹੁੰਦੇ ਹਨ। ਕੁਝ ਅਜਿਹੇ ਮੇਲਿਆਂ ਦਾ ਵਰਨਣ ਕਰਨਾ ਜ਼ਰੂਰ ਕਿਉਂ ਜੋ ਇਹ ਮੇਲੇ ਵੀ ਸਾਡੇ ਸਭਿਆਚਾਰਕ ਚ ਦੇ ਅੰਗ ਹਨ।

ਮੋਗੇ ਤਹਿਸੀਲ ਵਿਚ, ਕੁਲੀ ਚਾਹਿਲਾਂ ਵਿਚ, ਪੀਰ ਦੀ ਮਾੜੀ ਉਤੇ ਚੇਥੇ ਨੌਰਾਤੇ ਨੂੰ ਇਕ ਮੇਲਾ ਹੈ, ਜਿਸ ਵਿਚ ਚਾਹਿਲ ਗੋਤ ਦੇ ਜੱਟ ਦੂਰ ਦੂਰ ਆ ਕੇ ਸ਼ਾਮਲ ਹੁੰਦੇ ਹਨ। ਜੋਗੀ ਪੀਰ ਚਾਹਿਲ ਜ ਕੋਈ ਜਠੇਰਾ ਸੀ, ਜੋ ਮੁਗ਼ਲਾਂ ਨਾਲ ਲੜਦਾ ਸ਼ ਗਿਆ। ਰਵਾਇਤ ਹੈ ਕਿ ਸੀਸ ਧੜ ਨਾਲੋਂ ਵੱਖ 'ਤੇ ਵੀ ਜੋਗਾ ਇਕ ਹੱਥ ਵਿਚ ਸੀਸ ਤੇ ਦੂਜੇ ਵਿਚ ਤ ਫੜੀ, ਮੁਗ਼ਲਾਂ ਦੇ ਆਹੂ ਲਾਹੁੰਦਾ ਰਿਹਾ।

ਮੋਗੇ ਤਹਿਸੀਲ ਵਿਚ ਹੀ, ਰਾਜਿਆਨੇ ਵਿਚ, ਪੀਰ ਦੀ ਮਾੜੀ ਉਤੇ ਹਰ ਸਾਲ ਦੋ ਮੇਲੇ ਇਕ ਚੇ ਚੋਦਸ ਨੂੰ ਤੇ ਦੂਜਾ ਵਿਸਾਖ ਦੀ ਸੰਗਰਾਂਦ ਨੂੰ ਲਗ ਜਿਸ ਵਿਚ ਗਿੱਲ ਗੋਤ ਦੇ ਜੱਟ ਸ਼ਾਮਲ ਹੁੰਦੇ

ਜਿਸ ਵਿਚ ਮਾਲ੍ਹੀ ਗੋਤ ਦੇ ਜੱਟ ਸ਼ਾਮਲ ਹੁੰਦੇ ਹਨ। ਮਾਲ੍ਹੀ ਗੋਤ ਵਾਲਿਆਂ ਨੇ ਆਪਣਾ ਮਿਰਾਸੀ ਚਰਖ (ਕਲਸੀਆਂ) ਭੇਜ ਕੇ ਆਪਣੇ ਜਠੇਰੇ ਦੀ ਮਾੜੀ ਦੀਆਂ ਦੋ ਪਕੀਆਂ ਇੱਟਾਂ ਤੇ ਦੋ ਦੀਵੇ ਮੰਗਵਾ ਕੇ, ਮੇਲੇ ਦੀ ਨੀਂਹ ਰਖੀ ਸੀ। ਪਹਿਲਾਂ ਇਸ ਮੇਲੇ ਵਿਚ ਮਾਲ੍ਹੀ ਜੱਟ ਹੀ ਸ਼ਾਮਲ ਹੁੰਦੇ ਸਨ, ਪਰ ਪਿਛੋਂ ਇਲਾਕੇ ਦੇ ਦੂਜੇ ਲੋਕੀਂ ਵੀ ਸ਼ਾਮਲ ਹੋਣ ਲਗੇ। ਇਸ ਤਰ੍ਹਾਂ ਦੇ ਕਈ ਹੋਰ ਮੇਲੇ ਪੰਜਾਬ ਵਿਚ ਲਗਦੇ ਹਨ।

ਪੰਜਾਬੀਆਂ ਦੀ ਆਪਣੇ ਮਹਿਬੂਬ ਪਾਤਰਾਂ ਤੇ ਕਵੀਆਂ ਪ੍ਰਤੀ ਵੀ ਸਨੇਹ ਤੇ ਸ਼ਰਧਾ ਹੈ। ਲਾਹੌਰ ਵਿਚ ਹਰ ਸਾਲ ਦੋ ਮੇਲੇ ਸ਼ਾਹ ਹੁਸੈਨ ਦੀ ਮਜ਼ਾਰ ਉਤੇ ਲਗਦੇ ਹਨ। ਹੀਰ, ਜੋ ਪੰਜਾਬੀ ਮੁਟਿਆਰਾਂ ਦੇ ਦਿਲਾਂ ਦਾ ਦਰਦ ਤੇ ਗਭਰੂਆਂ ਦਾ ਅਜ ਵੀ ਸੁਪਨਾ ਹੈ, ਉਸ ਦੀ ਯਾਦ ਵਿਚ, ਉਸ ਦੀ ਕਬਰ ਉਤੇ, ਝੰਗ ਵਿਚ, ਇਕ ਮੇਲਾ ਲਗਦਾ ਹੈ।

ਤਿਉਹਾਰਾਂ ਦਾ ਕਾਫਲਾ :

ਧਰਮ ਵਾਂਗ, ਤਿਉਹਾਰਾਂ ਦੇ ਨਿਰਮਾਣ ਵਿਚ ਵੀ ਜਾਦੂ ਟੂਣੇ ਦੀ ਭਾਵਨਾ ਦਾ ਬੜਾ ਹੱਥ ਹੈ। ਆਦਿਮ ਮਨੁਖ ਸ੍ਰਿਸ਼ਟੀ ਦੀ ਹਰ ਜੜ੍ਹ-ਚੇਤਨ ਪ੍ਰਾਣ-ਅਪ੍ਰਾਣ ਵਸਤੂ ਵਿਚ ਕਿਸੇ ਆਤਮਾ ਨੂੰ ਅਨੁਭਵ ਕੀਤਾ ਕਰਦਾ ਅਤੇ ਆਪਣੇ ਕਬੀਲੇ ਦੇ ਇਕਠ ਵਿਚ, ਵਿਸ਼ੇਸ਼ ਵਿਧੀ ਨਾਲ ਕੋਈ ਕਿਰਿਆ ਕਰਕੇ, ਉਸ ਆਤਮਾ ਸ਼ਕਤੀ ਨੂੰ ਪ੍ਰਭਾਵਿਤ ਕਰਕੇ, ਮਨ ਇਛਤ ਫਲ ਪ੍ਰਾਪਤ ਕਰਨ ਦੀ ਚੇਸ਼ਟਾ ਕੀਤਾ ਕਰਦਾ ਸੀ। ਖ਼ਾਸ ਖ਼ਾਸ ਮੌਕਿਆਂ ਉਤੇ, ਸਾਮੂਹਿਕ ਰੂਪ ਵਿਚ ਕੀਤੀਆਂ ਵਿਸ਼ੇਸ਼ ਵਿਧੀਆਂ ਤੇ ਕਿਰਿਆਵਾਂ ਹੀ, ਸਮੇਂ ਨਾਲ ਜੀਵਨ-ਪ੍ਰਵਾਹ ਦਾ ਅੰਗ ਬਣ ਕੇ, ਪੁਰਬਾਂ ਦਾ ਰੂਪ ਧਾਰਨ ਕਰ ਗਈਆਂ। ਮਿਸਾਲ ਦੇ ਤੌਰ ਤੇ, ਮੁੱਢ ਵਿਚ ਦੀਵਾਲੀ ਦਾ ਮਨੋਰਥ ਦੀਵਿਆਂ ਦੇ ਚਾਨਣ ਦੁਆਰਾ ਚੰਦਰੀਆਂ ਰੂਹਾਂ ਤੋਂ ਆਪਣੇ ਘਰ ਤੇ ਪਿੰਡ ਦੀ ਰਖਿਆ ਕਰਨੀ ਸੀ, ਉਹ ਇਸ ਰੁਤੇ ਲੋਕਾਂ ਨੂੰ ਦੁਖ ਦੇਣ ਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਨ ਲਈ ਧਰਤੀ ਉਤੇ ਘੁੰਮਦੀਆਂ ਮੰਨੀਆਂ ਜਾਂਦੀਆਂ ਸਨ।

ਤਿਉਹਾਰਾਂ ਦਾ ਮੁਢ ਮਨੁੱਖ ਦੀ ਸਾਮੂਹਿਕ ਵਿਕਾਸ ਦੀ ਭਾਵਨਾ ਵਿਚ ਬਝਿਆ ਅਤੇ ਹੌਲੇ ਹੌਲੇ ਇਨ੍ਹਾਂ ਰਾਂਗਲੀਆਂ ਚੂਲਾਂ ਦੁਆਲੇ ਜਾਤੀ ਦਾ ਸਾਰਾ ਸਮਾਜਿਕ, ਧਾਰਮਿਕ ਤੇ ਭਾਈਚਾਰਕ ਜੀਵਨ ਚੱਕੀ ਦੇ ਪੁੜ ਵਾਂਗ ਘੁੰਮਣ ਲਗਾ।

ਜਾਵੇਗਾ। ਚੰਦਨ ਦੀਆਂ ਤਿਥਾਂ ਨਾਲ ਸਬੰਧਿਤ
ਇਕਾਦਸ਼ੀ, ਪੂਰਨਮਾਸ਼ੀ ਤੇ ਮਸਿਆ ਆਦਿ ਖੂਹ
ਟਿੰਡਾਂ ਵਾਂਗ ਸਦਾ ਗੇੜੇ ਪਏ ਰਹਿੰਦੇ ਹਨ। ਫਿਰ
ਹਰ ਮਹੀਨੇ ਸੁਚੇ ਮੂੰਹ ਆਉਂਦੀ ਹੈ। ਸੂਰਜ ਦਾ
ਰਾਸ਼ੀ ਵਿਚ ਪੈਰ ਪਾਉਣ ਕਰਕੇ ਇਸ ਦਿਨ ਦ
ਮਹੱਤਾ ਹੈ। ਜੇ ਇਹ ਦਿਨ ਦਿਹਾਰ ਚੰਗਾ ਲੰਘ
ਕਹਿੰਦੇ ਹਨ, ਸਾਰਾ ਮਹੀਨਾ ਹੀ ਸੁਖ ਦਾ ਬੀਤਦ
ਇਸ ਲਈ ਕਈ ਲੋਕੀਂ ਹਰ ਸੰਗਰਾਂਦ ਰੀਝ ਨਾਲ ਮ
ਤੇ ਇਸ ਦਿਨ ਘਰਾਂ ਵਿਚ ਮਿਠੇ ਪਦਾਰਥ ਪਕਾਉਂਦੇ
ਦੂਜੇ ਦਿਨ ਦਿਹਾਰਾਂ ਨਾਲ ਵੀ ਕੋਈ ਸਮਾਜਿਕ ਜਾਂ ਧ
ਭਾਵਨਾ ਜੁੜੀ ਹੋਈ ਹੈ ਤੇ ਲੋਕੀਂ ਉਨ੍ਹਾਂ ਨੂੰ ਸ਼ਰਧਾ
ਮਨਾਉਂਦੇ ਹਨ।

ਪੰਜਾਬ ਵਿਚ ਨਵਾਂ ਵਰ੍ਹਾ ਚੇਤਰ ਦੀ ਏਕਮ ਤੋ
ਹੁੰਦਾ ਹੈ। ਇਸ ਦਿਨ 'ਨਵਾਂ ਸੰਮਤ' ਮਨਾਇਆ ਜਾ
ਇਸ ਰੁਤ ਵਿਚ ਬਹਾਰ ਭਰ-ਜੋਬਨ ਵਿਚ ਹੁੰਦੀ ਹੈ
ਟਹਿਣੀ ਉਤੇ ਫੁੱਲਾਂ ਦੀ ਬਰਾਤ ਅਤੇ ਹਰ ਰੰਗੀ
ਬਨਸਪਤੀ ਨਚਦੀ ਤੇ ਗੀਤ ਅਲਾਪ ਰਹੀ ਹੁੰਦੀ ਹੈ
ਰੁੱਤ ਦਾ ਸਵਾਦ ਮਾਨਣ ਲਈ, ਇਸ ਦਿਨ ਨਵੀਂ
ਦੀਆਂ ਬਲੀਆਂ ਤੇ ਛੋਲਿਆਂ ਦੀਆਂ ਹੋਲਾਂ ਭੁੰਨ ਕੇ ਖ
ਜਾਂਦੀਆਂ ਹਨ। ਇਸ ਰੀਤ ਨੂੰ 'ਅੰਨ ਨਵਾਂ ਕਰਨਾ'
ਹਨ। ਜਿਹੜੇ ਨਵੀਂ ਕਣਕ ਮੂੰਹ ਨਹੀਂ ਲਗਾ
ਉਹ ਘਰ ਵਿਚ ਤੁੰਜੀ ਕਣਕ ਦੇ ਦਲੀਏ ਦੀ ਖੀਰ
ਖਾਂਦੇ ਹਨ।

ਚੇਤਰ ਸੁਦੀ ਅਠਵੀਂ ਨੂੰ ਦੇਵੀ ਦੇ ਉਪਾਸਕ
ਕਰਦੇ ਹਨ। ਛੋਟੀਆਂ ਕੁੜੀਆਂ ਕੰਜ-ਕੁਆਰੀਆਂ, ਜਿ
'ਕੰਜਕਾਂ' ਕਹਿੰਦੇ ਹਨ, ਨੂੰ ਦੇਵੀ ਮਾਤਾ ਦਾ ਰੂਪ
ਪੂਜਿਆ ਜਾਂਦਾ ਤੇ ਉਨ੍ਹਾਂ ਨੂੰ ਕੜਾਹ ਪੂੜੀਆਂ ਤੇ ਕੁ
ਦੱਖਣਾ ਵਜੋਂ ਭੇਟ ਕੀਤੇ ਜਾਂਦੇ ਹਨ। ਕੰਜਕਾਂ ਕਰਨ
ਮਾਤਾ ਰਾਣੀ ਪ੍ਰਸੰਨ ਰਹਿੰਦੀ ਹੈ ਤੇ ਬੱਚੇ ਨਰੋਏ।

ਚੇਤਰ ਸੁਦੀ ਨੌਂਵੀਂ ਨੂੰ ਰਾਮ ਨੌਮੀ ਦਾ ਤਿਉਹਾਰ
ਹੈ। ਇਸ ਤਿੱਥ ਨੂੰ ਸ੍ਰੀ ਰਾਮ ਚੰਦਰ ਨੇ ਜਨਮ ਲਿਆ
ਰਾਮ ਨੌਮੀ ਨੂੰ ਵੈਸ਼ਨੋ ਮਤ ਵਾਲੇ ਵਰਤ ਰਖਦੇ ਹ
ਮੰਦਰਾਂ ਵਿਚ ਰਾਮ ਚੰਦਰ ਦੀ ਮਹਿਮਾ ਵਿਚ ਭਜਨ
ਜਾਂਦੇ ਹਨ।

ਜੇਠ ਦੇ ਮਹੀਨੇ

ਸ਼ਹੀਦੀ ਦੀਵਾਨ ਲਗਦੇ ਹਨ ਅਤੇ ਸ਼ਹੀਦੀ ਦੀ ਕਥਾ ਕਰੁਣਾਮਈ ਸ਼ਬਦਾਂ ਵਿਚ ਕੀਤੀ ਜਾਂਦੀ ਹੈ। ਇਸ ਦਿਨ ਕੱਚੀ ਲੱਸੀ ਦੀਆਂ ਛਬੀਲਾਂ ਵੀ ਲਗਦੀਆਂ ਹਨ।

ਜੇਠ ਦੀ ਇਕਾਦਸੀ ਨੂੰ ਨਿਮਾਣੀ ਇਕਾਦਸ਼ੀ ਦਾ ਤਿਉਹਾਰ ਆਉਂਦਾ ਹੈ। ਇਸ ਦਿਨ ਹਿੰਦੂ ਨਿਰਜਲ ਵਰਤ ਰਖਦੇ ਹਨ, ਜੋ ਸਭ ਵਰਤਾਂ ਤੋਂ ਕਠਿਨ ਹੁੰਦਾ ਹੈ। ਇਸੇ ਰੁਤੇ ਜਦੋਂ ਘੜੀ ਮੁੜੀ ਮੂੰਹ ਸੁਕਦਾ ਤੇ ਪਿਆਸ ਵਿਆਕੁਲ ਕਰਦੀ ਹੈ। ਮਿੱਠੇ ਪਾਣੀ ਦੀਆਂ ਛਬੀਲਾਂ ਲਗਾਣੀਆਂ ਵੱਡਾ ਪੁੰਨ ਮੰਨਿਆ ਜਾਂਦਾ ਹੈ। ਇਸੇ ਲਈ, ਇਸ ਦਿਨ ਦਾਨੀ ਸਜਨ ਲੱਸੀ ਦੀਆਂ ਛਬੀਲਾਂ ਲਗਾਉਂਦੇ ਹਨ।

ਜੇਠ ਹਾੜ ਦੀਆਂ ਤੱਪਦੀਆਂ ਲੂਹਾਂ ਪਿਛੋਂ ਸਾਵਣ ਦੇ ਮੀਂਹਾਂ ਦਾ ਆਪਣਾ ਸਵਾਦ ਹੈ। ਇਸ ਰੁੱਤ ਦਾ ਰਸ ਤੇ ਸਵਰਗੀ ਝੂਟਾ ਮਾਣਨ ਲਈ, ਸਾਵਣ ਦੀ ਤੀਜੀ ਤਿੱਥ ਨੂੰ 'ਤੀਹਾਂ' ਮਨਾਈਆਂ ਜਾਂਦੀਆਂ ਹਨ। ਇਹ ਪੁਰਬ ਪੂਰਨਮਾਸ਼ੀ ਤਕ ਚਲਦਾ ਹੈ ਅਤੇ ਮੁਟਿਆਰਾਂ ਕੁਦਰਤ ਨਾਲ ਇਕਸੁਰ ਹੋ ਕੇ, ਗਿੱਧੇ ਪਾਉਂਦੀਆਂ, ਪੀਂਘਾਂ ਝੂਟਦੀਆਂ ਤੇ ਗੀਤਾਂ ਦੀ ਮਧੁਰ ਧੁਨੀਆਂ ਨਾਲ ਵਾਤਾਵਰਨ ਵਿਚ ਰਸ ਘੋਲੀ ਰਖਦੀਆਂ ਹਨ। ਸਾਵਣ ਦੇ ਦਿਨੀਂ ਘਰਾਂ ਵਿਚ ਖੀਰ, ਪੂੜੇ ਤੇ ਸੇਵੀਆਂ ਪਕਾ ਕੇ ਖਾਣ ਪੀਣ ਦਾ ਝਸ ਵੀ ਪੂਰਾ ਕਰ ਲਿਆ ਜਾਂਦਾ ਹੈ। ਇਸ ਬਾਰੇ ਇਕ ਕਹਾਵਤ ਵੀ ਪ੍ਰਚਲਤ ਹੈ :

ਸਾਵਣ ਖੀਰ ਨਾ ਖਾਧੀਆ<br>
ਤਾਂ ਕਿਉਂ ਜੰਮਿਉਂ ਅਪਰਾਧੀਆ

ਸਾਵਣ ਦੀ ਰੁੱਤ ਪ੍ਰੇਮੀਆਂ ਦੇ ਪਿਆਰ ਦੀ ਹੀ ਨਹੀਂ, ਭੈਣ ਵੀਰ ਦੇ ਪਿਆਰ ਦੀ ਵੀ ਰੁੱਤ ਹੈ। ਜੇ ਪ੍ਰੇਮਕਾ ਦਾ ਪਿਆਰ, ਰਾਤ ਦੀ ਰਾਣੀ ਵਾਂਗ ਮਹਿਕਦਾ ਹੈ ਤਾਂ ਭੈਣ ਦਾ ਪਿਆਰ ਚੰਬੇਲੀ ਦੀ ਖ਼ੁਸ਼ਬੋ ਵਾਂਗ ਇਸ ਰੁੱਤ ਵਿਚ ਰਚਿਆ ਹੁੰਦਾ ਹੈ। ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਹ ਪੁਰਬ ਭੈਣ ਭਰਾ ਦੇ ਨਿਰਮਲ ਪਿਆਰ ਤੇ ਇਕ ਦੂਜੇ ਪ੍ਰਤੀ ਮਿਠੀਆਂ ਨਿਰਛਲ ਭਾਵਨਾਵਾਂ ਦਾ ਬੋਧਿਕ ਹੈ। ਭੈਣਾਂ ਬੜੇ ਚਾਅ ਨਾਲ ਭਰਾਵਾਂ ਦੀ ਵੀਣੀ 'ਤੇ ਰੱਖੜੀ ਦਾ ਸੂਤਰ ਬੰਨ੍ਹਦੀਆਂ ਹਨ ਤੇ ਉਹ ਉਨ੍ਹਾਂ ਵਿਚ ਜੀਵਨ ਨਾਲ ਜੂਝਣ ਲਈ ਨਵਾਂ ਬਲ ਭਰਦੀਆਂ ਹਨ। ਰੱਖੜੀ ਦੀਆਂ ਤੰਦਾਂ ਅਸਪਾਤ ਦਾ ਰੂਪ ਧਾਰ, ਵੀਰ ਦੇ ਲਹੂ ਵਿਚ ਰਚ ਜਾਂਦੀਆਂ ਹਨ ਤੇ ਉਹ ਭੈਣ ਦੀ ਰਖਿਆ

ਉਤੇ ਗਾਨੇ ਬੰਨ੍ਹ ਕੇ ਉਨ੍ਹਾਂ ਨੂੰ ਰਣਤੱਤੇ ਵਿਚ ਭ
ਕਰਦੀਆਂ ਸਨ। ਇਹ ਗਾਨੇ ਵੀਰਾਂ ਅੰਦਰ ਜੋਸ਼ ਤੇ
ਭਾਵਨਾ ਜਗਾਈ ਰਖਦਾ ਤੇ ਉਹ ਭੈਣਾਂ ਤੇ ਦੇਸ਼ ਦੀ
ਲਈ ਜਾਨਾਂ ਉਤੇ ਖੇਡ ਜਾਂਦੇ ਸਨ।

ਸਾਵਣ ਭਾਦਰੋਂ ਦੀ ਸਲਾਭੀ ਰੁੱਤ ਵਿਚ ਪ
ਖੁੱਲ੍ਹੀ ਹਵਾ ਵਿਚ ਵਿਭੋਰ ਹੋਏ ਫਿਰਦੇ ਹਨ। ਸੱਪ ਵ
ਵਿਚੋਂ ਨਿਕਲ ਆਉਂਦੇ ਹਨ। ਇਸੇ ਮਹੀਨੇ ਸਰ
ਕੀਤੀ ਜਾਂਦੀ ਹੈ। ਭਾਦਰੋਂ ਦੇ ਮਹੀਨੇ ਗੁੱਗਾ ਨੌ
ਤਿਉਹਾਰ ਆਉਂਦਾ ਹੈ। ਗੁੱਗੇ ਦੇ ਭਗਤ ਘਰ ਦੀ
ਕੰਧ ਉਤੇ, ਹਲਦੀ ਨਾਲ, ਗੁਗੇ ਦੀ ਇਕ ਮੂਰਤੀ ਬ
ਹਨ, ਮੂਰਤੀ ਦੇ ਸਾਹਮਣੇ ਕਾਲੀ ਸਿਆਹੀ ਨਾਲ
ਨਾਗ ਉਲੀਕਦੇ ਹਨ ਤੇ ਫਿਰ ਗੁੱਗਾ ਪੂਜਿਆ ਜਾਂ
ਇਹ ਪੂਜਾ, ਆਦਿਮ-ਕਾਲ ਤੋਂ ਚਲੀ ਆ ਰਹੀ ਸਰ
ਦਾ ਹੀ ਇਕ ਸੁਲਝਿਆ ਰੂਪ ਹੈ। ਗੁੱਗੇ ਦੇ
ਗੁੱਗੇ ਦੀ ਪ੍ਰਸੰਨਤਾ ਲਈ, ਸੱਪਾਂ ਦੀਆਂ ਖੁੱਡਾਂ ਵਿ
ਲੱਸੀ ਪਾਉਂਦੇ ਹਨ। ਘਰਾਂ ਵਿਚ ਮਿੱਠੀਆਂ ਸ
ਰਿੰਨ੍ਹੀਆਂ ਜਾਂਦੀਆਂ ਹਨ। ਜਿਹੜੇ ਲੋਕ ਗੁੱਗੇ ਨੂੰ ਨ
ਪੂਜਦੇ, ਉਹ ਵੀ ਇਸ ਦਿਨ ਸੇਂਵੀਆਂ ਰਿੰਨ੍ਹ ਕੇ ਅ
ਵਿਚ ਗੁੱਗੇ ਨੂੰ ਪ੍ਰਸੰਨ ਕਰ ਲੈਂਦੇ ਹਨ। ਸੇਂਵੀਆਂ ਦੀ
ਸਪੋਲੀਆਂ ਨਾਲ ਰਲਦੀ ਹੋਣ ਕਰ ਕੇ, ਗੁੱਗੇ ਨੂੰ ਇ
ਬਹੁਤ ਪਸੰਦ ਹੈ।

ਗੁੱਗੇ ਪੀਰ ਦੇ ਸਿਦਕੀ ਭਗਤ ਲਾਲਬੇਗੀ ਇ
ਇਕ ਲੰਮਾ ਸਾਰਾ ਝੰਡਾ, ਜਿਸ ਨੂੰ ਉਨ੍ਹਾਂ ਨੇ ਮੋਰ ਦੇ
ਘੋਗਿਆਂ, ਕੌਡਾਂ ਝੰਡੀਆਂ, ਰੰਗ ਬਰੰਗੀਆਂ ਟਾ
ਨਾਰੀਅਲਾਂ ਨਾਲ ਸਜਾਇਆ ਤੇ ਸ਼ਿੰਗਾਰਿਆ
ਉਸ ਨੂੰ ਗੁਗੇ ਪੀਰ ਦਾ ਰੂਪ ਮੰਨ ਕੇ, ਗਲੀ
ਪਿੰਡ ਪਿੰਡ ਫੇਰਦੇ ਤੇ ਦਾਨ ਲੈਂਦੇ ਹਨ। ਜਿਹੜ
ਝੰਡੇ ਨੂੰ ਚੁਕਦਾ ਹੈ ਉਸ ਨੂੰ 'ਪੀਰ ਦੀ ਘੋੜੀ' ਕਿ
ਹੈ ਤੇ ਇਹ ਮਾਣ ਕਿਸੇ ਬੜੇ ਸਿਦਕੀ ਨੂੰ ਹੀ ਮਿਲਦਾ

ਪ੍ਰਾਚੀਨ ਕਾਲ ਵਿਚ, ਪੰਜਾਬ ਵਿਚ ਆਰੀਆ
ਲੋਕ ਇਨ੍ਹੀਂ ਦਿਨੀਂ ਹੀ ਇੰਦਰ ਮਾਹਾ ਨਾਂ
ਉਤਸਵ ਮਨਾਇਆ ਕਰਦੇ ਸਨ ਜਿਸ ਵਿਚ ਇ
ਜਿਸ ਨੂੰ ਇੰਦਰ-ਧਵੱਜ ਕਿਹਾ ਜਾਂਦਾ ਸੀ, ਨੂੰ ਫੁੱਲਾਂ
ਘੰਟੀਆਂ, ਸ਼ੀਸ਼ਿਆਂ ਨਾਲ ਸ਼ਿੰਗਾਰ ਕੇ ਗਲੀ ਬਜ਼ਾ
ਜਲੂਸ ਦੀ ਸ਼ਕਲ ਵਿਚ ਫੇਰਿਆ ਕਰਦੇ ਸਨ। ਸ਼

ਸੰਕੇਤ ਕਰਦਾ ਹੈ। ਕਈ ਗੁੱਗੇ ਨੂੰ ਇੰਦਰ ਦਾ ਅਵਤਾਰ ਵੀ ਮੰਨਦੇ ਹਨ। ਪੱਛਮ ਵਿਚ ਇਸੇ ਨਾਲ ਮਿਲਦਾ ਜੁਲਦਾ ਇਕ ਉਤਸਵ ਮੇ-ਪੋਲ (May Pole) ਮਨਾਇਆ ਜਾਂਦਾ ਹੈ।

ਗੁੱਗਾ ਨੌਮੀ ਨੂੰ ਕਈ ਭਗਤ ਛਪਾਰ ਵਿਚ ਗੁੱਗੇ ਦੀ ਮਾੜੀ ਉਤੇ ਜਾ ਕੇ ਮਿਟੀ ਕਢਦੇ ਹਨ। ਤੀਵੀਆਂ ਦੀਆਂ ਟੋਲੀਆਂ ਗੁੱਗੇ ਦੀ ਮਹਿਮਾ ਵਿਚ ਗੀਤ ਗਾਉਂਦੀਆਂ ਹੋਈਆਂ ਛਪਾਰ ਜਾਂਦੀਆਂ ਹਨ :

ਭੋਲ ਮੋਰੀ ਵਿਚ ਛਬੀਲਾ
ਮੈਂ ਗੁੱਗਾ ਮਨਾਵਣ ਚਲੀਆਂ
ਨੀਂ ਮੈਂ ਵਾਰੀ ਗੁੱਗੇ ਤੋਂ।
ਛੰਨਾ ਭਰਿਆ ਦੁੱਧ ਦਾ
ਮੇਰਾ ਗੁੱਗਾ ਮਾੜੀ ਵਿਚ ਕੁਦਦਾ।
ਨੀ ਮੈਂ ਵਾਰੀ ਗੁੱਗੇ ਤੋਂ।

ਇਸੇ ਰੁਤੇ, ਦੁਆਪਰ ਯੁੱਗ ਵਿਚ ਕ੍ਰਿਸ਼ਨ ਨੇ ਅਵਤਾਰ ਧਾਰਨ ਕੀਤਾ ਸੀ। ਜਿਨ੍ਹਾਂ ਦਾ ਪੁਰਬ ਭਾਦਰੋਂ ਦੀ ਕ੍ਰਿਸ਼ਨਾ ਪੱਖ ਦੀ ਅਠਵੀਂ ਨੂੰ 'ਜਨਮ ਅਸ਼ਟਮੀ' ਵਾਲੇ ਦਿਨ ਮਨਾਇਆ ਜਾਂਦਾ ਹੈ। ਵੈਸ਼ਨੋ ਮਤ ਵਾਲੇ ਇਸ ਪੁਰਬ ਨੂੰ ਧਾਰਮਿਕ ਭਾਵਨਾ ਨਾਲ ਮਨਾਉਂਦੇ ਹਨ। ਇਸ ਦਿਨ ਵਰਤ ਰਖਿਆ ਜਾਂਦਾ ਹੈ ਤੇ ਮੰਦਰਾਂ ਵਿਚ ਕ੍ਰਿਸ਼ਨ ਦੀ ਜਨਮ ਕਥਾ ਸੁਣਾਈ ਜਾਂਦੀ ਹੈ। ਪੰਜਾਬ ਦੇ ਅਨੇਕਾਂ ਪਿੰਡਾਂ ਵਿਚ ਇਨ੍ਹੀਂ ਦਿਨੀਂ ਰਾਸ-ਲੀਲਾ ਖੇਡੀ ਜਾਂਦੀ ਹੈ।

ਅਸੂ ਦੇ ਮਹੀਨੇ ਅਕਾਸ਼ ਦੀ ਨੀਲੀ ਭਾ ਵੇਖਣ ਵਾਲੀ ਹੁੰਦੀ ਹੈ। ਲੋਕਾਂ ਨੂੰ ਤਾਰਿਆਂ ਵਿਚ ਆਪਣੇ ਪਿੱਤਰ ਵਿਖਾਈ ਦੇਂਦੇ ਹਨ। ਇਸ ਮਹੀਨੇ ਹਨੇਰੇ ਪੱਖ ਦੀਆਂ ਪੰਦਰਾਂ ਤਿੱਥੀਆਂ ਨੂੰ ਸਰਾਧ ਕੀਤੇ ਜਾਂਦੇ ਅਥਵਾ ਪਿੱਤਰਾਂ ਪ੍ਰਤੀ ਸਰਧਾ ਪ੍ਰਗਟ ਕੀਤੀ ਜਾਂਦੀ ਹੈ। ਸ਼ਰਾਧ ਇਕ ਧਾਰਮਿਕ ਰੀਤ ਹੈ, ਜਿਸ ਦਾ ਮਨੋਰਥ ਪਿੱਤਰਾਂ ਨੂੰ, ਅਗਲੇ ਲੋਕ ਵਿਚ ਭੋਜਨ ਪਹੁੰਚਾਣਾ ਹੈ। ਪਿਤਰਾਂ ਦੀ ਮਰਨ ਤਿੱਥ ਨੂੰ, ਬ੍ਰਾਹਮਣਾਂ ਨੂੰ ਨਿਉਤਾ ਦਿਤਾ ਜਾਂਦਾ ਹੈ ਤੇ ਕੜਾਹ, ਪੂੜੀਆਂ ਤੇ ਖੀਰ ਆਦਿ ਖਵਾਈ ਜਾਂਦੀ ਤੇ ਪੁੰਨ ਦਾਨ ਦਿਤਾ ਤੇ ਦੀਪ ਦਾਨ ਕੀਤਾ ਜਾਂਦਾ ਹੈ। ਲੋਕਾਂ ਦਾ ਨਿਸਚਾ ਹੈ ਕਿ ਇਹ ਪਦਾਰਥ ਅਗਲੇ ਲੋਕ ਵਿਚ ਪਿੱਤਰਾਂ ਨੂੰ ਪਹੁੰਚਦੇ ਹਨ। ਸ਼ਾਸਤਰਾਂ ਅਨੁਸਾਰ ਹਰ ਹਿੰਦੂ ਦਾ ਇਹ ਧਾਰਮਿਕ ਫਰਜ਼ ਬਣਦਾ ਹੈ ਕਿ ਉਹ ਸਰਾਧ ਕਰ ਕੇ ਪਿਤਰਾਂ ਦਾ ਰਿਣ

ਜੋ ਅਸੂ ਮਹੀਨੇ ਦੇ ਚਾਨਣ ਪੱਖ ਦੀ ਏਕਮ ਤੋਂ ਤਕ ਰਹਿੰਦੇ ਹਨ। ਇਨ੍ਹਾਂ ਮਿੱਥਾਂ ਵਿਚ ਮਾਤ ਸਾਂਝੀ ਮਾਈ ਦੀ ਪੂਜਾ ਕੀਤੀ ਜਾਂਦੀ ਹੈ ਤੇ ਮੰਗਲ ਕਾਰਜਾਂ ਲਈ ਬੜੀਆਂ ਸ਼ੁਭ ਮੰਨੀਆਂ ਜਾਂ ਗੌਰਜਾਂ ਜਾਂ ਸਾਂਝੀ ਮਾਈ ਪਾਰਬਤੀ ਦਾ ਹੀ ਕੰਜ-ਕੁਆਰੀਆਂ ਇਸ ਦੀ ਪੂਜਾ ਖ਼ਾਸ ਉਮੰਗ ਕਰਦੀਆਂ ਹਨ। ਕਿਹਾ ਜਾਂਦਾ ਹੈ ਕਿ ਜਿਸ ਗੌਰਜਾਂ ਮਾਤਾ ਪ੍ਰਸੰਨ ਹੋ ਜਾਵੇ, ਉਸ ਦੀਆਂ ਪੂਰੀਆਂ ਹੋ ਜਾਂਦੀਆਂ ਹਨ ਤੇ ਉਸ ਨੂੰ ਮਨ- ਮਿਲਦਾ ਹੈ।

ਪਹਿਲੇ ਨੌਰਾਤੇ ਵਾਲੇ ਦਿਨ ਕੁੜੀਆਂ, ਨੁਕਰੇ ਜਾਂ ਕੋਰੇ ਕੁੱਜੇ ਵਿਚ, ਜੌਂ ਬੀਜਦੀਆਂ ਉਹ 'ਖੇਤਰੀ' ਜਾਂ 'ਗੌਰਾਂ ਦੀ ਖੇਤੀ' ਆਖ ਦੁਸਹਿਰੇ ਦੀ ਪੂਰਵ ਸੰਧਿਆ ਤਕ, ਹਰ ਰੋਜ਼ ਸਵੇਰੇ ਇਸ ਖੇਤੀ ਨੂੰ ਗੌਰਜਾਂ ਦਾ ਸਰੂਪ ਮੰ ਕਪੜੇ ਨਾਲ ਕੱਜ ਕੇ ਪੂਜਿਆ ਤੇ ਪਾਣੀ ਦਿਤ ਨੌਰਾਤਿਆਂ ਵਿਚ ਵਰਤ ਵੀ ਰਖਿਆ ਜਾਂਦਾ ਵੇਲੇ ਗਾੜੀਆਂ (ਸਿੰਗਾੜੇ) ਦੇ ਆਟੇ ਦੀਆਂ ਰੋਟੀ ਖਾਧੀਆਂ ਜਾਂਦੀਆਂ ਹਨ। ਦੁਸਹਿਰੇ ਵਾਲੇ ਇਸ ਖੇਤਰੀ ਵਿਚੋਂ ਜੌਂਆਂ ਦੇ ਬੂੰਬਲ ਨਿਕਲ ਤਾਂ ਕੁੜੀਆਂ ਇਨ੍ਹਾਂ ਬੂੰਬਲਾਂ ਨੂੰ ਆਪਣੇ ਅੰਗ ਪੱਗਾਂ ਵਿਚ ਟੁੰਗਦੀਆਂ ਤੇ ਉਨ੍ਹਾਂ ਤੋਂ ਸ਼ਗਨ ਲੈਂਦੀਆਂ ਹਨ।

ਨੌਰਾਤਿਆਂ ਵਿਚ ਸਾਂਝੀ ਦੇਵੀ ਦੀ ਪੂਜਾ ਹੈ। ਪਹਿਲੇ ਨੌਰਾਤੇ ਨੂੰ ਗੋਹੇ ਵਿਚ ਮਿਟੀ ਗੁੰਨ੍ਹ ਕਿਸੇ ਕੰਧ ਉਤੇ 'ਸਾਂਝੀ ਮਾਈ' ਦੀ ਮੂਰਤੀ ਜਾਂਦੀ ਹੈ। ਮੂਰਤੀ ਵਿਚ ਕਲਾਤਮਿਕ ਸੁੰਦਰਤਾ ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ। ਉ ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿ ਸ਼ਿੰਗਾਰਿਆ ਜਾਂਦਾ ਹੈ। ਇਕ ਪਾਸੇ ਚੰਨ ਚੜ੍ਹ ਪਾਸੇ ਸੂਰਜ ਛੁਪਦਾ ਵਿਖਾਇਆ ਜਾਂਦਾ ਹੈ। ਵਿਚ ਸਾਂਝੀ ਦੇਵੀ ਦੀ ਮੂਰਤੀ ਦੀ ਥਾਂ ਕੇਵਲ ਚਿਤ੍ਰ ਹੀ ਉਲੀਕਿਆ ਜਾਂਦਾ ਹੈ। ਸਾਂਝੀ ਦੀ ਚਿਤ੍ਰ ਲੋਕ-ਕਲਾ ਦਾ ਸੋਹਣਾ ਨਮੂਨਾ ਹਨ ਤੇ

ਮੈਨੂੰ ਤਾਰ ਮਾਈ ਤਾਰ ।
ਮੇਰੀ ਪੂਜਾ ਲੇਖੇ ਲਾਈਂ ।
ਮੇਰੀਆਂ ਦੂਰ ਰਹਿਣ ਬਲਾਈਂ ।
ਜਾਗ ਸਾਂਝੀ, ਜਾਗ ।

ਕੁੜੀਆਂ ਜੋਤਾਂ ਜਗਾ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਸ਼ੱਕਰ ਤੇ ਤਿਲਚੌਲੀ ਰਲਾ ਕੇ ਬਣਾਇਆ ਪਰਸਾਦ ਵੰਡਦੀਆਂ ਹਨ। ਦੁਸਹਿਰੇ ਵਾਲੇ ਦਿਨ, ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ ਨਾਲੇ ਵਿਚ, ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ।

ਨੌਰਾਤਿਆਂ ਵਿਚ ਹੀ ਕਸਬਿਆਂ ਤੇ ਸ਼ਹਿਰਾਂ ਵਿਚ ਪੰਜਾਬ ਦਾ ਸਭ ਤੋਂ ਵਡਾ ਤੇ ਪ੍ਰਾਚੀਨ ਲੋਕ-ਨਾਟਕ 'ਰਾਮਲੀਲਾ' ਖੇਡਿਆ ਜਾਂਦਾ ਹੈ। ਰਾਮਾਇਣ ਦੀ ਸਾਰੀ ਕਥਾ ਨੂੰ ਦਸਾਂ ਭਾਗਾਂ ਵਿਚ ਵੰਡ ਕੇ, ਹਰ ਨੌਰਾਤੇ ਨੂੰ ਇਕ ਭਾਗ ਖੇਡਿਆ ਜਾਂਦਾ ਹੈ। ਦਸਵੇਂ ਨਰਾਤੇ ਨੂੰ ਦਸਹਿਰਾ ਮਨਾਇਆ ਜਾਂਦਾ ਹੈ। ਇਸ ਦਿਨ ਵਡੇ ਵਡੇ ਸ਼ਹਿਰਾਂ ਤੇ ਕਸਬਿਆਂ ਵਿਚ ਰਾਮ ਲੀਲਾ ਦੀ ਅੰਤਮ ਝਾਕੀ, ਰਾਮ ਚੰਦਰ ਦੀ ਰਾਵਨ ਉਤੇ ਵਿਜੇ ਪੇਸ਼ ਕੀਤੀ ਜਾਂਦੀ ਹੈ ਤੇ ਰਾਵਨ ਕੁੰਭਕਰਨ ਤੇ ਮੇਘਨਾਦ ਦੇ ਕਾਗਜ਼ ਤੇ ਬਾਂਸ ਦੇ ਬਣੇ ਦੇਵਕੱਦ ਪੁਤਲੇ ਜਲਾਏ ਜਾਂਦੇ ਹਨ।

ਕੱਤਕ ਤੋਂ ਸਰਦੀ ਦੀ ਰੁੱਤ ਸ਼ੁਰੂ ਹੁੰਦੀ ਹੈ। ਇਹ ਰੁੱਤ ਚਾਨਣ ਬੀਜ ਕੇ ਜੰਮੀ ਜਾਪਦੀ ਹੈ। ਇਸ ਰੁੱਤ ਦੀ ਠੰਡ ਵਿਚ ਇਕ ਨਿਘ ਹੈ, ਸਵੇਰ ਵਾਂਗ ਸਜਰੀ ਤੇ ਰਾਤ ਵਾਂਗ ਅਲਸਾਈ ਇਸ ਰੁੱਤ ਵਿਚ, ਸਭ ਤੋਂ ਵਡੇ ਉਤਸਵ ਮਨਾਏ ਜਾਂਦੇ ਹਨ।

ਕੱਤਕ ਦੀ ਪੂਰਨਮਾਸ਼ੀ ਨੂੰ, ਸਾਰੇ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸਵ, ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸੇ ਦਿਨ ਬਾਰੇ ਭਾਈ ਗੁਰਦਾਸ ਨੇ ਕਿਹਾ ਸੀ, 'ਮਿਟੀ ਧੁੰਦ ਜਗ ਚਾਨਣ ਹੋਆ।' ਇਸ ਦਿਨ ਗੁਰਦੁਆਰਿਆਂ ਵਿਚ ਦੀਵਾਨ ਲਗਦੇ ਤੇ ਕੀਰਤਨ-ਪਰਵਾਹ ਚਲਦਾ ਹੈ। ਵਡੇ ਨਗਰਾਂ ਵਿਚ ਜਲੂਸ ਕਢੇ ਜਾਂਦੇ ਹਨ। ਕਤਕ ਦੀ ਪੂਰਨਮਾਸ਼ੀ ਦਾ ਖ਼ਾਸ ਮਹੱਤਵ ਹੈ। ਕਹਿੰਦੇ ਹਨ ਕਿਸੇ ਪਾਵਨ ਨਦੀ ਜਾਂ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦੀ ਸਾਰੀ ਮੈਲ ਧੁਲ ਜਾਂਦੀ ਹੈ।

ਕੱਤਕ ਦੇ ਮਹੀਨੇ ਜੀਵਨ ਦੀ ਕਣੀ ਪ੍ਰਜਵਲਤ ਹੁੰਦੀ ਹੈ। ਇਸ ਦੇ ਹਨੇਰੇ ਪੱਖ ਦੀ ਚੌਥੀ ਤਿੱਥ ਨੂੰ 'ਕਰਵਾ ਚੌਥ'

ਸੱਤ ਵਹੁਟੀਆਂ ਤੇ ਇਕ ਭੈਣ ਦਾ ਚਿਤ੍ਰ ਉਲੀਕਿਆ ਜ
ਹੈ। ਦਿਨੇ ਅਹੋਈ ਦੇਵੀ ਦੀ ਕਥਾ ਕੀਤੀ ਜਾਂਦੀ ਹੈ
ਵਰਤ ਪੂਜ ਕੇ ਸੱਸ ਨੂੰ ਪੋਹੀਆ ਭੇਟ ਕੀਤਾ ਜਾਂਦਾ
ਰਾਤ ਵੇਲੇ ਚੰਨ ਨੂੰ ਅਰਘਾ ਦੇ ਕੇ ਵਰਤ ਖੋਹਿ
ਜਾਂਦਾ ਹੈ।

ਕੱਤਕ ਦੀ ਮਿਠੀ ਰੁੱਤ ਜਾਗਰਤੀ ਦੀ ਰੁੱਤ ਹੈ,
ਇਸ ਰੁਤੇ ਦੇਵਤੇ ਕਿਉਂ ਸੁਤੇ ਰਹਿਣ। ਪਰੰਪਰਾ ਅਨੁ
ਦੇਵਤੇ ਹਾੜੀ ਦੀਆਂ ਵਾਢੀਆਂ ਤੋਂ ਪਿਛੋਂ ਸੌਂ ਜਾਂਦੇ
ਤੇ ਕੱਤਕ ਦੀਆ ਪਹਿਲੀਆਂ ਬਾਰਸ਼ਾਂ ਤਕ ਸੁਤੇ ਰਹਿ
ਹਨ। ਸੋ, ਕੱਤਕ ਦੀ ਇਕਾਦਸ਼ੀ ਨੂੰ 'ਦੇਵ ਉਠਾਨ'
ਪੁਰਬ ਮਨਾਇਆ ਜਾਂਦਾ ਹੈ। ਸੁਤੇ ਦੇਵਤਿਆਂ ਨੂੰ ਜਗਾ
ਲਈ ਹਿੰਦੂ ਥਾਲੀਆਂ ਵਜਾਉਂਦੇ ਤੇ ਟਲ ਖੜਕਾ
ਦੇਵਤਿਆਂ ਦੀ ਪੂਜਾ ਕਰਦੇ ਹਨ।

ਕੱਤਕ ਦੀ ਰੁੱਤ ਖ਼ੁਸ਼ਹਾਲੀ ਦੀ ਰੁੱਤ ਵੀ ਹੈ। ਇ
ਹਨੇਰੇਪੱਖ ਦੀ ਤੇਰ੍ਹਵੀਂ ਤਿੱਥ ਨੂੰ 'ਧਨ ਤੇਰਸ' ਮਨਾਇਆ ਜ
ਹੈ। ਇਸ ਦਿਨ ਨਵੇਂ ਭਾਂਡੇ ਖ਼ਰੀਦੇ ਜਾਂਦੇ ਹਨ।
ਆਖਦੇ ਹਨ, ਧਨ ਤੇਰਸ ਵਾਲੇ ਦਿਨ ਜੇ ਨਵਾਂ ਭ
ਖ਼ਰੀਦ ਕੇ ਉਸ ਵਿਚ ਕੋਈ ਮਿੱਠਾ ਪਕਵਾਨ ਸੇਂਵੀ
ਦਲੀਆ, ਜਾਂ ਖੀਰ ਪਾ ਕੇ ਖਾਧਾ ਜਾਵੇ ਤਾਂ ਘਰ ਦੇ
ਸਦਾ ਭਰੇ ਰਹਿੰਦੇ ਹਨ। ਇਸ ਦਿਨ ਕਈ
'ਦੀਪ ਦਾਨ' ਵੀ ਕਰਦੇ ਹਨ।

ਪਰ ਕੱਤਕ ਦਾ ਸਭ ਤੋਂ ਵਡਾ ਲੋਕ-ਪੁਰਬ ਦਿਵ
ਦਾ ਹੈ, ਜੋ ਮਸਿਆ ਨੂੰ ਸਾਰੇ ਭਾਰਤ ਵਿਚ, ਕਿਸੇ ਨਾ
ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਤਿਉਹਾਰ
ਤਿਆਰੀ ਕਈ ਦਿਨ ਪਹਿਲਾਂ ਤੋਂ ਹੀ ਆਰੰਭ ਦਿਤੀ ਜ
ਹੈ। ਲੋਕੀਂ ਆਪਣੇ ਘਰਾਂ ਨੂੰ ਲਿੰਬ ਪੋਚ ਕੇ, ਨਵੀਂ ਵ
ਵਾਂਗ ਸੰਵਾਰ ਸ਼ਿੰਗਾਰ ਲੈਂਦੇ ਹਨ। ਲੋਕੀ ਘਰ ਦ
ਦੀਵਾਰਾਂ ਉਤੇ ਲਛਮੀ ਦੇਵੀ, ਉਸ ਦਾ ਵਾਹਣ ਮੋਰ
ਫੁੱਲ, ਵੇਲਾਂ ਤੇ ਬੂਟੇ ਉਲੀਕ ਕੇ ਉਨ੍ਹਾਂ ਵਿਚ ਰੰਗ
ਹਨ। ਦੀਵਾਲੀ ਉਤੇ ਲੋਕ-ਕਲਾ ਪੂਰੇ ਜਲੌ ਵਿਚ ਨਿਖ
ਹੈ। ਹਰ ਘਰ ਵਿਚ ਸੁਹਜ ਹੁੰਦਾ ਹੈ ਤੇ ਹਰ ਸੁਹਜ
ਆਸਥਾ। ਵਡੇ ਆਖਦੇ ਹਨ ਕਿ ਦਿਵਾਲੀ ਵਾਲੀ
ਹਰ ਗਲੀ ਵਿਚ ਲਛਮੀ ਵਿਧ ਮਾਤਾ ਨਾਲ ਫੇਰਾ ਮ
ਹੈ ਤੇ ਜਿਸ ਦਾ ਘਰ ਸਾਫ਼ ਸੁਥਰਾ ਹੁੰਦਾ ਹੈ, ਉਥੇ ਉ
ਆਪਣਾ ਪੈਰ ਪਾ ਜਾਂਦੀ ਹੈ ਤੇ ਜਿਸ ਘਰ ਇਕ
ਲਛਮੀ ਪੈਰ ਪਾ ਜਾਵੇ ਉਥੇ ਵਲਾਂ ਫੁਲਾਂ ਹੋ ਜਾਂਦੀਆਂ ਹ

ਇੰਜ ਜਾਪਦਾ ਹੈ ਅਕਾਸ਼ ਤੋਂ ਤਾਰਿਆਂ ਦੀ ਬਰਾਤ ਆਪਣੀ ਪੂਰੀ ਜਲੌ ਵਿਚ ਧਰਤੀ ਉਤੇ ਉਤਰ ਆਈ ਹੋਵੇ। ਇਹ ਸੁਹਜ ਤੇ ਰੌਸ਼ਨੀ ਦੀ ਰਾਤ ਹੈ। ਇਤਨੀ ਸੁੰਦਰ ਸਜੀਲੀ ਤੇ ਰੌਸ਼ਨ ਰਾਤ ਧਰਤੀ ਉਤੇ ਹੋਰ ਕੋਈ ਨਹੀਂ। ਬੁਢੇ, ਬੱਚੇ ਤੇ ਜਵਾਨ ਪਟਾਖੇ ਤੇ ਫੁਲ-ਝੜੀਆਂ ਚਲਾ ਕੇ ਵਾਤਾਵਰਨ ਵਿਚ ਜਾਦੂ ਧੂੜ ਦੇਂਦੇ ਹਨ।

ਇਸ ਰਾਤ ਕਈ ਲੋਕ ਲਖਸ਼ਮੀ ਦੇਵੀ ਦੀ ਪੂਜਾ ਕਰਦੇ ਹਨ। ਧਨੀ ਹੋਣ ਦੀ ਭਾਵਨਾ ਨਾਲ ਉਹ ਇਕ ਥਾਲ ਵਿਚ ਚਾਂਦੀ ਦੇ ਰੁਪਏ ਤੇ ਮਠਿਆਈ ਰਖ ਕੇ ਲਖਸ਼ਮੀ ਦੀ ਮੂਰਤੀ ਦੀ ਆਰਤੀ ਉਤਾਰਦੇ ਹਨ।

ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਚ ਦੀਵਾਲੀ ਦਾ ਜਲੌ ਵੇਖਣ ਵਾਲਾ ਹੁੰਦਾ ਹੈ। ਸਰੋਵਰ ਦੇ ਚਾਰੇ ਪਾਸੇ ਲਟ ਲਟ ਕਰਦੇ ਦੀਵੇ ਜਗ ਮਗਾ ਰਹੇ ਹੁੰਦੇ ਹਨ ਤੇ ਉਨ੍ਹਾਂ ਦਾ ਪਰਛਾਵਾਂ ਸਰੋਵਰ ਵਿਚ ਰਚ ਕੇ ਅਲੌਕਿਕ ਦ੍ਰਿਸ਼ ਪੇਸ਼ ਕਰਦਾ ਹੈ। ਇੰਜ ਲਗਦਾ ਹੈ ਕਿ ਅਰਸ਼ੋਂ ਕੋਈ ਨੂਰ ਉਤਰ ਕੇ ਫ਼ਜ਼ਾ ਵਿਚ ਰਚ ਗਿਆ ਹੋਵੇ। ਅੰਮ੍ਰਿਤਸਰ ਵਿਚ ਦਿਵਾਲੀ ਦਾ ਮੁਢ ਗੁਰੂ ਹਰਿਗੋਬਿੰਦ ਜੀ ਦੇ ਵੇਲੇ ਬਝਿਆ। ਜਦੋਂ ਗੁਰੂ ਹਰਿਗੋਬਿੰਦ ਜੀ ਗਵਾਲੀਅਰ ਦੇ ਕਿਲ੍ਹੇ ਤੋਂ, 52 ਰਾਜਿਆਂ ਨੂੰ ਬੰਦੀ ਤੋਂ ਛੁੜਵਾ ਕੇ ਅੰਮ੍ਰਿਤਸਰ ਪੁਜੇ ਤਾਂ ਉਸ ਦਿਨ ਸਬੱਬ ਨਾਲ ਦਿਵਾਲੀ ਸੀ। ਉਨ੍ਹਾਂ ਦੇ ਸਵਾਗਤ ਵਿਚ ਸਾਰਾ ਸ਼ਹਿਰ ਤੇ ਹਰਿਮੰਦਰ ਜਗ ਮਗਾ ਉਠਿਆ। ਉਦੋਂ ਤੋਂ ਹਰਿਮੰਦਰ ਸਾਹਿਬ ਵਿਚ ਦੀਵਾਲੀ ਨੂੰ ਉਚੇਚੀ ਰੌਸ਼ਨੀ ਕੀਤੀ ਜਾਂਦੀ ਹੈ।

ਦੀਵਾਲੀ ਮੌਸਮੀ ਉਤਸਵ ਹੈ। ਅੰਦਰ ਦੀ ਜੀਵਨ ਕਣੀ ਕੁਦਰਤ ਦੀ ਕਣੀ ਨਾਲ ਇਕ ਸੁਰ ਹੋ ਕੇ ਜਾਗਣ ਦਾ ਉਤਸਵ। ਕੁਦਰਤ ਦੀ ਜੋਤ ਨਾਲ ਅੰਦਰ ਦੀ ਜੋਤ ਨੂੰ ਪ੍ਰਜਵਲਤ ਕਰਨਾ। ਦੀਵਿਆਂ ਦੀ ਜੋਤ ਤਾਂ ਇਸ ਦਾ ਪ੍ਰਤੀਕ ਹੈ। ਪਰ ਮਿਥਿਹਾਸ ਕਹਿੰਦਾ ਹੈ ਕਿ ਰਾਮ ਰਾਵਣ ਉਤੇ ਵਿਜੇ ਪ੍ਰਾਪਤ ਕਰਨ ਪਿਛੋਂ, ਸੀਤਾ ਨੂੰ ਨਾਲ ਲੈ ਕੇ ਜਦੋਂ ਅਜੁਧਿਆ ਪਹੁੰਚੇ, ਤਾਂ ਉਨ੍ਹਾਂ ਦੇ ਸਵਾਗਤ ਵਿਚ ਸਾਰਾ ਸ਼ਹਿਰ ਜਗ ਮਗਾ ਉਠਿਆ। ਇਹੋ ਦਿਨ ਦਿਵਾਲੀ ਦਾ ਸੀ।

ਪੋਹ ਵਿਚ ਠੰਢੀਆਂ ਹਵਾਵਾਂ ਵਗਦੀਆਂ ਤੇ ਸਰਦੀ ਜੋਬਨ ਉਤੇ ਹੁੰਦੀ ਹੈ। ਹਰ ਕੋਈ ਨਿੱਘਾ ਹੋਣਾ ਲੋਚਦਾ ਹੈ। ਸੋ ਪੋਹ ਦੇ ਅਖੀਰਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਲੋਹੜੀ ... [illegible]

ਲੈਅ ਵਿਚ ਗੀਤ ਅਲਾਪਦੇ ਹੋਏ ਹਰ ਘਰ ਤੋਂ ... ਲਈ ਬਾਲਣ ਲੱਕੜਾਂ ਗੋਹੇ ਤੇ ਦਿੰਗਰ ਆਦਿ ... ਕਰਦੇ ਹਨ।

ਉਨ੍ਹਾਂ ਦੇ ਗੀਤਾਂ ਵਿਚ ਰੁੱਤ ਬੋਲਦੀ ਹੈ:

ਹੁਲੇ ਨੀ ਮਾਏ ਹੁਲੇ<br>
ਦੋ ਬੇਰੀ ਪਤਰ ਝੁਲੇ<br>
ਦੋ ਝੂਲ ਪਈਆਂ ਖਜੂਰਾਂ<br>
ਖਜੂਰਾਂ ਸੁਟਿਆ ਮੇਵਾ<br>
ਇਸ ਨਢੇ ਦਾ ਕਰੋ ਮੰਗੇਵਾ।

ਲੋਹੜੀ ਦੇ ਗੀਤਾਂ ਵਿਚ ਤਰਲ ਵਿਚਾਰ ਹੜ੍ਹ... ਵਾਂਗ ਜਿਧਰ ਮੂੰਹ ਆਉਂਦਾ ਹੈ, ਖਿੰਡ ਤੁਰਦੇ ਹ... ਇਨ੍ਹਾਂ ਵਿਚ ਘਰੋਗੀ ਜੀਵਨ ਦਾ ਰੰਗ ਵੀ ਸੋਹਣਾ ... ਹੈ। ਕਿਸੇ ਕਿਸੇ ਗੀਤ ਵਿਚ ਤਾਂ ਇਤਿਹਾਸ ... ਅੰਸ਼ ਵੀ ਉਸਲਵਟੇ ਲੈ ਰਿਹਾ ਹੈ। ਸੁੰਦਰ ਮੁੰਦਰੀ... ਵਿਚ ਦੁਲ੍ਹੇ ਭੱਟੀ ਦੇ ਜੀਵਨ ਦੀ ਇਕ ਘਟਨਾ ਵ... ਹੈ। ਦੁਲ੍ਹੇ ਨੇ ਇਕ ਗ਼ਰੀਬ ਘਰ ਦੀ ਦੁਖੀ ਲੜਕ... ਬਣਾ ਕੇ ਵਿਆਹਿਆ ਤੇ ਪੁੰਨ ਖਟਿਆ ਸੀ:

ਸੁੰਦਰ ਮੁੰਦਰੀਏ, ਹੋ।<br>
ਤੇਰਾ ਕੌਣ ਵਿਚਾਰਾ, ਹੋ।<br>
ਦੁੱਲ੍ਹਾ ਭੱਟੀ ਵਾਲਾ, ਹੋ।<br>
ਦੁਲ੍ਹੇ ਧੀ ਵਿਆਹੀ, ਹੋ।<br>
ਸੇਰ ਸ਼ੱਕਰ ਆਈ, ਹੋ।<br>
ਕੁੜੀ ਦੇ ਬੋਝੇ ਪਾਈ, ਹੋ।<br>
ਕੁੜੀ ਦਾ ਲਾਲ ਪਟਾਕਾ, ਹੋ।<br>
ਕੁੜੀ ਦਾ ਸਾਲੂ ਪਾਟਾ, ਹੋ।<br>
ਸਾਲੂ ਕੌਣ ਸਮੇਟੇ, ਹੋ।<br>
ਚਾਚਾ ਗਾਲ੍ਹੀ ਦੇਸੇ, ਹੋ।<br>
ਚਾਚੇ ਚੂਰੀ ਕੁਟੀ, ਹੋ।<br>
ਜਿਮੀਂਦਾਰਾਂ ਲੁਟੀ, ਹੋ।<br>
ਜਿਮੀਂਦਾਰ ਸਦਾਓ, ਹੋ।<br>
ਗਿਣ ਗਿਣ ਪੋਲੇ ਲਾਓ, ਹੋ।<br>
ਇਕ ਪੋਲਾ ਘੁਸ ਗਿਆ, ਹੋ।<br>
ਜਿਮੀਂਦਾਰ ਵਹੁਟੀ ਲੈ ਕੇ ਨੁਸ ਗਿਆ, ਹੋ...

ਲੋਹੜੀ ਦੇ ਤਿਉਹਾਰ ਬਾਰੇ ਸਭ ਤੋਂ ਵ... ਮਿਲਦੇ ਹਨ, ਜੋ ਇਸ ਗੱਲ ਦਾ ਹੁੰਗਾਰਾ ਭਰਦੇ ... ਇਸ ਪੁਰਬ ਨਾਲ ਲੋਕ-ਭਾਵਨਾ ਸਭ ਤੋਂ ਵਧ... ਹੋਈ ਹੈ।

ਲੋਹੜੀ ... [illegible]

ਕਈ ਲੋਕ ਲੋਹੜੀ ਦੀ ਅਗਨੀ ਨੂੰ ਪੂਜਦੇ ਤੇ ਧੂਣੀ ਦੁਆਲੇ ਸੱਤ ਪਰਕਰਮਾ ਕਰਦੇ ਹਨ। ਲੋਹੜੀ ਦੀ ਅੱਗ ਦੇ ਕੁਝ ਕੋਲੇ ਸ਼ਗਨ ਵਜੋਂ ਘਰ ਲੈ ਜਾਂਦੇ ਹਨ। ਧਾਰਨਾ ਹੈ, ਜਿਸ ਚੁਲ੍ਹੇ ਲੋਹੜੀ ਦੀ ਅੱਗ ਦੱਬ ਦਿਤੀ ਜਾਵੇ ਉਸ ਚੁਲ੍ਹੇ ਉਤੇ ਅਗਨ ਦੇਵਤੇ ਦੀ ਸਦਾ ਹੀ ਮਿਹਰ ਰਹਿੰਦੀ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਆਉਂਦਾ ਹੈ, ਜਿਸ ਨੂੰ 'ਮੰਕਰ ਸਕ੍ਰਾਂਤੀ' ਵੀ ਕਿਹਾ ਜਾਂਦਾ ਹੈ। ਸੂਰਜ ਦੇ ਉਤਰਾਇਣ ਵਿਚ ਪ੍ਰਵੇਸ਼ ਕਰਨ ਕਰ ਕੇ ਇਸ ਦਿਨ ਦਾ ਧਾਰਮਿਕ ਮਹੱਤਵ ਹੈ। ਇਸ ਦਿਨ ਤੀਰਥ ਇਸ਼ਨਾਨ ਤੇ ਪੁੰਨ ਦਾਨ ਦਾ ਖ਼ਾਸ ਮਹਾਤਮ ਹੈ। ਪਿੰਡਾਂ ਵਿਚ ਲੋਕੀ ਗੰਨੇ ਦੇ ਰਸ ਦੀ ਖੀਰ ਪਕਾ ਕੇ ਖਾਂਦੇ ਹਨ। ਕਈ ਲੋਕ ਇਸ ਦਿਨ ਜਲ ਵਿਚ ਤਿਲ ਮਿਲਾ ਕੇ ਇਸ਼ਨਾਨ ਕਰਦੇ ਅਤੇ ਤਿਲ ਦੇ ਲੱਡੂ ਬਣਾ ਕੇ ਖਾਂਦੇ ਹਨ। ਪੰਜਾਬ ਵਿਚ ਕਈ ਥਾਈਂ ਮੇਲੇ ਲਗਦੇ ਹਨ। ਪੰਜਾਬ ਦਾ ਪ੍ਰਸਿਧ ਮੇਲਾ ਮੁਕਤਸਰ ਸਾਹਿਬ ਵਿਚ ਲਗਦਾ ਹੈ (ਵੇਖੋ : ਮੁਕਤਸਰ)।

ਫੱਗਣ ਦੀ ਮਸਿਆ ਨੂੰ ਸ਼ਿਵ ਦੇ ਉਪਾਸ਼ਕ ਸ਼ਿਵਰਾਤਰੀ ਦਾ ਪੁਰਬ ਮਨਾਉਂਦੇ ਹਨ। ਫੱਗਣ ਵਿਚ ਹੀ ਹੋਲੀ ਦਾ ਤਿਉਹਾਰ ਵੀ ਆਉਂਦਾ ਹੈ (ਵੇਖੋ : ਹੋਲੀ)।

ਇਸ ਤਰ੍ਹਾਂ ਪੁਰਬਾਂ ਦਾ ਇਹ ਕਾਫ਼ਲਾ ਨਿਰੰਤਰ ਤੁਰਦਾ ਰਹਿੰਦਾ ਹੈ, ਹਰ ਪੁਰਬ ਸੂਰਜ ਵਾਂਗ ਨਿਤ ਨਵਾਂ ਤੇ ਚੰਨ ਵਾਂਗ ਨਿਤ ਉਜਲਾ ਹੋ ਕੇ ਆਉਂਦਾ ਤੇ ਨਵੇਂ ਸੁਪਨੇ ਜਗਾ ਕੇ ਫਿਰ ਆਉਣ ਦਾ ਬਚਨ ਦੇ ਕੇ ਚਲਾ ਜਾਂਦਾ ਹੈ।

(ਮ-298) **ਮੈਨਵਤੀ :**

ਸ਼ੰਬਰ ਦੈਂਤ ਦੀ ਇਕ ਦਾਸੀ, ਜਿਸ ਨੇ ਮੱਛੀ ਦੇ ਪੇਟ ਵਿਚੋਂ ਨਿਕਲੇ ਪ੍ਰਦਯੁਮਨ ਨੂੰ, ਪਾਲਿਆ ਅਤੇ ਜਦੋਂ ਪ੍ਰਦਯੁਮਨ ਜਵਾਨ ਹੋਇਆ ਤਾਂ ਆਪ ਹੀ ਉਸ ਨਾਲ ਵਿਆਹ ਕਰ ਲਿਆ। ਵਿਸ਼ਨੂੰ ਪੁਰਾਣ ਅਨੁਸਾਰ ਪ੍ਰਦਯੁਮਨ ਕਾਮਦੇਵ ਦਾ ਅਵਤਾਰ ਸੀ ਤੇ ਮੈਨਵਤੀ ਰਤੀ ਦਾ। ਇਸ ਨੂੰ ਮਾਇਆ ਵਤੀ ਵੀ ਕਹਿੰਦੇ ਹਨ।

(ਮ-299) **ਮੈਨਾ :**

(ੳ) ਇਕ ਪੰਛੀ ਜਿਸ ਨਾਲ ਕਈ ਤਰ੍ਹਾਂ ਦੇ ਭਰਮ ਵਹਿਮ ਤੇ ਮਨੌਤਾਂ ਜੁੜੀਆਂ ਹੋਈਆਂ ਹਨ। ਲੋਕ-ਨਿਸ਼ਚੇ

ਪ੍ਰਾਪਤ ਹੁੰਦੀ ਹੈ ਜੇ ਖੱਬੇ ਹੱਥ ਮਿਲੇ ਤਾਂ ਨੁਕਸਾਨ ਹੁੰਦ

(ਅ) ਮੈਨਾ ਨਾਲ ਲੋਕ-ਕਥਾਵਾਂ ਦਾ ਇਕ

ਕਥਾ-ਚੱਕਰ 'ਤੋਤਾ ਮੈਨਾ' ਸਬੰਧਤ ਹੈ।

(ੲ) ਰਾਜੇ ਰਸਾਲੂ ਦੀ ਇਕ ਰਾਣੀ।

(ਮ-300) **ਮੈਨਾਵੰਤੀ :**

ਗੋਪੀ ਚੰਦ ਦੀ ਮਾਤਾ, ਜਿਸ ਨੇ ਗੋਪੀ ਚ
ਸੰਸਾਰ ਦੀ ਨਾਸ਼ਮਾਨਤਾ ਦਾ ਅਨੁਭਵ ਕਰਵਾ ਕੇ ਜੋਗ
ਲਈ ਪ੍ਰੇਰਿਆ ਸੀ। ਗੋਪੀ ਚੰਦ ਤੇ ਮੈਨਾਵੰਤੀ ਦੀ
ਸਾਰੇ ਭਾਰਤ ਵਿਚ ਵਖੋ ਵਖ ਰੂਪਾਂਤਰਾਂ ਵਿਚ ਮਿਲਦੀ
ਮੈਨਾਵੰਤੀ ਭਰਥਰੀ ਦੀ ਭੈਣ ਸੀ ਅਤੇ ਜਲੰਧਰ ਨਾ
ਚੇਲੀ ਸੀ, ਇਸ ਨੂੰ ਮੈਨਾਮਤੀ ਵੀ ਕਹਿੰਦੇ ਹਨ।

(ਮ-301) **ਮੈਲਾ ਵੇਸ।**

ਮੈਲਾ ਵੇਸ ਸੋਗ ਦਾ ਪ੍ਰਤੀਕ ਹੈ। ਪੰਜਾਬ ਵਿਚ
ਰਵਾਜ ਰਿਹਾ ਹੈ ਕਿ ਜਿਸ ਗ੍ਰਹਿ ਵਿਚ ਮੌਤ ਹੋ ਜਾਵੇ
ਘਰ ਦੀਆਂ ਗ੍ਰਹਿਣੀਆਂ ਵਰ੍ਹੀਣੇ ਤਕ ਮੈਲਾ ਵੇਸ ਰਖ
ਹਨ, ਜੇ ਦੂਜੇ ਕਪੜੇ ਚਿੱਟੇ ਪਾ ਵੀ ਲੈਣ ਤਾਂ ਪੱਲਾ
ਮੈਲਾ ਲੈਂਦੀਆਂ ਹਨ। ਵਿਧਵਾ ਇਸਤ੍ਰੀ ਪਤੀ ਦੀ
ਉਤੇ ਸਾਰਾ ਸ਼ਿੰਗਾਰ ਉਤਾਰ ਦੇਂਦੀ ਹੈ ਤੇ ਬਾਕੀ
ਮੈਲੇ ਵੇਸ ਵਿਚ ਕਟਦੀ ਹੈ। ਪਰ ਹੁਣ ਮੈਲਾ ਵੇਸ ਰਖ
ਰਵਾਜ ਘਟ ਗਿਆ ਹੈ। ਗੁਰੂ-ਕਾਲ ਵਿਚ ਵਿ
ਇਸਤ੍ਰੀਆਂ ਮੈਲਾ ਵੇਸ ਧਾਰਨ ਕਰਦੀਆ ਸਨ, ਗੁਰ
ਵਿਚ ਸੰਕੇਤ ਮਿਲਦਾ ਹੈ :

'ਸਦਾ ਹੋਵਹਿ ਸੋਹਾਗਣੀ
ਫਿਰਿ ਮੈਲਾ ਵੇਸੁ ਨ ਹੋਈ ਰਾਮ।'

(ਸੂਹੀ ਛੰਤ ਮਹਲਾ

(ਮ-302) **ਮੋਹਿਨੀ :**

ਵਿਸ਼ਨੂੰ ਦਾ ਇਕ ਅਵਤਾਰ ਜੋ ਉਨ੍ਹਾਂ ਨੇ, ਦੈਂ
ਭਰਮਾ ਕੇ ਅੰਮ੍ਰਿਤ ਕਲਸ ਪ੍ਰਾਪਤ ਕਰਨ ਲਈ,
ਕੀਤਾ ਸੀ। ਸਮੁੰਦਰ ਮੰਥਣ ਵੇਲੇ ਜਦੋਂ ਧਨਵੰਤਰੀ ਅ
ਦਾ ਕਲਸ ਲੈ ਕੇ ਨਿਕਲਿਆ ਤਾਂ ਦੈਂਤਾਂ ਨੇ ਉਸ
ਅੰਮ੍ਰਿਤ ਖੋਹ ਲਿਆ। ਦੇਵਤੇ ਘਬਰਾ ਗਏ ਕਿ ਜੇ
ਅੰਮ੍ਰਿਤ ਪੀ ਕੇ ਅਮਰ ਹੋ ਗਏ ਤਾਂ ਉਹ ਦੇਵਤਿਆ
ਬੀਜ ਨਾਸ ਕਰ ਦੇਣਗੇ ਤੇ ਸ੍ਰਿਸ਼ਟੀ ਉਤੇ ਬਦੀ ਦਾ ਪ

ਰਹੀ ਸ਼ੀ ਤਾਂ ਰਾਹੂ ਦੈਂਤ ਅੰਦਰਲੀ ਅੱਖ ਨਾਲ ਮੋਹਿਨੀ ਦਾ ਅਸਲ ਰੂਪ ਜਾਣ ਗਿਆ ਤੇ ਚੰਦਰ ਦਾ ਰੂਪ ਧਾਰ ਕੇ ਚੰਨ ਸੂਰਜ ਵਿਚਕਾਰ ਆ ਬੈਠਾ। ਚੰਨ ਸੂਰਜ ਦੋਹਾਂ ਨੇ ਮੋਹਿਨੀ ਨੂੰ ਸੰਕੇਤ ਦੁਆਰਾ ਸਮਝਾਇਆ ਕਿ ਇਹ ਅਸੁਰ ਹੈ। ਮੋਹਿਨੀ ਨੇ ਅਸਲੀ ਰੂਪ ਧਾਰ ਕੇ ਰਾਹੂ ਦਾ ਸਿਰ ਸਵਰਨ ਪਤਰੇ ਨਾਲ ਕਟ ਦਿਤਾ। ਪਰ ਰਾਹੂ ਅੰਮ੍ਰਿਤ ਪੀ ਚੁਕਾ ਸੀ ਇਸ ਲਈ ਉਸ ਦਾ ਧੜ ਸਿਰ ਨਾਲੋਂ ਵਖ ਹੋ ਕੇ ਵੀ ਜੀਉਂਦਾ ਰਿਹਾ। ਇਸ ਅਵਤਾਰ ਦਾ ਮੰਤਵ ਦੇਵਤਿਆਂ ਵਿਚ ਅੰਮ੍ਰਿਤ ਵੰਡਣਾ ਸੀ।

ਮੋਹਿਨੀ ਦਾ ਇਹ ਰੂਪ ਬਹੁਤ ਹੀ ਸੁੰਦਰ ਸੀ। ਵਿਸ਼ਨੂੰ ਪੁਰਾਣ ਅਨੁਸਾਰ ਬੰਹੁਤ ਹੀ ਸੁੰਦਰ ਤੇ ਕਲਿਆਨੀ ਸੀ। ਉਸ ਦੇ ਸਰੀਰ ਉਤੇ ਸਾਰੇ ਸ਼ੁਭ ਲਖਸ਼ਣ ਸਨ। ਉਸ ਦੇ ਹੱਥ ਬੜੇ ਕੋਮਲ, ਨਹੁੰ ਗੁਲਾਬੀ ਭਾਅ ਦੇ, ਉਸ ਦੇ ਪੱਟ ਹਾਥੀ ਦੀ ਸੁੰਡ ਵਾਂਗ ਜਾਂ ਗੰਨੇ ਦੀ ਛਿਲ ਵਾਂਗ ਨਾਚਕ ਸਨ ਅਤੇ ਸੁਥਰੇ ਸਪਸ਼ਟ ਤੇ ਰੋਮ ਰਹਿਤ ਸਨ।, ਉਸ ਦੇ ਲਕ ਦੀਆਂ ਧਾਰੀਆਂ ਗੰਗਾ ਦੀਆਂ ਲਹਿਰਾਂ ਵਾਂਗ ਸਨ। ਉਸ ਦੀ ਧੁਨੀ ਫੁੱਲਾਂ ਨਾਲ ਸਜੀ ਸੀ, ਉਸ ਦੀਆਂ ਛਾਤੀਆਂ ਤਿਖੀਆਂ ਤੇ ਗੁਦਗੁਦੀਆਂ ਸਨ ਤੇ ਸੁਨਹਿਰੀ ਭਾਅ ਮਾਰਦੀਆਂ ਸਨ, ਉਸ ਦੇ ਹਥ ਕੰਵਲ ਪਤੀਆਂ ਵਾਂਗ ਨਰਮ ਤੇ ਗਰਦਨ ਸੰਖ ਵਾਂਙ ਲੰਮੀ ਸੀ। ਉਸ ਦਾ ਚਿਹਰਾ ਪੂਰਨਮਾਸ਼ੀ ਦੇ ਚੰਨ ਵਾਂਗ ਦੱਗਦਾ ਸੀ ਤੇ ਦੰਦ ਫੁੱਲਾਂ ਵਾਂਗ। ਉਸ ਦੇ ਮੱਥੇ ਦੀ ਲਾਟ ਚੰਨ ਵਾਂਙ ਚਮਕਦੀ ਸੀ।

ਵਿਸ਼ਨੂੰ ਪੁਰਾਣ ਅਨੁਸਾਰ ਮੋਹਿਨੀ ਨੂੰ ਵੇਖਦਿਆਂ ਪ੍ਰਹਿਲਾਦ ਤੋਂ ਬਿਨਾਂ ਸਾਰੇ ਮੋਹੇ ਗਏ, ਪ੍ਰਹਿਲਾਦ ਨੇ ਉਸ ਦੀ ਅਸਲੀਅਤ ਪਛਾਣ ਲਈ ਤੇ ਅੰਮ੍ਰਿਤ ਦਾ ਕਲਸ ਉਸ ਨੂੰ ਦੇ ਦਿਤਾ।

ਭਗਵਤ ਪੁਰਾਣ ਤੇ ਅਗਨੀ ਪੁਰਾਣ ਅਨੁਸਾਰ ਵਿਸ਼ਨੂੰ ਨੇ ਸ਼ਿਵ ਦੇ ਕਹਿਣ ਉਤੇ ਇਕ ਵਾਰ ਫਿਰ ਮੋਹਿਨੀ ਦਾ ਰੂਪ ਧਾਰਨ ਕੀਤਾ। ਸ਼ਿਵ ਮੋਹਿਨੀ ਨੂੰ ਵੇਖ ਕੇ ਆਪਣੇ ਕਾਮ ਵੇਗ ਨੂੰ ਕਾਬੂ ਨਾ ਰਖ ਸਕੇ ਤੇ ਉਸ ਦੇ ਆਲਿੰਗਨ ਲਈ ਮਗਰ ਦੌੜਿਆ ਅਤੇ ਜਿਥੇ ਜਿਥੇ ਸ਼ਿਵ ਦਾ ਬਿੰਦ ਡਿਗਿਆ ਉਥੇ ਸ਼ਿਵਲਿੰਗ ਅਸਥਾਨ ਬਣ ਗਏ।

## (ਮ-303) ਮੋਹਿਨੀ ਇਕਾਦਸ਼ੀ :

ਵਿਸਾਖ ਮਹੀਨੇ ਦੇ ਚਾਨਣ ਪੱਖ ਦੀ ਇਕਾਦਸ਼ੀ, ਇਸ

ਵੈਸ਼ਨੋ ਮਤ ਅਨੁਸਾਰ ਇਸ ਤਿੱਥ ਨੂੰ ਵਿਧੀ ਪੂਰਵ
ਰਖਣ ਨਾਲ ਸਭ ਪਾਪ ਹਰ ਜਾਂਦੇ ਤੇ ਸੰਕਟ ਦੂ
ਹਨ। ਇਸ ਵਰਤ ਦਾ ਫਲ ਵਿਦਿਆ ਦਾਨ
ਮੰਨਿਆ ਜਾਂਦਾ ਹੈ।

ਪੁਰਾਣਾਂ ਅਨੁਸਾਰ ਸ੍ਰੀ ਰਾਮ ਚੰਦਰ ਜਦੋਂ
ਢੂੰਡਣ ਨਿਕਲੇ ਤਾਂ ਉਨ੍ਹਾਂ ਨੇ ਪਹਿਲਾਂ ਮੋਹਿਨੀ ਇ
ਵਰਤ ਰਖਿਆ, ਜਿਸ ਕਰ ਕੇ ਉਨ੍ਹਾਂ ਨੂੰ ਅਖੀਰ
ਮਿਲੀ। ਇਸੇ ਤਰ੍ਹਾਂ ਕ੍ਰਿਸ਼ਨ ਦੇ ਪ੍ਰੇਰਨ ਨਾਲ ਪੰਜਾਂ
ਇਹ ਵਰਤ ਰਖਿਆ ਤੇ ਉਨ੍ਹਾਂ ਦੇ ਸਭ ਸੰਕਟ ਦੂਰ

## (ਮ-304) ਮੋਖਸ਼ ਇਕਾਦਸ਼ੀ :

ਮੱਘਰ ਦੇ ਚਾਨਣ ਪੱਖ ਦੀ ਇਕਾਦਸ਼ੀ, ਇਸ
ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿ
ਵੈਸ਼ਨੋ ਮਤ ਵਾਲੇ ਇਸ ਦਿਨ ਵਰਤ ਰਖਦੇ ਅਤੇ
ਵਿਆਸ ਦੀ ਪੂਜਾ ਕਰਦੇ ਹਨ। ਧਾਰਨਾ ਹੈ ਕਿ
ਗੀਤਾ ਦਾ ਸਾਰਾ ਪਾਠ ਤੇ ਮਰਯਾਦਾ ਪੂਰਵਕ ਪੂ
ਨਾਲ, ਅਗਿਆਨਤਾ ਦਾ ਨਾਸ਼ ਹੁੰਦਾ ਤੇ ਜੀਵ ਨੂੰ
ਮਿਲਦੀ ਹੈ। ਇਸੇ ਤਿੱਥ ਨੂੰ ਹਿੰਦੂ ਗੀਤਾ ਦੀ ਜ
ਮਨਾਉਂਦੇ ਹਨ।

ਮੋਖਸ਼ ਇਕਾਦਸ਼ੀ ਦੇ ਵਰਤ ਦੇ ਫਲ ਬਾਰੇ
ਇਉਂ ਪ੍ਰਚਲਤ ਹੈ—ਪਰਵ ਕਾਲ ਵਿਚ ਵੈਵਾਨਸ
ਰਾਜੇ ਨੂੰ ਇਕ ਰਾਤ ਸੁਪਨਾ ਆਇਆ ਕਿ ਉਸ ਦਾ
ਘੋਰ ਨਰਕ ਵਿਚ ਬੜੇ ਦੁਖ ਸਹਿ ਰਿਹਾ ਹੈ।
ਆਪਣੇ ਪ੍ਰੋਹਿਤਾਂ ਦੀ ਸਲਾਹ ਨਾਲ ਪਰਵਤਨਾਮੀ
ਸ਼ਰਨ ਲਈ ਤੇ ਉਸ ਤੋਂ ਆਪਣੇ ਪਿਤਾ ਦੀ ਮੁਕ
ਉਪਾਅ ਪੁਛਿਆ। ਰਿਸ਼ੀ ਤ੍ਰੈਕਾਲ ਦਰਸ਼ੀ ਸੀ,
ਅੰਤਰ ਧਿਆਨ ਹੋ ਕੇ ਵੇਖਿਆ ਤੇ ਰਾਜੇ ਨੂੰ ਦਸਿ
ਉਸ ਦੇ ਪਿਤਾ ਨੇ ਪਿਛਲੇ ਜਨਮ ਵਿਚ ਕਿਸੇ ਕੰਨਿ
ਜ਼ਬਰਦਸਤੀ ਸਤ ਭੰਗ ਕੀਤਾ, ਸੋ ਉਸ ਨੂੰ ਘੋਰ
ਭੋਗਣਾ ਪੈ ਰਿਹਾ ਹੈ, ਉਸ ਦੀ ਮੁਕਤੀ ਦਾ ਉਪਾਅ
ਕਿ ਰਾਜੇ ਆਪਣੇ ਪਿਉ ਨਮਿਤ ਮੱਘਰ ਦੀ ਇ
ਮਰਯਾਦਾ ਪੂਰਵਕ ਵਰਤ ਰਖੇ। ਰਾਜੇ ਨੇ ਇਸੇ
ਕੀਤਾ ਤੇ ਉਸ ਦੇ ਪਿਤਾ ਨੂੰ ਨਰਕਾਂ ਤੋਂ ਛੁਟਕਾਰਾ ਮਿ

(ਮ-305)

ਲੋਕ ਧਾਰਨਾ ਹੈ ਕਿ ਸਵਾਂਤੀ ਨਛੱਤ੍ਰ ਵਿਚ ਜਦੋਂ ਮੀਂਹ ਵਸਦਾ ਹੈ ਤਾਂ ਜਿਨ੍ਹਾਂ ਸਿੱਪੀਆਂ ਵਿਚ ਮੀਂਹ ਦੀਆਂ ਬੂੰਦਾਂ ਪੈਂਦੀਆਂ ਹਨ ਉਹ ਬੰਦ ਹੋ ਕੇ ਸਮੁੰਦਰ ਦੀ ਤੈਅ ਵਿਚ ਕੁਝ ਚਿਰ ਰਹਿੰਦੀਆਂ ਹਨ ਇਹੋ ਬੂੰਦਾਂ ਮਗਰੋਂ ਮੋਤੀ ਬਣ ਜਾਂਦੀਆਂ ਹਨ।

ਮੋਤੀਆਂ ਦਾ ਦਾਨ ਸਭ ਤੋਂ ਉੱਤਮ ਦਾਨ ਮੰਨਿਆ ਜਾਂਦਾ ਹੈ। ਮੋਤੀ ਦਾਨ ਕਰਨ ਵਾਲੇ ਨੂੰ ਅਗਲੇ ਜਨਮ ਪਦਾਰਥਕ ਤੇ ਆਤਮਿਕ ਸੁਖ ਪ੍ਰਾਪਤ ਹੁੰਦੇ ਹਨ, ਇਸੇ ਲਈ ਅਮੀਰਾਂ ਬਾਰੇ ਕਹਾਵਤ ਹੈ ਕਿ ਇਹ ਮੋਤੀ ਦਾਨ ਕਰ ਕੇ ਜੰਮੇ ਹਨ।

(ਮ-307) **ਮੋਤੀਆ :**

ਇਕ ਬੂਟਾ ਜਿਸ ਨੂੰ ਚਿੱਟੇ ਰੰਗ ਦੀਆਂ ਮੋਤੀਆਂ ਵਰਗੀਆਂ ਕਲੀਆਂ ਪੈਂਦੀਆਂ ਹਨ। ਮੋਤੀਆ ਬਾਰੇ ਇਕ ਉਤਪਤੀ ਕਥਾ ਪ੍ਰਚਲਤ ਹੈ। ਇਕ ਵਾਰ ਇਕ ਪਤੀਬ੍ਰਤਾ ਇਸਤ੍ਰੀ ਜੰਗਲ ਵਿਚ ਲੱਕੜਾਂ ਚੁਣ ਰਹੀ ਸੀ ਕਿ ਇਕ ਨਾਗ ਦੀ ਨਜ਼ਰ ਉਸ 'ਤੇ ਪਈ। ਨਾਗ ਉਸਦੇ ਰੂਪ ਤੇ ਜਵਾਨੀ 'ਤੇ ਮੋਹਿਆ ਗਿਆ ਅਤੇ ਉਸ ਨੇ ਇਸਤ੍ਰੀ ਦੀ ਪੱਤ ਲੁੱਟਣੀ ਚਾਹੀ। ਪਤੀਬ੍ਰਤਾ ਇਸਤ੍ਰੀ ਨੇ ਧਰਤੀ ਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਰਖਿਆ ਕਰੇ। ਉਸੇ ਵੇਲੇ ਧਰਤੀ ਪਾਟ ਗਈ ਤੇ ਪਤੀਬ੍ਰਤਾ ਇਸਤ੍ਰੀ ਧਰਤੀ ਵਿਚ ਅਲੋਪ ਹੋ ਗਈ। ਅਗਲੇ ਦਿਨ ਉਸ ਥਾਂ ਤੋਂ ਇਕ ਬੂਟਾ ਫੁਟ ਪਿਆ।

ਮੋਤੀਆ ਦੇ ਬੂਟੇ ਉੱਤੇ ਸੱਪ ਆ ਜਾਂਦੇ ਹਨ, ਜਿਸ ਦਾ ਕਾਰਨ ਉਪਰੋਕਤ ਕਥਾ ਵਿਚ ਵੀ ਲਭਿਆ ਜਾ ਸਕਦਾ ਹੈ।

(ਮ-308) : **ਮੋਤੀਚੂਰ :**

ਸਿਰ ਤੇ ਪਹਿਨਣ ਵਾਲਾ ਇਕ ਗਹਿਣਾ, ਜਿਸ ਵਿਚ ਮੋਤੀ ਜੜਿਆ ਹੁੰਦਾ ਹੈ।

(ਮ-309) **ਮੋਨੀ ਮਸਿਆ :**

ਮਾਘ ਮਹੀਨੇ ਦੀ ਮਸਿਆ ਨੂੰ 'ਮੋਨੀ ਮਸਿਆ' ਕਿਹਾ ਜਾਂਦਾ ਹੈ। ਜੇ ਇਹ ਮਸਿਆ ਸੋਮਵਾਰ ਪਏ ਤਾਂ ਇਸ ਤਿੱਥ ਨੂੰ ਕੀਤੇ ਧਰਮ ਕਰਮ ਦਾ ਮਹਾਤਮ ਹੋਰ ਵਧ ਜਾਂਦਾ ਹੈ। ਇਸ ਤਿੱਥ ਨੂੰ ਆਤਮਕ ਕਲਿਆਣ ਲਈ ਕਈ ਹਿੰਦੂ ਮੋਨ ਧਾਰਨ ਕਰਦੇ ਤੇ ਵਰਤ ਰਖਦੇ ਹਨ। ਇਸ ਤਿੱਥ ਨੂੰ ਮੋਨ

ਤ੍ਰਿਬੇਣੀ ਉੱਤੇ ਇਸ਼ਨਾਨ ਕਰਨ ਨਾਲ ਸਭ ਪਾਪਾਂ
ਹੋ ਜਾਂਦਾ ਹੈ। ਇਸ ਤਿੱਥ ਨੂੰ ਕਈ ਹਿੰਦੂ ਆਪਣੇ
ਦੇ ਮੁੰਡਣ ਸੰਸਕਾਰ ਦੀ ਰੀਤ ਕਰਦੇ ਹਨ, ਲੋਕਾਂ ਦਾ
ਹੈ ਕਿ ਇਸ ਤਿੱਥ ਨੂੰ ਤ੍ਰਿਬੇਣੀ ਉੱਤੇ ਜਿਸ ਬਾ
ਮੁੰਡਣ ਸੰਸਕਾਰ ਕੀਤਾ ਜਾਵੇ ਉਹ ਬੜਾ ਗੁਣੀ, ਕਿ
ਤੇ ਕਲਾਧਾਰੀ ਹੁੰਦਾ ਹੈ।

ਇਸ ਤਿੱਥ ਨੂੰ ਪੰਡਿਆਂ ਨੂੰ ਤ੍ਰਿਬੇਣੀ ਤਟ ਉ
ਦੇਣ ਦਾ ਵੀ ਬੜਾ ਮਹੱਤਵ ਹੈ। ਲੋਕਾਂ ਦਾ ਨਿਸਚਾ
ਇਸ ਤਿੱਥ ਨੂੰ ਦਿਤਾ ਦਾਨ ਅਗਲੇ ਲੋਕ ਵਿਚ ਕਈ
ਵਧ ਹੋ ਕੇ ਪ੍ਰਾਣੀ ਨੂੰ ਪ੍ਰਾਪਤ ਹੁੰਦਾ ਹੈ।

(ਮ-310) **ਮੋਰ :**

ਮੋਰ ਵਿਦਿਆ ਦੀ ਦੇਵੀ ਸਰਸਵਤੀ ਦਾ ਵਾਹ
ਇਸ ਨੂੰ ਹਿੰਦੂ ਬੜਾ ਪਵਿਤ੍ਰ ਜਾਨਵਰ ਮੰਨਦੇ ਹਨ ਅ
ਮਾਰਦੇ ਨਹੀਂ। ਮੋਰ ਨੂੰ ਮਾਰਨ ਜਾਂ ਕਸ਼ਟ ਦੇਣ ਵਾਲੇ
ਨੂੰ, ਬੈਕੁੰਠ ਨਸੀਬ ਨਹੀਂ ਹੁੰਦਾ।

ਲੋਕ ਨਿਸਚੇ ਅਨੁਸਾਰ ਮੋਰ ਦੇ ਖੰਭਾਂ ਨੂੰ
ਉਸਦਾ ਧੂੰਆਂ ਜੇ ਸੱਪ ਦੇ ਕੱਟੇ ਨੂੰ ਦਿਤਾ ਜਾਵੇ
ਅਰੋਗ ਹੋ ਜਾਂਦਾ ਹੈ। ਮੋਰ ਦੇ ਖੰਭ ਜਲਾ ਕੇ ਘ
ਰਖੇ ਜਾਣ ਤਾਂ ਸੱਪ ਨਹੀਂ ਆਉਂਦਾ। ਇਕ ਹੋਰ ਵਿ
ਅਨੁਸਾਰ ਜੇ ਮੋਰ ਦੇ ਖੰਭ ਨੂੰ ਕਿਸੇ ਰੋਗੀ ਦੇ ਸਿ
ਝੁਲਾਇਆ ਜਾਵੇ ਤਾਂ ਉਹ ਛੇਤੀ ਰਾਜ਼ੀ ਹੋ ਜਾਂ
ਕਾਮ ਸੂਤਰ ਅਨੁਸਾਰ ਜੇ ਕੋਈ ਯੁਵਕ ਮੋਰ ਦੀ
ਸੋਨੇ ਵਿਚ ਮੜ੍ਹਵਾ ਕੇ ਸੱਜੀ ਬਾਂਹ ਤੇ ਬੰਨ੍ਹ ਲਏ ਤਾਂ
ਵਾਲੇ ਨੂੰ ਉਹ ਯੁਵਕ ਬੜਾ ਸੁੰਦਰ ਲਗੇਗਾ। ਅਜਿਹਾ
ਤੀਵੀਆਂ ਨੂੰ ਝਟ ਮੋਹ ਲੈਂਦਾ ਹੈ।

ਇਕ ਲੋਕ ਵਿਸ਼ਵਾਸ਼ ਅਨੁਸਾਰ ਮੋਰ ਤੇ ਮੋਰਨ
ਆਪੋ ਵਿਚ ਭੋਗ ਨਹੀਂ ਕਰਦੇ। ਮੋਰਨੀ ਮੋਰ ਦੇ ਅ
ਨੂੰ ਆਪਣੀ ਚੁੰਜ ਵਿਚ ਲੈ ਲੈਂਦੀ ਹੈ ਤੇ ਉਸ ਨੂੰ
ਠਹਿਰ ਜਾਂਦਾ ਹੈ।

ਮੋਰ ਦੇ ਪੰਖ ਬੜੇ ਪਵਿਤਰ ਸਮਝੇ ਜਾਂਦੇ ਹਨ।
ਚੋਰੀ ਬਣਾ ਕੇ ਰਾਜਿਆਂ ਤੇ ਗੁਰੂਆਂ ਤੇ ਫੇਰੀ ਜਾਂਦ
ਵਿਦਿਆਰਥੀ ਮੋਰ ਦੇ ਪੰਖ ਆਪਣੀਆਂ ਕਾਪੀਆਂ ਵਿ
ਵਿਚ ਰਖਦੇ ਹਨ, ਇਸ ਤਰ੍ਹਾਂ ਵਿਦਿਆ ਦੀ ਦੇਵੀ ਸਰ
ਪ੍ਰਸੰਨ ਹੁੰਦੀ ਤੇ ਵਿਦਿਆ ਦਾਨ ਕਰਦੀ ਹੈ।

ਲਿਆ ਤੇ ਸ਼ਿਵ ਪਾਰਬਤੀ ਨੂੰ ਝੱਲਣ ਲਗਾ । ਜਦੋਂ ਸ਼ਿਵ ਜੀ ਦੀ ਅੱਖ ਖੁਲ੍ਹੀ ਤੇ ਮੋਰ ਦੀ ਇਹ ਸੇਵਾ ਵੇਖ ਕੇ ਬੜੇ ਪ੍ਰਸੰਨ ਹੋਏ ਤੇ ਪਾਰਬਤੀ ਦੇ ਕਹਿਣ ਉਤੇ ਮੋਰ ਨੂੰ ਇਕ ਸੁੰਦਰ ਸਥਾਈ ਪੱਖਾ ਮੋਰ ਪੰਖਾਂ ਦੇ ਰੂਪ ਵਿਚ ਬਖਸ਼ਿਆ । ਕਿਉਂ ਜੋ ਮੋਰਨੀ ਨੇ ਮੋਰ ਦਾ ਹੱਥ ਇਸ ਸੇਵਾ ਵਿਚ ਨਹੀਂ ਸੀ ਵਟਾਇਆ ਸੋ ਮੋਰਨੀ ਨੂੰ ਪੰਖ ਨਾ ਮਿਲੇ ।

ਕਹਿੰਦੇ ਹਨ ਮੋਰ ਪੈਰਾਂ ਨੂੰ ਵੇਖ ਕੇ ਝੂਰਦਾ ਹੈ । ਪਹਿਲਾਂ ਉਸ ਦੇ ਪੈਰ ਬੜੇ ਸੁੰਦਰ ਹੁੰਦੇ ਸਨ । ਇਕ ਵਾਰ ਕਬੂਤਰ ਉਨ੍ਹਾਂ ਕੋਲ ਆਏ ਤੇ ਉਨ੍ਹਾਂ ਮੋਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਸੁੰਦਰ ਪੈਰ ਕੁਝ ਦਿਨਾਂ ਲਈ ਉਨ੍ਹਾਂ ਨੂੰ ਦੇ ਦੇਣ, ਕਿਉਂ ਜੋ ਉਨ੍ਹਾਂ ਨੇ ਵਿਆਹ ਤੇ ਜਾਂਞੀ ਬਣ ਕੇ ਜਾਣਾ ਸੀ । ਮੋਰਾਂ ਨੇ ਕਬੂਤਰਾਂ ਨਾਲ ਪੈਰ ਵਟਾ ਲਏ । ਮਗਰੋਂ ਕਬੂਤਰਾਂ ਦੇ ਦਿਲ ਬੇਈਮਾਨ ਹੋ ਗਏ ਤੇ ਉਨ੍ਹਾਂ ਮੋਰਾਂ ਨੂੰ ਪੈਰ ਨਾ ਮੋੜੇ ।

(ਮ-311) **ਮੋਰ ਗੋਤ** :

ਜੱਟਾਂ ਦਾ ਇਕ ਕਬੀਲਾ ਜੋ ਸੰਗਰੂਰ ਤੇ ਕਰਨਾਲ ਵਿਚ ਮਿਲਦਾ ਹੈ । ਸੰਗਰੂਰ ਵਿਚ ਇਨ੍ਹਾਂ ਦਾ ਇਕ ਪਿੰਡ ਹੈ । ਮੋਰ ਇਨ੍ਹਾਂ ਦਾ ਕੁਲ-ਚਿੰਨ੍ਹ ਜਾਪਦਾ ਹੈ । ਇਸ ਕਬੀਲੇ ਦੇ ਲੋਕ ਮੋਰ ਨੂੰ ਆਦਰ ਭਾਵ ਨਾਲ ਵੇਖਦੇ ਹਨ । ਕਿਹਾ ਜਾਂਦਾ ਹੈ ਕਿ ਇਨ੍ਹਾਂ ਦਾ ਵਡਿਕਾ ਜਦੋਂ ਜੰਗਲ ਵਿਚ ਸੁਤਾ ਪਿਆ ਸੀ ਤਾਂ ਇਕ ਮੋਰ ਨੇ ਉਸ ਦੀ ਸਰਪ ਤੋਂ ਰਖਿਆ ਕੀਤੀ ਸੀ । ਇਹ ਲੋਕ ਸ਼ਿਵ ਨੂੰ ਪੂਜਦੇ ਹਨ ।

ਕਰਨਾਲ ਦੇ 'ਮੋਰ' ਕਪਾਹ ਦੀਆਂ ਛਟੀਆਂ ਨਹੀਂ ਬਾਲਦੇ ।

(ਮ-312) **ਮੋਰਛਲ** :

ਮੋਰ ਦੇ ਖੰਭਾਂ ਦਾ ਮੁੱਠਾ ਜਿਸ ਨਾਲ ਚੌਰੀ ਝੁਲਾਈ ਜਾਂਦੀ ਹੈ । ਮੋਰ ਦੇ ਖੰਭ ਬੜੇ ਪਵਿਤ੍ਰ ਮੰਨੇ ਜਾਂਦੇ ਹਨ ਅਤੇ ਇਨ੍ਹਾਂ ਦੀ ਚੌਰੀ ਦੇਵ ਮੂਰਤੀਆਂ ਪਾਵਨ ਗ੍ਰੰਥਾਂ ਉਤੇ ਝੁਲਾਈ ਜਾਂਦੀ ਹੈ । ਪਹਿਲਿਆਂ ਵਿਚ ਰਾਜਿਆਂ ਉਪਰ ਵੀ ਚੌਰ ਫੇਰੀ ਜਾਂਦੀ ਸੀ ।

(ਮ-313) **ਮੋਰਰੇ (ਮੋਰੜੇ)** :

ਇਕ ਜਟ ਕਬੀਲਾ ਜੋ ਵਧੇਰੇ ਕਰ ਕੇ ਲੁਧਿਆਣੇ ਵਿਚ

ਬਾਕੀ ਗੋਟ ਭਾਈਚਾਰੇ ਵਿਚ ਵੰਡਦੇ ਹਨ ।

(ਮ-314) **ਮੌਲਾਦ ਉਲ ਨਬੀ** :

ਪੈਗੰਬਰ ਮੁਹੰਮਦ ਦਾ ਜਨਮ ਦਿਵਸ । ਮੁਹੰਮਦ ਸ ਦੇ ਜਨਮ ਦੀ ਠੀਕ ਤਿੱਥ ਨਹੀਂ ਮਿਲਦੀ । ਮੁਹੰਮਦ ਸ ਦੀ ਮ੍ਰਿਤੂ ਸੋਮਵਾਰ ਪਹਿਲੇ ਰਬੀ ਮਹੀਨੇ ਦੀ ਬਾਰ੍ਹਵੀਂ ਨੂੰ ਹੋਈ ਸੀ, ਸੋ ਇਸੇ ਦਿਨ ਨੂੰ ਹੀ ਉਨ੍ਹਾਂ ਦੀ ਜਨਮ ਵੀ ਮੰਨ ਲਿਆ ਗਿਆ ਹੈ ਅਤੇ ਇਸੇ ਤਿੱਥ ਨੂੰ ਮੌ ਉਲ-ਨਬੀ ਕਹਿੰਦੇ ਹਨ ।

(ਮ-315) **ਮੌਲਾਦੀ** :

ਮੁਸਲਮਾਨਾਂ ਵਿਚ ਪ੍ਰਚਲਤ ਇਕ ਕਾਵਿ ਰੂਪ, ਮੌ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਜਸ ਗਾਇਆ ਹੈ । ਪੰਜਾਬੀ ਵਿਚ ਮੌਲਾਦਾਂ ਦਾ ਰਵਾਜ ਮੁਢਲੇ ਸੂਫੀਆਂ ਨੇ ਪਾਇਆ ।

(ਮ-316) **ਮੌਲੀ** :

ਥੰਮਣੀ, ਲਾਲ ਪੀਲੇ ਰੰਗ ਦਾ ਇਕ ਮੰਗਲ ਸੂ ਮੰਗਲ ਕਾਰਜਾਂ ਸਮੇਂ ਬੰਨ੍ਹਿਆ ਜਾਂਦਾ ਹੈ । ਪਹਿਲਿਆਂ ਲਾੜ੍ਹਾ ਤੇ ਲਾੜ੍ਹੀ ਮੌਲੀ ਨੂੰ ਆਪਣੇ ਸਿਰ ਦੇ ਜੂੜੇ (ਮੌ ਵਿਚ ਸ਼ਗਨ ਵਜੋਂ ਬੰਨ੍ਹਦੇ ਸਨ ਜਿਸ ਤੋਂ ਇਸ ਦਾ ਨ ਮੌਲੀ ਪੈ ਗਿਆ । ਅਜ ਕਲ ਵੀ ਕਈ ਤੀਵੀਆਂ ਮੌਲ ਸੂਤ੍ਰ ਨਾਲ ਆਪਣੇ ਸਿਰ ਦੇ ਵਾਲ ਗੁੰਦਦੀਆਂ ਹਨ ।

ਵਿਆਹ ਸਮੇਂ ਵਰ ਤੇ ਕੰਨਿਆਂ ਨੂੰ ਸੱਜੀ ਵੀਣੀ ਮੌਲੀ ਦਾ ਕੰਗਣਾ ਬੰਨ੍ਹਿਆ ਜਾਂਦਾ ਹੈ, ਇਸ ਨਾਲ ਕੌ ਘੋਗੇ, ਅੰਨ ਦੇ ਦਾਣੇ, ਤਾਂਬਾ, ਲੋਹੇ ਦਾ ਛੱਲਾ ਆਦਿ ਚੀਜ਼ਾਂ ਬੰਨ੍ਹੀਆਂ ਜਾਂਦੀਆਂ ਹਨ । ਲੋਕ ਨਿਸਚੇ ਅਨੁ ਮੌਲੀ ਦੀਆਂ ਗੰਢਾਂ ਜਦ ਤਕ ਖੁਲ੍ਹ ਨਹੀਂ ਜਾਂਦੀਆਂ ਤਕ ਵਰ ਤੇ ਕੰਨਿਆ ਦੇ ਨੇੜੇ ਕੋਈ ਪ੍ਰੇਤ ਰੂਹ ਨ ਢੁਕਦੀ । ਮੁਸਲਮਾਨਾਂ ਵਿਚ ਵੀ ਨਿਕਾਹ ਪੜ੍ਹਨ ਪਹਿਲਾਂ ਮਿਰਾਸੀ ਜਾਂ ਨਾਈ ਮੌਲੀ ਦੇ ਧਾਗੇ ਗਾਨਾ ਬੰਨ੍ਹਦਾ ਹੈ । ਮੁਹਰਮ ਦੇ ਦਿਨਾਂ ਵਿਚ ਮੁਸਲਮ ਮੌਲੀ ਦੇ ਧਾਗੇ ਨੂੰ ਗਲ ਵਿਚ ਮਾਲਾ ਵਾਂਗ ਪਹਿਨਦੇ ਹਨ

ਮੌਲੀ ਦਾ ਧਾਗਾ ਮੰਗਲ ਦਾ ਬੋਧਿਕ ਹੋਣ ਕਰ ਕੇ

# ਪੰਜਾਬੀ ਲੋਕਧਾਰਾ

## ਵਿਸ਼ਵ ਕੋਸ਼

7